# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੱਤਾਮੁਖੀ ਨੈਤਿਕਤਾ
# ਸਿਧਾਂਤਕ ਤੇ ਵਿਹਾਰਕ ਵਿਸ਼ਲੇਸ਼ਣ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੋਸ਼ਲ ਸਾਇੰਸਜ਼ ਫ਼ੈਕਲਟੀ ਅਧੀਨ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਚ
ਪੀਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ

ਖੋਜ-ਪ੍ਰਬੰਧ

2015


ਨਿਗਰਾਨ

ਡਾ. ਸਰਬਜਿੰਦਰ ਸਿੰਘ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਖੋਜਾਰਥਣ

ਰਾਜਨਰਜਵੰਤ ਕੌਰ


ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਰਾਜਨਰਜਵੰਤ ਕੌਰ ਨੇ ਪ੍ਰਸਤੁਤ ਖੋਜ-ਪ੍ਰਬੰਧ **'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੱਤਾਮੁਖੀ ਨੈਤਿਕਤਾ : ਸਿਧਾਂਤਕ ਤੇ ਵਿਹਾਰਕ ਵਿਸ਼ਲੇਸ਼ਣ'** ਮੇਰੀ ਨਿਗਰਾਨੀ ਅਧੀਨ ਸੰਪੂਰਨ ਕੀਤਾ ਹੈ। ਇਹ ਖੋਜਾਰਥਣ ਦੀ ਮੌਲਿਕ ਰਚਨਾ ਹੈ ਅਤੇ ਉਸ ਦੀ ਆਪਣੀ ਮਿਹਨਤ ਦਾ ਪ੍ਰਤਿਫਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਪੀਐਚ.ਡੀ. ਦੀ ਡਿਗਰੀ ਲਈ ਯੋਗ ਸਮਝਦੇ ਹੋਏ, ਮੁਲਾਂਕਣ ਲਈ ਪ੍ਰਸਤੁਤ ਕਰਨ ਦੀ ਪ੍ਰਵਾਨਗੀ ਦਿੰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਪ੍ਰਬੰਧ ਕਿਸੇ ਡਿਗਰੀ ਜਾਂ ਡਿਪਲੋਮੇ ਲਈ ਪੇਸ਼ ਨਹੀਂ ਕੀਤਾ ਗਿਆ।

**ਮਿਤੀ :** 9-4-2015

**ਨਿਗਰਾਨ**

**ਡਾ. ਸਰਬਜਿੰਦਰ ਸਿੰਘ**
**(ਪ੍ਰੋਫੈਸਰ)**
**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਅਧਿਆਇ ਪਹਿਲਾ

# ਨੀਤੀ-ਸ਼ਾਸਤਰ : ਸਿਧਾਂਤਕ ਪਰਿਪੇਖ

ਧਰਮ ਦਰਸ਼ਨ ਦੇ ਖੇਤਰ ਵਿਚ ਪਰਮਸੱਤਾ, ਸ੍ਰਿਸ਼ਟੀ ਅਤੇ ਮਨੁੱਖ ਤਿੰਨ ਪ੍ਰਮੁੱਖ ਵਿਸ਼ੇ ਹਨ। ਇਨ੍ਹਾਂ ਵਿਸ਼ਿਆਂ ਨਾਲ ਸੰਬੰਧਿਤ ਸਵਾਲਾਂ ਨੂੰ ਸੁਲਝਾਉਣ ਜਾਂ ਅਧਿਐਨ ਲਈ ਅਨੇਕਾਂ ਹੋਰ ਵਿਸ਼ੇ ਹਨ, ਜਿਨ੍ਹਾਂ ਵਿਚੋਂ ਨੀਤੀ-ਸ਼ਾਸਤਰ ਇਕ ਪ੍ਰਮੁੱਖ ਵਿਸ਼ਾ ਹੈ। ਇਸ ਸ੍ਰਿਸ਼ਟੀ ਉਪਰ ਅਨੇਕਾਂ ਜੀਵਾਂ ਦੀ ਪੈਦਾਇਸ਼ ਹੋਈ ਹੈ, ਜਿਨ੍ਹਾਂ ਵਿਚੋ ਮਨੁੱਖ ਨੂੰ ਸ਼੍ਰੋਮਣੀ ਜੀਵ ਹੋਣ ਦਾ ਮਾਣ ਪ੍ਰਾਪਤ ਹੈ, ਇਸ ਦਾ ਕਾਰਨ ਉਸਦੀ ਬਿਬੇਕ ਬੁੱਧੀ ਜਾਂ ਸੂਝ ਹੈ। ਇਹ ਬਿਬੇਕ ਬੁੱਧੀ ਉਸਨੂੰ ਚੰਗੇ ਅਤੇ ਮਾੜੇ ਨੂੰ ਪਰਖਣ ਅਤੇ ਨਰੀਖਣ ਕਰਨ ਦੇ ਸਮੱਰਥ ਬਣਾਉਂਦੀ ਹੈ। ਜਦੋਂ ਕਿ ਪਸ਼ੂ ਜਗਤ ਵਿਚ ਅਜਿਹਾ ਨਹੀਂ ਹੁੰਦਾ। **ਡਾਰਵਿਨ ਅਨੁਸਾਰ,** 'ਨੈਤਿਕ ਸੂਝ' ਜਾਂ 'ਜ਼ਮੀਰ' ਹੀ ਪਸ਼ੂ ਅਤੇ ਮਨੁੱਖ ਵਿਚ ਅੰਤਰ ਪੈਦਾ ਕਰਦੀ ਹੈ।[1] ਮਨੁੱਖ ਇਕ ਚੇਤੰਨ ਜੀਵ ਹੈ। ਪਰੰਤੂ ਮਨੁੱਖੀ ਚੇਤਨਾ ਦਾ ਵਿਕਾਸ ਇੱਕੋ ਵਕਤ ਨਹੀਂ ਹੋਇਆ। ਇਸ ਨੂੰ ਪ੍ਰਫੁਲਿਤ ਹੋਣ ਵਿਚ ਕਾਫ਼ੀ ਸਮਾਂ ਲੱਗਾ ਹੈ। ਨੈਤਿਕਤਾ ਦਾ ਕੇਂਦਰੀ ਅਧਾਰ ਮਨੁੱਖ ਹੈ। ਕਿਉਂਕਿ ਚੰਗੇ ਅਤੇ ਮਾੜੇ ਵਿਚਲੇ ਭੇਦ ਦਾ ਬੋਧ ਮਨੁੱਖ ਨੂੰ ਆਦਿ ਕਾਲ ਤੋਂ ਹੀ ਸੀ। ਆਦਿ ਕਾਲ ਤੋਂ ਲੈ ਕੇ ਅਜੋਕੇ ਮਸ਼ੀਨੀ ਯੁੱਗ ਤੱਕ ਨਿਰੰਤਰ ਮਨੁੱਖੀ ਬੁੱਧੀ ਦਾ ਵਿਕਾਸ ਹੁੰਦਾ ਆਇਆ ਹੈ। ਜਿਵੇਂ ਆਦਿ ਕਾਲ ਵਿਚ ਉਸ ਨੇ ਕੁਦਰਤੀ ਆਫ਼ਤਾਂ ਜਾਂ ਜੰਗਲੀ ਜਾਨਵਰਾਂ ਤੋਂ ਸਵੈ-ਰੱਖਿਆ ਲਈ ਅੱਗ ਜਾਂ ਪੱਥਰ ਦੇ ਹਥਿਆਰਾਂ ਆਦਿ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਸੀ, ਜੋ ਕਿ ਉਸ ਦੀ ਮਾਨਸਿਕ ਸੂਝ-ਬੂਝ ਜਾਂ ਬੌਧਿਕ ਵਿਕਾਸ ਦਾ ਪਹਿਲਾ ਪੜਾਅ ਸੀ। ਇਸ ਤਰ੍ਹਾਂ ਮਨੁੱਖ ਨੇ ਹੌਲੀ-ਹੌਲੀ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ ਅਤੇ ਵਿਦਿਅਕ, ਭਾਵ ਹਰ ਖੇਤਰ ਵਿੱਚ ਵਿਕਾਸ ਕੀਤਾ ਹੈ।

### 1.1 ਨੀਤੀ-ਸ਼ਾਸਤਰ

ਨੀਤੀ-ਸ਼ਾਸਤਰ (Ethics) ਨੈਤਿਕ ਉਪਦੇਸ਼ਾਂ (Morals) ਜਾਂ ਨੈਤਿਕ ਮੁੱਦਿਆਂ (Moral issues) ਦਾ ਅਧਿਐਨ ਕਰਦਾ ਹੈ।[2] ਨੀਤੀ-ਸ਼ਾਸਤਰ ਦਾ ਮੁੱਖ ਕੰਮ ਸੰਸਾਰ ਵਿਚ ਚੰਗੇ ਅਤੇ ਮਾੜੇ ਵਿਚਾਰਾਂ ਜਾਂ ਨੇਕੀ ਅਤੇ ਬਦੀ ਨਾਲ ਸੰਬੰਧਿਤ ਘਟਨਾਵਾਂ ਦਾ ਵਿਸ਼ਲੇਸ਼ਣ

ਕਰਕੇ ਉਨ੍ਹਾਂ ਦਾ ਆਪਸੀ ਨਿਖੇੜਾ ਕਰਨਾ ਹੈ। ਮਨੁੱਖ ਇਕ ਬੁਧੀਵਾਨ ਅਤੇ ਚੇਤੰਨ ਪ੍ਰਾਣੀ ਹੋਣ ਦੇ ਨਾਤੇ, ਨੀਤੀ-ਸ਼ਾਸਤਰ ਦੇ ਸਿਧਾਂਤਕ ਜਾਂ ਵਿਵਹਾਰਿਕ ਰੂਪ ਦਾ ਸੰਬੰਧ ਕੇਵਲ ਮਨੁੱਖ ਅਤੇ ਉਸ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਨਾਲ ਹੈ। ਇਸ ਵਿਚ ਉਸ ਦਾ ਵਿਹਾਰ, ਰੀਤੀ-ਰਿਵਾਜ਼, ਆਦਤਾਂ, ਆਚਾਰ (ਸੁਭਾਅ ਦੀ ਪ੍ਰਕ੍ਰਿਤੀ) ਆਦਿ ਸਭ ਆ ਜਾਂਦੇ ਹਨ। ਮਨੁੱਖੀ ਆਚਾਰ ਵਿਚ ਨੀਤੀ-ਸ਼ਾਸਤਰ ਮਨੁੱਖ ਦੀਆਂ ਚੰਗੀਆਂ ਅਤੇ ਮਾੜੀਆਂ ਆਦਤਾਂ ਦਾ ਵਿਸ਼ਲੇਸ਼ਣ ਕਰਕੇ ਉਸ ਦੇ ਆਚਾਰ ਦੀ ਸੀਮਾ ਨੂੰ ਘੋਸ਼ਿਤ ਕਰਦਾ ਹੈ। ਇਸ ਕਰਕੇ ਕਈ ਵਿਦਵਾਨਾਂ ਨੇ ਇਸ ਨੂੰ ਆਚਾਰ ਸ਼ਾਸਤਰ ਵੀ ਆਖਿਆ ਹੈ। ਨੈਤਿਕ ਗੁਣਾਂ ਨੂੰ ਗ੍ਰਹਿਣ ਕਰਨ ਉਪਰੰਤ ਹੀ ਮਨੁੱਖ ਆਪਣੇ ਆਚਰਣ ਨੂੰ ਚੰਗਾ ਅਤੇ ਉਚੇਰਾ ਦਰਜਾ ਦੇਣ ਦੇ ਕਾਬਿਲ ਹੁੰਦਾ ਹੈ। ਨੀਤੀ-ਸ਼ਾਸਤਰ ਮਨੁੱਖ ਦੀਆਂ ਆਦਤਾਂ ਅਤੇ ਸੁਭਾਅ ਦੀ ਜਾਂਚ-ਪੜਤਾਲ ਕਰਕੇ ਹੀ, ਉਸ ਦੇ ਨੈਤਿਕ ਜਾਂ ਅਨੈਤਿਕ ਹੋਣ ਬਾਰੇ ਆਪਣਾ ਫੈਸਲਾ ਦਿੰਦਾ ਹੈ, ਭਾਵ ਮਨੁੱਖ ਦੇ ਚੰਗੇ ਜਾਂ ਮਾੜੇ ਹੋਣ ਦੀ ਪਹਿਚਾਣ, ਉਸ ਦੇ ਵਿਹਾਰ, ਆਦਤਾਂ ਜਾਂ ਉਸ ਦੁਆਰਾ ਕੀਤੇ ਜਾ ਰਹੇ ਕੰਮਾਂ ਤੋਂ ਹੁੰਦੀ ਹੈ। ਸਪੱਸ਼ਟ ਹੈ ਕਿ ਨੀਤੀ-ਸ਼ਾਸਤਰ ਦਾ ਸੰਬੰਧ ਕੇਵਲ ਮਨੁੱਖ ਨਾਲ ਹੀ ਹੈ, ਅਤੇ ਮਨੁੱਖੀ ਵਿਹਾਰ ਵਿਚੋਂ ਹੀ ਨੀਤੀ-ਸ਼ਾਸਤਰ ਦਾ ਜਨਮ ਹੋਇਆ ਹੈ। ਇਸ ਲਈ ਇਹ ਕਿੰਤੂ ਮੁਕਤ ਧਾਰਨਾ ਹੈ ਕਿ ਨੀਤੀ-ਸ਼ਾਸਤਰ ਦਾ ਜਨਮਦਾਤਾ ਮਨੁੱਖ ਹੀ ਹੈ।

### 1.1.1 ਅਰਥ ਅਤੇ ਪਰਿਭਾਸ਼ਾ

'ਨੀਤੀ-ਸ਼ਾਸਤਰ' (Ethics) ਦਾ ਮੂਲ ਯੂਨਾਨੀ ਭਾਸ਼ਾ ਦੇ ਸ਼ਬਦ 'ਈਥੋਜ਼' (Ethos) ਹੈ, ਜਿਸ ਦਾ ਭਾਵ ਹੈ ਚਰਿੱਤਰ। 'ਨੈਤਿਕਤਾ' (Morality) ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ 'ਮੋਰਜ਼' (Mores) ਤੋਂ ਬਣਿਆ ਹੈ। ਜਿਸ ਦਾ ਭਾਵ ਆਚਰਣ ਜਾਂ ਰਿਵਾਜ਼ ਅਤੇ ਆਦਤ ਤੋਂ ਹੈ।[3] ਨੀਤੀ-ਸ਼ਾਸਤਰ ਉਪਰ ਅਕਸਰ ਵਿਚਾਰ ਚਰਚਾ ਕਰਦੇ, ਅਸੀਂ ਇਸ ਨਾਲ ਸੰਬੰਧਿਤ ਸ਼ਬਦਾਂ ਦੀ ਵਰਤੋਂ ਆਮ ਰੂਪ ਵਿਚ ਕਰ ਲੈਂਦੇ ਹਾਂ, ਜਿਵੇਂ, ਸਦਾਚਾਰ, ਨੈਤਿਕਤਾ ਅਤੇ ਆਚਾਰ ਸ਼ਾਸਤਰ ਆਦਿ। ਪੰਜਾਬੀ ਵਿਚ ਆਮ ਤੌਰ 'ਤੇ ਨੀਤੀ-ਸ਼ਾਸਤਰ ਲਈ ਸਦਾਚਾਰ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਜਿਸ ਦੇ ਅਰਥ ਹਨ :- ਉਤਮ ਕ੍ਰਿਯਾ, ਨੇਕ ਚਲਨ ਜਾਂ ਭਲਾ ਬਿਉਹਾਰ।[4] ਸਦਾਚਾਰ ਅੰਗਰੇਜ਼ੀ ਦੇ ਸ਼ਬਦ 'Morality' ਦਾ ਅਨੁਵਾਦ ਹੈ। ਨੀਤੀ-ਸ਼ਾਸਤਰ ਜਾਂ ਨੈਤਿਕਤਾ ਨੂੰ ਅੰਗਰੇਜ਼ੀ ਵਿਚ 'Ethics' ਕਿਹਾ ਜਾਂਦਾ ਹੈ, ਜੋ ਕਿ

ਯੂਨਾਨੀ ਭਾਸ਼ਾ ਦੇ ਸ਼ਬਦ 'Ethos' ਤੋਂ ਬਣਿਆ ਹੈ, ਜਿਸ ਤੋਂ ਭਾਵ ਹੈ:- ਆਚਰਣ ਵਿੱਦਿਆ। ਜਿਸ ਦੀ ਪਰਿਭਾਸ਼ਾ ਅਸੀਂ ਪਿੱਛੇ ਵੀ ਦੇ ਚੁਕੇ ਹਾਂ। ਸੋ 'Morality' ਅਤੇ 'Ethics' ਨੂੰ ਵਾਚਦਿਆਂ ਦੋਹਾਂ ਦੇ ਅਰਥਾਂ ਵਿਚ ਬਹੁਤਾ ਅੰਤਰ ਪ੍ਰਤੀਤ ਨਹੀਂ ਹੁੰਦਾ, ਪਰੰਤੂ 'The Oxford English Dictionary' ਵਿਚ ਨੈਤਿਕਤਾ ਨੂੰ ਸਦਾਚਾਰ ਦਾ ਵਿਗਿਆਨ ਕਿਹਾ ਗਿਆ ਹੈ, ਜਿਸ ਦੇ ਅਧਿਐਨ ਦਾ ਸੰਬੰਧ ਮਨੁੱਖੀ ਫਰਜ਼ਾਂ ਦੇ ਸਿਧਾਂਤਾਂ ਨਾਲ ਹੈ।[5] ਫ਼ਰਜ਼ਾਂ ਦੇ ਸਿਧਾਂਤਾਂ ਪ੍ਰਤੀ ਕੀਤੇ ਜਾ ਰਹੇ ਅਧਿਐਨ ਨੂੰ 'ਫ਼ਰਜ਼ ਵਿਗਿਆਨ' ਅਧੀਨ ਵਿਚਾਰਿਆ ਜਾਂਦਾ ਹੈ। 'ਫ਼ਰਜ਼ ਵਿਗਿਆਨ' (Deontology) ਪੁਰਾਤਨ ਯੂਨਾਨੀ ਸ਼ਬਦਾਂ ਦਾ ਆਧੁਨਿਕ ਸੁਮੇਲ ਹੈ। ਜਿਸ ਦੇ ਅਧੀਨ ਫਰਜ਼ (ਮਨੁੱਖ ਨੂੰ ਕੀ ਕਰਨਾ ਚਾਹੀਦਾ ਹੈ ਜਾਂ ਕੀ ਨਹੀਂ ਕਰਨਾ ਚਾਹੀਦਾ) ਦਾ ਅਧਿਐਨ ਕੀਤਾ ਜਾਂਦਾ ਹੈ।[6] 'The Blackwell Dictionary of Western Philosophy' ਅਨੁਸਾਰ, ''ਨੀਤੀ-ਸ਼ਾਸਤਰ (Ethics) ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ 'ਐਥੀਕੋਜ਼' (Ethikos) ਤੋਂ ਬਣਿਆ ਹੈ।[7]

ਨੈਤਿਕਤਾ ਦੇ ਖੇਤਰ ਵਿਚ ਨੈਤਿਕ ਉਪਦੇਸ਼ਾਂ ਦਾ ਸੰਬੰਧ ਮਨੁੱਖੀ ਵਿਹਾਰ ਨਾਲ ਜੁੜੇ ਜਰੂਰੀ ਮਾਪਦੰਡਾਂ ਨਾਲ ਹੁੰਦਾ ਹੈ। ਭਾਵ ਜੋ ਮਨੁੱਖੀ ਵਿਹਾਰ ਵਿਚ ਹੋਣਾ 'ਚਾਹੀਦਾ ਹੈ', ਉਹੀ ਨੈਤਿਕਤਾ ਦਾ ਪ੍ਰਮੁੱਖ ਉਦੇਸ਼ ਜਾਂ ਆਦਰਸ਼ ਹੈ। ਨੈਤਿਕਤਾ ਦਾ ਮੰਤਵ, ਅਜਿਹੇ ਨੈਤਿਕ ਨਿਯਮਾਂ ਦੀ ਘਾੜਤ ਕਰਨਾ ਹੈ, ਜਿਨ੍ਹਾਂ ਨੂੰ ਸਾਰੀ ਮਨੁੱਖਤਾ ਉਪਰ ਇਕ ਸਮਾਨ ਲਾਗੂ ਕੀਤਾ ਜਾ ਸਕੇ। ਇਸ ਲਈ ਨੀਤੀ-ਸ਼ਾਸਤਰ ਮਨੁੱਖੀ ਆਚਰਣ ਜਾਂ ਵਿਹਾਰ ਨੂੰ ਸ਼ੁੱਧ ਕਰਨ ਲਈ ਵੱਖੋ-ਵੱਖਰੀਆਂ ਵਿਧੀਆਂ ਜਾਂ ਤਰੀਕੇ ਅਖ਼ਤਿਆਰ ਕਰਦਾ ਹੈ। ''ਆਚਰਣ ਦਾ ਅਧਿਐਨ ਵੀ ਦੋ ਦ੍ਰਿਸ਼ਟੀਆਂ ਤੋਂ ਸੰਭਵ ਹੈ। ਇਕ ਤਾਂ ਇਹ ਕਿ ਮਨੁੱਖ ਦਾ ਆਚਰਣ ਕਿਸ ਤਰ੍ਹਾਂ ਦਾ ਹੁੰਦਾ ਹੈ, ਕਿਵੇਂ ਅਸੀਂ ਕੋਈ ਕੰਮ ਕਰਦੇ ਹਾਂ। ਦੂਸਰਾ ਇਸ ਦ੍ਰਿਸ਼ਟੀ ਤੋਂ ਕਿ ਮਨੁੱਖ ਦਾ ਆਚਰਣ ਕਿਵੇਂ ਦਾ ਚਾਹੀਦਾ ਹੈ, ਅਰਥਾਤ ਸਾਨੂੰ ਕਿਹੜਾ ਕੰਮ ਕਰਨਾ ਚਾਹੀਦਾ ਹੈ। ਸਾਡਾ ਕਿਹੜਾ ਆਚਰਣ ਉਚਿਤ ਹੈ ਅਤੇ ਕਿਹੜਾ ਅਣਉਚਿਤ।''[8] ਸ਼ਬਦ ''ਚਾਹੀਦਾ ਹੈ'' ਪੈਦਾ ਭਾਵੇਂ ਜਿਵੇਂ ਮਰਜ਼ੀ ਹੋਇਆ ਹੋਵੇ ਇਕ ਤਰ੍ਹਾਂ ਜ਼ਮੀਰ ਦੀ ਅਵਾਜ਼ ਕਹੀ ਜਾ ਸਕਦੀ ਹੈ।[9]

ਨੈਤਿਕਤਾ ਜਿਸ ਨੂੰ ਨੈਤਿਕ ਤੱਤ-ਗਿਆਨ ਵੀ ਕਹਿੰਦੇ ਹਨ, ਭਲਾਈ ਕੀ ਹੈ, ਸ਼ੁੱਭ ਅਤੇ ਅਸ਼ੁੱਭ, ਸਹੀ ਅਤੇ ਗ਼ਲਤ ਅਨੁਸ਼ਾਸਨ ਨਾਲ ਸੰਬੰਧਿਤ ਹੈ। ਇਹ ਸ਼ਬਦ ਕਿਸੇ ਨੈਤਿਕ

ਮੁੱਲ ਜਾਂ ਨਿਯਮ ਦੀ ਪ੍ਰਣਾਲੀ ਜਾਂ ਸਿਧਾਂਤਾਂ 'ਤੇ ਵੀ ਲਾਗੂ ਹਨ।[10] ਨੀਤੀ-ਸ਼ਾਸਤਰ ਵਿਚ ਨੈਤਿਕ ਚੇਤਨਾ ਦੇ ਵਿਸ਼ਿਆਂ ਦਾ ਅਧਿਐਨ ਕੀਤਾ ਜਾਂਦਾ ਹੈ, ਜਿਵੇਂ ਉਚਿਤ-ਅਣਉਚਿਤ, ਸ਼ੁੱਭ-ਅਸ਼ੁੱਭ, ਧਰਮ-ਅਧਰਮ ਆਦਿ ਦੇ ਵਿਚਾਰ।[11] ਨੀਤੀ-ਸ਼ਾਸਤਰ ਅਸਲ ਵਿਚ ਨੈਤਿਕ ਸਿਧਾਤਾਂ ਦਾ ਸਮੂਹ ਹੈ ਜਾਂ ਫਿਰ ਮਨੁੱਖੀ ਵਿਹਾਰ ਕਿਵੇਂ ਦਾ ਹੋਣਾ ਚਾਹੀਦਾ ਹੈ ? ਇਸ ਸੰਬੰਧੀ ਮੁੱਲਾਂ ਦਾ ਸਮੂਹ ਹੈ। ਆਮ ਤੌਰ 'ਤੇ ਨੈਤਿਕਤਾ ਦਾ ਮੁੱਖ ਉਦੇਸ਼ ਨੈਤਿਕ ਵਿਚਾਰ ਅਤੇ ਉਨ੍ਹਾਂ ਵਿਚਾਰਾਂ ਦੀ ਬੁਨਿਆਦ ਦੇ ਅਧਿਐਨ ਨੂੰ ਸਵੀਕਾਰਿਆ ਗਿਆ ਹੈ।[12] ਨੈਤਿਕਤਾ ਕੁਦਰਤ ਅਤੇ ਆਲੇ-ਦੁਆਲੇ ਦੀ ਭਲਾਈ ਦੀ ਦਾਰਸ਼ਨਿਕ ਪੁੱਛ-ਗਿੱਛ ਨੂੰ ਵੀ ਕਿਹਾ ਜਾਂਦਾ ਹੈ।[13] ਨੈਤਿਕਤਾ ਉਹ ਹੈ, ਜਿਸ ਵਿਚ ਮਨੁੱਖੀ ਆਚਰਣ ਦੀ ਛਾਣਬੀਣ ਕੀਤੀ ਜਾਂਦੀ ਹੈ ਅਤੇ ਆਚਰਣ ਨਾਲ ਸੰਬੰਧਿਤ ਨੈਤਿਕ ਜਾਂ ਅਨੈਤਿਕ ਕਰਮਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ। ਨੈਤਿਕ ਛਾਣਬੀਣ ਪਾਤਰ ਦੀ ਰਚਨਾ ਵਿਚ ਅਨੁਸ਼ਾਸਨ ਦੀ ਜ਼ਰੂਰਤ ਨੂੰ ਸਮਝਦੀ ਹੈ, ਅਤੇ ਆਤਮ ਅਨੁਸ਼ਾਸਨ ਨੂੰ ਆਦਰਸ਼ ਜਾਤੀ ਦਾ ਦਰਜਾ ਦਿੰਦੀ ਹੈ।[14]

### 1.1.2 ਨੀਤੀ-ਸ਼ਾਸਤਰ ਦਾ ਮੰਤਵ

ਸਮੁੱਚੇ ਤੌਰ 'ਤੇ ਮਨੁੱਖ ਦੀ ਭਲਾਈ ਜਾਂ ਖੁਸ਼ੀ, ਨੀਤੀ-ਸ਼ਾਸਤਰ ਦਾ ਮੂਲ ਮੰਤਵ ਹੈ। ਮਨੁੱਖ ਇਕ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ, ਨੈਤਿਕਤਾ ਸਮਾਜ ਦੀ ਹੀ ਦੇਣ ਹੈ। ਵੱਖੋ-ਵੱਖਰੇ ਸਮਾਜਾਂ ਦੀ ਨੈਤਿਕ ਪ੍ਰਣਾਲੀ ਵੱਖੋ-ਵੱਖਰੀ ਹੋ ਸਕਦੀ ਹੈ, ਪਰੰਤੂ ਇਨ੍ਹਾਂ ਸਾਰੀਆਂ ਨੈਤਿਕ ਪ੍ਰਣਾਲੀਆਂ ਦਾ ਮੰਤਵ ਮਨੁੱਖੀ ਭਲਾਈ ਅਤੇ ਸਮਾਜਿਕ ਆਦਰਸ਼ਾਂ ਦੀ ਸਥਾਪਨਾ ਕਰਨਾ ਹੈ। ਸੁੱਖ ਜਾਂ ਖੁਸ਼ੀ ਦੀ ਪ੍ਰਾਪਤੀ ਕਰਨਾ ਹਰ ਮਨੁੱਖ ਦਾ ਮੂਲ ਮਨੋਰਥ ਹੁੰਦਾ ਹੈ। ਨੀਤੀ-ਸ਼ਾਸਤਰ, ਮਨੁੱਖ ਨੂੰ ਉਸ ਦੇ ਇਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਆਪਣਾ ਯੋਗਦਾਨ ਦਿੰਦਾ ਹੈ। ਇਸ ਲਈ ਨੀਤੀ-ਸ਼ਾਸਤਰ ਦਾ ਸੰਬੰਧ ਮਨੁੱਖ ਦੇ ਉਨ੍ਹਾਂ ਕਾਰਜਾਂ ਨਾਲ ਹੈ, ਜੋ ਉਸਨੂੰ ਸੁੱਖ ਪ੍ਰਦਾਨ ਕਰਦੇ ਹਨ ਅਤੇ ਸੰਪੂਰਨ ਰੂਪ ਵਿਚ ਚੰਗੇ ਗੁਣਾਂ ਦਾ ਧਾਰਨੀ ਬਣਾਉਂਦੇ ਹਨ। **ਵਿਲੀਅਮ ਲਿਲੀ ਅਨੁਸਾਰ,** ''ਨੀਤੀ-ਸ਼ਾਸਤਰ ਸਮਾਜ ਵਿੱਚ ਰਹਿੰਦੇ ਮਨੁੱਖਾਂ ਦੇ ਆਚਾਰ ਦਾ ਆਦਰਸ਼ਕ ਅਧਿਐਨ ਹੈ।''[15]

### 1.1.3 ਨੀਤੀ-ਸ਼ਾਸਤਰ ਦੀ ਸਮੱਸਿਆ

ਵੱਖ-ਵੱਖ ਸਮਾਜਾਂ ਦੇ ਵੱਖ-ਵੱਖ ਸਭਿਆਚਾਰ ਅਤੇ ਰੀਤੀ-ਰਿਵਾਜ਼ ਨਿਰਧਾਰਤ ਹੁੰਦੇ ਹਨ। ਇਸ ਲਈ ਜ਼ਰੂਰੀ ਨਹੀਂ, ਕਿ ਜੇ ਇਕ ਗੱਲ ਕਿਸੇ ਸਮਾਜ ਲਈ ਚੰਗੀ ਹੈ, ਤਾਂ ਉਹ ਦੂਸਰੇ ਸਮਾਜ ਲਈ ਵੀ ਚੰਗੀ ਹੋਵੇ। ਕਹਿਣ ਤੋਂ ਭਾਵ, ਨੈਤਿਕਤਾ ਵਿਚ ਇਕਰੂਪਤਾ ਜਾਂ ਸਮਾਨਤਾ ਨਹੀਂ ਪਾਈ ਜਾਂਦੀ। ਵੱਖ-ਵੱਖ ਸਮਾਜਾਂ ਵਿਚ ਨੈਤਿਕਤਾ ਦੇ ਵੱਖ-ਵੱਖ ਸਰੂਪ, ਸਿਧਾਂਤ ਜਾਂ ਨਿਯਮ ਪਾਏ ਜਾਂਦੇ ਹਨ। ਮਨੁੱਖ ਨੂੰ ਇਕ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ, ਸਮਾਜ ਦੁਆਰਾ ਨਿਰਧਾਰਤ ਕਾਨੂੰਨ ਜਾਂ ਰੀਤੀ-ਰਿਵਾਜ਼ਾਂ ਦੀ ਪਾਲਣਾ ਕਰਨੀ ਪੈਂਦੀ ਹੈ। ਮਨੁੱਖ ਦੇ ਇਨ੍ਹਾਂ ਕਾਰਜਾਂ ਦੇ ਅਧਾਰ 'ਤੇ ਹੀ ਉਸ ਦੇ ਭਲੇ ਜਾਂ ਬੁਰੇ ਹੋਣ ਦਾ ਨਿਰਣਾ ਕੀਤਾ ਜਾਂਦਾ ਹੈ। **ਜਾਨ ਡਿਯੂਈ ਅਨੁਸਾਰ,** ''ਕੋਈ ਵੀ ਕਾਰਜ ਕਿਸੇ ਬਣ ਚੁੱਕੇ ਤੇ ਸਥਾਈ ਆਚਰਣ ਦਾ ਪ੍ਰਗਟਾ ਹੋਣਾ ਚਾਹੀਦਾ ਹੈ।''[16] ਜੋ ਮਨੁੱਖ ਸਮਾਜ ਦੁਆਰਾ ਨਿਰਧਾਰਤ ਇਨ੍ਹਾਂ ਸਿਧਾਂਤਾਂ ਅਨੁਸਾਰ ਜੀਵਨ ਜਿਉਂਦਾ ਹੈ, ਉਸ ਨੂੰ ਇਕ ਚੰਗੇ ਇਨਸਾਨ ਅਤੇ ਆਦਰਸ਼ ਮਨੁੱਖ ਹੋਣ ਦਾ ਦਰਜਾ ਦਿੱਤਾ ਜਾਂਦਾ ਹੈ। ਸਮਾਜਿਕ ਪ੍ਰਕਰਣ ਵਿਚ, ਨੈਤਿਕਤਾ ਦਾ ਉਦੇਸ਼ ਵਿਅਕਤੀ ਦੇ ਆਚਰਣ ਨੂੰ ਇਸ ਤਰ੍ਹਾਂ ਢਾਲਣਾ ਹੈ ਕਿ ਭਾਈਚਾਰਕ ਜੀਵਨ ਵਿਚ ਉਹ ਜ਼ਿੰਮੇਵਾਰ ਵਿਅਕਤੀ ਦੇ ਰੂਪ ਵਿਚ ਵਿਚਰ ਸਕੇ।[17]

ਨੀਤੀ-ਸ਼ਾਸਤਰ ਦੀ ਸਭ ਤੋਂ ਵੱਡੀ ਸਮੱਸਿਆ ਇਹੀ ਹੈ ਕਿ ਨੈਤਿਕਤਾ ਦਾ ਉਹ ਕਿਹੜਾ ਰੂਪ ਹੈ?, ਜੋ ਸਾਰੇ ਸੰਸਾਰ ਦੇ ਸਮਾਜਾਂ ਲਈ ਸਮਾਨ ਜਾਂ ਇਕਰੂਪ ਹੋਵੇ। ਇਸ ਤਰ੍ਹਾਂ ਸਪੱਸ਼ਟ ਹੈ ਕਿ ਨੈਤਿਕਤਾ, ਸਮਾਜਿਕ ਸਭਿਆਚਾਰ ਅਤੇ ਰੀਤੀ-ਰਿਵਾਜ਼ਾ ਤੋਂ ਪ੍ਰਭਾਵਿਤ ਹੁੰਦੀ ਹੈ। ਸਮਾਜ ਦੇ ਨਾਲ-ਨਾਲ ਮਨੁੱਖੀ ਜੀਵਨ ਦੇ ਵੀ ਅਨੇਕਾਂ ਮੁੱਲ ਅਤੇ ਕਦਰਾਂ-ਕੀਮਤਾਂ ਹਨ, ਜਿੰਨ੍ਹਾਂ ਅਨੁਸਾਰ ਚਲਣਾ ਮਨੁੱਖ ਦਾ ਨੈਤਿਕ ਫ਼ਰਜ਼ ਬਣਦਾ ਹੈ। ਮਨੁੱਖ ਦੀ ਆਪਣੇ ਫ਼ਰਜ਼ਾਂ ਪ੍ਰਤੀ ਚੇਤਨਾ ਜਾਂ ਅਚੇਤਨਾ ਹੀ ਮਨੁੱਖੀ ਸ਼ਖ਼ਸੀਅਤ ਨੂੰ ਉਚਾ ਜਾਂ ਨੀਵਾਂ ਦਰਜ਼ਾ ਦੇਣ ਵਿਚ ਇਕ ਸਾਧਨ ਦੇ ਰੂਪ ਵਿਚ ਕੰਮ ਕਰਦੀ ਹੈ। ਇਹ ਗੱਲ ਸਪੱਸ਼ਟ ਹੈ ਕਿ ਨੀਤੀ-ਸ਼ਾਸਤਰ ਦਾ ਕੋਈ ਇਕ ਖਾਸ ਸਰੂਪ ਨਿਸ਼ਚਿਤ ਨਹੀਂ ਹੈ। ਸਮੇਂ ਅਤੇ ਪ੍ਰਸਥਿਤੀਆਂ ਅਨੁਸਾਰ ਇਸ ਦੇ ਵੱਖ-ਵੱਖ ਸਰੂਪ ਜਾਂ ਸਿਧਾਂਤ ਨਿਰਧਾਰਤ ਕੀਤੇ ਜਾਂਦੇ ਹਨ। ਨੈਤਿਕਤਾ ਮਨੁੱਖੀ ਜੀਵਨ ਦੀ ਅਗਵਾਈ ਕਰਦੀ ਹੈ ਅਤੇ ਮਨੁੱਖੀ ਵਿਹਾਰ ਦੇ ਪਰਮ ਸ਼ੁੱਭ ਜਾਂ ਨੇਕੀ ਦੇ

ਉਚਤਮ ਸਰੂਪ ਨੂੰ ਆਪਣਾ ਪਰਮ ਆਦਰਸ਼ ਮੰਨ ਕੇ ਅੱਗੇ ਵੱਧਦੀ ਹੈ। ਜੇਕਰ ਇਹ ਕਹਿ ਲਈਏ ਕਿ ਮਨੁੱਖ ਨੂੰ ਸੰਪੂਰਣ ਮਨੁੱਖ ਬਣਾਉਣ ਵਿਚ ਸਭ ਤੋਂ ਉਤਮ ਸਾਧਨ ਨੀਤੀ-ਸ਼ਾਸਤਰ (ਨੈਤਿਕਤਾ) ਹੈ, ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਨੈਤਿਕਤਾ ਮਨੁੱਖੀ ਵਿਹਾਰ ਦੀ ਛਾਣ-ਬੀਣ ਕਰਕੇ ਉਸ ਵਿਚੋਂ ਚੰਗੇ ਅਤੇ ਮਾੜੇ ਜਾਂ ਨੈਤਿਕ ਅਤੇ ਅਨੈਤਿਕ ਤੱਥਾਂ ਦੀ ਭਾਲ ਕਰਦੀ ਹੈ। ਨੀਤੀ-ਸ਼ਾਸਤਰ ਮਨੁੱਖੀ ਜੀਵਨ ਦੇ ਪਰਮ ਸ਼ੁੱਭ ਨੂੰ ਆਪਣਾ ਪਰਮ-ਆਦਰਸ਼ ਮੰਨ ਕੇ ਉਸ ਦੀ ਖੋਜ ਕਰਦਾ ਹੈ ਅਤੇ ਉਸ ਦੀ ਪ੍ਰਾਪਤੀ ਲਈ ਸਹਾਈ ਹੋਣ ਵਾਲੇ ਸਾਧਨਾਂ ਦੀ ਪੜਚੋਲ ਅਤੇ ਵਿਸ਼ਲੇਸ਼ਣ ਕਰਦਾ ਹੈ। ਕੁਝ ਵਿਦਵਾਨਾਂ ਨੇ ਨੀਤੀ-ਸ਼ਾਸਤਰ ਦੀ ਥਾਂ ਨੀਤੀ-ਗਿਆਨ ਸ਼ਬਦ ਦਾ ਪ੍ਰਯੋਗ ਕੀਤਾ ਹੈ। **ਡਾ. ਵਜ਼ੀਰ ਸਿੰਘ ਅਨੁਸਾਰ,** ''ਨੀਤੀ ਗਿਆਨ ਮਨੁੱਖ ਦੇ ਸਦਾਚਾਰਕ ਵਤੀਰੇ (ਆਚਰਨ) ਦਾ ਨੇਮਬੱਧ ਅਧਿਐਨ ਹੈ, ਜਿਸ ਦਾ ਮਨੋਰਥ ਮਨੁੱਖੀ ਜੀਵਨ ਦੇ ਆਦਰਸ਼ਾਂ ਦੀ ਭਾਲ, ਅਤੇ ਆਦਰਸ਼ਾਂ ਦੀ ਪ੍ਰਾਪਤੀ ਸੰਭਵ ਬਣਾਉਣ ਵਾਲੇ ਨਿਯਮਾਂ ਦੀ ਖੋਜ ਹੈ।''[18] ਅਸਲ ਵਿਚ ਨੈਤਿਕ ਗੁਣਾਂ ਦਾ ਅਮਲ ਹੀ ਆਦਰਸ਼ਕ ਜੀਵਨ-ਜਾਚ ਹੈ। ਨੀਤੀ-ਸ਼ਾਸਤਰ ਦੀ ਇੱਛਾ ਹੈ ਕਿ ਮਨੁੱਖੀ ਜੀਵਨ ਨੂੰ ਸਹੀ ਸੇਧ ਮਿਲੇ ਤਾਂ ਜੋ ਇਸ ਦਾ ਸੰਪੂਰਨ ਰੂਪ ਵਿਚ ਸਹੀ ਉਪਯੋਗ ਹੋ ਸਕੇ।

### 1.1.4 ਨੀਤੀ-ਸ਼ਾਸਤਰ ਆਦਰਸ਼ਾਤਮਕ ਵਿਗਿਆਨ

ਨੀਤੀ-ਸ਼ਾਸਤਰ ਕੁਦਰਤੀ ਵਿਗਿਆਨ ਨਹੀਂ, ਬਲਕਿ ਆਦਰਸ਼ਾਤਮਕ ਵਿਗਿਆਨ ਹੈ। ਕੁਦਰਤੀ ਵਿਗਿਆਨ ਕੁਦਰਤੀ ਨਿਯਮਾਂ ਦੇ ਕੁਦਰਤੀ ਸਰੂਪ ਦਾ ਅਧਿਐਨ ਕਰਦੇ ਹਨ, ਭਾਵ ਇਹ ''ਕੀ'' ਹਨ ਦਾ ਅਧਿਐਨ ਕਰਦਾ ਹੈ, ਜਦੋਂ ਕਿ ਆਦਰਸ਼ਾਤਮਕ ਵਿਗਿਆਨ 'ਕੀ ਹੋਣਾ ਚਾਹੀਦਾ ਹੈ' ਦਾ ਅਧਿਐਨ ਕਰਦਾ ਹੈ। ਇਸ ਤਰ੍ਹਾਂ ਨੀਤੀ-ਸ਼ਾਸਤਰ ਇਕ ਆਦਰਸ਼ ਨਿਰਧਾਰਕ ਵਿਗਿਆਨ ਹੈ। ਨੈਤਿਕ ਮੂਲ-ਸੂਚਕ ਨਿਰਣਿਆਂ ਦੀ ਸਹੀ ਵਿਆਖਿਆ ਅਤੇ ਵਿਸ਼ਲੇਸ਼ਣ, ਇਸ ਦੀ ਇਕ ਵੱਡੀ ਸਮੱਸਿਆ ਹੈ। ਕਿਉਂਕਿ ਜਿੰਨਾ ਚਿਰ ਨੈਤਿਕ ਮੁੱਲ ਦੇ ਆਖਰੀ ਲੱਛਣ ਦੀ ਸਹੀ ਜਾਣਕਾਰੀ ਨਹੀਂ ਮਿਲਦੀ, ਅਜਿਹਾ ਹੋਣਾ ਅਸੰਭਵ ਹੈ। ਵੱਖ-ਵੱਖ ਵਿਦਵਾਨਾਂ ਅਨੁਸਾਰ ਵਿਗਿਆਨ ਦੀਆਂ ਪ੍ਰਮੁੱਖ ਤੌਰ 'ਤੇ ਦੋ ਕਿਸਮਾਂ ਪ੍ਰਵਾਨਿਤ ਹਨ। ਪਹਿਲਾ ਉਹ, ਜਿਸ ਦਾ ਸੰਬੰਧ ਸ੍ਰਿਸ਼ਟੀ ਦੀਆਂ ਅਸਲੀ (ਕੁਦਰਤੀ) ਘਟਨਾਵਾਂ ਜਾਂ ਵਸਤੂਆਂ ਨਾਲ ਹੁੰਦਾ ਹੈ। ਇਸ ਨੂੰ 'Positive' ਵਿਗਿਆਨ ਕਿਹਾ ਜਾਂਦਾ ਹੈ। ਇਸ ਦੇ ਉਲਟ ਦੂਜੇ ਪ੍ਰਕਾਰ

ਦੇ ਵਿਗਿਆਨ ਦਾ ਸੰਬੰਧ ਮਨੁੱਖੀ ਜੀਵਨ ਨਾਲ ਸੰਬੰਧਿਤ ਆਦਰਸ਼ਾਂ ਅਤੇ ਨਿਯਮਾਂ ਨਾਲ ਹੈ, ਜਿਸ ਨੂੰ 'Normative' ਵਿਗਿਆਨ ਕਿਹਾ ਜਾਂਦਾ ਹੈ। ਨੀਤੀ-ਸ਼ਾਸਤਰ ਵੀ ਇਕ 'Normative' ਵਿਗਿਆਨ ਹੈ ਕਿਉਂਕਿ ਇਸ ਦਾ ਸੰਬੰਧ ਨਿਯਮਾਂ ਅਤੇ ਆਦਰਸ਼ਾਂ ਨਾਲ ਹੈ। ਸੋ ਨੀਤੀ-ਸ਼ਾਸਤਰ ਇਕ ਆਦਰਸ਼-ਮੂਲਕ ਵਿਗਿਆਨ ਹੈ, ਜੋ ਕਿ ਕਿਸੇ ਇਕ ਵਿਸ਼ੇਸ਼ ਆਦਰਸ਼ 'ਤੇ ਅਧਾਰਿਤ ਹੁੰਦਾ ਹੈ।

### 1.1.5 ਨੈਤਿਕ ਨਿਰਣਾ ਅਤੇ ਮਨੁੱਖੀ ਨੈਤਿਕ ਚੇਤਨਾ

ਮਨੁੱਖੀ ਜੀਵਨ ਦੇ ਸੰਬੰਧ ਵਿਚ ਅੰਤਿਮ ਨੈਤਿਕ ਨਿਰਣੇ ਦੀ ਭਾਲ ਕਰਨਾ, ਨੀਤੀ-ਸ਼ਾਸਤਰ ਦਾ ਮੁੱਖ ਕਰਤੱਵ ਹੈ। ਆਦਰਸ਼ ਦਾ ਸੰਬੰਧ ਨੈਤਿਕਤਾ ਨਾਲ ਹੈ। ਆਚਾਰ ਅਤੇ ਚਰਿਤ੍ਰ ਨੈਤਿਕ ਨਿਰਣੇ ਦਾ ਆਧਾਰ ਹਨ, ਜਿੰਨ੍ਹਾਂ ਉਪਰ ਮਨੁੱਖੀ ਕੀਮਤਾਂ ਦਾ ਢਾਚਾਂ ਉਸਰਿਆ ਹੋਇਆ ਹੈ।[19] ਨੈਤਿਕ ਨਿਰਣੇ ਤੋਂ ਭਾਵ ਹੈ, ਚੰਗੇ ਅਤੇ ਮਾੜੇ ਵਿਚ ਨਿਖੇੜਾ ਕਰਕੇ ਉਸ ਪ੍ਰਤੀ ਆਪਣੇ ਦ੍ਰਿਸ਼ਟੀਕੋਣ ਨੂੰ ਪੇਸ਼ ਕਰਨਾ ਜਾਂ ਫੈਸਲਾ ਦੇਣਾ। ਮਨੁੱਖ ਦੇ ਨੈਤਿਕ ਫੈਸਲੇ ਦਾ ਆਰੰਭ ਉਸ ਦੇ ਪਰਿਵਾਰ ਤੋਂ ਹੁੰਦਾ ਹੈ। ਬਚਪਨ ਵਿਚ ਹੀ ਮਨੁੱਖ ਚੰਗੇ ਅਤੇ ਮਾੜੇ ਵਿਚ ਨਿਖੇੜਾ ਕਰਨਾ ਸ਼ੁਰੂ ਕਰ ਦਿੰਦਾ ਹੈ। ਇਸ ਤਰ੍ਹਾਂ ਸਭ ਤੋਂ ਪਹਿਲੀ ਨੈਤਿਕ ਸਿੱਖਿਆ ਮਨੁੱਖ ਆਪਣੇ ਪਰਿਵਾਰ ਵਿਚੋਂ ਗ੍ਰਹਿਣ ਕਰਦਾ ਹੈ। ਨੈਤਿਕ ਨਿਰਣੇ ਦੀ ਪੇਸ਼ਕਾਰੀ ਲਈ ਦੋ ਪੱਖਾਂ ਦਾ ਹੋਣਾ ਜ਼ਰੂਰੀ ਹੈ, ਭਾਵ ਦੋ ਵਸਤੂਆਂ ਦੇ ਤੁਲਨਾਤਮਕ ਅਧਿਐਨ ਤੋਂ ਹੀ ਉਨ੍ਹਾਂ ਦੇ ਗੁਣਾਂ ਜਾਂ ਅਵਗੁਣਾਂ ਨੂੰ ਵਾਚਿਆ ਜਾ ਸਕਦਾ ਹੈ। ਕੋਈ ਵੀ ਨੈਤਿਕ ਨਿਰਣਾ ਅੰਤਿਮ ਨੈਤਿਕ ਨਿਰਣਾ ਨਹੀਂ ਹੁੰਦਾ। ਸਮੇਂ ਅਤੇ ਪ੍ਰਸਥਿਤੀਆਂ ਅਨੁਸਾਰ ਇਸ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ, ਭਾਵ ਨੈਤਿਕ ਨਿਰਣੇ ਉਪਰ ਸਮੇਂ ਦੇ ਹਾਲਾਤਾਂ ਅਤੇ ਪ੍ਰਸਥਿਤੀਆਂ ਦਾ ਪ੍ਰਭਾਵ ਜ਼ਰੂਰ ਹੁੰਦਾ ਹੈ। ਆਮ ਤੌਰ 'ਤੇ ਨੈਤਿਕ ਨਿਰਣੇ ਦੇ ਦੋ ਭਾਗ ਮੰਨੇ ਜਾਂਦੇ ਹਨ :- ਤੱਥ ਅਧਾਰਿਤ ਨਿਰਣਾ ਅਤੇ ਕੀਮਤ ਅਧਾਰਿਤ ਨਿਰਣਾ।

ਤੱਥ ਅਧਾਰਿਤ ਨਿਰਣੇ ਤੋਂ ਭਾਵ, ਜੋ ਕੇਵਲ ਸੱਚਾਈ ਨੂੰ ਬਿਆਨ ਕਰਦਾ ਹੈ। ਉਦਾਹਰਣ ਦੇ ਤੌਰ 'ਤੇ ਜਿਵੇਂ ''ਇਹ ਇਕ ਫੁੱਲ ਹੈ''। ਜਦੋਂ ਕਿ ਕੀਮਤ ਅਧਾਰਿਤ ਨਿਰਣਾ ਕਿਸੇ ਵਸਤੂ ਦੀ ਸੱਚਾਈ ਦੇ ਨਾਲ-ਨਾਲ ਉਸ ਦੀ ਵਿਸ਼ੇਸ਼ਤਾ ਅਤੇ ਗੁਣਾਂ ਨੂੰ ਵੀ ਬਿਆਨ ਕਰਦਾ ਹੈ, ਜਿਵੇਂ, ''ਇਹ ਫੁੱਲ ਬਹੁਤ ਸੋਹਣਾ ਹੈ''। ਇਸ ਤਰ੍ਹਾਂ ਕੀਮਤ ਅਧਾਰਿਤ ਨਿਰਣੇ

ਵਿਚ ਕਿਸੇ ਵਸਤੂ ਦੀ ਕੀਮਤ ਨੂੰ ਅਧਾਰ ਬਣਾਇਆ ਜਾਂਦਾ ਹੈ। ਕੀਮਤਾਂ ਵਿਚ ਨੈਤਿਕਤਾ ਦਾ ਹੋਣਾ ਜ਼ਰੂਰੀ ਹੈ, ਪਰ ਨੈਤਿਕਤਾ ਆਪਣੇ ਆਪ ਵਿਚ ਇਕ ਕੀਮਤ ਹੈ। ਨੀਤੀ-ਸ਼ਾਸਤਰ ਵਿਚ 'ਚਾਹੀਦਾ ਹੈ' ਉਤੇ ਜ਼ਿਆਦਾ ਬਲ ਦਿੱਤਾ ਜਾਂਦਾ ਹੈ, ਜਦੋਂ ਕਿ ਕੀਮਤ ਮੀਮਾਂਸਾ ਵਿਚ 'ਹੈ' ਦੀ ਵੀ ਚਰਚਾ ਹੁੰਦੀ ਹੈ।[20] ਸੋ ਸਪੱਸ਼ਟ ਹੈ ਕਿ ਨੀਤੀ-ਸ਼ਾਸਤਰ ਦਾ ਸੰਬੰਧ ਕੀਮਤ ਅਧਾਰਿਤ ਨਿਰਣੇ ਨਾਲ ਹੈ। ਜਿਸ ਵਿਚ ਕਿਸੇ ਵਸਤੂ ਦੀ ਕੀਮਤ ਨੂੰ ਅਧਾਰ ਬਣਾ ਕੇ ਉਸ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਪਰੰਤੂ ਕੀਮਤ ਅਧਾਰਿਤ ਨਿਰਣਿਆਂ ਦੀ ਹੋਂਦ ਆਮ ਤੌਰ 'ਤੇ ਤੱਥ ਅਧਾਰਿਤ ਨਿਰਣਿਆਂ 'ਤੇ ਨਿਰਭਰ ਹੁੰਦੀ ਹੈ। **ਡਾ. ਵਜ਼ੀਰ ਸਿੰਘ ਅਨੁਸਾਰ,** ''ਦੈਨਿਕ ਜੀਵਨ ਵਿਚ ਅਕਸਰ ਨਿਰਣੇ ਜੋ ਤੱਥਮਈ ਨਜ਼ਰ ਆਉਂਦੇ ਹਨ, ਵਾਸਤਵ ਵਿਚ ਉਹ ਕੀਮਤਪਰਕ ਨਿਰਣੇ ਹੁੰਦੇ ਹਨ। ਨੀਤੀ-ਗਿਆਨ ਦਾ ਕਰਤੱਵ ਤੱਥ ਸੰਬੰਧੀ ਨਿਰਣਿਆਂ ਨਾਲੋਂ ਕੀਮਤਪਰਕ ਨਿਰਣਿਆਂ ਦਾ ਨਿਖੇੜ ਹੈ।''[21] ਨੈਤਿਕ ਨਿਰਣੇ ਦੀ ਪੁਸ਼ਟੀ ਲਈ ਮਨੁੱਖ ਵਿੱਚ ਨੈਤਿਕ ਚੇਤਨਾ ਦਾ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਨੈਤਿਕ ਨਿਰਣਾ ਮਨੁੱਖ ਦੀ ਨੈਤਿਕ ਚੇਤਨਾ 'ਤੇ ਅਧਾਰਿਤ ਹੈ। ਪਰ ਨੈਤਿਕ ਚੇਤਨਾ ਸਾਰੇ ਮਨੁੱਖਾਂ ਵਿਚ ਇਕ ਸਮਾਨ ਨਹੀਂ ਹੁੰਦੀ। ਨੈਤਿਕ ਨਿਰਣੇ ਦੀ ਤਰ੍ਹਾਂ ਮਨੁੱਖ ਦੀ ਨੈਤਿਕ ਚੇਤਨਾ ਉਪਰ ਵੀ ਸਮਾਜ, ਸਭਿਆਚਾਰ, ਰੀਤੀ-ਰਿਵਾਜ਼, ਪ੍ਰਸਥਿਤੀਆਂ ਅਤੇ ਸੰਸਕਾਰਾਂ ਦਾ ਬਹੁਤ ਗਹਿਰਾ ਪ੍ਰਭਾਵ ਹੁੰਦਾ ਹੈ। ਇਸ ਤਰ੍ਹਾਂ ਨੀਤੀ-ਸ਼ਾਸਤਰ ਇਕ ਦਾਰਸ਼ਨਿਕ ਵਿਗਿਆਨ ਹੈ, ਜੋ ਨੈਤਿਕਤਾ ਨੂੰ ਇਕ ਵਿਸ਼ੇ ਦੇ ਰੂਪ ਵਿਚ ਦੇਖਦਾ ਹੈ ਅਤੇ ਉਸ ਦੇ ਵਿਹਾਰ ਅਤੇ ਖੇਤਰ ਨੂੰ ਵਿਸ਼ੇਸ਼ ਢੰਗ ਵਿਚ ਰੱਖ ਕੇ ਉਸ ਦੇ ਹਾਲਾਤਾਂ ਅਤੇ ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਕਰਦਾ ਹੈ।

### 1.1.6 ਨੀਤੀ-ਸ਼ਾਸਤਰ ਦਾ ਖੇਤਰ ਅਤੇ ਵਿਸ਼ੇਸ਼ਤਾਵਾਂ

ਹਰ ਇਕ ਵਿਗਿਆਨ ਦਾ ਇਕ ਨਿਸ਼ਚਿਤ ਖੇਤਰ ਹੁੰਦਾ ਹੈ। ਇਸ ਤਰ੍ਹਾਂ ਨੀਤੀ-ਸ਼ਾਸਤਰ ਦਾ ਖੇਤਰ ਵੀ ਅਜਿਹਾ ਹੀ ਹੈ। ਨੀਤੀ-ਸ਼ਾਸਤਰ ਦੇ ਘੇਰੇ ਵਿਚ ਕੇਵਲ ਮਨੁੱਖ ਹੀ ਆਉਂਦਾ ਹੈ ਅਤੇ ਇਸ ਦਾ ਸੰਬੰਧ ਮਨੁੱਖ ਦੀ ਭਲਾਈ ਨਾਲ ਹੈ। ਨੀਤੀ-ਸ਼ਾਸਤਰ ਵਿਚ ਸਭ ਤੋਂ ਪਹਿਲਾਂ ਮਨੁੱਖ ਦੇ ਆਚਰਣ ਦਾ ਅਧਿਐਨ ਕੀਤਾ ਜਾਂਦਾ ਹੈ। ਨੀਤੀ-ਸ਼ਾਸਤਰ ਦੇ ਖੇਤਰ ਦੀ ਸੀਮਾ ਵੀ ਮਨੁੱਖੀ ਆਚਰਣ ਤੱਕ ਹੀ ਸੀਮਿਤ ਹੁੰਦੀ ਹੈ। ਇਸ ਤਰ੍ਹਾਂ ਨੀਤੀ-ਸ਼ਾਸਤਰ ਦਾ ਮੁੱਖ ਖੇਤਰ ਮਨੁੱਖੀ ਸੁਭਾਅ ਹੈ। ਮਨੁੱਖੀ ਸੁਭਾਅ ਜਾਂ ਵਿਹਾਰ ਦੇ ਦੋ ਮੁੱਖ ਭਾਗ ਹਨ,

ਚੰਗਾ ਅਤੇ ਮਾੜਾ। ਭਲਾਈ ਅਤੇ ਬੁਰਾਈ ਨਾਲ ਸੰਬੰਧਿਤ ਮਨੁੱਖ ਦਾ ਇਹ ਦ੍ਰਿਸ਼ਟੀਕੋਣ ਸੰਸਾਰ ਦੀਆਂ ਸਾਰੀਆਂ ਵਸਤਾਂ ਤੇ ਲਾਗੂ ਹੁੰਦਾ ਹੈ। ਇਸ ਤਰ੍ਹਾਂ ਵਿਗਿਆਨ ਦੇ ਨਾਲ-ਨਾਲ ਨੀਤੀ-ਸ਼ਾਸਤਰ ਦਰਸ਼ਨ ਵੀ ਹੈ। ਨੀਤੀ-ਸ਼ਾਸਤਰ ਮਨੁੱਖ ਦੇ ਵਿਹਾਰ ਨਾਲ ਸੰਬੰਧਿਤ ਹੋਣ ਕਰਕੇ ਇਸ ਦਾ ਭਲਾਈ ਜਾਂ ਬੁਰਾਈ ਦੇ ਅਧਾਰ 'ਤੇ ਨਿਰਣਾ ਕਰਦਾ ਹੈ। ਇਸ ਨਿਰਣੇ ਤੱਕ ਪਹੁੰਚਣ ਲਈ ਨੀਤੀ-ਸ਼ਾਸਤਰ ਨੂੰ ਮਨੋਵਿਗਿਆਨ ਦਾ ਸਹਾਰਾ ਵੀ ਲੈਣਾ ਪੈਂਦਾ ਹੈ, ਕਿਉਂਕਿ ਵਿਹਾਰ ਮਨੋਵਿਗਿਆਨਕ ਕਾਰਨਾਂ ਕਰਕੇ ਪੈਦਾ ਹੁੰਦਾ ਹੈ ਅਤੇ ਉਹਨਾਂ ਕਾਰਨਾਂ ਦਾ ਵਿਸ਼ਲੇਸ਼ਣ ਕਰਕੇ ਹੀ ਸਹੀ ਨੈਤਿਕ ਨਿਰਣਾ ਜਾਂ ਫੈਸਲਾ ਹੋ ਸਕਦਾ ਹੈ। ਵਿਹਾਰ ਦੇ ਕਾਰਨਾਂ ਵਿਚ ਮਨੁੱਖ ਦੀਆਂ ਇੱਛਾਵਾਂ, ਕੋਸ਼ਿਸ਼ਾਂ, ਸਿਆਣਪਾਂ, ਚਰਿੱਤਰ ਅਤੇ ਆਦਤਾਂ ਆਦਿ ਸਭ ਆ ਜਾਂਦੇ ਹਨ, ਜੋ ਨੀਤੀ-ਸ਼ਾਸਤਰ ਦੇ ਅਧਿਐਨ ਦਾ ਖੇਤਰ ਬਣਦੇ ਹਨ।

ਨੀਤੀ-ਗਿਆਨ ਦਾ ਸੰਬੰਧ ਆਚਰਣ ਨਾਲ ਹੋਣ ਕਰਕੇ, ਆਚਰਣ ਦੇ ਮਨੋਵਿਗਿਆਨਿਕ ਅਧਾਰਾਂ ਦਾ ਵਿਸ਼ਲੇਸ਼ਣ ਅਤੇ ਸਪੱਸ਼ਟੀਕਰਨ ਇਸ ਦੇ ਵਿਸ਼ਾ-ਖੇਤਰ ਦਾ ਭਾਗ ਹਨ।[22] ਮਨੋਵਿਗਿਆਨ ਦਾ ਸਿੱਧਾ ਸੰਬੰਧ ਮਨੁੱਖ ਦੀ ਮਾਨਸਿਕਤਾ ਨਾਲ ਹੈ, ਭਾਵ ਇਹ ਮਨੁੱਖੀ ਮਨ ਦਾ ਵਿਸ਼ਲੇਸ਼ਣ ਕਰਨ ਵਾਲਾ ਇਕ ਵਿਗਿਆਨ ਹੈ। ਮਨੋਵਿਗਿਆਨ ਦੇ ਅੰਤਰਗਤ ਮਨੁੱਖੀ ਆਚਾਰ ਦੇ ਮਾਨਸਿਕ ਪੱਖ ਦਾ ਅਧਿਐਨ ਕੀਤਾ ਜਾਂਦਾ ਹੈ। ਇਹ ਆਚਾਰ ਦੇ ਆਂਤਰਿਕ ਪ੍ਰੇਰਣਾ-ਸਰੋਤਾਂ, ਪ੍ਰਯੋਜਨ, ਮੰਤਵ, ਇੱਛਾ, ਭਾਵਨਾਂ ਆਦਿ ਦੇ ਵਿਵਹਾਰਿਕ ਪੈਟਰਨ ਨੂੰ ਸਮਝਣ ਦਾ ਯਤਨ ਕਰਦਾ ਹੈ।[23]

ਨੈਤਿਕ ਨਿਰਣਾ ਨੀਤੀ-ਸ਼ਾਸਤਰ ਦਾ ਮੁੱਖ ਵਿਸ਼ਾ ਹੈ, ਜਿਸ ਵਿਚ ਨੀਤੀ-ਸ਼ਾਸਤਰ ਨੈਤਿਕ ਨਿਰਣੇ ਦੇ ਵਿਸ਼ੇ, ਉਸ ਦੇ ਕਰਤਾ ਅਤੇ ਉਸ ਦੇ ਅਧਾਰ ਨੂੰ ਮੁੱਖ ਰੱਖ ਕੇ ਇਸ ਦਾ ਅਧਿਐਨ ਕਰਦਾ ਹੈ। ਨੀਤੀ-ਸ਼ਾਸਤਰ ਦਾ ਸੰਬੰਧ ਮਨੁੱਖੀ ਜੀਵਨ ਦੀਆਂ ਵਿਵਹਾਰਿਕ ਸਮੱਸਿਆਵਾਂ ਨਾਲ ਹੋਣ ਕਰਕੇ ਮਨੁੱਖ ਦੇ ਅਧਿਕਾਰਾਂ, ਕਰਤੱਵਾਂ ਅਤੇ ਚੰਗੇ ਗੁਣਾਂ ਦਾ ਵਿਸ਼ਲੇਸ਼ਣ ਕਰਨਾ ਵੀ ਇਸ ਦੇ ਅਧਿਐਨ ਦਾ ਮੁੱਖ ਖੇਤਰ ਬਣਦੇ ਹਨ। ਇਹ ਗੱਲ ਸਪੱਸ਼ਟ ਹੋ ਚੁੱਕੀ ਹੈ ਕਿ ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਅਤੇ ਸਮਾਜ ਤੋਂ ਬਿਨ੍ਹਾਂ ਮਨੁੱਖ ਦੀ ਹੋਂਦ ਅਸੁਭਾਵਿਕ ਜਿਹੀ ਗੱਲ ਜਾਪਦੀ ਹੈ। ਮਨੁੱਖ ਅਤੇ ਸਮਾਜ ਦੇ ਆਪਸੀ ਸੰਬੰਧਾਂ ਦਾ ਵਿਸ਼ਲੇਸ਼ਣ ਵੀ ਨੀਤੀ-ਸ਼ਾਸਤਰ ਦੇ ਖੇਤਰ ਦਾ ਪ੍ਰਮੁੱਖ ਹਿੱਸਾ ਹੈ, ਕਿਉਂਕਿ ਹਰ ਮਨੁੱਖ ਕਿਸੇ

ਨਾ ਕਿਸੇ ਸਮਾਜ ਦਾ ਮੈਂਬਰ ਜ਼ਰੂਰ ਹੁੰਦਾ ਹੈ। ਉਸ ਸਮਾਜ ਦੇ ਰੀਤੀ-ਰਿਵਾਜ਼ਾਂ (Ethos) ਅਤੇ ਨਿਯਮਾਂ (Mores) ਦੇ ਅਧਾਰ 'ਤੇ ਹੀ ਨੀਤੀ-ਸ਼ਾਸਤਰ ਦੇ ਨਿਯਮ ਨਿਰਧਾਰਤ ਕੀਤੇ ਜਾਂਦੇ ਹਨ। ਸੋ ਇਕ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਮਨੁੱਖ ਦੇ ਜੀਵਨ 'ਤੇ ਸਮਾਜਿਕ ਪ੍ਰਭਾਵਾਂ ਦਾ ਪੈਣਾ ਸੁਭਾਵਿਕ ਜਿਹੀ ਗੱਲ ਹੈ। ਸਮਾਜਿਕ ਪ੍ਰਭਾਵਾਂ ਵਿਚ ਮਨੁੱਖ ਦੇ ਵਿਹਾਰ, ਵਿਚਾਰ, ਸਭਿਆਚਾਰ, ਰੀਤੀ-ਰਿਵਾਜ਼ ਅਤੇ ਪ੍ਰਚੱਲਿਤ ਨੈਤਿਕਤਾ ਦਾ ਰੂਪ ਆਦਿ ਸਭ ਆ ਜਾਂਦੇ ਹਨ, ਜੋ ਕਿ ਨੀਤੀ-ਸ਼ਾਸਤਰ ਦੇ ਅਧਿਐਨ ਦੇ ਖੇਤਰ ਦਾ ਹਿੱਸਾ ਬਣਦੇ ਹਨ। ਸਮਾਜ ਦੇ ਨਾਲ-ਨਾਲ ਮਨੁੱਖ ਦੇ ਜੀਵਨ ਅਤੇ ਵਿਚਾਰਾਂ 'ਤੇ ਧਰਮ ਦਾ ਸਿੱਧਾ ਪ੍ਰਭਾਵ ਪੈਂਦਾ ਹੈ। ਧਰਮ ਦੇ ਖੇਤਰ ਵਿਚ ਆਮ ਤੌਰ 'ਤੇ ਨੈਤਿਕਤਾ ਲਈ ਸਦਾਚਾਰ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਧਰਮ ਅਤੇ ਸਦਾਚਾਰ ਵਿਚ ਜ਼ਿਆਦਾ ਨੇੜਤਾ ਹੋਣ ਕਰਕੇ ਦੋਨਾਂ ਨੂੰ ਇੱਕੋ ਸਿੱਕੇ ਦੇ ਦੋ ਪਹਿਲੂ ਮੰਨਿਆਂ ਜਾਂਦਾ ਹੈ।

ਸਧਾਰਨ ਵਿਅਕਤੀ ਦੇ ਮਨ ਵਿਚ ਧਰਮ ਅਤੇ ਸਦਾਚਾਰ ਦਾ ਅੰਤਰ ਸਪੱਸ਼ਟ ਨਹੀਂ ਹੁੰਦਾ। ਉਸ ਨੂੰ ਧਾਰਮਿਕ ਜੀਵਨ ਹੀ ਨੇਕੀ ਦਾ ਜੀਵਨ ਜਾਪਦਾ ਹੈ ਅਤੇ ਨੈਤਿਕ ਦ੍ਰਿਸ਼ਟੀ ਤੋਂ 'ਨੇਕ' ਜੀਵਨ ਉਸ ਲਈ 'ਧਾਰਮਿਕ' ਜੀਵਨ ਹੈ। ਬਹੁਤ ਹੱਦ ਤੱਕ ਧਰਮ ਅਤੇ ਨੀਤੀ ਦੀ ਇਹ ਸਾਂਝ ਚਿੰਤਕਾਂ ਨੂੰ ਵੀ ਪਰਵਾਨ ਹੈ, ਕਿਉਂਕਿ ਚਿੰਤਨ ਦੇ ਨਜ਼ਰੀਏ ਤੋਂ ਧਾਰਮਿਕਤਾ ਅਤੇ ਨੈਤਿਕਤਾ ਦੋਹਾਂ ਦਾ ਉਦੇਸ਼ ਮਨੁੱਖ ਦੀ ਉਤਮਤਾ ਹੈ।[24] ਧਰਮ ਦੀ ਗੁੜ੍ਹਤੀ ਮਨੁੱਖ ਨੂੰ ਬਚਪਨ ਤੋਂ ਹੀ ਮਿਲਦੀ ਹੈ। ਜਿਸ ਧਰਮ ਵਿਚ ਮਨੁੱਖ ਪਲਦਾ ਅਤੇ ਵੱਡਾ ਹੁੰਦਾ ਹੈ, ਉਹ ਉਸੇ ਧਰਮ ਨੂੰ ਹੀ ਆਪਣਾ ਅਸਲੀ ਧਰਮ ਮੰਨਦਾ ਹੈ ਅਤੇ ਉਸ ਦਾ ਹੀ ਸਮਰਥਨ ਕਰਦਾ ਹੈ। ਵੱਖ-ਵੱਖ ਧਰਮਾਂ ਦੇ ਨੈਤਿਕ ਵਿਚਾਰਾਂ ਜਾਂ ਉਨ੍ਹਾਂ ਧਰਮਾਂ ਦੁਆਰਾ ਦਿੱਤੀ ਗਈ ਸਿਧਾਂਤਕ ਸਿੱਖਿਆ ਦਾ ਨੈਤਿਕ ਦ੍ਰਿਸ਼ਟੀਕੋਣ ਤੋਂ ਅਧਿਐਨ, ਨੈਤਿਕ ਖੇਤਰ ਭਾਵ ਨੀਤੀ-ਸ਼ਾਸਤਰ ਦਾ ਹੀ ਹਿੱਸਾ ਹੈ। ਸੋ ਸਪੱਸ਼ਟ ਹੈ ਕਿ ਨੀਤੀ-ਸ਼ਾਸਤਰ ਦਾ ਸਿੱਧਾ ਸੰਬੰਧ 'ਮਨੁੱਖੀ ਵਿਹਾਰ' ਨਾਲ ਹੋਣ ਕਰਕੇ, ਇਹ ਉਨ੍ਹਾਂ ਸਾਰੇ ਪੱਖਾਂ ਜਾਂ ਖੇਤਰਾਂ ਦਾ ਅਧਿਐਨ ਕਰਦਾ ਹੈ, ਜੋ ਮਨੁੱਖੀ ਵਿਹਾਰ ਦੇ ਘੇਰੇ ਵਿਚ ਆਉਂਦੇ ਹਨ। ਨੀਤੀ-ਸ਼ਾਸਤਰ ਦਾ ਸੰਬੰਧ ਮਨੁੱਖ ਨਾਲ ਹੋਣ ਕਰਕੇ ਇਹ ਮਨੁੱਖ ਦੀਆਂ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ ਅਤੇ ਵਿਅਕਤੀਗਤ ਆਦਿ ਸਾਰੀਆਂ ਸਮੱਸਿਆਵਾਂ ਨੂੰ ਆਪਣੇ ਕਲਾਵੇਂ ਵਿਚ ਲੈਂਦਾ ਹੈ। ਨੀਤੀ-ਸ਼ਾਸਤਰ ਮਨੁੱਖ ਦੀਆਂ

ਇਨ੍ਹਾਂ ਸਮੱਸਿਆਵਾਂ 'ਤੇ ਚਾਨਣਾ ਪਾ ਕੇ ਇਨ੍ਹਾਂ ਤੋਂ ਸੁਚੇਤ ਰਹਿਣ ਦੀ ਮਨੁੱਖ ਨੂੰ ਸਿਫ਼ਾਰਸ਼ ਕਰਦਾ ਹੈ ਅਤੇ ਇਨ੍ਹਾਂ ਦੇ ਹੱਲ ਲਈ ਸਹੀ ਗਿਆਨ ਵੀ ਮਨੁੱਖ ਨੂੰ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਨੀਤੀ-ਸ਼ਾਸਤਰ ਇਕ ਉਚੇ ਪੱਧਰ ਦਾ ਅਧਿਐਨ ਹੈ।

ਮਨੁੱਖ ਇਕ ਸੁਚੇਤ ਅਤੇ ਚੇਤੰਨ ਪ੍ਰਾਣੀ ਹੋਣ ਦੇ ਨਾਤੇ ਆਪਣੇ ਜੀਵਨ ਨੂੰ ਪਰਮ ਸ਼ੁੱਭ ਅਤੇ ਉਚੇਰਾ ਬਣਾਉਣਾ ਚਾਹੁੰਦਾ ਹੈ। ਉਹ ਆਪਣੇ ਜੀਵਨ ਦੀ ਪਰਮ ਸੱਚਾਈ ਅਤੇ ਉਦੇਸ਼ ਬਾਰੇ ਜਾਨਣਾ ਚਾਹੁੰਦਾ ਹੈ ਅਤੇ ਨੀਤੀ-ਸ਼ਾਸਤਰ ਇਕ ਅਜਿਹਾ ਹੀ ਅਧਿਐਨ ਹੈ, ਜੋ ਮਨੁੱਖੀ ਜੀਵਨ ਦੇ ਪਰਮ ਉਦੇਸ਼ ਦੀ ਵਿਆਖਿਆ ਕਰਦਾ ਹੈ। ਨੀਤੀ-ਸ਼ਾਸਤਰ ਮਨੁੱਖ ਸਾਹਮਣੇ ਵੱਖ-ਵੱਖ ਆਦਰਸ਼ਾਂ ਨੂੰ ਪੇਸ਼ ਕਰਦਾ ਹੈ, ਤਾਂ ਜੋ ਉਨ੍ਹਾਂ ਦਾ ਵਿਸ਼ਲੇਸ਼ਣ ਕਰਕੇ ਸਹੀ ਚੋਣ ਕੀਤੀ ਜਾ ਸਕੇ। ਨੀਤੀ-ਸ਼ਾਸਤਰ ਦੀ ਇੱਛਾ ਹੈ ਕਿ ਮਨੁੱਖ ਨੂੰ ਉਸ ਦੇ ਜੀਵਨ ਦੇ ਉਦੇਸ਼ ਦਾ ਗਿਆਨ ਹੋਵੇ ਅਤੇ ਉਹ ਉਸ ਦੀ ਪ੍ਰਾਪਤੀ ਦਾ ਯਤਨ ਕਰੇ, ਤਾਂ ਜੋ ਉਸ ਦੇ ਜੀਵਨ ਦੀ ਸਹੀ ਦਿਸ਼ਾ ਨਿਰਧਾਰਤ ਕੀਤੀ ਜਾ ਸਕੇ ਅਤੇ ਇਸ ਦਾ ਸਦਉਪਯੋਗ ਹੋ ਸਕੇ। ਨੀਤੀ-ਸ਼ਾਸਤਰ ਅਸਪੱਸ਼ਟ ਅਤੇ ਪ੍ਰਚੱਲਿਤ ਗ਼ਲਤ ਧਾਰਨਾਵਾਂ ਦਾ ਖੰਡਨ ਕਰਦਾ ਹੈ। ਇਹ ਮਨੁੱਖੀ ਜੀਵਨ ਵਿਚਲੇ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਧਾਰਮਿਕ ਪ੍ਰਥਾਵਾਂ ਦੇ ਦੋਸ਼ਾਂ ਆਦਿ ਨੂੰ ਰੌਸ਼ਨੀ ਵਿਚ ਲਿਆ ਕੇ ਸਮਾਪਤ ਕਰਨ ਦਾ ਯਤਨ ਕਰਦਾ ਹੈ ਅਤੇ ਨੈਤਿਕ ਆਦਰਸ਼ ਦੇ ਸਰੂਪ ਵਿਚ ਸਾਡੇ ਵਿਵੇਕ ਨੂੰ ਜਾਗ੍ਰਿਤ ਕਰਦਾ ਹੈ।

ਨੀਤੀ-ਸ਼ਾਸਤਰ ਮਨੁੱਖ ਨੂੰ ਸਹੀ ਜਾਂ ਗ਼ਲਤ ਬਾਰੇ ਪੂਰਨ ਰੂਪ ਵਿਚ ਜਾਣਕਾਰੀ ਪ੍ਰਦਾਨ ਕਰਦਾ ਹੈ, ਪਰੰਤੂ ਇਸ ਪ੍ਰਤੀ ਚੋਣ ਜਾਂ ਨਿਰਣਾ ਮਨੁੱਖ ਨੇ ਆਪ ਹੀ ਕਰਨਾ ਹੁੰਦਾ ਹੈ। ਕਿਉਂਕਿ ਸੱਚੀ ਨੈਤਿਕਤਾ ਸੁਤੰਤਰ ਨਿਰਣੇ 'ਤੇ ਨਿਰਭਰ ਕਰਦੀ ਹੈ। ਨੀਤੀ-ਸ਼ਾਸਤਰ ਮਨੁੱਖੀ ਵਿਹਾਰ ਦੇ ਇੱਛੁਕ ਸਿਧਾਂਤਾਂ ਦਾ ਆਦਰਸ਼ਕ ਅਧਿਐਨ ਹੈ।[25] ਇਸ ਤਰ੍ਹਾਂ ਨੀਤੀ-ਸ਼ਾਸਤਰ ਕੇਵਲ ਉਨ੍ਹਾਂ ਕਰਮਾਂ ਦਾ ਅਧਿਐਨ ਕਰਦਾ ਹੈ, ਜੋ ਮਨੁੱਖ ਨੇ ਸੋਚ-ਵਿਚਾਰ ਕੇ ਆਪਣੀ ਬੁੱਧੀ ਅਨੁਸਾਰ ਕੀਤੇ ਹੋਣ, ਭਾਵ ਨੀਤੀ-ਸ਼ਾਸਤਰ ਮਨੁੱਖ ਦੀ ਇੱਛਾ ਅਨੁਸਾਰ ਕੀਤੇ ਗਏ ਕਰਮਾਂ ਦਾ ਅਧਿਐਨ ਕਰਦਾ ਹੈ, ਜਿਸ ਦੁਆਰਾ ਨੀਤੀ-ਸ਼ਾਸਤਰ ਦੀ ਵਿਸ਼ੇਸ਼ਤਾ ਪ੍ਰਗਟ ਹੁੰਦੀ ਹੈ।

ਨੀਤੀ-ਸ਼ਾਸਤਰ ਮਨੁੱਖ ਦੇ ਜੀਵਨ ਸੰਬੰਧੀ ਰੂੜੀਵਾਦੀ ਵਿਚਾਰਾਂ ਅਤੇ ਧਾਰਨਾਵਾਂ ਨੂੰ ਖ਼ਤਮ ਕਰਕੇ ਮਨੁੱਖ ਨੂੰ ਸੁਤੰਤਰ ਵਿਚਾਰ ਜਾਂ ਨਿਰਣਾ ਕਰਨ ਦੇ ਯੋਗ ਬਣਾਉਂਦਾ ਹੈ। ਨੀਤੀ-ਸ਼ਾਸਤਰ ਇਕ ਵਿਗਿਆਨ ਹੋਣ ਦੇ ਨਾਤੇ ਮਨੁੱਖ ਨੂੰ ਸੱਚਾ ਗਿਆਨ ਪ੍ਰਦਾਨ ਕਰਦਾ ਹੈ ਅਤੇ ਉਸ ਦੇ ਵਿਹਾਰ ਵਿਚ ਬੁਰੀਆਂ ਆਦਤਾਂ ਅਤੇ ਪ੍ਰਥਾਵਾਂ ਨੂੰ ਦੂਰ ਕਰਨ ਵਿਚ ਸਹਾਇਕ ਸਿੱਧ ਹੁੰਦਾ ਹੈ। ਨੀਤੀ-ਸ਼ਾਸਤਰ ਮਨੁੱਖ ਨੂੰ ਸਿਧਾਂਤਕ ਸਿੱਖਿਆ ਦੇ ਨਾਲ-ਨਾਲ ਵਿਵਹਾਰਿਕ ਪਰਿਵਰਤਨ ਦੇ ਲਈ ਵੀ ਸ਼ਕਤੀ ਅਤੇ ਵਿਸ਼ਵਾਸ ਪ੍ਰਦਾਨ ਕਰਦਾ ਹੈ। ਨੀਤੀ-ਸ਼ਾਸਤਰ ਮਨੁੱਖ ਦੇ ਲਈ ਨਵੀਂ ਨੈਤਿਕ ਪ੍ਰੇਰਣਾ ਦਾ ਕਾਰਨ ਬਣਦਾ ਹੈ। ਸਹੀ ਅਰਥਾਂ ਵਿਚ ਨੀਤੀ-ਸ਼ਾਸਤਰ ਹੀ ਅਸਲੀ ਸਿੱਖਿਆ ਦਾ ਅਧਾਰ ਹੈ। ਨੀਤੀ-ਸ਼ਾਸਤਰ ਮਨੁੱਖ ਦੇ ਨੈਤਿਕ ਦ੍ਰਿਸ਼ਟੀਕੋਣ ਦੇ ਨਿਰਮਾਣ ਵਿਚ ਸਹਾਈ ਸਿੱਧ ਹੁੰਦਾ ਹੈ ਤਾਂ ਜੋ ਉਹ ਸਾਰੇ ਜੀਵਨ ਵਿਚ ਆਪਣੇ ਸੁਤੰਤਰ ਨਿਰਣੇ ਨੂੰ ਨਾਲ ਲੈ ਕੇ ਚੱਲੇ ਅਤੇ ਤਰੱਕੀ ਦੇ ਰਸਤੇ ਤੇ ਅਗਾਂਹ ਵੱਧ ਸਕੇ। ਨੀਤੀ-ਸ਼ਾਸਤਰ ਮਨੁੱਖ ਨੂੰ ਦੋਸ਼ਾਂ ਤੋਂ ਆਜ਼ਾਦ ਕਰਵਾਉਂਦਾ ਹੈ ਅਤੇ ਮਨੁੱਖੀ ਵਿਹਾਰ ਵਿਚ ਜੋ ਕੁਝ ਵੀ ਜ਼ਰੂਰੀ ਅਤੇ ਸਰਬ-ਪ੍ਰਵਾਨਿਤ ਹੈ, ਉਸ ਨੂੰ ਇਕ ਮਜ਼ਬੂਤ ਰਸਤੇ ਉਤੇ ਤੋਰ ਦਿੰਦਾ ਹੈ।

ਹੋਰਨਾਂ ਖੇਤਰਾਂ ਦੀ ਤਰ੍ਹਾਂ ਵਿਗਿਆਨਿਕ ਖੇਤਰ ਲਈ ਵੀ ਨੀਤੀ-ਸ਼ਾਸਤਰ ਵਰਦਾਨ ਦੇ ਸਮਾਨ ਹੈ, ਕਿਉਂਕਿ ਵਿਗਿਆਨਿਕ ਖੋਜ ਜਾਂ ਸ਼ਕਤੀ ਦੀ ਸਹੀ ਵਰਤੋਂ ਕਿਵੇਂ ਕਰਨੀ ਹੈ, ਇਹ ਸਿਰਫ਼ ਨੀਤੀ-ਸ਼ਾਸਤਰ ਹੀ ਸਿਖਾਉਂਦਾ ਹੈ। ਇਸ ਤਰ੍ਹਾਂ ਵਿਗਿਆਨਕ ਖੇਤਰ ਵਿਚ ਵੀ ਨੀਤੀ-ਸ਼ਾਸਤਰ ਦਾ ਬਹੁਤ ਵੱਡਾ ਯੋਗਦਾਨ ਹੈ। **ਡਾ. ਰਾਮਦਾਸ ਨਿਰਾਕਾਰੀ ਦੇ ਸ਼ਬਦਾਂ ਵਿਚ,** ''ਇਸ ਦਾ ਸੰਬੰਧ ਸਾਡੇ ਸੰਪੂਰਣ ਜੀਵਨ ਨਾਲ ਹੈ, ਕਿਉਂਕਿ ਜੇ ਮਨੁੱਖ ਨੈਤਿਕਤਾ ਦੇ ਨਿਯਮਾਂ ਦਾ ਪਾਲਣ ਨਹੀਂ ਕਰਦਾ ਤਾਂ ਉਸ ਦਾ ਸਥਾਨ ਇਸ ਸੰਸਾਰ ਵਿਚ ਪਸ਼ੂਆਂ ਤੋਂ ਜ਼ਿਆਦਾ ਉਚਾ ਨਹੀਂ ਹੋ ਸਕਦਾ।''[26] ਨੈਤਿਕ ਵਿਕਾਸ ਦੀ ਸਭ ਤੋਂ ਉਚੀ ਅਵੱਸਥਾ ਉਹ ਹੈ ਜਦੋਂ ਅਸੀਂ ਇਹ ਮਹਿਸੂਸ ਕਰਨ ਲੱਗਦੇ ਹਾਂ ਕਿ ਸਾਨੂੰ ਆਪਣੇ ਵਿਚਾਰਾਂ 'ਤੇ ਸਵੈ-ਕਾਬੂ ਰੱਖਣਾ ਚਾਹੀਦਾ ਹੈ। ਅਰਥਾਤ ਅਜਿਹਾ ਗੁਨਾਹ ਕਰਨ ਦਾ ਸਾਨੂੰ ਖਿਆਲ ਤੱਕ ਨਾ ਆਵੇ ਜਿਸ ਨੂੰ ਆਪਣੀ ਖੁਸ਼ੀ ਖਾਤਰ ਪਹਿਲਾਂ ਅਮਲੀ ਤੌਰ 'ਤੇ ਕਰਦੇ ਰਹੇ ਸਾਂ।[27]

ਸੋ ਸਪੱਸ਼ਟ ਹੈ ਕਿ ਨੀਤੀ-ਸ਼ਾਸਤਰ ਮਨੁੱਖੀ ਜੀਵਨ ਦੇ ਹਰ ਇੱਕ ਹਿੱਸੇ ਨੂੰ ਆਪਣੇ ਅਧਿਐਨ ਦੇ ਖੇਤਰ ਵਿਚ ਲਿਆਉਂਦਾ ਹੈ ਅਤੇ ਮਨੁੱਖ ਨੂੰ ਸਹੀ ਗ਼ਲਤ ਦੀ ਜਾਣਕਾਰੀ ਪ੍ਰਦਾਨ ਕਰਕੇ ਉਸ ਦੇ ਜੀਵਨ ਨੂੰ ਸਰਵੋਤਮ ਬਣਾਉਂਦਾ ਹੈ। ਇਸ ਤਰ੍ਹਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਨੀਤੀ-ਸ਼ਾਸਤਰ ਇੱਕ ਸੰਪੂਰਨ ਵਿਗਿਆਨ ਹੈ, ਜਿਸ ਦੁਆਰਾ ਮਨੁੱਖ ਸੰਪੂਰਨ ਜੀਵਨ-ਜਾਚ ਸਿੱਖਦਾ ਹੈ।

## 1.2 ਵਿਵਹਾਰਿਕ ਨੀਤੀ-ਸ਼ਾਸਤਰ

ਨੀਤੀ-ਸ਼ਾਸਤਰ ਦੇ ਨਿਯਮ ਮਨੁੱਖੀ ਵਿਵਹਾਰ ਅਤੇ ਆਚਰਣ ਉਪਰ ਡੂੰਘਾ ਅਸਰ ਪਾਉਂਦੇ ਹਨ। ਇਸ ਲਈ ਨੀਤੀ-ਸ਼ਾਸਤਰ ਕੇਵਲ ਮੌਖਿਕ ਵਿਗਿਆਨ ਹੀ ਨਹੀਂ, ਬਲਕਿ ਵਿਵਹਾਰਿਕ ਵਿਗਿਆਨ ਵੀ ਹੈ, ਜੋ ਕਿ ਮਨੁੱਖੀ ਵਿਵਹਾਰ ਵਿਚ ਰੋਜ਼ ਹੋਣ ਵਾਲੀਆਂ ਮੁਸ਼ਕਲਾਂ ਨੂੰ ਨਜਿੱਠਦਾ ਹੈ। ਵਿਵਹਾਰਿਕ ਨੀਤੀ-ਸ਼ਾਸਤਰ (Applied Ethics), ਨੀਤੀ-ਸ਼ਾਸਤਰ ਦਾ ਹੀ ਇਕ ਭਾਗ ਹੈ। ਮੁੱਢਲੇ ਰੂਪ ਵਿਚ ਨੀਤੀ-ਸ਼ਾਸਤਰ ਦਾ ਜਨਮ ਸਿਧਾਂਤਕ ਰੂਪ ਵਿਚ ਹੀ ਹੋਇਆ ਹੈ, ਜਿਸ ਵਿਚ ਇਸ ਦੇ ਵਿਵਹਾਰਿਕ ਪੱਖ 'ਤੇ ਬਹੁਤਾ ਜ਼ੋਰ ਨਹੀਂ ਸੀ ਦਿੱਤਾ ਜਾਂਦਾ। ਸਿਧਾਂਤਕ ਰੂਪ ਵਿਚ ਨੀਤੀ-ਸ਼ਾਸਤਰ ਦੀ ਚਰਚਾ ਕਰਦੇ ਹੋਏ ਮਨੁੱਖ ਦੇ ਸ਼ੁੱਭ-ਅਸ਼ੁੱਭ, ਠੀਕ-ਗਲਤ, ਨੈਤਿਕ-ਅਨੈਤਿਕ ਆਦਿ ਵਿਸ਼ਿਆਂ ਦਾ ਵਿਸ਼ਲੇਸ਼ਣ ਕਰਕੇ, ਇਨ੍ਹਾਂ ਪ੍ਰਤੀ ਆਪਣਾ ਫੈਸਲਾ ਦਿੱਤਾ ਜਾਂਦਾ ਹੈ। ਇਹ ਮਨੁੱਖ ਨੂੰ ਉਸ ਦੇ ਵਿਹਾਰ, ਜੀਵਨ ਦੇ ਪਰਮ-ਆਦਰਸ਼ ਅਤੇ ਉਸ ਨਾਲ ਸੰਬੰਧਿਤ ਹੋਰ ਵਿਸ਼ਿਆਂ ਨੂੰ ਅਧਿਐਨ ਦਾ ਖੇਤਰ ਬਣਾ ਕੇ, ਉਸ ਦੇ ਨਾਕਾਰਤਮਕ ਪੱਖਾਂ ਤੋਂ ਸੁਚੇਤ ਅਤੇ ਸਾਕਾਰਤਮਕ ਪੱਖਾਂ ਨਾਲ ਪਹਿਚਾਣ ਕਰਵਾਉਂਦਾ ਹੈ। ਇਹ ਮਨੁੱਖ ਨੂੰ ਜੀਵਨ ਦੇ ਉਨ੍ਹਾਂ ਮੁੱਲਾਂ ਦੀ ਜਾਣਕਾਰੀ ਦਿੰਦਾ ਹੈ, ਜਿਨ੍ਹਾਂ ਨੂੰ ਗ੍ਰਹਿਣ ਕਰਕੇ ਮਨੁੱਖ 'ਸੰਪੂਰਣ ਮਨੁੱਖ' ਬਣ ਸਕਦਾ ਹੈ।

ਨੀਤੀ-ਸ਼ਾਸਤਰ ਦੁਆਰਾ ਦਿੱਤੇ ਗਏ ਇਨ੍ਹਾਂ ਸਿਧਾਂਤਾਂ ਦੀ ਜਦੋਂ ਮਨੁੱਖ ਵਿਵਹਾਰਿਕ ਰੂਪ ਵਿਚ ਸਾਂਭ-ਸੰਭਾਲ ਜਾਂ ਇਨ੍ਹਾਂ ਨੂੰ ਅਮਲੀ ਰੂਪ ਵਿਚ ਗ੍ਰਹਿਣ ਕਰਦਾ ਜਾਂ ਜੀਵਨ ਵਿਚ ਢਾਲਦਾ ਹੈ, ਤਾਂ ਮਨੁੱਖ ਦੀ ਅਜਿਹੀ ਕਿਰਿਆ ਵਿਵਹਾਰਿਕ ਨੀਤੀ-ਸ਼ਾਸਤਰ ਅਖ਼ਵਾਉਂਦੀ ਹੈ। ਭਾਵ ਇਹ ਨੀਤੀ-ਸ਼ਾਸਤਰ ਦਾ ਵਿਵਹਾਰਿਕ (Practical) ਰੂਪ ਹੈ। ਇਸ ਤਰ੍ਹਾਂ ਨੀਤੀ-ਸ਼ਾਸਤਰ ਮਨੁੱਖ ਨੂੰ 'ਕੀ ਕਰਨਾ ਚਾਹੀਦਾ ਹੈ', 'ਕੀ ਹਾਸਿਲ ਕਰਨਾ ਚਾਹੀਦਾ ਹੈ' ਅਤੇ

'ਕਿਸੇ ਨਾਲ ਕਿਵੇਂ ਦਾ ਵਿਵਹਾਰ ਕਰਨਾ ਚਾਹੀਦਾ ਹੈ', ਇਨ੍ਹਾਂ ਸਵਾਲਾਂ ਨੂੰ ਲੈ ਕੇ ਸਹੀ ਸੇਧ ਪ੍ਰਦਾਨ ਕਰਦਾ ਹੈ। **ਨਾਵਲ ਸਮਿਥ ਅਨੁਸਾਰ** ਨੀਤੀ-ਸ਼ਾਸਤਰ ਇਕ ਵਿਵਹਾਰਕ ਵਿਗਿਆਨ ਹੀ ਹੈ। ਉਸ ਅਨੁਸਾਰ, ''ਮਨੁੱਖ ਦੇ ਜਿਹੜੇ ਕਿਰਿਆਤਮਕ ਪੱਖਾਂ ਲਈ ਨੈਤਿਕ ਬੋਲੀ ਦੀ ਵਰਤੋਂ ਕੀਤੀ ਜਾਂਦੀ ਹੈ, ਉਹ ਹਨ:- 'ਆਪ ਕੋਈ ਕੰਮ ਨੂੰ ਕਰਨ ਜਾਂ ਨਾ ਕਰਨ ਦਾ ਫ਼ੈਸਲਾ ਕਰਨਾ' ਅਤੇ 'ਦੂਸਰਿਆਂ ਨੂੰ ਵੀ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਦਾ ਮਸ਼ਵਰਾ ਦੇਣਾ'। ਇਹ ਵਿਵਹਾਰਿਕ ਕਿਰਿਆ ਹੀ ਨੀਤੀ-ਸ਼ਾਸਤਰ ਦਾ ਵਿਸ਼ੇਸ਼ ਗੁਣ ਹੈ।''[28]

ਰਵਾਇਤੀ ਪੱਖ ਤੋਂ ਨੀਤੀ-ਸ਼ਾਸਤਰ ਦਾ ਦਰਸ਼ਨ ਨਿਰਾ ਸਿਧਾਂਤਕ ਗਿਆਨ ਹੀ ਪ੍ਰਦਾਨ ਨਹੀਂ ਕਰਦਾ, ਸਗੋਂ ਵਿਵਹਾਰਿਕ ਗਿਆਨ ਵੀ ਪ੍ਰਦਾਨ ਕਰਦਾ ਹੈ ਕਿ ਸਾਡੀ ਜੀਵਨ-ਜਾਚ ਅਮਲੀ ਪੱਖੋਂ ਕਿਵੇਂ ਦੀ ਹੋਣੀ ਚਾਹੀਦੀ ਹੈ। ਵਿਵਹਾਰਿਕ ਨੀਤੀ-ਸ਼ਾਸਤਰ ਦਾ ਮਜ਼ਬੂਤ ਅਧਾਰ, ਸਿਧਾਂਤਕ ਨੀਤੀ-ਸ਼ਾਸਤਰ ਹੀ ਹੈ। ਮਨੁੱਖੀ ਕਰਤੱਵਾਂ ਦਾ ਨਿਰਧਾਰਨ, ਨੈਤਿਕ ਆਦਰਸ਼ ਦੁਆਰਾ ਕਰਨਾ ਹੀ ਉਚਿਤ ਅਤੇ ਲਾਭਦਾਇਕ ਹੈ। ਇਸ ਤਰ੍ਹਾਂ ਵਿਵਹਾਰਿਕ ਨੀਤੀ-ਸ਼ਾਸਤਰ, ਨੀਤੀ-ਸ਼ਾਸਤਰ ਦੀ ਹੀ ਇਕ ਨਵੀਂ ਸ਼ਾਖਾ ਹੈ, ਜਿਸ ਵਿਚ ਸਿਧਾਂਤਕ ਨੈਤਿਕਤਾ ਨੂੰ ਵਿਵਹਾਰਿਕਤਾ ਦਾ ਰੂਪ ਦਿੱਤਾ ਜਾਂਦਾ ਹੈ। ਨੀਤੀ-ਸ਼ਾਸਤਰ ਇਕ ਅਜਿਹਾ ਵਿਵਹਾਰਿਕ ਵਿਗਿਆਨ ਹੈ, ਜਿਸ ਦਾ ਸੰਬੰਧ ਹਰੇਕ ਵਿਅਕਤੀ ਦੇ ਜੀਵਨ ਨਾਲ ਹੁੰਦਾ ਹੈ। ਇਹ ਸ਼ਾਸਤਰ ਇਕ ਅਜਿਹੀ ਕਲਾ ਦਾ ਰੂਪ ਹੈ, ਜਿਸ ਨਾਲ ਮਨੁੱਖੀ ਜੀਵਨ ਸੁੱਖੀ ਹੋ ਸਕਦਾ ਹੈ।[29] ਅੰਗਰੇਜ਼ੀ ਵਿਚ ਵਿਵਹਾਰਿਕ ਨੀਤੀ-ਸ਼ਾਸਤਰ ਲਈ 'Applied Ethics' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। 'Applied' ਤੋਂ ਭਾਵ ਹੈ, ਉਹ ਜਿਸ ਨੂੰ 'Practical' ਜਾਂ ਅਮਲੀ ਰੂਪ ਵਿਚ ਢਾਲਿਆ ਜਾਂ ਲਾਗੂ ਕੀਤਾ ਗਿਆ ਹੋਵੇ। ਇਸ ਤਰ੍ਹਾਂ ਸਪੱਸ਼ਟ ਹੈ ਕਿ ਵਿਵਹਾਰਿਕ ਨੀਤੀ-ਸ਼ਾਸਤਰ ਦਾ ਸੰਬੰਧ ਮਨੁੱਖ ਦੇ ਵਿਵਹਾਰਿਕ ਜੀਵਨ ਨਾਲ ਹੈ ਅਤੇ ਵਿਵਹਾਰਿਕ ਨੀਤੀ-ਸ਼ਾਸਤਰ, ਸਿਧਾਂਤਕ ਨੀਤੀ-ਸ਼ਾਸਤਰ ਦੀ ਸਿੱਖਿਆ ਨੂੰ ਮਨੁੱਖ ਦੇ ਵਿਵਹਾਰਿਕ ਜੀਵਨ ਵਿਚ ਲਾਗੂ ਕਰਨ ਦਾ ਸਭ ਤੋਂ ਉਤਮ ਸਾਧਨ ਹੈ।

### 1.2.1 ਵਿਵਹਾਰਿਕ ਨੀਤੀ-ਸ਼ਾਸਤਰ ਦੀ ਲੋੜ

ਨੀਤੀ-ਸ਼ਾਸਤਰ ਇਕ ਆਦਰਸ਼ਾਤਮਕ ਵਿਗਿਆਨ ਹੋਣ ਦੇ ਨਾਤੇ ਜ਼ਿਆਦਾਤਰ ਸਿਧਾਂਤ ਤੱਕ ਹੀ ਸੀਮਿਤ ਰਿਹਾ ਹੈ। ਪਰ ਬਦਲਦੀਆਂ ਪ੍ਰਸਥਿਤੀਆਂ ਅਤੇ ਹਾਲਾਤਾਂ ਨੇ ਨੀਤੀ-

ਸ਼ਾਸਤਰ ਨੂੰ ਵਿਵਹਾਰਿਕ ਰੂਪ ਅਖ਼ਤਿਆਰ ਕਰਨ ਲਈ ਮਜ਼ਬੂਰ ਕਰ ਦਿੱਤਾ ਹੈ। ਇਸ ਦਾ ਮੁੱਖ ਕਾਰਨ ਮਨੁੱਖ ਵਿਚ ਨੈਤਿਕ ਗਿਰਾਵਟ ਅਤੇ ਅਨੈਤਿਕਤਾ ਦਾ ਵੱਡੇ ਪੱਧਰ 'ਤੇ ਫੈਲ ਜਾਣਾ ਹੈ। ਮਨੁੱਖ ਦੁਆਰਾ ਕੀਤੇ ਜਾ ਰਹੇ ਅਨੈਤਿਕ ਕਰਮ ਜਿਵੇਂ, ਵਿਅਕਤੀਗਤ ਸਵਾਰਥ, ਪਦਾਰਥਵਾਦੀ ਸੋਚ, ਬਲਾਤਕਾਰ, ਦਾਜ ਅਤੇ ਭਰੂਣ ਹੱਤਿਆ ਵਰਗੇ ਭਿਆਨਕ ਸਮਾਜਿਕ ਦੋਸ਼; ਕਾਨੂੰਨੀ ਅਤੇ ਰਾਜਨੀਤਿਕ ਖੇਤਰਾਂ ਵਿਚ ਭ੍ਰਿਸ਼ਟਾਚਾਰ; ਆਰਥਿਕ ਅਤੇ ਵਪਾਰਿਕ ਖੇਤਰਾਂ ਵਿਚ ਮਨੁੱਖ ਦੀ ਧਨ ਅਤੇ ਅਰਾਮਪ੍ਰਸਤੀ ਪ੍ਰਤੀ ਵੱਧਦੀ ਲਾਲਸਾ; ਵਾਤਾਵਰਣ ਵਿਚ ਪ੍ਰਦੂਸ਼ਣ ਦਾ ਵਾਧਾ ਅਤੇ ਜੰਗਲੀ ਜੀਵ ਅਤੇ ਰੁੱਖਾਂ ਦਾ ਅੰਨ੍ਹੇਵਾਹ ਖ਼ਾਤਮਾ, ਕੁਦਰਤੀ ਰਸਾਇਣਾਂ ਦੀ ਦੁਰਵਰਤੋਂ; ਵਿਗਿਆਨਕ ਖੇਤਰ ਵਿਚ ਮਨੁੱਖ ਦੁਆਰਾ ਬਣਾਏ ਗਏ ਖ਼ਤਰਨਾਕ ਹਥਿਆਰ ਜਿਵੇਂ, ਪ੍ਰਮਾਣੂ ਬੰਬ ਆਦਿ ਅਤੇ ਅਜਿਹੇ ਹੋਰ ਵੀ ਕਈ ਕਾਰਨ ਹਨ, ਜੋ ਨੀਤੀ-ਸ਼ਾਸਤਰ ਨੂੰ ਸਿਧਾਂਤਕ ਤੋਂ ਵਿਵਹਾਰਿਕ ਹੋਣ ਲਈ ਮਜਬੂਰ ਕਰਦੇ ਹਨ।

ਜਨਸੰਖਿਆ ਵਿਚ ਲਗਾਤਾਰ ਹੋ ਰਿਹਾ ਵਾਧਾ ਵੀ ਇਨ੍ਹਾਂ ਸਮੱਸਿਆਵਾਂ ਦਾ ਮੁੱਖ ਕਾਰਨ ਬਣ ਰਿਹਾ ਹੈ। ਜਿਵੇਂ-ਜਿਵੇਂ ਜਨਸੰਖਿਆਂ ਵਿਚ ਵਾਧਾ ਹੋ ਰਿਹਾ ਹੈ, ਉਵੇਂ-ਉਵੇਂ ਹੀ ਮਨੁੱਖਤਾ ਵਿਚ ਗਰੀਬੀ ਤੇ ਬੇਰੁਜ਼ਗਾਰੀ ਘਰ ਕਰਦੀ ਜਾ ਰਹੀ ਹੈ। ਅਜਿਹੇ ਹਾਲਾਤਾਂ ਵਿਚ ਜਦੋਂ ਮਨੁੱਖੀ ਜੀਵਨ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਨਹੀਂ ਹੁੰਦੀ ਤਾਂ ਨੈਤਿਕਤਾ ਵਰਗੇ ਮੁੱਲਵਾਨ ਅਤੇ ਗੰਭੀਰ ਵਿਸ਼ਿਆਂ ਦੀ ਪਰਵਾਹ ਨਹੀਂ ਕੀਤੀ ਜਾਂਦੀ, ਭਾਵ ਆਪਣੀਆਂ ਲੋੜਾਂ ਦੀ ਪੂਰਤੀ ਲਈ ਮਨੁੱਖ ਕੋਈ ਵੀ ਅਨੈਤਿਕ ਕਰਮ ਜਿਵੇਂ, ਚੋਰੀ, ਡਕੈਤੀ, ਲੁੱਟ-ਖੋਹ ਅਤੇ ਕਤਲ ਵਰਗੇ ਵੱਡੇ ਅਪਰਾਧ ਕਰਨ ਲਈ ਤਿਆਰ ਹੋ ਜਾਂਦਾ ਹੈ। ਇਸ ਤੋਂ ਇਲਾਵਾਂ ਕੁਦਰਤੀ ਆਫ਼ਤਾਂ ਜਿਵੇਂ; ਭੁਚਾਲ, ਹੜ੍ਹ, ਜ਼ਿਆਦਾ ਗਰਮੀ ਜਾਂ ਸਰਦੀ, ਪਾਣੀ ਦੀ ਘਾਟ, ਬਿਮਾਰੀਆਂ ਵਿਚ ਵਾਧਾ ਜਿਵੇਂ; ਡੇਂਗੂ, ਪਲੇਗ ਆਦਿ ਵੀ ਅਜਿਹੇ ਮੁੱਖ ਕਾਰਨ ਹਨ, ਜਿੰਨ੍ਹਾਂ ਕਰਕੇ ਅਨੈਤਿਕਤਾ ਜਨਮ ਲੈਂਦੀ ਹੈ। ਸੋ ਅਜਿਹੇ ਹਾਲਾਤਾਂ ਨੂੰ ਮੁੱਖ ਰੱਖਦਿਆਂ ਨੀਤੀ-ਸ਼ਾਸਤਰ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਉਹ ਮਨੁੱਖ ਨੂੰ ਕੇਵਲ ਸਿਧਾਂਤਕ ਉਪਦੇਸ਼ ਹੀ ਨਾ ਦੇਵੇ ਬਲਕਿ ਵਿਵਹਾਰਿਕ ਰੂਪ ਵਿਚ ਆ ਕੇ ਭਟਕੀ ਹੋਈ ਮਨੁੱਖਤਾ ਨੂੰ ਨੈਤਿਕਤਾ ਦੇ ਸਾਫ਼ ਅਤੇ ਸੁੱਚਜੇ ਰਸਤੇ 'ਤੇ ਤੋਰੇ ਅਤੇ ਉਸ ਨੂੰ ਪੇਸ਼ ਆ ਰਹੀਆਂ ਗੰਭੀਰ ਸਮੱਸਿਆਵਾਂ ਦਾ ਹੱਲ ਕਰੇ।

### 1.2.2 ਵਿਵਹਾਰਿਕ ਨੀਤੀ-ਸ਼ਾਸਤਰ ਦਾ ਖੇਤਰ ਅਤੇ ਵਿਸ਼ੇਸ਼ਤਾਵਾਂ

ਵਿਵਹਾਰਿਕ ਨੀਤੀ-ਸ਼ਾਸਤਰ, ਨੀਤੀ-ਸ਼ਾਸਤਰ ਦਾ ਹੀ ਇਕ ਰੂਪ ਹੈ। ਇਸ ਲਈ ਵਿਵਹਾਰਿਕ ਨੀਤੀ-ਸ਼ਾਸਤਰ ਦਾ ਖੇਤਰ, ਨੀਤੀ-ਸ਼ਾਸਤਰ ਵਾਲਾ ਹੀ ਹੈ। ਪਰ ਵਿਵਹਾਰਿਕ ਨੀਤੀ-ਸ਼ਾਸਤਰ ਦਾ ਖੇਤਰ, ਨੀਤੀ-ਸ਼ਾਸਤਰ ਨਾਲੋਂ ਥੋੜ੍ਹਾਂ ਭਿੰਨ, ਵਿਲੱਖਣ ਅਤੇ ਮਨੁੱਖੀ ਜੀਵਨ ਦੇ ਵਧੇਰੇ ਨੇੜੇ ਹੈ। ਇਹ ਗੱਲ ਸਪੱਸ਼ਟ ਹੋ ਚੁੱਕੀ ਹੈ, ਕਿ ਵੱਖ-ਵੱਖ ਆਰਥਿਕ, ਸਮਾਜਿਕ, ਰਾਜਨੀਤਿਕ, ਧਾਰਮਿਕ, ਵਿੱਦਿਅਕ ਅਤੇ ਕਈ ਹੋਰ ਸਮੱਸਿਆਵਾਂ ਨੇ ਨੀਤੀ-ਸ਼ਾਸਤਰ ਨੂੰ ਵਿਵਹਾਰਿਕ ਰੂਪ ਅਖ਼ਤਿਆਰ ਕਰਨ ਲਈ ਮਜਬੂਰ ਕੀਤਾ ਹੈ ਅਤੇ ਇਹ ਵੀ ਸਪੱਸ਼ਟ ਹੈ ਕਿ ਇਨ੍ਹਾਂ ਸਮੱਸਿਆਵਾਂ ਨਾਲ ਸੰਬੰਧਿਤ ਖੇਤਰ ਹੀ ਅਸਲ ਵਿਚ ਵਿਵਹਾਰਿਕ ਨੀਤੀ-ਸ਼ਾਸਤਰ ਦਾ ਖੇਤਰ ਹੈ। ਅਜੋਕੇ ਦੌਰ ਵਿਚ ਨੀਤੀ-ਸ਼ਾਸਤਰ ਦਾ ਘੇਰਾ ਬਹੁਤ ਵਿਸ਼ਾਲ ਹੋ ਚੁੱਕਿਆ ਹੈ। ਵਾਤਾਵਰਣ ਨੀਤੀ-ਸ਼ਾਸਤਰ, ਵਿਵਹਾਰਿਕ ਨੀਤੀ-ਸ਼ਾਸਤਰ ਦੇ ਖੇਤਰ ਦਾ ਸਭ ਤੋਂ ਵੱਧ ਮਹੱਤਵਪੂਰਨ ਅਤੇ ਮੁੱਢਲਾ ਖੇਤਰ ਹੈ। ਇਕ ਚੰਗਾ ਵਾਤਾਵਰਣ ਮਨੁੱਖੀ ਜੀਵਨ ਦੀ ਸਫਲਤਾ ਦਾ ਸਭ ਤੋਂ ਵੱਡਾ ਕਾਰਨ ਹੁੰਦਾ ਹੈ।

ਵਾਤਾਵਰਣ ਦੀ ਸਿੱਖਿਆ ਦੇ ਖੇਤਰ ਵਿਚ ਖੋਜ ਇਹ ਦਰਸਾਉਂਦੀ ਹੈ ਕਿ ਮਨੁੱਖ ਇਸ ਵਾਤਾਵਰਣ ਦਾ ਬਹੁਤ ਹੀ ਜ਼ਰੂਰੀ ਹਿੱਸਾ ਹੈ। ਉਹ ਇਸ ਦੇ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ। ਇਸ ਤੋਂ ਇਲਾਵਾ ਚਾਰ ਤੱਤ (ਹਵਾ, ਅੱਗ, ਧਰਤੀ ਅਤੇ ਪਾਣੀ), ਜਾਨਵਰ, ਮਨੁੱਖ, ਰੁੱਖ, ਬੂਟੇ ਆਦਿ ਸਾਰੇ ਰਲ ਕੇ ਵਾਤਾਵਰਣ ਦੀ ਸਿਰਜਣਾ ਕਰਦੇ ਹਨ ਅਤੇ ਕੁਦਰਤ ਹਰ ਇਕ ਚੀਜ਼ ਨੂੰ ਦੂਜੇ ਵਿਰੁੱਧ ਸਥਿਰ ਕਰਦੀ ਹੈ।[30] ਪਰੰਤੂ ਅਜੋਕੇ ਸਮੇਂ ਵਿਚ ਪ੍ਰਦੂਸ਼ਣ ਵਿਚ ਵਾਧਾ, ਜੰਗਲੀ ਜੀਵਾਂ ਅਤੇ ਰੁੱਖਾਂ ਦਾ ਖ਼ਾਤਮਾ ਆਦਿ ਅਜਿਹੀਆਂ ਗੰਭੀਰ ਸਮੱਸਿਆਵਾਂ ਪੈਦਾ ਹੋ ਗਈਆਂ ਹਨ, ਜਿਨ੍ਹਾਂ ਕਰਕੇ ਵਾਤਾਵਰਣ ਖ਼ਤਰੇ ਵਿਚ ਪੈ ਗਿਆ ਹੈ। ਅਜਿਹੀ ਸਥਿਤੀ ਵਿਚ ਜ਼ਰੂਰੀ ਹੈ ਕਿ ਇਨ੍ਹਾਂ ਸਮੱਸਿਆਵਾਂ ਦਾ ਹੱਲ ਛੇਤੀ ਤੋਂ ਛੇਤੀ ਕੀਤਾ ਜਾਵੇ। ਇਹ ਕੇਵਲ ਵਿਵਹਾਰਿਕ ਨੀਤੀ-ਸ਼ਾਸਤਰ ਦੁਆਰਾ ਹੀ ਹੋ ਸਕਦਾ ਹੈ। ਵਾਤਾਵਰਣ ਨੀਤੀ-ਸ਼ਾਸਤਰ, ਵਿਵਹਾਰਿਕ ਨੀਤੀ-ਸ਼ਾਸਤਰ ਦੀ ਉਹ ਸ਼ਾਖ਼ਾ ਹੈ ਜੋ ਕਿ ਵਾਤਾਵਰਣ ਦੀ ਰੱਖਿਆ ਅਤੇ ਅਰੋਗਤਾ ਲਈ ਨੈਤਿਕ ਦਲੀਲਾਂ ਨਾਲ ਸੰਬੰਧਿਤ ਹੈ।[31] ਵਾਤਾਵਰਣ ਦੀ ਤਰ੍ਹਾਂ ਚਿਕਿਤਸਾ ਜਾਂ ਡਾਕਟਰੀ ਪੇਸ਼ਾ ਵੀ ਨੈਤਿਕ ਸਮੱਸਿਆਵਾਂ ਦਾ ਕੇਂਦਰ ਬਣ ਗਿਆ ਹੈ।

ਡਾਕਟਰਾਂ ਦੁਆਰਾ ਮਰੀਜ਼ਾਂ ਦਾ ਆਰਥਿਕ ਸ਼ੋਸ਼ਣ, ਇਲਾਜ ਸੰਬੰਧੀ ਅਣਗਹਿਲੀ, ਸਰੀਰਕ ਅੰਗਾਂ ਦੀ ਚੋਰੀ ਜਾਂ ਵਪਾਰ, ਭਰੂਣ ਹੱਤਿਆ, ਡਾਕਟਰੀ ਸਮਾਨ ਦਾ ਦੁਰਉਪਯੋਗ ਅਤੇ ਦਵਾਈਆਂ ਦਾ ਵਪਾਰ ਆਦਿ ਇਸ ਖੇਤਰ ਦੀਆਂ ਪ੍ਰਮੁੱਖ ਨੈਤਿਕ ਸਮੱਸਿਆਵਾਂ ਹਨ, ਜੋ ਕਿ ਵਿਵਹਾਰਿਕ ਨੀਤੀ-ਸ਼ਾਸਤਰ ਦੇ ਖੇਤਰ ਦਾ ਹਿੱਸਾ ਬਣਦੀਆਂ ਹਨ। ਵਿਵਹਾਰਿਕ ਨੀਤੀ-ਸ਼ਾਸਤਰ ਵਿਚ ਇਸ ਨੂੰ ਚਿਕਿਤਸਾ ਨੀਤੀ-ਸ਼ਾਸਤਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਡਾਕਟਰੀ ਪੇਸ਼ੇ ਦੇ ਨਾਲ-ਨਾਲ ਵਪਾਰਿਕ ਪੇਸ਼ੇ ਵਿਚ ਵੀ ਕਾਫ਼ੀ ਅਨੈਤਿਕਤਾ ਘਰ ਕਰ ਚੁੱਕੀ ਹੈ। ਵਪਾਰ ਨੂੰ ਅੱਗੇ ਵਧਾਉਣ ਜਾਂ ਉਚਾ ਚੁੱਕਣ ਲਈ ਵਪਾਰੀ, ਦਲਾਲ ਜਾਂ ਫ਼ੈਕਟਰੀਆਂ ਦੇ ਮਾਲਕ ਘੋਰ ਅਨੈਤਿਕ ਯਤਨਾਂ ਤੱਕ ਚਲੇ ਜਾਂਦੇ ਹਨ। ਵਪਾਰਿਕ ਕਿੱਤੇ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਵਿਵਹਾਰਿਕ ਨੀਤੀ-ਸ਼ਾਸਤਰ, ਵਪਾਰ ਨੀਤੀ-ਸ਼ਾਸਤਰ ਦੇ ਅਧੀਨ ਰੱਖ ਕੇ ਨਜਿੱਠਦਾ ਹੈ। ਵਪਾਰਿਕ ਆਦਰਸ਼ ਵਿਚ ''ਸੇਵਾ'' ਦਾ ਉਦੇਸ਼ ਸਵੀਕਾਰ ਕਰਨਾ ਸ਼ਾਮਿਲ ਹੈ, ਜਦਕਿ ਵਪਾਰ ਵਿਚ ਅਸਲੀ ਉਦੇਸ਼ ਇਸ ਦੇ ਮਾਲਕਾਂ ਜਾਂ ਇਸ ਦੇ ਹਿੱਸੇਦਾਰਾਂ ਨੂੰ ਪੈਸਾ ਵਾਪਿਸ ਦੇਣਾ ਹੈ।[32]

ਸਮਾਜਿਕ ਖੇਤਰ ਵਿਚ ਕਾਨੂੰਨ ਸਮਾਜ ਦਾ ਪ੍ਰਮੁੱਖ ਹਿੱਸਾ ਹੈ। ਕਾਨੂੰਨੀ ਖੇਤਰ ਸਾਡੇ ਸਾਰਿਆਂ ਦੇ ਜੀਵਨ ਨਾਲ ਗਹਿਰਾ ਸੰਬੰਧ ਰੱਖਦਾ ਹੈ। ਇਸ ਬਿਆਨ ਵਿਚ ਕੁਝ ਸੱਚਾਈ ਹੈ ਕਿ, ''ਵਕੀਲ ਸਾਡੀ ਸਭਿਅਤਾ ਨੂੰ ਸਾਡੇ ਲਈ ਚਲਾਉਂਦੇ ਹਨ''।[33] ਕਾਨੂੰਨੀ ਕਿੱਤਾ, ਨੈਤਿਕਤਾ ਦੀ ਆਖਰੀ ਆਸ ਹੈ। ਪਰ ਜੇ ਇਸ ਵਿਚ ਵੀ ਅਨੈਤਿਕਤਾ ਘਰ ਕਰ ਜਾਵੇ ਤਾਂ ਸਮਾਜ ਵਿਚ ਇਨਸਾਨੀਅਤ ਦਾ ਅੰਤ ਨਿਸ਼ਚਿਤ ਹੀ ਨੇੜੇ ਹੈ। ਕਾਨੂੰਨੀ ਖੇਤਰ ਵਿਚ ਰਿਸ਼ਵਤ ਲੈ ਕੇ ਜੱਜਾਂ ਦੁਆਰਾ ਗ਼ਲਤ ਫ਼ੈਸਲਾ ਦੇਣਾ, ਵਕੀਲਾਂ ਦੁਆਰਾ ਜ਼ਿਆਦਾ ਫ਼ੀਸ ਲੈ ਕੇ ਜਨਤਾ ਦਾ ਆਰਥਿਕ ਸ਼ੋਸ਼ਣ ਕਰਨਾ, ਆਮ ਜਨਤਾ ਦੀ ਕਾਨੂੰਨੀ ਸਿਧਾਂਤਾਂ ਪ੍ਰਤੀ ਅਗਿਆਨਤਾ ਦਾ ਨਜ਼ਾਇਜ਼ ਫਾਇਦਾ ਉਠਾਉਣਾ, ਪੁਲਿਸ ਕਰਮਚਾਰੀਆਂ ਦੁਆਰਾਂ ਦੋਸ਼ੀਆਂ ਉਪਰ ਸਰੀਰਕ ਅੱਤਿਆਚਾਰ ਆਦਿ ਸਮੱਸਿਆਵਾਂ ਹਨ, ਜਿਨ੍ਹਾਂ ਨੂੰ ਕਾਨੂੰਨ ਨੀਤੀ-ਸ਼ਾਸਤਰ ਦੇ ਅਧੀਨ ਰੱਖ ਕੇ, ਵਿਵਹਾਰਿਕ ਨੀਤੀ-ਸ਼ਾਸਤਰ ਦੁਆਰਾ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕਾਨੂੰਨ ਦੀ ਤਰ੍ਹਾਂ ਸਿੱਖਿਆ ਵੀ ਸਮਾਜ ਦਾ ਇਕ ਬੁਨਿਆਦੀ ਅੰਗ ਹੈ, ਜਿਸ ਵਿਚ ਹਰ ਵਿਸ਼ੇ ਨਾਲ ਸੰਬੰਧਿਤ ਜਾਣਕਾਰੀ ਦੇ ਨਾਲ-ਨਾਲ ਨੈਤਿਕਤਾ ਦਾ ਪ੍ਰਚਾਰ, ਵਿਵਹਾਰਿਕ

ਅਤੇ ਸਿਧਾਂਤਕ ਦੋਨਾਂ ਰੂਪਾਂ ਵਿਚ ਕੀਤਾ ਜਾਂਦਾ ਹੈ। ਪਰ ਇਸ ਖੇਤਰ ਵਿਚ ਵੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਜਿਵੇਂ ਇਮਤਿਹਾਨਾਂ ਦੌਰਾਨ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ ਨਕਲ ਕਰਵਾਉਣਾ, ਪੜ੍ਹਾਉਣ ਵਿਚ ਅਧਿਆਪਕਾਂ ਦਾ ਰੁਚੀ ਨਾ ਲੈਣਾ, ਟਿਊਸ਼ਨਾਂ ਰਾਹੀਂ ਵਿਦਿਆਰਥੀਆਂ ਦਾ ਆਰਥਿਕ ਸ਼ੋਸ਼ਣ ਕਰਕੇ ਸਿੱਖਿਆ ਦਾ ਵਪਾਰੀਕਰਨ ਕਰਨਾ, ਅਧਿਆਪਕਾਂ ਦੀ ਭਰਤੀ ਦੌਰਾਨ ਭ੍ਰਿਸ਼ਟਾਚਾਰ ਆਦਿ ਪੇਸ਼ ਆਉਂਦੀਆਂ ਹਨ। ਇਸ ਤਰ੍ਹਾਂ ਸਿੱਖਿਆ ਨੀਤੀ-ਸ਼ਾਸਤਰ ਵੀ ਵਿਵਹਾਰਿਕ ਨੀਤੀ-ਸ਼ਾਸਤਰ ਦੇ ਅਧਿਐਨ ਦਾ ਮੁੱਖ ਖੇਤਰ ਹੈ।

ਅਜੋਕੇ ਸਮੇਂ ਵਿਚ ਖੇਤੀਬਾੜੀ ਵੀ ਨੈਤਿਕਤਾ ਪੱਖੋਂ ਇਕ ਚਰਚਾ ਦਾ ਵਿਸ਼ਾ ਬਣਦੀ ਜਾ ਰਹੀ ਹੈ। ਖੇਤੀ ਦੌਰਾਨ ਫ਼ਲਾਂ ਅਤੇ ਸਬਜ਼ੀਆਂ ਲਈ ਜ਼ਹਿਰੀਲੀਆਂ ਅਤੇ ਖ਼ਤਰਨਾਕ ਦਵਾਈਆਂ ਦਾ ਪ੍ਰਯੋਗ, ਬੇ-ਮੌਸਮੀ ਵਸਤੂਆਂ ਦਾ ਉਤਪਾਦਨ, ਖੇਤੀ ਵਪਾਰ ਦੌਰਾਨ ਕਿਸਾਨਾਂ ਦਾ ਆਰਥਿਕ ਸ਼ੋਸ਼ਣ, ਉਪਜਾਊ ਜ਼ਮੀਨ ਤੋਂ ਵੱਧ ਉਪਜ ਲੈਣਾ ਅਤੇ ਕਿਸਾਨਾ ਦੁਆਰਾ ਪ੍ਰਾਲੀ ਨੂੰ ਅੱਗ ਲਾ ਕੇ ਪ੍ਰਦੂਸ਼ਣ ਵਿਚ ਵਾਧਾ ਕਰਨਾ ਆਦਿਕ ਸਮੱਸਿਆਵਾਂ ਹਨ, ਜੋ ਵਿਵਹਾਰਿਕ ਨੀਤੀ-ਸ਼ਾਸਤਰ ਦੇ ਖੇਤਰ ਦਾ ਪ੍ਰਮੁੱਖ ਹਿੱਸਾ ਬਣਦੀਆਂ ਹਨ। ਇਸ ਤੋਂ ਇਲਾਵਾ ਯੁੱਧ ਜਾਂ ਦੇਸ਼ ਦੀ ਰੱਖਿਆ ਸੰਬੰਧੀ ਨੈਤਿਕਤਾ ਦੀ ਜ਼ਿੰਮੇਵਾਰੀ ਵੀ ਵਿਵਹਾਰਿਕ ਨੀਤੀ-ਸ਼ਾਸਤਰ ਦੇ ਖੇਤਰ ਦਾ ਇਕ ਅਹਿਮ ਹਿੱਸਾ ਹੈ। ਅਜੋਕੇ ਸਮੇਂ ਵਿਚ ਰਾਜਨੀਤੀ ਦੇ ਖੇਤਰ ਵਿਚ ਨੈਤਿਕਤਾ ਦਾ ਪੱਧਰ ਬਹੁਤ ਨੀਵਾਂ ਹੋ ਚੁੱਕਾ ਹੈ। ਭ੍ਰਿਸ਼ਟਾਚਾਰ, ਗੈਰ ਕਾਨੂੰਨੀ ਤਰੀਕੇ ਨਾਲ ਜਨਤਾ ਦਾ ਮੱਤ ਹਾਸਿਲ ਕਰਨਾ, ਨੌਕਰੀਆਂ ਲਈ ਨਿਯੁਕਤੀ ਸਮੇਂ ਰਿਸ਼ਵਤ ਲੈਣਾ, ਨਿੱਜੀ ਹਿੱਤ ਕਾਰਨ ਜਨਤਾ ਦਾ ਨੁਕਸਾਨ ਆਦਿਕ ਗੰਭੀਰ ਸਮੱਸਿਆਵਾਂ ਹਨ, ਜੋ ਵਿਵਹਾਰਿਕ ਨੀਤੀ-ਸ਼ਾਸਤਰ ਦੇ ਖੇਤਰ ਹੇਠ ਹੱਲ ਕੀਤੀਆਂ ਜਾਂਦੀਆਂ ਹਨ।

ਧਰਮ, ਸਮਾਜ ਦਾ ਪ੍ਰਮੁੱਖ ਅੰਗ ਹੈ ਅਤੇ ਧਰਮ ਅਤੇ ਨੀਤੀ-ਸ਼ਾਸਤਰ ਦਾ ਸੰਬੰਧ ਬਹੁਤ ਨੇੜੇ ਦਾ ਹੈ। ਦੋਨੋਂ ਹੀ ਇਕ ਦੂਸਰੇ ਦੇ ਪੂਰਕ ਮੰਨੇ ਜਾਂਦੇ ਹਨ। ਪਰ ਬਦਲਦੇ ਹਾਲਾਤਾਂ ਕਾਰਨ ਇਸ ਖੇਤਰ ਵਿਚ ਵੀ ਅਨੈਤਿਕ ਕਰਮਾਂ ਦਾ ਬੋਲਬਾਲਾ ਸ਼ੁਰੂ ਹੋ ਗਿਆ ਹੈ। ਧਰਮ ਦੇ ਨਾਮ ਤੇ ਵਪਾਰੀਕਰਨ, ਰਾਜਨੀਤੀਕਰਨ, ਆਤੰਕਵਾਦ ਆਦਿ ਗੰਭੀਰ ਸਮੱਸਿਆਵਾਂ ਖੜੀਆਂ ਹੋ ਗਈਆਂ ਹਨ, ਜਿਨ੍ਹਾਂ ਨੂੰ ਹੱਲ ਕਰਨਾ ਵਿਵਹਾਰਿਕ ਨੀਤੀ-ਸ਼ਾਸਤਰ ਦੀ ਅਹਿਮ ਜ਼ਿੰਮੇਵਾਰੀ ਹੈ। ਇਨ੍ਹਾਂ ਖੇਤਰਾਂ ਤੋਂ ਇਲਾਵਾ, ਮਨੁੱਖਤਾ ਦੇ ਆਮ ਜੀਵਨ ਨਾਲ ਵੀ

ਵਿਵਹਾਰਿਕ ਨੀਤੀ-ਸ਼ਾਸਤਰ ਦਾ ਗਹਿਰਾ ਸੰਬੰਧ ਹੈ। ਵਿਵਹਾਰਿਕ ਨੀਤੀ-ਸ਼ਾਸਤਰ ਮਨੁੱਖੀ ਵਿਹਾਰ ਦਾ ਵਿਸ਼ਲੇਸ਼ਣ ਕਰਕੇ, ਉਸ ਵਿਚਲੀਆਂ ਕਮੀਆਂ-ਪੇਸ਼ੀਆਂ ਨੂੰ ਦੂਰ ਕਰਦਾ ਹੈ ਅਤੇ ਮਨੁੱਖਤਾ ਨੂੰ ਉਚੇ ਪੱਧਰ 'ਤੇ ਲਿਜਾਣ ਲਈ ਉਸ ਦੇ ਵਿਹਾਰ, ਸਲੀਕੇ ਜਾਂ ਤੌਰ ਤਰੀਕੇ ਨੂੰ ਉਚਾ ਚੱਕਦਾ ਹੈ, ਭਾਵ ਵਿਵਹਾਰਿਕ ਨੀਤੀ-ਸ਼ਾਸਤਰ ਮਨੁੱਖੀ ਵਿਹਾਰ ਨੂੰ ਵੀ ਆਪਣੇ ਖੇਤਰ ਦਾ ਹਿੱਸਾ ਬਣਾਉਂਦਾ ਹੈ। ਇਸ ਤੋਂ ਇਲਾਵਾ ਆਮ ਜੀਵਨ ਦੇ ਹੋਰ ਵੀ ਕਈ ਪ੍ਰਮੁੱਖ ਖੇਤਰ ਹਨ, ਜਿਨ੍ਹਾਂ ਵਿਚ ਨੈਤਿਕਤਾ ਦਾ ਪਤਨ ਹੁੰਦਾ ਜਾ ਰਿਹਾ ਹੈ। ਇਨ੍ਹਾਂ ਖੇਤਰਾਂ ਵਿਚ ਵਿਵਹਾਰਿਕ ਨੀਤੀ-ਸ਼ਾਸਤਰ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਣ ਦੀ ਪੂਰੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਵਿਵਹਾਰਿਕ ਨੀਤੀ-ਸ਼ਾਸਤਰ ਨੈਤਿਕਤਾ ਦਾ ਉਚਤਮ ਅਤੇ ਚਰਮ ਸੀਮਾ ਵਾਲਾ ਰੂਪ ਹੈ, ਜੋ ਕਿ ਨੈਤਿਕਤਾ ਨੂੰ ਮਾਨਵਵਾਦੀ ਅਤੇ ਪਵਿੱਤਰ ਬਣਾਉਂਦਾ ਹੈ। ਵਿਵਹਾਰਿਕ ਨੀਤੀ-ਸ਼ਾਸਤਰ ਬਾਕੀ ਵਿਸ਼ਿਆਂ ਦੇ ਮੁਕਾਬਲੇ ਮਨੁੱਖਤਾ ਦੇ ਸਭ ਤੋਂ ਵਧੀਕ ਨੇੜੇ ਹੈ, ਕਿਉਂਕਿ ਇਹ ਮਨੁੱਖ ਨੂੰ ਵਿਵਹਾਰਿਕ ਜੀਵਨ ਵਿਚ ਪੇਸ਼ ਆਉਣ ਵਾਲੀਆਂ ਭਿਆਨਕ ਸਮੱਸਿਆਵਾਂ ਨੂੰ ਹੱਲ ਕਰਦਾ ਹੈ।

ਵਿਵਹਾਰਿਕ ਨੀਤੀ-ਸ਼ਾਸਤਰ ਮਨੁੱਖ ਨੂੰ ਪਦਾਰਥਵਾਦੀ ਦ੍ਰਿਸ਼ਟੀਕੋਣ ਜਾਂ ਸੋਚ ਨੂੰ ਤਿਆਗ ਕੇ ਧਰਮ ਜਾਂ ਅਧਿਆਤਮਿਕਤਾ ਦੇ ਨੇੜੇ ਆਉਣ ਦੀ ਪ੍ਰੇਰਣਾ ਦਿੰਦਾ ਹੈ, ਭਾਵ ਇਹ ਮਨੁੱਖ ਨੂੰ ਪਦਾਰਥਵਾਦੀ ਤੋਂ ਮਾਨਵਵਾਦੀ ਅਤੇ ਆਦਰਸ਼ਵਾਦੀ ਬਣਾਉਦਾ ਹੈ। ਨੀਤੀ-ਸ਼ਾਸਤਰ ਦੀ ਤਰ੍ਹਾਂ ਵਿਵਹਾਰਿਕ ਨੀਤੀ-ਸ਼ਾਸਤਰ ਵੀ ਆਦਰਸ਼ਾਤਮਕ ਵਿਗਿਆਨ ਹੈ, ਕਿਉਂ ਕਿ ਇਹ ਵੀ ਵਰਤਮਾਨ ਸਮੇਂ ਨੂੰ ਘੋਖ ਕੇ, ਮਨੁੱਖ ਨੂੰ ਭਵਿੱਖ ਵਿਚ ਆਉਣ ਵਾਲੀਆਂ ਸਮੱਸਿਆਵਾਂ ਪ੍ਰਤੀ ਸੁਚੇਤ ਕਰਦਾ ਹੈ। ਇਸ ਤਰ੍ਹਾਂ ਮੌਜੂਦਾ ਜੀਵਨ ਦੀਆਂ ਪ੍ਰਤੱਖ ਸਮੱਸਿਆਵਾਂ ਦਾ ਵਿਸ਼ਲੇਸ਼ਣ ਅਤੇ ਉਨ੍ਹਾਂ ਦਾ ਉਸੇ ਵਰਤਮਾਨੀ ਰੂਪ ਤੋਂ ਹੱਲ ਕਰਨਾ, ਨੀਤੀ-ਸ਼ਾਸਤਰ ਦੀ ਅਹਿਮੀਅਤ ਨੂੰ ਵਧਾਉਂਦਾ ਹੈ। ਵਿਵਹਾਰਿਕ ਨੀਤੀ-ਸ਼ਾਸਤਰ ਕਿਸੇ ਇਕ ਖਾਸ ਖੇਤਰ ਨਾਲ ਸੰਬੰਧਿਤ ਮੁੱਦਿਆਂ ਨੂੰ ਹੀ ਆਪਣੇ ਅਧਿਐਨ ਖੇਤਰ ਵਿਚ ਸ਼ਾਮਿਲ ਕਰਦਾ ਹੈ ਤਾਂ ਜੋ ਉਸ ਦਾ ਯੋਗ ਅਤੇ ਛੇਤੀ ਹੱਲ ਹੋ ਸਕੇ।

ਮਨੁੱਖੀ ਜੀਵਨ ਵਿਚ ਨੈਤਿਕਤਾ, ਬੁੱਧੀ ਅਤੇ ਸਮਾਜਿਕ ਭਾਵਨਾ ਪ੍ਰਮੁੱਖ ਤੌਰ 'ਤੇ ਸ਼ਾਮਿਲ ਹਨ। ਪ੍ਰੰਤੂ ਇਨ੍ਹਾਂ ਦੀ ਗ਼ੈਰ ਮੌਜੂਦਗੀ ਵਿਚ ਮਨੁੱਖ ਅਤੇ ਪਸ਼ੂ ਵਿਚ ਕੋਈ ਫ਼ਰਕ

ਨਹੀਂ ਰਹਿੰਦਾ। ਵਿਵਹਾਰਿਕ ਨੀਤੀ-ਸ਼ਾਸਤਰ ਮਨੁੱਖ ਨੂੰ ਉਸ ਦੇ ਗੁਣਾਂ ਅਤੇ ਵਿਲੱਖਣਤਾ ਪ੍ਰਤੀ ਸੁਚੇਤ ਕਰਕੇ ਉਸ ਨੂੰ ਇਕ ਸੰਪੂਰਨ ਅਤੇ ਆਦਰਸ਼ਕ ਮਨੁੱਖ ਬਣਾਉਂਦਾ ਹੈ। ਇਹ ਸਪੱਸ਼ਟ ਹੈ ਕਿ ਵਿਵਹਾਰਿਕ ਨੀਤੀ-ਸ਼ਾਸਤਰ ਦਾ ਮੁੱਖ ਉਦੇਸ਼, ਮੌਜੂਦਾ ਸਮੱਸਿਆਵਾਂ ਦਾ ਹੱਲ ਕਰਕੇ ਇਕ ਆਦਰਸ਼ ਸਮਾਜ ਦੀ ਸਥਾਪਨਾ ਕਰਨਾ ਹੈ, ਪਰੰਤੂ ਅਜਿਹੀ ਸੋਚ ਨੂੰ ਅੰਜਾਮ ਦੇਣ ਲਈ ਉਹ ਕਿਸੇ ਵਿਵਹਾਰ ਜਾਂ ਵਿਗਿਆਨ ਦਾ ਵਿਰੋਧ ਨਹੀਂ ਕਰਦਾ, ਭਾਵ ਉਨ੍ਹਾਂ ਪ੍ਰਤੀ ਨਾਕਾਰਾਤਮਕ ਸੋਚ ਨਹੀਂ ਰੱਖਦਾ, ਬਲਕਿ ਹਰ ਇਕ ਸਮੱਸਿਆ ਦਾ ਹੱਲ ਉਹ ਸਾਕਾਰਾਤਮਕ ਸੋਚ ਭਾਵ ਹਰ ਇਕ ਦੀ ਭਲਾਈ ਵਿਚੋਂ ਲੱਭਦਾ ਹੈ। ਇਸ ਤਰ੍ਹਾਂ ਵਿਵਹਾਰਿਕ ਨੀਤੀ-ਸ਼ਾਸਤਰ ਆਦਰਸ਼ਾਤਮਕ ਹੋਣ ਦੇ ਨਾਲ-ਨਾਲ ਸਾਕਾਰਾਤਮਕ ਸੋਚ ਦਾ ਧਾਰਨੀ ਵੀ ਹੈ। ਅਸਲ ਵਿਚ ਨੀਤੀ-ਸ਼ਾਸਤਰ ਦਾ ਵਿਵਹਾਰਿਕ ਰੂਪ ਹੀ ਮਨੁੱਖ ਨੂੰ ਸਹੀ ਅਰਥਾਂ ਵਿਚ ਨੈਤਿਕ ਸਿੱਖਿਆ ਪ੍ਰਦਾਨ ਕਰਦਾ ਹੈ, ਜਿਸ ਨੂੰ ਗ੍ਰਹਿਣ ਕਰਕੇ ਮਨੁੱਖ ਨੈਤਿਕਤਾ ਦੀ ਅਸੀਮ ਮੰਜ਼ਿਲ ਨੂੰ ਹਾਸਿਲ ਕਰ ਸਕਦਾ ਹੈ ਅਤੇ ਇਕ ਸੁਚੱਜਾ ਜੀਵਨ ਜਿਉਂਣ ਦੇ ਯੋਗ ਹੋ ਸਕਦਾ ਹੈ। ਨੀਤੀ-ਸ਼ਾਸਤਰ ਵਿਚੋਂ ਵਿਵਹਾਰਿਕ ਨੀਤੀ-ਸ਼ਾਸਤਰ ਦਾ ਨਵਾਂ ਰੂਪ ਮਨੁੱਖੀ ਹੋਂਦ ਅਤੇ ਕੁਦਰਤ ਦੇ ਰਖਵਾਲੇ ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਜੇ ਇਸ ਤਰ੍ਹਾਂ ਕਹਿ ਲਿਆ ਜਾਵੇ ਕਿ ਮਨੁੱਖਤਾ ਵਿਚ ਨੈਤਿਕਤਾ ਨੂੰ ਮੁੜ ਲਿਆਉਣ ਅਤੇ ਮੌਜੂਦਾ ਸਮੱਸਿਆਵਾਂ ਨੂੰ ਹੱਲ ਕਰਕੇ ਆਦਰਸ਼ ਸਮਾਜ ਦੀ ਸਥਾਪਨਾ ਕਰਨ ਦਾ ਇਕੋ ਇਕ ਪ੍ਰਮੁੱਖ ਅਤੇ ਉਤਮ ਸਾਧਨ ਵਿਵਹਾਰਿਕ ਨੀਤੀ-ਸ਼ਾਸਤਰ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ।

### 1.3 ਕਿੱਤਾਮੁਖੀ ਨੈਤਿਕਤਾ

ਵਿਵਹਾਰਿਕ ਨੀਤੀ-ਸ਼ਾਸਤਰ ਦਾ ਉਦੇਸ਼, ਉਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨਾ ਹੈ, ਜੋ ਮਨੁੱਖੀ ਹੋਂਦ ਅਤੇ ਕੁਦਰਤ ਲਈ ਖ਼ਤਰਨਾਕ ਹਨ। ਇਨ੍ਹਾਂ ਸਮੱਸਿਆਵਾਂ ਦਾ ਮੁੱਖ ਕਾਰਨ ਮਨੁੱਖ ਦੇ ਵਿਹਾਰ ਵਿਚ ਨੈਤਿਕਤਾ ਦੀ ਅਣਹੋਂਦ ਹੈ। ਸੋ ਜ਼ਰੂਰੀ ਹੈ ਕਿ ਮਨੁੱਖ ਦੇ ਵਿਵਹਾਰ ਵਿਚ ਨੈਤਿਕਤਾ ਨੂੰ ਮੁੜ ਲਿਆਂਦਾ ਜਾਵੇ। ਇਸ ਲਈ ਵਿਵਹਾਰਿਕ ਨੀਤੀ-ਸ਼ਾਸਤਰ ਆਪਣੇ ਖੇਤਰ ਵਿਚ ਉਨ੍ਹਾਂ ਪੱਖਾਂ ਦਾ ਅਧਿਐਨ ਵੀ ਕਰਦਾ ਹੈ, ਜਿਨ੍ਹਾਂ ਦਾ ਸੰਬੰਧ ਮਨੁੱਖੀ ਕਿੱਤਿਆਂ ਜਾਂ ਪੇਸ਼ਿਆਂ ਨਾਲ ਹੈ, ਭਾਵ ਜਿਨ੍ਹਾਂ ਰਾਹੀ ਮਨੁੱਖ ਆਪਣੀ ਰੋਜ਼ੀ ਰੋਟੀ ਕਮਾਉਂਦਾ ਹੈ। ਵਿਵਹਾਰਕ ਨੀਤੀ-ਸ਼ਾਸਤਰ ਅਧੀਨ ਵਪਾਰਕ ਨੀਤੀ-ਸ਼ਾਸਤਰ, ਵਿਵਸਾਇਕ ਨੀਤੀ-ਸ਼ਾਸਤਰ,

ਮੈਡੀਕਲ ਨੀਤੀ-ਸ਼ਾਸਤਰ, ਕਾਨੂੰਨੀ ਨੀਤੀ-ਸ਼ਾਸਤਰ ਆਦਿ ਆਉਂਦੇ ਹਨ। ਵਿਵਹਾਰਕ ਨੀਤੀ-ਸ਼ਾਸਤਰ ਸਾਨੂੰ ਅਜਿਹੀਆਂ ਥਿਊਰੀਆਂ ਪ੍ਰਦਾਨ ਕਰਦਾ ਹੈ, ਜਿਨ੍ਹਾਂ ਨੂੰ ਜ਼ਿੰਦਗੀ ਦੀਆਂ ਯਥਾਰਥਕ ਹਾਲਤਾਂ ਵਿਚ ਕਾਰਜਾਂ ਜਾਂ ਨਿਯਮਾਂ ਜਾਂ ਨੀਤੀਆਂ ਦੀ ਨੈਤਿਕ ਪ੍ਰਮਾਣਕਤਾ ਲਈ ਇਕ ਮਾਧਿਅਮ ਵਜੋਂ ਵਰਤਿਆ ਜਾਂਦਾ ਹੈ।[34] ਕਿੱਤਾ ਉਸ ਨੂੰ ਕਹਿੰਦੇ ਹਨ, ਜਿਸ ਦੇ ਮੈਂਬਰ ਕੋਈ ਖਾਸ ਗਿਆਨ ਦੇ ਹੋਣ ਦਾ ਦਾਅਵਾ ਕਰਦੇ ਹਨ, ਭਾਵੇਂ ਉਹ ਸਿਖਲਾਈ ਦੁਆਰਾ ਹੋਵੇ ਜਾਂ ਤਜ਼ਰਬੇ ਦੁਆਰਾ ਹੋਵੇ ਜਾਂ ਦੋਵਾਂ ਨਾਲ, ਤਾਂ ਜੋ ਉਹ ਉਸ ਖਾਸ ਖੇਤਰ ਵਿਚ ਦੂਜਿਆਂ ਨੂੰ ਸੁਝਾਅ ਦੇ ਸਕਣ ਜਾਂ ਉਨ੍ਹਾਂ ਦੀ ਸਹਾਇਤਾ ਕਰ ਸਕਣ।[35] ਅਜਿਹੇ ਵਿਅਕਤੀਆਂ ਦਾ ਇਕ ਸੀਮਿਤ ਸਮੂਹ ਹੁੰਦਾ ਹੈ ਜਿਨ੍ਹਾਂ ਦੇ ਕੋਲ ਖਾਸ ਹੁਨਰ ਹੁੰਦੇ ਹਨ ਅਤੇ ਇਸ ਲਈ ਉਹ ਸਮਾਜ ਵਿਚ ਆਮ ਵਿਅਕਤੀਆਂ ਨਾਲੋਂ ਉਸ ਕੰਮ ਨੂੰ ਚੰਗੇ ਤਰੀਕੇ ਨਾਲ ਕਰਨ ਦੇ ਯੋਗ ਹੁੰਦੇ ਹਨ। ਇਨ੍ਹਾਂ ਕਿੱਤਿਆਂ ਵਿਚ ਵੀ ਅਨੈਤਿਕਤਾ ਲੰਮੇ ਸਮੇਂ ਤੋਂ ਪ੍ਰਵੇਸ਼ ਕਰ ਚੁੱਕੀ ਹੈ, ਜਿਸ ਕਰਕੇ ਮਨੁੱਖੀ ਜੀਵਨ ਅਤੇ ਸਮਾਜ ਨੂੰ ਬਹੁਤ ਨੁਕਸਾਨ ਹੋਇਆ ਹੈ। ਇਨ੍ਹਾਂ ਕਿੱਤਿਆਂ ਵਿਚ ਮੁੱਖ ਤੌਰ 'ਤੇ ਵਪਾਰ, ਚਿਕਿਤਸਾ, ਸਿੱਖਿਆ, ਕਾਨੂੰਨ, ਅਤੇ ਖੇਤੀਬਾੜੀ, ਆਦਿ ਆ ਜਾਂਦੇ ਹਨ। ਇਨ੍ਹਾਂ ਕਿੱਤਿਆਂ ਵਿਚ ਘਰ ਕਰ ਚੁੱਕੀ ਅਨੈਤਿਕਤਾ ਸਮਾਜਿਕ ਢਾਂਚੇ ਅਤੇ ਮਨੁੱਖੀ ਜੀਵਨ ਲਈ ਬਹੁਤ ਹੀ ਖ਼ਤਰਨਾਕ ਸਿੱਧ ਹੋ ਰਹੀ ਹੈ। ਕਿੱਤਾਮੁਖੀ ਨੈਤਿਕਤਾ ਦੇ ਅਧੀਨ ਇਨ੍ਹਾਂ ਕਿੱਤਿਆਂ ਨਾਲ ਸੰਬੰਧਿਤ ਸਮੱਸਿਆਵਾਂ ਦਾ ਹੱਲ ਕੀਤਾ ਜਾਂਦਾ ਹੈ।

ਨੈਤਿਕਤਾ ਦੇ ਵਿਚ ਕਿੱਤਾਮੁਖੀ ਨੈਤਿਕਤਾ ਅਜਿਹਾ ਖੇਤਰ ਹੈ ਜਿਸ ਦਾ ਉਦੇਸ਼ ਕਿੱਤੇ ਦੇ ਕੰਮ ਨੂੰ ਨਿਸ਼ਚਿਤ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਨੈਤਿਕ ਆਦਰਸ਼ ਸਥਾਪਿਤ ਕਰਨਾ ਹੈ।[36] ਕਿੱਤਾਮੁਖੀ ਨੈਤਿਕਤਾ ਨਿੱਜੀ ਅਤੇ ਕੌਮੀ ਭਲਾਈ ਦੋਨਾਂ ਨੂੰ ਹੀ ਧਿਆਨ ਵਿਚ ਰੱਖ ਕੇ ਕੋਈ ਅਰਥ ਨਹੀਂ ਬਣਾਉਂਦੀ ਅਤੇ ਇਹ ਵਿਵਹਾਰਿਕ ਨੈਤਿਕਤਾ ਨਾਲ ਗੂੜ੍ਹਾ ਸੰਬੰਧ ਰੱਖਦੀ ਹੈ, ਜਿਥੇ ਕਿ ਨੈਤਿਕ ਟਕਰਾਅ ਅਤੇ ਨੈਤਿਕ ਨਿਸ਼ਚਾ ਕਰਨਾ ਬਹੁਤ ਹੀ ਔਖੇ ਹਨ।[37] ਵਿਵਹਾਰਿਕ ਨੀਤੀ-ਸ਼ਾਸਤਰ ਦੀ ਇਕਾਗਰਤਾ ਮੂਲ ਰੂਪ ਵਿਚ ਮਨੁੱਖੀ ਜੀਵਨ ਦੀਆਂ ਉਨ੍ਹਾਂ ਗਤੀਵਿਧੀਆਂ ਅਤੇ ਸਮੱਸਿਆਵਾਂ 'ਤੇ ਰਹਿੰਦੀ ਹੈ, ਜਿਨ੍ਹਾਂ ਕਾਰਨ ਮਨੁੱਖੀ ਜੀਵਨ ਵਿਚ ਦੋਸ਼ ਪੈਦਾ ਹੋ ਰਹੇ ਹਨ। ਇਸ ਲਈ ਜ਼ਰੂਰੀ ਹੋ ਗਿਆ ਹੈ, ਕਿ ਮਨੁੱਖ ਦੇ ਰੋਜ਼ਾਨਾ ਜੀਵਨ ਵਿਚ ਨੈਤਿਕਤਾ, ਵਿਵਹਾਰਿਕ ਰੂਪ ਵਿਚ ਦਿਖਾਈ ਦੇਵੇ, ਜਿਸ ਦਾ ਮੂਲ ਕੇਂਦਰ ਕੇਵਲ ਕਿੱਤਾਮੁਖੀ

ਨੈਤਿਕਤਾ ਹੀ ਹੈ। ਕਿੱਤਿਆਂ ਰਾਹੀਂ ਨੈਤਿਕਤਾ ਦਾ ਘੇਰਾ ਵਿਸ਼ਾਲ ਹੋ ਸਕਦਾ ਹੈ ਅਤੇ ਇਹ ਸਮਾਜ ਦੇ ਹਰ ਕਾਰਜ-ਵਿਹਾਰ ਵਿਚ ਫੈਲਾਈ ਜਾ ਸਕਦੀ ਹੈ, ਕਿਉਂਕਿ ਇਹ ਉਹ ਖੇਤਰ ਹੈ, ਜਿਸ ਵਿਚ ਮਨੁੱਖ ਲਗਾਤਾਰ ਹਰ ਰੋਜ਼ ਵਿਚਰਦਾ ਹੈ।

ਕਿੱਤਾਮੁਖੀ ਨੈਤਿਕਤਾ ਖੁੱਲ੍ਹੇ ਨੈਤਿਕ ਖੇਤਰ ਵਿਚ ਕਈ ਸਵਾਲਾਂ ਜਿਵੇਂ ਕਿ, ਆਦਰਸ਼, ਲਕਸ਼, ਆਦਰਸ਼ ਨਿਯਮ, ਅਧਿਕਾਰ, ਫਰਜ਼, ਜ਼ਿੰਮੇਵਾਰੀਆਂ ਅਤੇ ਭਲਾਈ ਵੱਲ ਧਿਆਨ ਦਿੰਦੀ ਹੈ।[38] ਵਿਵਹਾਰਿਕ ਨੀਤੀ-ਸ਼ਾਸਤਰ ਲਈ ਕਿੱਤਾਮੁਖੀ ਨੈਤਿਕਤਾ ਸਭ ਤੋਂ ਉਤਮ ਸਾਧਨ ਹੈ, ਜਿਸ ਰਾਹੀਂ ਉਹ ਆਪਣੇ ਉਦੇਸ਼ ਅਤੇ ਮੰਜਿਲ ਨੂੰ ਸਹੀ ਢੰਗ ਨਾਲ ਹਾਸਿਲ ਕਰ ਸਕਦਾ ਹੈ। ਕਿੱਤਿਆਂ ਵਿਚ ਨੈਤਿਕਤਾ ਦੀ ਹੋਂਦ ਪੂਰੇ ਸਮਾਜ ਨੂੰ ਨੈਤਿਕਤਾ ਦੇ ਰਸਤੇ 'ਤੇ ਤੋਰ ਸਕਦੀ ਹੈ। ਕਿੱਤਾਮੁਖੀ ਨੈਤਿਕਤਾ ਦਾ ਮਹੱਤਵ ਅਤੇ ਸਮਾਜਿਕ ਮਹਾਨਤਾ ਉਸ ਸਮੇਂ ਪਤਾ ਲਗਦੇ ਹਨ, ਜਦੋਂ ਅਸੀਂ ਇਕ ਪਾਸੇ ਕਿੱਤੇ ਦੀ ਰੁਚੀ ਦੇ ਦਰਜੇ ਅਤੇ ਦੂਜੇ ਪਾਸੇ ਉਸ ਰੁਚੀ ਦੇ ਆਮ ਭਲਾਈ ਦੇ ਨਾਲ ਸੰਬੰਧਾਂ ਦੀ ਛਾਣਬੀਣ ਕਰਦੇ ਹਾਂ।[39]

ਕਿੱਤਾਮੁਖੀ ਨੈਤਿਕਤਾ ਵਿਚ ਅਨੇਕਾਂ ਹੀ ਕਿੱਤਿਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਪਰੰਤੂ ਵਪਾਰ, ਖੇਤੀਬਾੜੀ, ਸਿੱਖਿਆ, ਚਿਕਿਤਸਾ ਅਤੇ ਕਾਨੂੰਨ ਨਾਲ ਸੰਬੰਧਿਤ ਕਿੱਤੇ, ਕਿੱਤਾਮੁਖੀ ਨੈਤਿਕਤਾ ਦੇ ਖੇਤਰ ਦਾ ਪ੍ਰਮੁੱਖ ਹਿੱਸਾ ਹਨ, ਜਿਨ੍ਹਾਂ ਦੀ ਵਿਸਥਾਰ ਵਿਚ ਜਾਣਕਾਰੀ ਲੈਣ ਲਈ ਚਰਚਾ ਕਰਨੀ ਜ਼ਰੂਰੀ ਹੈ।

### 1.3.1 ਵਪਾਰ ਨੀਤੀ-ਸ਼ਾਸਤਰ

ਕਿੱਤਾਮੁਖੀ ਨੈਤਿਕਤਾ ਦੇ ਖੇਤਰ ਵਿਚ ਵਪਾਰ ਇਕ ਮਹੱਤਵਪੂਰਨ ਕਿੱਤਾ ਹੈ, ਜਿਸ ਦਾ ਮਨੁੱਖੀ ਸਮਾਜ ਨਾਲ ਬਹੁਤ ਗਹਿਰਾ ਸੰਬੰਧ ਹੈ। ਪੈਸੇ ਅਤੇ ਤਕਨੀਕ ਲਈ ਅੱਜ ਦਾ ਮਨੁੱਖ ਪੂਰੀ ਤਰ੍ਹਾਂ ਇਸ 'ਤੇ ਨਿਰਭਰ ਹੈ, ਇਸ ਲਈ ਇਸ ਕਿੱਤੇ ਵਿਚ ਨੈਤਿਕਤਾ ਦੀ ਹੋਂਦ ਸਮੇਂ ਦੀ ਮੰਗ ਹੈ, ਪਰੰਤੂ ਮੌਜੂਦਾ ਸਮੇਂ ਦੌਰਾਨ ਇਸ ਕਿੱਤੇ ਵਿਚ ਅਨੈਤਿਕਤਾ ਚਰਮ ਸੀਮਾਂ ਤੇ ਪਹੁੰਚ ਚੁੱਕੀ ਹੈ। ਅਜਿਹੀ ਅਨੈਤਿਕਤਾ ਦੇ ਕਾਰਨ ਸਮਾਜ ਦੇ ਢਾਂਚੇ ਅਤੇ ਮਨੁੱਖ ਦੀਆਂ ਭਾਵਨਾਵਾਂ ਨਾਲ ਬਹੁਤ ਵੱਡਾ ਖਿਲਵਾੜ ਹੋ ਰਿਹਾ ਹੈ। ਸੋ ਵਪਾਰ ਨੀਤੀ-ਸ਼ਾਸਤਰ ਉਹ ਹੈ, ਜਿਸ ਰਾਹੀਂ ਵਪਾਰ ਵਿਚ ਨੈਤਿਕਤਾ ਅਤੇ ਮਨੁੱਖੀ ਭਾਵਨਾਵਾਂ ਨੂੰ ਪੁਨਰ ਸੁਰਜੀਤ ਕੀਤਾ ਜਾ ਸਕੇ। ਵਪਾਰ ਅਤੇ ਨੈਤਿਕਤਾ ਕਿਸ ਤਰ੍ਹਾਂ ਜੁੜੇ ਹੋਏ ਹਨ ਅਤੇ ਵਪਾਰ ਵਿਚ ਨੈਤਿਕ ਫੈਸਲੇ

ਕਰਨਾ ਵਪਾਰ ਨੀਤੀ-ਸ਼ਾਸਤਰ ਦਾ ਅਧਿਐਨ ਹੈ।[40] ਇਸ ਕਿੱਤੇ ਵਿਚ ਵਪਾਰੀਆਂ ਦੇ ਨੈਤਿਕ ਅਤੇ ਅਨੈਤਿਕ ਕਰਮਾਂ ਦਾ ਅਧਿਐਨ ਕੀਤਾ ਜਾਂਦਾ ਹੈ।

ਵਪਾਰ ਨੀਤੀ-ਸ਼ਾਸਤਰ ਨੈਤਿਕ ਗੁਣ-ਦੋਸ਼ ਦਾ ਖਾਸ ਅਧਿਐਨ ਹੈ। ਇਹ ਨੈਤਿਕ ਸਿਧਾਂਤਾਂ ਤੇ ਧਿਆਨ ਦਿੰਦਾ ਹੈ, ਜੋ ਕਿ ਵਪਾਰਿਕ ਨੀਤੀਆਂ, ਸੰਸਥਾਵਾਂ ਅਤੇ ਵਿਉਹਾਰ 'ਤੇ ਲਾਗੂ ਹੁੰਦੇ ਹਨ।[41] ਵਪਾਰ ਕੇਵਲ ਪੈਸੇ ਕਮਾਉਣ ਦਾ ਸਾਧਨ ਹੀ ਨਹੀਂ, ਬਲਕਿ ਨੈਤਿਕਤਾ ਨੂੰ ਸਮਾਜਿਕ ਤੌਰ 'ਤੇ ਅੱਗੇ ਤੋਰਨ ਦਾ ਮਹੱਤਵਪੂਰਨ ਕੇਂਦਰ ਵੀ ਹੈ। ਇਸ ਲਈ ਹਰ ਵਪਾਰੀ ਦਾ ਫਰਜ਼ ਹੈ ਕਿ ਉਹ ਪੈਸਾ ਜਾਂ ਧੰਨ ਕਮਾਉਣ ਦੇ ਨਾਲ-ਨਾਲ ਆਪਣੀ ਸਮਾਜਿਕ ਜ਼ਿੰਮੇਵਾਰੀ ਨੂੰ ਵੀ ਸਮਝੇ ਅਤੇ ਆਪਣੇ ਕਿੱਤੇ ਰਾਹੀਂ ਨੈਤਿਕਤਾ ਦਾ ਵਿਕਾਸ ਕਰਕੇ ਸਮਾਜ ਅਤੇ ਮਨੁੱਖਤਾ ਦੀ ਭਲਾਈ ਦਾ ਉਦਮ ਕਰੇ। ਅਜੋਕੇ ਯੁਗ ਵਿਚ ਵਪਾਰ ਕੇਵਲ ਪੈਸੇ ਕਮਾਉਣ ਦਾ ਸਾਧਨ ਹੀ ਨਹੀਂ ਰਿਹਾ ਬਲਕਿ ਇਸ ਦੁਆਰਾ ਹੋਰ ਵੀ ਕਈ ਸਮਾਜਿਕ ਪੱਖਾਂ ਨੂੰ ਧਿਆਨ ਵਿਚ ਰੱਖਣਾ ਪੈਂਦਾ ਹੈ, ਜੋ ਕਿ ਵਪਾਰਿਕ ਕਿੱਤੇ ਦੀ ਸਮਾਜਿਕ ਜ਼ਿੰਮੇਵਾਰੀ ਹੈ। ਵਪਾਰ ਸਮਾਜ ਨੂੰ ਸੁਧਾਰਨ ਦੇ ਕੰਮ ਜਿਵੇਂ ਕਿ, ਵਾਤਾਵਰਣ ਦੇ ਬਚਾਅ, ਸਮਾਨ ਅਧਿਕਾਰ, ਕੌਮੀ ਸਿਹਤ ਅਤੇ ਸਿੱਖਿਆ ਨੂੰ ਸੁਧਾਰਨ ਦੀ ਜ਼ਿੰਮੇਵਾਰੀ ਲੈਂਦਾ ਹੈ।[42]

### 1.3.1 (ੳ) ਵਪਾਰ ਨੀਤੀ-ਸ਼ਾਸਤਰ ਦੀਆਂ ਸਮੱਸਿਆਵਾਂ

ਵਪਾਰ ਨੀਤੀ-ਸ਼ਾਸਤਰ ਵਿਚ ਵਪਾਰਿਕ ਕਿੱਤੇ ਦੀ ਮੁੱਖ ਸਮੱਸਿਆ ਮਾਲਕ ਅਤੇ ਕਰਮਚਾਰੀ ਦੇ ਸੰਬੰਧਾਂ ਨੂੰ ਲੈ ਕੇ ਹੈ। ਉਨ੍ਹਾਂ ਦੇ ਸੰਬੰਧਾਂ ਵਿਚ ਨੌਕਰੀ, ਵੇਤਨ ਜਾਂ ਰੁਜ਼ਗਾਰ ਪ੍ਰਤੀ ਪੱਖਪਾਤ ਕੀਤਾ ਜਾਂਦਾ ਹੈ, ਜੋ ਕਿ ਵਪਾਰ ਨੀਤੀ-ਸ਼ਾਸਤਰ ਦੀ ਵੱਡੀ ਸਮੱਸਿਆ ਹੈ। ਇਸ ਸਮੱਸਿਆ ਦਾ ਜਨਮ ਵੱਧ ਰਹੀ ਜਨਸੰਖਿਆ ਕਰਕੇ ਹੋਇਆ ਹੈ। ਗਰੀਬੀ, ਅਨਪੜ੍ਹਤਾ ਆਦਿ ਵਿਚ ਵਾਧਾ ਹੋ ਗਿਆ ਹੈ। ਅਜਿਹੀਆਂ ਸਮੱਸਿਆਵਾਂ ਹੀ ਰੁਜ਼ਗਾਰ ਪ੍ਰਤੀ ਪੱਖਪਾਤ ਨੂੰ ਜਨਮ ਦਿੰਦੀਆਂ ਹਨ। ਵਪਾਰ ਨੀਤੀ-ਸ਼ਾਸਤਰ ਇਨ੍ਹਾਂ ਸੰਬੰਧਾਂ ਵਿਚ ਘਰ ਕਰ ਚੁੱਕੀ ਅਨੈਤਿਕਤਾ ਨੂੰ ਦੂਰ ਕਰਕੇ ਉਨ੍ਹਾਂ ਵਿਚ ਰੁਜ਼ਗਾਰ ਪ੍ਰਤੀ ਚੱਲ ਰਹੇ ਪੱਖਪਾਤ ਨੂੰ ਦੂਰ ਕਰਦਾ ਹੈ। ਇਸ ਖੇਤਰ ਦੀ ਦੂਸਰੀ ਵੱਡੀ ਸਮੱਸਿਆ ਇਹ ਹੈ ਕਿ ਪੱਖਪਾਤ ਦੇ ਅਧਾਰ 'ਤੇ ਕਰਮਚਾਰੀਆਂ ਨੂੰ ਨੌਕਰੀਆਂ ਤੋਂ ਵੀ ਕੱਢ ਦਿੱਤਾ ਜਾਂਦਾ ਹੈ। ਉਨ੍ਹਾਂ ਦੀ ਯੋਗਤਾ ਜਾਂ ਭਾਵਨਾਵਾਂ ਦੀ ਕੋਈ ਕਦਰ ਨਹੀਂ ਕੀਤੀ ਜਾਂਦੀ, ਜਿਸ ਨਾਲ ਬੇਰੁਜ਼ਗਾਰੀ ਵਿਚ ਤਾਂ ਵਾਧਾ

ਹੁੰਦਾ ਹੀ ਹੈ, ਨਾਲ-ਨਾਲ ਮਨੁੱਖੀ ਭਾਵਨਾਵਾਂ ਨਾਲ ਵੀ ਖਿਲਵਾੜ ਹੁੰਦਾ ਹੈ। ਇਸ ਤਰ੍ਹਾਂ ਵਪਾਰ ਨੀਤੀ-ਸ਼ਾਸਤਰ ਦੇ ਖੇਤਰ ਵਿਚ ਮਨੁੱਖ ਦੀ ਨੌਕਰੀ ਦੀ ਸੁਰੱਖਿਆ ਇਕ ਅਹਿਮ ਮੁੱਦਾ ਹੈ, ਜਿਸ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਵਪਾਰ ਨੀਤੀ-ਸ਼ਾਸਤਰ ਦੀ ਹੈ। ਇਸ ਤੋਂ ਇਲਾਵਾ ਵਪਾਰਿਕ ਕਿੱਤੇ ਵਿਚ ਲਿੰਗ ਦੇ ਅਧਾਰ 'ਤੇ ਵੀ ਬਹੁਤ ਅਨਿਆਂ ਹੋ ਰਿਹਾ ਹੈ। ਔਰਤ ਨੂੰ ਨੌਕਰੀ ਜਾਂ ਤਰੱਕੀ ਦੇਣ ਲਈ, ਆਪਣੀ ਮਾਣ-ਮਰਿਯਾਦਾ ਅਤੇ ਇੱਜ਼ਤ ਨੂੰ ਖ਼ਤਮ ਕਰਨ ਲਈ ਮਜਬੂਰ ਜਾਂ ਧਮਕਾਇਆ ਜਾਂਦਾ ਹੈ, ਜੋ ਕਿ ਵਪਾਰਿਕ ਕਿੱਤੇ ਦਾ ਸਭ ਤੋਂ ਘਟੀਆ ਪੱਖ ਅਤੇ ਵੱਡਾ ਦੋਸ਼ ਹੈ। ਇਨ੍ਹਾਂ ਗੰਭੀਰ ਸਮੱਸਿਆਵਾਂ ਦਾ ਹੱਲ ਵਪਾਰ ਨੀਤੀ-ਸ਼ਾਸਤਰ ਦੁਆਰਾ ਵੱਖ-ਵੱਖ ਕਾਨੂੰਨ ਜਾਂ ਐਕਟ ਤਿਆਰ ਕਰਕੇ ਕੀਤਾ ਜਾਂਦਾ ਹੈ।

ਵਪਾਰਿਕ ਖੇਤਰ ਵਿਚ ਮਜ਼ਦੂਰਾਂ ਨੂੰ ਇਕ ਵਸਤੂ ਸਮਝ ਕੇ ਵਰਤਿਆ ਜਾਂਦਾ ਹੈ, ਭਾਵ ਉਨ੍ਹਾਂ ਤੋਂ ਅੰਨ੍ਹੇਵਾਹ ਕੰਮ ਲਿਆ ਜਾਂਦਾ ਹੈ। ਵਪਾਰੀ ਕੇਵਲ ਆਪਣੇ ਲਾਭ ਜਾਂ ਮੁਨਾਫ਼ੇ ਨੂੰ ਹੀ ਅੱਗੇ ਰੱਖਦੇ ਹਨ। ਮਜ਼ਦੂਰਾਂ ਦੀ ਸਿਹਤ ਜਾਂ ਇਨਸਾਨੀਅਤ ਨਾਮ ਦੀ ਕੋਈ ਚੀਜ਼ ਉਨ੍ਹਾਂ ਲਈ ਕੋਈ ਅਹਿਮੀਅਤ ਨਹੀਂ ਰੱਖਦੀ। ਸੋ ਵਪਾਰ ਨੀਤੀ-ਸ਼ਾਸਤਰ ਮਜ਼ਦੂਰਾਂ ਨਾਲ ਹੋ ਰਹੀ ਧੱਕੇਸ਼ਾਹੀ, ਵਿਤਕਰੇ, ਬੇ-ਇਨਸਾਫ਼ੀ ਅਤੇ ਬਾਲ ਮਜ਼ਦੂਰੀ ਵਰਗੇ ਦੋਸ਼ਾਂ ਦੀ ਰੋਕਥਾਮ ਲਈ ਵੀ ਪ੍ਰਬੰਧ ਕਰਦਾ ਹੈ ਅਤੇ ਵਪਾਰ ਦੇ ਖੇਤਰ ਵਿਚ ਮਜ਼ਦੂਰਾਂ ਦੀ ਸਿਹਤ ਦਾ ਮੁੱਲ ਪਾਉਂਦਾ ਹੈ। ਕਿਉਂਕਿ ਜੇ ਮਜ਼ਦੂਰਾਂ ਦੀ ਸਿਹਤ ਸੰਭਾਲ ਦਾ ਧਿਆਨ ਹੀ ਨਹੀਂ ਰੱਖਿਆ ਜਾਵੇਗਾ ਤਾਂ ਵਪਾਰਿਕ ਲਾਭ ਅਤੇ ਇਨਸਾਨੀਅਤ ਦੀ ਦੇਖਭਾਲ ਨਹੀਂ ਹੋ ਸਕਦੀ। ਵਪਾਰ ਨੀਤੀ-ਸ਼ਾਸਤਰ ਜਿਥੇ ਮਾਲਕ ਅਤੇ ਮਜ਼ਦੂਰ ਦੇ ਸੰਬੰਧਾਂ ਨੂੰ ਮਜਬੂਤ ਬਣਾਉਂਦਾ ਹੈ, ਉਥੇ ਮਾਲਕ ਦੀ ਜ਼ਿੰਮੇਵਾਰੀ ਅਤੇ ਮਜ਼ਦੂਰਾਂ ਦੇ ਨੈਤਿਕ ਜਾਂ ਈਮਾਨਦਾਰੀ ਭਰੇ ਵਿਵਹਾਰ ਤੇ ਵੀ ਜ਼ੋਰ ਦਿੰਦਾ ਹੈ। ਇਸ ਤੋਂ ਇਲਾਵਾ ਵਿਗਿਆਪਨਾਂ ਕਰਕੇ ਵੀ ਵਪਾਰਿਕ ਖੇਤਰ ਵਿਚ ਅਨੈਤਿਕਤਾ ਦਾ ਕਾਫ਼ੀ ਬੋਲਬਾਲਾ ਹੈ। ਜਨਤਾ ਨੂੰ ਧੋਖੇ ਵਿਚ ਰੱਖਣਾ, ਆਰਥਿਕ ਪੱਖੋਂ ਸ਼ੋਸ਼ਣ ਕਰਨਾ, ਘਟੀਆ ਮਾਲ ਲੈਣ ਲਈ ਮਜਬੂਰ ਕਰਨਾ, ਮਾਲ ਦੀ ਵੱਧ ਖਪਤ ਲਈ ਸੁੰਦਰ ਔਰਤਾਂ ਜਾਂ ਹੋਰ ਵੱਡੀਆਂ ਹਸਤੀਆਂ ਨੂੰ ਆਕਰਸ਼ਿਤ ਕਰਨ ਦੇ ਸਾਧਨ ਵਜੋਂ ਵਰਤਣਾ ਆਦਿ ਇਸ ਦੀਆਂ ਮੁੱਖ ਸਮੱਸਿਆਵਾਂ ਹਨ, ਜਿੰਨ੍ਹਾ ਨੂੰ ਵਪਾਰ ਨੀਤੀ-ਸ਼ਾਸਤਰ ਅਧੀਨ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

### 1.3.2 ਚਿਕਿਤਸਾ ਨੀਤੀ-ਸ਼ਾਸਤਰ

ਕਿੱਤਾਮੁਖੀ ਨੈਤਿਕਤਾ ਦੇ ਖੇਤਰ ਵਿਚ ਡਾਕਟਰੀ ਕਿੱਤਾ ਬਹੁਤ ਹੀ ਅਹਿਮ ਕਿੱਤਾ ਹੈ, ਜਿਸ ਦਾ ਸਿੱਧਾ ਸੰਬੰਧ ਮਨੁੱਖੀ ਜੀਵਨ ਨਾਲ ਹੈ। ਜੇ ਇਹ ਕਹਿ ਲਿਆ ਜਾਵੇ ਕਿ, ਸਭ ਤੋਂ ਵੱਧ ਨੈਤਿਕਤਾ ਇਸੇ ਕਿੱਤੇ ਵਿਚ ਹੋਣੀ ਜ਼ਰੂਰੀ ਹੈ, ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਮਰੀਜ਼ਾਂ ਦੀ ਸਿਹਤ ਸੰਭਾਲ, ਸਮੁੱਚੀ ਦੇਖਭਾਲ ਤੇ ਇਲਾਜ, ਭਿਆਨਕ ਹਾਦਸਿਆਂ ਦੇ ਸ਼ਿਕਾਰ ਲੋਕਾਂ ਨੂੰ ਇਲਾਜ ਮੁਹੱਈਆ ਕਰਵਾਉਣ ਦੀ ਜ਼ਿੰਮੇਵਾਰੀ ਚਿਕਿਤਸਾ ਨੀਤੀ-ਸ਼ਾਸਤਰ ਉਪਰ ਹੈ। ਇਸ ਦਾ ਕੰਮ, ਸੰਖੇਪ ਵਿਚ, ਤਰੱਕੀ, ਬਚਾਅ ਅਤੇ ਇਕ ਆਦਮੀ ਅਤੇ ਬਿਰਾਦਰੀ ਨੂੰ ਅਰੋਗ ਰੱਖਣਾ ਹੈ ਜਾਂ, ਨਿਆਇ-ਸ਼ਾਸਤਰ ਦੇ ਸ਼ਬਦਾਂ ਵਿਚ, ''ਆਮ ਚੰਗੇ'' ਦੀ ਸੇਵਾ ਕਰਨਾ ਅਤੇ ''ਮਾਨਵ-ਜਾਤੀ ਦੀ ਸਿਹਤ'' ਨੂੰ ਸੁਧਾਰਨਾ ਹੈ।[43] ਇਸ ਕਿੱਤੇ ਦਾ ਮੁੱਖ ਉਦੇਸ਼ ਮਨੁੱਖੀ ਜੀਵਨ ਦੀ ਰੱਖਿਆ ਕਰਨਾ ਹੈ। ਇਸ ਤਰ੍ਹਾਂ ਸਭ ਤੋਂ ਵੱਧ ਨੈਤਿਕ ਜ਼ਿੰਮੇਵਾਰੀਆਂ ਇਸ ਕਿੱਤੇ ਵਿਚ ਹਨ। ਡਾਕਟਰ ਨੂੰ ਮਰੀਜ਼ ਪ੍ਰਤੀ ਹਰ ਪ੍ਰਕਾਰ ਦਾ ਕੰਮ ਨੈਤਿਕ ਆਧਾਰਾਂ 'ਤੇ ਕਰਨਾ ਪੈਂਦਾ ਹੈ। ਨੈਤਿਕਤਾ ਤੋਂ ਬਿਨਾਂ ਇਸ ਕਿੱਤੇ ਦੀ ਹੋਂਦ ਅਸੰਭਵ ਹੈ। ਇਸ ਲਈ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਕਿੱਤਾ ਅਸਲ ਵਿਚ ਨੈਤਿਕਤਾ ਦੇ ਅਧਾਰ 'ਤੇ ਹੀ ਟਿਕਿਆ ਹੋਇਆ ਹੈ। ਚਿਕਿਤਸਾ ਨੀਤੀ-ਸ਼ਾਸਤਰ ਦਾ ਸਿੱਧਾ ਸੰਬੰਧ ਮਨੁੱਖੀ ਜੀਵਨ ਨਾਲ ਹੈ ਇਸ ਲਈ ਇਸ ਨੂੰ ਜੀਵਨ ਨੀਤੀ-ਸ਼ਾਸਤਰ ਵੀ ਕਿਹਾ ਜਾਂਦਾ ਹੈ।

### 1.3.2 (ੳ) ਚਿਕਿਤਸਾ ਨੀਤੀ-ਸ਼ਾਸਤਰ ਦੇ ਮੌਲਿਕ ਸਿਧਾਂਤ

ਚਿਕਿਤਸਾ ਨੀਤੀ-ਸ਼ਾਸਤਰ ਦਾ ਉਦੇਸ਼ ਮਨੁੱਖੀ ਜੀਵਨ ਜਾਂ ਸਿਹਤ ਦੀ ਹਰ ਪੱਖੋਂ ਸੰਭਾਲ ਕਰਨਾ ਹੈ, ਅਤੇ ਇਸ ਵਿਚ ਹੋ ਰਹੀਆਂ ਅਨੈਤਿਕ ਸਮੱਸਿਆਵਾਂ ਦਾ ਹੱਲ ਕਰਨਾ ਹੈ। ਉਪਰੋਕਤ ਮੁੱਦਿਆਂ ਨਾਲ ਨਜਿੱਠਣ ਲਈ ਇਸ ਖੇਤਰ ਵਿਚ ਕੁਝ ਨਿਯਮਾਂ ਜਾਂ ਸਿਧਾਂਤਾਂ ਦੀ ਲੋੜ ਪੈਂਦੀ ਹੈ, ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

1. ਡਾਕਟਰ ਜਾਂ ਸਿਹਤ ਭਲਾਈ ਕਰਮਚਾਰੀਆਂ ਦੀ ਇਹ ਬੁਨਿਆਦੀ ਜ਼ਿੰਮੇਵਾਰੀ ਹੈ ਕਿ ਉਨ੍ਹਾਂ ਨੇ ਜਿਸ ਮਰੀਜ਼ ਦਾ ਇਲਾਜ ਕਰਨਾ ਹੈ, ਉਸ ਨੂੰ ਉਸ ਦੇ ਇਲਾਜ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਪ੍ਰਦਾਨ ਕਰਨ।

2. ਇਲਾਜ ਦੌਰਾਨ ਮਰੀਜ਼ ਦੇ ਕਿਸੇ ਵੀ ਪ੍ਰਕਾਰ ਦੇ ਨੁਕਸਾਨ ਪ੍ਰਤੀ ਕੋਈ ਸਮਝੌਤਾ ਨਾ ਕਰਨ।
3. ਮਰੀਜ਼ ਦੀ ਸਿਹਤ ਭਲਾਈ ਅਤੇ ਉਸ ਦੀ ਜਾਨ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਰਹਿਣਾ ਹਰ ਭਲਾਈ ਕਰਮਚਾਰੀ ਦਾ ਫਰਜ਼ ਹੈ।
4. ਇਲਾਜ ਦੌਰਾਨ ਵਰਤੇ ਜਾਣ ਵਾਲੇ ਸਾਧਨਾਂ ਜਾਂ ਸਮੱਗਰੀ ਦੀ ਸਵੱਛਤਾ ਜਾਂ ਸਫ਼ਾਈ ਅਤੇ ਉਨ੍ਹਾਂ ਦੀ ਸਹੀ ਵੰਡ ਕਰਨਾ, ਡਾਕਟਰੀ ਕਿੱਤੇ ਦੀ ਪ੍ਰਮੁੱਖ ਜ਼ਿੰਮੇਵਾਰੀ ਹੈ।

### 1.3.2 (ਅ) ਚਿਕਿਤਸਾ ਨੀਤੀ-ਸ਼ਾਸਤਰ ਦੀਆਂ ਸਮੱਸਿਆਵਾਂ

ਚਕਿਤਸਕ ਕਿੱਤੇ ਦੀ ਹੋਂਦ ਨੈਤਿਕਤਾ 'ਤੇ ਆਧਾਰਿਤ ਹੈ। ਇਹ ਸਮਾਜ ਦਾ ਅਜਿਹਾ ਪ੍ਰਮੁੱਖ ਕਾਰਜ ਖੇਤਰ ਹੈ, ਜਿਸ ਵਿਚ ਵੱਧ ਤੋਂ ਵੱਧ ਨੈਤਿਕਤਾ ਦੀ ਜ਼ਰੂਰਤ ਹੈ, ਪਰ ਮੌਜੂਦਾ ਸਥਿਤੀਆਂ ਵਿਚ ਇਹ ਕਿੱਤਾ ਵੀ ਨੈਤਿਕ ਸਮੱਸਿਆਵਾਂ ਦਾ ਕੇਂਦਰ ਬਣਦਾ ਜਾ ਰਿਹਾ ਹੈ। ਡਾਕਟਰਾਂ ਦੁਆਰਾ ਮਰੀਜ਼ਾਂ ਦੇ ਇਲਾਜ ਦੌਰਾਨ ਵਰਤੀ ਜਾਣ ਵਾਲੀ ਅਣਗਹਿਲੀ, ਮਰੀਜ਼ਾਂ ਦਾ ਆਰਥਿਕ ਪੱਖੋਂ ਸ਼ੋਸ਼ਣ, ਸਰੀਰਕ ਅੰਗਾਂ ਦੀ ਚੋਰੀ ਜਾਂ ਵਪਾਰ, ਭਰੂਣ ਹੱਤਿਆ, ਇਲਾਜ ਦੌਰਾਨ ਵਰਤੀ ਜਾਣ ਵਾਲੀ ਸਮੱਗਰੀ ਜਾਂ ਸਾਧਨਾਂ ਦਾ ਦੁਰਉਪਯੋਗ, ਦਵਾਈਆਂ ਦਾ ਵਪਾਰ ਅਤੇ ਇਨਸਾਨੀਅਤ ਜਾਂ ਮਨੁੱਖਤਾ ਪ੍ਰਤੀ ਰਹਿਮ ਦੀ ਅਣਹੋਂਦ ਇਸ ਖੇਤਰ ਦੀਆਂ ਪ੍ਰਮੁੱਖ ਸਮੱਸਿਆਵਾਂ ਹਨ। ਇਸ ਲਈ ਜ਼ਰੂਰੀ ਹੈ ਕਿ ਜਲਦੀ ਤੋਂ ਜਲਦੀ ਇਸ ਕਿੱਤੇ ਵਿਚੋਂ ਇਨ੍ਹਾਂ ਦੋਸ਼ਾਂ ਨੂੰ ਦੂਰ ਕੀਤਾ ਜਾਵੇ। ਅਜਿਹੀ ਭੂਮਿਕਾ ਚਿਕਿਤਸਾ ਨੀਤੀ-ਸ਼ਾਸਤਰ ਹੀ ਨਿਭਾ ਸਕਦਾ ਹੈ। ਚਿਕਿਤਸਾ ਨੀਤੀ-ਸ਼ਾਸਤਰ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਡਾਕਟਰੀ ਜਾਂ ਚਿਕਿਤਸਕ ਕਿੱਤੇ ਦੀਆਂ ਸਾਰੀਆਂ ਅਨੈਤਿਕ ਗਤੀਵਿਧੀਆਂ ਨੂੰ ਠੱਲ੍ਹ ਪਾ ਕੇ ਨੈਤਿਕਤਾ ਦਾ ਪ੍ਰਚਾਰ ਕਰਦਾ ਹੈ।

### 1.3.3 ਸਿੱਖਿਆ ਨੀਤੀ-ਸ਼ਾਸਤਰ

ਕਿੱਤਾਮੁਖੀ ਨੈਤਿਕਤਾ ਵਿਚ ਸਿੱਖਿਆ ਇਕ ਮਹੱਤਵਪੂਰਨ ਕਿੱਤਾ ਅਤੇ ਖੇਤਰ ਹੈ, ਜਿਸ ਵਿਚ ਨੈਤਿਕਤਾ ਦਾ ਹੋਣਾ ਅਤਿ ਜ਼ਰੂਰੀ ਹੈ। ਇਹ ਖੇਤਰ ਹੋਰਨਾਂ ਖੇਤਰਾਂ ਨੂੰ ਸਿੱਖਿਆ ਦੇਣ

ਅਤੇ ਪ੍ਰਭਾਵਿਤ ਕਰਨ ਵਾਲਾ ਹੈ। ਅਸਲ ਵਿਚ ਨੈਤਿਕਤਾ ਨੂੰ ਬਣਾਏ ਰੱਖਣ ਦਾ ਸਭ ਤੋਂ ਉਤਮ ਸਾਧਨ ਸਿੱਖਿਆ ਹੀ ਹੈ। ਸਿੱਖਿਆ ਦਾ ਮਨੋਰਥ ਕੇਵਲ ਸੰਬੰਧਿਤ ਵਿਸ਼ਿਆਂ ਦੀ ਜਾਣਕਾਰੀ ਦੇਣਾ ਹੀ ਨਹੀਂ ਹੈ ਬਲਕਿ ਮਨੁੱਖ ਦੇ ਚਰਿੱਤਰ ਨੂੰ ਉਚਿਤ ਬਣਾਉਣਾ ਅਤੇ ਜੀਵਨ ਲਈ ਸਹੀ ਸੇਧ ਤੋਂ ਜਾਣੂ ਕਰਵਾਉਣਾ ਇਸ ਦੇ ਪ੍ਰਮੁੱਖ ਉਦੇਸ਼ ਹਨ। ਇਸ ਲਈ ਇਸ ਕਿੱਤੇ ਵਿਚ ਨੈਤਿਕਤਾ ਦੀ ਸ਼ਮੂਲੀਅਤ ਸਮੇਂ ਦੀ ਬੁਨਿਆਦੀ ਲੋੜ ਹੈ। ਸਿੱਖਿਆ ਸੰਬੰਧੀ ਨੈਤਿਕਤਾ ਦਾ ਅਧਿਐਨ ਨੈਤਿਕ ਦਰਸ਼ਨ ਸ਼ਾਸਤਰ ਜਾਂ ਨੈਤਿਕਤਾ ਦੀ ਸ਼ਾਖਾ ਦੀ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਵਿਦਿਅਕ ਸ਼ਾਖਾ ਦੀ ਤਰ੍ਹਾਂ।[44] ਵਿਵਹਾਰਿਕ ਨੀਤੀ-ਸ਼ਾਸਤਰ ਲਈ ਨੈਤਿਕਤਾ ਦਾ ਵਿਕਾਸ ਅਤੇ ਪ੍ਰਚਾਰ ਸਿੱਖਿਆ ਦੇ ਖੇਤਰ 'ਤੇ ਖੜ੍ਹਾ ਹੈ। ਪਰ ਜੇ ਇਸ ਖੇਤਰ ਵਿਚ ਹੀ ਅਨੈਤਿਕ ਕਰਮਾਂ ਦਾ ਬੋਲਬਾਲਾ ਹੋਵੇ ਤਾਂ ਵਿਵਹਾਰਿਕ ਨੀਤੀ-ਸ਼ਾਸਤਰ ਲਈ ਇਹ ਗੱਲ ਬਹੁਤ ਹੀ ਚੁਣੌਤੀ ਭਰਪੂਰ ਹੋਵੇਗੀ। ਕਦਰਾਂ-ਕੀਮਤਾਂ ਦੀ ਸਿੱਖਿਆ ਚਰਿੱਤਰ ਅਤੇ ਨੈਤਿਕ ਸਿੱਖਿਆ ਦੀ ਬੁਨਿਆਦ ਹੈ। ਇਹ ਬੱਚਿਆਂ ਵਿਚ ਸੱਚਾਈ, ਸਹਿਣਸ਼ੀਲਤਾ ਈਮਾਨਦਾਰੀ, ਪਿਆਰ, ਭਾਵਨਾ ਆਦਿ ਵਰਗੀਆਂ ਕਦਰਾਂ-ਕੀਮਤਾਂ ਪੈਦਾ ਕਰਦਾ ਹੈ। ਜਿਹੜੀਆਂ ਕਿ ਇਕ ਚਰਿੱਤਰਵਾਨ ਵਿਅਕਤੀ ਅਤੇ ਉਸਦੇ ਵਿਅਕਤੀਤਵ ਦੇ ਵਿਕਾਸ ਲਈ ਲੋੜੀਂਦੀਆਂ ਹਨ।[45] ''ਵਿਅਕਤੀ ਵਿਚ ਚੰਗੇ ਗੁਣ ਜਿਵੇਂ, ਹਮਦਰਦੀ, ਸੱਚਾਈ, ਸੰਜਮ, ਸਹਿਨਸ਼ੀਲਤਾ, ਈਮਾਨਦਾਰੀ, ਆਤਮਤਿਆਗ, ਮਿਹਨਤ ਆਦਿ ਉਤਪੰਨ ਕਰਨਾ ਸਿੱਖਿਆ ਦਾ ਪ੍ਰਮੁੱਖ ਕਾਰਜ ਹੈ। ਵਿਅਕਤੀ ਵਿਚ ਸਦਾਚਾਰਕ ਨੈਤਿਕ ਕਦਰਾਂ-ਕੀਮਤਾਂ ਦੇ ਸਮਾਵੇਸ਼ ਸਦਕਾ ਹੀ ਉਹ ਸਭਿਅਕ, ਆਦਰਸ਼ ਮਨੁੱਖ ਬਣ ਸਕਦਾ ਹੈ। ਸਿੱਖਿਆ ਮਨੁੱਖ ਦਾ ਆਚਰਣਕ ਵਿਕਾਸ ਕਰਦੀ ਹੈ।''[46]

### 1.3.3 (ੳ) ਸਿੱਖਿਆ ਨੀਤੀ-ਸ਼ਾਸਤਰ ਦੀਆਂ ਸਮੱਸਿਆਵਾਂ

ਹੋਰਨਾਂ ਕਿੱਤਿਆਂ ਦੀ ਤਰ੍ਹਾਂ ਸਿੱਖਿਆ ਦੇ ਕਿੱਤੇ ਵਿਚ ਵੀ ਕਈ ਤਰ੍ਹਾਂ ਦੀਆਂ ਅਨੈਤਿਕ ਸਮੱਸਿਆਵਾਂ ਹਨ, ਜਿਨ੍ਹਾਂ ਦਾ ਹੱਲ ਵਿਵਹਾਰਿਕ ਨੀਤੀ-ਸ਼ਾਸਤਰ ਦੁਆਰਾ, ਸਿੱਖਿਆ ਨੀਤੀ-ਸ਼ਾਸਤਰ ਦੇ ਹੇਠ ਕੀਤਾ ਜਾਂਦਾ ਹੈ। ਸਿੱਖਿਆ ਦੇ ਖੇਤਰ ਵਿਚ ਸਭ ਤੋਂ ਅਹਿਮ ਰੋਲ ਅਧਿਆਪਕ ਦਾ ਹੁੰਦਾ ਹੈ। ਪਰ ਮੌਜੂਦਾ ਸਥਿਤੀਆਂ ਵਿਚ ਅਧਿਆਪਕਾਂ ਵਿਚ ਨੈਤਿਕਤਾ ਪੱਖੋਂ ਬਹੁਤ ਗਿਰਾਵਟ ਆ ਰਹੀ ਹੈ। ਬਹੁਗਿਣਤੀ ਵਿਚ ਅਧਿਆਪਕ ਆਪਣੀਆਂ ਜ਼ਿੰਮੇਵਾਰੀਆਂ

ਅਤੇ ਫਰਜ਼ਾਂ ਤੋਂ ਦੂਰ ਜਾ ਚੁੱਕੇ ਹਨ। ਜਿਸ ਕਾਰਨ ਵਿਦਿਆਰਥੀ ਵੀ ਆਪਣੇ ਫਰਜ਼ਾਂ ਅਤੇ ਉਦੇਸ਼ਾਂ ਨੂੰ ਪਾਸੇ ਰੱਖ ਕੇ, ਹੋਰ ਪ੍ਰਕਾਰ ਦੇ ਗਲਤ ਕੰਮ ਜਿਵੇਂ ਨਸ਼ੇ, ਐਸ਼ਪ੍ਰਸਤੀ, ਚਰਿੱਤਰਹੀਣਤਾ, ਜੂਆ ਆਦਿ ਵਿਚ ਪੈ ਕੇ ਆਪਣੇ ਜੀਵਨ ਨੂੰ ਪਤਨ ਦੇ ਕਿਨਾਰੇ ਲੈ ਕੇ ਜਾ ਰਹੇ ਹਨ। ਰਾਜਨੀਤੀ ਨੇ ਸਿੱਖਿਆ ਦੇ ਖੇਤਰ ਵਿਚ ਅਧਿਆਪਕ ਅਤੇ ਵਿਦਿਆਰਥੀ ਦੋਨਾਂ ਨੂੰ ਸੱਤਾ ਦਾ ਲਾਲਚ ਦੇ ਕੇ ਅਨੈਤਿਕ ਰਸਤੇ 'ਤੇ ਤੋਰ ਦਿੱਤਾ ਹੈ। ਪ੍ਰੀਖਿਆ ਕਿਸੇ ਵਿਦਿਆਰਥੀ ਦੀ ਯੋਗਤਾ ਨੂੰ ਪਰਖਣ ਦਾ ਸਭ ਤੋਂ ਉਤਮ ਸਾਧਨ ਹੈ, ਪਰ ਅੱਜ ਦਾ ਵਿਦਿਆਰਥੀ ਪ੍ਰੀਖਿਆ ਨੂੰ ਕੇਵਲ ਬੋਝ ਸਮਝਦਾ ਹੈ, ਜਿਸ ਨੂੰ ਉਤਾਰਨ ਲਈ ਉਹ ਨਕਲ ਦਾ ਸਹਾਰਾ ਲੈਂਦਾ ਹੈ। ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਵਿਦਿਆਰਥੀਆਂ ਦੁਆਰਾ ਕੀਤੇ ਜਾ ਰਹੇ ਇਨ੍ਹਾਂ ਅਨੈਤਿਕ ਕਾਰਜਾਂ ਵਿਚ ਅਧਿਆਪਕ ਤੇ ਮਾਪੇ ਵੀ ਸ਼ਾਮਿਲ ਹੁੰਦੇ ਹਨ। ਅਧਿਆਪਕਾਂ ਦੁਆਰਾ ਸੌਖੇ ਪ੍ਰਸ਼ਨ ਪੇਪਰ ਪਾਉਣਾ, ਉੱਤਰ ਪੇਪਰਾਂ ਨੂੰ ਧਿਆਨ ਨਾਲ ਨਾ ਚੈੱਕ ਕਰਨਾ, ਪ੍ਰਸ਼ਨ ਪੇਪਰ ਪ੍ਰੀਖਿਆ ਤੋਂ ਪਹਿਲਾਂ ਹੀ ਲੀਕ ਕਰਨਾ, ਪ੍ਰੀਖਿਆ ਦੌਰਾਨ ਨਕਲ ਵਿਚ ਵਿਦਿਆਰਥੀਆਂ ਦੀ ਮਦਦ ਕਰਨਾ ਆਦਿ ਅਜਿਹੀਆਂ ਗੰਭੀਰ ਸਮੱਸਿਆਵਾਂ ਹਨ, ਜੋ ਸਿੱਖਿਆ ਦੇ ਕਿੱਤੇ ਨੂੰ ਅਨੈਤਿਕ ਬਣਾ ਰਹੀਆਂ ਹਨ।

ਸਿੱਖਿਆ ਖੇਤਰ ਦੇ ਇਨ੍ਹਾਂ ਅਨੈਤਿਕ ਕਰਮਾਂ ਵਿਚ ਪੁਸਤਕਾਂ ਛਾਪਣ ਵਾਲੇ ਛਾਪਕ ਵੀ ਸ਼ਾਮਿਲ ਹਨ। ਉਹ ਵੱਧ ਤੋਂ ਵੱਧ ਮੁਨਾਫ਼ੇ ਲਈ ਵਿਦਿਆਰਥੀਆਂ ਦੇ ਇਨ੍ਹਾਂ ਅਨੈਤਿਕ ਕਰਮਾਂ ਦਾ ਨਜ਼ਾਇਜ਼ ਫਾਇਦਾ ਉਠਾਉਂਦੇ ਹੋਏ ਪੋਕੇਟ-ਕਿਤਾਬਾਂ ਆਦਿ ਛਾਪਦੇ ਹਨ, ਜੋ ਵਿਦਿਆਰਥੀਆਂ ਨੂੰ ਨਕਲ ਕਰਨ ਵਿਚ ਮਦਦ ਕਰਦੀਆਂ ਹਨ। ਇਸ ਤਰ੍ਹਾਂ ਸ਼ਰੇਆਮ ਸਿੱਖਿਆ ਦਾ ਵਪਾਰੀਕਰਨ ਹੋ ਰਿਹਾ ਹੈ। ਉੱਚੇ ਪੱਧਰ ਦੀ ਸਿੱਖਿਆ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਲਿੰਗ ਭਿੰਨਤਾ ਦੇ ਅਧਾਰ 'ਤੇ ਵੀ ਬਹੁਤ ਅਨੈਤਿਕ ਕਰਮ ਹੋ ਰਹੇ ਹਨ। ਇਸ ਨਾਲ ਸਿੱਖਿਆ ਦਾ ਮਿਆਰ ਬਹੁਤ ਨੀਵਾਂ ਅਤੇ ਘਟੀਆ ਪੱਧਰ ਦਾ ਹੋ ਗਿਆ ਹੈ। ਅਜੋਕੇ ਸਮੇਂ ਵਿਚ ਪੈਸੇ ਨਾਲ ਕੀ ਨਹੀਂ ਹੋ ਸਕਦਾ? ਇਹ ਕਥਨ ਬਿਲਕੁਲ ਸੱਚ ਸਾਬਿਤ ਹੋ ਰਿਹਾ ਹੈ। ਵਿਦਿਆਰਥੀ ਬਿਨਾਂ ਮਿਹਨਤ ਕੀਤੇ ਪੈਸੇ ਜਾਂ ਰਿਸ਼ਵਤ ਦੇ ਕੇ ਨਕਲੀ ਸਰਟੀਫਿਕੇਟ ਕਢਵਾ ਰਹੇ ਹਨ ਅਤੇ ਰਿਸ਼ਵਤ ਅਤੇ ਸਿਫ਼ਾਰਸ਼ਾਂ ਦੁਆਰਾ ਨੌਕਰੀਆਂ ਲੈ ਰਹੇ ਹਨ, ਜਿਸ ਨਾਲ ਮਿਹਨਤੀ, ਕਾਬਿਲ ਅਤੇ ਗ਼ਰੀਬ ਵਿਦਿਆਰਥੀਆਂ ਦਾ ਸ਼ੋਸ਼ਣ ਹੋ ਰਿਹਾ

ਹੈ। ਅੱਜ ਕੱਲ੍ਹ ਸਿੱਖਿਆ ਨੂੰ ਕੇਵਲ ਨੌਕਰੀ ਲੈਣ ਜਾਂ ਧਨ ਕਮਾਉਣ ਦਾ ਸਾਧਨ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਰਾਜਨੀਤੀ ਦੇ ਖੇਤਰ ਵਿਚ ਘੱਟ ਪੜ੍ਹੇ-ਲਿਖੇ ਲੋਕ ਨੇਤਾ ਦੇ ਰੂਪ ਵਿਚ, ਮਿਹਨਤੀ, ਪੜ੍ਹੇ ਲਿਖੇ ਅਤੇ ਗ਼ਰੀਬ ਲੋਕਾਂ ਦਾ ਸ਼ੋਸ਼ਣ ਕਰ ਰਹੇ ਹਨ। ਸਿੱਖਿਆ ਨੀਤੀ-ਸ਼ਾਸਤਰ ਅਧੀਨ ਇਨ੍ਹਾਂ ਗੰਭੀਰ ਸਮੱਸਿਆਵਾਂ ਨੂੰ ਵਾਚ ਕੇ ਇਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਨੂੰ ਖ਼ਤਮ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਨੈਤਿਕ ਵਿਕਾਸ ਦੇ ਬੁਨਿਆਦੀ ਖੇਤਰ ਵਿਚੋਂ ਅਨੈਤਿਕਤਾ ਵਰਗੀ ਦੁਸ਼ਟ ਬਿਮਾਰੀ ਨੂੰ ਜੜ੍ਹ ਤੋਂ ਦੂਰ ਕਰਨਾ ਸਮੇਂ ਦੀ ਜ਼ਰੂਰਤ ਹੈ।

### 1.3.4 ਕਾਨੂੰਨ ਨੀਤੀ-ਸ਼ਾਸਤਰ

ਕਾਨੂੰਨ ਦੇ ਖੇਤਰ ਵਿਚ ਨੈਤਿਕਤਾ ਦੇ ਵਿਸ਼ਲੇਸ਼ਣ ਨੂੰ ਕਾਨੂੰਨ ਨੀਤੀ-ਸ਼ਾਸਤਰ ਕਿਹਾ ਜਾਂਦਾ ਹੈ। ਕਾਨੂੰਨੀ ਕਿੱਤਾ ਇਕ ਅਜਿਹਾ ਕਿੱਤਾ ਹੈ, ਜਿਸ ਵਿਚ ਮਨੁੱਖ ਦੇ ਅਧਿਕਾਰਾਂ, ਰਾਜਨੀਤਿਕ, ਸਿਵਲ, ਬੁਨਿਆਦੀ ਅਧਿਕਾਰ ਅਤੇ ਨੈਤਿਕ ਨਿਯਮਾਂ ਦੀ ਰੱਖਿਆ ਕੀਤੀ ਜਾਂਦੀ ਹੈ। ਨੀਤੀ-ਸ਼ਾਸਤਰ ਚੰਗੇ, ਬੁਰੇ, ਸਹੀ, ਗ਼ਲਤ ਆਦਿ ਦੇ ਅਰਥ ਅਤੇ ਉਨ੍ਹਾਂ ਦੇ ਵਿਚਾਰਾਂ ਦਾ ਅਧਿਐਨ ਹੈ ਅਤੇ ਹਰੇਕ ਕਾਨੂੰਨੀ ਮੁਲਾਂਕਣ ਵਿਚ ਨੈਤਿਕ ਵਿਚਾਰ ਸ਼ਾਮਿਲ ਹਨ।[47] ਕਾਨੂੰਨੀ ਕਿੱਤਾ ਕੇਵਲ ਇਕ ਕਿੱਤਾ ਹੀ ਨਹੀਂ; ਬਲਕਿ ਸਮਾਜ ਸੇਵਾ ਦਾ ਸਭ ਤੋਂ ਉਤਮ ਸਾਧਨ ਵੀ ਹੈ, ਪਰ ਜੇ ਇਸ ਕਿੱਤੇ ਵਿਚ ਵੀ ਅਨੈਤਿਕਤਾ ਪ੍ਰਵੇਸ਼ ਕਰ ਜਾਵੇ ਤਾਂ ਨੈਤਿਕਤਾ ਦਾ ਅੰਤ ਹੋਣਾ ਨਿਸ਼ਚਿਤ ਹੀ ਹੈ। ਇਸ ਤਰ੍ਹਾਂ ਕਾਨੂੰਨ ਨੀਤੀ-ਸ਼ਾਸਤਰ ਦਾ ਪ੍ਰਮੁੱਖ ਉਦੇਸ਼ ਕਾਨੂੰਨੀ ਕਿੱਤੇ ਵਿਚ ਵੱਧ ਰਹੀ ਅਨੈਤਿਕਤਾ ਨੂੰ ਠੱਲ੍ਹ ਪਾ ਕੇ ਇਸ ਕਿੱਤੇ ਦੀ ਰੱਖਿਆ ਕਰਨਾ ਹੈ। ਕਾਨੂੰਨ ਨੀਤੀ-ਸ਼ਾਸਤਰ ਦਾ ਇਹ ਉਦੇਸ਼ ਹੈ ਕਿ ਕਾਨੂੰਨ ਨੈਤਿਕਤਾ ਦੇ ਅਧਾਰ 'ਤੇ ਬਣਾਏ ਜਾਣੇ ਚਾਹੀਦੇ ਹਨ ਜਾਂ ਫਿਰ ਨੈਤਿਕਤਾ ਨੂੰ ਕਾਨੂੰਨ ਦੇ ਅਧੀਨ ਰੱਖਿਆ ਜਾਣਾ ਚਾਹੀਦਾ ਹੈ।

ਵਪਾਰਿਕ ਕਿੱਤੇ ਦੀ ਤਰ੍ਹਾਂ ਕਾਨੂੰਨੀ ਕਿੱਤੇ ਦਾ ਸੰਬੰਧ ਵੀ ਸਮਾਜ ਦੇ ਬੁਨਿਆਦੀ ਢਾਂਚੇ ਨਾਲ ਹੈ। ਕਿਸੇ ਵੀ ਸਮਾਜ ਦਾ ਵਿਕਾਸ, ਉਸ ਸਮਾਜ ਦੇ ਅਸੂਲਾਂ ਅਤੇ ਨਿਯਮਾਂ 'ਤੇ ਨਿਰਭਰ ਹੁੰਦਾ ਹੈ। ਕਾਨੂੰਨੀ ਕਿੱਤਾ ਸਮਾਜ ਦੇ ਇਨ੍ਹਾਂ ਅਸੂਲਾਂ ਅਤੇ ਨਿਯਮਾਂ ਦੀ ਰਾਖੀ ਕਰਦਾ ਹੋਇਆ, ਇਨ੍ਹਾਂ ਦੀ ਉਲੰਘਣਾ ਕਰਨ ਵਾਲੇ ਦਾ ਵਿਰੋਧ ਕਰਦਾ ਹੈ, ਜੋ ਕਿ ਕਾਨੂੰਨੀ

ਨੈਤਿਕਤਾ ਦਾ ਪ੍ਰਗਟਾਵਾ ਹੈ, ਭਾਵ ਕਾਨੂੰਨ ਮਨੁੱਖ ਨੂੰ ਉਸ ਦੀਆਂ ਸਮਾਜਿਕ ਜ਼ਿੰਮੇਵਾਰੀਆਂ ਅਤੇ ਫਰਜ਼ਾਂ ਪ੍ਰਤੀ ਸੁਚੇਤ ਰੱਖਦਾ ਹੈ। ਕਾਨੂੰਨ ਕੇਵਲ ਕਿੱਤਾ ਹੀ ਨਹੀਂ, ਸਗੋਂ ਸਮਾਜ ਸੇਵਾ ਦਾ ਸਭ ਤੋਂ ਵੱਡਾ ਖੇਤਰ ਹੈ, ਜਿਸ ਵਿਚ ਮਨੁੱਖ ਦੇ ਅਧਿਕਾਰਾਂ ਦੀ ਰਾਖੀ ਅਤੇ ਜ਼ਿੰਦਗੀ ਵਿਚ ਆਉਣ ਵਾਲੀਆਂ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਆਦਿ ਸਾਰੀਆਂ ਸਮੱਸਿਆਵਾਂ ਅਤੇ ਪਰੇਸ਼ਾਨੀਆਂ ਨੂੰ ਦੂਰ ਕੀਤਾ ਜਾਂਦਾ ਹੈ। ਕਾਨੂੰਨੀ ਕਿੱਤੇ ਵਿਚ ਜੱਜ, ਵਕੀਲ ਅਤੇ ਪੁਲਿਸ ਕਰਮਚਾਰੀਆਂ ਦਾ ਅਹਿਮ ਰੋਲ ਹੁੰਦਾ ਹੈ। ਇਸ ਲਈ ਜਰੂਰੀ ਹੈ ਕਿ ਇਸ ਕਿੱਤੇ ਨਾਲ ਸੰਬੰਧਿਤ ਹਰ ਕਰਮਚਾਰੀ ਨੈਤਿਕ ਨਿਯਮਾਂ ਦਾ ਧਾਰਨੀ ਹੋਵੇ, ਤਾਂ ਹੀ ਸਮਾਜ ਅਤੇ ਮਨੁੱਖਤਾ ਦੀ ਸਹੀ ਅਰਥਾਂ ਵਿਚ ਰਾਖੀ ਹੋ ਸਕਦੀ ਹੈ। ਕਾਨੂੰਨੀ ਨੈਤਿਕਤਾ ਨੀਤੀ–ਸ਼ਾਸਤਰ ਦੀ ਉਹ ਸ਼ਾਖਾ ਹੈ, ਜੋ ਉਹਨਾਂ ਫ਼ਰਜ਼ਾਂ ਨੂੰ ਨਿਭਾਉਂਦੀ ਹੈ ਜਿਹੜੇ ਕਾਨੂੰਨੀ ਕਿੱਤੇ ਦੇ ਮੈਂਬਰਾਂ ਵਲੋਂ ਜਨਤਾ, ਕਚਿਹਰੀ, ਕਰਮਚਾਰੀਆਂ ਅਤੇ ਉਸ ਦੇ ਗ੍ਰਾਹਕਾਂ ਲਈ ਹੁੰਦੇ ਹਨ।[48]

### 1.3.4 (ੳ) ਕਾਨੂੰਨ ਨੀਤੀ-ਸ਼ਾਸਤਰ ਦੀਆਂ ਸਮੱਸਿਆਵਾਂ

ਵਿਵਹਾਰਿਕ ਨੀਤੀ-ਸ਼ਾਸਤਰ ਦੇ ਘੇਰੇ ਵਿਚ ਉਹ ਖੇਤਰ ਹੀ ਆਉਂਦੇ ਹਨ, ਜਿਨ੍ਹਾਂ ਵਿਚ ਅਨੈਤਿਕਤਾ ਦਾ ਬੋਲਬਾਲਾ ਹੈ। ਸਪੱਸ਼ਟ ਹੈ ਕਿ ਕਾਨੂੰਨ ਨੀਤੀ-ਸ਼ਾਸਤਰ ਵਿਵਹਾਰਿਕ ਨੀਤੀ-ਸ਼ਾਸਤਰ ਦਾ ਖੇਤਰ ਹੈ, ਜਿਸ ਵਿਚ ਕਾਨੂੰਨੀ ਕਿੱਤੇ ਨਾਲ ਸੰਬੰਧਿਤ ਅਨੈਤਿਕ ਸਮੱਸਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਮੌਜੂਦਾ ਸਥਿਤੀਆਂ ਦੌਰਾਨ ਕਾਨੂੰਨੀ ਕਿੱਤੇ ਵਿਚ ਅਨੈਤਿਕਤਾ ਵੱਡੇ ਪੱਧਰ ਤੇ ਪ੍ਰਵੇਸ਼ ਕਰ ਚੁੱਕੀ ਹੈ। ਬਹੁਗਿਣਤੀ ਵਿਚ ਜੱਜ, ਵਕੀਲ, ਪੁਲਿਸ ਅਫ਼ਸਰ ਅਤੇ ਹੋਰ ਸੰਬੰਧਿਤ ਕਰਮਚਾਰੀ ਭ੍ਰਿਸ਼ਟ ਹੋ ਚੁੱਕੇ ਹਨ। ਰਿਸ਼ਵਤ ਅਤੇ ਸਿਫ਼ਾਰਿਸ਼ ਨਾਲ ਕੰਮ ਕਰਨਾ ਇਕ ਰਿਵਾਜ਼ ਜਿਹਾ ਬਣ ਗਿਆ ਹੈ, ਜਿਸ ਵਿਚ ਗ਼ਰੀਬ ਮਨੁੱਖ ਨੂੰ ਨਿਆਂ ਮਿਲਣਾ ਮੁਸ਼ਕਿਲ ਹੋ ਗਿਆ ਹੈ। ਕਾਨੂੰਨ ਕੇਵਲ ਧਨਾਢ ਲੋਕਾਂ ਦਾ ਹੋ ਕੇ ਰਹਿ ਗਿਆ ਹੈ। ਮੌਜੂਦਾ ਸਥਿਤੀਆਂ ਵਿਚ ਸੱਚ, ਈਮਾਨਦਾਰੀ ਅਤੇ ਇਨਸਾਨੀਅਤ ਨਾਮ ਦੀ ਕੋਈ ਚੀਜ਼ ਨਹੀਂ ਰਹੀ। ਦੁਨੀਆਂ ਦੀ ਨਜ਼ਰ ਵਿਚ ਚੰਗਾ ਵਕੀਲ ਉਹ ਹੈ, ਜੋ ਕਾਨੂੰਨ ਦੇ ਨਿਯਮਾਂ ਦੀ ਉਲੰਘਣਾ ਅਤੇ ਦੁਰਉਪਯੋਗ ਕਰਕੇ ਆਪਣੇ ਕੇਸ ਵਿਚ ਜਿੱਤ ਦਾ ਭਾਗੀਦਾਰ ਬਣਦਾ ਹੈ। ਬਹੁਗਿਣਤੀ ਵਿਚ ਅੱਜ ਦੇ ਵਕੀਲ ਗ਼ਰੀਬ ਅਤੇ ਆਮ ਜਨਤਾ ਤੋਂ ਵੱਧ ਤੋਂ

ਵੱਧ ਫੀਸ ਲੈ ਕੇ ਉਨ੍ਹਾਂ ਦਾ ਆਰਥਿਕ ਪੱਖੋਂ ਤਾਂ ਸ਼ੋਸ਼ਣ ਕਰਦੇ ਹੀ ਹਨ, ਨਾਲ ਹੀ ਉਨ੍ਹਾਂ ਦੀ ਕਾਨੂੰਨੀ ਨਿਯਮਾਂ ਪ੍ਰਤੀ ਅਗਿਆਨਤਾ ਦਾ ਨਜਾਇਜ਼ ਫਾਇਦਾ ਉਠਾਉਂਦੇ ਹੋਏ ਉਨ੍ਹਾਂ ਦੀਆਂ ਮਾਸੂਮ ਭਾਵਨਾਵਾਂ ਨਾਲ ਵੀ ਖਿਲਵਾੜ ਕਰਦੇ ਹਨ, ਜਿਸ ਨਾਲ ਉਨ੍ਹਾਂ ਦਾ ਮਾਨਸਿਕ ਸ਼ੋਸ਼ਣ ਵੀ ਹੁੰਦਾ ਹੈ। ਦੂਸਰੇ ਕਿੱਤਿਆਂ ਦੀ ਤਰ੍ਹਾਂ ਲਿੰਗ ਭਿੰਨਤਾ ਦੇ ਅਧਾਰ 'ਤੇ ਇਸ ਕਿੱਤੇ ਵਿਚ ਵੀ ਕਾਫ਼ੀ ਚਰਿੱਤਰਹੀਣਤਾ ਫੈਲ ਚੁੱਕੀ ਹੈ। ਇਸ ਤੋਂ ਇਲਾਵਾ ਕਾਨੂੰਨ ਦੇ ਖੇਤਰ ਵਿਚ ਨੇਤਾਵਾਂ ਅਤੇ ਧਨਾਢ ਲੋਕਾਂ ਦੀ ਦਖਲਅੰਦਾਜ਼ੀ ਵੀ ਭਿਆਨਕ ਰੂਪ ਅਖ਼ਤਿਆਰ ਕਰ ਰਹੀ ਹੈ, ਜਿਸ ਨਾਲ ਸਹੀ ਨਿਆਂ ਹੋਣਾ ਮੁਸ਼ਕਿਲ ਹੋ ਗਿਆ ਹੈ, ਜੋ ਕਿ ਕਾਨੂੰਨੀ ਕਿੱਤੇ ਦੀ ਇਕ ਗੰਭੀਰ ਸਮੱਸਿਆ ਹੈ। ਕਈ ਵਾਰੀ ਲੋਕਾਂ ਦੁਆਰਾ ਕੀਤੇ ਕੇਸ, ਖਾਸ ਤੌਰ 'ਤੇ ਜ਼ਮੀਨਾਂ ਨਾਲ ਸੰਬੰਧਿਤ ਕੇਸ ਕਈ-ਕਈ ਸਾਲ ਕਚਹਿਰੀਆਂ ਵਿਚ ਚੱਲਦੇ ਰਹਿੰਦੇ ਹਨ। ਇਸ ਨਾਲ ਆਮ ਜਨਤਾ ਦਾ ਸਮਾਂ, ਪੈਸਾ ਅਤੇ ਉਨ੍ਹਾਂ ਦੀਆਂ ਮਾਨਸਿਕ ਭਾਵਨਾਵਾਂ ਤਿੰਨਾਂ ਨੂੰ ਹੀ ਨੁਕਸਾਨ ਪਹੁੰਚਦਾ ਹੈ। ਸੋ ਜ਼ਰੂਰੀ ਹੈ ਕਿ ਕਾਨੂੰਨੀ ਕਿੱਤੇ ਵਿਚ ਇਨ੍ਹਾਂ ਅਨੈਤਿਕ ਸਮੱਸਿਆਵਾਂ ਨੂੰ ਛੇਤੀ ਤੋਂ ਛੇਤੀ ਹੱਲ ਕੀਤਾ ਜਾਵੇ ਅਤੇ ਮਨੁੱਖਤਾ ਅਤੇ ਸਮਾਜਿਕ ਅਧਿਕਾਰਾਂ ਦੀ ਰਾਖੀ ਕਰਨ ਵਾਲੇ ਇਸ ਕਿੱਤੇ ਨੂੰ ਪੂਰੀ ਤਰ੍ਹਾਂ ਨੈਤਿਕ ਅਧਾਰ ਦਿੱਤਾ ਜਾ ਸਕੇ।

### 1.3.5 ਖੇਤੀਬਾੜੀ ਨੀਤੀ-ਸ਼ਾਸਤਰ

ਅਨੈਤਿਕਤਾ ਪੱਖੋਂ ਖੇਤੀਬਾੜੀ ਵੀ ਵਿਵਹਾਰਿਕ ਨੀਤੀ-ਸ਼ਾਸਤਰ ਦੇ ਖੇਤਰ ਵਿਚ ਚਰਚਾ ਦਾ ਵਿਸ਼ਾ ਬਣਦੀ ਜਾ ਰਹੀ ਹੈ। ਖੇਤੀਬਾੜੀ ਨੀਤੀ-ਸ਼ਾਸਤਰ ਵਿਚ ਖੇਤੀ ਨਾਲ ਸੰਬੰਧਿਤ ਅਨੈਤਿਕ ਸਮੱਸਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਹੋਰ ਕਿੱਤਿਆਂ ਦੀ ਤਰ੍ਹਾਂ ਖੇਤੀਬਾੜੀ ਵੀ ਇਕ ਅਹਿਮ ਕਿੱਤਾ ਹੈ ਜੋ ਕਿ ਸਮਾਜ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਪੰਜਾਬ ਵਿਚ ਜ਼ਿਆਦਾਤਰ ਲੋਕਾਂ ਦੀ ਰੋਜ਼ੀ-ਰੋਟੀ ਖੇਤੀਬਾੜੀ ਕਿੱਤੇ 'ਤੇ ਹੀ ਨਿਰਭਰ ਹੈ। ਖੇਤੀ ਕਰਨ ਵਾਲੇ ਮਨੁੱਖ ਜਾਂ ਕਿਸਾਨ ਨੂੰ ਅੰਨਦਾਤਾ ਕਹਿ ਕੇ ਸਤਿਕਾਰਿਆ ਜਾਂਦਾ ਹੈ। ਪਰੰਤੂ ਅਜੋਕੇ ਸਮੇਂ ਵਿਚ ਇਸ ਕਿੱਤੇ ਵਿਚ ਵੀ ਅਨੇਕਾਂ ਅਨੈਤਿਕ ਕਾਰਜ ਹੋ ਰਹੇ ਹਨ। ਇਨ੍ਹਾਂ ਅਨੈਤਿਕ ਕਾਰਜਾਂ ਦਾ ਮਨੁੱਖੀ ਜੀਵਨ ਜਾਂ ਸਮਾਜ 'ਤੇ ਬਹੁਤ ਬੁਰਾ ਪ੍ਰਭਾਵ ਪੈ ਰਿਹਾ ਹੈ।

### 1.3.5 (ੳ) ਖੇਤੀਬਾੜੀ ਨੀਤੀ-ਸ਼ਾਸਤਰ ਦੀਆਂ ਸਮੱਸਿਆਵਾਂ

ਖੇਤੀਬਾੜੀ ਨੀਤੀ-ਸ਼ਾਸਤਰ ਵਿਚ ਖੇਤੀ ਨਾਲ ਸੰਬੰਧਿਤ ਅਨੈਤਿਕ ਸਮੱਸਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਕਿਸੇ ਮਨੁੱਖ ਦੀ ਸਭ ਤੋਂ ਵੱਡੀ ਦੌਲਤ ਉਸ ਦੀ ਤੰਦਰੁਸਤੀ ਹੁੰਦੀ ਹੈ, ਪਰੰਤੂ ਅੱਜ ਦੇ ਸਮੇਂ ਵਿਚ ਕਿਸਾਨ ਖੇਤੀ ਵਪਾਰ ਵਿਚ ਵੱਧ ਤੋਂ ਵੱਧ ਮੁਨਾਫ਼ਾ ਲੈਣ ਅਤੇ ਖੇਤੀ ਦੀ ਵੱਧ ਉਪਜ ਲਈ ਕਈ ਖ਼ਤਰਨਾਕ ਅਤੇ ਜ਼ਹਿਰੀਲੀਆਂ ਦਵਾਈਆਂ ਦਾ ਪ੍ਰਯੋਗ ਕਰਦੇ ਹਨ। ਜਿਨ੍ਹਾਂ ਦੀ ਵਰਤੋਂ ਦੌਰਾਨ ਫ਼ਲ ਅਤੇ ਸਬਜ਼ੀਆਂ ਜਲਦੀ ਪੱਕ ਜਾਂਦੇ ਹਨ ਅਤੇ ਉਨ੍ਹਾਂ ਵਿਚ ਸਾਰੇ ਕੁਦਰਤੀ ਤੱਤ ਖ਼ਤਮ ਹੋ ਜਾਂਦੇ ਹਨ, ਨਾਲ ਹੀ ਇਨ੍ਹਾਂ ਦੇ ਪ੍ਰਯੋਗ ਨਾਲ ਸਿਹਤ ਵਿਗੜਨ ਦੇ ਆਸਾਰ ਵੀ ਬਣੇ ਰਹਿੰਦੇ ਹਨ। ਬੇ-ਮੌਸਮੀ ਫ਼ਲਾਂ ਅਤੇ ਸਬਜ਼ੀਆਂ ਦਾ ਉਤਪਾਦਨ ਵੀ ਮਨੁੱਖੀ ਸਿਹਤ ਦਾ ਬਹੁਤ ਨੁਕਸਾਨ ਕਰ ਰਿਹਾ ਹੈ। ਫਸਲ ਕੱਟਣ ਤੋਂ ਬਾਅਦ ਕਿਸਾਨ ਬਚੀ ਪਰਾਲੀ ਨੂੰ ਅੱਗ ਲਗਾ ਦਿੰਦੇ ਹਨ, ਜਿਸ ਦੇ ਧੂੰਏ ਨਾਲ ਪ੍ਰਦੂਸ਼ਣ ਵਿਚ ਵਾਧਾ ਹੁੰਦਾ ਹੈ ਅਤੇ ਮਨੁੱਖੀ ਜਨ-ਜੀਵਨ ਦਾ ਵੱਡੇ ਪੱਧਰ ਤੇ ਨੁਕਸਾਨ ਹੁੰਦਾ ਹੈ। ਇਸ ਤੋਂ ਇਲਾਵਾ ਉਪਜਾਊ ਜ਼ਮੀਨ ਤੋਂ ਵੱਧ ਤੋਂ ਵੱਧ ਉਪਜ ਲੈਣਾ ਵੀ ਖੇਤੀਬਾੜੀ ਨੀਤੀ-ਸ਼ਾਸਤਰ ਦੀ ਇਕ ਵੱਡੀ ਸਮੱਸਿਆ ਹੈ। ਇਨ੍ਹਾਂ ਸਮੱਸਿਆਵਾਂ ਤੋਂ ਇਲਾਵਾ ਫ਼ਲਾਂ ਅਤੇ ਸਬਜ਼ੀਆਂ ਦੇ ਭਾਅ ਵਧਾ ਕੇ ਮਨਚਾਹੀ ਕੀਮਤ ਹਾਸਿਲ ਕਰਨ ਨਾਲ ਜਨਤਾ ਦਾ ਆਰਥਿਕ ਪੱਖੋਂ ਵੀ ਸ਼ੋਸ਼ਣ ਹੋ ਰਿਹਾ ਹੈ। ਸੋ ਜ਼ਰੂਰੀ ਹੈ ਕਿ ਇਨ੍ਹਾਂ ਸਮੱਸਿਆਵਾਂ ਨੂੰ ਜਲਦੀ ਤੋਂ ਜਲਦੀ ਦੂਰ ਕੀਤਾ ਜਾਵੇ ਤਾਂ ਜੋ ਮਨੁੱਖੀ ਸਿਹਤ ਨਾਲ ਸੰਬੰਧਿਤ ਇਸ ਮਹੱਤਵਪੂਰਨ ਕਿੱਤੇ ਨੂੰ ਪੂਰਨ ਰੂਪ ਵਿਚ ਨੈਤਿਕ ਬਣਾਇਆ ਜਾ ਸਕੇ।

ਉਪਰੋਕਤ ਤੋਂ ਸਪੱਸ਼ਟ ਹੈ ਕਿ ਕਿੱਤਾਮੁਖੀ ਨੈਤਿਕਤਾ ਵਿਚ ਕਿੱਤਿਆਂ ਨਾਲ ਸੰਬੰਧਿਤ ਨੈਤਿਕਤਾ ਦਾ ਅਧਿਐਨ ਕੀਤਾ ਜਾਂਦਾ ਹੈ। ਵਪਾਰਿਕ, ਕਾਨੂੰਨੀ, ਖੇਤੀਬਾੜੀ, ਸਿੱਖਿਆ ਅਤੇ ਚਿਕਿਤਸਾ ਆਦਿ ਵਰਗੇ ਪ੍ਰਮੁੱਖ ਕਿੱਤਿਆਂ ਵਿਚ ਅਨੈਤਿਕਤਾ ਦੇ ਪ੍ਰਵੇਸ਼ ਨੂੰ ਰੋਕਣਾ ਹੀ ਕਿੱਤਾਮੁਖੀ ਨੈਤਿਕਤਾ ਦੀ ਪ੍ਰਮੁੱਖ ਜ਼ਿੰਮੇਵਾਰੀ ਹੈ। ਪਰੰਤੂ ਕਿੱਤਾਮੁਖੀ ਨੈਤਿਕਤਾ ਦੀ ਇਸ ਜ਼ਿੰਮੇਵਾਰੀ ਨੂੰ ਨੇਪਰੇ ਚਾੜ੍ਹਨ ਵਿਚ ਨੀਤੀ-ਸ਼ਾਸਤਰ ਅਤੇ ਵਿਵਹਾਰਿਕ ਨੀਤੀ-ਸ਼ਾਸਤਰ ਅਹਿਮ

ਭੂਮਿਕਾ ਨਿਭਾਉਂਦੇ ਹਨ, ਕਿਉਂਕਿ ਕਿੱਤਾਮੁਖੀ ਨੈਤਿਕਤਾ ਦੀ ਪਿੱਠਭੂਮੀ ਵਿਚ ਨੀਤੀ-ਸ਼ਾਸਤਰ ਦਾ ਸਿਧਾਂਤਾਂ ਦੇ ਰੂਪ ਵਿਚ ਪ੍ਰਗਟਾਅ ਅਤੇ ਵਿਵਹਾਰਿਕ ਨੀਤੀ ਸ਼ਾਸਤਰ ਵਿਚ ਇਨ੍ਹਾਂ ਸਿਧਾਂਤਾਂ ਦੇ ਅਮਲੀ ਪੱਖ ਸਦਕਾ ਹੀ ਕਿੱਤਾਮੁਖੀ ਨੈਤਿਕਤਾ ਦੀ ਹੋਂਦ ਮੌਜੂਦ ਹੈ, ਕਿਉਂਕਿ ਕਿੱਤਾਮੁਖੀ ਨੈਤਿਕਤਾ ਵਿਵਹਾਰਿਕ ਨੀਤੀ-ਸ਼ਾਸਤਰ ਦੇ ਖੇਤਰ ਦਾ ਹੀ ਇਕ ਪ੍ਰਮੁੱਖ ਹਿੱਸਾ ਹੈ।

# ਹਵਾਲੇ

[1] ਜੀ. ਐਸ. ਸੰਧੂ, *ਪੱਛਮੀ ਨੀਤੀ-ਸ਼ਾਸਤਰ,* ਪੰਨਾ 127.

[2] ਡਾ. ਪਰਦੀਪ ਕੁਮਾਰ, *ਪੱਛਮੀ ਨੀਤੀ-ਸ਼ਾਸਤਰ,* ਪੰਨਾ 2.

[3] *Encyclopaedia of Ethics*, Vol. I, p. 485.

[4] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 151.

[5] *The Oxford English Dictionary*, Vol. v, p. 421.

[6] *Encyclopaedia of Ethics*, Vol. I, p. 391.

[7] *The Blackwell Dictionary of Western Philosophy*, p. 228.

[8] v'kksd dqekj oekZ] *uhfr'kkL™k dh :ijs[kk*] ia`. 02.

[9] ਚਾਰਲਸ ਡਾਰਵਿਨ, *ਮਨੁੱਖ ਦੀ ਉਤਪਤੀ,* (ਅਨੁ.) ਹਰਜੀਤ ਸਿੰਘ ਮਾਂਗਟ, ਪੰਨਾ 126.

[10] *The New Encyclopaedia Britannica*, Vol. v, p. 578.

[11] v'kksd dqekj oekZ] *uhfr'kkL™k dh :ijs[kk*] ia`. 03.

[12] William S. Sahakian, *Ethics: An Introduction to Theories and Problems*, p. 1.

[13] Paul W. Taylor, *Principles of Ethics: An Introduction*, p. 1.

[14] James Hastings, *Encyclopaedia of Religion and Ethics*, p. 405.

[15] William Lillie, *An Introdution to Ethics*, p. 1, 2.

[16] ਜਾਨ ਡਿਯੂਈ, (ਅਨੁ.), ਐਸ.ਐਸ. ਅਮੋਲ, *ਸਦਾਚਾਰਕ ਜੀਵਨ ਦਾ ਸਿਧਾਂਤ,* ਪੰਨਾ 19.

[17] ਡਾ. ਵਜ਼ੀਰ ਸਿੰਘ, *ਧਰਮ ਦਾ ਦਾਰਸ਼ਨਿਕ ਪੱਖ,* ਪੰਨਾ 55.

[18] ਡਾ. ਵਜ਼ੀਰ ਸਿੰਘ, *ਨੈਤਿਕ ਨਿਯਮ,* ਪੰਨਾ 10.

[19] Mayer and Ross, *Ethics and the Modern World*, p. 323.

[20] ਜਸਵਿੰਦਰ ਕੌਰ ਢਿੱਲੋਂ, *ਗੁਰੂ ਨਾਨਕ ਦੀ ਕੀਮਤ-ਮੀਮਾਂਸਾ,* ਪੰਨਾ 26.

[21] ਡਾ. ਵਜ਼ੀਰ ਸਿੰਘ, *ਨੈਤਿਕ ਨਿਯਮ,* ਪੰਨੇ 4–5.

[22] *ਉਹੀ,* ਪੰਨਾ 10.

[23] William Lillie, *An Introdution to Ethics*, p. 8 .

[24] ਡਾ. ਵਜ਼ੀਰ ਸਿੰਘ, *ਧਰਮ ਦਾ ਦਾਰਸ਼ਨਿਕ ਪੱਖ,* ਪੰਨਾ 54.

[25] Harold H. Titus, *Ethics for Today,* p. 9.

[26] ਡਾ. ਰਾਮਦਾਸ ਨਿਰਾਕਾਰੀ, *ਭਾਰਤੀ ਨੀਤੀ-ਸ਼ਾਸਤਰ,* ਪੰਨਾ 4.

[27] ਚਾਰਲਸ ਡਾਰਵਿਨ, *ਮਨੁੱਖ ਦੀ ਉਤਪਤੀ,* (ਅਨੁ.), ਹਰਜੀਤ ਸਿੰਘ ਮਾਂਗਟ, ਪੰਨਾ 133.

[28] Smith, Nowel P.H., *Ethics*, p. 11.

[29] ਡਾ. ਰਾਮਦਾਸ ਨਿਰਾਕਾਰੀ, *ਭਾਰਤੀ ਨੀਤੀ-ਸ਼ਾਸਤਰ,* ਪੰਨਾ 2.

[30] Deepshikha Banerji, "*Environmental Ethics and its Effects on Man*", *Readings in Environmental Ethics Multidisciplinary Perspectives,* D.C. Srivastava (ed.), p. 294.

[31] Andrew Light, "*Environmental Ethics", A Companion to Applied Ethics***,** R.G. Frey and Christopher Health Wellman (ed.), p. 633.

[32] Harold H. Titus, *Ethics for Today,* p. 287.

[33] *Ibid*, p. 306.

[34] ਡਾ. ਪਰਦੀਪ ਕੁਮਾਰ, *ਪੱਛਮੀ ਨੀਤੀ-ਸ਼ਾਸਤਰ,* ਪੰਨਾ 2.

[35] Harold H. Titus, *Ethics for Today,* p. 281.

[36] Debashis Guha, *Practical and Professional Ethics*, Vol. I, p. 55.

[37] *Ibid,* p. 62.

[38] *Ibid,* p. 53.

[39] R.M. Maciver, "*Institutional and Vocational Ethics*", *The Range of Ethics***,** Harold. M. Titus and Morries T. Keeton (ed.), p. 220.

[40] Patricia H. Werhane and R. Edward Freeman, "*Business Ethics*", *A Companion to Applied Ethics,* R. G. Frey and Christopher Health Wellman (ed.), p. 537.

[41] Manuel G. Velasquez, *Business Ethics: Concepts and Cases,* p. 13.

[42] S.K. Bhatia, *Business Ethics and Managerial Values,* p. 7.

[43] Harold H. Titus, *Ethics for Today,* p. 293.

[44] Debashis Guha, *Practical and Professional Ethics*, Vol. IV, p. 30.

[45] ਡਾ. ਪਰਮਜੀਤ ਕੌਰ ਸੰਧੂ, *ਕਦਰਾਂ ਕੀਮਤਾਂ ਦੀ ਸਿੱਖਿਆ,* ਪੰਨਾ 16.

[46] ਡਾ. ਰਾਜਿੰਦਰਪਾਲ ਕੌਰ ਸਿੱਧੂ, *ਉਭਰਦੇ ਭਾਰਤੀ ਸਮਾਜ ਵਿਚ ਅਧਿਆਪਕ,* ਪੰਨਾ 39.

[47] Henry S. Drinker, *Legal Ethics*, p. XI.

[48] Harold H. Titus, *Ethics for Today,* p. 306.

# ਅਧਿਆਇ ਦੂਜਾ

# ਧਰਮ ਅਤੇ ਨੀਤੀ-ਸ਼ਾਸਤਰ : ਗੁਰਮਤਿ ਪਰਿਪੇਖ

ਨੀਤੀ-ਸ਼ਾਸਤਰ ਦਾ ਧਰਮ ਜਾਂ ਅਧਿਆਤਮਿਕਤਾ ਨਾਲ ਬਹੁਤ ਗਹਿਰਾ ਸੰਬੰਧ ਹੈ। ਅਧਿਆਤਮਕਤਾ ਮਨੁੱਖ ਨੂੰ ਨੈਤਿਕਤਾ ਦੇ ਰਾਹ 'ਤੇ ਤੋਰਦੀ ਹੈ, ਦੂਸਰੇ ਸ਼ਬਦਾਂ ਵਿਚ ਨੈਤਿਕਤਾ ਦੇ ਰਾਹ 'ਤੇ ਤੁਰਨ ਵਾਲਾ ਮਨੁੱਖ ਹੀ ਅਧਿਆਤਮਿਕ ਹੋ ਸਕਦਾ ਹੈ। ਨੀਤੀ-ਸ਼ਾਸਤਰ ਮਨੁੱਖ ਨੂੰ ਪਦਾਰਥਵਾਦੀ ਦ੍ਰਿਸ਼ਟੀਕੋਣ ਨੂੰ ਤਿਆਗ ਕੇ ਅਧਿਆਤਮਕਤਾ ਦੇ ਨੇੜੇ ਆਉਣ ਦੀ ਪ੍ਰੇਰਣਾ ਦਿੰਦਾ ਹੈ। **ਬ੍ਰੈਡਲੇ ਦੇ ਅਨੁਸਾਰ,** ''ਨੀਤੀ-ਵਿਗਿਆਨ 'ਆਤਮ ਸੂਝ-ਬੂਝ' ਹੈ।[1] ਅਜੋਕੇ ਸੰਦਰਭ ਵਿਚ ਨੀਤੀ-ਸ਼ਾਸਤਰ ਨੂੰ ਆਮ ਤੌਰ 'ਤੇ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

1. ਭਾਰਤੀ ਨੀਤੀ-ਸ਼ਾਸਤਰ
2. ਪੱਛਮੀ ਨੀਤੀ-ਸ਼ਾਸਤਰ

ਭਾਰਤੀ ਅਤੇ ਪੱਛਮੀ ਪਰੰਪਰਾ ਵਿਚ ਨੀਤੀ-ਸ਼ਾਸਤਰ ਦੇ ਵੱਖ-ਵੱਖ ਅਰਥ ਜਾਂ ਸਰੂਪ ਪ੍ਰਚਲਿਤ ਹਨ। ਨੈਤਿਕਤਾ ਦੇ ਪੱਖ ਤੋ ਭਾਰਤੀ ਅਤੇ ਪੱਛਮੀ ਪਰੰਪਰਾ ਦਾ ਇਕ ਅੰਤਰ ਇਹ ਹੈ ਕਿ ਪੱਛਮ ਵਿਚ ਨੈਤਿਕਤਾ ਦਾ ਧਰਮ ਅਤੇ ਦਰਸ਼ਨ ਤੋ ਅਲੱਗ ਆਜ਼ਾਦ ਰੂਪ ਵਿਚ ਅਧਿਐਨ ਹੋਇਆ ਹੈ। ਪਰ ਭਾਰਤੀ ਪਰੰਪਰਾ ਵਿਚ ਧਰਮ, ਦਰਸ਼ਨ ਅਤੇ ਨੈਤਿਕਤਾ ਦਾ ਜੁੜਵੇਂ ਰੂਪ ਵਿਚ ਅਧਿਐਨ ਕੀਤਾ ਗਿਆ ਹੈ।[2] ਨੀਤੀ-ਸ਼ਾਸਤਰ, ਭਲਾਈ ਦੀਆਂ ਕਦਰਾਂ-ਕੀਮਤਾਂ ਦਾ ਸੁਭਾਅ ਜਾਣਨ ਦਾ ਯਤਨ ਕਰਦਾ ਹੈ। ਸੱਚ, ਸੁੰਦਰਤਾ ਅਤੇ ਭਲਾਈ ਨੂੰ ਜੀਵਨ ਦੀਆਂ ਪਰਮ ਕਦਰਾਂ-ਕੀਮਤਾਂ ਮੰਨਿਆ ਗਿਆ ਹੈ। ਭਾਰਤੀ ਦਰਸ਼ਨ-ਸ਼ਾਸਤਰ ਅਨੁਸਾਰ ਵੀ ਸਤਯਮ, ਸ਼ਿਵਮ ਤੇ ਸੁੰਦਰਮ ਨੂੰ ਹੀ ਪਰਮ ਕਦਰਾਂ-ਕੀਮਤਾਂ ਮੰਨਿਆ ਜਾਂਦਾ ਹੈ।[3]

ਵੱਖੋ-ਵੱਖਰੇ ਖੇਤਰਾਂ ਵਿਚ ਨੀਤੀ-ਸ਼ਾਸਤਰ ਦੀ ਸਿਧਾਂਤਕ ਵੰਡ ਅਨੁਸਾਰ, ਇਸ ਦੇ ਭਿੰਨ-ਭਿੰਨ ਸਰੂਪ ਨਿਰਧਾਰਤ ਕੀਤੇ ਜਾਂਦੇ ਹਨ, ਜੋ ਕਿ ਸੰਬੰਧਿਤ ਵਾਤਾਵਰਣ ਅਤੇ ਉਥੋਂ ਦੀ ਪ੍ਰਚੱਲਿਤ ਸੰਸਕ੍ਰਿਤੀ, ਸਭਿਆਚਾਰ ਜਾਂ ਰੀਤੀ-ਰਿਵਾਜਾਂ ਤੋਂ ਪ੍ਰਭਾਵਿਤ ਹੁੰਦੇ ਹਨ। ਨੀਤੀ-ਸ਼ਾਸਤਰ ਨਾਲ ਸੰਬੰਧਿਤ ਖੇਤਰਾਂ ਵਿਚ ਧਰਮ ਅਜਿਹਾ ਹੀ ਇਕ ਮਹੱਤਵਪੂਰਨ ਖੇਤਰ ਹੈ, ਜੋ ਕਿ ਕਿਸੇ

ਦੇਸ਼ ਜਾਂ ਸਮਾਜ ਵਿਚ ਨੀਤੀ-ਸ਼ਾਸਤਰ ਦੀ ਰੂਪ-ਰੇਖਾ ਤਿਆਰ ਕਰਨ ਲਈ ਸਭ ਤੋਂ ਵੱਧ ਭੂਮਿਕਾ ਨਿਭਾਉਂਦਾ ਹੈ। ਧਰਮ ਕਿਸੇ ਦੇਸ਼ ਜਾਂ ਸਮਾਜ ਦਾ ਇਕ ਅਜਿਹਾ ਅਟੁੱਟ ਅੰਗ ਹੈ, ਜਿਸ ਤੋਂ ਉਸ ਦੇਸ਼ ਦੀ ਸਭਿਆਚਾਰਕ ਸੰਸਕ੍ਰਿਤੀ ਨਿਸ਼ਚਿਤ ਹੀ ਪ੍ਰਭਾਵਿਤ ਹੁੰਦੀ ਹੈ। ਧਰਮ ਮਨੁੱਖੀ ਜੀਵਨ ਦੇ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਰਾਜਨੀਤਿਕ ਭਾਵ ਹਰ ਇਕ ਪੱਖ ਨੂੰ ਆਪਣੇ ਪ੍ਰਭਾਵ ਅਧੀਨ ਲੈਂਦਾ ਹੈ। ਜੇਕਰ ਮਨੁੱਖੀ ਜੀਵਨ ਨੂੰ ਧਰਮ-ਨਿਰਧਾਰਤ ਕਿਹਾ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ।[4] ਸਪੱਸ਼ਟ ਹੈ ਕਿ ਕਿਸੇ ਦੇਸ਼ ਜਾਂ ਕੌਮ ਦੀ ਨੈਤਿਕ ਰੂਪ-ਰੇਖਾ ਉਥੋਂ ਦੇ ਪ੍ਰਚਲਿਤ ਧਰਮ ਦੁਆਰਾ, ਦੂਜੇ ਖੇਤਰਾਂ ਦੀ ਤਰ੍ਹਾਂ ਨਿਸ਼ਚਿਤ ਹੀ ਪ੍ਰਭਾਵਿਤ ਹੁੰਦੀ ਹੈ। ਧਰਮ ਅਤੇ ਨੀਤੀ-ਸ਼ਾਸਤਰ ਦੀ ਆਪਸੀ ਨੇੜਤਾ ਦਾ ਅਹਿਸਾਸ, ਇਸ ਗੱਲ ਤੋਂ ਸਹਿਜੇ ਹੀ ਹੋ ਜਾਂਦਾ ਹੈ ਕਿ ਆਮ ਵਿਅਕਤੀ ਇਨ੍ਹਾਂ ਦੋਹਾਂ ਵਿਸ਼ਿਆਂ ਵਿਚਲੇ ਅੰਤਰ ਨੂੰ ਸਪੱਸ਼ਟ ਕਰਨ ਵਿਚ ਅਸਮਰਥ ਹੁੰਦਾ ਹੈ।

### 2.1 ਮਨੁੱਖ, ਧਰਮ ਅਤੇ ਨੀਤੀ-ਸ਼ਾਸਤਰ

ਧਾਰਮਿਕ ਪਰਿਪੇਖ ਵਿਚ ਨੀਤੀ-ਸ਼ਾਸਤਰ ਦਾ ਸਰੂਪ ਜਾਂ ਰੂਪ-ਰੇਖਾ ਉਪਰ ਵਿਚਾਰ ਕਰਨ ਤੋਂ ਪਹਿਲਾਂ ਧਰਮ ਬਾਰੇ ਸੰਖੇਪ ਚਰਚਾ ਜ਼ਰੂਰੀ ਹੈ, ਕਿ ਆਖਿਰ ਧਰਮ ਕੀ ਹੈ? ਇਹ ਮਨੁੱਖੀ ਜੀਵਨ ਨੂੰ ਕਿਸ ਪੱਖ ਤੋਂ ਪ੍ਰਭਾਵਿਤ ਕਰਦਾ ਹੈ? ਅਤੇ ਨੀਤੀ-ਸ਼ਾਸਤਰ ਨਾਲ ਇਸ ਦੀ ਨੇੜਤਾ ਦਾ ਕੀ ਕਾਰਨ ਹੈ? ਇਨ੍ਹਾਂ ਵਿਸ਼ੇਸ਼ ਪ੍ਰਸ਼ਨਾਂ ਦੇ ਉਤਰਾਂ ਵਜੋਂ ਸਭ ਤੋਂ ਪਹਿਲਾਂ ਅਸੀਂ ਇਹ ਕਹਾਂਗੇ ਕਿ ਹੁਣ ਤੱਕ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਖੇਤਰਾਂ ਵਿਚ ਧਰਮ ਇਕ ਮਹੱਤਵਪੂਰਨ ਸਥਾਨ ਰੱਖਦਾ ਹੈ। ਧਰਮ ਇਕ ਅਜਿਹਾ ਵਿਸ਼ਾ ਜਾਂ ਖੇਤਰ ਹੈ, ਜਿਸ ਦਾ ਸੰਬੰਧ ਕੇਵਲ ਮਨੁੱਖ ਜਾਂ ਮਨੁੱਖੀ ਜੀਵਨ ਨਾਲ ਹੀ ਹੈ। ਜੇ ਇਹ ਕਹਿ ਲਿਆ ਜਾਵੇ, ਕਿ ਮਨੁੱਖ ਦੇ ਬੌਧਿਕ ਵਿਕਾਸ ਦੀ ਆਰੰਭਤਾ ਦੇ ਨਾਲ ਹੀ ਧਰਮ ਦੀ ਉਤਪਤੀ ਹੋਈ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਕਿਉਂਕਿ ਚੰਗੇ ਅਤੇ ਮਾੜੇ ਬਾਰੇ ਨਿਰਣਾ ਲੈਣਾ ਇਕ ਬੜੀ ਹੀ ਪੁਰਾਤਨ ਸਮੱਸਿਆ ਹੈ। ਇਹ ਸਮੱਸਿਆ ਓਨੀ ਹੀ ਪੁਰਾਤਨ ਹੈ, ਜਿੰਨੀ ਕਿ ਮਨੁੱਖੀ ਹੋਂਦ ਦਾ ਪ੍ਰਗਟਾਅ। ਇਸ ਵਿਸ਼ੇ ਉਪਰ ਸ਼ੁਰੂ ਤੋਂ ਹੀ ਵਿਵਾਦ ਚਲਦਾ ਆ ਰਿਹਾ ਹੈ ਕਿ ਕਿਹੜਾ ਕੰਮ ਚੰਗਾ ਹੈ, ਜਾਂ ਕਿਹੜਾ ਮਾੜਾ? ਜਿਸ ਕੰਮ ਵਿਚ ਚੰਗੇ ਗੁਣਾਂ ਦੀ ਝਲਕ ਦਿਖਾਈ ਦਿੰਦੀ ਹੈ, ਉਸ ਨੂੰ ਧਰਮ ਜਾਂ ਨੀਤੀ-ਸ਼ਾਸਤਰ ਦੇ ਅਸੂਲਾਂ ਅਧੀਨ ਸ਼ਾਮਿਲ ਕਰ

ਲਿਆ ਜਾਂਦਾ ਹੈ। ਮਨੁੱਖ ਦੁਆਰਾ ਮਾੜੇ ਨੂੰ ਛੱਡ ਕੇ ਚੰਗੇ ਗੁਣਾਂ ਦੀ ਗ੍ਰਹਿਣਤਾ ਜਾਂ ਨੇਕੀ ਦੇ ਰਸਤੇ ਉਪਰ ਤੁਰਨ ਵਾਲੀ ਵਿਚਾਰਧਾਰਾ ਦਾ ਪ੍ਰਗਟਾਅ ਧਰਮ ਦੀ ਪਹਿਲੀ ਨਿਸ਼ਾਨਦੇਹੀ ਸੀ। ਧਰਮ ਦਾ ਸਭ ਤੋਂ ਪੁਰਾਤਨ ਰੂਪ ਕੁਝ ਵੀ ਹੋਵੇ, ਇਹ ਧਰਮ ਮਨੁੱਖ ਦੀ ਪਵਿੱਤਰ 'ਤੇ ਪਾਵਨ ਭਾਵਨਾ ਦੇ ਪ੍ਰਗਟਾਉ ਦੀ ਸੂਝ ਦਾ ਸੂਚਕ ਸੀ, ਜਿਹੜੀ ਕਿ ਉਸ ਨੇ ਮਿਥ, ਸੰਸਕਾਰਾਂ, ਰਸਮਾਂ, ਸੰਕੇਤਾਂ 'ਤੇ ਦਰਸ਼ਨ ਰਾਹੀਂ ਪ੍ਰਗਟਾਈ। ਇਸ ਤੋਂ ਵੱਧ ਇਹ ਕਿ ਪਾਵਨ ਭਾਵਨਾ ਦੀ ਇਹ ਸੂਝ ਸਦਾ ਹੀ ਸਦਾਚਾਰਕ ਕੀਮਤਾਂ 'ਤੇ ਸਮਾਜ ਦੀ ਬਣਤਰ ਨਾਲ ਪੂਰੀ ਤਰ੍ਹਾਂ ਸੰਮਿਲਤ ਰਹੀ ਹੈ।[5] ਧਰਮ ਵਿਸ਼ਵਦ੍ਰਿਸ਼ਟੀਕੋਣ ਦੇ ਆਧਾਰ 'ਤੇ ਮਨੁੱਖ ਦੇ ਸਮੁੱਚੇ ਜੀਵਨ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਜਿਸ ਵਿਚ ਉਹ ਮਨੁੱਖ, ਮਨੁੱਖ ਨਾਲ ਸੰਬੰਧਿਤ ਦ੍ਰਿਸ਼ਮਾਨ ਜਗਤ ਅਤੇ ਅਦ੍ਰਿਸ਼ਟ ਦੈਵੀ ਸੱਤਾ ਨੂੰ ਆਪਣੀ ਵਿਚਾਰਧਾਰਾ ਦੇ ਪ੍ਰਮੁੱਖ ਵਿਸ਼ਿਆਂ ਵਜੋਂ ਵਿਚਾਰਦਾ ਹੈ।

ਮਾਨਵ ਦੀਆਂ ਬੌਧਿਕ, ਨੈਤਿਕ, ਆਰਥਿਕ ਅਤੇ ਭਾਵੁਕ ਸਮੱਸਿਆਵਾਂ ਦਾ ਹੱਲ ਕਰਨ ਦੀ ਸਮਰੱਥਾ ਧਰਮ ਵਿਚ ਕਾਇਮ ਹੈ। ਲੋੜ ਧਰਮ ਨੂੰ ਇਸ ਪ੍ਰਸੰਗ ਵਿਚ ਵਿਚਾਰਨ, ਸਮਝਣ ਅਤੇ ਪ੍ਰਸਤੁਤ ਕਰਨ ਦੀ ਹੈ। ਇਸੇ ਲਈ ਧਰਮ ਨੂੰ ਵਿੱਦਿਅਕ ਪ੍ਰਸੰਗ ਵਿਚ ਅਕਾਦਮਿਕਤਾ ਦਾ ਹਿੱਸਾ ਬਣਾਇਆ ਗਿਆ ਹੈ।[6] ਧਰਮ ਦੀ ਅਜਿਹੀ ਵਿਸ਼ਾਲਤਾ ਨੂੰ ਵਾਚਦਿਆਂ ਇੰਝ ਪ੍ਰਤੀਤ ਹੁੰਦਾ ਹੈ, ਕਿ ਮਨੁੱਖ ਨਾਲ ਸੰਬੰਧਿਤ ਖੇਤਰਾਂ ਵਿਚ, ਸ਼ਾਇਦ ਹੀ ਕੋਈ ਅਜਿਹਾ ਖੇਤਰ ਹੋਵੇਗਾ, ਜੋ ਧਰਮ ਦੇ ਪ੍ਰਭਾਵ ਤੋਂ ਮੁਕਤ ਹੋਵੇਗਾ। ਧਰਮ ਨਵੀਨ ਕਾਢ ਨਹੀਂ ਹੈ। ਜੇ ਇਹ ਇਤਨਾ ਪੁਰਾਤਨ ਨਹੀਂ ਹੈ ਜਿਤਨਾ ਕਿ ਸੰਸਾਰ ਹੈ, ਤਾਂ ਇਹ ਘੱਟੋ-ਘੱਟ ਇਤਨਾ ਪੁਰਾਤਨ ਜ਼ਰੂਰ ਹੈ, ਜਿਤਨੀ ਉਹ ਦੁਨੀਆਂ ਹੈ ਜਿਸ ਦਾ ਸਾਨੂੰ ਗਿਆਨ ਹੈ।[7] ਧਰਮ ਦਾ ਸੰਬੰਧ ਮਨੁੱਖ ਦੀਆਂ ਉਨ੍ਹਾਂ ਭਾਵਨਾਵਾਂ ਜਾਂ ਅੰਦਰੂਨੀ ਵਿਚਾਰਾਂ ਨਾਲ ਹੈ, ਜਿੰਨ੍ਹਾ ਦੇ ਪ੍ਰਗਟਾਅ ਸਦਕਾ ਹੀ ਮਨੁੱਖ ਦੀਆਂ ਵਿਵਹਾਰਿਕ ਕ੍ਰਿਆਵਾਂ ਨਿਰੰਤਰ ਜਾਰੀ ਰਹਿੰਦੀਆਂ ਹਨ। ਦੂਜੇ ਸ਼ਬਦਾਂ ਵਿਚ ਧਰਮ ਦਾ ਸੰਬੰਧ ਮਨੁੱਖ ਦੇ ਅੰਤਹਕਰਣ (ਮਨ) ਜਾਂ ਉਸ ਸੂਖਮ ਭਾਗ ਨਾਲ ਹੈ, ਜੋ ਮਨੁੱਖ ਦੀ ਵਿਵਹਾਰਿਕ ਕ੍ਰਿਆ ਦਾ ਮੁੱਖ ਕਾਰਨ ਹੈ। ਅੰਤਹਕਰਣ ਦਾ ਅਰਥ ਹੈ ਅੰਦਰਲਾ ਸੰਦ ਜਾਂ ਹਥਿਆਰ। ਇਸ ਵਿਚ ਮਨੁੱਖੀ ਚੇਤਨਾ ਦੇ ਵਿਭਿੰਨ ਰੂਪ ਆ ਜਾਂਦੇ ਹਨ। ਮਨੁੱਖੀ ਵਿਅਕਤਿਤਵ ਦੇ ਸਰੀਰ ਤੇ ਪ੍ਰਾਣ ਵਾਲੇ ਭਾਗ ਨੂੰ ਬਾਹਰਲਾ ਭਾਗ ਕਿਹਾ

ਜਾਂਦਾ ਹੈ 'ਤੇ ਚੇਤਨਾ ਦੇ ਵਿਭਿੰਨ ਰੂਪਾਂ ਵਾਲੇ ਭਾਗ ਨੂੰ ਅੰਦਰਲਾ ਭਾਗ ਜਾਂ ਅੰਤਹਕਰਣ ਮੰਨਿਆ ਜਾਂਦਾ ਹੈ।[8] ਸਹੀ ਅਰਥਾਂ ਵਿਚ ਧਰਮ ਇਕ ਅਜਿਹਾ ਸੂਖਮ, ਸੁਹਜਾਤਮਕ ਜਾਂ ਅਨੁਭਵੀ ਗਿਆਨ ਹੈ, ਜਿਸ ਦੀ ਪ੍ਰਾਪਤੀ ਨਿਰੋਲ ਵਿਸ਼ਵਾਸ, ਸ਼ਰਧਾ ਜਾਂ ਭਾਵਨਾਵਾਂ ਦੁਆਰਾ ਹੁੰਦੀ ਹੈ। ਧਰਮ ਮਨੁੱਖੀ ਬੌਧਿਕਤਾ ਤੋਂ ਪਰ੍ਹੇ ਦਾ ਵਿਸ਼ਾ ਹੈ, ਜਿਸ ਵਿਚ ਮਨੁੱਖੀ ਵਿਚਾਰਾਂ ਦੇ ਸੰਗ੍ਰਹਿ ਦੀ ਅਣਹੋਂਦ ਹੁੰਦੀ ਹੈ। ਇਸ ਲਈ ਸਿਆਣਪ, ਅਕਲ ਜਾਂ ਬੌਧਿਕ ਸੀਮਾ ਵਿਚ ਰਹਿ ਕੇ ਧਰਮ ਦੀ ਵਿਆਖਿਆ ਕਰਨੀ ਇਕ ਅਸੰਭਵ ਕਾਰਜ ਹੈ। **ਡਾ. ਦਰਸ਼ਨ ਸਿੰਘ ਅਨੁਸਾਰ,** ''ਵਿਆਖਿਆ, ਵਰਣਨ ਬੁੱਧੀ ਦੇ ਘੇਰੇ ਦਾ ਕਾਰਜ ਹੈ ਜਦੋਂ ਕਿ ਧਰਮ ਬੁੱਧੀ ਦੇ ਸੀਮਤ ਘੇਰੇ ਤੋਂ ਕਿਤੇ ਵਿਆਪਕ ਅਤੇ ਅਥਾਹ ਗਹਿਰਾਈਆਂ ਤੱਕ ਵਿਆਪਤ ਹੁੰਦਾ ਹੈ।''[9] ਇਸ ਕਥਨ ਤੋਂ ਇਹ ਸਪੱਸ਼ਟ ਹੁੰਦਾ ਹੈ, ਕਿ ਧਰਮ ਦਾ ਅਸਲ ਗਿਆਨ ਨਿਰੋਲ ਅਨੁਭਵ 'ਤੇ ਆਧਾਰਿਤ ਹੈ।

ਬੌਧਿਕਤਾ ਤੋਂ ਉਪਰ ਉਠ ਕੇ ਅਨੁਭਵ ਦੀ ਦੁਨੀਆਂ ਵਿਚ ਪ੍ਰਵੇਸ਼ ਹੀ ਧਰਮ ਦਾ ਸਹੀ ਗਿਆਨ ਹੈ। ਦੂਜੇ ਸ਼ਬਦਾਂ ਵਿਚ ਧਰਮ ਅਸਥੂਲ ਤੋਂ ਸੂਖਮ, ਅਕਾਰ ਤੋਂ ਨਿਰੰਕਾਰ, ਲੌਕਿਕ ਤੋਂ ਪਰਾਲੌਕਿਕ, ਕਾਲ ਤੋਂ ਅਕਾਲ, ਦ੍ਰਿਸ਼ਮਾਨ ਤੋਂ ਅਦ੍ਰਿਸ਼ਮਾਨ, ਕਿਸੇ ਅਜਿਹੀ ਪਰਮ ਸ਼ਕਤੀ ਦਾ ਗਿਆਨ ਹੈ, ਜੋ ਬੁੱਧੀ ਤੋਂ ਦੂਰ ਨਿਰੋਲ ਅਨੁਭਵ 'ਤੇ ਆਧਾਰਿਤ ਹੈ। ਧਰਮ ਦੇ ਇਨ੍ਹਾਂ ਤੱਥਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਧਰਮ ਨਾ ਕੇਵਲ ਮਨੁੱਖ ਬਲਕਿ ਉਸ ਤੋਂ ਪਰ੍ਹੇ ਸੰਪੂਰਨ ਬ੍ਰਹਿਮੰਡ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ, ਪਰ ਜਦੋਂ ਕਿ ਬ੍ਰਹਿਮੰਡ ਨਾਮਕ ਵਿਸ਼ੇ ਦੀ ਹੋਂਦ ਵੀ ਮਨੁੱਖੀ ਵਿਚਾਰਾਂ ਵਿਚੋਂ ਹੀ ਉਤਪੰਨ ਹੋਈ ਹੈ, ਇਸ ਲਈ ਧਰਮ ਦਾ ਵਿਸ਼ੇਸ਼ ਤੌਰ 'ਤੇ ਸੰਬੰਧ ਮਨੁੱਖੀ ਜੀਵਨ ਨਾਲ ਹੀ ਹੈ ਅਤੇ ਬੌਧਿਕ ਸੀਮਾ ਵਿਚ ਰਹਿ ਕੇ ਧਰਮ ਦੀ ਸਹੀ ਜਾਣਕਾਰੀ ਹਾਸਿਲ ਨਹੀਂ ਕੀਤੀ ਜਾ ਸਕਦੀ। **ਡਾ. ਜੋਧ ਸਿੰਘ ਦੇ ਸ਼ਬਦਾਂ ਵਿਚ,**'' ਅਨੰਤ ਪੂਰਨਤਾ ਵਿੱਚ ਲੀਨ ਹੋਣ ਲਈ ਕੇਵਲ ਬੌਧਿਕਤਾ ਦੀ ਆਧਾਰਭੂਮੀ ਉਤੇ ਟੇਕ ਰੱਖਣਾ ਅਵੱਸ਼ਕ ਨਹੀਂ ਹੈ, ਕਿਉਂਕਿ ਧਾਰਮਿਕ ਸੂਝ ਇੱਕ ਅਜਿਹੀ ਸੂਝ ਹੈ ਜਿਹੜੀ ਪਰਾਮਨੁੱਖੀ ਮੰਡਲਾਂ ਅਤੇ ਜੀਵਨ ਉਦੇਸ਼ਾਂ ਦੀ ਉਚਤਾ ਅਤੇ ਮਹੱਤਵ ਬਾਰੇ ਸੰਦੇਹ ਨਹੀਂ ਰਹਿਣ ਦਿੰਦੀ।[10] ਪਰੰਤੂ ਧਰਮ ਨੂੰ ਅਨੁਭਵ ਦੇ ਪੱਖ ਤੋਂ ਸਮਝਣ ਦਾ ਅਰਥ ਇਹ ਨਹੀਂ, ਕਿ ਇਸ ਦਾ ਮਨੁੱਖ ਦੇ ਲੌਕਿਕ ਜਾਂ ਦ੍ਰਿਸ਼ਮਾਨ ਜਗਤ ਨਾਲ ਕੋਈ ਸੰਬੰਧ ਨਹੀਂ ਹੈ, ਸਗੋਂ ਧਰਮ ਦਾ ਅਨੁਭਵ

ਇਕ ਅਜਿਹਾ ਵਿਸ਼ਾਲ ਅਨੁਭਵ ਹੈ, ਜਿਸ ਦੀ ਸ਼ੁਰੂਆਤ ਮਨੁੱਖ ਦੇ ਦ੍ਰਿਸ਼ਮਾਨ ਜਗਤ ਤੋਂ ਹੁੰਦੀ ਹੈ। ਕਿਸੇ ਮਨੁੱਖ ਦੁਆਰਾ ਵਿਵਹਾਰਿਕ ਜੀਵਨ ਵਿਚ ਅਪਣਾਏ ਜਾਣ ਵਾਲੇ ਨੈਤਿਕ ਗੁਣ ਧਰਮ ਦੇ ਇਸ ਵਿਸ਼ਾਲ ਅਨੁਭਵ ਨੂੰ ਮਾਨਣ ਵਿਚ ਸਹਾਈ ਸਿੱਧ ਹੁੰਦੇ ਹਨ। ਧਰਮ ਦਾ ਵਿਸ਼ਾਲ ਅਨੁਭਵ ਮਨੁੱਖ ਦੇ ਨਿਤਾ-ਪ੍ਰਤੀ ਸੱਚੇ ਅਤੇ ਸੁਚੱਜੇ ਜੀਵਨ ਦੇ ਸਿੱਟੇ ਵਿਚੋਂ ਨਿਕਲੇ ਅਨੁਭਵਾਂ ਵਿਚੋਂ ਦੀ ਗੁਜਰ ਕੇ ਹੀ ਜਨਮ ਲੈਂਦਾ ਹੈ ਅਤੇ ਮਨੁੱਖ ਦੇ ਸਮੁੱਚੇ ਜੀਵਨ ਨੂੰ ਸੇਧ ਪ੍ਰਦਾਨ ਕਰਦਾ ਹੈ। ਦੂਜੇ ਸ਼ਬਦਾਂ ਵਿਚ ਮਨੁੱਖ ਦੇ ਲੌਕਿਕ ਜਗਤ ਵਿਚ ਨੈਤਿਕ ਗੁਣਾਂ ਦੀ ਹੋਂਦ ਹੀ ਉਸ ਨੂੰ ਪਰਾਲੌਕਿਕ ਜਾਂ ਧਾਰਮਿਕ ਜਗਤ ਦੇ ਰਹੱਸਮਈ ਅਨੁਭਵਾਂ ਦਾ ਅਨੰਦ ਮਾਨਣ ਵਿਚ ਸਹਾਇਤਾ ਕਰਦੀ ਹੈ। ਧਰਮ ਇਕ ਅਜਿਹਾ ਰਸਤਾ ਹੈ, ਜੋ ਅਪੂਰਨਤਾ ਤੋਂ ਸ਼ੁਰੂ ਹੋ ਕੇ ਪੂਰਨਤਾ ਵੱਲ ਭਾਵ ਲੌਕਿਕ ਜਗਤ ਤੋਂ ਪਰਾਲੌਕਿਕ ਜਗਤ ਵੱਲ ਜਾਂਦਾ ਹੈ।

ਲੌਕਿਕ ਜਗਤ ਨੂੰ ਮੁੱਖ ਰੱਖਦੇ ਹੋਏ ਮਨੁੱਖੀ ਬੌਧਿਕਤਾ ਵਿਚ ਨੈਤਿਕ ਗੁਣਾਂ ਨੂੰ ਗ੍ਰਹਿਣ ਕਰਨ ਦੀ ਚਾਹਣਾ ਧਰਮ ਦੀ ਹੀ ਦੇਣ ਹੈ ਅਤੇ ਨੈਤਿਕ ਗੁਣਾਂ ਸਦਕਾ ਬੁੱਧੀ ਤੋਂ ਉਪਰ ਉਠ ਕੇ ਧਰਮ ਦੀ ਅਸੀਮ ਦੁਨੀਆਂ ਵਿੱਚ ਦਾਖਲਾ ਲੈਣ ਦੀ ਪ੍ਰੇਰਣਾ ਕੇਵਲ ਨੀਤੀ-ਸ਼ਾਸਤਰ 'ਤੇ ਅਧਾਰਿਤ ਹੈ। **ਕਾਂਤ ਅਨੁਸਾਰ,** ਧਰਮ ਨੈਤਿਕਤਾ ਹੈ ਉਸ ਦਾ ਵਿਚਾਰ ਹੈ ਕਿ ''ਆਪਣੇ ਸਾਰੇ ਨੈਤਿਕ ਫਰਜ਼ਾਂ ਨੂੰ ਰੱਬੀ ਹੁਕਮ ਮੰਨਣਾ 'ਧਰਮ' ਅਖਵਾਉਂਦਾ ਹੈ।''[11] ਧਰਮ ਅਤੇ ਨੀਤੀ-ਸ਼ਾਸਤਰ ਦਾ ਪਰਸਪਰ ਸਾਂਝਾ ਉਦੇਸ਼ ਕੇਵਲ ਮਨੁੱਖ ਦੀ ਭਲਾਈ ਜਾਂ ਉਤਮਤਾ ਨਾਲ ਸੰਬੰਧਿਤ ਹੈ। ਜਿਸ ਤਰ੍ਹਾਂ ਪਰਮ ਸ਼ੁੱਭ ਜਾਂ ਨੇਕੀ ਨੀਤੀ-ਸ਼ਾਸਤਰ ਦੇ ਪ੍ਰਮੁੱਖ ਸਿਧਾਂਤ ਹਨ, ਉਸੇ ਤਰ੍ਹਾਂ ਧਰਮ ਵੀ ਮਨੁੱਖ ਨੂੰ ਨੇਕੀ ਅਤੇ ਸਦਗੁਣਾਂ ਨਾਲ ਭਰੇ ਜੀਵਨ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਦਿੰਦਾ ਹੈ। **ਡਾ. ਵਜ਼ੀਰ ਸਿੰਘ ਅਨੁਸਾਰ,** ''ਧਰਮ ਅਤੇ ਨੈਤਕਤਾ, ਦੋਹਾਂ ਨੇ ਨਿਆਂਕਾਰੀ ਦੇ ਗੁਣ ਦੀ ਮਹੱਤਤਾ ਦ੍ਰਿੜਾਈ ਹੈ।''[12]

ਮਨੁੱਖ ਦੀਆਂ ਕਿਰਿਆਵਾਂ, ਜੇ ਕਿਸੇ ਵਿਸ਼ੇਸ਼ ਕਾਨੂੰਨ ਜਾਂ ਨਿਯਮਾਵਲੀ ਅਨੁਸਾਰ ਹੋਣ ਤਾਂ ਉਹ ਨੈਤਿਕ ਹਨ। ਆਮ ਤੌਰ 'ਤੇ ਇਨ੍ਹਾਂ ਨਿਯਮਾਂ ਜਾਂ ਕਾਨੂੰਨ ਨੂੰ ਧਰਮ ਦੇ ਰੂਪ ਵਿਚ ਬਿਆਨਿਆ ਜਾਂਦਾ ਹੈ। ਜੋ ਕਿਸੇ ਧਰਮ ਬਾਨੀ ਜਾਂ ਸੰਸਥਾਪਕ ਦੁਆਰਾ ਸਿਰਜੇ ਗਏ ਹੁੰਦੇ ਹਨ। ਇਨ੍ਹਾਂ ਨਿਯਮਾਂ ਜਾਂ ਕਾਨੂੰਨਾਂ ਅਨੁਸਾਰ ਚੱਲਣ ਵਾਲਾ 'ਸਹੀ' ਅਤੇ ਉਲੰਘਣਾ ਕਰਨ ਵਾਲਾ 'ਗ਼ਲਤ' ਅਖਵਾਉਂਦਾ ਹੈ। ਨੀਤੀ-ਸ਼ਾਸਤਰ ਦਾ ਅਧਾਰ ਜਾਂ ਸੋਮਾ ਜ਼ਿਆਦਾਤਰ ਧਰਮ

ਨੂੰ ਹੀ ਮੰਨਿਆ ਜਾਂਦਾ ਹੈ। ਕਈ ਵਾਰੀ ਇਹ ਨਿਯਮ ਜਾਂ ਕਾਨੂੰਨ ਸਮਾਜਿਕ ਰੀਤੀ-ਰਿਵਾਜ਼ਾਂ ਤੋ ਲਏ ਜਾਂਦੇ ਹਨ, ਜਿਨ੍ਹਾਂ ਨੂੰ ਸਮਾਜ ਦੇ ਵੱਡੇ-ਵਡੇਰਿਆਂ ਨੇ ਨਿਰਧਾਰਤ ਕੀਤਾ ਹੁੰਦਾ ਹੈ। ਧਾਰਮਿਕ ਅਵਤਾਰਾਂ ਜਾਂ ਸਮਾਜਿਕ ਸੰਸਥਾਪਕਾਂ ਵੱਲੋਂ ਨਿਰਧਾਰਤ ਕੀਤੇ ਨੈਤਿਕ ਨਿਯਮਾਂ ਨੂੰ ਉਨ੍ਹਾਂ ਨਿਯਮਾਂ ਦੇ ਅਨੁਯਾਈ ਦੇ ਆਚਰਨ ਪੱਖੋਂ ਉਸ ਦੁਆਰਾ ਉਸਦੀ ਪ੍ਰਾਪਤੀ ਜਾਂ ਅਪ੍ਰਾਪਤੀ ਦੁਆਰਾ ਪਰਖਿਆ ਜਾਂਦਾ ਹੈ। ਧਾਰਮਿਕ ਨੀਤੀ-ਸ਼ਾਸਤਰ ਅਨੁਸਾਰ ਆਤਮਿਕ ਅਨੰਦ ਸਦੀਵੀ ਹੈ ਅਤੇ ਇਹੀ ਪਰਮ ਆਦਰਸ਼ ਹੈ। ਜਦੋਂ ਕਿ ਪਦਾਰਥਵਾਦੀ ਚਿੰਤਕ ਕੇਵਲ ਇੰਦਰੀ ਰਸ ਨੂੰ ਪਰਮ ਆਦਰਸ਼ ਸਵੀਕਾਰਦੇ ਹਨ। ਹਰ ਇਕ ਧਰਮ ਇਹ ਚਾਹੁੰਦਾ ਹੈ, ਕਿ ਅਨੈਤਿਕ ਜੀਵਨ ਨੂੰ ਤਿਆਗ ਕੇ ਨੈਤਿਕਤਾ ਨਾਲ ਭਰਪੂਰ ਜੀਵਨ ਨੂੰ ਗ੍ਰਹਿਣ ਕੀਤਾ ਜਾਵੇ। ਧਰਮ ਅਤੇ ਨੀਤੀ-ਸ਼ਾਸਤਰ ਦੋਨੋਂ ਹੀ ਮਨੁੱਖੀ ਜੀਵਨ ਦੀਆਂ ਬੁਨਿਆਦੀ ਲੋੜਾਂ ਹਨ, ਜਿਨ੍ਹਾਂ ਦੁਆਰਾ ਮਨੁੱਖ ਆਦਰਸ਼ਕ ਜੀਵਨ-ਜਾਚ ਸਿੱਖਦਾ ਹੈ।

ਇਤਿਹਾਸਕ ਦ੍ਰਿਸ਼ਟੀ ਤੋਂ ਵੀ ਅਨੇਕਾਂ ਅਜਿਹੇ ਪ੍ਰਮਾਣ ਮਿਲਦੇ ਹਨ, ਜੋ ਧਰਮ ਅਤੇ ਨੀਤੀ-ਸ਼ਾਸਤਰ ਦੀ ਪਰਸਪਰ ਸਾਂਝ ਉਤੇ ਚਾਨਣਾ ਪਾਉਂਦੇ ਹਨ। ਧਰਮ ਅਤੇ ਨੀਤੀ ਸ਼ਾਸਤਰ ਦੇ ਪਰਸਪਰ ਸੰਬੰਧ ਇਸ ਗੱਲ ਦਾ ਪ੍ਰੱਤਖ ਪ੍ਰਮਾਣ ਹਨ ਕਿ ਇਹ ਦੋਵੇਂ ਹੀ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਜਿਸ ਤਰ੍ਹਾਂ ਧਰਮ ਨੂੰ ਨੀਤੀ-ਸ਼ਾਸਤਰ ਦੀ ਲੋੜ ਹੈ, ਉਸੇ ਤਰ੍ਹਾਂ ਨੀਤੀ-ਸ਼ਾਸਤਰ ਵੀ ਧਰਮ ਤੋਂ ਸੁਤੰਤਰ ਹੋ ਕੇ ਆਪਣੇ ਸਿਧਾਂਤਾਂ ਦਾ ਸਪੱਸ਼ਟੀਕਰਨ ਨਹੀਂ ਦੇ ਸਕਦਾ। ਧਰਮ ਮਨੁੱਖ ਨੂੰ ਨੈਤਿਕਤਾ ਦੇ ਰਸਤੇ ਉਪਰ ਤੋਰਨ ਦਾ ਇਕ ਉਤਮ ਸਾਧਨ ਹੈ, ਅਤੇ ਨੈਤਿਕਤਾ ਧਰਮ ਦੇ ਅੰਤਿਮ ਉਦੇਸ਼ ਦੀ ਪ੍ਰਾਪਤੀ ਦਾ ਇਕ ਉਤਮ ਵਸੀਲਾ ਹੈ। ਧਾਰਮਿਕ ਖੇਤਰ ਵਿਚ ਧਰਮ ਅਤੇ ਨੈਤਿਕਤਾ ਇਕ ਦੂਸਰੇ ਦੇ ਨਾਲ-ਨਾਲ ਰਹਿੰਦੇ ਹਨ। ਅਸੀਂ ਵੇਖਦੇ ਹਾਂ ਕਿ ਹਰ ਧਰਮ ਦਾ ਮੁੱਖ ਉਦੇਸ਼ ਨੈਤਿਕ ਜਾਂ ਸਦਾਚਾਰਕ ਕਸੌਟੀ ਹੈ। ਕੋਈ ਵੀ ਧਰਮ ਕਿਸੇ ਪਵਿੱਤਰ 'ਤੇ ਉਚਤਮ ਅਸੂਲਾਂ ਦੇ ਆਸਰੇ ਮਨੁੱਖ ਨੂੰ ਜੀਵਨ ਦੀ ਅੰਤਿਮ ਸੱਚਾਈ ਦਾ ਗਿਆਨ ਕਰਵਾਉਣ ਵਿਚ ਸਹਾਈ ਹੁੰਦਾ ਹੈ। ਇਤਿਹਾਸ ਗਵਾਹ ਹੈ ਕਿ ਕੇਵਲ ਉਹੀ ਧਰਮ ਜ਼ਿਆਦਾ ਸਤਿਕਾਰਿਆ ਅਤੇ ਪਿਆਰਿਆ ਗਿਆ ਹੈ ਜਿਸ ਦੇ ਨਿਯਮ ਨੈਤਿਕ ਨਿਯਮਾਂ ਦੀ ਕਸੌਟੀ 'ਤੇ ਪੂਰੇ ਉਤਰਦੇ ਹੋਣ। ਸਾਰਿਆਂ ਧਰਮਾਂ ਵਿਚ ਚੰਗਿਆਈਆਂ ਅਤੇ ਬੁਰਾਈਆਂ ਨੈਤਿਕ ਨਿਯਮਾਂ 'ਤੇ ਹੀ ਪਰਖੀਆਂ ਜਾਂਦੀਆਂ ਹਨ।[13] ਪਰੰਤੂ

ਧਰਮ ਅਤੇ ਨੀਤੀ-ਸ਼ਾਸਤਰ ਵਿਚ ਇੰਨੀ ਸਾਂਝ ਦੇ ਬਾਵਜੂਦ ਵੀ ਇਨ੍ਹਾਂ ਵਿਚ ਕੁਝ ਵਿਲੱਖਣਤਾਵਾਂ ਪਾਈਆਂ ਜਾਂਦੀਆਂ ਹਨ। ਉਹ ਇਹ ਹਨ ਕਿ ਧਰਮ ਕੇਵਲ ਵਿਸ਼ਵਾਸ ਅਤੇ ਸ਼ਰਧਾ ਦੇ ਰਸਤੇ 'ਤੇ ਤੋਰ ਕੇ, ਜੀਵਨ ਲਕਸ਼ ਨੂੰ ਪ੍ਰਾਪਤ ਕਰਨ ਦੀ ਪ੍ਰੇਰਣਾ ਦਿੰਦਾ ਹੈ, ਜਦੋਂ ਕਿ ਨੀਤੀ-ਸ਼ਾਸਤਰ ਤਰਕ ਜਾਂ ਦਲੀਲ ਦੁਆਰਾ ਸਹੀ ਜਾਂ ਗ਼ਲਤ ਦੀ ਪ੍ਰੋੜ੍ਹਤਾ ਕਰਦਾ ਹੈ। ਨੀਤੀ-ਸ਼ਾਸਤਰ ਧਰਮ ਦੀ ਤਰ੍ਹਾਂ ਆਮ ਪ੍ਰਵਾਨਿਤ ਰਸਤੇ ਨੂੰ ਨਹੀਂ ਚੁਣਦਾ, ਬਲਕਿ ਮਨੁੱਖ ਨੂੰ ਆਪਣੀ ਇੱਛਾ ਅਨੁਸਾਰ ਕੀਤੇ ਕਰਮਾਂ ਨੂੰ ਸੋਚਣ ਵਿਚਾਰਨ ਦਾ ਮੌਕਾ ਪ੍ਰਦਾਨ ਕਰਦਾ ਹੈ ਅਤੇ ਉਨ੍ਹਾਂ ਦਾ ਨਿਰੀਖਣ ਕਰਕੇ ਆਪਣੀ ਇੱਛਾ ਅਨੁਸਾਰ ਸਹੀ ਜਾਂ ਗ਼ਲਤ ਨੂੰ ਪਛਾਨਣ ਦੀ ਪ੍ਰੇਰਣਾ ਦਿੰਦਾ ਹੈ। **ਡਾ. ਜਗਬੀਰ ਸਿੰਘ ਅਨੁਸਾਰ,** ''ਧਰਮ ਦਾ ਕੇਂਦਰ ਦੈਵੀ ਸੱਤਾ (The Divine) ਹੈ ਜਦੋਂ ਕਿ ਨੈਤਿਕਤਾ ਦਾ ਕੇਂਦਰ ਮਨੁੱਖੀ ਆਚਾਰ ਅਤੇ ਚਰਿਤ੍ਰ ਹੈ।''[14] ਪਰੰਤੂ, ਬੇਸ਼ੱਕ ਧਰਮ ਦਾ ਕੇਂਦਰ ਜਾ ਉਦੇਸ਼ ਦੈਵੀ ਸੱਤਾ ਹੈ, ਪਰ ਉਸ ਨੂੰ ਹਾਸਿਲ ਕਰਨ ਜਾਂ ਉਸ ਦੀ ਪ੍ਰਾਪਤੀ ਦਾ ਮੁੱਖ ਸਾਧਨ ਧਰਮ, ਮਨੁੱਖ ਦੇ ਸ਼ੁੱਭ ਚਰਿਤ੍ਰ ਜਾਂ ਆਚਾਰ ਨੂੰ ਹੀ ਮੰਨਦਾ ਹੈ। ਕਿਉਂਕਿ ਚੰਗੇ ਗੁਣਾਂ ਜਾਂ ਸਦਾਚਾਰਕ ਕੀਮਤਾਂ ਦੀ ਅਣਹੋਂਦ ਵਿਚ ਦੈਵੀ ਸੱਤਾ ਤਕ ਪਹੁੰਚਣਾ ਅਸੰਭਵ ਹੈ। ਇਸ ਲਈ ਧਰਮ ਅਤੇ ਨੀਤੀ-ਸ਼ਾਸਤਰ ਦੋਨੋਂ ਹੀ ਇਕ-ਦੂਜੇ ਦੇ ਪੂਰਕ ਹੋ ਨਿਬੜਦੇ ਹਨ।

## 2.2 ਧਰਮ ਅਧਾਰਿਤ ਨੀਤੀ-ਸ਼ਾਸਤਰ ਅਤੇ ਸਮਾਜ

ਧਰਮ ਅਧਾਰਿਤ ਨੀਤੀ-ਸ਼ਾਸਤਰ ਦਾ ਸੰਬੰਧ ਮਨੁੱਖ ਦੇ ਅਮਲੀ ਜਾਂ ਵਿਵਹਾਰਿਕ ਜੀਵਨ ਨਾਲ ਹੈ, ਜਿਸ ਵਿਚ ਮਨੁੱਖ ਦੇ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਰਾਜਨੀਤਿਕ ਹਾਲਾਤਾਂ ਨੂੰ ਸਹੀ ਸੇਧ ਪ੍ਰਦਾਨ ਕਰਕੇ 'ਆਦਰਸ਼ਕ ਜੀਵਨ' ਨੂੰ ਗ੍ਰਹਿਣ ਕਰਨ ਦੀ ਜਾਂਚ ਸਿਖਾਈ ਜਾਂਦੀ ਹੈ। ਦੂਜੇ ਸ਼ਬਦਾਂ ਵਿਚ ਧਰਮ ਅਧਾਰਿਤ ਨੀਤੀ-ਸ਼ਾਸਤਰ ਦਾ ਮੁੱਖ ਕਾਰਜ ਮਨੁੱਖ ਦੇ ਸਮੁੱਚੇ ਜੀਵਨ ਦੀ ਅਗਵਾਈ ਕਰਨਾ ਹੈ। ਧਰਮ ਅਧਾਰਿਤ ਨੀਤੀ-ਸ਼ਾਸਤਰ ਦੀ ਗ੍ਰਹਿਣਤਾ ਹੀ 'ਆਦਰਸ਼ਵਾਦੀ ਜੀਵਨ' ਦੀ ਸਿਖਲਾਈ ਹੈ। ਧਰਮ ਅਧਾਰਿਤ ਨੀਤੀ-ਸ਼ਾਸਤਰ ਨੂੰ ਸਮਾਜਿਕ ਸੰਦਰਭ ਵਿਚ ਸਮਝਣ ਲਈ ਪਹਿਲਾਂ ਧਰਮ ਅਤੇ ਨੀਤੀ-ਸ਼ਾਸਤਰ ਨੂੰ ਵੱਖ-ਵੱਖ ਰੂਪਾਂ ਵਿਚ ਵੰਡ ਕੇ ਸਮਾਜਿਕ ਅਰਥਾਂ ਵਿਚ ਸਮਝਣ ਦੀ ਜ਼ਰੂਰਤ ਹੈ। ਇਹ ਗੱਲ ਸਪੱਸ਼ਟ ਹੈ ਕਿ ਮਨੁੱਖ ਇਕ ਸਮਾਜਿਕ ਜੀਵ ਹੈ। ਸਮਾਜਿਕ ਜੀਵ ਹੋਣ ਦੇ ਨਾਤੇ ਮਨੁੱਖ

ਸਮਾਜ ਵਿਚ ਹੀ ਜੰਮਦਾ, ਪਲਦਾ 'ਤੇ ਵੱਡਾ ਹੁੰਦਾ ਹੈ। ਸਮਾਜ ਰੂਪੀ ਸਕੂਲ ਵਿਚ ਪੜ੍ਹ ਕੇ ਹੀ ਮਨੁੱਖ ਧਰਮ ਅਧਾਰਿਤ ਨੀਤੀ-ਸ਼ਾਸਤਰ ਜਾਂ ਧਰਮ ਵਿਚਲੇ ਨੈਤਿਕ ਸਿਧਾਂਤਾਂ ਨੂੰ ਸਮਝਣ ਜਾਂ ਗ੍ਰਹਿਣ ਕਰਨ ਦੇ ਯੋਗ ਹੁੰਦਾ ਹੈ। ਜਿਸ ਤਰ੍ਹਾਂ ਧਰਮ ਅਤੇ ਨੀਤੀ-ਸ਼ਾਸਤਰ ਦੀ ਪਰਸਪਰ ਸਾਂਝ ਉਨ੍ਹਾਂ ਨੂੰ ਇਕ ਹੀ ਕਟਹਿਰੇ ਵਿਚ ਖੜ੍ਹਾ ਕਰ ਦਿੰਦੀ ਹੈ, ਉਸੇ ਤਰ੍ਹਾਂ ਧਰਮ ਅਤੇ ਸਮਾਜ ਵੀ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਕਿਸੇ ਧਰਮ ਦੀ ਪਹਿਚਾਣ ਦਾ ਸਹੀ ਕੇਂਦਰ ਉਸ ਨਾਲ ਸੰਬੰਧਿਤ ਸਮਾਜ ਵਿਚ ਰਹਿਣ ਵਾਲੇ ਲੋਕਾਂ ਦਾ ਚਾਲ-ਚਲਣ ਜਾਂ ਅਨੁਸ਼ਾਸਨ ਹੁੰਦਾ ਹੈ। ਜੀਵਤ ਧਰਮ ਦੀ ਪਹਿਚਾਣ, ਉਸ ਦੇ ਸਮਾਜਿਕ ਜੀਵਨ ਵਿਚਲੇ ਮਹੱਤਵ ਕਰਕੇ ਹੁੰਦੀ ਹੈ।[15] ਕਿਸੇ ਸਮਾਜ ਦੀ ਬਣਾਵਟ ਉਸ ਵਿਚ ਪ੍ਰਚਲਿਤ ਰਸਮਾਂ-ਰਿਵਾਜ਼ਾਂ ਜਾਂ ਸਭਿਆਚਾਰਕ ਸੰਸਕ੍ਰਿਤੀ ਦੁਆਰਾ ਘੜੀ ਜਾਂਦੀ ਹੈ। ਪਰ ਉਸ ਸਮਾਜ ਦੇ ਰਸਮ-ਰਿਵਾਜ਼ ਜਾਂ ਸਭਿਆਚਾਰਕ ਸੰਸਕ੍ਰਿਤੀ ਕਿਸ ਹੱਦ ਤੱਕ ਸਹੀ ਜਾਂ ਗ਼ਲਤ ਹਨ, ਇਸ ਗੱਲ ਦਾ ਨਿਰਣਾ ਧਰਮ ਜਾਂ ਨੀਤੀ-ਸ਼ਾਸਤਰ ਦੁਆਰਾ ਹੁੰਦਾ ਹੈ। ਸਮਾਜ ਦੁਆਰਾ ਕੇਵਲ ਉਸ ਧਰਮ ਦੀ ਹੋਂਦ ਜਾਂ ਪ੍ਰਮਾਣਿਕਤਾ ਨੂੰ ਹੀ ਸਵੀਕਾਰ ਕੀਤਾ ਜਾਂਦਾ ਹੈ, ਜੋ ਕਿਸੇ ਸਮਾਜ ਨੂੰ ਸਦਾਚਾਰਕ ਕੀਮਤਾਂ ਅਧੀਨ ਰੱਖ ਕੇ ਅਨੁਸ਼ਾਸਨ ਵਿਚ ਰਹਿਣ ਦੀ ਜਾਂਚ ਸਿਖਾਉਂਦਾ ਹੈ ਅਤੇ ਆਦਰਸ਼ ਸਮਾਜ ਨੂੰ ਸਿਰਜਣ ਦੇ ਸਮਰੱਥ ਜਾਂ ਕਾਬਿਲ ਹੁੰਦਾ ਹੈ।

ਧਰਮ ਦੀ ਤਰ੍ਹਾਂ ਨੈਤਿਕਤਾ ਵੀ ਆਦਿ ਮਨੁੱਖ ਦੇ ਇਤਿਹਾਸਕ ਦੌਰ ਤੋਂ ਹੀ ਸਮਾਜ ਨਾਲ ਜੁੜੀ ਹੋਈ ਹੈ। ਨੈਤਿਕ ਨਿਯਮਾਂ ਜਾਂ ਸਮੱਸਿਆਵਾਂ ਦੀ ਹੋਂਦ ਦਾ ਕਾਰਨ ਕੇਵਲ ਸਮਾਜ ਹੀ ਹੈ। ਨੀਤੀ-ਸ਼ਾਸਤਰ ਦਾ ਵਿਸ਼ਾ ਕੇਵਲ ਸਮਾਜ ਵਿਚ ਹੀ ਉਪਜਦਾ ਜਾਂ ਵਿਕਸਿਤ ਹੁੰਦਾ ਹੈ। ਨੈਤਿਕਤਾ ਵਿਅਕਤੀ ਅਤੇ ਸਮਾਜ ਦੇ ਆਪਸੀ ਸੰਬੰਧਾਂ ਨੂੰ ਬਣਾਏ ਰੱਖਣ ਦਾ ਉਤਮ ਸਾਧਨ ਜਾਂ ਵਸੀਲਾ ਹੈ। ਨੀਤੀ-ਸ਼ਾਸਤਰ ਦਾ ਮੂਲ ਸੰਬੰਧ ਸਮਾਜ ਵਿਚ ਰਹਿੰਦੇ ਵਿਅਕਤੀ ਦੀ ਸ਼ਖ਼ਸੀਅਤ ਨਾਲ ਹੈ, ਜਿਸ ਨੂੰ ਸੁਧਾਰ ਕੇ ਵਿਕਸਿਤ ਕਰਨਾ ਅਤੇ ਨਿਰੰਤਰ ਗਤੀਸ਼ੀਲਤਾ ਬਣਾਏ ਰੱਖਣ ਦੀ ਜ਼ਿੰਮੇਵਾਰੀ ਨੀਤੀ-ਸ਼ਾਸਤਰ ਆਪਣੇ ਸਿਰ ਲੈਂਦਾ ਹੈ। ਕਿਸੇ ਮਨੁੱਖ ਦੇ ਨੈਤਿਕ ਮਾਪਦੰਡ ਨੂੰ ਜਾਂਚਣ ਲਈ, ਉਸ ਨਾਲ ਸੰਬੰਧਿਤ ਸਮਾਜਿਕ ਪ੍ਰਬੰਧ ਦਾ ਨਿਰੀਖਣ ਜਾਂ ਵਿਸ਼ਲੇਸ਼ਣ ਵੀ ਜ਼ਰੂਰੀ ਹੈ। ਧਰਮ ਦੀ ਤਰ੍ਹਾਂ ਨੀਤੀ-ਸ਼ਾਸਤਰ ਦਾ ਉਦੇਸ਼ ਵੀ ਇਹ ਹੀ ਹੈ ਕਿ ਮਨੁੱਖ ਸਮਾਜਿਕ ਜੀਵਨ ਵਿਚ ਇਕ ਜ਼ਿੰਮੇਵਾਰ ਵਿਅਕਤੀ ਦੇ ਰੂਪ ਵਿਚ

ਵਿਚਰੇ। ਉਹ ਕੇਵਲ ਨਿੱਜੀ ਜੀਵਨ ਨਾਲ ਸੰਬੰਧਿਤ ਸੋਚ ਤੋਂ ਉਪਰ ਉਠ ਕੇ ਭਾਈਚਾਰਕ ਅਤੇ ਸਾਂਝਾਂ-ਭਰੇ ਜੀਵਨ ਵਿਚ ਵਿਸ਼ਵਾਸ ਰੱਖੇ। ਇਸ ਵਿਚ ਕੋਈ ਸ਼ੱਕ ਨਹੀਂ ਹੈ, ਕਿ ਧਰਮ ਅਧਾਰਿਤ ਨੀਤੀ-ਸ਼ਾਸਤਰ ਦਾ ਮੂਲ ਕੇਂਦਰ ਅਧਿਆਤਮਿਕ ਜੀਵਨ ਜਾਂ ਆਤਮਿਕ ਵਿਕਾਸ ਹੈ, ਪਰ ਇਸ ਸਫ਼ਰ ਨੂੰ ਤੈਅ ਕਰਨ ਵਿਚ ਅਤੇ ਅੰਤਿਮ ਮੁਕਾਮ ਨੂੰ ਹਾਸਿਲ ਕਰਨ ਲਈ ਧਰਮ ਅਧਾਰਿਤ ਨੀਤੀ-ਸ਼ਾਸਤਰ ਸਭ ਤੋਂ ਪਹਿਲਾਂ ਇਕ 'ਆਦਰਸ਼ ਸਮਾਜ' ਦਾ ਸੰਕਲਪ ਰੱਖਦਾ ਹੈ। ਧਰਮ ਦਾ ਸਭ ਤੋਂ ਵੱਡਾ ਪ੍ਰਭਾਵ ਮਨੁੱਖੀ ਸਮਾਜ ਉਤੇ ਸਦਾਚਾਰ ਦੇ ਖੇਤਰ ਵਿਚ ਪਿਆ ਹੈ। ਪਰਾ-ਮਨੁੱਖੀ ਸ਼ਕਤੀ ਦੀ ਹੋਂਦ ਦੇ ਯਕੀਨ ਦਾ ਅਸਰ ਇਹ ਹੁੰਦਾ ਹੈ ਕਿ ਮਨੁੱਖੀ ਜੀਵਨ ਇਕ ਪਵਿੱਤਰ ਚੀਜ਼ ਸਮਝੀ ਜਾਣ ਲੱਗ ਪੈਂਦੀ ਹੈ, ਜਿਸ ਦੇ ਫ਼ਲ ਰੂਪ ਸਮਾਜ ਕਾਇਮ ਹੁੰਦਾ ਹੈ। ਵਿਅਕਤੀਵਾਦ ਖ਼ਤਮ ਹੋ ਜਾਂਦਾ ਹੈ ਅਤੇ ਸਦਾਚਾਰਕ ਨਿਯਮ ਬਣਦੇ ਹਨ।[16]

ਧਰਮ ਅਧਾਰਿਤ ਨੀਤੀ-ਸ਼ਾਸਤਰ ਜਾਂ ਧਾਰਮਿਕ ਸਦਾਚਾਰਕ ਕੀਮਤਾਂ ਦੀ ਅਣਹੋਂਦ ਵਿਚ ਆਦਰਸ਼ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਕਿਉਂਕਿ ਬਚਪਨ ਤੋਂ ਹੀ ਮਨੁੱਖ ਆਪਣੇ ਸਮਾਜ ਨਾਂਲ ਸੰਬੰਧਿਤ ਧਰਮ ਵਿਚਲੇ ਨੈਤਿਕ ਸਿਧਾਂਤਾਂ ਦੀ ਪਾਲਣਾ ਕਰਨ ਨੂੰ ਆਪਣਾ ਬੁਨਿਆਦੀ ਫਰਜ਼ ਸਮਝਦਾ ਹੈ। ਇਸੇ ਧਰਮ ਦੀ ਅਧੀਨਗੀ ਵਿਚ ਮਨੁੱਖ ਨੈਤਿਕ ਕੀਮਤਾਂ ਨੂੰ ਸਮਝਦਾ ਹੋਇਆ ਆਪਣੇ ਵਿਵਹਾਰਿਕ ਜੀਵਨ ਵਿਚ ਢਾਲਦਾ ਹੈ, ਅਤੇ ਸਮਾਜ ਪ੍ਰਤੀ ਆਪਣੇ ਨੈਤਿਕ ਫਰਜ਼ਾਂ ਨੂੰ ਜ਼ਿੰਮੇਵਾਰੀ ਸਹਿਤ ਨਿਭਾਉਂਦਾ ਹੈ। ਇਸ ਤਰ੍ਹਾਂ ਧਰਮ ਅਧਾਰਿਤ ਨੀਤੀ-ਸ਼ਾਂਸਤਰ ਸਮਾਜਿਕ ਅਤੇ ਅਧਿਆਤਮਿਕ ਜੀਵਨ ਦਾ ਅਜਿਹਾ ਅਦੁੱਤੀ ਸੁਮੇਲ ਹੈ, ਜਿਸ ਵਿਚ ਰਹਿ ਕੇ ਮਨੁੱਖ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਂਦਾ ਹੋਇਆ, ਅਧਿਆਤਮਿਕਤਾ ਦੇ ਮਾਰਗ ਉਤੇ ਚਲਣਾ ਸਿੱਖਦਾ ਹੈ, ਅਤੇ ਜੀਵਨ ਦੇ ਅੰਤਿਮ ਲਕਸ਼ ਦੀ ਪ੍ਰਾਪਤੀ ਕਰਦਾ ਹੈ। ਧਰਮ ਅਧਾਰਿਤ ਨੀਤੀ-ਸ਼ਾਸਤਰ ਦੇ ਅਧਿਐਨ ਦੌਰਾਨ ਮਨੁੱਖ ਦੇ ਸਮਾਜਿਕ ਜੀਵਨ ਵਿਚ ਇਸ ਦੇ ਯੋਗਦਾਨ ਨੂੰ ਮੁੱਖ ਰੱਖਦੇ ਹੋਏ ਸੰਖੇਪ ਵਿਚ ਚਰਚਾ ਕਰਨੀ ਜ਼ਰੂਰੀ ਬਣਦੀ ਹੈ, ਕਿਉਂਕਿ ਸਾਡੇ ਅਧਿਐਨ ਦਾ ਵਿਸ਼ਾ ਮਨੁੱਖ ਦੇ ਸਮਾਜਿਕ ਜੀਵਨ ਨਾਲ ਸੰਬੰਧ ਰੱਖਦਾ ਹੈ। ਭੌਤਿਕ ਜਗਤ ਵਿਚ ਮਨੁੱਖ ਦੁਆਰਾ ਨਿਭਾਏ ਜਾਣ ਵਾਲੇ ਕਿੱਤੇ ਜਾਂ ਕਰਤੱਵ, ਮਨੁੱਖ ਦੇ ਸਮਾਜਿਕ ਜੀਵਨ ਦਾ ਪ੍ਰਮੁੱਖ ਹਿੱਸਾ ਹਨ। ਸਮਾਜਿਕ ਤੌਰ 'ਤੇ ਮਨੁੱਖ

ਦੁਆਰਾ ਨਿਭਾਏ ਜਾਣ ਵਾਲੇ ਇਨ੍ਹਾਂ ਕਿੱਤਿਆਂ ਦੁਆਰਾ ਕੀਤੀ ਜਾਣ ਵਾਲੀ ਧਰਮ ਦੀ ਕਿਰਤ ਜਾਂ ਈਮਾਨਦਾਰੀ ਧਰਮ ਅਧਾਰਿਤ ਨੀਤੀ-ਸ਼ਾਸਤਰ ਵਿਚਲੇ ਸਿਧਾਂਤਾਂ ਜਾਂ ਉਪਦੇਸ਼ਾਂ ਕਰਕੇ ਪ੍ਰਗਟ ਹੁੰਦੀ ਹੈ। ਇਸ ਤਰ੍ਹਾਂ ਮਨੁੱਖ ਦੇ ਸਮਾਜਿਕ ਜੀਵਨ ਨੂੰ ਇਖ਼ਲਾਕੀ ਤੌਰ 'ਤੇ ਉਚਾ ਚੁੱਕਣ ਲਈ ਧਰਮ ਅਧਾਰਿਤ ਨੀਤੀ-ਸ਼ਾਸਤਰ ਮਨੁੱਖ ਨੂੰ ਇਕ ਯੋਗ ਅਗਵਾਈ ਪ੍ਰਦਾਨ ਕਰਦਾ ਹੈ ਅਤੇ 'ਆਦਰਸ਼ ਸਮਾਜ' ਦੇ ਸੰਕਲਪ ਨੂੰ ਪੂਰਾ ਕਰਨ ਵਿਚ ਸਹਾਇਤਾ ਕਰਦਾ ਹੈ।

## 2.3 ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਨੀਤੀ-ਸ਼ਾਸਤਰ

ਧਰਮ ਅਤੇ ਨੀਤੀ-ਸ਼ਾਸਤਰ ਦੋਨੌਂ ਹੀ ਇਕ ਸਿੱਕੇ ਦੇ ਦੋ ਪਹਿਲੂ ਹਨ। ਕਿਉਂਕਿ ਦੋਨਾਂ ਦਾ ਪਰਮ-ਆਦਰਸ਼ ਮਨੁੱਖ ਦੀ ਸੰਪੂਰਨ ਜੀਵਨ-ਜਾਚ 'ਤੇ ਨਿਰਭਰ ਹੈ। ਧਰਮ ਮਨੁੱਖੀ ਆਸਥਾ ਦੀ ਡੰਗੋਰੀ ਹੈ 'ਤੇ ਮਾਨਵ ਸਭਿਅਤਾ ਦੀ ਇਕ ਮਾਣ-ਯੋਗ ਪ੍ਰਾਪਤੀ। ਧਰਮ ਮਨੁੱਖ ਨੂੰ ਨਿਯਮਿਤ ਜੀਵਨ-ਜਾਚ ਦੀ ਸੇਧ ਦੁਆਰਾ ਨੈਤਿਕ ਕਦਰਾਂ-ਕੀਮਤਾਂ ਦਾ ਆਧਾਰ ਪ੍ਰਦਾਨ ਕਰਦਾ ਹੈ ਅਤੇ ਦੂਸਰੇ ਪਾਸੇ ਉਸ ਦੀ ਆਸਥਾ ਦੀ ਡੰਗੋਰੀ ਬਣ ਕੇ ਉਸ ਨੂੰ ਆਤਮਿਕ ਉਡਾਰੀ ਮਾਰਨ ਲਈ ਪ੍ਰੇਰਿਤ ਕਰਦਾ ਹੈ। ਧਰਮ ਦੇ ਅਧਾਰ ਬਿਨਾਂ ਨੈਤਿਕਤਾ ਦਾ ਦਾਅਵਾ ਬੰਨ੍ਹਣਾ ਪਾਟੇ ਢੋਲ ਵਾਂਗ ਹੁੰਦਾ ਹੈ ਅਤੇ ਨੈਤਿਕ ਕਦਰਾਂ-ਕੀਮਤਾਂ ਦੇ ਆਧਾਰ ਬਿਨ੍ਹਾਂ ਆਤਮਿਕ ਉਡਾਰੀ ਦਾ ਦਿਖਾਵਾ ਕਰਨਾ ਨਿਰਾ ਢਕਵੰਜ।[17] ਜਿਥੋਂ ਤੱਕ ਧਰਮ ਦੇ ਪਰਿਪੇਖ ਵਿਚ ਨੀਤੀ-ਸ਼ਾਸਤਰ ਦੇ ਯੋਗਦਾਨ ਦੀ ਗੱਲ ਹੈ, ਤਾਂ ਇਸ ਦਾ ਵਧੇਰੇ ਪ੍ਰਭਾਵ ਭਾਰਤੀ ਪਰੰਪਰਾ ਵਿਚ ਨਜ਼ਰ ਆਉਂਦਾ ਹੈ। ਕਿਉਂਕਿ ਪੱਛਮੀ ਪਰੰਪਰਾ ਵਿਚ ਨੀਤੀ-ਸ਼ਾਸਤਰ ਦਾ ਵਧੇਰੇ ਅਧਿਐਨ ਸੁਤੰਤਰ ਜਾਂ ਅਜ਼ਾਦ ਰੂਪ ਵਿਚ ਹੀ ਹੋਇਆ ਹੈ।

ਨੀਤੀ-ਸ਼ਾਸਤਰ ਦੇ ਅਧਾਰ 'ਤੇ ਭਾਰਤੀ ਪਰੰਪਰਾ ਅਤੇ ਪੱਛਮੀ ਪਰੰਪਰਾ ਵਿਚ ਕਾਫ਼ੀ ਅੰਤਰ ਪਾਇਆ ਜਾਂਦਾ ਹੈ। ਪੱਛਮੀ ਨੀਤੀ-ਸ਼ਾਸਤਰ ਮਨੁੱਖ ਦੇ 'ਪਰਮ ਸ਼ੁੱਭ' ਦੇ ਸਰੂਪ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਉਂਦਾ ਹੈ। ਇਹ ਮਨੁੱਖ ਦੀ ਸਮੁੱਚੀ ਸ਼ਖ਼ਸੀਅਤ ਨੂੰ ਕੇਂਦਰ ਵਜੋਂ ਲੈਂਦਾ ਹੈ, ਦੂਜੇ ਸ਼ਬਦਾਂ ਵਿਚ ਪੱਛਮੀ ਨੀਤੀ-ਸ਼ਾਸਤਰ ਮਨੁੱਖੀ ਜੀਵਨ ਦੇ ਸੰਪੂਰਨ ਵਿਕਾਸ ਜਾਂ ਪ੍ਰਫੁੱਲਤਾ ਨੂੰ ਆਪਣਾ ਪਰਮ-ਆਦਰਸ਼ ਮੰਨ ਕੇ ਚਲਦਾ ਹੈ। ਪੱਛਮੀ ਨੀਤੀ-ਸ਼ਾਸਤਰ ਦੀ ਤਰ੍ਹਾਂ ਭਾਰਤੀ ਨੀਤੀ-ਸ਼ਾਸਤਰ ਦਾ ਸੰਬੰਧ ਵੀ ਮਨੁੱਖ ਦੀ ਸਮੁੱਚਤਾ ਨਾਲ ਹੀ

ਹੈ, ਪਰ ਭਾਰਤੀ ਪਰੰਪਰਾ ਵਿਚ ਭਾਰਤੀ ਨੀਤੀ-ਸ਼ਾਸਤਰ ਨੂੰ ਧਰਮ-ਸ਼ਾਸਤਰ ਦਾ ਹੀ ਇਕ ਰੂਪ ਮੰਨਿਆ ਜਾਂਦਾ ਹੈ। **ਡਾ. ਰਾਮਦਾਸ ਨਿਰਾਕਾਰੀ ਦੇ ਸ਼ਬਦਾਂ ਵਿਚ,** ''ਪੱਛਮੀ ਦਾਰਸ਼ਨਿਕ ਨੀਤੀ-ਸ਼ਾਸਤਰ ਦਾ ਉਦੇਸ਼ ਸ਼ੁੱਭ ਦੀ ਖੋਜ ਕਰਨਾ ਸਮਝਦੇ ਹਨ, ਪਰ ਭਾਰਤੀ ਨੀਤੀ-ਸ਼ਾਸਤਰ ਦਾ ਉਦੇਸ਼ ਮਨੁੱਖੀ ਸਮਾਜ ਵਿੱਚ ਸਦਾਚਾਰ ਦੀ ਪ੍ਰਸਥਾਪਨਾ ਹੈ। ਇਹ ਨੀਤੀ-ਸ਼ਾਸਤਰ ਸਾਡੇ ਆਚਾਰ 'ਤੇ ਵਿਚਾਰਾਂ ਵਿਚ ਪਵਿੱਤਰਤਾ ਲਿਆਉਣ ਦਾ ਯਤਨ ਕਰਦਾ ਹੈ। ਇਹ ਸਾਨੂੰ ਸਾਡੇ ਧਰਮ ਜਾਂ ਕਰਤੱਵ ਦਾ ਬੋਧ ਕਰਾਉਂਦਾ ਹੈ ਅਤੇ ਧਰਮ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਦਿੰਦਾ ਹੈ।''[18] ਭਾਰਤੀ ਨੀਤੀ-ਸ਼ਾਸਤਰ ਵਿਸ਼ੇਸ਼ ਤੌਰ 'ਤੇ ਅਧਿਆਤਮਵਾਦ ਤੋਂ ਪ੍ਰਭਾਵਿਤ ਹੈ, ਅਤੇ ਇਹ ਗੱਲ ਅਸੀਂ ਪਿੱਛੇ ਸਪੱਸ਼ਟ ਕਰ ਚੁੱਕੇ ਹਾਂ ਕਿ ਨੈਤਿਕਤਾ ਦੀ ਅਣਹੋਂਦ ਵਿਚ ਅਧਿਆਤਮਿਕ ਜੀਵਨ ਦੀ ਪ੍ਰਾਪਤੀ ਸੰਭਵ ਨਹੀਂ। ਇਸ ਤਰ੍ਹਾਂ ਆਦਿ ਕਾਲ ਤੋਂ ਹੀ ਭਾਰਤੀ ਨੀਤੀ-ਸ਼ਾਸਤਰ ਵਿਚ ਧਰਮ ਦੀ ਪ੍ਰਧਾਨਤਾ ਰਹੀ ਹੈ। ਇਸ ਕਰਕੇ ਭਾਰਤੀ ਨੀਤੀ-ਸ਼ਾਸਤਰ ਦੀ ਹੋਂਦ ਵਿਸ਼ੇਸ਼ ਤੌਰ 'ਤੇ ਧਰਮ-ਸ਼ਾਸਤਰਾਂ ਵਿਚ ਹੀ ਨਜ਼ਰ ਆਉਂਦੀ ਹੈ।

ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਨੀਤੀ-ਸ਼ਾਸਤਰ ਦੀ ਭੂਮਿਕਾ, ਸਰੂਪ ਜਾਂ ਯੋਗਦਾਨ ਬਾਰੇ ਵਿਚਾਰ ਵਿਮਰਸ਼ ਕਰਨ ਤੋਂ ਪਹਿਲਾਂ ਇਹ ਦੱਸਣਾ ਜ਼ਰੂਰੀ ਹੈ ਕਿ ਕਿਸੇ ਧਰਮ ਦੇ ਉਹ ਕਿਹੜੇ ਤੱਤ ਜਾਂ ਪੱਖ ਹਨ, ਜਿਨ੍ਹਾਂ ਸਦਕਾ ਕੋਈ ਧਰਮ ਸੰਸਾਰ ਵਿਚ ਆਪਣੀ ਹੋਂਦ ਸਥਾਪਿਤ ਕਰਨ ਦੇ ਕਾਬਿਲ ਜਾਂ ਸਮਰੱਥ ਹੁੰਦਾ ਹੈ। ਆਮ ਤੌਰ 'ਤੇ ਕਿਸੇ ਧਰਮ ਦੀ ਹੋਂਦ ਤਿੰਨ ਪ੍ਰਮੁੱਖ ਪੱਖਾਂ ਦੇ ਆਧਾਰ 'ਤੇ ਸਥਾਪਿਤ ਹੋਈ ਮੰਨੀ ਜਾ ਸਕਦੀ ਹੈ:

1. ਧਰਮ ਦੇ ਯੋਗ ਪੈਰੋਕਾਰ ਜਾਂ ਬਾਨੀ
2. ਧਰਮ ਦੇ ਪ੍ਰਮਾਣਿਕ ਇਤਿਹਾਸਕ ਅਤੇ ਸਿਧਾਂਤਕ ਦਸਤਾਵੇਜ਼
3. ਰੀਤੀ-ਰਿਵਾਜ਼ ਜਾਂ ਸਭਿਆਚਾਰਕ ਸੰਸਕ੍ਰਿਤੀ

**ਡਾ. ਸਰਬਜਿੰਦਰ ਸਿੰਘ ਅਨੁਸਾਰ,** ''ਕਿਸੇ ਧਰਮ ਜਾਂ ਕੌਮੀਅਤ ਦੀ ਵੱਖਰੀ ਹੋਂਦ ਲਈ ਜਿਨ੍ਹਾ ਪੰਜ ਮੂਲ ਗੁਣਾਂ ਨੂੰ ਪਰਵਾਨ ਕੀਤਾ ਜਾਂਦਾ ਹੈ। ਉਨ੍ਹਾਂ ਵਿਚ ਪਹਿਲਾ ਨੰਬਰ ਧਰਮ ਬਾਨੀ, ਪੈਗੰਬਰ ਜਾਂ ਗੁਰੂ ਦਾ ਹੁੰਦਾ ਹੈ। ਦੂਜਾ ਲਿਪੀ ਦਾ, ਤੀਜਾ ਸਭਿਆਚਾਰ ਦਾ, ਚੌਥਾ ਧਰਮ ਗ੍ਰੰਥ ਦਾ ਅਤੇ ਪੰਜਵਾਂ ਧਰਮ ਗ੍ਰੰਥਾਂ ਦੇ ਸਿਧਾਂਤਾਂ ਤੇ ਉਸਰੇ ਹੋਏ ਬਾਹਰੀ ਸਰੂਪ ਦਾ।''[19] ਇਸ ਤਰ੍ਹਾਂ ਕਿਸੇ ਵੀ ਧਰਮ ਦੀ ਹੋਂਦ ਲਈ ਇਨ੍ਹਾਂ ਪੱਖਾਂ ਦਾ ਹੋਣਾ ਲਾਜ਼ਮੀ ਹੈ।

ਕਿਸੇ ਧਰਮ ਵਿਚ ਨੀਤੀ-ਸ਼ਾਸਤਰ ਦੀ ਭੂਮਿਕਾ, ਸਰੂਪ ਜਾਂ ਨੈਤਿਕ ਮਾਪਦੰਡ ਦਾ ਯੋਗ ਸਾਧਨ ਉਸ ਧਰਮ ਦੇ ਧਾਰਮਿਕ ਗ੍ਰੰਥ ਹੀ ਹੁੰਦੇ ਹਨ, ਜਿਨ੍ਹਾਂ ਵਿਚ ਉਸ ਧਰਮ ਦੇ ਉਪਦੇਸ਼ ਜਾਂ ਸਿਧਾਂਤ ਨਿਰਧਾਰਤ ਕੀਤੇ ਹੁੰਦੇ ਹਨ। **ਡਾ. ਵਜ਼ੀਰ ਸਿੰਘ ਅਨੁਸਾਰ,** ''ਧਰਮ-ਪੁਸਤਕਾਂ ਨਾ ਕੇਵਲ ਮਨੁੱਖ ਨੂੰ ਅਧਿਆਤਮਕ ਸੇਧ ਦੇਂਦੀਆਂ ਹਨ ਅਤੇ ਰਹੱਸਮਈ ਅਨੁਭਵ ਦੀ ਪ੍ਰਾਪਤੀ ਦਾ ਮਾਰਗ ਉਲੀਕਦੀਆਂ ਹਨ, ਉਹ ਵਿਅਕਤੀ ਨੂੰ ਜੀਵਨ-ਜਾਚ ਦੀ ਰਾਹਬਰੀ ਵੀ ਦੇਂਦੀਆਂ ਹਨ, ਜਿਸ ਵਿੱਚ ਵਿਅਕਤੀ ਦਾ ਹੋਰਨਾਂ ਵਿਅਕਤੀਆਂ, ਸਾਥੀਆਂ 'ਤੇ ਸਮਾਜ ਪ੍ਰਤੀ ਸੁਖਾਵਾਂ ਰਵੱਈਆ ਅਪਨਾਉਣ ਦੀ ਨਸੀਹਤ ਸ਼ਾਮਲ ਹੈ।''[20] ਸੋ ਕਿਸੇ ਧਰਮ ਵਿੱਚ ਨੈਤਿਕਤਾ ਦੀ ਰੂਪ-ਰੇਖਾ ਦੇ ਸਹੀ ਵਿਸ਼ਲੇਸ਼ਣ ਲਈ ਜ਼ਰੂਰੀ ਹੈ ਕਿ ਉਸ ਧਰਮ ਨਾਲ ਸੰਬੰਧਿਤ ਧਾਰਮਿਕ ਗ੍ਰੰਥਾਂ ਦੀ ਪੜਚੋਲ ਕੀਤੀ ਜਾਵੇ।

ਸਾਰੇ ਧਰਮ ਮਨੁੱਖੀ ਜੀਵਨ ਨੂੰ ਚੰਗੇਰਾ ਬਣਾਉਣਾ ਚਾਹੁੰਦੇ ਹਨ। ਸਾਰੇ ਧਰਮ ਸ਼ਾਂਤੀ 'ਤੇ ਇਕਸੁਰਤਾ ਦਾ ਪ੍ਰਚਾਰ ਕਰਦੇ ਹਨ। ਪਿਆਰ, ਦਇਆ, ਸਦਭਾਵਨਾ, ਮਿੱਤਰਤਾ, ਪਵਿੱਤਰਤਾ 'ਤੇ ਇਨਸਾਫ਼ ਵੀ ਸਾਰੇ ਧਰਮਾਂ ਦੇ ਸਾਂਝੇ ਗੁਣ ਹਨ। ਸਾਰੇ ਧਰਮ ਇਸ ਸੰਸਾਰ ਦੇ ਦੁੱਖ ਤੋਂ ਮੁਕਤੀ ਚਾਹੁੰਦੇ ਹਨ। ਕੁਝ ਧਰਮ ਗ੍ਰੰਥਾਂ ਵਿਚ ਇਸ ਉਚਤਮ ਨਿਸ਼ਾਨੇ ਨੂੰ ਰੱਬ ਦਾ ਨਾਂ ਦਿੱਤਾ ਗਿਆ ਹੈ ਤੇ ਕਈਆਂ ਨੇ ਇਸ ਨੂੰ 'ਸ਼ਾਂਤੀ' ਕਿਹਾ ਹੈ। ਸਾਰੇ ਧਰਮ ਇਹ ਮੰਨਦੇ ਹਨ ਕਿ ਉਚਤਮ ਅਸਲੀਅਤ ਕੇਵਲ ਇਕ ਹੈ 'ਤੇ ਉਹ ਅਕੱਥ ਹੈ। ਰੱਬ ਦੀ ਹੋਂਦ 'ਤੇ ਅਣਹੋਂਦ, ਇਹ ਮਨੁੱਖੀ ਸੰਕਲਪ ਹਨ, ਪਰੰਤੂ ਅੰਤਿਮ ਸਚਿਆਈ ਬਾਰੇ ਕੋਈ ਵੱਖਰੇ ਕਿਆਸ ਨਹੀਂ ਹਨ।[21]

ਭਾਰਤੀ ਚਿੰਤਨ ਅਨੁਸਾਰ ਮਨੁੱਖੀ ਜੀਵਨ ਦਾ ਮਨੋਰਥ ਮੋਕਸ਼ ਦੀ ਪ੍ਰਾਪਤੀ ਹੈ। ਜਿਸ ਵਿਚ ਆਸ਼ਰਮ ਅਤੇ ਪੁਰਸ਼ਾਰਥ ਦਾ ਵਿਸ਼ੇਸ਼ ਯੋਗਦਾਨ ਹੈ। ਹਿੰਦੂ ਧਰਮ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚੋਂ ਇਕ ਪੁਰਾਤਨ ਧਰਮ ਹੈ। ਵੇਦ ਇਸ ਧਰਮ ਦੇ ਸਭ ਤੋਂ ਪੁਰਾਤਨ ਗ੍ਰੰਥ ਹਨ, ਜਿਨ੍ਹਾਂ ਤੋਂ ਭਾਰਤੀ ਵਿਚਾਰਧਾਰਾ ਬਹੁਤ ਪ੍ਰਭਾਵਿਤ ਹੋਈ ਹੈ। ਵੇਦਾਂ ਦੀ ਗਿਣਤੀ ਚਾਰ ਹੈ, ਜਿਸ ਵਿਚ ਕਰਮਕਾਂਡ ਅਤੇ ਗਿਆਨ ਕਾਂਡ ਇਨ੍ਹਾਂ ਦੀਆਂ ਦੋ ਪ੍ਰਮੁੱਖ ਵਿਚਾਰਧਾਰਾਵਾਂ ਹਨ। ਕਰਮਕਾਂਡ ਵਿਚ ਉਪਾਸ਼ਨਾਵਾਂ, ਬੇਨਤੀਆਂ ਅਤੇ ਗਿਆਨ ਕਾਂਡ ਵਿਚ ਅਧਿਆਤਮਿਕ ਚਿੰਤਨ ਦਾ ਵਿਚਾਰ ਹੈ। ਵੇਦ ਭਾਰਤ ਦੇ ਉਹ ਆਦਿ ਗ੍ਰੰਥ ਹਨ, ਜਿਨ੍ਹਾਂ ਵਿਚ ਮਨੁੱਖੀ ਜੀਵਨ ਨਾਲ

ਸੰਬੰਧਿਤ ਹਰ ਇਕ ਪੱਖ ਦਾ ਵਰਨਣ ਕੀਤਾ ਗਿਆ ਹੈ। ਵੇਦਾਂ ਵਿਚ ਮਨੁੱਖ ਦੇ ਚਰਿੱਤਰ ਅਤੇ ਸਦਾਚਾਰ ਦੇ ਅਨੇਕਾਂ ਅਜਿਹੇ ਨਿਯਮ ਜਾਂ ਸਿਧਾਂਤ ਮਿਲਦੇ ਹਨ, ਜੋ ਕਿ ਮਨੁੱਖ ਨੂੰ ਨੈਤਿਕਤਾ ਦੇ ਰਸਤੇ ਉਪਰ ਤੁਰਨ ਦੀ ਪ੍ਰੇਰਣਾ ਦਿਦੇ ਹਨ। ਹਿੰਦੂ ਨੈਤਿਕਤਾ ਵਿਚ ਕਰਮ ਫਿਲਾਸਫ਼ੀ 'ਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਨਿਰੰਤਰ ਕਿਰਿਆ ਹਰੇਕ ਜੀਵ ਦਾ ਵਿਸ਼ੇਸ਼ ਲੱਛਣ ਹੈ। ਜੀਵਾਂ ਦੁਆਰਾ ਹੋਣ ਵਾਲੀਆਂ ਇਹ ਕਿਰਿਆਵਾਂ ਕਰਮ ਦੇ ਰੂਪ ਵਿਚ ਹੁੰਦੀਆਂ ਹਨ। ਨਾ ਕੇਵਲ ਜੀਵਾਂ ਵਿਚ ਬਲਕਿ ਸਾਰੀ ਪ੍ਰਕ੍ਰਿਤੀ ਅਤੇ ਤੱਤਾਂ ਵਿਚ ਕਿਰਿਆ ਨਿਰੰਤਰ ਜਾਰੀ ਰਹਿੰਦੀ ਹੈ। ਇਨ੍ਹਾਂ ਕਿਰਿਆਵਾਂ ਦਾ ਮੂਲ ਕਾਰਨ ਰਜ਼ੋ ਗੁਣ ਦਾ ਪਾਲਣ-ਪੋਸ਼ਣ ਹੈ। ਕਿਉਂਕਿ ਭੌਤਿਕ ਜਗਤ ਵਿਚ ਭੌਤਿਕ ਸਰੀਰ ਹਮੇਸ਼ਾਂ ਹੀ ਪਦਾਰਥ ਦੀ ਮੰਗ ਕਰਦਾ ਹੈ। ਇਥੋਂ ਤੱਕ ਕਿ ਮਨੁੱਖੀ ਬੁੱਧੀ ਵਿਚ ਚਲ ਰਹੇ ਵਿਚਾਰਾਂ ਦੇ ਪ੍ਰਵਾਹ ਦਾ ਮੂਲ ਕਾਰਨ ਵੀ ਰਜ਼ੋ ਗੁਣ ਹੀ ਹੁੰਦਾ ਹੈ। ਇਨ੍ਹਾਂ ਭੌਤਿਕ, ਸਰੀਰਕ ਜਾਂ ਪਦਾਰਥਕ ਲੋੜਾਂ ਦੀ ਪੂਰਤੀ ਲਈ ਮਨੁੱਖ ਕਿਸੇ ਨਾ ਕਿਸੇ ਕਿੱਤੇ ਜਾਂ ਕਰਮ ਨੂੰ ਅਵੱਸ਼ ਅਪਨਾਉਂਦਾ ਹੈ।

ਮਨੁੱਖ ਦੁਆਰਾ ਇਨ੍ਹਾਂ ਕਿੱਤਿਆਂ ਦੌਰਾਨ ਨਿਭਾਈ ਜਾਣ ਵਾਲੀ ਭੂਮਿਕਾ ਦੇ ਅਧਾਰ 'ਤੇ ਹੀ ਉਸ ਦੇ ਚੰਗੇ (ਸ਼ੁੱਭ) ਜਾਂ ਮਾੜੇ '(ਅਸ਼ੁੱਭ) ਕਰਮਾਂ ਦਾ ਨਿਰਣਾ ਕੀਤਾ ਜਾਂਦਾ ਹੈ। ਇਸੇ ਕਰਕੇ ਭਾਰਤ ਦੇ ਸਾਰੇ ਧਾਰਮਿਕ ਗ੍ਰੰਥਾਂ ਅਤੇ ਨੀਤੀ-ਸ਼ਾਸਤਰਾਂ ਦੇ ਆਚਾਰੀਆਂ ਨੇ ਮਨੁੱਖ ਨੂੰ ਚੰਗੇ (ਸ਼ੁੱਭ) ਕਰਮ ਕਰਨ ਦੀ ਪ੍ਰੇਰਣਾ ਦਿੱਤੀ ਹੈ। ਭਾਰਤੀ ਨੀਤੀ-ਸ਼ਾਸਤਰ ਵਿਚ ਮਨੁੱਖ ਦੇ ਵਰਤਮਾਨ ਦਾ ਕਾਰਨ ਉਸ ਦੇ ਭੂਤਕਾਲ ਨੂੰ ਠਹਿਰਾਇਆ ਗਿਆ ਹੈ ਅਤੇ ਮਨੁੱਖ ਦੇ ਵਰਤਮਾਨ ਕਰਮ ਉਸ ਦੇ ਭਵਿੱਖ ਨੂੰ ਨਿਸ਼ਚਿਤ ਕਰਦੇ ਹਨ। ਮਨੁੱਖ ਦੁਆਰਾ ਕੀਤੇ ਜਾਣ ਵਾਲੇ ਚੰਗੇ ਅਤੇ ਮਾੜੇ ਕਰਮਾਂ ਦੇ ਵਿਸ਼ਲੇਸ਼ਣ ਅਨੁਸਾਰ ਭਾਰਤੀ ਪਰੰਪਰਾ ਪੁਨਰ-ਜਨਮ ਦੇ ਸਿਧਾਂਤ ਵਿਚ ਵਿਸ਼ਵਾਸ ਰੱਖਦੀ ਹੈ। ਮਨੁੱਖਾਂ ਦੀ ਕਿਸਮਤ ਦੀ ਬਿਖਮਤਾ ਵਿਚ ਕੋਈ ਮਨਮਰਜੀ, ਸਵੇਛਾਚਾਰ (ਅਟਕਲਬਾਜੀ) ਜਾਂ ਅਨਿਆਂ ਨਹੀਂ ਹੈ, ਬਲਕਿ ਉਹ ਕੇਵਲ ਕਾਰਣ-ਕਾਰਜ ਦਾ ਸੰਬੰਧ ਹੈ, ਸਾਡੇ ਦੁਆਰਾ ਪੂਰਵ-ਜਨਮਾਂ ਵਿਚ ਕੀਤੇ ਗਏ ਕਰਮਾਂ ਦਾ ਵਰਤਮਾਨ ਵਿਚ ਫ਼ਲ ਭੋਗਣਾ ਪੈਣਾ ਹੈ। ਆਤਮਾ, ਜੋ ਕਿ ਸਾਡੇ ਜੀਵਨ ਦਾ ਮੌਲਿਕ ਅੰਸ਼ ਹੈ, ਇਕ ਜੀਵਨ ਤੋਂ ਦੂਜੇ ਜੀਵਨ ਵਿਚ ਵਾਰ-ਵਾਰ ਜਨਮ ਲੈਂਦੀ ਹੈ ਭਾਵ ਪੁਨਰ-ਜੀਵਨ ਨੂੰ ਪ੍ਰਾਪਤ ਹੁੰਦੀ ਹੈ ਅਤੇ ਇਸ ਦੇ ਕਰਮਾਂ ਦੀ ਅਵਸਥਾ ਹੀ ਉਸ ਦੇ ਅਗਲੇ ਜੀਵਨ ਦੀਆਂ

ਪਰਿਸਥਿਤੀਆਂ ਦਾ ਨਿਰਧਾਰਨ ਕਰਦੀ ਹੈ।[22] ਵੇਦਾਂ ਅਨੁਸਾਰ ਹਰੇਕ ਅਨੈਤਿਕ ਕਰਮ ਦੇ ਲਈ ਚਾਹੇ ਉਹ ਮਨੁੱਖ ਤੋਂ ਅਨਜਾਨੇ ਵਿਚ ਹੀ ਹੋਇਆ ਹੋਵੇ, ਦੀ ਸਜ਼ਾ ਜ਼ਰੂਰ ਹੀ ਮਿਲੇਗੀ। ਕਿਉਂਕਿ ਸਜ਼ਾ ਤੋਂ ਬਿਨਾਂ ਪਾਪ ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਪਾਪ ਅਸਲ ਵਿਚ ਉਹ ਸਰੀਰਕ, ਮਾਨਸਿਕ, 'ਤੇ ਆਤਮਿਕ ਜਾਂ ਰਾਜਸੀ, ਧਾਰਮਿਕ, 'ਤੇ ਆਰਥਿਕ ਸਮਾਜੀ ਅੜਿੱਕੇ ਹਨ ਜਿਹੜੇ ਈਸ਼ਵਰ ਦੀ ਪ੍ਰਾਪਤੀ ਜਾਂ ਆਚਰਣ ਉਸਾਰੀ ਦੇ ਮਾਰਗ ਵਿਚ ਬੰਧਨ ਬਣ ਕੇ ਪਰਗਟ ਹੁੰਦੇ ਹਨ।[23] ਪਰੰਤੂ ਸਵੈ-ਗਿਆਨ ਮਨੁੱਖ ਦੀ ਅਗਿਆਨਤਾ ਨੂੰ ਦੂਰ ਕਰ ਦਿੰਦਾ ਹੈ ਅਤੇ ਇਸੇ ਸਵੈ-ਗਿਆਨ ਦੇ ਸਦਕਾ ਮਨੁੱਖ ਮੋਕਸ਼ ਦੀ ਪ੍ਰਾਪਤੀ ਕਰ ਸਕਦਾ ਹੈ। ਭਾਰਤੀ ਨੀਤੀ-ਸ਼ਾਸਤਰ ਵਿਚ ਮੋਕਸ਼ ਦੀ ਪ੍ਰਾਪਤੀ ਨੂੰ ਸਰਵ-ਉਚ ਪੁਰੁਸ਼ਾਰਥ (ਸਦਗੁਣ) ਮੰਨਿਆ ਗਿਆ ਹੈ। ਰਿਗਵੇਦ ਵਿਚ ਆਰਥਿਕ ਪੱਖੋਂ ਗ਼ਰੀਬ ਲੋਕਾਂ ਦੀ ਮਦਦ ਲਈ ਪੁੰਨ-ਦਾਨ ਦੇ ਸੰਕਲਪ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ। ਅਜਿਹਾ ਮਨੁੱਖ ਜੋ ਧਨ-ਦੌਲਤ ਦੇ ਹੁੰਦਿਆਂ ਹੋਇਆਂ ਵੀ ਪੁੰਨ-ਦਾਨ ਨਹੀਂ ਕਰਦਾ, ਉਹ ਭਵਿੱਖ ਵਿਚ ਸੁਰੱਖਿਅਤ ਨਹੀਂ ਹੈ, ਭਾਵ ਆਉਣ ਵਾਲੇ ਸਮੇਂ ਵਿਚ ਕੋਈ ਵੀ ਦੋਸਤ-ਮਿੱਤਰ ਉਸ ਦੇ ਔਖੇ ਵੇਲੇ ਵਿਚ ਸਹਾਇਕ ਨਹੀਂ ਹੋਵੇਗਾ। ਜੋ ਮਨੁੱਖ ਇਕੱਲਾ ਹੀ ਖਾਂਦਾ ਹੈ, ਉਹ ਦੋਸ਼ੀ ਹੈ ਅਤੇ ਉਸ ਦਾ ਖਾਧਾ ਹੋਇਆ ਅੰਨ ਵਿਅਰਥ ਹੈ:

*ਉਸ ਨੂੰ ਬਿਰਥਾ ਹੀ ਅੰਨ ਮਿਲਿਆ, ਜਿਹੜਾ ਮੂੜ੍ਹ-ਅਚੇਤਾ*
*ਸਚ ਸਚ ਆਖ ਰਿਹਾ ਹਾਂ ਮੈਂ, ਇਹ ਅੰਨ ਮੌਤ ਹੈ ਉਸ ਦੀ*
*ਨਾ ਕੋਈ ਆਪਣਾ ਮਿਤਰ ਸਾਜੇ, ਨਾ ਕਿਰਤਗ-ਸਹਾਈ*
*ਕਲਾ ਖਾਵੇ, ਕਲਾ ਦੋਸ਼ੀ।*[24]

ਇਸ ਤਰ੍ਹਾਂ ਵੇਦਾਂ ਵਿਚ ਅਜਿਹੀ ਨੈਤਿਕ ਵਿਵਸਥਾ ਨਜ਼ਰ ਆਉਂਦੀ ਹੈ, ਜਿਸ ਵਿਚ ਸੁਚੱਜੀ ਕਿਰਤ ਦੇ ਨਾਲ-ਨਾਲ ਪੁੰਨ-ਦਾਨ ਜਾਂ ਵੰਡ-ਛਕਣ ਦੀ ਮਹੱਤਤਾ ਦਿੱਤੀ ਗਈ ਹੈ। ਰਿਗਵੇਦ ਵਿਚ ਇਸ ਨੈਤਿਕ ਵਿਵਸਥਾ ਨੂੰ ਰਿੱਤ (ਸੱਚ) ਆਖਿਆ ਗਿਆ ਹੈ। ਭਾਰਤ ਵਿਚ ਧਰਮ ਜਾਂ ਸਦਾਚਾਰਕ ਪੱਖ ਤੋਂ ਹੋਣ ਵਾਲੇ ਸੁਧਾਰਾਂ ਵਿਚ ਉਪਨਿਸ਼ਦਾ ਦਾ ਨਾਮ ਵਿਸ਼ੇਸ਼ ਸਥਾਨ 'ਤੇ ਆਉਂਦਾ ਹੈ। ਉਪਨਿਸ਼ਦਾਂ ਵਿਚਲੀ ਵਿਚਾਰਧਾਰਾ, ਦਰਸ਼ਨ ਦੇ ਖੇਤਰ ਵਿਚ ਅਨੇਕਾਂ ਦਾਰਸ਼ਨਿਕ ਸਿਧਾਂਤਾਂ ਦਾ ਅਧਾਰ ਰਹੀ ਹੈ। ਉਪਨਿਸ਼ਦ ਅਨੇਕਾਂ ਹੀ ਨੈਤਿਕ ਪ੍ਰੇਮੀਆਂ

ਜਾਂ ਸਮਾਜ ਸੁਧਾਰਕਾਂ ਲਈ ਸਮੇਂ-ਸਮੇਂ ਤੇ ਪ੍ਰੇਰਣਾ ਦੇ ਸ੍ਰੋਤ ਸਾਬਿਤ ਹੋਏ ਹਨ। ਉਪਨਿਸ਼ਦ ਭਾਰਤੀ ਦਰਸ਼ਨ ਦੇ ਆਧਾਰ ਹਨ, ਮਾਰਗ-ਦਰਸ਼ਕ ਹਨ, ਜਦ-ਜਦ ਭਾਰਤੀ ਦਰਸ਼ਨ ਦੇ ਵਿਚਾਰਾਂ ਵਿਚ ਕੋਈ ਕ੍ਰਾਂਤੀ ਹੋਈ ਹੈ ਤਦ-ਤਦ ਹੀ ਫਿਲਾਸਫਰਾਂ, ਰਿਸ਼ੀ ਮੁਨੀਆਂ ਨੇ ਉਪਨਿਸ਼ਦਾਂ ਤੋਂ ਹੀ ਮਾਰਗ ਦਰਸ਼ਨ ਪ੍ਰਾਪਤ ਕੀਤਾ ਹੈ।

ਅੱਜ ਵੀ ਜਦ ਦੁਨੀਆਂ ਵਿਚ ਦਰਸ਼ਨ ਅਤੇ ਧਰਮ, ਬੁੱਧੀ ਅਤੇ ਕਾਰ ਵਿਹਾਰੀ ਗਿਆਨ ਵਿਗਿਆਨ ਅਤੇ ਨੈਤਿਕਤਾ ਵਿਚ ਇਕ ਜੋੜ ਦੀ ਜ਼ਰੂਰਤ ਨਜ਼ਰ ਆਉਂਦੀ ਹੈ ਤਦ ਉਪਨਿਸ਼ਦ ਹੀ ਦੁਨੀਆਂ ਦਾ ਮਾਰਗ ਦਰਸ਼ਨ ਕਰ ਸਕਦੇ ਹਨ।[25] ਗੀਤਾ ਵਿਚ ਉਪਨਿਸ਼ਦਿਕ ਦਰਸ਼ਨ ਦੀ ਝਲਕ ਸਪੱਸ਼ਟ ਦਿਖਾਈ ਦਿੰਦੀ ਹੈ। ਪਰੰਤੂ ਗੀਤਾ ਦਰਸ਼ਨ, ਉਪਨਿਸ਼ਦ ਦਰਸ਼ਨ ਦੇ ਮੁਕਾਬਲੇ ਮਨੁੱਖੀ ਜੀਵਨ ਦੇ ਵਧੀਕ ਨੇੜੇ ਹੈ। **ਡਾ. ਸ਼ਾਂਤੀ ਨਾਥ ਗੁਪਤਾ ਦੇ ਸ਼ਬਦਾਂ ਵਿਚ,** ''ਉਪਨਿਸ਼ਦਾਂ ਦੀ ਸੱਚਾਈ ਵਿਚ ਠੰਢਾਪਣ ਹੈ ਅਤੇ ਜੀਵਨ ਦੇ ਖੇਤਰ ਤੋਂ ਪਰੇ ਹੈ ਜਦ ਕਿ ਗੀਤਾ ਦਾ ਦਰਸ਼ਨ ਜੀਵਨ ਦੇ ਸੰਗ੍ਰਾਮ ਤੋਂ ਉਪਜਦਾ ਹੈ ਅਤੇ ਮਨੁੱਖ ਲਈ ਹਰ ਕਦਮ ਉਤੇ ਪ੍ਰੇਰਣਾ ਦਾ ਸੋਮਾ ਬਣ ਜਾਂਦਾ ਹੈ।''[26]

ਦਰਸ਼ਨ ਦੇ ਪੱਖ ਤੋਂ ਗੀਤਾਂ ਨੂੰ ਉਪਨਿਸ਼ਦਾਂ ਦਾ ਕੇਂਦਰੀ ਭਾਵ ਮੰਨਿਆ ਗਿਆ ਹੈ। ਇਹ ਮਹਾਂਭਾਰਤ ਗ੍ਰੰਥ ਦਾ ਇਕ ਵੱਡਾ ਭਾਗ ਹੈ। ਇਸ ਰਚਨਾ ਦਾ ਸੰਬੰਧ ਮਹਾਂਭਾਰਤ ਦੀ ਇਕ ਨੈਤਿਕ ਸਥਿਤੀ ਨਾਲ ਹੈ। ਇਸ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਅਰਜੁਨ ਨੂੰ ਫ਼ਲ ਦੀ ਇੱਛਾ ਜਾਂ ਪਰਿਣਾਮ ਦੀ ਚਿੰਤਾ ਕੀਤੇ ਬਗੈਰ ਨਿਸ਼ਕਾਮ ਕਰਮ ਅਤੇ ਫਰਜ਼ ਨਿਭਾਉਣ ਦਾ ਉਪਦੇਸ਼ ਦਿੱਤਾ। ਗੀਤਾ ਵਿਚ ਕਰਮ, ਭਗਤੀ ਅਤੇ ਗਿਆਨ ਵਰਗੇ ਪ੍ਰਮੁੱਖ ਵਿਸ਼ਿਆਂ ਦੇ ਆਧਾਰ 'ਤੇ ਜੀਵਨ-ਦਰਸ਼ਨ ਦੀ ਬੜੇ ਸੁਚੱਜੇ ਢੰਗ ਨਾਲ ਵਿਆਖਿਆ ਕੀਤੀ ਗਈ ਹੈ। **ਡਾ. ਰਾਮਦਾਸ ਨਿਰਾਕਾਰੀ ਅਨੁਸਾਰ,** ''ਭਗਵਦ-ਗੀਤਾ ਦਾ ਸਭ ਤੋਂ ਜ਼ਿਆਦਾ ਪ੍ਰਸਿੱਧ ਸਿਧਾਂਤ ਕਰਮਯੋਗ ਜਾਂ ਨਿਸ਼ਕਾਮ ਕਰਮਯੋਗ ਹੈ ਕਿਉਂਕਿ ਇਸ ਸਿਧਾਂਤ ਦਾ ਜਿੰਨਾ ਸਪੱਸ਼ਟ ਨਿਰੂਪਣ ਗੀਤਾ ਵਿਚ ਮਿਲਦਾ ਹੈ, ਉਨ੍ਹਾਂ ਕਿਤੇ ਹੋਰ ਨਹੀਂ ਮਿਲਦਾ।''[27] ਗੀਤਾ ਵਿੱਚ ਕਰਮ ਨੂੰ ਕੁਦਰਤ ਦੇ ਇਕ ਨਿਯਮ ਵਜੋਂ ਦਰਸਾਇਆ ਗਿਆ ਹੈ, ਜਿਸ ਤੋਂ ਬਿਨਾਂ ਸੰਸਾਰ ਦੀ ਹੋਂਦ ਅਸੰਭਵ ਹੈ। ਫਲ ਦਾ ਤਿਆਗ ਭਾਵ ਨਿਸ਼ਕਾਮ ਕਰਮ ਨੂੰ ਸ਼ੁੱਭ ਅਤੇ ਉਚਿਤ ਠਹਿਰਾਇਆ ਗਿਆ ਹੈ। ਗੀਤਾ ਕਰਮ ਸੰਬੰਧੀ ਸਿਧਾਂਤ ਦਾ ਆਰੰਭ ਕਰਮ ਦੀ ਵਿਸ਼ਵ ਭਾਈਚਾਰੇ ਵਿਚ

ਮਹੱਤਤਾ ਦੁਆਰਾ ਕਰਦੀ ਹੈ। ਕਰਮ ਕਰਨਾ ਹੀ ਜੀਵਨ ਹੈ। ਕਰਮ ਤੋਂ ਬਿਨਾਂ ਜੀਵਨ ਸੰਭਵ ਨਹੀਂ ਹੈ।[28] ਕਰਮਾਂ ਦੀ ਮਹੱਤਤਾ ਨੂੰ ਹੋਰ ਸਪੱਸ਼ਟ ਕਰਦਿਆਂ ਗੀਤਾ ਵਿਚ ਦੱਸਿਆ ਗਿਆ ਹੈ, ਕਿ ਜਨਕ ਵਰਗੇ ਮਹਾਨ ਲੋਕਾਂ ਨੇ ਵੀ ਕਿਰਤ ਵਿਚੋਂ ਦੀ ਗੁਜ਼ਰ ਕੇ ਹੀ ਪੂਰਣਤਾ ਦੀ ਅਸੀਮ ਮੰਜਿਲ ਨੂੰ ਪ੍ਰਾਪਤ ਕੀਤਾ ਸੀ, ਭਾਵ ਮਹਾਨ ਪਦਵੀ ਅਤੇ ਸੱਤਾ ਵਿਚ ਰਹਿਣ ਵਾਲੇ ਲੋਕਾਂ ਨੇ ਵੀ ਆਪਣੇ ਫਰਜ਼ਾਂ ਅਤੇ ਜ਼ਿੰਮੇਵਾਰੀਆਂ ਤੋਂ ਮੁੱਖ ਨਹੀਂ ਮੋੜਿਆ। ਸਹੀ ਅਰਥਾਂ ਵਿਚ ਕੇਵਲ ਉਹੀ ਲੋਕ ਮਹਾਨ ਹੁੰਦੇ ਹਨ, ਜੋ ਯਥਾਰਥ ਨੂੰ ਸਮਝ ਕੇ ਲੋਕ ਸੇਵਾ ਜਾਂ ਲੋਕ ਹਿੱਤ ਦੀ ਰਾਖੀ ਲਈ ਸੰਘਰਸ਼ ਕਰਦੇ ਹਨ। ਸੱਚੇ ਧਰਮੀ ਮਨੁੱਖਾਂ ਦੀ ਨਿਸ਼ਾਨੀ ਇਹ ਹੈ, ਕਿ ਉਹ ਧਰਮ ਅਤੇ ਫਰਜ਼ ਨੂੰ ਬਰਾਬਰ ਰੂਪ ਵਿਚ ਨਾਲ-ਨਾਲ ਲੈ ਕੇ ਚਲਦੇ ਹਨ, ਅਤੇ ਅੱਗੇ ਵੱਧਦੇ ਹਨ। ਅਜਿਹੇ ਲੋਕ ਧਰਮ ਦੇ ਰਸਤੇ 'ਤੇ ਚਲਦਿਆਂ ਸੰਸਾਰੀ ਫਰਜ਼ਾਂ ਦੀ ਪੂਰਤੀ ਨੂੰ ਹੀ ਆਪਣੀ ਸੱਚੀ ਸੇਵਾ, ਭਗਤੀ ਅਤੇ ਕੁਰਬਾਨੀ ਮੰਨਦੇ ਹਨ।[29]

ਭਾਰਤੀ ਚਿੰਤਨ ਵਿਚ ਚਾਰ ਪੁਰਸ਼ਾਰਥਃ- ਧਰਮ, ਅਰਥ, ਕਾਮ ਅਤੇ ਮੋਕਸ਼ ਨੂੰ ਨੈਤਿਕ ਦ੍ਰਿਸ਼ਟੀਕੋਣ ਤੋਂ ਮਨੁੱਖੀ ਜੀਵਨ-ਜਾਚ ਲਈ ਅਤਿਅੰਤ ਮਹੱਤਵਪੂਰਨ ਦਰਸਾਇਆ ਗਿਆ ਹੈ। ਇਸ ਵਿਚ ਮਨੁੱਖੀ ਜੀਵਨ ਨਾਲ ਸੰਬੰਧਿਤ ਸਮੁੱਚੇ ਵਿਕਾਸ ਦਾ ਵੇਰਵਾ ਦਿੱਤਾ ਗਿਆ ਹੈ। ਅਰਥ ਅਤੇ ਕਾਮ ਦਾ ਸੰਬੰਧ ਮਨੁੱਖ ਦੇ ਦ੍ਰਿਸ਼ਮਾਨ ਜਾਂ ਭੌਤਿਕ ਜਗਤ ਦੀਆਂ ਲੋੜਾਂ ਨਾਲ ਜੁੜਿਆ ਹੋਇਆ ਹੈ। ਅਰਥ ਨੂੰ ਪੁਰਸ਼ਾਰਥ ਦੇ ਰੂਪ ਵਿਚ ਸੰਸਾਰਿਕ ਸੁੱਖ ਜਾਂ ਧੰਨ ਦੋਲਤ ਨੂੰ ਇਕੱਠਿਆਂ ਕਰਨ ਦਾ ਇਕ ਯੋਗ ਸਾਧਨ ਦਰਸਾਇਆ ਗਿਆ ਹੈ। ਪਰ ਇਨ੍ਹਾਂ ਸੁੱਖ ਸਹੂਲਤਾਂ ਨੂੰ ਮਾਨਣ ਅਤੇ ਧਨ ਕਮਾਉਣ ਲਈ ਧਰਮ ਨੂੰ ਨਾਲ ਲੈ ਕੇ ਚਲਣ ਦਾ ਆਦੇਸ਼ ਹੈ। ਧਰਮ ਦੀ ਕਮਾਈ ਪੁੰਨ ਦਾ ਰੂਪ ਹੁੰਦੀ ਹੈ ਅਤੇ ਸੁੱਖ ਦਾ ਕਾਰਨ ਬਣਦੀ ਹੈ, ਪਰ ਪਾਪ ਦੀ ਕਮਾਈ ਨੂੰ ਅਨੈਤਿਕ ਮੰਨਦੇ ਹੋਏ ਦੁੱਖ ਦਾ ਹੇਤੂ ਮੰਨਿਆ ਜਾਂਦਾ ਹੈ। ਧਰਮ ਦੇ ਅਨੁਸਾਰ ਜੇ ਵਿਅਕਤੀ ਨੂੰ ਥੋੜ੍ਹਾ ਧਨ ਵੀ ਮਿਲਦਾ ਹੈ ਤਾਂ ਉਸ ਨਾਲ ਸੰਤੋਖ ਹੁੰਦਾ ਹੈ ਅਤੇ ਸੰਤੁਸ਼ਟ ਵਿਅਕਤੀ ਹਰ ਹਾਲ ਵਿਚ ਸੁਖੀ ਰਹਿੰਦਾ ਹੈ, ਪਰ ਅਧਰਮ ਦੇ ਅਨੁਸਾਰ ਜੇ ਮਨੁੱਖ ਜ਼ਿਆਦਾ ਧਨ ਇਕੱਠਾ ਕਰ ਲੈਂਦਾ ਹੈ ਤਾਂ ਉਸ ਨੂੰ ਸੰਤੋਖ ਨਹੀਂ ਹੁੰਦਾ ਅਤੇ ਅਸੰਤੁਸ਼ਟ ਵਿਅਕਤੀ ਧਨ-ਦੌਲਤ ਦੇ ਢੇਰਾਂ ਨਾਲ ਵੀ ਸੁਖੀ ਨਹੀਂ ਹੁੰਦਾ।[30]

ਧਰਮ ਨੂੰ ਮਨੁੱਖ ਦੇ ਨੈਤਿਕ ਜੀਵਨ ਦੀ ਅਗਵਾਈ ਦਾ ਉਤਮ ਸਾਧਨ ਮੰਨਿਆ ਗਿਆ ਹੈ, ਜਿਸ ਵਿਚ ਮਨੁੱਖ ਅਧਿਆਤਮਿਕਤਾ ਦੇ ਰਸਤੇ ਉਪਰ ਤੁਰਦਾ ਹੋਇਆ ਮੋਖ ਦੀ ਪ੍ਰਾਪਤੀ ਕਰਦਾ ਹੈ। ਵਿਵਹਾਰਿਕ ਜੀਵਨ ਵਿਚ ਇਨ੍ਹਾਂ ਚਾਰ ਪੁਰਸ਼ਾਰਥਾਂ ਨੂੰ ਚਾਰ ਆਸ਼ਰਮਾਂ (ਬ੍ਰਹਮਚਾਰੀ, ਗ੍ਰਹਿਸਥ, ਬਾਣਪ੍ਰਸਤ, ਸੰਨਿਆਸ) ਦੇ ਰੂਪ ਵਿਚ ਲਾਗੂ ਕਰਨ ਦਾ ਉਪਦੇਸ਼ ਹੈ। ਬ੍ਰਹਮਚਾਰੀ ਆਸ਼ਰਮ ਵਿਚ ਧਰਮ ਨੂੰ ਧਾਰਨ ਕਰਨ ਦੀ ਸਿੱਖਿਆ, ਗ੍ਰਹਿਸਥ ਵਿਚ ਅਰਥ ਅਤੇ ਕਾਮ ਦੇ ਸਦਉਪਯੋਗ ਦੀ ਸਿੱਖਿਆ, ਬਾਣਪ੍ਰਸਤ ਵਿਚ ਮੋਕਸ਼ ਪ੍ਰਾਪਤੀ ਲਈ ਸੰਘਰਸ਼ ਦਾ ਉਪਦੇਸ਼ ਅਤੇ ਸੰਨਿਆਸ ਵਿਚ ਸੰਸਾਰਿਕ ਬੰਧਨਾਂ ਤੋਂ ਮੁਕਤ ਹੋ ਕੇ ਕੇਵਲ ਮੋਕਸ਼ ਪ੍ਰਾਪਤੀ ਵਿਚ ਜੁਟ ਜਾਣ ਦਾ ਉਪਦੇਸ਼ ਹੈ।

ਭਾਰਤੀ ਨੀਤੀ-ਸ਼ਾਸਤਰ ਵਿਚ ਆਸ਼ਰਮ ਅਤੇ ਪੁਰਸ਼ਾਰਥ ਨੂੰ ਨੈਤਿਕ ਦ੍ਰਿਸ਼ਟੀਕੋਣ ਤੋਂ ਜਾਂ ਧਾਰਮਿਕ ਨੈਤਿਕ ਅਗਵਾਈ ਦੇ ਉਤਮ ਸਿਧਾਂਤ ਠਹਿਰਾਇਆ ਗਿਆ ਹੈ। ਇਨ੍ਹਾਂ ਵਿਚ ਮਨੁੱਖ ਦੇ ਆਦਰਸ਼ਵਾਦੀ ਜੀਵਨ ਨਾਲ ਸੰਬੰਧਿਤ ਨੈਤਿਕਤਾ ਦੇ ਸਪੱਸ਼ਟ ਚਿੱਤਰ ਦਿਖਾਈ ਦਿੰਦੇ ਹਨ। ਆਸ਼ਰਮ ਅਤੇ ਪੁਰਸ਼ਾਰਥ ਦੇ ਦੋ ਮੁੱਖ ਸਿਧਾਂਤਾਂ ਦੀ ਸੰਖੇਪ ਵਿਆਖਿਆ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਰਤੀ ਦਰਸ਼ਨ ਭੌਤਿਕਤਾ (ਸੰਸਾਰਕਤਾ) ਅਤੇ ਅਧਿਆਤਮਿਕਤਾ ਦਾ ਇਕ ਅਦੁੱਤੀ ਸੁਮੇਲ ਹੈ, ਜਿਸ ਵਿਚ ਨੈਤਿਕ ਦ੍ਰਿਸ਼ਟੀਕੋਣ ਤੋਂ ਪਰਮ-ਆਦਰਸ਼ ਮੋਕਸ਼ ਦੀ ਪ੍ਰਾਪਤੀ ਹੈ, ਪ੍ਰੰਤੂ ਇਸ ਦੀ ਪ੍ਰਾਪਤੀ ਲਈ ਲੌਕਿਕ ਜਗਤ ਵਿਚਲੇ ਨੈਤਿਕ ਗੁਣਾਂ ਦੀ ਗ੍ਰਹਿਣਤਾ ਨੂੰ ਜ਼ਰੂਰੀ ਸ਼ਰਤ ਵਜੋਂ ਦਰਸਾਇਆ ਗਿਆ ਹੈ। **ਡਾ. ਮਨਮੋਹਨ ਸਿੰਘ ਅਨੁਸਾਰ,** ''ਆਸ਼ਰਮ ਅਤੇ ਪੁਰਸ਼ਾਰਥ ਭਾਰਤੀ ਸੰਸਕ੍ਰਿਤੀ (ਸੱਭਿਆਚਾਰ) ਦੇ ਅਜਿਹੇ ਦੋ ਥੰਮ ਹਨ ਜਿਨ੍ਹਾਂ ਉਪਰ ਭਾਰਤ ਦਾ ਸੰਸਕ੍ਰਿਤਕ-ਮਹਲ ਉਸਰਿਆ ਹੋਇਆ ਹੈ।''[31] ਵੈਦਿਕ ਧਰਮ ਦੇ ਪ੍ਰਮੁੱਖ ਧਾਰਮਿਕ ਗ੍ਰੰਥਾਂ ਵਿਚ ਨੇਕੀ ਅਤੇ ਬਦੀ ਦੇ ਸਿਧਾਂਤ ਦੀ ਪ੍ਰੋੜਤਾ ਲਈ ਰਮਾਇਣ ਇੱਕ ਮਹੱਤਵਪੂਰਨ ਗ੍ਰੰਥ ਹੈ।

ਉਪਨਿਸ਼ਦਾਂ ਤੋਂ ਬਾਅਦ ਭਾਰਤੀ ਦਰਸ਼ਨ ਵਿਚ ਛੇ ਸ਼ਾਸਤਰਾਂ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਜੋ ਕਿ ਕ੍ਰਮਵਾਰ ਸ਼ਾਖ, ਵੈਸ਼ੇਸ਼ਕ, ਨਯਾਯ, ਮੀਮਾਂਸਾ, ਵੇਦਾਂਤ ਅਤੇ ਯੋਗ ਦੇ ਨਾਵਾਂ ਵਜੋਂ ਜਾਣੇ ਜਾਂਦੇ ਹਨ। ਇਨ੍ਹਾਂ ਵਿਚ ਵੀ ਮੋਕਸ਼ ਦੀ ਪ੍ਰਾਪਤੀ ਲਈ ਨੈਤਿਕਤਾ ਦਾ ਸਾਧਨ ਦੇ ਰੂਪ ਵਿਚ ਸਿਲਸਿਲੇਵਾਰ ਜ਼ਿਕਰ ਕੀਤਾ ਗਿਆ ਹੈ। ਵੈਦਿਕ ਪਰੰਪਰਾ ਮੁੱਖ ਤੌਰ

'ਤੇ ਦੋ ਵਿਚਾਰਧਾਰਾਵਾਂ ਨੂੰ ਜਨਮ ਦਿੰਦੀ ਹੈ। ਪਹਿਲੀ ਉਹ, ਜਿਸ ਵਿਚ ਕਰਮਕਾਂਡ ਨੂੰ ਮਹੱਤਤਾ ਦਿੱਤੀ ਗਈ ਹੈ ਅਤੇ ਦੂਸਰੀ ਅਧਿਆਤਮਿਕਤਾ ਨਾਲ ਸੰਬੰਧਿਤ ਪਰਮ-ਸੱਤ ਨਾਲ ਜੁੜੀ ਹੋਈ ਹੈ, ਜਿਸ ਦਾ ਮੂਲ ਮਨੋਰਥ 'ਪਰਮ ਸ਼ੁੱਭ' ਨੂੰ ਹਾਸਿਲ ਕਰਨਾ ਰਿਹਾ ਹੈ। ਇਨ੍ਹਾਂ ਛੇ ਦਰਸ਼ਨਾਂ ਵਿਚ ਵੀ ਅਧਿਆਤਮਿਕਤਾ ਦੇ ਮਾਰਗ ਨੂੰ ਪ੍ਰਮੁੱਖ ਦਸਦਿਆਂ ਹੋਇਆਂ, ਮਨੁੱਖ ਦੇ ਪਰਮ ਸ਼ੁੱਭ ਦੀ ਸਿਧਾਂਤਕ ਪੱਖ ਤੋਂ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਸ਼ਾਸਤਰ ਵੱਖ-ਵੱਖ ਰਿਸ਼ੀਆਂ ਦੀਆਂ ਰਚਨਾਵਾਂ ਹਨ, ਜਿਨ੍ਹਾਂ ਵਿਚ ਸਿਧਾਂਤਕ ਪੱਖ ਤੋਂ ਕਾਫ਼ੀ ਆਪਸੀ ਮੱਤਭੇਦ ਪਾਇਆ ਜਾਂਦਾ ਹੈ, ਪਰ ਫਿਰ ਵੀ ਕੁਝ ਗੱਲਾਂ ਕਰਕੇ ਇਨ੍ਹਾਂ ਦਾ ਉਦੇਸ਼ ਇਕ ਹੀ ਨਜ਼ਰ ਆਉਂਦਾ ਹੈ। ਪਹਿਲੀ ਗੱਲ ਇਹ ਕਿ ਹਰ ਸ਼ਾਸਤਰ ਦਾ ਮੁੱਖ ਉਦੇਸ਼ ਮੋਕਸ਼ ਦੀ ਪ੍ਰਾਪਤੀ ਹੈ, ਪਰੰਤੂ ਇਸ ਦੀ ਪ੍ਰਾਪਤੀ ਲਈ ਦਰਸਾਏ ਗਏ ਸਾਧਨਾਂ ਵਿਚ ਜ਼ਰੂਰ ਭਿੰਨਤਾ ਹੈ। ਦੂਸਰੀ ਗੱਲ ਇਸ ਪੱਖ ਤੋਂ ਸਾਂਝੀ ਹੈ ਕਿ ਸਾਰੇ ਸ਼ਾਸਤਰਾਂ ਵਿਚ ਨੈਤਿਕਤਾ ਨੂੰ ਅਧਿਆਤਮਿਕਤਾ ਦੇ ਰਸਤੇ ਉਪਰ ਤੁਰਨ ਦਾ ਸਭ ਤੋਂ ਉਤਮ ਸਾਧਨ ਸਵੀਕਾਰ ਕੀਤਾ ਗਿਆ ਹੈ।

ਭਾਰਤੀ ਦਰਸ਼ਨ ਵਿਚ ਇਨ੍ਹਾਂ ਛੇ ਸ਼ਾਸਤਰਾਂ ਨੇ ਵੇਦਾਂ ਦੀ ਪ੍ਰਮਾਣਿਕਤਾ ਨੂੰ ਸਵੀਕਾਰਿਆ ਹੈ ਇਸ ਲਈ ਇਨ੍ਹਾਂ ਨੂੰ ਆਸਤਿਕ ਦਰਸ਼ਨ ਵੀ ਆਖਿਆ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਵੈਦਿਕ ਧਰਮ ਵਿਚ ਪੁਰਾਣ ਬ੍ਰਾਹਮਣੀ ਮੱਤ ਦੇ ਮਹੱਤਵਪੂਰਨ ਗ੍ਰੰਥ ਹਨ। ਦੂਸਰੇ ਧਾਰਮਿਕ ਗ੍ਰੰਥਾਂ ਦੀ ਤਰ੍ਹਾਂ ਇਸ ਮਹਾਂਕਾਵਿ ਵਿਚ ਵੀ ਧਰਮ ਨਾਲ ਸੰਬੰਧਿਤ ਨੈਤਿਕ ਸਿੱਖਿਆਵਾਂ ਅਤੇ ਸੱਚਾਈਆਂ ਨੂੰ ਬੜੇ ਸਰਲ ਤਰੀਕੇ ਨਾਲ ਬਿਆਨ ਕੀਤਾ ਗਿਆ ਹੈ। ਭਾਰਤ ਦੀ ਧਾਰਮਿਕ, ਸਦਾਚਾਰਕ ਵਿਵਿਧਤਾ ਅਤੇ ਵਿਭਿੰਨਤਾ ਦੀ ਅਮੀਰੀ ਦਾ ਇਨ੍ਹਾਂ ਗ੍ਰੰਥਾਂ ਵਿਚ ਖੂਬ ਪ੍ਰਦਰਸ਼ਨ ਹੁੰਦਾ ਹੈ।[32]

ਕੁਝ ਮੱਤ ਜਿਵੇਂ ਕਿ ਬੁੱਧ, ਜੈਨ ਅਤੇ ਚਾਰਵਾਕ, ਵੇਦਾਂ ਦੀ ਪ੍ਰਮਾਣਿਕਤਾ ਨੂੰ ਸਵੀਕਾਰ ਨਹੀਂ ਕਰਦੇ। ਪਰੰਤੂ ਇਨ੍ਹਾਂ ਵਿਚ ਮਨੁੱਖ ਦੇ ਸਦਾਚਾਰਕ ਜੀਵਨ ਨਾਲ ਸੰਬੰਧਿਤ ਅਨੇਕਾਂ ਸਿਧਾਂਤ ਮੌਜੂਦ ਹਨ, ਜੋ ਮਨੁੱਖ ਨੂੰ ਨੈਤਿਕਤਾ ਦੇ ਰਸਤੇ ਉਪਰ ਤੁਰਨ ਲਈ ਪ੍ਰੇਰਣਾ ਦਿੰਦੇ ਹਨ। ਚਾਰਵਾਕ ਮੱਤ ਵਿਚ ਕੇਵਲ ਭੌਤਿਕਤਾ ਦੇ ਆਧਾਰ 'ਤੇ ਨੈਤਿਕ ਸਿਧਾਂਤਾਂ ਦੀ ਵਿਆਖਿਆ ਕੀਤੀ ਗਈ ਹੈ। ਇਸ ਵਿਚ ਨੈਤਿਕ ਦ੍ਰਿਸ਼ਟੀਕੋਣ ਤੋਂ ਵਿਅਕਤੀਗਤ ਸੁੱਖਵਾਦ ਨੂੰ

ਪ੍ਰਮੁੱਖ ਦਰਸਾਇਆ ਗਿਆ ਹੈ। ਇਸ ਮੱਤ ਅਨੁਸਾਰ ਮਨੁੱਖ ਦੇ ਜੀਵਨ ਦਾ ਉਦੇਸ਼ ਕੇਵਲ ਭੌਤਿਕ ਅਤੇ ਲੌਕਿਕ ਸੁੱਖ ਦੀ ਪ੍ਰਾਪਤੀ ਹੀ ਹੈ। ਦੁਨਿਆਵੀ ਸੁੱਖਾਂ ਦੇ ਤਿਆਗ ਕਰਨ ਵਾਲੇ ਵਿਅਕਤੀਆਂ ਨੂੰ ਚਾਰਵਾਕ ਮੂਰਖ ਕਹਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ, ਕਿ ਭਵਿੱਖ ਦੇ ਦੁੱਖ ਦੀ ਕਲਪਨਾ ਕਰਕੇ ਵਰਤਮਾਨ ਸੁੱਖ ਦਾ ਤਿਆਗ ਕਰਨਾ ਮਨੁੱਖ ਦੀ ਸਭ ਤੋਂ ਵੱਡੀ ਮੂਰਖਤਾ ਹੈ। ਇਸ ਕਰਕੇ ਸੁੱਖ ਦਾ ਭੋਗ ਹੀ ਜੀਵਨ ਦੀ ਸਭ ਤੋਂ ਵੱਡੀ ਸਿਆਣਪ ਹੈ।[33] ਅਧਿਆਤਮਿਕਤਾ ਦੇ ਪੱਖ ਤੋਂ ਇਸ ਦਰਸ਼ਨ ਵਿਚ ਕੋਈ ਵੀ ਸਿਧਾਂਤ ਪ੍ਰਮਾਣਿਕ ਨਹੀਂ ਹੈ, ਜਦੋਂ ਕਿ ਅਧਿਆਤਮਿਕਤਾ ਤੋਂ ਬਿਨ੍ਹਾਂ ਨੈਤਿਕਤਾ ਦੀ ਸੰਪੂਰਨਤਾ ਅਸੰਭਵ ਹੈ, ਇਸ ਲਈ ਨੈਤਿਕ ਦ੍ਰਿਸ਼ਟੀਕੋਣ ਤੋਂ ਇਹ ਮੱਤ ਜ਼ਿਆਦਾ ਪ੍ਰਭਾਵ ਨਹੀਂ ਦੇ ਸਕਿਆ। **ਡਾ. ਰਾਮਦਾਸ ਨਿਰਾਕਾਰੀ ਦੇ ਸ਼ਬਦਾਂ ਵਿਚ,** ''ਅਧਿਆਤਮ-ਵਿੱਦਿਆ ਦਾ ਵਿਸ਼ਲੇਸ਼ਣ ਭਾਰਤੀ ਨੀਤੀ-ਸ਼ਾਸਤਰ ਦਾ ਸਭ ਤੋਂ ਵੱਡਾ ਉਦੇਸ਼ ਹੈ। ਇਸ ਉਦੇਸ਼ ਨਾਲ ਬਾਕੀ ਸਾਰੇ ਉਦੇਸ਼ ਸਬੰਧਿਤ ਹਨ। ਭਾਰਤ ਨੂੰ ਸੰਸਾਰ ਵਿੱਚ ਅਧਿਆਤਮਵਾਦੀ ਦੇਸ਼ ਮੰਨਿਆ ਜਾਂਦਾ ਹੈ ਕਿਉਂਕਿ ਇਸ ਭੂਮੀ 'ਤੇ ਜਿੰਨੇ ਨੈਤਿਕ ਸ਼ਾਸਤਰਾਂ ਦੀ ਰਚਨਾ ਹੋਈ ਹੈ, ਉਨ੍ਹਾਂ ਦੇ ਮੂਲ ਵਿਚ ਕਿਸੇ ਨਾ ਕਿਸੇ ਰੂਪ ਵਿੱਚ ਅਧਿਆਤਮ ਵਿੱਦਿਆ ਹੀ ਵਰਤਦੀ ਹੈ।''[34] ਬੁੱਧ ਮੱਤ ਈਸ਼ਵਰ ਦੀ ਹੋਂਦ ਨੂੰ ਲੈ ਕੇ ਚੁੱਪ ਰਿਹਾ, ਪਰ ਫਿਰ ਵੀ ਇਸ ਨੂੰ 'ਧਰਮ' ਦਾ ਦਰਜਾ ਮਿਲਿਆ ਹੈ ਕਿਉਂਕਿ ਇਸ ਮੱਤ ਵਿਚਲੇ ਸਿਧਾਂਤਾਂ ਵਿਚ ਕੇਵਲ ਨੈਤਿਕਤਾ ਦੇ ਰਸਤੇ ਉਪਰ ਚਲਣ ਦਾ ਉਪਦੇਸ਼ ਦਿੱਤਾ ਗਿਆ ਹੈ। ਇਸ ਵਿਚ ਅਧਿਆਤਮਿਕਤਾ ਦੀ ਪਰਮ ਮੰਜ਼ਿਲ ਨੂੰ ਹਾਸਿਲ ਕਰਨ ਦਾ ਸਾਧਨ ਕੇਵਲ ਨੈਤਿਕਤਾ ਸਵੀਕਾਰਿਆ ਗਿਆ ਹੈ।

ਬੁੱਧ ਧਰਮ ਵਿਚ ਨੈਤਿਕਤਾ ਦਾ ਸਭ ਤੋਂ ਵੱਡਾ ਸਰੂਪ ਇਸ ਗੱਲ ਵਿਚ ਨਜ਼ਰ ਆਉਂਦਾ ਹੈ, ਕਿ ਇਸ ਵਿਚ ਦਿੱਤੀਆਂ ਸਿੱਖਿਆਵਾਂ ਨੂੰ ਕਿਸੇ ਵਿਸ਼ੇਸ਼ ਧਰਮ, ਦੇਸ਼ ਜਾਂ ਕੌਮ ਦੇ ਸੀਮਤ ਦਾਇਰੇ ਵਿਚ ਨਹੀਂ ਰੱਖਿਆ ਗਿਆ। ਇਸ ਵਿਚ ਮਨੁੱਖ ਦਾ ਪਰਮ ਆਦਰਸ਼ 'ਗਿਆਨ ਦੀ ਪ੍ਰਾਪਤੀ' ਨੂੰ ਦੱਸਿਆ ਗਿਆ ਹੈ, ਪਰ ਸੱਚਾ ਗਿਆਨ ਮਨੁੱਖ ਦੇ ਨੇਕ ਕਰਮਾਂ 'ਤੇ ਨਿਰਭਰ ਹੈ। ਨੇਕ ਕਰਮਾਂ ਦੁਆਰਾ 'ਗਿਆਨ ਦੀ ਪ੍ਰਾਪਤੀ' ਅਤੇ ਇਸ ਗਿਆਨ ਸਦਕਾ 'ਨਿਰਵਾਣ ਦੀ ਪ੍ਰਾਪਤੀ' ਕਰਨਾ ਹੀ ਮਨੁੱਖ ਦਾ ਅੰਤਿਮ ਲਕਸ਼ ਹੈ। ਬੁੱਧ ਮੱਤ ਵਿਚਲੇ ਸਾਰੇ ਉਪਦੇਸ਼ਾਂ ਨੂੰ ਨੈਤਿਕਤਾ ਦੇ ਰੂਪ ਵਿਚ ਨਿਰਵਾਣ ਦੀ ਪ੍ਰਾਪਤੀ ਦੇ ਉਚਤਮ ਸਾਧਨਾਂ ਵਜੋਂ

ਸਵੀਕਾਰ ਕੀਤਾ ਗਿਆ ਹੈ। ਨਿਰਵਾਣ ਦੀ ਪ੍ਰਾਪਤੀ ਲਈ ਸ਼ਰਧਾ, ਸੰਜਮ, ਧਰਮ ਪ੍ਰਤੀ ਵਚਨਬੱਧਤਾ ਅਤੇ ਤਰਕ ਆਦਿ ਗੁਣਾਂ ਦੀ ਗ੍ਰਹਿਣਤਾ ਨੂੰ ਜ਼ਰੂਰੀ ਸ਼ਰਤਾਂ ਵਜੋਂ ਦਰਸਾਇਆ ਗਿਆ ਹੈ। ਬੁੱਧ ਮੱਤ ਅਨੁਸਾਰ ਸੰਸਾਰ ਜਾਂ ਦ੍ਰਿਸ਼ਮਾਨ ਦੁੱਖਾਂ ਦਾ ਘਰ ਹੈ। ਦੁਖਾਂ ਤੋਂ ਮੁਕਤੀ ਗੌਤਮ ਬੁੱਧ ਦੇ ਸਿਧਾਂਤਕ ਪੱਖ ਦਾ ਮੂਲ ਵਿਸ਼ਾ ਹੈ। ਜਿਸ ਦੇ ਸੰਬੰਧ ਵਿਚ ਬੁੱਧ ਧਰਮ ਨੇ ਚਾਰ ਮਹਾਨ ਸੱਚਾਈਆਂ ਨੂੰ ਸਿੱਖਿਆਵਾਂ ਦੇ ਰੂਪ ਵਿਚ ਪੇਸ਼ ਕੀਤਾ। ਇਨ੍ਹਾਂ ਨੂੰ ਚਾਰ ਆਰਯ ਸੱਚ ਜਾਂ ਬੁੱਧ ਧਰਮ ਦੇ ਚਾਰ ਥੰਮ ਵੀ ਕਿਹਾ ਗਿਆ ਹੈ। ਜੋ ਇਸ ਪ੍ਰਕਾਰ ਹਨ:

1. ਸੰਸਾਰ ਦੁੱਖਾਂ ਦਾ ਘਰ ਹੈ।
2. ਦੁੱਖਾਂ ਦਾ ਕਾਰਨ ਹੈ।
3. ਤ੍ਰਿਸ਼ਨਾਂ ਦਾ ਤਿਆਗ, ਦੁੱਖਾਂ ਤੋਂ ਮੁਕਤੀ ਹੈ।
4. ਮੁਕਤੀ ਦੀ ਪ੍ਰਾਪਤੀ ਲਈ ਮਾਰਗ ਮੌਜੂਦ ਹੈ।

ਨਿਰਵਾਣ ਦੀ ਪ੍ਰਾਪਤੀ ਲਈ ਬੁੱਧ ਧਰਮ ਵਿਚ ਜਿਸ ਮਾਰਗ ਦਾ ਵਰਨਣ ਹੈ, ਉਸ ਨੂੰ ਅਸ਼ਟ ਮਾਰਗ ਜਾਂ ਅਸ਼ਟਾਂਗ ਮਾਰਗ ਕਿਹਾ ਜਾਂਦਾ ਹੈ। ਅਸ਼ਟਾਂਗ ਮਾਰਗ ਤੋਂ ਭਾਵ ਅੱਠ ਭਾਗਾਂ ਜਾਂ ਅੰਗਾਂ ਵਾਲਾ ਮਾਰਗ। ਇਸ ਨੂੰ ਮੱਧਮ, ਮੱਧ ਜਾਂ ਵਿਚਕਾਰਲਾ ਮਾਰਗ ਵੀ ਕਿਹਾ ਜਾਂਦਾ ਹੈ। ਇਹ ਮਾਰਗ ਬੁੱਧ ਧਰਮ ਦੀਆਂ ਨੈਤਿਕ ਸਿੱਖਿਆਵਾਂ ਦਾ ਮੁੱਖ ਅਧਾਰ ਹੈ। **ਡਾ. ਮਨਮੋਹਨ ਸਿੰਘ ਦੇ ਸ਼ਬਦਾਂ ਵਿਚ,** ''ਮੱਧਮ ਮਾਰਗ ਸਬੰਧੀ ਭਗਵਾਨ ਬੁੱਧ ਹੋਰ ਕਹਿੰਦੇ ਹਨ ਕਿ ਜੇਕਰ ਮਨੁੱਖ ਵੀਣਾ ਦੇ ਮਧੁਰ ਸਵਰ ਸੁਣਨਾ ਚਾਹੁੰਦਾ ਹੈ ਤਾਂ ਉਸਦੀਆਂ ਤਾਰਾਂ ਨੂੰ ਇੰਨਾ ਨਹੀਂ ਕੱਸਣਾ ਜਾਂ ਖਿੱਚਣਾ ਚਾਹੀਦਾ ਕਿ ਉਹ ਟੁੱਟ ਹੀ ਜਾਣ ਅਤੇ ਨਾ ਹੀ ਇੰਨਾ ਢਿੱਲਾ ਛੱਡਣਾ ਚਾਹੀਦਾ ਹੈ ਕਿ ਜਿਸ ਨਾਲ ਸਵਰ ਹੀ ਨਾ ਨਿਕਲੇ। ਮਧੁਰ ਸਵਰ ਉਦੋਂ ਹੀ ਨਿਕਲੇਗਾ ਜਦੋਂ ਵੀਣਾ ਦੇ ਤਾਰ ਨਾ ਜ਼ਿਆਦਾ ਕੱਸੇ ਹੋਣ ਅਤੇ ਨਾ ਹੀ ਜ਼ਿਆਦਾ ਢਿੱਲੇ ਹੋਣ ਸਗੋਂ ਵਿਚਕਾਰਲੀ ਅਵੱਸਥਾ ਵਿੱਚ ਹੋਣ।''[35]

ਮੱਧ ਮਾਰਗ ਜਾਂ ਅਸ਼ਟਾਂਗ ਮਾਰਗ ਵਿਚ ਸਹੀ ਵਿਚਾਰ, ਸਹੀ ਸੰਕਲਪ, ਸਹੀ ਬਚਨ, ਸਹੀ ਵਿਹਾਰ, ਸਹੀ ਕਿਰਤ, ਸਹੀ ਯਤਨ, ਸਹੀ ਸਮ੍ਰਿਤੀ ਅਤੇ ਸਹੀ ਧਿਆਨ ਜਾਂ ਸਮਾਧੀ ਆਦਿ ਨੈਤਿਕ ਗੁਣਾਂ ਦਾ ਵਰਨਣ ਹੈ, ਜਿਨ੍ਹਾਂ ਨੂੰ ਵਿਵਹਾਰਿਕ ਜੀਵਨ ਵਿਚ ਗ੍ਰਹਿਣ ਕਰਨ ਨਾਲ ਮਨੁੱਖ ਨਿਰਵਾਣ ਦੀ ਪ੍ਰਾਪਤੀ ਕਰ ਸਕਦਾ ਹੈ। ਇਨ੍ਹਾਂ ਅੱਠ ਸਿਧਾਂਤਾਂ ਵਿਚ ਧਰਮ,

ਸਦਾਚਾਰ ਅਤੇ ਦਰਸ਼ਨ ਨਾਲ ਸੰਬੰਧਿਤ ਸਾਰੇ ਪੱਖਾਂ ਦਾ ਵਰਨਣ ਕੀਤਾ ਗਿਆ ਹੈ। ਸਾਡੇ ਅਧਿਐਨ ਦਾ ਵਿਸ਼ਾ ਮਨੁੱਖ ਦੀ ਕਿਰਤ-ਕਮਾਈ ਨਾਲ ਸੰਬੰਧਿਤ ਨੈਤਿਕਤਾ ਨਾਲ ਸੰਬੰਧ ਰੱਖਦਾ ਹੈ, ਜਿਸ ਸੰਬੰਧੀ ਗੌਤਮ ਬੁੱਧ ਜੀ ਨੇ ਵੀ ਆਪਣੇ ਅਸ਼ਟਾਂਗ ਮਾਰਗ ਵਿਚ ਸਮਾਜਿਕ ਤੌਰ 'ਤੇ ਮਨੁੱਖ ਨੂੰ ਸੱਚੀ-ਸੁੱਚੀ ਧਰਮ ਦੀ ਕਿਰਤ-ਕਮਾਈ ਕਰਨ ਦਾ ਉਪਦੇਸ਼ ਦਿੱਤਾ ਹੈ। ਮਨੁੱਖ ਨੂੰ ਆਪਣੇ ਸਰੀਰ ਦੀ ਰੱਖਿਆ ਲਈ ਕੋਈ ਨਾ ਕੋਈ ਜੀਵਕਾ ਜ਼ਰੂਰ ਅਪਣਾਉਣੀ ਪੈਂਦੀ ਹੈ ਪਰ ਇਹ ਜੀਵਕਾ ਸੱਚੀ ਹੋਣੀ ਚਾਹੀਦੀ ਹੈ। ਜਿਸ ਨਾਲ ਦੂਸਰੇ ਪ੍ਰਾਣੀਆਂ ਨੂੰ ਨਾ ਤਾਂ ਕਿਸੇ ਪ੍ਰਕਾਰ ਦਾ ਕਲੇਸ਼ ਪਹੁੰਚੇ ਅਤੇ ਨਾ ਹੀ ਉਨ੍ਹਾਂ ਦੀ ਹਿੰਸਾ ਦਾ ਕੋਈ ਅਵਸਰ ਮਿਲੇ। ਸਮਾਜ ਵਿਅਕਤੀਆਂ ਦੇ ਇਕੱਠ ਨਾਲ ਬਣਦਾ ਹੈ। ਪਰਸਪਰ ਕਲਿਆਣ ਦੀ ਭਾਵਨਾ ਨਾਲ ਪ੍ਰੇਰਿਤ ਹੋ ਕੇ ਆਪਣੀ ਜੀਵਕਾ ਵਿਚ ਲਗਣ ਵਿਚ ਹੀ ਸਮਾਜ ਦਾ ਵਾਸਤਵਿਕ ਹਿਤ ਹੈ।[36] ਗੌਤਮ ਬੁੱਧ ਜੀ ਨੇ ਧਰਮ ਦੀ ਸਦਾਚਾਰਕ ਸਿੱਖਿਆ ਵਿਚ ਮਨੁੱਖ ਦੇ ਵਿਵਹਾਰਿਕ ਜਾਂ ਅਮਲੀ ਜੀਵਨ 'ਤੇ ਵਧੇਰੇ ਜ਼ੋਰ ਦਿੱਤਾ ਹੈ। ਉਨ੍ਹਾਂ ਅਨੁਸਾਰ ਸ਼ੁੱਭ ਕਰਮਾਂ ਦੀ ਗ੍ਰਹਿਣਤਾ ਅਤੇ ਅਸ਼ੁੱਭ ਕਰਮਾਂ ਦਾ ਤਿਆਗ ਮਨੁੱਖ ਨੂੰ ਮੁਕਤੀ ਦੇ ਰਸਤੇ 'ਤੇ ਤੋਰ ਦਿੰਦੀ ਹੈ। ਸਦਾਚਾਰ ਜਾਂ ਨੈਤਿਕਤਾ ਦਾ ਸਿਧਾਂਤ (ਸ਼ੀਲ) ਸਭ ਜੀਵਾਂ ਲਈ ਪਿਆਰ ਅਤੇ ਦਯਾ ਦੇ ਵਿਚਾਰ ਉਪਰ ਨਿਰਧਾਰਤ ਹੈ। ਬੁੱਧ ਨੇ ਆਪਣੇ ਸਿਧਾਂਤ, ਆਪਣੇ ਵਿਚਾਰ ਲੋਕਾਂ ਦੀ ਭਲਾਈ ਲਈ, ਲੋਕਾਂ ਦੀ ਖੁਸ਼ੀ ਲਈ, ਸੰਸਾਰ ਉਤੇ ਦਇਆ ਕਮਾਉਣ ਲਈ ਦਿੱਤੇ ਸਨ।[37]

ਬੁੱਧ ਮੱਤ ਦੀ ਤਰ੍ਹਾਂ ਜੈਨ ਮੱਤ ਵੀ ਇਕ ਨਾਸਤਕ ਧਰਮ ਹੈ। ਨੈਤਿਕ ਦ੍ਰਿਸ਼ਟੀਕੋਣ ਤੋਂ ਜੈਨ ਮੱਤ ਵਿਚ ਪੰਜ ਮਹਾਂਵਰਤਾਂ (ਅਹਿੰਸਾ, ਸੱਤ, ਅਸੱਤੇਯ, ਅਪਰਿਗ੍ਰਹ, ਬ੍ਰਹਮਚਰਜ) ਦੀ ਬਹੁਤ ਮਹਾਨਤਾ ਹੈ। ਜੇ ਇਹ ਕਹਿ ਲਿਆ ਜਾਵੇ ਕਿ ਇਨ੍ਹਾਂ ਪੰਜ ਮਹਾਂਵਰਤਾਂ ਕਰਕੇ ਹੀ ਜੈਨ ਧਰਮ ਵਿਚ ਨੈਤਿਕਤਾ ਦੀ ਹੋਂਦ ਮੌਜੂਦ ਹੈ, ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਅਹਿੰਸਾ ਦਾ ਸਿਧਾਂਤ ਜੈਨ ਧਰਮ ਦਾ ਇਕ ਪ੍ਰਮੁੱਖ ਸਿਧਾਂਤ ਹੈ। ਜੈਨ ਧਰਮ ਵਿਚ ਹਿੰਸਾ ਦਾ ਬੜੀ ਗੰਭੀਰਤਾ ਨਾਲ ਵੱਖ-ਵੱਖ ਰੂਪਾਂ ਵਿਚ ਵਿਸ਼ਲੇਸ਼ਣ ਕੀਤਾ ਗਿਆ ਹੈ। ਜੈਨ ਧਰਮ ਵਿਚ ਤਿੰਨ ਪ੍ਰਕਾਰ ਦੀ ਹਿੰਸਾ ਉਪਰ ਵਿਸ਼ੇਸ਼ ਰੋਕ ਲਗਾਈ ਹੈ ਉਹ ਹੈ ਮਨ, ਬਚਨ ਅਤੇ ਕਰਮ ਤੇ ਅਧਾਰਿਤ ਹਿੰਸਾ। ਕਰਮਾਂ ਵਿਚ ਹੋਣ ਵਾਲੀ ਹਿੰਸਾ ਦਾ ਜਨਮ ਵਿਚਾਰਾਂ ਜਾਂ ਮਨ ਦੁਆਰਾ ਹੁੰਦਾ ਹੈ। ਮਨ ਵਿਚ ਆਉਣ ਵਾਲੇ ਵਿਚਾਰ ਹੀ ਕ੍ਰਿਆ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ

ਹਨ। ਇਸ ਲਈ ਬਾਹਰੀ ਹਿੰਸਾ ਨੂੰ ਰੋਕਣ ਲਈ ਪਹਿਲਾਂ ਮਨ ਵਿਚ ਵਿਚਾਰਾਂ ਦੇ ਸਦਕਾ ਪ੍ਰਗਟ ਹੋਣ ਵਾਲੀ ਹਿੰਸਾ ਨੂੰ ਰੋਕਣਾ ਜਰੂਰੀ ਹੈ। ਇਸ ਤੋਂ ਇਲਾਵਾ ਚੋਰੀ ਨਾ ਕਰਨਾ, ਸੰਸਾਰਿਕ ਵਸਤੂਆਂ ਪ੍ਰਤੀ ਮੋਹ ਦਾ ਤਿਆਗ, ਸਵੈ-ਕਾਬੂ ਜਾਂ ਵਾਸ਼ਨਾਵਾਂ ਤੋਂ ਬਚਣ ਲਈ ਇੰਦਰੀਆਂ ਉਪਰ ਨਿਯੰਤਰਣ, ਨਿਰਲੇਪਤਾ, ਸਾਦਗੀ, ਪਾਵਨਤਾ, ਸੱਚਾਈ, ਪਵਿੱਤਰ ਅਖ਼ਲਾਕ ਆਦਿ ਸਦਗੁਣਾਂ ਦਾ ਵੇਰਵਾ ਇਨ੍ਹਾਂ ਮਹਾਂਵਰਤਾਂ ਵਿਚ ਮੌਜੂਦ ਹੈ। ਪਰੰਤੂ ਇਨ੍ਹਾਂ ਪੰਜ ਮਹਾਂਵਰਤਾਂ ਅਨੁਸਾਰ ਚਲਣ ਲਈ ਸਾਧਕ ਨੂੰ ਲਗਾਤਾਰ ਸਾਧਨਾ ਕਰਨੀ ਪੈਂਦੀ ਹੈ। ਦੋ ਧਾਰਮਿਕ ਸੰਬੋਧ, ''ਸੰਵਰ'' ਅਤੇ ''ਨਿਰਜਰ'' ਜੈਨ ਮੱਤ ਵਿਚ ਮਹੱਤਵਪੂਰਨ ਹਨ। ਇਸ ਪ੍ਰਣਾਲੀ ਵਿਚ ਸਾਰੀ ਦੀ ਸਾਰੀ ਧਾਰਮਿਕ ਅਤੇ ਅਖ਼ਲਾਕੀ ਸਿੱਖਿਆ ਇਨ੍ਹਾਂ ਵਿਚਾਰਾਂ ਉਤੇ ਅਧਾਰਿਤ ਹੈ। ਕਰਮਾਂ ਦੇ ਮਨੁੱਖ ਅੰਦਰ ਪ੍ਰਵੇਸ਼ ਕਰਨ ਨੂੰ ਰੋਕਣ ਦਾ ਨਾਂ ''ਸੰਵਰ'' ਹੈ। ਮਨੁੱਖ ਦੇ ਅੰਦਰ ਸੰਚਿਤ ਕਰਮਾਂ ਨੂੰ ਨਸ਼ਟ ਕਰਨ ਦਾ ਨਾਂ ''ਨਿਰਜਰ'' ਹੈ।[38] ਬੁੱਧ ਮੱਤ ਦੀ ਤਰ੍ਹਾਂ ਜੈਨ ਮੱਤ ਵੀ ਮੋਕਸ਼ ਪ੍ਰਾਪਤੀ ਨੂੰ ਜੀਵਨ ਦਾ ਪਰਮ ਆਦਰਸ਼ ਮੰਨ ਕੇ ਚਲਦਾ ਹੈ। **ਡਾ. ਹਰਪਾਲ ਸਿੰਘ ਪੰਨੂੰ ਦੇ ਸ਼ਬਦਾਂ ਵਿਚ,** ''ਜੈਨ ਮੱਤ ਅਨੁਸਾਰ ਪਾਪ ਪੁੰਨ ਦੀ ਗਿਣਤੀ ਗਣਿਤ ਦੀ ਗਿਣਤੀ ਵਾਂਗ ਸ਼ੁੱਧ ਹੈ। ਜੇ ਪਾਪਾਂ ਦੀ ਗਿਣਤੀ ਪੁੰਨ ਤੋਂ ਵੱਧ ਗਈ ਤਾਂ ਮਨੁੱਖ ਜੂਨਾਂ ਵਿੱਚ ਚੱਕਰ ਲਾਉਂਦਾ ਰਹੇਗਾ। ਜੇ ਪੁੰਨ ਵੱਧ ਗਏ ਤਾਂ ਮੁਕਤੀ ਪ੍ਰਾਪਤ ਹੋਵੇਗੀ। ਲਗਾਤਾਰ ਸਾਧਨਾਂ ਕਰਦੇ ਰਹਿਣ ਨਾਲ ਸੰਜਮ ਕਰਨ ਨਾਲ 'ਤੇ ਦੱਸੇ ਗਏ ਧਰਮ-ਪੰਥ ਦੀ ਨਿਯਮਾਵਲੀ ਮੰਨਣ ਨਾਲ ਮੁਕਤੀ ਅਵੱਸ਼ ਪ੍ਰਾਪਤ ਹੋਏਗੀ।[39] ਇਸ ਪ੍ਰਕਾਰ ਜੈਨ ਧਰਮ ਵਿੱਚ ਨੈਤਿਕਤਾ ਦੀ ਪ੍ਰਕ੍ਰਿਤੀ ਕਠੋਰ ਅਤੇ ਮੁਸ਼ਕਿਲ ਤਾਂ ਜ਼ਰੂਰ ਹੈ, ਪਰ ਅਸੰਭਵ ਨਹੀਂ।

ਸਾਮੀ ਧਰਮਾਂ ਵਿਚ ਯਹੂਦੀ ਧਰਮ ਬਹੁਤ ਪੁਰਾਣਾ ਅਤੇ ਮੁੱਢਲਾ ਧਰਮ ਹੈ। ਯਹੂਦੀ ਧਰਮ ਵਿਚ ਨੀਤੀ-ਸ਼ਾਸਤਰ ਦਾ ਅਧਾਰ ਬਾਈਬਲ ਦਾ ਪਹਿਲਾ ਭਾਗ ਭਾਵ ਪੁਰਾਣਾ ਨਿਯਮ ਹੈ। ਇਸ ਭਾਗ ਵਿਚ ਉਨ੍ਹਾਂ ਦਸ ਆਦੇਸ਼ਾਂ ਦਾ ਵਰਨਣ ਹੈ, ਜੋ ਯਹੂਦੀ ਪੈਗੰਬਰ ਮੂਸਾ ਨੂੰ ਕੋਹ-ਤੂਰ ਨਾਮਕ ਸਥਾਨ ਤੇ ਖੁਦਾ ਵਲੋਂ ਜਾਰੀ ਕੀਤੇ ਗਏ ਸਨ। ਇਨ੍ਹਾਂ ਵਿਚ ਕਈ ਅਜਿਹੇ ਸਿਧਾਂਤ ਜਿਵੇਂ ਬੁੱਤ ਪੂਜਾ ਦੀ ਮਨਾਹੀ, ਚੋਰੀ ਤੇ ਯਾਰੀ ਤੋਂ ਮਨਾਹੀ, ਮਾਤਾ-ਪਿਤਾ ਦਾ ਸਤਿਕਾਰ, ਕਿਸੇ ਦਾ ਕਤਲ ਨਹੀਂ ਕਰਨਾ, ਝੂਠੀ ਗਵਾਹੀ ਨਹੀਂ ਦੇਣੀ, ਕਿਸੇ ਚੀਜ਼ ਜਾਂ

ਪਰਾਏ ਧਨ ਦਾ ਲੋਭ ਨਹੀਂ ਕਰਨਾ ਆਦਿ ਦਾ ਵਰਨਣ ਮਿਲਦਾ ਹੈ, ਜੋ ਮਨੁੱਖ ਨੂੰ ਨੈਤਿਕ ਦ੍ਰਿਸ਼ਟੀਕੋਣ ਤੋਂ ਇਕ ਸਦਾਚਾਰਕ ਜੀਵਨ ਨੂੰ ਧਾਰਨ ਕਰਨ ਦੀ ਪ੍ਰੇਰਣਾ ਦਿੰਦੇ ਹਨ।

ਯਹੂਦੀ ਧਰਮ ਦੀ ਤਰ੍ਹਾਂ ਈਸਾਈ ਧਰਮ ਵੀ ਸੰਸਾਰ ਦਾ ਕਾਫ਼ੀ ਪ੍ਰਾਚੀਨ ਧਰਮ ਹੈ। ਇਸ ਧਰਮ ਦਾ ਆਰੰਭ ਮਹਾਨ ਧਰਮ ਵੇਤਾ ਈਸਾ ਮਸੀਹ ਦੁਆਰਾ ਹੋਇਆ। ਬਾਈਬਲ ਦਾ ਦੂਸਰਾ ਭਾਗ, ਜਿਸ ਨੂੰ ਨਵਾਂ ਅਹਿਦਨਾਮਾ ਜਾਂ ਨਵਾਂ ਨਿਯਮ ਕਿਹਾ ਜਾਂਦਾ ਹੈ, ਵਿਚ ਈਸਾਈ ਧਰਮ ਦੇ ਸਿਧਾਂਤਾਂ ਦਾ ਵੇਰਵਾ ਦਿੱਤਾ ਗਿਆ ਹੈ। ਨੈਤਿਕ ਪੱਖ ਤੋਂ ਈਸਾਈ ਧਰਮ ਵਿਚ ਚੰਗੇ ਕਰਮਾਂ ਨੂੰ ਇਕ ਵਿਸ਼ੇਸ਼ ਵਿਸ਼ੇ ਵਜੋਂ ਵਿਚਾਰਿਆ ਗਿਆ ਹੈ, ਜਿਸ ਵਿਚ ਈਸ਼ਵਰੀ ਪ੍ਰੇਮ, ਮਨੁੱਖੀ ਸੇਵਾ, ਨਿਮਰਤਾ, ਸਹਿਣਸ਼ੀਲਤਾ, ਭਾਣਾ, ਖਿਮਾਂ, ਤਿਆਗ ਆਦਿਕ ਪ੍ਰਮੁੱਖ ਸਦਗੁਣਾਂ ਦਾ ਉਪਦੇਸ਼ ਦਿੱਤਾ ਗਿਆ ਹੈ। ਈਸਾ ਮਸੀਹ ਜੀ ਨੇ ਮਨੁੱਖ ਨੂੰ ਉਸ ਦੁਆਰਾ ਨਿਭਾਏ ਜਾਣ ਵਾਲੇ ਹਰ ਇਕ ਕਰਮ ਵਿਚ ਦ੍ਰਿੜਤਾ ਸੱਚਾਈ, ਈਮਾਨਦਾਰੀ, ਪਰਪੱਕਤਾ ਅਤੇ ਸੰਪੂਰਨ ਧਿਆਨ ਦੀ ਗ੍ਰਹਿਣਤਾ ਉਪਰ ਜ਼ੋਰ ਦਿੱਤਾ। ਉਨ੍ਹਾਂ ਅਨੁਸਾਰ, ''ਜੇ ਸੇਵਾ ਹੋਵੇ ਤਾਂ ਆਪਣੀ ਸੇਵਾ ਵਿਚ ਰਹੀਏ, ਜੇ ਸਿਖਾਉਣ ਵਾਲਾ ਹੋਵੇ ਤਾਂ ਸਿਖਾਉਣ ਦੇ ਕੰਮ ਵਿਚ, ਜੇ ਉਪਦੇਸ਼ਕ ਹੋਵੇ ਤਾਂ ਉਪਦੇਸ਼ ਕਰਨ ਵਿਚ, ਦਾਨ ਦੇਣ ਵਾਲਾ ਖੁਲ੍ਹੇ ਦਿਲ ਦੇਵੇ, ਉਪਕਾਰ ਤਰੱਦਦ ਨਾਲ ਹੋਵੇ, ਦਯਾ ਕਰਨ ਵਾਲਾ ਖੁਸ਼ੀ ਨਾਲ ਦਯਾ ਕਰੇ, ਪ੍ਰੇਮ ਨਿਸ਼ਕਪਟ ਹੋਵੇ, ਬੁਰਿਆਈ ਤੋਂ ਸੂਗ ਕਰੋ, ਭਲਿਆਈ ਨਾਲ ਮਿਲੇ ਰਹੋ, ਭਰਪਣ ਦੇ ਪ੍ਰੇਮ ਵਿਚ ਇਕ ਦੂਜੇ ਨਾਲ ਗੂੜ੍ਹਾ ਹਿੱਤ ਰੱਖੋ, ਆਦਰ ਵਿਚ ਦੂਜੇ ਨੂੰ ਚੰਗਾ ਸਮਝੋ, ਮਿਹਨਤ ਵਿਚ ਢਿੱਲੇ ਨਾ ਹੋਵੋ, ਆਤਮਾ ਵਿਚ ਸਰਗਰਮ ਰਹੋ, ਪ੍ਰਭ ਦੀ ਸੇਵਾ ਕਰਿਆ ਕਰੋ।[40] ਈਸਾ ਮਸੀਹ ਜੀ ਨੇ ਮਾਨਵਤਾ ਨੂੰ ਬਦੀ ਦੇ ਰਸਤੇ ਤੋਂ ਹਟ ਕੇ ਨੇਕੀ ਦੇ ਰਸਤੇ ਉਪਰ ਤੁਰਨ ਲਈ ਕਿਹਾ। ਉਨ੍ਹਾਂ ਨੇ ਮਨੁੱਖ ਨੂੰ ਬਦੀ ਦੇ ਮੁਕਾਬਲੇ ਨੇਕੀ ਕਮਾਉਣ ਲਈ ਕਿਹਾ। ਕ੍ਰੋਧ ਸਾਹਮਣੇ ਨਿਰਮਾਣਤਾ ਦੀ ਜਿੱਤ ਉਨ੍ਹਾਂ ਦਾ ਇਕ ਪ੍ਰਮੁੱਖ ਸਿਧਾਂਤ ਸੀ।

ਈਸਾਈ ਧਰਮ ਤੋਂ ਬਾਅਦ ਇਸਲਾਮ ਧਰਮ ਦਾ ਜ਼ਿਕਰ ਜ਼ਰੂਰੀ ਹੈ, ਜੋ ਕਿ ਏਸ਼ੀਆ ਦੇ ਵੱਡੇ ਧਰਮਾਂ ਵਿਚ ਇਕ ਮਹੱਤਵਪੂਰਨ ਸਥਾਨ ਰੱਖਦਾ ਹੈ। ਕੁਰਾਨ ਇਸਲਾਮ ਧਰਮ ਦਾ

ਇਕ ਮਹੱਤਵਪੂਰਨ ਧਾਰਮਿਕ ਗ੍ਰੰਥ ਹੈ, ਜਿਸ ਵਿਚ ਇਸ ਧਰਮ ਦੇ ਸਿਧਾਂਤਕ ਪੱਖ ਦਾ ਵਰਨਣ ਹੈ। ਜੈਨ ਮੱਤ ਦੀ ਤਰ੍ਹਾਂ ਇਸਲਾਮਿਕ ਨੈਤਿਕਤਾ ਦੀ ਤਸਵੀਰ ਵੀ ਇਸ ਦੇ ਪ੍ਰਮੁੱਖ ਪੰਜ ਸਿਧਾਂਤਾਂ ਵਿਚੋਂ ਦੇਖੀ ਜਾ ਸਕਦੀ ਹੈ, ਜਿੰਨ੍ਹਾਂ ਨੂੰ ਇਸਲਾਮ ਧਰਮ ਦੀ ਨੀਂਹ ਕਿਹਾ ਜਾਂਦਾ ਹੈ। ਇਸਲਾਮ ਧਰਮ ਦਾ ਪਹਿਲਾ ਅਤੇ ਬੁਨਿਆਦੀ ਸਿਧਾਂਤ ਕਲਮਾ ਹੈ। ਜਿਸ ਵਿਚ ਇਕ ਅੱਲ੍ਹਾ ਅਤੇ ਇਸਲਾਮ ਧਰਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੀ ਪੈਗੰਬਰੀ ਵਿਚ ਵਿਸ਼ਵਾਸ ਕਰਨ ਦੀ ਨਸੀਹਤ ਕੀਤੀ ਗਈ ਹੈ। ਨੈਤਿਕਤਾ ਦੇ ਪੱਖ ਤੋਂ ਉਸ ਅੱਲ੍ਹਾ ਦੀ ਆਗਿਆ ਦਾ ਪਾਲਣ ਅਤੇ ਰਜ਼ਾ ਵਿਚ ਰਹਿਣ ਦੀ ਕਲਾ ਹੀ ਮਨੁੱਖ ਦਾ ਸਭ ਤੋਂ ਵੱਡਾ ਨੈਤਿਕ ਗੁਣ ਹੈ। ਕਲਮਾ ਤੋਂ ਬਾਅਦ ਦੂਸਰਾ ਬੁਨਿਆਦੀ ਸਿਧਾਂਤ ਨਮਾਜ਼ ਹੈ, ਜਿਸ ਤੋਂ ਭਾਵ ਹੈ, ਇਕ ਅੱਲ੍ਹਾ ਅੱਗੇ ਅਰਦਾਸ, ਦੁਆ ਜਾਂ ਇਕ ਅੱਲ੍ਹਾ ਦੀ ਪ੍ਰਾਰਥਨਾ। ਹਰ ਮੁਸਲਮਾਨ ਲਈ ਹਰ ਰੋਜ਼ ਪੰਜ ਨਮਾਜ਼ਾਂ ਦੀ ਅਦਾਇਗੀ, ਇਸਲਾਮ ਧਰਮ ਦਾ ਬੁਨਿਆਦੀ ਅਸੂਲ ਹੈ। ਇਸਲਾਮ ਦਾ ਤੀਸਰਾ ਪ੍ਰਮੁੱਖ ਸਿਧਾਂਤ ਜ਼ਕਾਤ ਹੈ, ਜੋ ਕਿ ਇਸਲਾਮਿਕ ਨੈਤਿਕਤਾ ਦੇ ਪ੍ਰਮੁੱਖ ਪ੍ਰਮਾਣ ਵਜੋਂ ਉਭਰ ਕੇ ਸਾਹਮਣੇ ਆਉਂਦਾ ਹੈ। ਇਸ ਵਿਚ ਦਾਨ ਜਾਂ ਖੈਰਾਤ ਦੇ ਰੂਪ ਵਿਚ ਆਰਥਿਕ ਅਤੇ ਧਾਰਮਿਕ ਪੱਖ ਤੋਂ ਗਰੀਬਾਂ ਅਤੇ ਲੋੜਵੰਦਾਂ, ਗੁਲਾਮਾਂ, ਕੈਦੀਆਂ ਆਦਿ ਦੀ ਸਹਾਇਤਾ ਦਾ ਵਰਨਣ ਹੈ। ਮਨੁੱਖ ਦੇ ਆਰਥਿਕ ਜੀਵਨ ਨਾਲ ਸੰਬੰਧਿਤ ਨੈਤਿਕਤਾ ਨੂੰ ਪ੍ਰਮੁੱਖ ਰੱਖਦਿਆਂ ਹੋਇਆਂ ਇਸਲਾਮ ਵਿਚ ਅਮਾਨਤ 'ਤੇ ਦਿਆਨਤ ਦੇ ਸਿਧਾਂਤ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਗਈ ਹੈ, ਜਿਸ ਤੋਂ ਭਾਵ ਹੈ, ਕਿ ਪਰਾਈ ਵਸਤੂ ਜਾਂ ਧਨ-ਦੌਲਤ ਨੂੰ ਲੁੱਟ ਕੇ ਕਿਸੇ ਜੀਵ ਨੂੰ ਕਸ਼ਟ ਜਾਂ ਦੁਖੀ ਨਹੀਂ ਕਰਨਾ ਚਾਹੀਦਾ। **ਹਜ਼ਰਤ ਮਿਰਜ਼ਾ ਗ਼ੁਲਾਮ ਅਹਿਮਦ ਦੇ ਸ਼ਬਦਾਂ ਵਿੱਚ,** ''ਪ੍ਰਭੂ ਖਿਆਨਤ ਕਰਨ ਵਾਲਿਆਂ ਨਾਲ ਪਿਆਰ ਨਹੀਂ ਕਰ ਸਕਦਾ। ਜਦ ਤੁਸੀਂ ਨਾਪ ਕਰਨ ਲਗੋ, ਤਾਂ ਪੂਰਾ-ਪੂਰਾ ਨਾਪਿਆ ਕਰੋ ਅਤੇ ਜਦ ਤੋਲ ਕਰਨ ਲਗੋ, ਤਾਂ ਸਾਵੀਂ ਡੰਡੀ ਨਾਲ ਤੋਲਿਆ ਕਰੋ। ਕਿਸੇ ਢੰਗ ਨਾਲ ਵੀ ਦੂਜਿਆਂ ਦੇ ਧਨ ਨੂੰ ਹਾਣ ਪੁਚਾਉਣ ਦਾ ਜਤਨ ਨਾ ਕਰੋ। ਫਸਾਦੀਆਂ ਵਾਂਗ ਧਰਤੀ 'ਤੇ ਨਾ ਫਿਰਿਆ ਕਰੋ। ਅਰਥਾਤ ਇਸ ਨੀਯਤ ਨਾਲ ਕਿ ਚੋਰੀਆਂ ਕਰ ਸਕੋ 'ਤੇ ਡਾਕੇ ਮਾਰ ਸਕੋ, ਜਾਂ ਕਿਸੇ ਦਾ ਖੀਸਾ ਕੱਟ

ਸਕੋ ਤੇ ਜਾਂ ਕਿਸੇ ਹੋਰ ਅਯੋਗ ਢੰਗ ਨਾਲ ਪਰਾਇਆ ਧਨ ਹੜੱਪ ਕਰ ਸਕੋ।''[41] ਹਜ਼ਰਤ ਉਮਰ (ਅੱਲ੍ਹਾ ਜਿਨ੍ਹਾਂ ਤੋਂ ਰਾਜ਼ੀ ਹੋਵੇ) ਦੇ ਪੁੱਤਰ ਹਜ਼ਰਤ ਅਬਦੁੱਲਾ ਕਹਿੰਦੇ ਹਨ ਕਿ ਆਪ (ਅੱਲ੍ਹਾ ਜਿਨ੍ਹਾਂ ਨੂੰ ਵਰੋਸਾਏ ਤੇ ਜਿਨ੍ਹਾਂ ਦੀ ਸੁਰੱਖਿਆ ਕਰੇ) ਨੇ ਫੁਰਮਾਇਆ, ''ਅੱਲ੍ਹਾ ਉਸ ਮੁਸਲਮਾਨ ਨੂੰ ਪਿਆਰ ਕਰਦਾ ਹੈ, ਜਿਹੜਾ ਮਿਹਨਤ ਕਰਕੇ ਆਪਣੀ ਉਪਜੀਵਕਾ ਕਮਾਉਂਦਾ ਹੈ।''[42]

ਧਾਰਮਿਕ ਪੱਖ ਤੋਂ ਆਪਣੇ ਆਪ ਨੂੰ ਬੁਰੀਆਂ ਆਦਤਾਂ ਤੋਂ ਬਚਾ ਕੇ ਰੱਖਣਾ, ਬੁਰਿਆਈ ਨੂੰ ਛੱਡ ਕੇ ਚੰਗੇ ਕਰਮਾਂ ਦੀ ਗ੍ਰਹਿਣਤਾ ਹੀ ਜ਼ਕਾਤ ਹੈ। ਇਸਲਾਮਿਕ ਵਿਸ਼ਵਾਸ ਹੈ ਕਿ ਜੋ ਮੁਸਲਮਾਨ ਆਪਣੀ ਕਿਰਤ ਕਮਾਈ ਵਿਚੋਂ ਜਿੰਨ੍ਹਾਂ ਜ਼ਿਆਦਾ ਰਾਸ਼ੀ ਜ਼ਕਾਤ ਦੇ ਰੂਪ ਵਿਚ ਖਰਚ ਕਰਦਾ ਹੈ, ਉਨਾ ਹੀ ਉਸ ਦੀ ਪੂੰਜੀ ਵਿਚ ਵਾਧਾ ਹੁੰਦਾ ਹੈ। ਇਸ ਤੋਂ ਇਲਾਵਾ ਇਸਲਾਮ ਧਰਮ ਵਿਚ ਰੋਜ਼ੇ ਰੱਖਣ ਦੀ ਪ੍ਰਥਾ ਹੈ। ਰੋਜ਼ੇ ਦੇ ਸਹੀ ਅਰਥ ਮਾੜੇ ਕਰਮਾਂ 'ਤੇ ਨਿਯੰਤਰਣ ਜਾਂ ਕਾਬੂ ਰੱਖ ਕੇ ਜੀਵਨ ਨੂੰ ਸੁਚੱਜੇ ਢੰਗ ਨਾਲ ਬਤੀਤ ਕਰਨ ਦੀ ਜਾਂਚ ਸਿੱਖਣ ਤੋਂ ਹੈ। ਰੋਜ਼ਿਆਂ ਵਿਚ ਕਈ ਪ੍ਰਕਾਰ ਦੀਆਂ ਸਖ਼ਤ ਹਦਾਇਤਾਂ ਦਾ ਨਿਰਧਾਰਨ ਹੈ। ਸੱਚੇ ਪ੍ਰੇਮ ਦੀ ਭਾਵਨਾ, ਮਨੁੱਖੀ ਜ਼ਮੀਰ ਨੂੰ ਅਖ਼ਲਾਕੀ ਪੱਧਰ ਤੋਂ ਉਚਾ ਚੁੱਕਣਾ, ਕਸ਼ਟ ਝੱਲਣ ਦੀ ਸਮਰੱਥਾ ਪੈਦਾ ਕਰਨਾ, ਬੁਰੇ ਅਤੇ ਬਦੀ ਨਾਲ ਸੰਬੰਧਿਤ ਕਰਮਾਂ ਤੋਂ ਸੁਚੇਤ ਰਹਿਣ ਲਈ ਸਵੈ-ਕਾਬੂ ਦੀ ਸਮਰੱਥਾ ਪੈਦਾ ਕਰਨਾ ਆਦਿ ਨੈਤਿਕ ਗੁਣਾਂ ਦੀ ਹੋਂਦ ਨੂੰ ਮਨੁੱਖੀ ਜੀਵਨ ਵਿਚ ਪ੍ਰਗਟ ਕਰਨਾ, ਰੋਜ਼ਿਆਂ ਦਾ ਮੁੱਖ ਉਦੇਸ਼ ਹੈ। ਇਸਲਾਮ ਧਰਮ ਦਾ ਪੰਜਵਾਂ ਅਤੇ ਆਖਰੀ ਸਿਧਾਂਤ ਹੱਜ ਹੈ, ਜਿਸ ਵਿਚ ਮਾਨਸਿਕ, ਸਰੀਰਕ ਅਤੇ ਆਰਥਿਕ ਸਮੱਰਥਾ ਦੇ ਅਨੁਸਾਰ ਹਰ ਮੁਸਲਮਾਨ ਲਈ ਜੀਵਨ ਵਿਚ ਇਕ ਵਾਰ ਮੱਕਾ ਦੀ ਯਾਤਰਾ ਕਰਨੀ ਲਾਜ਼ਮੀ ਹੈ। ਭਾਵੇਂ ਸਮੁੱਚੇ ਤੌਰ 'ਤੇਂ ਇਹ ਸਿਧਾਂਤ ਨੀਤੀ-ਸ਼ਾਸਤਰ ਦੇ ਪੱਖ ਤੋਂ ਵੱਡੀ ਭੂਮਿਕਾ ਨਹੀਂ ਨਿਭਾਉਂਦਾ, ਪਰ ਕਸ਼ਟਾਂ ਵਿਚੋਂ ਦੀ ਗੁਜ਼ਰ ਕੇ ਆਪਣੇ ਧਰਮ ਦੀ ਆਗਿਆ ਦਾ ਪਾਲਣ ਕਰਨਾ ਵੀ ਆਪਣੇ ਆਪ ਵਿਚ ਇਕ ਬਹੁਤ ਵੱਡਾ ਨੈਤਿਕ ਗੁਣ ਹੈ।

ਇਨ੍ਹਾਂ ਧਰਮਾਂ ਤੋਂ ਇਲਾਵਾ ਸੰਸਾਰ ਦੇ ਪੁਰਾਤਨ ਧਰਮ ''ਪਾਰਸੀ'' ਦੀ ਨੀਂਹ ਵੀ ਸ੍ਰੀ ਜਰਤੁਸ਼ਤ ਜੀ ਨੇ ਨੇਕੀ ਦੇ ਅਧਾਰ 'ਤੇ ਹੀ ਰੱਖੀ ਸੀ। ਨੇਕੀ ਸੰਬੰਧੀ ਉਨ੍ਹਾਂ ਦੇ ਉਪਦੇਸ਼

ਇਹ ਸੀ ਕਿ ਇਹ ਨਿਰੀ ਸਾਡੇ ਕੰਮਾਂ ਵਿਚ ਹੀ ਨਹੀਂ ਸਗੋਂ ਵਿਚਾਰਾਂ 'ਤੇ ਬੋਲਾਂ ਵਿਚ ਵੀ ਹੋਣੀ ਜਰੂਰੀ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਸਿਆਣੇ ਲੋਕ ਭਲਾਈ ਜਾਂ ਨੇਕੀ ਚੁਣ ਲੈਣੀ ਜਾਣਦੇ ਹਨ, ਪਰ ਮੂਰਖ ਅਜਿਹਾ ਨਹੀਂ ਕਰਦੇ। ਉਹ ਬੁਰਾਈ ਹੀ ਕਮਾਉਂਦੇ ਹਨ। ਇਹ ਭਲੇ ਬੁਰੇ ਦੀ ਵੰਡ ਏਥੋਂ ਤੱਕ ਗਈ ਕਿ ਮੀਂਹ, ਸੂਰਜ, ਚੰਨ ਅਨਾਜ ਉਗਾਉਂਦੇ ਹਨ ਅਤੇ ਹਨੇਰੀ, ਝੱਖੜ 'ਤੇ ਹੜ੍ਹ ਉਸ ਦਾ ਨਾਸ਼ ਕਰਦੇ ਹਨ।[43] ਇਨ੍ਹਾਂ ਪ੍ਰਮੁੱਖ ਧਰਮਾਂ ਤੋਂ ਇਲਾਵਾ ਹੋਰ ਵੀ ਕਈ ਧਰਮ, ਫਿਰਕੇ ਜਾਂ ਮੱਤ ਮੌਜੂਦ ਹਨ, ਜ਼ਿੰਨ੍ਹਾਂ ਵਿਚ ਸਿਧਾਂਤਕ ਪੱਖ ਤੋਂ ਨੀਤੀ-ਸ਼ਾਸਤਰ ਨਾਲ ਸੰਬੰਧਿਤ ਅਨੇਕਾਂ ਨੈਤਿਕ ਸਿੱਖਿਆਵਾਂ ਦੀ ਭਰਮਾਰ ਹੈ। ਪਰੰਤੂ ਉਨ੍ਹਾਂ ਸਾਰਿਆਂ ਦਾ ਵਿਸ਼ਲੇਸ਼ਣ ਕਰਕੇ ਨੈਤਿਕ ਗੁਣਾਂ ਦੀ ਪੇਸ਼ਕਾਰੀ, ਕਿਸੇ ਵੱਖਰੇ ਅਧਿਐਨ ਦੀ ਮੰਗ ਕਰਦੀ ਹੈ।

ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਨੈਤਿਕ ਦ੍ਰਿਸ਼ਟੀਕੋਣ ਦਾ ਸੰਖੇਪ ਵਿਚ ਵਰਨਣ ਕਰਦੇ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ, ਕਿ ਹਰ ਧਰਮ ਦਾ ਪ੍ਰਮੁੱਖ ਉਦੇਸ਼ ਸਦਾਚਾਰੀ ਜੀਵਾਂ ਦੇ ਸੰਸਾਰ ਦਾ ਨਿਰਮਾਣ ਕਰਨਾ ਹੈ। ਦੂਜੇ ਸ਼ਬਦਾਂ ਵਿਚ ਹਰ ਇਕ ਧਰਮ ਨੇ ਮਨੁੱਖ ਨੂੰ ਨੈਤਿਕ ਜੀਵਨ ਨੂੰ ਗ੍ਰਹਿਣ ਕਰਨ ਦੀ ਨਸੀਹਤ ਦਿੱਤੀ ਹੈ। ਇਹ ਗੱਲ ਤਾਂ ਸਪੱਸ਼ਟ ਹੈ ਕਿ ਵੱਖ-ਵੱਖ ਧਰਮਾਂ ਦੇ ਪਰਮ-ਉਦੇਸ਼ ਵਿਚ ਅੰਤਰ ਹੋ ਸਕਦਾ ਹੈ। ਪਰੰਤੂ ਉਸ ਪਰਮ-ਉਦੇਸ਼ ਦੀ ਪ੍ਰਾਪਤੀ ਲਈ, ਹਰ ਇਕ ਧਰਮ ਨੇ ਸੰਪੂਰਨ ਨੈਤਿਕ ਜੀਵਨ ਨੂੰ ਗ੍ਰਹਿਣ ਕਰਨ ਦੀ ਸ਼ਰਤ ਰੱਖੀ ਹੈ। ਧਰਮ ਅਤੇ ਨੀਤੀ-ਸ਼ਾਸਤਰ ਦੀ ਦਾਰਸ਼ਨਿਕ ਪੱਖੋਂ ਅਤੇ ਵੱਖੋ-ਵੱਖਰੇ ਧਰਮਾਂ ਦੇ ਸੰਦਰਭ ਵਿਚ ਵਿਸ਼ਲੇਸ਼ਣ ਕਰਨ ਤੋਂ ਬਾਅਦ ਕੁਝ ਵਿਚਾਰ ਉਭਰ ਕੇ ਸਾਹਮਣੇ ਆਉਂਦੇ ਹਨ, ਜਿਨ੍ਹਾਂ ਵਿਚ ਧਰਮ ਅਤੇ ਨੀਤੀ-ਸ਼ਾਸਤਰ ਦੇ ਆਪਸੀ ਸੰਬੰਧ ਅਤੇ ਅੰਤਰ ਬਾਰੇ ਪਤਾ ਚਲਦਾ ਹੈ। ਜਿਸ ਬਾਰੇ ਚਰਚਾ ਕਰਨੀ ਬਣਦੀ ਹੈ।

### 2.4 ਧਰਮ ਅਤੇ ਨੀਤੀ-ਸ਼ਾਸਤਰ ਦੇ ਸਹਿਯੋਗੀ ਗੁਣ

ਕਿਸੇ ਧਰਮ ਜਾਂ ਨੀਤੀ-ਸ਼ਾਸਤਰ ਦੁਆਰਾ ਨਿਰਧਾਰਤ ਨਿਯਮਾਵਲੀ ਨੇਕੀ ਭਰਪੂਰ ਜੀਵਨ ਨੂੰ ਤਰਜੀਹ ਦਿੰਦੀ ਹੈ। ਕਿਸੇ ਮਨੁੱਖ ਦੀ ਆਚਰਣਕ ਪਹਿਚਾਣ ਉਸ ਦੇ ਨੇਕੀ ਵਾਲੇ ਜੀਵਨ ਵਿਚੋਂ ਬਣਦੀ ਹੈ। ਇਸ ਲਈ ਧਰਮ ਅਤੇ ਨੀਤੀ-ਸ਼ਾਸਤਰ ਦਾ ਮੂਲ ਮੰਤਵ ਨੈਤਿਕ ਭਰਪੂਰ ਜੀਵਨ ਦੀ ਸਿਰਜਣਾ ਹੈ। ਅਸੀਂ ਪਿੱਛੇ ਵਿਚਾਰ ਕਰ ਚੁੱਕੇ ਹਾਂ ਕਿ ਹਰ ਇਕ ਧਰਮ

ਵਿਚ ਮਨੁੱਖ ਨੂੰ ਨੈਤਿਕਤਾ ਅਨੁਸਾਰ ਚਲਣ ਦਾ ਉਪਦੇਸ਼ ਦਿੱਤਾ ਗਿਆ ਹੈ। ਧਰਮ ਦੇ ਆਸਰੇ ਵਿਚ ਨੈਤਿਕ ਨਿਯਮਾਂ ਦੇ ਅਮਲ ਦੀ ਸੰਭਾਵਨਾ ਵੱਧ ਜਾਂਦੀ ਹੈ। ਦੂਜੇ ਸ਼ਬਦਾਂ ਵਿਚ ਧਾਰਮਿਕ ਚੇਤਨਾ, ਨੈਤਿਕ ਨਿਯਮਾਂ ਨੂੰ ਆਸਰਾ ਪ੍ਰਦਾਨ ਕਰਦੀ ਹੈ। ਧਰਮ ਦੇ ਖੇਤਰ ਵਿਚ ਇਹ ਵਿਸ਼ਵਾਸ ਪ੍ਰਚਲਿਤ ਹੈ, ਕਿ ਨੈਤਿਕ ਨਿਯਮਾਂ ਦੀ ਅਣਹੋਂਦ ਵਿਚ ਪਰਮਸੱਤਾ ਦੀ ਪ੍ਰਾਪਤੀ ਅਸੰਭਵ ਹੈ। ਧਰਮ ਅਤੇ ਨੈਤਿਕਤਾ ਦਾ ਇਹ ਸਾਂਝਾ ਗੁਣ ਸ਼ਾਇਦ ਧਰਮ ਅਤੇ ਨੀਤੀ-ਸ਼ਾਸਤਰ ਦਾ ਸਦੀਵੀ ਰਿਸ਼ਤਾ ਹੈ। ਜਿਸ ਨੂੰ ਤੋੜ ਕੇ ਦੋਨਾਂ ਦਾ ਵਜੂਦ ਖ਼ਤਮ ਹੋ ਸਕਦਾ ਹੈ। ਧਰਮ ਦੇ ਖੇਤਰ ਵਿਚ ਮਨੁੱਖ ਦੁਆਰਾ ਸੁਚੱਜੇ ਕਰਮਾਂ ਦਾ ਫਲ, ਅਤੇ ਕੁਚੱਜੇ ਕਰਮਾਂ ਦੀ ਸਜ਼ਾ ਰੂਪੀ ਵਿਚਾਰ ਨੀਤੀ-ਸ਼ਾਸਤਰ ਦੀ ਨੀਂਹ ਨੂੰ ਪੂਰੀ ਤਰ੍ਹਾਂ ਮਜ਼ਬੂਤ ਕਰ ਦਿੰਦੀ ਹੈ।

ਧਰਮ ਦਾ ਕੇਂਦਰੀ ਵਿਸ਼ਾ ਪਰਮਾਤਮਾ ਹੈ। ਪਰਮਾਤਮਾ ਦੇ ਗੁਣਾਂ ਨੂੰ ਮਨੁੱਖੀ ਆਦਰਸ਼ ਦੇ ਰੂਪ ਵਿਚ ਸਵੀਕਾਰਿਆ ਗਿਆ ਹੈ। ਇਸ ਤਰ੍ਹਾਂ ਧਰਮ ਨੀਤੀ-ਸ਼ਾਸਤਰ ਦਾ ਜਨਮ ਦਾਤਾ ਵੀ ਹੈ ਅਤੇ ਰੱਖਿਅਕ ਵੀ, ਜਿਸ ਦੇ ਆਸਰੇ ਵਿਚ ਨੀਤੀ-ਸ਼ਾਸਤਰ ਦੀ ਹੋਂਦ ਸਦੀਵੀ ਹੋ ਨਿੱਬੜਦੀ ਹੈ। ਪਰਮਾਤਮਾ ਦੇ ਨਾਲ-ਨਾਲ ਧਰਮ ਆਤਮਾ ਵਿਚ ਵੀ ਵਿਸ਼ਵਾਸ ਰੱਖਦਾ ਹੈ। ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਆਤਮਾ ਮਨੁੱਖ ਨੂੰ ਹਮੇਸ਼ਾ ਚੰਗੇ ਕਰਮਾਂ ਲਈ ਪ੍ਰੇਰਦੀ ਹੈ ਅਤੇ ਕੁਕਰਮਾਂ ਤੋਂ ਵਰਜਦੀ ਹੈ। ਆਤਮਾ ਸਦੀਵੀ ਹੈ, ਜਿਸਦਾ ਕਦੀ ਵਿਨਾਸ਼ ਨਹੀਂ ਹੁੰਦਾ। ਮਨੁੱਖ ਦੀ ਹੋਂਦ ਸੀਮਤ ਹੋਣ ਕਰਕੇ, ਕਿਸੇ ਨੈਤਿਕ ਨਿਯਮਾਵਲੀ ਨੂੰ ਸਦੀਵੀ ਬਣਾਏ ਰੱਖਣ ਲਈ ਮੁਸ਼ਕਲ ਆਉਂਦੀ ਹੈ। ਜਦੋਂ ਕਿ ਧਰਮ ਆਤਮਾ ਦੀ ਅਮਰਤਾ ਵਿਚ ਵਿਸ਼ਵਾਸ ਰੱਖਦਾ ਹੈ। ਇਸ ਲਈ ਧਰਮ ਦੀ ਗੋਦ ਵਿਚ ਨੈਤਿਕ ਨਿਯਮਾਂ ਦੀ ਹੋਂਦ ਵੀ ਸਦੀਵੀ ਹੋ ਜਾਂਦੀ ਹੈ। ਧਰਮ ਦੁਆਰਾ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ, ਸ਼ਾਇਦ ਨੀਤੀ-ਸ਼ਾਸਤਰ ਦਾ ਸਭ ਤੋਂ ਵੱਡਾ ਪ੍ਰਮਾਣ ਹੈ। ਨੀਤੀ-ਸ਼ਾਸਤਰ ਦੀ ਵੀ ਧਰਮ ਨੂੰ ਮਹੱਤਵਪੂਰਨ ਦੇਣ ਹੈ। ਕਿਉਂਕਿ ਧਰਮ ਦੇ ਖੇਤਰ ਵਿਚ ਨੀਤੀ-ਸ਼ਾਸਤਰ ਦੀ ਅਣਹੋਂਦ ਧਰਮ ਨੂੰ ਸੀਮਤ ਕਰ ਦਿੰਦੀ ਹੈ। ਨੀਤੀ-ਸ਼ਾਸਤਰ, ਧਰਮ ਨੂੰ ਆਲੋਚਨਾ ਤੋਂ ਬਚਾਉਂਦਾ ਹੈ। ਇਸ ਤਰ੍ਹਾਂ ਧਰਮ ਅਤੇ ਨੀਤੀ-ਸ਼ਾਸਤਰ ਦਾ ਆਪਸੀ ਸਹਿਯੋਗ ਬਹੁਤ ਮੁੱਲਵਾਨ ਅਤੇ ਜਰੂਰੀ ਹੈ। ਇਸੇ ਸਹਿਯੋਗ ਸਦਕਾ ਹੀ ਮਨੁੱਖੀ ਜੀਵਨ ਵਿਚਲੇ ਆਦਰਸ਼ ਕਾਇਮ ਰਹਿੰਦੇ ਹਨ।

## 2.5 ਧਰਮ ਅਤੇ ਨੀਤੀ-ਸ਼ਾਸਤਰ ਵਿਚ ਅੰਤਰ

ਧਰਮ ਅਤੇ ਨੀਤੀ-ਸ਼ਾਸਤਰ ਉਪਰ ਚਰਚਾ ਕਰਦਿਆਂ ਇਕ ਗੱਲ ਜੋ ਵਿਸ਼ੇਸ਼ ਰੂਪ ਵਿਚ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਧਰਮ ਦਾ ਘੇਰਾ ਨੀਤੀ-ਸ਼ਾਸਤਰ ਨਾਲੋਂ ਵਿਸ਼ਾਲ ਹੈ। ਧਰਮ ਦੀਆਂ ਪਵਿੱਤਰ ਕ੍ਰਿਆਵਾਂ ਅਨੁਸਾਰ, ਮਨੁੱਖ ਨੂੰ ਸ਼ਰਧਾਂ ਦੇ ਅਧਾਰ 'ਤੇ ਪਰਮਾਤਮਾ ਦੇ ਮਿਲਾਪ ਦਾ ਅਨੰਦ ਹਾਸਲ ਕਰਨਾ ਚਾਹੀਦਾ ਹੈ, ਜਦੋਂ ਕਿ ਨੀਤੀ-ਸ਼ਾਸਤਰ ਕੇਵਲ ਮਨੁੱਖ ਦੇ ਆਚਰਣ ਉਪਰ ਕੇਂਦਰਿਤ ਹੈ। ਨੀਤੀ-ਸ਼ਾਸਤਰ ਦਾ ਮਨੋਰਥ ਇਹ ਹੈ ਕਿ ਮਨੁੱਖ ਸਮਾਜਿਕ ਪੱਖੋਂ ਆਪਣੇ ਆਚਰਣ ਨੂੰ ਸ਼ੁੱਧ ਕਰੇ ਅਤੇ ਨਿਰਧਾਰਤ ਨੈਤਿਕ ਨਿਯਮਾਵਲੀ ਦੀ ਪਾਲਣਾ ਕਰੇ। ਜਦੋਂ ਕਿ ਧਰਮ ਦਾ ਸੰਬੰਧ ਮਨੁੱਖ ਅਤੇ ਪਰਮਸੱਤਾ ਦੋਨਾਂ ਨਾਲ ਜੁੜਿਆ ਹੋਇਆ ਹੈ। ''ਮਨੁੱਖੀ ਨੇਕੀ ਦੇ ਸੰਕਲਪ ਤੋਂ, ਧਰਮ ਦੈਵੀ ਨੇਕੀ ਦਾ ਵਿਚਾਰ ਵਿਕਸਤ ਕਰਦਾ ਹੈ। ਇਨਸਾਨ ਵਿਚ ਜੋ ਨੇਕੀ ਦੀ ਅੰਸ਼ ਹੈ, ਉਸ ਦਾ ਸੋਮਾ ਈਸ਼ਵਰ ਹੈ, ਜੋ ਕਿ ਨੇਕੀ ਦਾ ਪੁੰਜ ਹੈ। ਸਾਰੇ ਸਦਗੁਣ ਰੱਬੀ ਹਨ, ਸਾਰੀ ਉਤਮਤਾ ਦੈਵੀ ਹੈ।''[44]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਧਰਮ ਅਤੇ ਨੀਤੀ-ਸ਼ਾਸਤਰ ਵਿਚ ਅੰਤਰ ਨਾਲੋਂ ਸਹਿਯੋਗਤਾ ਵਧੇਰੇ ਪਾਈ ਜਾਂਦੀ ਹੈ। ਅਨੈਤਿਕਤਾ ਦੀ ਚੋਣ ਕਿਸੇ ਧਰਮ ਦਾ ਉਪਦੇਸ਼ ਨਹੀਂ ਹੈ। ਅਧਿਆਤਮਿਕ ਜੀਵਨ ਲਈ ਨੈਤਿਕ ਗੁਣਾਂ ਦੀ ਧਾਰਨਾ ਲਾਜ਼ਮੀ ਦਰਸਾਈ ਗਈ ਹੈ। ਧਰਮ ਨੈਤਿਕ ਜੀਵਨ ਨੂੰ ਪਹਿਲਤਾ ਦੇ ਅਧਾਰ ਤੇ ਪ੍ਰਵਾਨ ਕਰਦਾ ਹੈ। ਅਨੈਤਿਕ ਮਨੁੱਖ ਨੂੰ ਅਧਰਮੀ ਜਾਂ ਧਰਮਹੀਣ ਦਾ ਦਰਜਾ ਦਿੱਤਾ ਜਾਂਦਾ ਹੈ। ਧਰਮ ਅਧਾਰਿਤ ਨੈਤਿਕਤਾ ਦਾ ਮੰਤਵ ਆਤਮਾ ਨੂੰ ਪਰਮਾਤਮਾ ਵਿਚ ਵਿਲੀਨ ਕਰਕੇ ਬ੍ਰਹਮ ਸਰੂਪ ਹੋਣਾ ਹੈ। ਜੋ ਕਿ ਮਨੁੱਖ ਦੁਆਰਾ ਨੈਤਿਕ ਜੀਵਨ ਦੇ ਕ੍ਰਿਆਤਮਕ ਸਰੂਪ ਵਿਚੋਂ ਲੰਘਣ ਉਪਰੰਤ ਹੀ ਸੰਭਵ ਹੈ।

## 2.6 ਗੁਰਮਤਿ ਨੀਤੀ-ਸ਼ਾਸਤਰ

ਮਨੁੱਖ ਦੀ ਸਮੁੱਚੀ ਸੁਚੱਜਤਾ ਲਈ ਧਰਮ, ਦਰਸ਼ਨ ਅਤੇ ਕਲਾ ਨੇ ਕਈ ਤਰ੍ਹਾਂ ਦੇ ਮਾਰਗਾਂ ਦੀ ਪਹਿਚਾਣ ਕਰਵਾਈ ਹੈ, ਜਿਨ੍ਹਾਂ ਵਿਚੋਂ ਇਕ ਨੀਤੀ-ਸ਼ਾਸਤਰ ਦਾ ਮਾਰਗ ਵੀ ਹੈ। ਜਿਸ ਨੂੰ ਸਾਰਿਆਂ ਨੇ ਕਿਸੇ ਨਾ ਕਿਸੇ ਰੂਪ ਵਿਚ ਸਵੀਕਾਰ ਕੀਤਾ ਹੈ। ਗੁਰਮਤਿ ਨੀਤੀ-ਸ਼ਾਸਤਰ, ਭਾਰਤੀ ਨੀਤੀ-ਸ਼ਾਸਤਰ ਦਾ ਪ੍ਰਮੁੱਖ ਅੰਗ ਹੈ ਅਤੇ ਵਿਲੱਖਣ ਵਿਚਾਰਧਾਰਾ ਨਾਲ

ਆਪਣਾ ਵਜੂਦ ਕਾਇਮ ਕਰਨ ਦੇ ਸਮਰੱਥ ਹੈ। ਕਿਉਂਕਿ ਗੁਰਮਤਿ ਵਿਚਾਰਧਾਰਾ ਤੋਂ ਪਹਿਲਾਂ ਜੋ ਵਿਚਾਰਧਾਰਾਵਾਂ ਪ੍ਰਚਲਿਤ ਸਨ, ਉਨ੍ਹਾਂ ਵਿਚ ਅਧਿਆਤਮਵਾਦ ਅਤੇ ਸੰਸਾਰਿਕ ਪੱਖ ਨੂੰ ਇਕ ਸਮਾਨ ਪ੍ਰਵਾਨ ਨਹੀਂ ਕੀਤਾ ਜਾਂਦਾ ਸੀ। ਜਦੋਂ ਕਿ ਗੁਰਮਤਿ, ਅਧਿਆਤਮ ਅਤੇ ਸੰਸਾਰਿਕ ਜੀਵਨ ਨੂੰ ਇਕ ਸਮਾਨ ਪ੍ਰਵਾਨ ਕਰਦੀ ਹੈ ਅਤੇ ਇਕ ਦੂਸਰੇ ਦੇ ਪੂਰਕ ਦਰਸਾਉਂਦੀ ਹੈ। ਗੁਰਮਤਿ ਅਨੁਸਾਰ ਸੱਚੀ ਅਧਿਆਤਮਿਕਤਾ ਉਹ ਹੈ ਜੋ ਨੈਤਿਕ ਗੁਣਾਂ ਵਿਚ ਪਰੋਈ ਹੋਵੇ :

*ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ।।*[45]

ਭਾਵ ਕਿ ਗੁਣਾਂ ਦੀ ਅਣਹੋਂਦ ਵਿਚ ਕੋਈ ਮਨੁੱਖ ਨਾ ਨੇਕੀ ਉਪਰ ਚਲਦਾ ਹੈ ਅਤੇ ਨਾਂ ਹੀ ਸੱਚਾ ਭਗਤ ਅਖਵਾ ਸਕਦਾ ਹੈ। ਮਨੁੱਖ ਵਿਚਲੇ ਨੈਤਿਕ ਗੁਣਾਂ ਦੀ ਹੋਂਦ ਧਰਮ ਦੀ ਬੁਨਿਆਦ 'ਤੇ ਨਿਰਭਰ ਹੁੰਦੀ ਹੈ। ਸਿੱਖ ਧਰਮ ਮੁੱਖ ਤੌਰ 'ਤੇ ਉਨ੍ਹਾਂ ਨੈਤਿਕ ਕਦਰਾਂ ਕੀਮਤਾਂ ਉਪਰ ਜ਼ੋਰ ਦਿੰਦਾ ਹੈ ਜਿਹੜੀਆਂ ਮਨੁੱਖ ਨੂੰ ਨੈਤਿਕ ਅਤੇ ਅਧਿਆਤਮਿਕ ਤੌਰ 'ਤੇ ਤਕੜਾ ਕਰਦੀਆਂ ਹਨ।[46] ਨੈਤਿਕ ਦ੍ਰਿਸ਼ਟੀਕੋਣ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦੇ ਪ੍ਰਮੁੱਖ ਸੋਮੇ ਵਜੋਂ ਜਾਣੇ ਜਾਂਦੇ ਹਨ। **ਡਾ. ਅਵਤਾਰ ਸਿੰਘ ਅਨੁਸਾਰ,** ''ਨੈਤਿਕ ਸਿਧਾਂਤ ਗੁਰੂ ਗ੍ਰੰਥ ਸਾਹਿਬ ਦਾ ਮਹੱਤਵ ਭਰਿਆ ਅਤੇ ਅਨਿੱਖੜਵਾਂ ਅੰਗ ਹਨ। ਇਹ ਧਰਮ ਗ੍ਰੰਥ ਬਹੁਪੱਖੀ ਵਿਚਾਰਾਂ ਦਾ ਸੂਚਕ ਹੈ। ਇਹ ਨਾ ਕੇਵਲ ਸਾਡਾ ਸੰਬੰਧ ਸੂਖਮ ਅਤੇ ਅਧਿਆਤਮਿਕ ਮੰਡਲ ਨਾਲ ਜੋੜਦਾ ਹੈ ਸਗੋਂ ਇਸ ਵਿਚ ਆਏ ਨੈਤਿਕ ਸਿਧਾਂਤਾਂ ਨੂੰ ਦਰਸਾਉਂਦਾ 'ਤੇ ਉਨ੍ਹਾਂ ਦੇ ਅਨੁਸਰਣ ਦੀ ਮੰਗ ਵੀ ਕਰਦਾ ਹੈ।''[47] ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤ-ਸਵਯੇ, ਜਨਮਸਾਖੀਆਂ, ਰਹਿਤਨਾਮੇ, ਗੁਰ ਪ੍ਰਤਾਪ ਸੂਰਜ ਗ੍ਰੰਥ, ਗੁਰ-ਸੋਭਾ, ਗੁਰਬਿਲਾਸ ਅਤੇ ਪ੍ਰੇਮ ਸੁਮਾਰਗ ਆਦਿ ਪ੍ਰਮੁੱਖ ਸਿੱਖ ਸੋਮੇ ਹਨ, ਜੋ ਸਿੱਖ ਧਰਮ ਦੇ ਨੈਤਿਕ ਅਸੂਲਾਂ ਦੀ ਪੁਸ਼ਟੀ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਧਿਆਤਮਿਕ ਮਾਰਗ ਉਪਰ ਚੱਲਣ ਲਈ ਨੈਤਿਕ ਜੀਵਨ ਨੂੰ ਲਾਜ਼ਮੀ ਦਰਸਾਇਆ ਹੈ ਅਤੇ ਆਤਮਿਕ ਵਿਕਾਸ ਦੇ ਜਰੂਰੀ ਸਾਧਨ ਵਜੋਂ ਸਵੀਕਾਰ ਕੀਤਾ ਗਿਆ ਹੈ। ਦ੍ਰਿਸ਼ਮਾਨ ਸੰਸਾਰ ਦਾ ਨਿਰੀਖਣ, ਅਧਿਐਨ ਜਾਂ ਵਿਸ਼ਲੇਸ਼ਣ ਦੋ ਮੁੱਖ ਪੱਖਾਂ 'ਤੇ ਅਧਾਰਿਤ ਹੈ :

1. ਸਾਕਾਰਾਤਮਕ ਪੱਖ

2. ਨਾਕਾਰਾਤਮਕ ਪੱਖ

ਇਨ੍ਹਾਂ ਦੋਨਾਂ ਪੱਖਾਂ ਦੀ ਹੋਂਦ ਇਕ ਦੂਸਰੇ ਦੀ ਹੋਂਦ ਕਰਕੇ ਹੀ ਸੰਭਵ ਹੈ। ਦੂਜੇ ਸ਼ਬਦਾਂ ਵਿਚ ਇਹ ਦੋਨੋਂ ਪੱਖ ਇਕ ਦੂਸਰੇ ਦੇ ਪੂਰਕ ਹਨ। ਉਦਾਹਰਣ ਵਜੋਂ ਚੰਗੇ ਦੀ ਪਹਿਚਾਣ ਹਮੇਸ਼ਾਂ ਮਾੜੇ ਵਿਚੋਂ ਹੀ ਹੋ ਸਕਦੀ ਹੈ ਜਾਂ ਫਿਰ ਚਿੱਟੇ ਦੀ ਪਹਿਚਾਣ ਤਾਂ ਹੀ ਹੈ, ਜੇ ਕਾਲਾ ਹੈ। ਇਸ ਤਰ੍ਹਾਂ ਇਹ ਦੋਨੋਂ ਪੱਖ ਹੀ ਇਕ ਦੂਸਰੇ ਦੀ ਹੋਂਦ ਦਾ ਕਾਰਨ ਬਣਦੇ ਹਨ। ਨੀਤੀ-ਸ਼ਾਸਤਰ ਦਾ ਇਨ੍ਹਾਂ ਦੋਨਾਂ ਪੱਖਾਂ ਨਾਲ ਬਹੁਤ ਗਹਿਰਾ ਸੰਬੰਧ ਹੈ। ਜੇ ਇਹ ਕਹਿ ਲਿਆ ਜਾਵੇ ਕਿ ਇਨ੍ਹਾਂ ਦੋਨਾਂ ਪੱਖਾਂ ਦੇ ਆਧਾਰ 'ਤੇ ਹੀ ਨੀਤੀ-ਸ਼ਾਸਤਰ ਦਾ ਜਨਮ ਹੋਇਆ ਹੈ, ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਕਿਉਂਕਿ ਨੈਤਿਕਤਾ ਦਾ ਮੁੱਖ ਕੰਮ ਹੀ ਇਨ੍ਹਾਂ ਦੋਨਾਂ ਪੱਖਾਂ ਵਿਚ ਅੰਤਰ ਸਪੱਸ਼ਟ ਕਰਨਾ ਹੈ। ਨੀਤੀ-ਸ਼ਾਸਤਰ ਵਿਚ ਸਾਕਾਰਾਤਮਕ ਪੱਖ ਨੂੰ ਨੈਤਿਕ ਅਤੇ ਨਾਕਾਰਾਤਮਕ ਪੱਖ ਨੂੰ ਅਨੈਤਿਕ ਸੰਦਰਭ ਵਿਚ ਦਰਸਾਇਆ ਜਾਂਦਾ ਹੈ। ਗੁਰਬਾਣੀ ਵਿਚ ਨੈਤਿਕ ਗੁਣਾਂ ਦੇ ਧਾਰਨੀ ਮਨੁੱਖ ਲਈ ਗੁਰਮੁਖ ਅਤੇ ਅਨੈਤਿਕ ਕਰਮ ਕਰਨ ਵਾਲੇ ਮਨੁੱਖ ਲਈ ਮਨਮੁਖ ਸ਼ਬਦ ਦੀ ਵਰਤੋਂ ਕੀਤੀ ਹੈ। ਗੁਰਮੁਖ ਉਹ ਹੈ, ਜੋ ਮਨ ਵਿਚੋਂ ਉਠਣ ਵਾਲੀਆਂ ਵਿਕਾਰਾਂ ਦੀਆਂ ਤਰੰਗਾਂ ਵੱਲੋਂ ਮੁੱਖ ਮੋੜ ਕੇ, ਗੁਰੂ ਰੂਪੀ ਸਾਗਰ ਵੱਲ ਮੁੱਖ ਕਰਦਾ ਹੈ। ਉਹ ਸਦਾ ਅਜਿਹੇ ਕਰਮ ਕਰਦਾ ਹੈ, ਜਿਸ ਨਾਲ ਉਸ ਦੇ ਮਨ ਤੋਂ ਵਿਕਾਰਾਂ ਦੀ ਮੈਲ ਉਤਰ ਜਾਵੇ, ਪਰੰਤੂ ਮਨ ਦੇ ਪਿੱਛੇ ਦੌੜਨ ਵਾਲਾ ਮਨਮੁਖ ਅਗਿਆਨਤਾ ਦੇ ਹਨੇਰੇ ਵਿਚ ਹੀ ਭਟਕਦਾ ਰਹਿੰਦਾ ਹੈ :

*ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ*
*ਮਨਮੁਖਿ ਰੈਣਿ ਅੰਧਾਰਿ।।*[48]

ਗੁਰਮੁਖ ਸੰਸਾਰ ਅਤੇ ਨਿਰੰਕਾਰ ਪ੍ਰਤੀ ਸਮਦ੍ਰਿਸ਼ਟੀ ਰੱਖਦੇ ਹਨ। ਉਹ ਸੰਸਾਰ ਦੀ ਖਾਤਿਰ ਨਿਰੰਕਾਰ, ਅਤੇ ਨਿਰੰਕਾਰ ਦੀ ਖਾਤਿਰ ਸੰਸਾਰ ਤੋਂ ਨਹੀਂ ਭੱਜਦੇ, ਬਲਕਿ ਦੋਨਾਂ ਪੱਖਾਂ ਦਾ ਸੰਤੁਲਨ ਬਣਾ ਕੇ ਅੱਗੇ ਵੱਧਦੇ ਹਨ, ਅਤੇ ਪਰਮ ਸੁੱਖ ਦੀ ਪ੍ਰਾਪਤੀ ਕਰਦੇ ਹਨ।[49] ਉਹ ਵੈਰ-ਵਿਰੋਧ, ਈਰਖਾ ਅਤੇ ਦਵੈਤ ਨੂੰ ਮਿਟਾ ਕੇ, ਸਾਰੀ ਮਾਨਵ ਜਾਤੀ ਨੂੰ ਇਕ ਰੂਪ ਹੀ ਜਾਣਦੇ ਹਨ, ਜਿਸ ਸਦਕਾ ਉਨ੍ਹਾਂ ਨੂੰ ਨਾਮ ਰੂਪੀ ਅਮਰ ਤੱਤ ਦੀ ਪ੍ਰਾਪਤੀ ਹੋ ਜਾਂਦੀ ਹੈ

ਅਤੇ ਉਹ ਸੱਚੇ ਖਸਮ ਦੀ ਪਛਾਣ ਕਰ ਲੈਂਦੇ ਹਨ।[50] ਗੁਰਮੁਖ ਦੇ ਉਲਟ ਮਨਮੁਖ ਦੀ ਸਮਾਨਤਾ ਗੁਰੂ ਸਾਹਿਬ ਨੇ ਉਸ ਪੱਥਰ ਨਾਲ ਕੀਤੀ ਹੈ, ਜੋ ਪਾਣੀ ਵਿਚ ਰਹਿੰਦਾ ਹੋਇਆ ਵੀ ਅੰਦਰੋਂ ਸੁੱਕਾ ਹੀ ਰਹਿੰਦਾ ਹੈ :

*ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ।।*
*ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੂਕਾ।।*[51]

ਪਰਾਈ ਵਸਤੂ ਦਾ ਲੋਭ, ਨਿੰਦਿਆ, ਕਪਟ ਆਦਿ ਭਿਆਨਕ ਅਵਗੁਣਾਂ ਕਰਕੇ ਮਨਮੁਖ ਦੁੱਖ ਭੋਗਦਾ ਹੈ, ਅਤੇ ਦੁਰਲੱਭ ਜਨਮ ਨੂੰ ਗਵਾ ਕੇ ਇਸ ਸੰਸਾਰ ਤੋਂ ਚਲਾ ਜਾਂਦਾ ਹੈ।[52] ਅਜਿਹੇ ਮਨੁੱਖ ਨੂੰ ਸਮਝਾਉਣ 'ਤੇ ਵੀ ਉਸ ਦਾ ਜੀਵਨ ਨਹੀਂ ਬਦਲਦਾ। ਪਰਮਾਤਮਾ ਦੇ ਨਾਮ ਤੋਂ ਹੀਣਾ ਮਨੁੱਖ ਮਰ ਕੇ ਨਰਕਾਂ ਨੂੰ ਚਲਾ ਜਾਂਦਾ ਹੈ :

*ਮਨਮੁਖੁ ਜੇ ਸਮਝਾਈਐ ਭੀ ਉਝੜਿ ਜਾਏ।।*
*ਬਿਨੁ ਹਰਿ ਨਾਮ ਨ ਛੂਟਸੀ ਮਰਿ ਨਰਕ ਸਮਾਏ।।*[53]

ਗੁਰਬਾਣੀ ਵਿਚ ਮਨੁੱਖ ਦੇ ਕਰਮਾਂ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ, ਕਿਉਂਕਿ ਕਿਸੇ ਮਨੁੱਖ ਦੇ ਨੈਤਿਕ ਜਾਂ ਅਨੈਤਿਕ ਹੋਣ ਦਾ ਫੈਸਲਾ, ਉਸ ਦੁਆਰਾ ਕੀਤੇ ਜਾ ਰਹੇ ਕਰਮਾਂ 'ਤੇ ਅਧਾਰਿਤ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਨੈਤਿਕਤਾ ਦਾ ਅਧਾਰ ਨੈਤਿਕ ਕਰਮ ਹੁੰਦੇ ਹਨ। **ਡਾ. ਰਤਨ ਸਿੰਘ ਜੱਗੀ ਅਨੁਸਾਰ,** ''ਪ੍ਰਾਣੀ ਦੁਆਰਾ ਕੀਤਾ ਗਿਆ ਕਾਰਜ, ਵਿਆਪਾਰ, ਚੇਸ਼ਟਾ ਜਾਂ ਕ੍ਰਿਆ ਉਸ ਦਾ ਕਰਮ ਅਖਵਾਂਦਾ ਹੈ ਅਤੇ ਜੋ ਜੋ ਕਰਮ ਉਹ ਕਰਦਾ ਹੈ ਉਸ ਅਨੁਸਾਰ ਉਸ ਨੂੰ ਫਲ ਭੋਗਣਾ ਪੈਂਦਾ ਹੈ। ਇਸ ਨੂੰ ਸਿਧਾਂਤ ਵੱਜੋਂ 'ਕਰਮਵਾਦ' ਆਖਦੇ ਹਨ।''[54] ਗੁਰਬਾਣੀ ਵਿੱਚ ਕਰਮ ਨੂੰ ਸਹੀ ਵੀ ਦੱਸਿਆ ਹੈ ਅਤੇ ਗਲਤ ਵੀ। ਨਿਰਾਰਥਕ ਪੱਖ ਤੋਂ ਕਰਮ ਦਾ ਅਰਥ ਕਰਮ-ਕਾਂਡ ਜਾਂ ਕਰਮ-ਵਿਧਾਨ ਤੋਂ ਹੈ। ਜਿਵੇ :

*ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ।।*
*ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ।।*[55]

ਇਸੇ ਤਰ੍ਹਾਂ ਸਾਰਥਕ ਪੱਖ ਤੋਂ ਗੁਰਬਾਣੀ ਵਿਚ ਉਨ੍ਹਾਂ ਕਰਮਾਂ ਨੂੰ ਮਹੱਤਵਪੂਰਨ ਦੱਸਿਆ ਹੈ, ਜੋ ਮਨੁੱਖ ਦੀ ਸ਼ਖ਼ਸੀਅਤ ਨੂੰ ਅੰਦਰੂਨੀ ਜਾਂ ਨਿੱਜੀਤਵ (ਵਿਅਕਤੀਗਤ) ਅਤੇ ਬਾਹਰੀ ਗੁਣਾਂ ਸਦਕਾ ਸਵਾਰਦੇ ਹਨ। ਅਜਿਹੇ ਸ਼ੁਭ ਕਰਮਾਂ ਦੀ ਅਣਹੋਂਦ ਵਿਚ ਕਿਸੇ ਵੀ ਪ੍ਰਕਾਰ ਦੀ ਸਫਲਤਾ ਨੂੰ ਹਾਸਿਲ ਕਰਨਾ ਮੁਸ਼ਕਿਲ ਹੈ :

*ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ।।*[56]

ਗੁਰਬਾਣੀ ਅਨੁਸਾਰ ਮਨੁੱਖ ਦੇ ਭੂਤ, ਭਵਿੱਖ ਅਤੇ ਵਰਤਮਾਨ ਦਾ ਨਿਸ਼ਚਾ, ਉਸ ਦੁਆਰਾ ਕੀਤੇ ਚੰਗੇ ਅਤੇ ਮਾੜੇ ਕਰਮਾਂ 'ਤੇ ਅਧਾਰਿਤ ਹੁੰਦਾ ਹੈ। ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਹੋ ਜਿਹਾ ਵਿਵਹਾਰ ਉਸ ਨਾਲ ਹੁੰਦਾ ਹੈ।[57] ਮਨੁੱਖ ਆਪਣੇ ਕੀਤੇ ਹੋਏ ਕਰਮਾਂ ਦਾ ਦੋਸ਼ ਕਿਸੇ ਨੂੰ ਨਹੀਂ ਦੇ ਸਕਦਾ। ਕਿਉਂਕਿ ਉਹ ਜੋ ਕਰਦਾ ਹੈ, ਉਵੇਂ ਦਾ ਫਲ ਉਸ ਨੂੰ ਭੋਗਣਾ ਪੈਂਦਾ ਹੈ।[58] ਮਨੁੱਖ ਦੁਆਰਾ ਕੀਤੇ ਜਾਣ ਵਾਲੇ ਮਾੜੇ ਕਰਮ ਹੀ ਉਸ ਦੇ ਆਵਾਗੌਣ ਦੇ ਚੱਕਰ ਦਾ ਕਾਰਨ ਬਣਦੇ ਹਨ :

*ਕੂੜੁ ਕਮਾਵੈ ਆਵੈ ਜਾਵੈ।।*[59]

ਅਧਿਆਤਮਿਕ ਪੱਖ ਤੋਂ ਉਸ ਅਸੀਮ ਪ੍ਰਭੂ ਦੇ ਵਿਛੋੜੇ ਜਾਂ ਮਿਲਾਪ ਦਾ ਕਾਰਨ ਵੀ ਮਨੁੱਖ ਦੇ ਕਰਮ ਹੋ ਨਿੱਬੜਦੇ ਹਨ।[60] ਮਨੁੱਖ ਦੁਆਰਾ ਕੀਤੇ ਚੰਗੇ ਕਰਮ ਸੁੱਖ ਅਤੇ ਮਾੜੇ ਕਰਮ ਉਸ ਦੇ ਦੁੱਖਾਂ ਦਾ ਕਾਰਨ ਬਣਦੇ ਹਨ :

*ਊਤਮ ਸੇ ਦਰਿ ਊਤਮ ਕਹੀਅਹਿ*
*ਨੀਚ ਕਰਮ ਬਹਿ ਰੋਇ।।*[61]

ਕਿਸੇ ਵੀ ਪ੍ਰਕਾਰ ਦਾ ਨੈਤਿਕ ਨਿਰਣਾ ਮਨੁੱਖੀ ਕਰਮਾਂ ਦੇ ਵਿਸ਼ਲੇਸ਼ਣ ਜਾਂ ਨਿਰੀਖਣ ਤੋਂ ਬਿਨ੍ਹਾਂ ਦੇਣਾ ਅਸੰਭਵ ਹੈ। ਗੁਰਬਾਣੀ ਅਨੁਸਾਰ ਸ੍ਰਿਸ਼ਟੀ ਦਾ ਸਾਰਾ ਵਿਵਹਾਰ ਉਸ ਇਕ ਪਰਮਸੱਤਾ ਦੇ ਅਧੀਨ ਜਾਂ ਹੁਕਮ ਵਿਚ ਚਲਦਾ ਹੈ। ਮਨੁੱਖ ਦੇ ਚੰਗੇ-ਮਾੜੇ ਕਰਮਾਂ ਦੇ ਅਧਾਰ 'ਤੇ ਉਸ ਦੇ ਲੇਖ ਲਿਖੇ ਜਾਂਦੇ ਹਨ, ਭਾਵ ਰੱਬੀ ਹੁਕਮ ਕੱਟੜ ਜਾਂ ਕਠੋਰਤਾ ਵਾਲਾ ਨਹੀਂ, ਬਲਕਿ ਕਰਮਾਂ ਦੇ ਸੰਬੰਧ ਵਿਚ ਮਨੁੱਖ ਨੂੰ ਸੁਤੰਤਰਤਾ ਦਿੱਤੀ ਗਈ ਹੈ। ਮਨੁੱਖ ਚਾਹੇ ਤਾਂ ਸ਼ੁੱਭ ਕਰਮਾਂ ਦੁਆਰਾ ਆਪਣੇ ਮਾੜੇ ਲੇਖਾਂ ਨੂੰ ਮਿਟਾ ਸਕਦਾ ਹੈ :

*ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ।।*

*ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ।।*[62]

ਗੁਰੂ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਹੁਕਮ ਅਤੇ ਰਜ਼ਾ ਵਰਗੇ ਸਦਗੁਣ ਮਨੁੱਖ ਨੂੰ ਨੈਤਿਕ ਬਣਾਉਂਦੇ ਹਨ। ਜਿਸ ਮਨੁੱਖ ਨੇ ਉਸ ਅਸੀਮ ਪ੍ਰਭੂ ਦੇ ਹੁਕਮ ਨੂੰ ਪਛਾਣ ਲਿਆ ਹੈ, ਉਹ ਕਦੇ ਦੁਖੀ ਨਹੀਂ ਹੁੰਦਾ। ਪਰਮਾਤਮਾ ਦੀ ਰਜ਼ਾ ਵਿਚ ਰਹਿੰਦਾ ਹੋਇਆ, ਅਜਿਹਾ ਮਨੁੱਖ ਚੰਗੇ ਕਰਮ ਕਰਦਾ ਹੈ ਅਤੇ ਇਕ ਆਦਰਸ਼ ਮਨੁੱਖ ਦੀ ਭਾਂਤੀ ਜੀਵਨ ਬਤੀਤ ਕਰਦਾ ਹੈ :

*ਲਾਲੇ ਨੋ ਸਿਰਿ ਕਾਰ ਹੈ ਧੁਰਿ ਖਸਮਿ ਫੁਰਮਾਈ।।*

*ਲਾਲੈ ਹੁਕਮੁ ਪਛਾਣਿਆ ਸਦਾ ਰਹੈ ਰਜਾਈ।।*[63]

ਇਹ ਸਪੱਸ਼ਟ ਹੈ ਕਿ ਸਦਗੁਣ ਜਾਂ ਚੰਗੇ ਕਰਮ ਮਨੁੱਖ ਦੇ ਨੈਤਿਕ ਕਰਮ ਅਤੇ ਅਵਗੁਣ ਜਾਂ ਮਾੜੇ ਕਰਮ ਉਸ ਦੇ ਅਨੈਤਿਕ ਕਰਮ ਅਖਵਾਉਂਦੇ ਹਨ। ਮਨੁੱਖ ਦੁਆਰਾ ਹੋਣ ਵਾਲੇ ਚੰਗੇ ਜਾਂ ਮਾੜੇ ਕਰਮਾਂ ਦਾ ਕਾਰਨ ਜਾਣਨ ਲਈ, ਇਸ ਦਾ ਗੰਭੀਰਤਾ ਵਿਚ ਵਿਸ਼ਲੇਸ਼ਣ ਕਰਨ ਦੀ ਜ਼ਰੂਰਤ ਹੈ। ਭਾਰਤੀ ਪਰੰਪਰਾ ਵਿਚ ਮਨੁੱਖੀ ਸਰੀਰ ਦੇ ਦੋ ਹਿੱਸੇ ਸਵੀਕਾਰ ਕੀਤੇ ਗਏ ਹਨ, ਸੂਖਮ ਅਤੇ ਅਸਥੂਲ। ਅਸਥੂਲ ਭਾਗ ਨੂੰ ਪੰਜਾਂ ਤੱਤਾਂ ਦਾ ਸੁਮੇਲ ਕਿਹਾ ਗਿਆ ਹੈ, ਜਿਸ ਰਾਹੀਂ ਦ੍ਰਿਸ਼ਮਾਨ ਜਗਤ ਵਿਚ ਮਨੁੱਖ ਕ੍ਰਿਆ ਕਰਦਾ ਹੈ, ਜੋ ਕਿ ਅਸਥੂਲ ਸਰੀਰ ਦਾ ਕ੍ਰਿਆਤਮਕ ਪੱਖ ਅਖਵਾਉਂਦਾ ਹੈ। ਇਸ ਤੋਂ ਇਲਾਵਾ ਆਤਮਾ, ਮਨ, ਬੁੱਧੀ, ਸੁਰਤ, ਆਦਿ ਨੂੰ ਮਨੁੱਖੀ ਸਰੀਰ ਦੇ ਸੂਖਮ ਹਿੱਸੇ ਦੇ ਪ੍ਰਤੀਕ ਮੰਨਿਆ ਜਾਂਦਾ ਹੈ, ਜੋ ਕਿ ਸੂਖਮ ਸਰੀਰ ਦਾ ਵਿਚਾਰਾਤਮਕ ਪੱਖ ਹੈ। ਗੁਰਬਾਣੀ ਅਨੁਸਾਰ ਨੈਤਿਕਤਾ ਅਤੇ ਵਿਵਹਾਰਿਕ ਨੈਤਿਕਤਾ ਨੂੰ ਸਮਝਣ ਲਈ ਸੂਖਮ ਸਰੀਰ ਦੇ ਵਿਚਾਰਾਤਮਕ ਪੱਖ ਅਤੇ ਅਸਥੂਲ ਸਰੀਰ ਦੇ ਕ੍ਰਿਆਤਮਕ ਪੱਖ ਬਾਰੇ ਜਾਣਕਾਰੀ ਹੋਣੀ ਜਰੂਰੀ ਹੈ। ਗੁਰਬਾਣੀ ਦਾ ਪ੍ਰਮੁੱਖ ਉਦੇਸ਼ ਮਨੁੱਖ ਦੇ ਜੀਵਨ ਦਾ ਸਰਬਪੱਖੀ ਵਿਕਾਸ ਕਰਨਾ ਹੈ। ਇਸ ਲਈ ਜਰੂਰੀ ਹੈ ਕਿ ਉਸ ਦੇ ਆਚਾਰ ਜਾਂ ਰਹਿਤ ਵਿਚ ਸੁਧਾਰ ਲਿਆਂਦਾ ਜਾਵੇ। ਗੁਰਬਾਣੀ ਵਿਚ ਦਿੱਤਾ ਗਿਆ ਨੈਤਿਕਤਾ ਦਾ ਸੰਕਲਪ ਇਕ 'ਸਚਿਆਰੀ ਰਹਿਤ' ਦਾ ਸਮਰਥਨ ਕਰਦਾ ਹੈ। ਗੁਰੂ ਸਾਹਿਬ ਅਨੁਸਾਰ ਨੈਤਿਕ ਗੁਣਾਂ ਦਾ ਧਾਰਨੀ ਮਨੁੱਖ ਹੀ ਸੱਚ ਦੇ ਮਾਰਗ 'ਤੇ ਤੁਰ ਸਕਦਾ ਹੈ। ਇਸ ਲਈ

ਗੁਰੂ ਸਾਹਿਬ ਨੇ ਸਚੱਾਈ ਤੋਂ ਪਹਿਲਾਂ ਮਨੁੱਖ ਦੇ ਨੈਤਿਕਤਾ ਭਰਪੂਰ ਆਚਰਣ 'ਤੇ ਜ਼ੋਰ ਦਿੱਤਾ ਹੈ :

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।।*[64]

ਗੁਰਬਾਣੀ ਵਿਚ ਦਿੱਤੀ ਗਈ ਨੈਤਿਕ ਪ੍ਰੇਰਣਾ ਮਨੁੱਖ ਅੰਦਰ ਸੰਸਾਰਿਕ ਅਤੇ ਅਧਿਆਤਮਿਕ ਜੀਵਨ ਦੇ ਸਹੀ ਪੱਥ ਪ੍ਰਦਰਸ਼ਨ ਜਾਂ ਸੁਧਾਰਨ ਦੀ ਭਾਵਨਾ ਪੈਦਾ ਕਰਦੀ ਹੈ ਗੁਰਬਾਣੀ ਅਨੁਸਾਰ ਸੱਚਾ ਅਤੇ ਸਦੀਵੀ ਸੁੱਖ ਮਨੁੱਖ ਦੇ ਚੰਗੇ ਆਚਾਰ ਜਾਂ ਸੱਚੀ ਰਹਿਤ ਵਿਚੋਂ ਹੀ ਮਿਲਦਾ ਹੈ :

*ਕਰਿ ਆਚਾਰੁ ਸਚੁ ਸੁਖੁ ਹੋਈ।।*[65]

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਜਿਥੇ ਸੱਚੀ ਕਰਣੀ ਜਾਂ ਰਹਿਤ ਹੈ, ਉਥੇ ਹੀ ਪਰਮਾਤਮਾ ਦੇ ਗਿਆਨ ਰੂਪੀ ਸੱਚੀ ਮੱਤ ਦਾ ਨਿਵਾਸ ਹੁੰਦਾ ਹੈ, ਨਹੀਂ ਤਾਂ ਹਰ ਪਾਸੇ ਘਾਟਾ ਹੀ ਪੈਂਦਾ ਹੈ।[66] ਮਨੁੱਖ ਦਾ ਸਚਿਆਰਾ ਅਤੇ ਅਮਲੀ ਜੀਵਨ ਹੀ ਉਸ ਦੀ ਅਸਲੀ ਕਦਰ ਨੂੰ ਨਿਸ਼ਚਿਤ ਕਰਦਾ ਹੈ:

*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ।।*[67]

ਕੋਈ ਵੀ ਮਨੁੱਖ ਆਪਣੇ ਆਪ ਵਿਚ ਮਾਣਯੋਗ ਨਹੀਂ ਹੁੰਦਾ, ਸਗੋਂ ਉਸ ਦੀ ਪਹਿਚਾਣ ਚੰਗੇ ਅਤੇ ਨੈਤਿਕ ਅਮਲਾਂ ਵਾਲੇ ਜੀਵਨ ਕਰਕੇ ਹੁੰਦੀ ਹੈ। 'ਸੱਚੀ ਰਹਿਤ' ਹੀ ਮਨੁੱਖ ਦੀ ਅਸਲੀ ਜੀਵਨ-ਜਾਚ ਹੈ। ਸਿੱਖ ਧਰਮ ਵਿਚ ਮਨੁੱਖ ਦੀ ਸਚਿਆਰੀ ਰਹਿਤ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ :

*ਰਹਿਣੀ ਰਹਹਿ ਸੋਈ ਸਿਖ ਮੇਰਾ*

*ਵਹ ਠਾਕੁਰ ਮੈਂ ਉਸ ਦਾ ਚੇਰਾ।।*[68]

ਗੁਰਮਤਿ ਵਿਚ ਅੰਦਰਲੀ ਅਤੇ ਬਾਹਰਲੀ ਦੋ ਤਰ੍ਹਾਂ ਦੀ ਰਹਿਤ ਪ੍ਰਵਾਨ ਕੀਤੀ ਗਈ ਹੈ। ਅੰਦਰਲੀ ਰਹਿਤ ਦਾ ਸੰਬੰਧ ਮਨੁੱਖ ਦੇ ਅੰਤਹਕਰਣ ਦੀ ਨੈਤਿਕਤਾ ਜਾਂ ਮਨ ਦੀਆਂ ਸੂਖਮ ਕ੍ਰਿਆਵਾਂ ਨਾਲ ਹੈ। ਇਸ ਲਈ ਇਸ ਨੂੰ ਸ਼ਖ਼ਸੀ ਜਾਂ ਵਿਅਕਤੀਗਤ ਰਹਿਤ ਵੀ ਕਿਹਾ ਜਾਂਦਾ ਹੈ। ਦੂਸਰੀ ਉਹ ਜਿਸ ਦਾ ਸੰਬੰਧ ਮਨੁੱਖ ਦੇ ਅਸਥੂਲ ਸਰੀਰ ਦੀਆਂ ਕਿਰਿਆਵਾਂ ਨਾਲ ਹੈ, ਨੂੰ ਬਾਹਰਲੀ ਜਾਂ ਪੰਥਕ ਰਹਿਤ ਕਿਹਾ ਜਾਂਦਾ ਹੈ। ਮਨੁੱਖ ਦੀ ਸ਼ਖ਼ਸੀ

ਰਹਿਤ ਨੂੰ ਅਸੀਂ ਵਿਚਾਰਾਤਮਕ ਪੱਖ ਅਤੇ ਬਾਹਰਲੀ ਜਾਂ ਪੰਥਕ ਰਹਿਤ ਨੂੰ ਕ੍ਰਿਆਤਮਕ ਪੱਖ ਵਿਚ ਰੱਖ ਸਕਦੇ ਹਾਂ। ਵਿਚਾਰਾਤਮਕ ਪੱਖ ਤੋਂ ਗੁਰਬਾਣੀ ਵਿਚਲੀ ਨੈਤਿਕਤਾ ਦਾ ਸੰਬੰਧ ਮਨੁੱਖ ਦੀ ਅੰਦਰਲੀ ਰਹਿਤ ਨਾਲ ਹੈ ਅਤੇ ਕ੍ਰਿਆਤਮਕ ਪੱਖ ਤੋਂ ਵਿਵਹਾਰਿਕ ਨੈਤਿਕਤਾ ਦਾ ਸੰਬੰਧ ਮਨੁੱਖ ਦੀ ਬਾਹਰਲੀ ਜਾਂ ਪੰਥਕ ਰਹਿਤ ਨਾਲ ਹੈ। ਨੈਤਿਕਤਾ ਦੇ ਪੱਖ ਤੋਂ ਗੁਰਬਾਣੀ ਵਿਚ ਨਾਮ-ਸਿਮਰਨ, ਜਤੁ, ਸਤੁ, ਸੰਤੋਖ, ਦਇਆ, ਧਰਮ, ਨਿਮਰਤਾ, ਸਹਿਣਸ਼ੀਲਤਾ, ਪ੍ਰੇਮ, ਸਹਿਜ ਅਤੇ ਸਬਰ-ਸੰਤੋਖ ਆਦਿ ਸਦਗੁਣਾਂ ਨੂੰ ਅਪਨਾਉਣ ਦੀ ਤਰਜੀਹ ਦਿੱਤੀ ਗਈ ਹੈ ਅਤੇ ਵਿਵਹਾਰਿਕ ਨੈਤਿਕਤਾ ਵਿਚ, ਸਤਿਸੰਗਤ, ਸੇਵਾ, ਸਮਾਨਤਾ, ਨਿਆਂ, ਧਰਮ ਦੀ ਕਿਰਤ, ਸੰਸਾਰਿਕ ਜ਼ਿੰਮੇਵਾਰੀਆਂ ਅਤੇ ਫਰਜ਼ਾਂ ਪ੍ਰਤੀ ਵਚਨਬੱਧਤਾ ਆਦਿ ਸਦਗੁਣਾਂ ਦਾ ਵਰਨਣ ਕੀਤਾ ਗਿਆ ਹੈ। ਗੁਰਬਾਣੀ ਵਿਚ ਹੋਰਨਾਂ ਵਿਸ਼ਿਆਂ ਦੀ ਤਰ੍ਹਾਂ, ਨੈਤਿਕ ਗੁਣਾਂ ਉਪਰ ਵੀ ਸਿਲਸਿਲੇਵਾਰ ਚਰਚਾ ਨਹੀਂ ਹੋਈ। ਪਰੰਤੂ ਅਧਿਐਨ ਜਾਂ ਵਿਸ਼ਲੇਸ਼ਣ ਕਰਨ 'ਤੇ ਅਜਿਹੇ ਗੁਣਾਂ ਬਾਰੇ ਵਿਚਾਰ ਮਿਲਦੇ ਹਨ, ਜਿਨ੍ਹਾਂ ਨੂੰ ਗੁਰਬਾਣੀ ਵਿਚ ਬਹੁਤ ਮਹੱਤਤਾ ਦਿੱਤੀ ਹੈ। ਗੁਰਬਾਣੀ ਦੀ ਵਿਚਾਰਧਾਰਾ ਵਿਚ ਇਨ੍ਹਾਂ ਗੁਣਾਂ ਦੀ ਚਰਚਾ ਹੀ ਅਸਲ ਵਿਚ ਨੈਤਿਕ ਗੁਣਾਂ ਦੀ ਚਰਚਾ ਹੈ। ਇਨ੍ਹਾਂ ਨੈਤਿਕ ਗੁਣਾਂ ਨੂੰ ਇਤਨੀ ਮਹੱਤਤਾ ਦਿੱਤੀ ਹੈ, ਕਿ ਇਨ੍ਹਾਂ ਤੋਂ ਬਿਨ੍ਹਾ ਭਗਤੀ ਨੂੰ ਵੀ ਅਸੰਭਵ ਕਰਾਰ ਦਿੱਤਾ ਗਿਆ ਹੈ :

*ਵਿਣੁ ਗੁਣ ਕੀਤੇ ਭਗਤਿ ਨ ਹੋਇ।।*[69]

ਇਨ੍ਹਾਂ ਸਦਗੁਣਾਂ ਜਾਂ ਨੈਤਿਕ ਕਰਮਾਂ ਦੇ ਉਲਟ ਨਿੰਦਿਆ, ਚੁਗਲੀ, ਝੂਠ, ਚੋਰੀ, ਹੰਕਾਰ, ਲੜਾਈ-ਝਗੜਾ, ਈਰਖਾ, ਦਵੈਤ, ਕਪਟ, ਰਿਸ਼ਵਤ, ਲੋਭ-ਲਾਲਚ, ਅਨਿਆਂ, ਅਸਮਾਨਤਾ, ਹਿੰਸਾ ਆਦਿ ਅਨੈਤਿਕ ਕਰਮਾਂ ਉਪਰ ਚਰਚਾ ਕੀਤੀ ਗਈ ਹੈ। ਜਿਨ੍ਹਾਂ ਦੇ ਧਾਰਨੀ ਮਨੁੱਖ ਨੂੰ ਮਨਮੁਖ ਅਤੇ ਅਨੈਤਿਕ ਕਰਾਰ ਦਿੱਤਾ ਗਿਆ ਹੈ।

ਭਾਰਤੀ ਪਰੰਪਰਾ ਵਿਚ ਪੁਨਰਜਨਮ, ਮੁਕਤੀ ਅਤੇ ਕਰਮ ਦੇ ਸੰਕਲਪਾਂ ਉਪਰ ਸਮੁੱਚੇ ਤੌਰ 'ਤੇ ਵਿਸ਼ਵਾਸ ਕੀਤਾ ਜਾਂਦਾ ਹੈ। ਜਿਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਿਚੋਂ ਪ੍ਰਤੱਖ ਰੂਪ ਵਿਚ ਪ੍ਰਮਾਣ ਮਿਲਦੇ ਹਨ। ਨੈਤਿਕ ਦ੍ਰਿਸ਼ਟੀਕੋਣ ਤੋਂ ਇਹ ਸੰਕਲਪ ਬਹੁਤ ਮਹੱਤਵਪੂਰਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਮਨੁੱਖ ਇਸ ਜਗਤ ਵਿਚ ਕਿਸੇ ਖਾਸ ਮਨੋਰਥ ਨੂੰ ਲੈ ਕੇ ਆਇਆ ਹੈ। ਜਿਸ ਨੂੰ ਉਹ ਕੇਵਲ ਇਸੇ ਜਾਮੇ ਵਿਚ ਹੀ ਪੂਰਾ ਕਰ

ਸਕਦਾ ਹੈ, ਕਿਉਂਕਿ ਇਹ ਮਾਣਸ ਜਾਮਾ ਬੜੀ ਕਠਿਨਤਾ ਤੋਂ ਬਾਅਦ ਕਿਸੇ ਵਿਰਲੇ ਗੁਰਮੁਖ ਨੂੰ ਹੀ ਪ੍ਰਾਪਤ ਹੁੰਦਾ ਹੈ :

*ਮਾਣਸ ਜਨਮੁ ਦੁਲਭੁ ਗੁਰਮੁਖਿ ਪਾਇਆ।।*[70]

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਰਮ ਫਿਲਾਸਫੀ ਅਨੁਸਾਰ ਮਨੁੱਖ ਦੇ ਕਰਮਾਂ ਦੇ ਅਧਾਰ 'ਤੇ ਹੀ ਉਸ ਨੂੰ ਸਰੀਰ ਰੂਪੀ ਕੱਪੜਾ ਮਿਲਦਾ ਹੈ।[71] ਇਸ ਵਿਚਾਰਧਾਰਾ ਤੋਂ ਪੁਨਰਜਨਮ ਅਤੇ ਕਰਮਾਂ ਦੇ ਸਿਧਾਂਤ ਦੀ ਪੁਸ਼ਟੀ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਪੰਜ ਭੂਤਕ ਸਰੀਰ ਦੇ ਨਾਸ਼ ਹੋਣ ਨਾਲ, ਸੂਖਮ ਸਰੀਰ ਦਾ ਨਾਸ਼ ਨਹੀਂ ਹੁੰਦਾ। ਮਨੁੱਖ ਦੁਆਰਾ ਕੀਤੇ ਚੰਗੇ ਅਤੇ ਮਾੜੇ ਸੰਸਕਾਰਾਂ ਦਾ ਭਾਰ ਉਸ 'ਤੇ ਬਣਿਆ ਰਹਿੰਦਾ ਹੈ, ਜਿਸ ਦੇ ਅਧਾਰ 'ਤੇ ਨੈਤਿਕ ਦ੍ਰਿਸ਼ਟੀਕੋਣ ਤੋਂ ਸੰਪੂਰਣ ਨਿਆਂ ਨੂੰ ਪੂਰਨ ਬਲ ਮਿਲਦਾ ਹੈ। ਦੂਜੇ ਸ਼ਬਦਾਂ ਵਿਚ ਸਰੀਰ ਦੇ ਨਾਸ਼ ਹੋਣ ਨਾਲ ਸੰਸਕਾਰਾਂ ਦਾ ਨਾਸ਼ ਨਹੀਂ ਹੁੰਦਾ। ਇਸੇ ਲਈ ਮਨੁੱਖ ਦੇ ਵਿਵਹਾਰਿਕ ਕਰਮਾਂ ਦੀ ਸ਼ੁੱਧੀ ਤੋਂ ਪਹਿਲਾਂ ਅੰਤਹਕਰਣ ਦੀ ਸ਼ੁੱਧੀ ਜਰੂਰੀ ਹੈ। ਕਿਉਂਕਿ ਅੰਤਹਕਰਣ ਵਿਚ ਉਠਣ ਵਾਲੇ ਵਿਚਾਰਾਂ ਦੇ ਅਨੁਸਾਰ ਹੀ ਮਨੁੱਖ ਕ੍ਰਿਆ ਕਰਦਾ ਹੈ। ਗੁਰਬਾਣੀ ਵਿਚ ਮਨ, ਆਤਮਾ, ਬੁੱਧੀ ਆਦਿ ਸ਼ਬਦਾਂ ਦੀ ਵਰਤੋਂ ਅੰਤਰਕਰਣ ਦੇ ਅਰਥਾਂ ਵਿਚ ਕੀਤੀ ਹੈ। ਨੈਤਿਕ ਦ੍ਰਿਸ਼ਟੀਕੋਣ ਤੋਂ ਮਨੁੱਖੀ ਮਨ ਦਾ ਮਨੁੱਖੀ ਸ਼ਖ਼ਸੀਅਤ ਅਤੇ ਵਿਵਹਾਰਿਕ ਜੀਵਨ ਨਾਲ ਬਹੁਤ ਗਹਿਰਾ ਸੰਬੰਧ ਹੈ। ਮਨੁੱਖ ਦੁਆਰਾ ਪਾਪ-ਪੁੰਨ ਜਾਂ ਨੇਕੀ-ਬਦੀ ਵਿਚੋਂ ਕਿਸੇ ਇਕ ਦੀ ਚੋਣ, ਉਸ ਦੇ ਮਨ ਜਾਂ ਅੰਤਹਕਰਣ 'ਤੇ ਨਿਰਭਰ ਹੁੰਦੀ ਹੈ। ਮਨੁੱਖੀ ਕਰਮ ਅਤੇ ਧਰਮ ਦੀ ਸਾਰੀ ਅਗਵਾਈ ਮਨ ਦੁਆਰਾ ਹੀ ਹੁੰਦੀ ਹੈ। ਇਸ ਤੋਂ ਸਪੱਸ਼ਟ ਹੈ, ਕਿ ਚੰਗੇ ਅਤੇ ਮਾੜੇ ਕਰਮਾਂ ਦੀ ਮੂਲ ਜੜ੍ਹ ਮਨ ਹੈ। ਮਨ ਵਿਚੋਂ ਪੈਦਾ ਹੋਣ ਵਾਲੇ ਵਿਚਾਰਾਂ ਅਨੁਸਾਰ ਮਨੁੱਖੀ ਕਿਰਿਆ ਨਿਰਧਾਰਤ ਹੁੰਦੀ ਹੈ। ਮਨੁੱਖੀ ਜੀਵਨ ਦੀ ਸਾਰੀ ਅਗਵਾਈ ਉਸ ਦੇ ਅੰਤਹਕਰਣ ਜਾਂ ਮਨ 'ਤੇ ਖੜ੍ਹੀ ਹੈ। ਮਨੁੱਖੀ ਮਨ ਦੀ ਸਾਰਥਿਕਤਾ ਨੂੰ ਸਪੱਸ਼ਟ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਥੋਂ ਤੱਕ ਦੱਸਿਆ ਗਿਆ ਹੈ ਕਿ ਮਨ ਇੰਨਾ ਸ਼ਕਤੀਸ਼ਾਲੀ ਹੈ ਕਿ ਜੋ ਮਨੁੱਖ ਮਨ 'ਤੇ ਜਿੱਤ ਹਾਸਿਲ ਕਰ ਲੈਂਦਾ ਹੈ, ਉਹ ਸਾਰੇ ਸੰਸਾਰ ਨੂੰ ਜਿੱਤਣ ਦੀ ਸਮਰੱਥਾ ਰੱਖਦਾ ਹੈ :

*ਮਨਿ ਜੀਤੈ ਜਗੁ ਜੀਤੁ।।*[72]

ਇਸ ਲਈ ਗੁਰਬਾਣੀ ਵਿਚ ਮਨੁੱਖ ਦੇ ਵਿਵਹਾਰਿਕ ਜੀਵਨ ਤੋਂ ਪਹਿਲਾਂ ਉਸ ਦੇ ਅੰਤਹਕਰਣ ਸ਼ੁੱਧੀ ਨੂੰ ਅੱਗੇ ਰੱਖਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਕੇਵਲ ਅਸੀਮ ਪ੍ਰਭੂ ਦੇ ਨਾਮ ਦੁਆਰਾ ਮਨ ਨੂੰ ਨਿਰਮਲ ਕੀਤਾ ਜਾ ਸਕਦਾ ਹੈ।[73] ਗੁਰਬਾਣੀ ਵਿਚ ਮਨੁੱਖੀ ਜੀਵਨ ਦੀ ਬੇਅੰਤ ਸਾਰਥਿਕਤਾ ਨੂੰ ਸਵੀਕਾਰਿਆ ਗਿਆ ਹੈ ਅਤੇ ਮਨੁੱਖੀ ਜੀਵਨ ਦੇ ਪਰਮ ਆਦਰਸ਼ 'ਬ੍ਰਹਮਲੀਨਤਾ' ਦੀਆਂ ਪੂਰੀਆਂ ਸੰਭਾਵਨਾਵਾਂ ਸਵੀਕਾਰ ਕੀਤੀਆਂ ਗਈਆਂ ਹਨ। ਪਰੰਤੂ ਅਜਿਹਾ ਤਾਂ ਹੀ ਹੋ ਸਕਦਾ ਹੈ, ਜੇ ਮਨੁੱਖ ਚੰਗੇ ਗੁਣਾਂ ਦਾ ਧਾਰਨੀ ਹੋਵੇ :

*ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ।।*
*ਗੁਰਮੁਖਿ ਨਾਮੁ ਪਦਾਰਥੁ ਪਾਏ।।*[74]

ਨੈਤਿਕ ਗੁਣਾਂ ਦਾ ਧਾਰਨੀ ਮਨੁੱਖ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ, ਅਤੇ ਸੱਚੀ ਭਗਤੀ ਸਦਕਾ ਜਮਾਂ ਦੇ ਡਰ ਤੋਂ ਛੁਟਕਾਰਾ ਪਾ ਲੈਂਦਾ ਹੈ।[75] ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਰ-ਵਾਰ ਮਨੁੱਖ ਨੂੰ ਅਵਗੁਣਾਂ ਦਾ ਤਿਆਗ ਕਰਕੇ ਨੈਤਿਕ ਗੁਣਾਂ ਨੂੰ ਧਾਰਨ ਕਰਨ ਦੀ ਪ੍ਰੇਰਣਾ ਦਿੰਦੇ ਹਨ, ਕਿਉਂਕਿ ਅਵਗੁਣ ਜਾਂ ਅਨੈਤਿਕ ਕਰਮਾਂ ਕਰਕੇ ਮਨੁੱਖ ਦੁੱਖ ਭੋਗਦਾ ਹੈ, ਅਤੇ ਪਛਤਾਉਂਦਾ ਹੈ :

*ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ।।*[76]

ਇਹ ਗੱਲ ਸਪੱਸ਼ਟ ਹੈ ਕਿ ਮਨੁੱਖ ਦੇ ਵਿਵਹਾਰ ਵਿਚ ਨੈਤਿਕਤਾ ਤਾਂ ਹੀ ਹੋ ਸਕਦੀ ਹੈ, ਜੇ ਉਸ ਦੇ ਅੰਤਹਕਰਣ ਵਿਚ ਨੈਤਿਕ ਗੁਣਾਂ ਦੀ ਹੋਂਦ ਹੈ। ਇਸ ਤਰ੍ਹਾਂ ਅੰਦਰੂਨੀ ਅਤੇ ਵਿਵਹਾਰਿਕ ਨੈਤਿਕਤਾ, ਭਾਵ ਦੋਨਾਂ ਦੀ ਹੋਂਦ ਸਦਕਾ ਹੀ ਮਨੁੱਖ ਦੀ ਸਮੁੱਚੀ ਸ਼ਖ਼ਸੀਅਤ ਦਾ ਵਿਕਾਸ ਹੁੰਦਾ ਹੈ। ਗੁਰਮਤਿ ਨੀਤੀ-ਸ਼ਾਸਤਰ ਦੇ ਪਰਿਪੇਖ ਵਿਚ ਅਸੀਂ ਇਸ ਦੋ ਪ੍ਰਕਾਰੀ ਰਹਿਤ ਉਪਰ ਵਿਸਥਾਰ ਸਹਿਤ ਚਰਚਾ ਕਰਾਂਗੇ।

ਗੁਰਮਤਿ ਨੀਤੀ-ਸ਼ਾਸਤਰ ਅਨੁਸਾਰ ਗੁਣਾ ਦਾ ਉਤਮ ਸੋਮਾ ਪਰਮਾਤਮਾ ਹੈ, ਜਿਸ ਤੋਂ ਸਾਰੇ ਗੁਣ ਪ੍ਰਵਾਹਿਤ ਹੁੰਦੇ ਹਨ। **ਡਾ. ਸ਼ੇਰ ਸਿੰਘ ਅਨੁਸਾਰ**, ''ਸਾਡੀ ਵਿਚਾਰ ਉਨ੍ਹਾਂ ਮਨੁੱਖੀ ਗੁਣਾਂ ਤੋਂ ਸ਼ੁਰੂ ਹੁੰਦੀ ਹੈ, ਜਿਹੜੇ ਰੱਬ ਵਿਚ ਪੂਰੇ ਕਮਾਲ ਵਿਚ ਮੌਜੂਦ ਹਨ। ਜਿੰਨੇ ਭੀ ਚੰਗੇ ਗੁਣ ਮਨੁੱਖ ਆਪਣੇ ਆਪ ਵਿਚ ਵੇਖਦਾ ਹੈ, ਉਹ ਸਾਰੇ ਸੰਪੂਰਨ ਤੌਰ 'ਤੇ ਆਪਣੇ ਰੱਬ ਵਿਚ ਭੀ ਵੇਖਦਾ ਹੈ। ਇਹ ਤਾਂ ਮਨੋਵਿਗਿਆਨਕ ਨਿਯਮਾਂ ਅਨੁਸਾਰ ਹੈ, ਪਰ ਧਰਮ ਤਾਂ

ਏਸ ਗੱਲ ਦੀ ਸਿੱਖਿਆ ਦੇਂਦਾ ਹੈ। ਜਿੰਨੇ ਭੀ ਚੰਗੇ ਗੁਣ ਮਨੁੱਖ ਵਿਚ ਹਨ ਉਹਨਾਂ ਸਾਰਿਆਂ ਦਾ ਸੋਮਾ ਕਰਤਾ ਪੁਰਖ ਹੈ।[77] ਮੂਲਮੰਤਰ ਵਿਚ ਉਸ ਪ੍ਰਮਾਤਮਾ ਦੇ ਸਾਰੇ ਗੁਣਾ ਦਾ ਵੇਰਵਾ ਮੌਜੂਦ ਹੈ। ਜਿਸ ਵਿਚ ਪ੍ਰਮਾਤਮਾ ਦੀ ਏਕਤਾ, ਉਸਦੇ ਸੱਚੇ ਨਾਮ ਦਾ ਭੇਦ, ਉਸ ਦਾ ਕਿਰਤੀ ਰੂਪ, ਨਿਰਭਉ ਤੇ ਨਿਰਵੈਰਤਾ ਰੂਪੀ ਗੁਣ ਅਤੇ ਉਸ ਦੀ ਸਦੀਵਤਾ ਅਤੇ ਪ੍ਰਾਪਤੀ ਦਾ ਗਿਆਨ ਹਾਸਲ ਹੁੰਦਾ ਹੈ। ਪਰਮਾਤਮਾ ਐਸਾ ਗੁਣਕਾਰੀ ਸੋਮਾ ਹੈ, ਜੋ ਆਪਣੀ ਕਿਰਪਾ ਨਾਲ ਔਗੁਣਾਂ ਨੂੰ ਗੁਣਾਂ ਵਿਚ ਤਬਦੀਲ ਕਰਨ ਦੇ ਸਮਰੱਥ ਹੈ :

*ਨਾਨਕ ਨਿਰਗੁਣ ਗੁਣ ਕਰੇ ਗੁਣਵੰਤਿਆ ਗੁਣ ਦੇ।।*

*ਤੇਹਾ ਕੋਇ ਨ ਸੁਝਈ ਜਿ ਤਿਸ ਗੁਣ ਕੋਇ ਕਰੇ।।*[78]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪਰਮਾਤਮਾ ਦਾ ਸਰਵ-ਵਿਆਪੀ ਰੂਪ ਸਾਰੇ ਤਰ੍ਹਾਂ ਦੇ ਫਿਰਕਿਆਂ ਜਾਂ ਭੇਦਾਂ ਨੂੰ ਖ਼ਤਮ ਕਰ ਦਿੰਦਾ ਹੈ। ਪਰਮਾਤਮਾ ਸਭ ਦਾ ਸਾਂਝਾ ਹੈ ਅਤੇ ਉਸ ਉਤੇ ਕਿਸੇ ਇਕ ਵਿਸ਼ੇਸ਼ ਦਾ ਹੱਕ ਨਹੀਂ ਹੈ। ਗੁਰਮਤਿ ਨੀਤੀ-ਸ਼ਾਸਤਰ ਦਾ ਸਭ ਤੋਂ ਵੱਡਾ ਸੋਮਾ ਅਤੇ ਪ੍ਰਮਾਣ ਖੁਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਜਿਨ੍ਹਾਂ ਵਿਚ ਵੱਖੋ-ਵੱਖਰੇ ਜਾਤ, ਧਰਮ, ਕੌਮ ਆਦਿ ਦੇ ਬਾਣੀਕਾਰਾਂ ਦੀ ਬਾਣੀ ਨੂੰ ਦਰਜ ਕਰਕੇ ਪਰਮਾਤਮਾ ਦੀ ਏਕਤਾ ਉਪਰ ਮੋਹਰ ਲਗਾਈ ਗਈ ਹੈ:

*ਤੂੰ ਸਾਝਾ ਸਾਹਿਬੁ ਬਾਪੁ ਹਮਾਰਾ।। ਨਉ ਨਿਧਿ ਤੇਰੈ ਅਖੁਟ ਭੰਡਾਰਾ।।*

*ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ।।*

*ਸਭੁ ਕੋ ਆਸੈ ਤੇਰੀ ਬੈਠਾ।। ਘਟ ਘਟ ਅੰਤਰਿ ਤੂੰ ਹੈ ਵੂਠਾ।।*

*ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨਾ ਦਿਸਹਿ ਬਾਹਰਾ ਜੀਉ।।*[79]

ਗੁਰਮਤਿ ਨੀਤੀ-ਸ਼ਾਸਤਰ ਇਕ ਜੀਵਨ ਵਿਧੀ ਹੈ, ਜੋ ਮਨੁੱਖ ਨੂੰ ਸੁੱਚਜੀ ਜੀਵਨ-ਜਾਚ ਸਿਖਾਉਂਦੀ ਹੈ। ਗੁਣਾਂ ਦੀ ਗ੍ਰਹਿਣਤਾ ਅਤੇ ਅਉਗੁਣਾਂ ਦਾ ਤਿਆਗ ਹੀ ਗੁਰਮਤਿ ਨੀਤੀ-ਸ਼ਾਸਤਰ ਦੀ ਵਿਸ਼ੇਸ਼ ਹਦਾਇਤ ਹੈ :

*ਨਾਨਕ ਅਉਗਣ ਜੇਤੜੇ ਤੇਤੇ ਗਲੀ ਜੰਜੀਰ*

*ਜੇ ਗੁਣ ਹੋਣ ਤਾ ਕਟੀਅਨ ਸੇ ਭਾਈ ਸੇ ਬੀਰ।।*

*ਅਉਗਣ ਛੋਡਹੁ ਗੁਣ ਕਰਹੁ ਐਸੇ ਤਤ ਪਰਾਵਹੁ॥*[80]

### 2.6.1 ਸ਼ਖ਼ਸੀ ਰਹਿਤ (ਵਿਅਕਤੀਗਤ ਨੀਤੀ-ਸ਼ਾਸਤਰ)

ਸ਼ਖ਼ਸੀ ਰਹਿਤ ਤੋਂ ਭਾਵ ਮਨੁੱਖ ਦੀ ਨਿੱਜੀ ਜਾਂ ਵਿਅਕਤੀਗਤ ਜੀਵਨ-ਜਾਚ ਹੈ, ਜਿਸ ਨੂੰ ਗੁਰਮਤਿ ਨੀਤੀ-ਸ਼ਾਸਤਰ ਵਿਚ ਬਹੁਤ ਅਹਿਮੀਅਤ ਦਿੱਤੀ ਗਈ ਹੈ।

### 2.6.1(ੳ) ਪ੍ਰੇਮ, ਨਿਮਰਤਾ ਅਤੇ ਸਹਿਣਸ਼ੀਲਤਾ

ਗੁਰਮਤਿ ਨੀਤੀ-ਸ਼ਾਸਤਰ ਵਿਚ ਪ੍ਰੇਮ ਦਾ ਬਹੁਤ ਮਹੱਤਵ ਹੈ। ਗੁਰਬਾਣੀ ਵਿਚ ਸਮੁੱਚੀ ਮਾਨਵਤਾ ਨੂੰ ਪ੍ਰੇਮ ਨਾਲ ਮਿਲਕੇ ਰਹਿਣ ਅਤੇ ਨਿੰਦਿਆ, ਚੁਗਲੀ, ਈਰਖਾ, ਦਵੈਤ ਤੋਂ ਸੁਚੇਤ ਰਹਿਣ ਦਾ ਉਪਦੇਸ਼ ਦਿੱਤਾ ਹੈ। ਪ੍ਰੇਮ ਤੋਂ ਹੀਣੇ ਮਨੁੱਖ ਗੁਣਾਂ ਤੋਂ ਵਾਂਝੇ ਹੀ ਚਲੇ ਜਾਂਦੇ ਹਨ :

*ਅੰਦਰ ਖਾਲੀ ਪ੍ਰੇਮ ਬਿਨੁ ਢਹਿ ਢੇਰੀ ਤਨੁ ਛਾਰ॥*[81]

ਹੰਕਾਰ ਇਕ ਅਜਿਹਾ ਔਗੁਣ ਹੈ, ਜਿਸ ਨੂੰ ਪਾਲਣ ਵਾਲਾ ਮਨੁੱਖ ਦੁਨੀਆਂ ਦੇ ਕਿਸੇ ਵੀ ਰਸਤੇ ਉਪਰ ਅੱਗੇ ਨਹੀ ਵੱਧ ਸਕਦਾ, ਚਾਹੇ ਉਹ ਦੁਨਿਆਵੀ ਰਿਸ਼ਤੇ ਜਾਂ ਮਿੱਤਰ, ਦੋਸਤ ਵਾਲਾ ਹੋਵੇ ਅਤੇ ਚਾਹੇ ਉਹ ਰਸਤਾ ਪਰਮਾਤਮਾ ਦੇ ਮਿਲਾਪ ਦਾ ਹੋਵੇ। ਨਿਮਰਤਾ ਵਿਚ ਰਹਿਣ ਵਾਲੇ ਮਨੁੱਖ ਨੂੰ ਗੁਣ ਪ੍ਰਾਪਤ ਹੁੰਦੇ ਹਨ :

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥*[82]

ਸੰਸਾਰ ਵਿਚ ਵਿਚਰਦਿਆਂ ਆਪਣੇ ਆਪ ਨੂੰ ਉਚਾ ਕਹਾਉਣ ਵਾਲੇ ਮਨੁੱਖ ਅਸਲ ਵਿਚ ਮੂਰਖਤਾ ਦੇ ਪਾਤਰ ਬਣਦੇ ਹਨ ਕਿਉਂਕਿ ਅਜਿਹੀ ਸੋਚ ਉਨ੍ਹਾਂ ਨੂੰ ਆਤਮਿਕ ਪੱਧਰ 'ਤੇ ਨੀਵਾਂ ਲੈ ਜਾਂਦੀ ਹੈ। ਨਿਮਰਤਾ ਅਤੇ ਸਨੇਹ ਮਨੁੱਖ ਨੂੰ ਅਧਿਆਤਮਿਕ ਜੀਵਨ ਦੀ ਸਿਖਰ ਵਲ ਲੈ ਜਾਂਦੇ ਹਨ :

*ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥*[83]

ਨਿਮਰਤਾ ਵਿਚ ਰਹਿਣਾ, ਕਿਸੇ ਅਸਹਿ ਗੱਲ ਨੂੰ ਸਹਾਰ ਲੈਣਾ ਅਤੇ ਜੀਭ ਨਾਲ ਮਿੱਠੇ ਬੋਲ ਬੋਲਣੇ ਇਹ ਤਿੰਨ ਉਹ ਉਤਮ ਗੁਣ ਹਨ, ਜਿਨ੍ਹਾਂ ਦਾ ਧਾਰਨੀ ਮਨੁੱਖ ਪਰਮਾਤਮਾ ਨੂੰ ਵੀ ਵੱਸ ਵਿਚ ਕਰ ਲੈਂਦਾ ਹੈ :

*ਨਿਵਣੁ ਸੁ ਅਖਰੁ ਖਵਣੁ ਗੁਣ ਜਿਹਬਾ ਮਣੀਆ ਮੰਤੁ॥*
*ਏ ਤ੍ਰੈ ਭੈਣੇ ਵੇਸ ਕਰ ਤਾ ਵਸਿ ਆਵੀ ਕੰਤੁ॥*[84]

ਨਿਮਰਤਾ ਵਿਚ ਰਹਿਣ ਵਾਲਾ ਮਨੁੱਖ ਹਉਮੈਂ ਵਰਗੇ ਦੀਰਘ ਰੋਗ ਤੋਂ ਬਚਿਆ ਰਹਿੰਦਾ ਹੈ। ਨਿਮਰਤਾ ਕੇਵਲ ਬਾਹਰੀ ਦਿਖਾਵੇ ਦੀ ਨਹੀਂ ਬਲਕਿ ਅੰਦਰੂਨੀ ਹੋਣੀ ਚਾਹੀਦੀ ਹੈ। ਬਾਹਰੋਂ ਨਿਰਵਾਣ ਰਹਿ ਕੇ ਅੰਦਰ ਗੁੱਸਾ ਹੰਢਾਉਣ ਵਾਲਾ ਜਾਂ ਵੈਰ ਵਿਰੋਧ ਕਰਨ ਵਾਲਾ ਮਨੁੱਖ ਨਿਮਰਤਾ ਵਿਚ ਨਹੀਂ ਹੁੰਦਾ । **ਭਗਤ ਫਰੀਦ ਜੀ ਅਨੁਸਾਰ**, ਕਿਸੇ ਬੁਰੇ ਮਨੁੱਖ ਦਾ ਵੀ ਭਲਾ ਹੀ ਕਰੋ। ਉਸ ਦੀਆਂ ਬੁਰਿਆਈਆਂ ਨੂੰ ਆਪਣੇ ਅੰਦਰ ਨਾ ਲਿਆਉ ਅਤੇ ਗੁੱਸੇ ਵਰਗੇ ਵਿਕਾਰਾਂ ਨੂੰ ਮੌਕਾ ਨਾ ਦਿਉ।[85]

## 2.6.1(ਅ) ਪਰਉਪਕਾਰ, ਖਿਮਾ ਅਤੇ ਦਇਆ

ਸੱਚ ਦੇ ਰਸਤੇ ਉਪਰ ਚਲਦਿਆਂ ਆਪਣੇ ਆਚਰਣ ਨੂੰ ਸ਼ੁੱਧ ਕਰਨਾ, ਗੁਰਮਤਿ ਨੀਤੀ-ਸ਼ਾਸਤਰ ਦਾ ਆਦਰਸ਼ ਹੈ। ਉਤਮ ਗਿਆਨ ਦੀ ਪ੍ਰਾਪਤੀ ਅਤੇ ਉਸ ਦਾ ਅਮਲ, ਮਨੁੱਖ ਨੂੰ ਦੈਵੀ ਗੁਣਾਂ ਨਾਲ ਭਰਪੂਰ ਕਰ ਦਿੰਦਾ ਹੈ। ਪਰਮਾਤਮਾ ਦੇ ਇਹ ਦੈਵੀ ਗੁਣ ਮਨੁੱਖ ਦੇ ਸਾਰੇ ਔਗੁਣਾਂ ਦਾ ਨਾਸ਼ ਕਰਕੇ, ਉਸ ਨੂੰ ਪਰਉਪਕਾਰੀ ਗੁਣ ਬਖ਼ਸ਼ਦੇ ਹਨ :

*ਅਉਗਣ ਸਭ ਮਿਟਾਇ ਕੈ ਪਰਉਪਕਾਰੁ ਕਰੇਇ।।*[86]

ਜਿਵੇਂ ਮਨੁੱਖ ਸਰੀਰ ਦੀ ਸਜਾਵਟ ਲਈ ਅਤੇ ਸੋਹਣੀ ਦਿੱਖ ਲਈ ਕਈ ਤਰ੍ਹਾਂ ਦੇ ਸ਼ਿੰਗਾਰ ਕਰਦਾ ਹੈ, ਉਸੇ ਤਰ੍ਹਾਂ ਆਤਮਿਕ ਜੀਵਨ ਦੀ ਸਜਾਵਟ ਲਈ, ਮਨੁੱਖ ਨੂੰ ਸੱਚ, ਸੰਤੋਖ, ਦਇਆ ਅਤੇ ਧਰਮ ਵਰਗੇ ਗੁਣਾਂ ਨੂੰ ਆਪਣੇ ਜੀਵਨ ਵਿਚ ਧਾਰਨਾ ਚਾਹੀਦਾ ਹੈ :

*ਸਤੁ ਸੰਤੋਖੁ ਦਇਆ ਧਰਮੁ ਸੀਗਾਰ ਬਨਾਵਉ।।*[87]

ਅਸਲੀ ਗਿਆਨ ਉਹ ਹੈ, ਜੋ ਅਮਲ ਵਿਚ ਲਿਆਂਦਾ ਹੋਵੇ ਅਤੇ ਅਨੁਭਵ ਅਤੇ ਬਿਬੇਕ ਵਾਲਾ ਹੋਵੇ। **ਕਬੀਰ ਜੀ ਕਹਿੰਦੇ ਹਨ**, ਜਿੱਥੇ ਅਜਿਹਾ ਗਿਆਨ ਹੋਵੇ, ਉਥੇ ਹੀ ਧਰਮ ਦਾ ਨਿਵਾਸ ਹੁੰਦਾ ਹੈ, ਪਰੰਤੂ ਜਿੱਥੇ ਝੂਠ, ਲੋਭ ਵਰਗੇ ਵਿਕਾਰ ਹੋਣ, ਉਥੇ ਪਾਪ ਅਤੇ ਕਾਲ ਦਾ ਬਸੇਰਾ ਹੁੰਦਾ ਹੈ ਅਤੇ ਜਿੱਥੇ ਖਿਮਾ ਵੱਸਦੀ ਹੋਵੇ, ਉਥੇ ਪਰਮਾਤਮਾ ਆਪ ਹੁੰਦਾ ਹੈ :

*ਕਬੀਰਾ ਜਹਾ ਗਿਆਨ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ*

*ਜਹਾ ਲੋਭੁ ਤਹ ਕਾਲ ਹੈ ਜਹਾ ਖਿਮਾ ਤਹ ਆਪਿ।।*[88]

ਖਿਮਾ ਰੂਪੀ ਸ਼ਿੰਗਾਰ, ਭਾਵ ਗੁਣ ਧਾਰਨ ਕਰਨ ਵਾਲਾ ਮਨੁੱਖ ਆਪਣੇ ਜੀਵਨ ਨੂੰ ਗੁਣਾਂ ਰੂਪੀ ਪਿਟਾਰੀ ਨਾਲ ਸਜਾ ਕੇ ਰੱਖਦਾ ਹੈ। ਅਜਿਹਾ ਮਨੁੱਖ, ਪਰਮਾਤਮਾ ਦੁਆਰਾ ਹਾਸਲ ਹੋਣ ਵਾਲੀ ਆਤਮਿਕ ਸੂਝ ਦੁਆਰਾ ਆਪਣੇ ਜੀਵਨ ਨੂੰ ਰੌਸ਼ਨ ਕਰ ਲੈਂਦਾ ਹੈ :

*ਖਿਮਾ ਸੀਗਾਰੁ ਕਰੇ ਪ੍ਰਭ ਖੁਸੀਆ ਮਨਿ ਦੀਪਕ*
*ਗੁਰ ਗਿਆਨੁ ਬਲਈਆ।।*[89]

## 2.6.1(ੲ) ਸਬਰ, ਸੰਤੋਖ ਅਤੇ ਸੰਜਮ

ਕੋਈ ਵੀ ਆਦਰਸ਼ ਦਾ ਨੇਪਰੇ ਚੜ੍ਹਨਾ ਮੁਸ਼ਕਿਲ ਹੈ, ਜੇ ਮਨੁੱਖ ਕੋਲ ਸੰਜਮ ਨਹੀਂ ਹੈ। ਆਪਣੀਆਂ ਵਾਸ਼ਨਾਵਾਂ ਨੂੰ ਸੰਕੋਚ ਕੇ ਮਨ ਨੂੰ ਦ੍ਰਿੜ ਬਣਾਉਣਾ ਅਤੇ ਆਪਣੇ ਆਦਰਸ਼ ਵੱਲ ਅੱਗੇ ਵੱਧਣਾ ਕੇਵਲ ਸੰਜਮੀ ਜਾਂ ਧੀਰਜ ਵਾਲੇ ਮਨੁੱਖ ਦੇ ਹੱਥ ਵਿਚ ਹੁੰਦਾ ਹੈ। ਧਾਰਮਿਕ ਅਤੇ ਨੈਤਿਕ ਦ੍ਰਿਸ਼ਟੀਕੋਣ ਤੋਂ ਆਪਣੇ ਮਨ ਨੂੰ ਵਿਕਾਰਾਂ ਵਾਲੇ ਪਾਸੇ ਜਾਣ ਤੋਂ ਰੋਕਣਾ ਸੰਜਮ ਹੈ :

*ਜਤੁ ਪਾਹਾਰਾ ਧੀਰਜੁ ਸੁਨਿਆਰੁ।।*
*ਅਹਰਣਿ ਮਤਿ ਵੇਦੁ ਹਥੀਆਰੁ।।*[90]

ਗੁਰਬਾਣੀ ਮਨੁੱਖ ਨੂੰ ਪ੍ਰੇਰਦੀ ਹੈ, ਕਿ ਜੇ ਉਹ ਆਪਣੇ ਜੀਵਨ ਰੂਪੀ ਆਦਰਸ਼ ਵਿਚ ਅੱਗੇ ਵਧਣਾ ਚਾਹੁੰਦਾ ਹੈ ਤਾਂ ਉਸਨੂੰ ਪਰਾਏ ਧਨ, ਪਰਾਈ ਇਸਤਰੀ ਅਤੇ ਪਰਾਈ ਨਿੰਦਾ ਜਾਂ ਬਦਖੋਈ ਨੂੰ ਛੱਡਣਾ ਪਵੇਗਾ :

*ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ।।*
*ਚਰਨ ਕਮਲ ਸੇਵੀ ਰਿਦ ਅੰਤਰਿ ਗੁਰ ਪੂਰੇ ਕੈ ਆਧਾਰਿ।।*[91]

ਵਾਸ਼ਨਾ ਇਕ ਐਸੀ ਪ੍ਰਬਲ ਸ਼ਕਤੀ ਹੈ, ਜੋ ਕਦੇ ਖ਼ਤਮ ਨਹੀਂ ਹੁੰਦੀ। ਇਕ ਇੱਛਾ ਪੂਰੀ ਹੋ ਜਾਣ ਤੇ, ਚਾਰ ਨਵੀਂਆਂ ਜਨਮ ਲੈ ਲੈਂਦੀਆਂ ਹਨ। ਇਸ ਲਈ ਰੱਜਿਆ ਕੇਵਲ ਉਹ ਮਨੁੱਖ ਹੈ, ਜਿਸ ਕੋਲ ਸੰਤੋਖ ਜਾਂ ਸੰਤੁਸ਼ਟਤਾ ਹੈ। ਜਿਵੇਂ ਸੁਫ਼ਨਿਆਂ ਦਾ ਕੋਈ ਲਾਭ ਨਹੀਂ ਹੁੰਦਾ, ਉਵੇਂ ਸੰਤੁਸ਼ਟ-ਹੀਣ ਮਨੁੱਖ ਦੇ ਸਾਰੇ ਕੰਮ ਵਿਅਰਥ ਹਨ :

*ਬਿਨਾ ਸੰਤੋਖ ਨਹੀ ਕੋਊ ਰਾਜੈ।।*

*ਸੁਪਨ ਮਨੋਰਥ ਬ੍ਰਿਥੇ ਸਭ ਕਾਜੈ।।*[92]

ਉਹ ਮਨੁੱਖ ਸਿੱਦਕੀ ਹਨ, ਜਿਨ੍ਹਾਂ ਕੋਲ ਭਰੋਸਾ ਅਤੇ ਸ਼ੁਕਰਾਨਾ ਕਰਨ ਵਾਲੇ ਉਤਮ ਗੁਣ ਹਨ। ਸਬਰ ਅਤੇ ਸੰਤੋਖ ਉਹ ਦੈਵੀ ਸੁਭਾਅ ਦੇ ਗੁਣ ਹਨ, ਜਿਨ੍ਹਾਂ ਦੀ ਪ੍ਰਾਪਤੀ ਮਨੁੱਖ ਨੂੰ ਪ੍ਰਭੂ ਦੇ ਦਰਸ਼ਨ ਕਰਵਾ ਦਿੰਦੀ ਹੈ। ਬੇਅਰਥ ਅਤੇ ਫਜ਼ੂਲ ਗੱਲਾਂ ਕਰਨ ਵਾਲੇ ਭਟਕਦੇ ਰਹਿੰਦੇ ਹਨ :

*ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾ।।*

*ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ।।*[93]

ਥੋੜ੍ਹਾ ਖਾਣਾ, ਥੋੜ੍ਹਾ ਸੌਣਾ ਅਤੇ ਥੋੜ੍ਹਾ ਬੋਲਣਾ ਮਨੁੱਖੀ ਚਰਿੱਤਰ ਨੂੰ ਸੁਚੱਜਾ ਬਣਾਉਂਦੇ ਹਨ। ਗੁਰਬਾਣੀ ਅਨੁਸਾਰ ਅਜਿਹੇ ਮਨੁੱਖਾਂ ਦਾ ਜੀਵਨ ਵਿਅਰਥ ਹੈ, ਜੋ ਖਾ-ਖਾ ਕੇ ਅਤੇ ਅਰਾਮ ਕਰਕੇ ਪੇਟ ਵਧਾਉਂਦੇ ਹਨ :

*ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ।।*

*ਨਾਨਕ ਸਚੇ ਨਾਮ ਵਿਣੁ ਸਭੋ ਦੁਸਮਣ ਹੇਤੁ।।*[94]

ਸਬਰ, ਸੰਤੋਖ ਵਿਚ ਰਹਿਣ ਵਾਲੇ ਮਨੁੱਖ ਸਾਦਗੀ ਵਿਚ ਰਹਿੰਦੇ ਹਨ। ਥੋੜ੍ਹੇ ਦਾਣੇ ਪਾਣੀ ਤੇ ਗੁਜ਼ਾਰਾ ਕਰਕੇ ਜੀਵਨ ਨੂੰ ਸੰਜਮੀ ਬਣਾਉਂਦੇ ਹਨ :

*ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨ ਪਾਣੀ ਥੋੜਾ ਖਾਇਆ।।*[95]

ਹੋਰ ਰਸ (ਨਸ਼ੇ, ਮਾਸ) ਮਨੁੱਖ ਨੂੰ ਵਿਕਾਰੀ ਬਣਾਉਂਦੇ ਹਨ, ਸਬਰ ਤੇ ਸੰਤੋਖ ਵਾਲਾ ਮਨੁੱਖ ਪਰਮਾਤਮਾ ਦੇ ਗੁਣਾਂ ਦੀ ਅਰਾਧਨਾ ਦੁਆਰਾ ਸੱਚੇ ਰਸ ਨੂੰ ਮਾਣਦਾ ਹੈ :

*ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ਆਨ ਰਸਾ ਸਭ ਹੋਛੇ ਰੇ।।*[96]

### 2.6.1(ਸ) ਨਾਮ, ਦਾਨ ਅਤੇ ਇਸ਼ਨਾਨ

ਜੋ ਮਨੁੱਖ ਗੁਰੂ ਦੀ ਮੱਤ ਅਨੁਸਾਰ ਆਪਣਾ ਜੀਵਨ ਬਤੀਤ ਕਰਦਾ ਹੈ, ਭਾਵ ਗੁਰੂ ਦੇ ਦੱਸੇ ਮਾਰਗ ਉਪਰ ਚਲਦਾ ਹੈ, ਉਸ ਦੁਆਰਾ ਨਾਮ ਜਪਣਾ, ਦਾਨ ਕਰਨਾ ਅਤੇ

ਇਸ਼ਨਾਨ ਕਰਨਾ ਸਭ ਪ੍ਰਵਾਨ ਹੁੰਦਾ ਹੈ। ਭਾਵ ਗੁਰੂ ਦੇ ਉਪਦੇਸ਼ ਨੂੰ ਮੰਨ ਕੇ ਅਧਿਆਤਮਿਕ ਜੀਵਨ ਦੀ ਪ੍ਰਾਪਤੀ ਹੁੰਦੀ ਹੈ :

*ਗੁਰਮੁਖਿ ਨਾਮੁ ਦਾਨੁ ਇਸਨਾਨੁ।।*

*ਗੁਰਮੁਖਿ ਲਾਗੈ ਸਹਜਿ ਧਿਆਨੁ।।*[97]

ਸੱਚ ਨੂੰ ਨੀਤੀ-ਸ਼ਾਸਤਰ ਦੀ ਉਚਤਮ ਕੀਮਤ (Ultimate Value) ਮੰਨਿਆ ਗਿਆ ਹੈ। ਇਸ ਨੂੰ ਜੀਵਨ ਪ੍ਰਕਿਰਿਆ ਦਾ ਸਾਧਨ ਅਤੇ ਪਰਮਾਤਮਾ ਦੇ ਰੂਪ ਵਿਚ ਅੰਤਿਮ ਆਦਰਸ਼ ਮੰਨਿਆ ਗਿਆ ਹੈ। ਗੁਰਮਤਿ ਵਿਚ ਅਜਿਹੇ ਸੱਚ ਦੀ ਪ੍ਰਾਪਤੀ ਤਾਂ ਹੀ ਹੁੰਦੀ ਹੈ, ਜੇ ਮਨੁੱਖ ਸੱਚੀ ਸਿੱਖਿਆ ਨੂੰ ਪ੍ਰਾਪਤ ਕਰਦਾ ਹੈ ਅਤੇ ਜੀਵਾਂ ਉਪਰ ਦਇਆ ਕਰਕੇ ਪੁੰਨ ਦਾਨ ਵਰਗੇ ਗੁਣਾਂ ਨੂੰ ਧਾਰਨ ਕਰਦਾ ਹੈ :

*ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ।।*

*ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨੁ ਕਰੇਇ।।*[98]

ਜਿਸ ਮਨੁੱਖ ਨੇ ਸੱਚ ਨੂੰ ਵਰਤ, ਸੰਤੋਖ ਨੂੰ ਤੀਰਥਾਂ ਦਾ ਇਸ਼ਨਾਨ, ਦਇਆ ਨੂੰ ਦੇਵਤਾ ਅਤੇ ਮੁਆਫ਼ੀ ਦੇਣ ਨੂੰ ਆਪਣੀ ਮਾਲਾ ਬਣਾਇਆ ਹੈ, ਉਹ ਮਨੁੱਖ ਹੀ ਸ੍ਰੇਸ਼ਟ ਹਨ:

*ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ।।*

*ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ।।*[99]

### 2.6.1(ਹ) ਸੇਵਾ, ਕਿਰਤ ਅਤੇ ਉਦਮ

ਸੇਵਾ ਮਨੁੱਖ ਨੂੰ ਹੰਕਾਰ ਤੋਂ ਮੁਕਤੀ ਦਵਾਉਂਦੀ ਹੈ, ਕਿਉਂਕਿ ਹੰਕਾਰ ਅਤੇ ਨਾਮ ਇਕ ਥਾਂ ਨਹੀਂ ਰਹਿ ਸਕਦੇ, ਇਸ ਲਈ ਸੇਵਾ ਕਰਕੇ ਹੰਕਾਰ ਤੋਂ ਮੁਕਤੀ ਪਾਉਣ ਵਾਲਾ ਮਨੁੱਖ ਨਾਮ ਰੂਪੀ ਰਤਨ ਨੂੰ ਹਾਸਲ ਕਰ ਲੈਂਦਾ ਹੈ ਅਤੇ ਦਰਗਾਹ ਵਿਚ ਪ੍ਰਵਾਨ ਹੋ ਜਾਂਦਾ ਹੈ :

*ਵਿਚਿ ਦੁਨੀਆ ਸੇਵ ਕਮਾਈਐ।।*

*ਤਾ ਦਰਗਹ ਬੈਸਣੁ ਪਾਈਐ।।*[100]

ਅਸਲ ਸੇਵਾ ਉਹ ਹੈ, ਜੋ ਸੇਵਾ ਦੇ ਬਦਲੇ ਫਲ ਦੀ ਪ੍ਰਾਪਤੀ ਪ੍ਰਤੀ ਕੋਈ ਆਸ ਨਾ ਰੱਖੇ ਕਿਉਂਕਿ ਨਿਸ਼ਕਾਮ ਸੇਵਾ ਪਰਮਾਤਮਾ ਦੇ ਮਿਲਾਪ ਦਾ ਉਤਮ ਸਾਧਨ ਹੈ :

*ਸੇਵਾ ਕਰਤ ਹੋਇ ਨਿਹਕਾਮੀ॥*

*ਤਿਸ ਕਉ ਹੋਤ ਪਰਾਪਤ ਸੁਆਮੀ॥*[101]

ਗੁਰਮਤਿ ਵਿਚ ਦੋ ਤਰ੍ਹਾਂ ਦੇ ਉਦਮ ਦੀ ਗੱਲ ਹੈ, ਇਕ ਤਾਂ ਸਰੀਰਕ ਉਦਮ ਦੁਆਰਾ ਕਿਰਤ ਕਮਾਈ ਕਰਕੇ, ਸੰਸਾਰਿਕ ਜੀਵਨ ਦਾ ਨਿਰਬਾਹ ਕਰਨਾ ਅਤੇ ਦੂਸਰਾ ਮਾਨਸਿਕ ਉਦਮ ਦੁਆਰਾ ਪਰਮਾਤਮਾ ਦੇ ਨਾਮ ਨੂੰ ਸਿਮਰ ਕੇ ਸੱਚੇ ਸੁੱਖ ਦੀ ਪ੍ਰਾਪਤੀ ਕਰਨਾ :

*ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰ॥*[102]

ਉਦਮ ਕਰਕੇ ਪਰਮਾਤਮਾ ਦੇ ਨਾਮ ਨੂੰ ਅਰਾਧਨ ਵਾਲਾ ਮਨੁੱਖ ਵੱਡੇ ਭਾਗਾਂ ਵਾਲਾ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਵੱਡੇ ਭਾਗਾਂ ਨਾਲ ਹੀ ਮਨੁੱਖ ਨੂੰ ਪਰਮਾਤਮਾ ਦੇ ਨਾਮ ਰੂਪੀ ਧਨ ਦੀ ਪ੍ਰਾਪਤੀ ਹੁੰਦੀ ਹੈ :

*ਉਦਮੁ ਕਰਿ ਹਰਿ ਜਾਪਣਾ ਬਡਭਾਗੀ ਧਨੁ ਖਾਟਿ॥*[103]

### 2.6.1(ਕ) ਧਰਮ, ਸਹਿਜ ਅਤੇ ਭਲਾ

ਗੁਰੂ ਦੇ ਦੱਸੇ ਮਾਰਗ ਉਤੇ ਚਲ ਕੇ, ਸਿਮਰਨ ਕਰਨਾ ਹੀ ਧਰਮ ਦੀ ਪਉੜੀ ਹੈ। ਧਰਮ ਦੀ ਇਸ ਪਉੜੀ ਉਤੇ ਚੜ੍ਹ ਕੇ ਹੀ ਮਨੁੱਖ ਨੂੰ ਆਤਮਿਕ ਜੀਵਨ ਦਾ ਰਸਤਾ ਮਿਲਦਾ ਹੈ। ਪਰੰਤੂ ਕੋਈ ਵਿਰਲਾ ਭਾਗਾਂ ਵਾਲਾ ਮਨੁੱਖ ਇਸ ਨੂੰ ਲੱਭਦਾ ਹੈ :

*ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥*[104]

ਪਰੰਤੂ ਇਸ ਮਾਰਗ ਉਤੇ ਚਲਣ ਲਈ ਸਹਿਜ ਦਾ ਹੋਣਾ ਲਾਜ਼ਮੀ ਹੈ। ਸਹਿਜ ਵਿਚ, ਭਾਵ ਅਡੋਲ ਅਵਸਥਾ ਵਿਚ ਰਹਿ ਕੇ ਗੁਣਾਂ ਨੂੰ ਧਾਰਨ ਕਰਨਾ ਚਾਹੀਦਾ ਹੈ :

*ਸਹਜਿ ਸਹਜਿ ਗੁਣ ਰਮੈ ਕਬੀਰੁ॥*[105]

ਹਰ ਇਕ ਦਾ ਭਲਾ ਸੋਚਣਾ ਗੁਰਮੁਖ ਦਾ ਵਿਸ਼ੇਸ਼ ਗੁਣ ਹੈ। ਗੁਰਬਾਣੀ ਅਨੁਸਾਰ ਮਨੁੱਖ ਜਿੱਥੇ ਵੀ ਜਾਵੇ, ਭਲਾਈ ਦੀ ਗੱਲ ਕਰੇ ਅਤੇ ਪਰਮਾਤਮਾ ਦੀ ਯਾਦ ਨੂੰ ਹਿਰਦੇ ਵਿਚ ਸਮੋਈ ਰੱਖੇ :

*ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ॥*[106]

ਜੋ ਮਨੁੱਖ ਧਰਮ ਦੇ ਰਸਤੇ ਉਪਰ ਚਲ ਕੇ, ਸਹਿਜ ਭਾਵ ਅਡੋਲ ਅਵਸਥਾ ਵਿਚ ਰਹਿ ਕੇ ਸੱਚਾਈ, ਦਾਨ-ਪੁੰਨ ਅਤੇ ਨੇਕੀ ਦੀ ਕਮਾਈ ਕਰਦਾ ਹੈ। ਉਹ ਨੇਕ ਇਨਸਾਨ ਹੈ:

*ਸਚਾ ਧਰਮੁ ਪੁੰਨੁ ਭਲਾ ਕਰਾਏ।।*[107]

## 2.6.1(ਖ) ਹੁਕਮ, ਭਾਣਾ ਅਤੇ ਰਜ਼ਾ

ਗੁਰਮਤਿ ਨੀਤੀ-ਸ਼ਾਸਤਰ ਵਿਚ ਹੁਕਮ, ਰਜ਼ਾ ਤੇ ਭਾਣਾ ਮੰਨਣ ਨੂੰ ਮਨੁੱਖ ਦਾ ਪ੍ਰਮੁੱਖ ਕਰਤੱਵ ਦਰਸਾਇਆ ਗਿਆ ਹੈ। ਇਨ੍ਹਾਂ ਨਾਲ ਮਨੁੱਖ ਦੀ ਹਉਮੈਂ ਖ਼ਤਮ ਹੁੰਦੀ ਹੈ ਅਤੇ ਪਰਉਪਕਾਰੀ ਗੁਣਾਂ ਦਾ ਸੰਚਾਰ ਹੁੰਦਾ ਹੈ। ਇਨ੍ਹਾਂ ਤਿੰਨਾਂ ਦੀ ਇਕੱਠੀ ਵਰਤੋਂ ਵੀ ਕੀਤੀ ਗਈ ਹੈ। ਮਨੁੱਖ ਉਸ ਦੇ ਹੁਕਮ ਨਾਲ ਸੰਸਾਰ ਵਿਚ ਆਉਂਦਾ ਹੈ, ਹੁਕਮ ਵਿਚ ਹੀ ਫਿਰਦਾ ਹੈ ਅਤੇ ਸਦਾ ਉਸ ਦੀ ਰਜ਼ਾ ਵਿਚ ਹੀ ਰਹਿੰਦਾ ਹੈ :

*ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ।।*
*ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ।।*[108]

ਜੋ ਮਨੁੱਖ ਪਰਮਾਤਮਾ ਦੇ ਭਾਣੇ ਨੂੰ ਸੱਚ ਮੰਨਦਿਆਂ ਸੰਸਾਰ ਵਿਚ ਵਿਚਰਦੇ ਹਨ। ਉਹ ਸੱਚੀ ਦਰਗਾਹ ਵਿਚ ਪਰਵਾਣ ਹੋ ਜਾਂਦੇ ਹਨ :

*ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ।।*[109]

ਜੇ ਮਨੁੱਖ ਮਾਇਆ ਦੇ ਮੋਹ ਰੂਪੀ ਬੰਧਨਾ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ ਅਤੇ ਜਨਮ ਮਰਨ ਦੇ ਗੇੜ ਵਿਚੋਂ ਨਿਕਲ ਕੇ ਮੁਕਤੀ ਪਾਉਣਾ ਚਾਹੁੰਦਾ ਹੈ, ਤਾਂ ਉਸ ਨੂੰ ਪਰਮਾਤਮਾ ਦੀ ਰਜ਼ਾ ਜਾਂ ਭਾਣੇ ਵਿਚ ਰਹਿਣਾ ਚਾਹੀਦਾ ਹੈ :

*ਬੰਦਿ ਖਲਾਸੀ ਭਾਣੈ ਹੋਇ।।*
*ਹੋਰੁ ਆਖਿ ਨ ਸਕੈ ਕੋਇ।।*[110]

## 2.6.2 ਪੰਥਕ ਰਹਿਤ (ਸਮਾਜਿਕ ਨੀਤੀ-ਸ਼ਾਸਤਰ)

ਗੁਰਮਤਿ ਨੀਤੀ-ਸ਼ਾਸਤਰ ਅਨੁਸਾਰ ਮਨੁੱਖ ਦੇ ਨਿੱਜੀ ਜਾਂ ਵਿਅਕਤੀਗਤ ਜੀਵਨ ਦੇ ਨਾਲ-ਨਾਲ ਉਸ ਦਾ ਸਮਾਜਿਕ ਜੀਵਨ ਵੀ ਨੈਤਿਕ ਭਰਪੂਰ ਹੋਣਾ ਚਾਹੀਦਾ ਹੈ। ਪੱਛਮੀ ਨੀਤੀ-ਸ਼ਾਸਤਰ ਨੇ ਸਮਾਜਿਕ ਨੀਤੀ-ਸ਼ਾਸਤਰ ਨੂੰ ਤਰਜੀਹ ਦਿੱਤੀ, ਜਦੋਂ ਕਿ ਵਿਅਕਤੀਗਤ ਨੀਤੀ-ਸ਼ਾਸਤਰ ਨੂੰ ਉਲਾਂਭੇ ਰੱਖਿਆ। ਪੂਰਬ ਨੇ ਵਿਅਕਤੀਗਤ ਨੀਤੀ-ਸ਼ਾਸਤਰ ਨੂੰ ਅੱਗੇ

ਰੱਖਿਆ, ਅਤੇ ਸਮਾਜਿਕ ਨੀਤੀ-ਸ਼ਾਸਤਰ ਦੀ ਪ੍ਰਵਾਹ ਨਹੀਂ ਕੀਤੀ। ਪਰੰਤੂ ਗੁਰਮਤਿ ਨੀਤੀ-ਸ਼ਾਸਤਰ ਨੇ ਵਿਅਕਤੀਗਤ ਅਤੇ ਸਮਾਜਿਕ ਦੋਨੋਂ ਪ੍ਰਕਾਰ ਨੂੰ ਨੀਤੀ-ਸ਼ਾਸਤਰ ਦਾ ਆਧਾਰ ਬਣਾਇਆ ਹੈ। ਭਾਵ ਦੋਨਾਂ ਦਾ ਹੋਣਾ ਜ਼ਰੂਰੀ ਦਰਸਾਇਆ ਹੈ।

ਭਾਰਤੀ ਨੀਤੀ-ਸ਼ਾਸਤਰ ਵਿਚ ਸਮਾਜਿਕ ਜੀਵਨ ਨੂੰ ਪਾਸੇ ਰੱਖ ਕੇ ਜਪੀਆਂ, ਤਪੀਆਂ, ਜੋਗੀਆਂ ਨੇ ਸੰਸਾਰ ਨੂੰ ਤਿਆਗਣ ਦੀ ਕੋਸ਼ਿਸ਼ ਵਿਚ ਸਮਾਜਿਕ ਜੀਵਨ ਉਤੇ ਬਹੁਤ ਬੁਰਾ ਪ੍ਰਭਾਵ ਛੱਡਿਆ। ਜਤੀ-ਸਤੀ ਅਖਵਾਉਣ ਵਾਲਿਆਂ ਨੇ ਸੰਸਾਰ ਨੂੰ ਨਾਸ਼ਵਾਨ ਕਹਿ ਕੇ ਤਿਆਗ ਹੀ ਦਿੱਤਾ, ਜਿਸ ਨਾਲ ਸਮਾਜਿਕ ਨੀਤੀ-ਸ਼ਾਸਤਰ ਦੀ ਹੋਂਦ ਹੀ ਖ਼ਤਮ ਹੋਣ ਤੇ ਆ ਗਈ :

*ਜਤੀ ਸਦਾਵਹਿ ਜੁਗਤਿ ਨ ਜਾਣਹਿ*

*ਛਡਿ ਬਹਹਿ ਘਰ ਬਾਰੁ।।*[111]

ਭਗਤੀ-ਲਹਿਰ ਨੇ ਕਈ ਤਰ੍ਹਾਂ ਦੀਆਂ ਸਮਾਜਿਕ ਕੁਰੀਤੀਆਂ ਨੂੰ ਦੂਰ ਕੀਤਾ। ਕਰਮਕਾਂਡਾ ਅਤੇ ਜਾਤ-ਪਾਤ ਵਰਗੀਆਂ ਬੁਰਾਈਆਂ ਦੀ ਨਿਖੇਧੀ ਕੀਤੀ। ਪ੍ਰੇਮ, ਸਮਾਨਤਾ ਵਰਗੇ ਨੈਤਿਕ ਗੁਣਾਂ ਨੂੰ ਅਹਿਮੀਅਤ ਦਿੱਤੀ, ਪਰੰਤੂ ਇਹ ਲਹਿਰ ਜ਼ਾਲਮ ਦੀ ਹਕੂਮਤ ਦੇ ਖਿਲਾਫ਼ ਲੜਨ ਜਾਂ ਹੱਕ ਹਾਸਲ ਕਰਨ ਦੇ ਅਸਮਰੱਥ ਸੀ। ਗੁਰਮਤਿ ਨੇ ਮਨੁੱਖ ਨੂੰ ਜ਼ਬਰ ਜ਼ੁਲਮ ਦੇ ਖਿਲਾਫ਼ ਲੜਨ ਦੀ ਅਗਵਾਈ ਪ੍ਰਦਾਨ ਕੀਤੀ। ਜੰਗਲਾਂ, ਪਹਾੜਾਂ ਵਿਚ ਜਾ ਕੇ ਪਰਮਾਤਮਾ ਨੂੰ ਪਾਉਣ ਦੀ ਬਜਾਏ, ਮਨੁੱਖ ਨੂੰ ਸੰਸਾਰ ਵਿਚ ਵਿਚਰਦਿਆਂ ਹੋਇਆ, ਸੰਸਾਰ ਤੋਂ ਨਿਰਲੇਪ ਜਾਂ ਤਿਆਗ ਕਰਨ ਦੀ ਜਾਂਚ ਸਿਖਾਈ। ਪਦਾਰਥ ਅਤੇ ਪਰਮਾਰਥ, ਦੋਨਾਂ ਨੂੰ ਮਨੁੱਖੀ ਜੀਵਨ ਲਈ ਜ਼ਰੂਰੀ ਦੱਸਿਆ।

### 2.6.2(ੲ) ਸਤਿਸੰਗਤ ਅਤੇ ਸਰਬੱਤ ਦਾ ਭਲਾ

ਗੁਰਮਤਿ ਨੀਤੀ-ਸ਼ਾਸਤਰ ਵਿਚ ਮਨੁੱਖ ਦੇ ਵਿਅਕਤੀਗਤ ਜੀਵਨ ਵਿਚੋਂ ਸਮਾਜਿਕ ਜੀਵਨ ਅਤੇ ਸਮਾਜਿਕ ਜੀਵਨ ਵਿਚੋਂ ਵਿਅਕਤੀਗਤ ਜੀਵਨ ਦੀ ਝਲਕ ਪੈਂਦੀ ਹੈ। ਜਿਵੇਂ ਅੰਮ੍ਰਿਤ ਵੇਲੇ ਉਠ ਕੇ ਪ੍ਰਭੂ ਯਾਦ ਵਿਚ ਜੁੜਨਾ ਉਸਦਾ ਵਿਅਕਤੀਗਤ ਜੀਵਨ ਹੈ ਅਤੇ ਉਸ ਉਪਰੰਤ ਸੰਗਤ ਵਿਚ ਜਾਣਾ, ਸਮਾਜ ਦਾ ਭਲਾ ਕਰਨਾ, ਗੁਰੂ ਘਰ ਜਾਣ ਲੱਗਿਆ ਰਸਦ

ਪਾਣੀ ਨਾਲ ਲੈ ਕੇ ਜਾਣਾ, ਦਸਵੰਧ ਕੱਢਣਾ, ਵੰਡ ਕੇ ਛਕਣਾ ਆਦਿ ਉਸਦਾ ਸਮਾਜਿਕ ਜੀਵਨ ਹੈ :

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।।*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰ ਨਾਵੈ।।*[112]

ਸੰਸਾਰ ਵਿਚ ਵਿਚਰਦਿਆਂ ਜੋ ਮਨੁੱਖ ਗੁਰੂ ਦੇ ਉਪਦੇਸ਼ ਅਨੁਸਾਰ ਚਲਕੇ ਗ੍ਰਹਿਸਥ ਜੀਵਨ ਦੀ ਪਾਲਣਾ ਕਰਦੇ ਹੋਏ ਨਾਮ ਜਪਦਾ ਹੈ, ਉਸ ਵਿਚ ਸੱਚਾਈ, ਸਾਧਨਾ ਅਤੇ ਨੇਕ ਅਮਲ ਆਪਣੇ ਆਪ ਪ੍ਰਵੇਸ਼ ਕਰ ਜਾਂਦੇ ਹਨ:

*ਮਨਿ ਰੇ ਗ੍ਰਿਹ ਹੀ ਮਾਹਿ ਉਦਾਸੁ।।*
*ਸਚੁ ਸੰਜਮੁ ਕਰਣੀ ਸੋ ਕਰੇ*
*ਗੁਰਮੁਖਿ ਹੋਇ ਪਰਗਾਸੁ।।*[113]

ਗ੍ਰਹਿਸਥ ਜੀਵਨ ਦੀ ਪਾਲਣਾ ਕਰਦੇ ਹੋਏ ਵੀ ਨਿਰਲੇਪ ਰਹਿਣਾ ਹੈ ਅਤੇ ਪਰਮਾਤਮਾ ਦੀ ਯਾਦ ਵਿਚ ਵੀ ਜੁੜਨਾ ਹੈ, ਗੁਰਮਤਿ ਵਿਚ ਗ੍ਰਹਿਸਥ ਜੀਵਨ ਨੂੰ ਪ੍ਰਧਾਨ ਮੰਨਿਆ ਗਿਆ ਹੈ :

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ।।*[114]

ਗੁਰਮੁਖ ਨੇ ਸਮਾਜ ਨਾਲ ਸੰਬੰਧਿਤ ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਲਈ ਸਾਧਸੰਗਤ ਦਾ ਆਸਰਾ ਲੈਣਾ ਹੈ। ਗੁਰਮਤਾ ਕਰਕੇ ਦੁਬਿਧਾ ਨੂੰ ਨਜਿੱਠਣਾ ਹੈ ਅਤੇ ਆਪਸੀ ਪ੍ਰੇਮ ਨੂੰ ਬਣਾਈ ਰੱਖਣਾ ਹੈ :

*ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ।।*
*ਹਰਿ ਨਾਮੈ ਕੇ ਹੋਵਹੁ ਜੋੜੀ, ਗੁਰਮੁਖਿ ਬੈਸਹੁ ਸਫਾ ਵਿਛਾਇ।।*[115]

ਗੁਰਸਿੱਖ ਨੂੰ ਚਾਹੀਦਾ ਹੈ ਕਿ ਉਹ ਆਪਣੇ ਅੰਦਰ ਗੁਣ ਪੈਦਾ ਕਰਨ ਲਈ, ਗੁਰਮੁਖਾਂ ਦੀ ਸੰਗਤ ਵਿਚ ਜਾਵੇ ਅਤੇ ਉਹਨਾਂ ਨਾਲ ਗੁਣਾਂ ਦੀ ਸਾਂਝ ਪਾਵੇ :

*ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ।।*
*ਸਾਝ ਕਰੀਜੈ ਗੁਣਾ ਕੇਰੀ ਛਾਡ ਅਵਗੁਣ ਚਲੀਐ।।*[116]

### 2.6.2(ਅ) ਸਮਾਨਤਾ

ਗੁਰਮਤਿ ਨੀਤੀ-ਸ਼ਾਸਤਰ ਵਿਚ ਨਸਲ, ਕੌਮ, ਜਾਤ-ਪਾਤ, ਰੰਗ ਅਤੇ ਲਿੰਗ ਆਦਿ ਦੇ ਅਧਾਰ ਤੇ ਕਿਸੇ ਪ੍ਰਕਾਰ ਦਾ ਭੇਦ-ਭਾਵ ਨਹੀਂ ਕੀਤਾ ਗਿਆ, ਸਗੋਂ ਸਾਰੀ ਮਨੁੱਖਤਾ ਨੂੰ ਸਮਾਨ ਮੰਨਦਿਆਂ ਹਰ ਪ੍ਰਕਾਰ ਦੇ ਵਿਤਕਰੇ ਦੀ ਨਿਖੇਧੀ ਕੀਤੀ ਗਈ ਹੈ ਅਤੇ ਸਾਰੀ ਮਾਨਵਤਾ ਨੂੰ ਇਕ ਪਿਤਾ ਪ੍ਰਮੇਸ਼ਰ ਦੇ ਬੱਚੇ ਦੱਸਿਆ ਹੈ :

*ਏਕ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ।।*[117]

ਗੁਰਮਤਿ ਨੀਤੀ-ਸ਼ਾਸਤਰ ਦੀ ਇਹ ਵਿਲੱਖਣਤਾ ਹੈ ਕਿ ਇਸ ਵਿਚ ਹਰ ਪ੍ਰਕਾਰ ਦੇ ਵਿਤਕਰੇ ਨੂੰ ਰੱਦ ਕੇ ਮਨੁੱਖਤਾ ਪ੍ਰਤੀ ਪ੍ਰੇਮ ਅਤੇ ਸਰਬੱਤ ਦੇ ਭਲੇ ਦੀ ਗੱਲ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਸਾਰੇ ਜੀਵਾਂ ਦੀ ਉਤਪਤੀ ਇੱਕ ਪਰਮਾਤਮਾ ਦੁਆਰਾ ਹੋਈ ਹੈ। ਇਸ ਲਈ ਕੋਈ ਵੀ ਉਚਾ ਜਾਂ ਨੀਂਵਾਂ ਨਹੀਂ। ਮਨੁੱਖਤਾ ਵਿਚ ਪਾਏ ਜਾਣ ਵਾਲੇ ਸਾਰੇ ਵਖਰੇਵੇਂ ਮਨੁੱਖ ਨੇ ਆਪ ਹੀ ਸਿਰਜੇ ਹਨ, ਜਦੋਂ ਕਿ ਪਰਮਾਤਮਾ ਦੀ ਨਜ਼ਰ ਵਿਚ ਸਾਰੇ ਇਕ ਸਮਾਨ ਹਨ ਅਤੇ ਉਹ ਸਾਰਿਆਂ ਵਿਚ ਵੱਸਦਾ ਹੈ :

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।।*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।*[118]

ਗੁਰਮਤਿ ਨੀਤੀ-ਸ਼ਾਸਤਰ ਹਰ ਪ੍ਰਕਾਰ ਦੀਆਂ ਹੱਦਾਂ ਤੋਂ ਉਪਰ ਉਠ ਕੇ ਪ੍ਰੇਮ ਅਤੇ ਸਹਿਚਾਰ ਦੀ ਗੱਲ ਕਰਦਾ ਹੈ। ਹਰ ਪ੍ਰਕਾਰ ਦੇ ਵੈਰ-ਵਿਰੋਧ ਜਾਂ ਦਵੈਤ ਨੂੰ ਮਿਟਾਉਣ ਦੀ ਗੱਲ ਕਰਦਾ ਹੈ ਕਿਉਂ ਜੋ ਪਰਮਾਤਮਾ ਸਭ ਵਿਚ ਵਿਦਮਾਨ ਹੈ :

*ਵਵਾ ਵੈਰੁ ਨ ਕਰੀਐ ਕਾਹੂ।।*
*ਘਟ ਘਟ ਅੰਤਰਿ ਬ੍ਰਹਮ ਸਮਾਹੂ।।*[119]

ਸਮੁੱਚੇ ਵਖਰੇਵਿਆਂ ਨੂੰ ਰੱਦ ਕਰਦਿਆਂ, ਧਰਮ ਦੇ ਅਧਾਰ ਤੇ ਵੀ ਕਿਸੇ ਨੂੰ ਚੰਗਾ ਜਾਂ ਮਾੜਾ ਨਹੀਂ ਕਿਹਾ ਗਿਆ। ਹਰ ਮਨੁੱਖ ਨੂੰ ਆਪਣੇ ਧਰਮ ਵਿਚ ਪ੍ਰਪੱਕ ਰਹਿਣ ਅਤੇ ਸਮੁੱਚੀ ਮਾਨਵਤਾ ਦੀ ਭਲਾਈ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ, ਭਾਵੇਂ ਉਹ ਹਿੰਦੂ ਹੋਵੇ ਜਾਂ ਮੁਸਲਮਾਨ ਇਸ ਗੱਲ ਨਾਲ ਕੋਈ ਫ਼ਰਕ ਨਹੀਂ :

*ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ।।*

*ਹਿੰਦੂ ਤੁਰਕ ਦੂਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ।।*[120]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੁੱਚੀ ਮਾਨਵਤਾ ਦੀ ਭਲਾਈ ਦੀ ਗੱਲ ਕੀਤੀ ਗਈ ਹੈ। ਜਾਤਾਂ-ਪਾਤਾਂ ਦੇ ਅਧਾਰ ਤੇ ਪਈਆਂ ਵੰਡੀਆਂ ਦੀ ਨਿਖੇਧੀ ਕਰਦਿਆਂ ਉਪਦੇਸ਼ ਦਿੱਤਾ ਹੈ ਕਿ ਕੋਈ ਵੀ ਮਨੁੱਖ ਜਾਤ-ਪਾਤ ਕਰਕੇ ਉਚਾ ਜਾਂ ਨੀਂਵਾਂ ਨਹੀਂ ਹੁੰਦਾ, ਸਗੋਂ ਉਸ ਦੇ ਕੀਤੇ ਕਰਮ ਉਸ ਨੂੰ ਉਚਾ ਜਾਂ ਨੀਂਵਾਂ ਬਣਾਉਂਦੇ ਹਨ, ਭਾਵ ਮਨੁੱਖ ਨੂੰ ਵਡਿਆਈ ਉਸ ਦੁਆਰਾ ਕੀਤੇ ਸੁਚੱਜੇ ਕਰਮਾਂ ਕਰਕੇ ਮਿਲਣੀ ਚਾਹੀਦੀ ਹੈ :

*ਜਾਤਿ ਜਨਮੁ ਨਹੁ ਪੁਛੀਐ ਸਚੁ ਘਰੁ ਲੇਹੁ ਬਤਾਇ।।*
*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ।।*[121]

ਆਰਥਿਕ ਪੱਖੋਂ ਵੀ ਸਮਾਨਤਾ ਦੇ ਸੰਦੇਸ਼ ਨੂੰ ਦ੍ਰਿੜ ਕਰਵਾਉਂਦਿਆਂ, ਅਮੀਰ ਤੇ ਗਰੀਬ ਦੇ ਭੇਦ-ਭਾਵ ਨੂੰ ਨਕਾਰਿਆ ਗਿਆ ਹੈ। ਆਰਥਿਕ ਅਸਮਾਨਤਾ ਨੂੰ ਵੱਡੀ ਬੁਰਾਈ ਮੰਨਦਿਆਂ, ਗੁਰਮਤਿ ਨੀਤੀ-ਸ਼ਾਸਤਰ ਈਮਾਨ ਤੇ ਅਧਾਰਿਤ ਦਸਾ ਨਹੁੰਆਂ ਦੀ ਕਿਰਤ ਕਰਨ ਨੂੰ ਤਰਜੀਹ ਦਿੰਦਾ ਹੈ। ਧਰਮ ਦੀ ਕਿਰਤ, ਵੰਡ ਕੇ ਛਕਣ ਅਤੇ ਲੋੜਵੰਦਾਂ ਦੀ ਸਹਾਇਤਾ, ਗੁਰਮਤਿ ਨੀਤੀ-ਸ਼ਾਸਤਰ ਦੇ ਪ੍ਰਮੁੱਖ ਸਮਾਜਿਕ ਸਿਧਾਂਤ ਹਨ, ਜਿਨ੍ਹਾਂ ਦੇ ਅਮਲ ਤੋਂ ਬਿਨ੍ਹਾਂ ਮਨੁੱਖ ਗੁਰਮੁਖ ਨਹੀਂ ਬਣ ਸਕਦਾ।

ਭਾਰਤੀ ਸਮਾਜ ਵਿਚ ਔਰਤ ਨੂੰ ਪੁਰਖ ਤੋਂ ਨੀਵਾਂ ਸਮਝਿਆ ਜਾਂਦਾ ਸੀ। ਉਸਨੂੰ ਇਕ ਦਾਸੀ ਤੋਂ ਸਿਵਾ ਕੁਝ ਵੀ ਨਹੀਂ ਸਮਝਿਆ ਜਾਂਦਾ ਸੀ ਅਤੇ ਅਧਿਆਤਮਿਕ ਰਸਤੇ ਦੀ ਰੁਕਾਵਟ ਵਜੋਂ ਪਹਿਚਾਨਿਆਂ ਜਾਂਦਾ ਸੀ। ਗੁਰਮਤਿ ਨੀਤੀ-ਸ਼ਾਸਤਰ ਨੇ ਇਸ ਭੱਦੀ ਰੀਤ ਨੂੰ ਠੋਕਰ ਮਾਰੀ। ਉਸ ਨੂੰ ਸਮਾਜ ਵਿਚ ਸਤਿਕਾਰਿਆ ਅਤੇ ਹਰ ਪ੍ਰਕਾਰ ਦੇ ਅਧਿਕਾਰ ਅਤੇ ਦਰਜਾ ਦਿਤਾ। ਗੁਰਮਤਿ ਵਿਚ ਔਰਤ ਅਤੇ ਮਰਦ ਵਿਚ ਕਿਸੇ ਪ੍ਰਕਾਰ ਦਾ ਕੋਈ ਭੇਦ-ਭਾਵ ਨਹੀਂ ਰੱਖਿਆ ਗਿਆ। ਲੜਕੇ ਅਤੇ ਲੜਕੀ ਵਿਚ ਫ਼ਰਕ ਕਰਨ ਵਾਲਾ ਸਜ਼ਾ ਦਾ ਪਾਤਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਔਰਤ ਉਸ ਅਕਾਲਪੁਰਖ ਦੀ ਅਜਿਹੀ ਅਦੁੱਤੀ ਸਿਰਜਣਾ ਹੈ, ਜੋ ਖੁਦ ਸਿਰਜਣਹਾਰ ਹੈ। ਔਰਤ ਜਨਮਦਾਤੀ ਹੈ। ਇਥੋਂ ਤਕ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਪੁਰਖ ਕੇਵਲ ਇਕ ਪਰਮਾਤਮਾ ਹੀ ਹੈ, ਬਾਕੀ ਸਾਰਾ ਜਗਤ ਔਰਤ ਦਾ ਰੂਪ ਹੀ ਹੈ :

- *ਇਸ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ।।*[122]

- *ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।।*

  *ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।*[123]

ਭਾਰਤੀ ਪਰੰਪਰਾ ਦੀ ਇਕ ਹੋਰ ਪ੍ਰਥਾ ਜੋ ਔਰਤਾਂ ਵਿਚ ਭੇਦ-ਭਾਵ ਦਾ ਕਾਰਨ ਸੀ, ਉਹ ਸੀ ਸਤੀ ਦੀ ਪ੍ਰਥਾ। ਜਿਸ ਵਿਚ ਕਿਸੇ ਔਰਤ ਦੇ ਪਤੀ ਦੇ ਮਰ ਜਾਣ ਉਪਰੰਤ, ਉਹ ਜਿੰਦਾ ਆਪਣੇ ਆਪ ਨੂੰ, ਆਪਣੇ ਪਤੀ ਦੀ ਚਿਤਾ ਵਿਚ ਜਲਾ ਲੈਂਦੀ ਸੀ। ਗੁਰੂ ਸਾਹਿਬ ਨੇ ਪੁਰਜ਼ੋਰ ਇਸ ਪ੍ਰਥਾ ਨੂੰ ਨਿੰਦਿਆ ਅਤੇ ਔਰਤ ਨੂੰ ਜਿਉਣ ਦਾ ਹੱਕ ਦਿੱਤਾ :

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗ ਜਲੰਨ੍ਹਿ।।*

*ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨ੍ਹਿ।।*[124]

ਇਸ ਲਈ ਗੁਰਮਤਿ ਨੀਤੀ-ਸ਼ਾਸਤਰ ਅਨੁਸਾਰ ਹਰ ਮਨੁੱਖ ਨੂੰ ਸਮਾਨਤਾ ਦਾ ਅਧਿਕਾਰ ਹੈ। ''ਗੁਰੂ ਦੇ ਸੱਚੇ ਸਿੱਖ ਨੂੰ ਕਿਸੇ ਤਰ੍ਹਾਂ ਦਾ ਵੀ ਵਿਤਕਰਾ ਕਰਨ ਦਾ ਅਧਿਕਾਰ ਨਹੀਂ ਹੈ। ਚਾਹੇ ਉਹ ਔਰਤ ਨਾਲ ਹੋਵੇ, ਛੋਟੀ ਜਾਤੀ ਨਾਲ ਹੋਵੇ, ਬਿਰਧ ਲੋਕਾਂ ਨਾਲ ਹੋਵੇ, ਬੀਮਾਰ ਜਾਂ ਯਤੀਮ ਬੱਚਿਆਂ ਨਾਲ ਹੋਵੇ। ਸਾਰਿਆਂ ਦੇ ਅਧਿਕਾਰ ਰਾਖਵੇਂ ਹਨ।[125]

### 2.6.2(ੲ) ਹੱਕ, ਸੱਚ ਅਤੇ ਫਰਜ਼

ਗੁਰਮਤਿ ਨੀਤੀ-ਸ਼ਾਸਤਰ ਜਿਥੇ ਮਨੁੱਖ ਨੂੰ ਧਰਮ, ਪਿਆਰ, ਨਿਮਰਤਾ, ਸਹਿਣਸ਼ੀਲਤਾ, ਦਇਆ ਅਤੇ ਪਰਉਪਕਾਰ ਵਰਗੇ ਗੁਣਾਂ ਨੂੰ ਧਾਰਨ ਕਰਨ ਲਈ ਪ੍ਰੇਰਦਾ ਹੈ। ਉਥੇ ਹੱਕ ਅਤੇ ਸੱਚ ਲਈ ਸੁਚੇਤ ਕਰਦਿਆਂ ਜ਼ੁਲਮ-ਜ਼ਬਰ ਦੇ ਖਿਲਾਫ਼ ਅਵਾਜ਼ ਉਠਾਉਣ ਦਾ ਜਜ਼ਬਾ ਵੀ ਕਾਇਮ ਕਰਦਾ ਹੈ। ਗੁਰੂ ਨਾਨਕ ਸਾਹਿਬ ਜੀ ਦੁਆਰਾ ਬਾਬਰ ਨੂੰ ਉਸਦੇ ਜ਼ੁਲਮਾਂ ਦਾ ਅਹਿਸਾਸ ਕਰਵਾਉਣਾ ਇਸ ਦੀ ਪ੍ਰਤੱਖ ਉਦਾਹਰਣ ਹੈ :

*ਪਾਪ ਦੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।।*

*ਸਰਮੁ ਧਰਮੁ ਦੋਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ।।*[126]

ਗੁਰਮਤਿ ਨੀਤੀ-ਸ਼ਾਸਤਰ ਅਨੁਸਾਰ ਜ਼ੁਲਮ-ਜ਼ਬਰ ਨੂੰ ਸੋਧਣ ਲਈ ਪਹਿਲਾ ਪਿਆਰ, ਦੂਜਾ ਸ਼ਬਦ ਅਤੇ ਤੀਜਾ ਹਥਿਆਰ ਉਠਾਉਣਾ ਲਾਜ਼ਮੀ ਹੈ। ਮਜ਼ਲੂਮਾਂ ਅਤੇ ਬੇਸਹਾਰਿਆਂ ਦੀ

ਰੱਖਿਆ ਕਰਨੀ ਅਤੇ ਜ਼ਾਲਮ ਨੂੰ ਉਸਦੇ ਜ਼ੁਲਮਾਂ ਦਾ ਅਹਿਸਾਸ ਕਰਵਾਉਣਾ ਉਤਮ ਨੇਕੀ ਹੈ। ਗੁਰਮੁਖ ਵਿਚ ਸੰਤ ਅਤੇ ਸਿਪਾਹੀ ਦੋਨੋਂ ਪ੍ਰਕਾਰ ਦੇ ਗੁਣ ਹੋਣੇ ਲਾਜ਼ਮੀ ਹਨ। ਅੰਮ੍ਰਿਤ ਦੀ ਮਰਿਯਾਦਾ ਵਿਚ ਪਤਾਸਿਆਂ ਨੂੰ ਖੰਡੇ ਨਾਲ ਘੋਲ ਕੇ, ਪਿਆਰ ਅਤੇ ਸੂਰਮਤਾ ਨੂੰ ਸਮਤੋਲ ਦਰਸਾਇਆ ਗਿਆ ਹੈ :

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।।*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।।*[127]

ਕਿਸੇ ਆਦਰਸ਼ ਸਮਾਜ ਦੀ ਨੀਂਹ ਨਿਆਂ ਉਤੇ ਖੜੀ ਹੁੰਦੀ ਹੈ। ਜਿਸ ਸਮਾਜ ਵਿਚ ਨਿਆਂ ਦੀ ਗੱਲ ਨਹੀਂ ਹੁੰਦੀ ਉਥੇ ਹੀ ਪਰਾਏ ਹੱਕ ਹੜੱਪੇ ਜਾਂਦੇ ਹਨ। ਇਸ ਲਈ ਗੁਰਮਤਿ ਨੀਤੀ-ਸ਼ਾਸਤਰ ਮਨੁੱਖ ਨੂੰ ਉਸਦੇ ਹੱਕਾਂ ਪ੍ਰਤੀ ਸੁਚੇਤ ਕਰਦਾ ਹੈ ਅਤੇ ਸਮਾਜ ਦੇ ਅਹੁਦੇਦਾਰ ਜਾਂ ਮੁਖੀ ਦਾ ਨਿਆਂਕਾਰੀ ਹੋਣਾ ਲਾਜ਼ਮੀ ਦਰਸਾਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਕਿ ਇਕ ਗਿਆਨਵਾਨ ਮਨੁੱਖ ਦੀ ਪਹਿਚਾਣ ਉਸਦੀ ਸ੍ਰੇਸ਼ਟ ਵਿਚਾਰਧਾਰਾ, ਤੋਂ ਜੋਗੀ ਦੀ ਪਹਿਚਾਣ ਉਸਦੇ ਪਵਿੱਤਰ ਆਚਰਣ ਤੋਂ, ਬ੍ਰਾਹਮਣ ਦੀ ਪਹਿਚਾਣ ਉਸਦੇ ਸੰਤੋਖ ਅਤੇ ਸੰਜਮ ਤੋਂ, ਗ੍ਰਿਹਸਥੀ ਦੀ ਪਹਿਚਾਣ ਉਸ ਦੁਆਰਾ ਕੀਤੇ ਪੁੰਨ-ਦਾਨ ਤੋਂ ਅਤੇ ਇਕ ਰਾਜੇ ਦੀ ਪਹਿਚਾਣ ਉਸਦੇ ਨਿਆਂਕਾਰੀ ਪ੍ਰਬੰਧ ਤੋਂ ਹੁੰਦੀ ਹੈ :

*ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ।।*
*ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ।।*
*ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ।।*
*ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ।।*[128]

ਗੁਰਮਤਿ ਨੀਤੀ-ਸ਼ਾਸਤਰ ਮਨੁੱਖ ਨੂੰ ਉਸਦੀ ਨਿਆਂਕਾਰੀ ਸੁਤੰਤਰਤਾ, ਸਵੈ-ਰੱਖਿਆ, ਅਜ਼ਾਦੀ, ਇਨਸਾਫ਼ ਆਦਿ ਹੱਕਾਂ ਪ੍ਰਤੀ ਸੁਚੇਤ ਕਰਦਾ ਹੈ। **ਡਾ. ਅਵਤਾਰ ਸਿੰਘ ਅਨੁਸਾਰ,**''ਹੱਕ ਤੋਂ ਭਾਵ ਕੇਵਲ ਉਹ ਚੀਜ਼ ਜਾਂ ਇਜਾਜ਼ਤ ਹੈ : ਜਿਹੜਾ ਮਨੁੱਖੀ ਜਗਤ ਜਾਂ ਭਾਈਚਾਰੇ ਦੇ ਸਾਂਝੇ ਭਲੇ ਵਾਸਤੇ ਉਚਿਤ ਅਤੇ ਸਹਾਈ ਹੋਵੇ। ਕਿਸੇ ਵੀ ਐਸੀ ਗੱਲ ਨੂੰ ਕਿਸੇ ਦਾ ਹੱਕ ਨਹੀਂ ਕਿਹਾ ਜਾ ਸਕਦਾ, ਜਿਸ ਨਾਲ ਮਨੁੱਖਤਾ ਦਾ ਨੁਕਸਾਨ ਹੁੰਦਾ ਹੋਵੇ।[129]

ਗੁਰਮਤਿ ਨੀਤੀ-ਸ਼ਾਸਤਰ ਹਰ ਪ੍ਰਕਾਰ ਦੇ ਦਵੈਤ ਨੂੰ ਤਿਆਗ ਕੇ ਪਰਾਏ ਹੱਕ ਨੂੰ ਖੋਹਣ ਦੀ ਬਜਾਏ, ਸਗੋਂ ਪਰਾਏ ਹੱਕ ਦੀ ਰਾਖੀ ਕਰਕੇ ਫ਼ਰਜ਼ਾਂ ਨੂੰ ਨਿਭਾਉਣ ਦੀ ਨਸੀਹਤ ਦਿੰਦਾ ਹੈ। ਮਨੁੱਖੀ ਹੱਕ ਅਤੇ ਅਜ਼ਾਦੀ ਦੀ ਹੋਂਦ ਕੇਵਲ ਨਿਰਭੈਤਾ ਵਾਲੇ ਜੀਵਨ ਵਿੱਚ ਹੀ ਸੰਭਵ ਹੈ, ਕਿਉਂਕਿ ਡਰ ਰਹਿਤ ਜੀਵਨ ਹੀ ਅਜ਼ਾਦੀ ਦਾ ਪ੍ਰਤੀਕ ਹੈ। ਗੁਰਮਤਿ ਨੀਤੀ-ਸ਼ਾਸਤਰ ਅਨੁਸਾਰ ਹਰ ਮਨੁੱਖ ਨੂੰ ਅਧਿਆਤਮਿਕ, ਸਮਾਜਿਕ, ਆਰਥਿਕ, ਰਾਜਨੀਤਿਕ, ਮਾਨਸਿਕ ਆਦਿ ਪੱਖੋਂ ਹੱਕ ਅਤਿ ਜਰੂਰੀ ਅਤੇ ਲਾਜ਼ਮੀ ਹੈ ਕਿਉਂਕਿ ਜਿਥੇ ਹੱਕਾਂ ਦਾ ਘਾਣ ਹੁੰਦਾ ਹੈ, ਉਥੇ ਹੀ ਭ੍ਰਿਸ਼ਟਾਚਾਰ ਅਤੇ ਅਨੈਤਿਕਤਾ ਦਾ ਬੋਲਬਾਲਾ ਹੁੰਦਾ ਹੈ। ਇਸ ਲਈ ਗੁਰਮਤਿ ਨੀਤੀ-ਸ਼ਾਸਤਰ, ਉਦਮੀ, ਵਿਵਹਾਰਿਕ ਅਤੇ ਨਿਰਭੈਅਤਾ ਵਾਲੇ ਜੀਵਨ ਵਿਚ ਵਿਸ਼ਵਾਸ ਦ੍ਰਿੜ ਕਰਵਾਉਂਦਾ ਹੈ। ਹੱਕ ਅਤੇ ਨਿਆਂ ਦੀ ਗੱਲ ਕਰਦਿਆਂ ਦੰਡ ਜਾਂ ਸਜ਼ਾ ਉਪਰ ਵਿਚਾਰ ਕਰਨੀ ਬਣਦੀ ਹੈ। ਗੁਰਮਤਿ ਨੀਤੀ-ਸ਼ਾਸਤਰ ਅਨੁਸਾਰ ਜੇ ਕੋਈ ਅਪਰਾਧੀ ਅਪਰਾਧ ਕਰਦਾ ਹੈ, ਤਾਂ ਉਸ ਨੂੰ ਦੰਡ ਦੇਣਾ ਲਾਜ਼ਮੀ ਹੈ, ਤਾਂ ਜੋ ਉਹ ਦੁਬਾਰਾ ਕਿਸੇ ਦੇ ਹੱਕ ਤੇ ਛਾਪਾ ਨਾ ਮਾਰੇ। ''ਸਦਾਚਾਰਕ ਉਨਤੀ ਤੇ ਸਾਧਾਰਨ ਆਦਮੀ ਦੇ ਸਦਾਚਾਰੀ ਜੀਵਨ ਵਿਚ ਉਹ ਪਕਿਆਈ ਤੇ ਪਕੜ ਨਹੀਂ ਰਹਿੰਦੀ, ਜੇ ਅਦਲੀ ਅਕਾਲ ਪੁਰਖ ਨਿਆਂ, ਦੰਡ ਦੇਣ ਦੇ ਖ਼ਿਆਲ ਤੋਂ ਖਾਲੀ ਹੋਵੇ। ਦੋਸ਼ੀ ਨੂੰ ਸਜ਼ਾ ਜ਼ਰੂਰੀ ਹੈ।''[130] ਪਰਮਾਤਮਾ ਧਰਮ ਅਨੁਸਾਰ ਚੱਲਣ ਵਾਲੇ ਮਨੁੱਖ ਨੂੰ ਵਡਿਆਈ ਬਖ਼ਸ਼ਦਾ ਹੈ ਅਤੇ ਪਾਪੀਆਂ ਨੂੰ ਦੰਡ ਦਿੰਦਾ ਹੈ:

*ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ॥*[131]

# ਹਵਾਲੇ

[1] F.H. Bradley, *Ethical Studies*, p. XV.

[2] ਸੁਰਿੰਦਰ ਸ਼ਾਂਤ, *ਭਾਰਤੀ ਦਰਸ਼ਨ ਵਿਚ ਪਦਾਰਥਵਾਦੀ ਤੱਤ,* ਪੰਨਾ 130.

[3] ਡਾ. ਪਰਮਜੀਤ ਕੌਰ ਸੰਧੂ, *ਕਦਰਾਂ-ਕੀਮਤਾਂ ਦੀ ਸਿੱਖਿਆ,* ਪੰਨਾ 7.

[4] ਮਨਜੀਤ ਸਿੰਘ, *ਧਰਮ ਦਰਸ਼ਨ,* ਪੰਨਾ 1.

[5] *ਧਰਮ ਦੀ ਉਤਪਤੀ ਤੇ ਵਿਕਾਸ,* (ਸੰਪਾ.), ਗੁਰਬਚਨ ਸਿੰਘ ਤਾਲਿਬ, ਪੰਨਾ 5.

[6] *ਗੁਰੂ ਨਾਨਕ ਧਰਮ ਚਿੰਤਨ,* (ਸੰਪਾ.), ਡਾ. ਬਲਕਾਰ ਸਿੰਘ ਪੰਨਾ 3.

[7] ਐਫ. ਮੈਕਸਮੂਲਰ, *ਧਰਮ ਦੀ ਉਤਪਤੀ ਅਤੇ ਵਿਕਾਸ (ਭਾਰਤੀ ਧਰਮਾਂ ਦੇ ਪ੍ਰਮਾਣ ਸਹਿਤ),* (ਅਨੁ.), ਡਾ. ਤਾਰਨ ਸਿੰਘ, ਪੰਨਾ 3.

[8] ਰਾਮ ਸਿੰਘ, *ਜਪੁਜੀ ਦੇ ਪੰਜ ਖੰਡ,* ਪੰਨਾ 37.

[9] ਡਾ. ਦਰਸ਼ਨ ਸਿੰਘ, *ਧਰਮ ਅਧਿਐਨ ਅਤੇ ਸਿੱਖ ਅਧਿਐਨ,* ਪੰਨਾ 3.

[10] *ਧਰਮਃ ਪਰਿਭਾਸ਼ਾ ਅਤੇ ਸਰੂਪ, ਧਰਮ ਅਧਿਐਨ ਅਕਾਦਮਿਕ-ਪਰਿਪੇਖ,* (ਸੰਪਾ.), ਡਾ. ਜੋਧ ਸਿੰਘ, ਪੰਨਾ 1.

[11] ਐਫ. ਮੈਕਸਮੂਲਰ, *ਧਰਮ ਦੀ ਉਤਪਤੀ ਅਤੇ ਵਿਕਾਸ (ਭਾਰਤੀ ਧਰਮਾਂ ਦੇ ਪ੍ਰਮਾਣ ਸਹਿਤ), (ਅਨੁ.), ਡਾ. ਤਾਰਨ ਸਿੰਘ,* ਪੰਨਾ 10.

[12] ਵਜ਼ੀਰ ਸਿੰਘ, *ਧਰਮ ਦਾ ਦਾਰਸ਼ਨਿਕ ਪੱਖ,* ਪੰਨਾ 56.

[13] ਰਾਜ ਕੌਰ ਰੈਣਾ, *ਗੁਰੂ ਨਾਨਕ-ਕਾਵਿ ਵਿਚ ਆਚਾਰ-ਨੀਤੀ (ਨੈਤਕਤਾ) ਦਾ ਸੰਕਲਪ,* ਪੰਨਾ 85.

[14] ਡਾ. ਜਗਬੀਰ ਸਿੰਘ, *ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ,* ਪੰਨਾ 23.

[15] ਡਾ. ਗੁਰਸ਼ਰਨਜੀਤ ਸਿੰਘ, *ਗੁਰੂ ਨਾਨਕ ਬਾਣੀ ਵਿਚਲੀ ਨੈਤਿਕਤਾ ਦਾ ਅਜੋਕਾ ਪ੍ਰਸੰਗ,* ਪੰਨਾ 31.

[16] ਪ੍ਰੀਤਮ ਸਿੰਘ, *ਸਿੱਖ ਵਿਚਾਰਧਾਰਾ,* ਪੰਨਾ 18.

[17] ਗਿਆਨੀ ਪ੍ਰਤਾਪ ਸਿੰਘ, *ਸੰਸਾਰ ਦਾ ਧਾਰਮਿਕ ਇਤਿਹਾਸ,* ਪੰਨਾ 5.

[18] ਡਾ. ਰਾਮਦਾਸ ਨਿਰਾਕਾਰੀ, *ਭਾਰਤੀ ਨੀਤੀ-ਸ਼ਾਸਤਰ,* ਪੰਨਾ 18.

[19] ਡਾ. ਸਰਬਜਿੰਦਰ ਸਿੰਘ, *ਇਲਾਹੀ ਨਾਦ ਦਾ ਸਫ਼ਰ,* ਪੰਨਾ 5.

[20] ਵਜ਼ੀਰ ਸਿੰਘ, *ਧਰਮ ਦਾ ਦਾਰਸ਼ਨਿਕ ਪੱਖ,* ਪੰਨਾ 55.

[21] ਡਾ. ਜੋਧ ਸਿੰਘ, ਐਲ.ਐਮ. ਜੋਸ਼ੀ, *ਵਿਸ਼ੂ ਧਰਮ ਸੰਗ੍ਰਹਿ,* ਪੰਨਾ 9.

[22] ਜਾਨ ਹਿਕ, *ਧਰਮ ਦਰਸ਼ਨ,* (ਅਨੁ.), ਰਾਜੇਸ਼ ਰੰਜਨ, ਵਿਨੋਦ ਕੁਮਾਰ, ਪੰਨਾ 160.

[23] ਹਰਨਾਮ ਦਾਸ, *ਸਦਾਚਾਰ ਦਾ ਮਾਰਗ,* ਪੰਨਾ 25.

[24] *ਰਿਗ-ਬਾਣੀ,* (ਅਨੁ:), ਹਰਿਭਜਨ ਸਿੰਘ ਦੇਵਰਾਜ ਚਾਨਣਾ, ਪੰਨਾ 62.

[25] ਇਕਬਾਲ ਨਾਰਾਇਣ ਚੋਪੜਾ, *ਭਾਰਤੀ ਦਰਸ਼ਨ,* ਪੰਨਾ 29.

[26] ਡਾ. ਸ਼ਾਂਤੀ ਨਾਥ ਗੁਪਤਾ, *ਭਾਰਤੀ ਦਰਸ਼ਨ,* ਪੰਨਾ 79.

[27] ਡਾ. ਰਾਮਦਾਸ ਨਿਰਾਕਾਰੀ, *ਭਾਰਤੀ ਨੀਤੀ-ਸ਼ਾਸਤਰ,* ਪੰਨਾ 132.

[28] ਇਕਬਾਲ ਨਾਰਾਇਣ *ਚੋਪੜਾ, ਭਾਰਤੀ ਦਰਸ਼ਨ,* ਪੰਨਾ 55.

[29] *ਸ੍ਰੀ ਮਦ ਭਗਵਦ ਗੀਤਾ,* (ਸੰਪਾ. ਅਤੇ ਅਨੁ:), ਡਾ. ਅਮਰ ਕੋਮਲ, ਸਲੋਕ 3.20, ਪੰਨਾ 160.

[30] ਡਾ. ਰਾਮਦਾਸ ਨਿਰਾਕਾਰੀ, *ਭਾਰਤੀ ਨੀਤੀ-ਸ਼ਾਸਤਰ,* ਪੰਨਾ 86.

[31] ਡਾ. ਮਨਮੋਹਨ ਸਿੰਘ, *ਭਾਰਤੀ ਧਰਮ ਤੇ ਨੈਤਿਕਤਾ,* ਪੰਨਾ 1.

[32] ਡਾ. ਹਰਪਾਲ ਸਿੰਘ ਪੰਨੂ, *ਭਾਰਤ ਦੇ ਪੁਰਾਤਨ ਧਰਮ (ਇਕ ਸੰਖੇਪ ਸਰਵੇਖਣ),* ਪੰਨਾ 66.

[33] ਆਰ.ਡੀ. ਨਿਰਾਕਾਰੀ, *ਭਾਰਤੀ ਦਰਸ਼ਨ,* ਪੰਨਾ 90.

[34] ਡਾ. ਰਾਮਦਾਸ ਨਿਰਾਕਾਰੀ, *ਭਾਰਤੀ ਨੀਤੀ-ਸ਼ਾਸਤਰ,* ਪੰਨਾ 20.

[35] ਡਾ. ਮਨਮੋਹਨ ਸਿੰਘ, *ਭਾਰਤੀ ਧਰਮ ਤੇ ਨੈਤਿਕਤਾ,* ਪੰਨਾ 153.

[36] *ਉਹੀ,* ਪੰਨਾ 165.

[37] ਹਰਬੰਸ ਸਿੰਘ, ਐਲ.ਐਮ.ਜੋਸ਼ੀ, *ਸੰਸਾਰ ਦੇ ਧਰਮ,* ਪੰਨਾ 81.

[38] *ਉਹੀ,* ਪੰਨਾ 61.

[39] ਡਾ. ਹਰਪਾਲ ਸਿੰਘ ਪੰਨੂੰ, *ਭਾਰਤ ਦੇ ਪੁਰਾਤਨ ਧਰਮ (ਇੱਕ ਸੰਖੇਪ ਸਰਵੇਖਣ),* ਪੰਨਾ 134.

[40] *ਪਵਿੱਤਰ ਬਾਈਬਲ ਅਰਥਾਤ (ਪੁਰਾਣਾ ਅਤੇ ਨਵਾ ਨੇਮ),* ਪੰਨਾ 210.

[41] ਹਜ਼ਰਤ ਮਿਰਜ਼ਾ ਗ਼ੁਲਾਮ ਅਹਿਮਦ, *ਇਸਲਾਮੀ ਅਸੂਲਾਂ ਦੀ ਫ਼ਲਾਸਫ਼ੀ,* ਪੰਨਾ 48.

[42] ਮੌਲਾਨਾ ਜਲੀਲ ਅਹਿਸਨ ਨਦਵੀ, *ਜ਼ਾਂਦੇ ਰਾਹ,* ਪੰਨਾ 33.

[43] ਐਸ.ਐਸ. ਅਮੋਲ, *ਧਰਮਾਂ ਦੀ ਮੁੱਢਲੀ ਜਾਣਕਾਰੀ,* ਪੰਨਾ 101.

[44] ਵਜ਼ੀਰ ਸਿੰਘ, *ਧਰਮ ਦਾ ਦਾਸ਼ਨਿਕ ਪੱਖ,* ਪੰਨਾ 56.

[45] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 67.

[46] ਹਰਬੰਸ ਸਿੰਘ, *ਦੇਗ ਤੇਗ ਫਤਹ,* ਪੰਨਾ 113.

[47] ਡਾ. ਅਵਤਾਰ ਸਿੰਘ, *ਸਿੱਖ ਧਰਮ ਦਾ ਨੈਤਿਕ ਪ੍ਰਸੰਗ,* ਪੰਨਾ 11.

[48] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 489.

[49] ਸੋ ਗਿਰਹੀ ਸੋ ਦਾਸੁ ਉਦਾਸੀ ਜਿਨਿ ਗੁਰਮੁਖਿ ਆਪੁ ਪਛਾਨਿਆ।।

ਨਾਨਕ ਕਹੈ ਅਵਰੁ ਨਹੀ ਦੂਜਾ ਸਾਚ ਸਬਦਿ ਮਨੁ ਮਾਨਿਆ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1332.

[50] ਗੁਰਮੁਖਿ ਵੈਰ ਵਿਰੋਧ ਗਵਾਵੈ।। ਗੁਰਮੁਖਿ ਸਗਲੀ ਗਣਤ ਮਿਟਾਵੈ।।

ਗੁਰਮੁਖਿ ਰਾਮ ਨਾਮ ਰੰਗਿ ਰਾਤਾ।। ਨਾਨਕ ਗੁਰਮੁਖਿ ਖਸਮੁ ਪਛਾਤਾ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 942.

[51] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 419.

[52] ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ।।

ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ ਮਾਇਆ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1255.

[53] *ਉਹੀ,* ਪੰਨਾ 420.

[54] ਡਾ. ਰਤਨ ਸਿੰਘ ਜੱਗੀ, *ਗੁਰੂ ਨਾਨਕ ਦੀ ਵਿਚਾਰਧਾਰਾ,* ਪੰਨਾ 380.

[55] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1343.

[56] *ਉਹੀ,* ਪੰਨਾ 722.

[57] ਮਤੁ ਕੋ ਜਾਣੈ ਜਾਇ ਅਗੈ ਪਾਇਸੀ।।

ਜੇਹੇ ਕਰਮ ਕਮਾਇ ਤੇਹਾ ਹੋਇਸੀ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 730.

[58] ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।।

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 433.

[59] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 352.

[60] ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ।।

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 8.

[61] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 15.

[62] *ਉਹੀ,* ਪੰਨਾ 1241.

[63] *ਉਹੀ,* ਪੰਨਾ 1011.

[64] *ਉਹੀ,* ਪੰਨਾ 62.

[65] *ਉਹੀ,* ਪੰਨਾ 931.

[66] ਜਹ ਕਰਣੀ ਤਹ ਪੂਰੀ ਮਤਿ।।

ਕਰਣੀ ਬਾਝਹੁ ਘਟੇ ਘਟਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 25.

[67] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 464.

[68] *ਰਹਿਤਨਾਮੇ,* (ਸੰਪਾ.), ਪ੍ਰੋ. ਪਿਆਰਾ ਸਿੰਘ ਪਦਮ, ਪੰਨਾ 67

[69] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 4.

[70] *ਉਹੀ,* ਪੰਨਾ 751.

[71] ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।।

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 2.

[72] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 6.

[73] ਭਰੀਐ ਮਤਿ ਪਾਪਾ ਕੈ ਸੰਗਿ।।

ਓਹੁ ਧੋਪੈ ਨਾਵੈ ਕੈ ਰੰਗਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 4

[74] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 222.

[75] ਗੁਣ ਸੰਜਮਿ ਜਾਵੈ ਚੋਟ ਨ ਖਾਵੈ ਨਾ ਤਿਸੁ ਜੰਮਣੁ ਮਰਣਾ।।

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਭਾਇ ਭਗਤਿ ਭੈ ਤਰਣਾ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 76.

[76] *ਉਹੀ,* ਪੰਨਾ 598.

[77] ਪ੍ਰੋ. ਸ਼ੇਰ ਸਿੰਘ, *ਗੁਰਮਤਿ ਦਰਸ਼ਨ,* ਪੰਨਾ 295.

[78] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 2.

[79] *ਉਹੀ,* ਪੰਨਾ 97.

[80] *ਉਹੀ,* ਪੰਨਾ 418.

[81] *ਉਹੀ,* ਪੰਨਾ 62.

[82] *ਉਹੀ,* ਪੰਨਾ 470.

[83] *ਉਹੀ,* ਪੰਨਾ 266.

[84] *ਉਹੀ,* ਪੰਨਾ 1384.

[85] ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।।
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨੇ 1381–82.

[86] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 218.

[87] *ਉਹੀ,* ਪੰਨਾ 812.

[88] *ਉਹੀ,* ਪੰਨਾ 1372.

[89] *ਉਹੀ,* ਪੰਨਾ 836.

[90] *ਉਹੀ,* ਪੰਨਾ 8.

[91] *ਉਹੀ,* ਪੰਨਾ 379.

[92] *ਉਹੀ,* ਪੰਨਾ 279.

[93] *ਉਹੀ,* ਪੰਨਾ 83.

[94] *ਉਹੀ,* ਪੰਨਾ 790.

[95] *ਉਹੀ,* ਪੰਨਾ 467.

[96] *ਉਹੀ,* ਪੰਨਾ 377.

[97] *ਉਹੀ,* ਪੰਨਾ 942.

[98] *ਉਹੀ,* ਪੰਨਾ 468.

[99] *ਉਹੀ,* ਪੰਨਾ 1245.

[100] *ਉਹੀ,* ਪੰਨਾ 26.

[101] *ਉਹੀ,* ਪੰਨਾ 286.

[102] *ਉਹੀ,* ਪੰਨਾ 815.

[103] *ਉਹੀ,* ਪੰਨਾ 48.

[104] *ਉਹੀ,* ਪੰਨਾ 622.

[105] *ਉਹੀ,* ਪੰਨਾ 328.

[106] *ਉਹੀ,* ਪੰਨਾ 566.

[107] *ਉਹੀ,* ਪੰਨਾ 743.

[108] *ਉਹੀ,* ਪੰਨਾ 938.

[109] *ਉਹੀ,* ਪੰਨਾ 1138.

[110] *ਉਹੀ,* ਪੰਨਾ 5.

[111] *ਉਹੀ,* ਪੰਨਾ 469.

[112] *ਉਹੀ,* ਪੰਨਾ 305.

[113] *ਉਹੀ,* ਪੰਨਾ 26.

[114] *ਉਹੀ,* ਪੰਨਾ 958.

[115] *ਉਹੀ,* ਪੰਨਾ 1185.

[116] *ਉਹੀ,* ਪੰਨਾ 765.

[117] *ਉਹੀ,* ਪੰਨਾ 611.

[118] *ਉਹੀ,* ਪੰਨਾ 1349.

[119] *ਉਹੀ,* ਪੰਨਾ 259.

[120] *ਉਹੀ,* ਪੰਨਾ 483.

[121] *ਉਹੀ,,* ਪੰਨਾ 1330.

[122] *ਉਹੀ,* ਪੰਨਾ 591.

[123] *ਉਹੀ,* ਪੰਨਾ 473.

[124] *ਉਹੀ,* ਪੰਨਾ 787.

125 ਡਾ. ਰਾਜਿੰਦਰ ਕੌਰ ਰੋਹੀ, *ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮ ਤੇ ਵਿਵਹਾਰ,* ਪੰਨਾ 152.

126 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 722.

127 *ਉਹੀ,* ਪੰਨਾ 1105.

128 *ਉਹੀ,* ਪੰਨਾ 1240.

129 ਡਾ. ਅਵਤਾਰ ਸਿੰਘ, *ਸਿੱਖ ਧਰਮ ਦਾ ਨੈਤਿਕ ਪ੍ਰਸੰਗ,* ਪੰਨਾ 27.

130 ਪ੍ਰੋ. ਸ਼ੇਰ ਸਿੰਘ, *ਗੁਰਮਤਿ ਦਰਸ਼ਨ,* ਪੰਨਾ 298.

131 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 89.

# ਅਧਿਆਇ ਤੀਜਾ

# ਕਿੱਤਾਮੁਖੀ ਨੈਤਿਕਤਾ : ਸਿਧਾਂਤਕ ਅਧਿਐਨ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮਿਕ ਵਿਸ਼ੇ ਉਪਰ ਕੇਂਦਰਤ ਹਨ, ਪਰ ਬੁਨਿਆਦੀ ਰੂਪ ਵਿਚ ਅਧਿਆਤਮਿਕ ਪ੍ਰਕਾਸ਼ ਦੀ ਪੇਸ਼ਕਾਰੀ ਸਮਕਾਲੀ ਯੁੱਗ ਬੋਧ ਦੀ ਸਭਿਆਚਾਰਕ ਭਾਸ਼ਾ ਅਤੇ ਉਸਦੇ ਚਿੰਨ੍ਹਾਂ, ਰੂਪਕਾਂ ਅਤੇ ਪ੍ਰਤੀਕਾਂ ਆਦਿ ਰਾਹੀਂ ਹੋਈ ਹੈ। ਗੁਰਬਾਣੀ ਵਿਚ ਅਧਿਆਤਮਿਕ ਜੀਵਨ ਦ੍ਰਿਸ਼ਟੀ ਦੇ ਅਨੇਕ ਪ੍ਰਕਾਰੀ ਪੱਖ ਸਾਹਮਣੇ ਆਉਂਦੇ ਹਨ, ਜਿਨ੍ਹਾਂ ਵਿਚੋਂ ਇਕ ਪੱਖ ਧਰਮ ਅਧਾਰਿਤ ਕਿਰਤ ਹੈ। ਗੁਰਬਾਣੀ ਵਿਚ ਸਮਕਾਲੀ ਸਮਾਜ ਦੇ ਪ੍ਰਚਲਿਤ ਕਿੱਤਿਆਂ ਜਾਂ ਉਨ੍ਹਾਂ ਨੂੰ ਕਰਨ ਵਾਲੇ ਕਿੱਤਾਕਾਰਾਂ ਦਾ ਵੇਰਵਾ ਆਉਣਾ ਸੁਭਾਵਿਕ ਹੈ। ਇਹ ਕੇਵਲ ਵੇਰਵਾ ਹੀ ਨਹੀਂ, ਬਲਕਿ ਇਨ੍ਹਾਂ ਵੇਰਵਿਆਂ ਰਾਹੀਂ ਬਾਣੀਕਾਰਾਂ ਦੀ ਕਿੱਤਾਮੁਖੀ ਵਿਚਾਰਧਾਰਾ ਅਤੇ ਮਹੱਤਤਾ ਦਾ ਵੀ ਪਤਾ ਲਗਦਾ ਹੈ।

ਗੁਰਬਾਣੀ ਵਿਚ ਆਏ ਕਿਸੇ ਵੀ ਪ੍ਰਕਾਰ ਦੇ ਚਿੰਨ੍ਹ ਜਾਂ ਪ੍ਰਤੀਕ ਕੇਵਲ ਸੰਚਾਰ ਸਾਧਨ ਜਾਂ ਕਾਵਿਕ ਰੂਪਕ ਰਚਨਾ ਹੀ ਨਹੀਂ, ਬਲਕਿ ਉਨ੍ਹਾਂ ਦੀ ਬਿੰਬਾਵਲੀ ਵਿਚ ਕਰਤਿਆਂ ਦੀਆਂ ਰੀਝਾਂ ਵੀ ਸ਼ਾਮਿਲ ਹਨ। **ਡਾ. ਹਰਿਭਜਨ ਸਿੰਘ** ਦੇ ਸ਼ਬਦਾਂ ਵਿਚ ਜੋ ਉਹਨਾਂ ਨੇ ਭਾਈ ਸੱਤਾ ਬਲਵੰਡ ਦੀ ਵਾਰ ਦੇ ਹਵਾਲੇ ਵਿਚ ਲਿਖੇ ਹਨ, ਕਿ ਉਹਨਾਂ ਦੀ ਬਾਣੀ ਵਿਚ ਆਈ ਰਾਜ-ਭਾਵਨਾ ਦੇ "ਸੰਕੇਤਾਂ ਨੂੰ ਰੂਪਕ-ਰਚਨਾ ਕਹਿ ਕੇ ਹੀ ਟਾਲਿਆ ਨਹੀਂ ਜਾ ਸਕਦਾ। ਰੂਪਕ-ਰਚਨਾ ਦੇ ਉਪਮਾਨ ਵੀ ਕਵੀ-ਚਿੱਤ ਦੀ ਰੀਝ-ਸੱਧਰ ਤੋਂ ਨਿਖੇੜੇ ਨਹੀਂ ਜਾ ਸਕਦੇ।"[1] **ਡਾ. ਹਰਿਬੰਸ ਸਿੰਘ** ਦੇ ਸ਼ਬਦਾਂ ਵਿਚ, "ਕਵੀ ਆਪਣੇ ਵਿਸ਼ੈ ਨੂੰ ਰੂਪ ਦੇ ਰਿਹਾ ਹੁੰਦਾ ਹੈ। ਉਸ ਦਾ ਵਿਸ਼ੈ ਰੂਪ ਤੋਂ ਅੱਡ ਨਹੀਂ ਸਗੋਂ ਰੂਪ ਵਿਚ ਸਮਾ ਰਿਹਾ ਹੁੰਦਾ ਹੈ। ਕਵਿਤਾ ਵਿਚ ਵਿਸ਼ੈ-ਰੂਪ ਇਨੇ ਇਕ-ਸੁਰ ਹੋਏ ਹੁੰਦੇ ਹਨ ਕਿ ਅਸੀਂ ਇਨ੍ਹਾਂ ਦੀ ਵੱਖਰੀ-ਵੱਖਰੀ ਹੋਂਦ ਚਿੱਤਵ ਨਹੀਂ ਸਕਦੇ"।[2] ਇਸ ਲਈ ਗੁਰਬਾਣੀ ਵਿਚ ਜਿੰਨੇ ਵੀ ਕਿੱਤਿਆਂ ਦਾ ਵਰਨਣ ਹੈ, ਉਨ੍ਹਾਂ

ਦੇ ਅਧਾਰ ਉਤੇ ਸਿੱਖ ਧਰਮ ਦਾ ਕਿਰਤ ਸਿਧਾਂਤ ਅਤੇ ਸਿੱਖ ਨੀਤੀ-ਸ਼ਾਸਤਰ ਉਸਾਰਿਆ ਜਾ ਸਕਦਾ ਹੈ।

ਗੁਰਬਾਣੀ ਵਿਚ ਅਧਿਆਤਮਿਕਤਾ ਦੇ ਰਸਤੇ ਉਪਰ ਤੁਰ ਕੇ ਰੂਹਾਨੀ ਮੰਡਲ ਦਾ ਅਨੰਦ ਮਾਨਣ ਲਈ ਜਿੰਨ੍ਹਾਂ ਸਾਧਨਾਂ 'ਤੇ ਚਾਨਣਾ ਪਾਇਆ ਗਿਆ ਹੈ, ਉਨ੍ਹਾਂ ਦੀ ਜਾਣਕਾਰੀ ਸਮਾਜਿਕ ਸੰਕੇਤਾਂ ਭਾਵ ਦ੍ਰਿਸ਼ਮਾਨ ਜਗਤ ਦੀਆਂ ਉਦਾਹਰਣਾਂ ਰਾਹੀਂ ਦਿੱਤੀ ਗਈ ਹੈ। ਗੁਰੂ ਨਾਨਕ ਦਾ ਧਰਮ ਸਮਾਜਿਕਤਾ ਨੂੰ ਅੰਗੀਕਾਰ ਕਰਦਿਆਂ ਹੋਇਆਂ, ਅਧਿਆਤਮਿਕਤਾ ਤੱਕ ਪਹੁੰਚਣ ਦਾ ਮਾਰਗ ਹੈ। ਮਨੁੱਖ ਸਮਾਜ ਦਾ ਇਕ ਅੰਗ ਹੋਣ ਕਰਕੇ ਉਸ ਨੂੰ ਦੁਨਿਆਵੀ ਕਾਨੂੰਨਾਂ ਅਤੇ ਰੀਤੀ-ਰਿਵਾਜ਼ਾਂ ਦੀ ਪੂਰੀ ਜਾਣਕਾਰੀ ਹੁੰਦੀ ਹੈ, ਜਿਸ ਕਰਕੇ ਬਾਣੀਕਾਰਾਂ ਨੇ ਆਮ ਲੋਕਾਂ ਵਿਚ ਅਧਿਆਤਮਿਕਤਾ ਦੇ ਸੂਖਮ ਭੇਦਾਂ ਨੂੰ ਸਪੱਸ਼ਟ ਤੌਰ 'ਤੇ ਉਜਾਗਰ ਕਰਨ ਲਈ ਅਸਥੂਲ ਅਤੇ ਦ੍ਰਿਸ਼ਮਾਨ ਜਗਤ ਦੀ ਵਰਤੋਂ ਸੰਕੇਤਕ ਰੂਪ ਵਿੱਚ ਕੀਤੀ ਹੈ।

ਇਹ ਵੀ ਧਿਆਨ ਵਿੱਚ ਰਹੇ ਕਿ ਉਪਰੋਕਤ ਦੇ ਨਾਲ ਨਾਲ ਸਿੱਖ ਧਰਮ ਵਿੱਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਧਾਰਮਿਕ ਵਸਤੂਆਂ ਜਾਂ ਚਿੰਨ੍ਹ ਵੀ, ਜਿਵੇਂ ਕਿ ਨਿਸ਼ਾਨ ਸਾਹਿਬ, ਪੰਜ ਕਕਾਰ, ਸਰੋਵਰ, ਅੰਮ੍ਰਿਤ ਸੰਸਕਾਰ ਜਾਂ ਧਰਮ ਦੀ ਹੋਂਦ ਨੂੰ ਪ੍ਰਗਟ ਕਰਨ ਲਈ ਕੀਤੇ ਜਾਣ ਵਾਲੇ ਹੋਰ ਪ੍ਰਕਾਰ ਦੇ ਵਿਧੀ-ਵਿਧਾਨ ਕੇਵਲ ਦ੍ਰਿਸ਼ਮਾਨ ਧਰਮ ਦੇ ਅੰਗ ਹੀ ਨਹੀਂ ਹਨ, ਸਗੋਂ ਅਧਿਆਤਮਿਕਤਾ ਪੱਖੋਂ ਇਨ੍ਹਾਂ ਦਾ ਸੂਖਮ ਅਤੇ ਅੰਦਰੂਨੀ ਅਨੁਭਵਾਂ ਨਾਲ ਗੂੜਾ ਸੰਬੰਧ ਹੈ, ਜਿਸ ਤੋਂ ਬਿਨ੍ਹਾਂ ਧਰਮ ਦੇ ਇਨ੍ਹਾਂ ਚਿੰਨ੍ਹਾਂ ਜਾਂ ਸੰਸਕਾਰਾਂ ਦੀ ਕੋਈ ਅਹਿਮੀਅਤ ਨਹੀਂ।

ਇਹ ਗੱਲ ਸਪੱਸ਼ਟ ਹੈ, ਕਿ ਗੁਰਬਾਣੀ ਦਾ ਮੂਲ ਝੁਕਾਅ ਅਧਿਆਤਮਿਕਤਾ ਵੱਲ ਹੈ, ਪਰ ਇਸ ਦਾ ਅਰਥ ਇਹ ਨਹੀਂ ਕਿ ਇਸ ਦਾ ਮਨੁੱਖ ਦੇ ਵਿਵਹਾਰਿਕ, ਕ੍ਰਿਆਤਮਿਕ ਜਾਂ ਦ੍ਰਿਸ਼ਮਾਨ ਜਗਤ ਨਾਲ ਕੋਈ ਸੰਬੰਧ ਨਹੀਂ ਹੈ। ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਬਹੁਪੱਖੀ ਸੀ। ਉਹ ਹਰ ਆਸ਼ੇ ਤੋਂ, ਹਰ ਪੱਖ ਤੋਂ ਪੂਰਨਤਾ ਦੇ ਧਾਰਨੀ ਸਨ। ਇਸ ਲਈ ਉਹ ਦੁਨਿਆਵੀ ਪੱਖ ਤੋਂ ਲਾਂਭੇ ਨਹੀਂ ਹੋ ਸਕਦੇ। ਨਾਨਕ-ਬਾਣੀ ਦਾ ਸਮਾਜਿਕ ਸਦਾਚਾਰ ਦੇ ਪੱਖੋਂ ਅਧਿਐਨ ਕਰਦਿਆਂ ਸਭ ਤੋਂ ਪ੍ਰਮੁੱਖ ਗੱਲ ਜੋ ਦ੍ਰਿਸ਼ਟੀਗੋਚਰ ਹੁੰਦੀ ਹੈ, ਉਹ ਇਹ ਹੈ ਕਿ ਗੁਰੂ ਸਾਹਿਬ ਦਾ ਸਮਾਜਿਕ ਸਦਾਚਾਰ ਦਾ ਸੰਕਲਪ 'ਤੇ ਧਰਮ ਦਾ ਸੰਕਲਪ ਦੋ ਅੱਡ-ਅੱਡ

ਚੀਜ਼ਾਂ ਨਹੀਂ ਹਨ। ਧਰਮ 'ਤੇ ਸਦਾਚਾਰ ਇੱਕ ਦੂਜੇ ਵਿੱਚ ਓਤ-ਪੋਤ ਹੋਏ ਪਏ ਹਨ।[3] ਇਸ ਲਈ ਗੁਰੂ ਨਾਨਕ ਦਾ ਧਰਮ ਨਿਰੋਲ ਅਧਿਆਤਮਿਕ ਨਹੀਂ, ਬਲਕਿ ਮਨੁੱਖ ਦੇ ਵਿਵਹਾਰਿਕ ਅਤੇ ਅਨੁਭਵੀ ਦੁਨੀਆਂ ਦਾ ਅਦੁੱਤੀ ਸੁਮੇਲ ਹੈ। ਧਰਮ ਅਸਲ ਵਿਚ ਮਨੁੱਖੀ ਫਰਜ਼ਾਂ ਅਤੇ ਕਰਤੱਵਾਂ ਦੀ ਸੋਝੀ ਦਾ ਉਹ ਗਿਆਨ ਹੈ, ਜਿਸ ਦੀ ਪ੍ਰਾਪਤੀ ਵਿਵਹਾਰਿਕ ਜੀਵਨ ਵਿਚਲੀ ਨੈਤਿਕਤਾ ਦੁਆਰਾ ਹੁੰਦੀ ਹੈ। ਕਿਉਂਕਿ ਸਮਾਜਿਕ ਜਾਂ ਵਿਵਹਾਰਿਕ ਜੀਵਨ ਵਿੱਚ ਨੈਤਿਕਤਾ ਦੀ ਅਣਹੋਂਦ ਵਾਲਾ ਮਨੁੱਖ ਅਧਿਆਤਮਿਕ ਜਾਂ ਇੱਕ ਸੱਚਾ ਭਗਤ ਨਹੀਂ ਹੋ ਸਕਦਾ। **ਵਜ਼ੀਰ ਸਿੰਘ ਅਨੁਸਾਰ,** ''ਭਗਤ ਜਾਂ ਸ਼ਰਧਾਲੂ ਕੋਈ ਪ੍ਰਲੋਕ ਦਾ ਜੀਵ ਨਹੀਂ, ਜਿਸ ਦਾ ਆਲੇ-ਦੁਆਲੇ, ਟੱਬਰ-ਟੋਰ, ਭਾਈਚਾਰੇ ਜਾਂ ਦੇਸ਼ ਵਿੱਚ ਵਾਪਰ ਰਹੀਆਂ ਘਟਨਾਵਾਂ ਨਾਲ ਕੋਈ ਵਾਸਤਾ ਨਾ ਹੋਵੇ।''[4] ਗੁਰਬਾਣੀ ਦੀ ਦਾਰਸ਼ਨਿਕਤਾ ਦੀ ਉੱਘੜਵੀਂ ਵਿਸ਼ੇਸ਼ਤਾ ਹੀ ਇਹ ਹੈ, ਕਿ ਇਸ ਵਿੱਚ ਕਿਤੇ ਵੀ ਮਨੁੱਖ ਦੇ ਭੌਤਿਕ ਜਗਤ ਤੋਂ ਲਾਂਭੇ ਨਹੀਂ ਜਾਇਆ ਗਿਆ।

ਲਗਭਗ ਸਾਰੇ ਧਰਮਾਂ ਵਿੱਚ ਮੁਕਤੀ ਦਾ ਸੰਕਲਪ ਵਿਸ਼ੇਸ਼ ਹੈ ਅਤੇ ਇਸ ਦੀ ਪ੍ਰਾਪਤੀ ਲਈ ਵੱਖੋ-ਵੱਖਰੇ ਸਿਧਾਂਤ ਨਿਰਧਾਰਿਤ ਕੀਤੇ ਗਏ ਹਨ। ਗੁਰਬਾਣੀ ਵਿਚ ਮੁਕਤੀ ਪ੍ਰਾਪਤੀ ਲਈ ਸੰਸਾਰ ਤੋਂ ਕਿਨਾਰਾ ਕਰਨ ਦੀ ਬਜਾਏ ਸੰਸਾਰ ਵਿੱਚ ਵਿਚਰਦਿਆਂ ਹੋਇਆਂ ਹੀ ਉਦਾਸ ਰਹਿਣ ਦਾ ਉਪਦੇਸ਼ ਦਿੱਤਾ ਹੈ। ਉਦਾਸ ਤੋਂ ਭਾਵ ਇਹ ਹੈ, ਕਿ ਪਦਾਰਥਾਂ ਵਿੱਚ ਰਹਿੰਦਿਆਂ ਹੋਇਆਂ ਵੀ ਪਦਾਰਥਾਂ ਦਾ ਮੋਹ ਨਾ ਹੋਣਾ :

*ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ।।*
*ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ।।*[5]

ਸੰਸਾਰਿਕ ਜੀਵਾਂ ਪ੍ਰਤੀ ਜ਼ਿੰਮੇਵਾਰੀ ਵੀ ਨਿਭਾਉਣੀ, ਪਰ ਉਨ੍ਹਾਂ ਵਿਚ ਗਲਤਾਨ ਜਾਂ ਖਚਤ ਵੀ ਨਹੀਂ ਹੋਣਾ :

*ਵਿਚੇ ਗ੍ਰਿਹ ਸਦਾ ਰਹੇ ਉਦਾਸੀ ਜਿਉ ਕਮਲ ਰਹੇ ਵਿਚਿ ਪਾਣੀ ਹੇ।।*[6]

ਭਾਈ ਗੁਰਦਾਸ ਜੀ ਵੀ ਗ੍ਰਿਹਸਥੀ ਜੀਵਨ ਦੀ ਵਿਸ਼ੇਸ਼ਤਾ ਦਸਦੇ ਹੋਏ ਫੁਰਮਾਉਂਦੇ ਹਨ :

*ਸਤ, ਸੰਤੋਖ ਉਲਾਸ ਸਕਤਿ ਨ ਸੇਉ ਹੈ।*
*ਘਰ ਹੀ ਵਿਚਿ ਉਦਾਸੁ ਸਚਿ ਸੁਚੇਉ ਹੈ।* [7]

ਗੁਰੂ ਸਾਹਿਬਾਨ ਦੁਆਰਾ ਮਨੁੱਖ ਦੇ ਵਿਵਹਾਰਿਕ ਜੀਵਨ ਵਿਚ ਨੈਤਿਕ ਗੁਣਾਂ ਦੀ ਮਹੱਤਤਾ ਅਤੇ ਉਨ੍ਹਾਂ ਦੁਆਰਾ ਅਧਿਆਤਮਿਕ ਜੀਵਨ ਵਿਚਲੇ ਸੂਖਮ ਭੇਦਾਂ ਨੂੰ ਪ੍ਰਤੱਖ ਕਰਨ ਦੀ ਕਲਾ ਹੀ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਸਭ ਤੋਂ ਉਤਮ ਅਤੇ ਵਿਲੱਖਣ ਸਾਬਿਤ ਕਰਦੀ ਹੈ। ਇਸ ਕਲਾਤਮਕ ਪੱਖ ਦੀ ਡੂੰਘੀ ਖੋਜ ਸਦਕਾ ਸੂਖਮਤਾ ਦੇ ਭੇਦਾਂ ਨੂੰ ਖੋਜਣਾ ਅਤੇ ਸਮਝਣਾ ਬਹੁਤ ਅਸਾਨ ਹੋ ਜਾਂਦਾ ਹੈ। ਸ਼ਾਇਦ ਇਹੀ ਕਾਰਨ ਹੈ, ਕਿ ਗੁਰੂ ਨਾਨਕ ਦੁਆਰਾ ਅਧਿਆਤਮਿਕ ਮੰਜ਼ਿਲ ਦੀ ਪ੍ਰਾਪਤੀ ਲਈ ਦਰਸਾਏ ਗਏ ਮਾਰਗ ਨੂੰ 'ਸੁਖੈਨ ਮਾਰਗ' ਕਿਹਾ ਜਾਂਦਾ ਹੈ। ਇਸ ਤਰ੍ਹਾਂ ਗੁਰਬਾਣੀ ਦੀ ਵਿਚਾਰਧਾਰਾ ਸਮਾਜਿਕ ਅਤੇ ਅਧਿਆਤਮਿਕ, ਦ੍ਰਿਸ਼ਮਾਨ ਅਤੇ ਅਦ੍ਰਿਸ਼ਮਾਨ, ਸੂਖਮ ਅਤੇ ਅਸਥੂਲ, ਸੰਸਾਰ ਅਤੇ ਨਿਰੰਕਾਰ ਨਾਲ ਸੰਬੰਧਿਤ ਜਾਣਕਾਰੀ ਦਾ ਅਜਿਹਾ ਅਨਮੋਲ ਖਜਾਨਾ ਹੈ, ਜਿਸ ਦੇ ਆਸ਼ੇ ਅਨੁਸਾਰ ਜੀਵਨ ਬਤੀਤ ਕਰਨ ਵਾਲਾ ਮਨੁੱਖ ਲੋਕ ਅਤੇ ਪ੍ਰਲੋਕ ਦੋਨਾਂ ਵਿੱਚ ਹੀ ਮਾਣ ਪ੍ਰਾਪਤ ਕਰਦਾ ਹੈ :

*ਇਹ ਲੋਕ ਸੁਖੀਏ ਪਰਲੋਕ ਸੁਹੇਲੇ।।*
*ਨਾਨਕ ਹਰਿ ਪ੍ਰਭਿ ਆਪਹਿ ਮੇਲੇ।।*[8]

ਗੁਰਬਾਣੀ ਵਿਚ ਅਧਿਆਤਮਿਕ ਮਾਰਗ ਦੇ ਪਾਂਧੀ ਲਈ ਸੰਸਾਰ ਨਾਲ ਸੰਬੰਧਿਤ ਨੈਤਿਕ ਗੁਣਾਂ ਦੀ ਗ੍ਰਹਿਣਤਾ ਨੂੰ ਜ਼ਰੂਰੀ ਸ਼ਰਤ ਦੱਸਿਆ ਹੈ। ਗੁਰਬਾਣੀ ਦੀ ਅਜਿਹੀ ਵਿਚਾਰਧਾਰਾ ਵਿੱਚੋਂ ਦੋ ਗੱਲਾਂ ਪ੍ਰਮੁੱਖ ਰੂਪ ਵਿੱਚ ਸਾਹਮਣੇ ਆਉਂਦੀਆਂ ਹਨ :

(1) ਆਦਰਸ਼ ਸਮਾਜ ਦਾ ਨਕਸ਼ਾ ਉਭਰ ਕੇ ਸਾਹਮਣੇ ਆਇਆ ਹੈ।
(2) ਅਸਥੂਲ ਉਦਾਹਰਣਾਂ ਸਦਕਾ ਅਧਿਆਤਮਿਕਤਾ ਦੇ ਗੰਭੀਰ ਅਤੇ ਸੂਖਮ ਭੇਦਾਂ ਦੀ ਜਾਣਕਾਰੀ ਮਿਲੀ ਹੈ।

ਨੈਤਿਕਤਾ ਦੇ ਦ੍ਰਿਸ਼ਟੀਕੋਣ ਤੋਂ ਕਰਤੱਵਾਂ ਦੀ ਪਾਲਣਾ ਕਰਨਾ ਸਦਾਚਾਰਕ ਕਰਤੱਵ ਹੈ। ਭਾਵੇਂ ਕਰਤੱਵ ਅਧਿਆਤਮਿਕ ਹੋਣ, ਸਮਾਜਿਕ ਜਾਂ ਸਭਿਆਚਾਰਕ। ਸਦਗੁਣਾਂ ਦਾ ਵਿਕਾਸ, ਬਦੀ ਤੋਂ ਪਰਹੇਜ, ਨੇਕ-ਕਮਾਈ ਨਿਰੋਲ ਸਦਾਚਾਰਕ ਕਰਤੱਵ ਹਨ।[9] ਗੁਰਬਾਣੀ ਦੇ ਬੁਨਿਆਦੀ ਸੰਕਲਪ ਪਰਮਾਰਥਕ ਅਤੇ ਸੰਸਾਰਿਕ ਕਦਰਾਂ-ਕੀਮਤਾਂ ਦਾ ਇਕ ਅਜਿਹਾ ਅਦੁੱਤੀ ਸੁਮੇਲ ਬਣਾਉਂਦੇ ਹਨ, ਜਿਸ ਸਦਕਾ ਮਨੁੱਖ ਇਕ ਸੰਪੂਰਨ ਜੀਵਨ-ਜਾਂਚ ਨੂੰ ਧਾਰਨ ਕਰਨ ਦੇ ਸਮਰੱਥ ਹੋ ਸਕਦਾ ਹੈ। ਤਿਆਗ ਜਾਂ ਨਿਰਵਿਰਤੀ ਮਾਰਗ ਵਿਚ ਪਰਵੇਸ਼ ਹੋਣ ਲੱਗਿਆਂ

ਜੀਵ ਦਾ ਸੰਸਾਰੀ ਕਰਤੱਵ ਨੂੰ ਭੁਲਾ ਦੇਣਾ ਅਨੁਚਿਤ ਮੰਨਿਆ ਗਿਆ ਹੈ। ਅਜਿਹੇ ਤਿਆਗ ਤੋਂ ਵਰਜਣਾ ਹੈ। ਨਾ ਨਿਰੋਲ ਪਰਵਿਰਤੀ ਮਾਰਗ ਜੋ ਸੰਸਾਰਿਕ ਕਾਰਜ ਦਾ ਮਾਰਗ ਹੈ, ਨਾ ਨਿਰਵਿਰਤੀ ਮਾਰਗ ਜੋ ਤਿਆਗ 'ਤੇ ਸੰਨਿਆਸ ਦਾ ਮਾਰਗ ਹੈ, ਬਲਕਿ ਇਨ੍ਹਾਂ ਦੋਹਾਂ ਵਿਚਕਾਰ ਜੀਵਨ ਦਾ ਸੱਚਾ ਪਾਸ ਦਰਸਾਇਆ ਗਿਆ ਹੈ।[10] ਇਹ ਸੱਚਾਈ ਸਰਬ ਪ੍ਰਵਾਨਿਤ ਹੈ, ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਵੀਨ ਵਿਚਾਰਧਾਰਾ ਦਾ ਜਨਮ ਸਾਮੀ ਅਤੇ ਹਿੰਦੂ ਧਰਮ ਦੇ ਧਾਰਮਿਕ, ਸਦਾਚਾਰਕ ਅਤੇ ਨੈਤਿਕ ਟਕਰਾਵੇ ਅਤੇ ਗਿਰਾਵਟ ਵਜੋਂ ਹੋਇਆ ਹੈ। ਗੁਰੂ ਨਾਨਕ ਸਾਹਿਬ ਇੱਕ ਮਹਾਨ ਚਿੰਤਕ ਵੀ ਸਨ। ਉਹਨਾਂ ਨੂੰ ਸਮਕਾਲੀ ਸਮਾਜਿਕ ਕੁਰੀਤੀਆਂ, ਰਾਜਨੀਤਿਕ ਭ੍ਰਿਸ਼ਟਾਚਾਰ, ਆਰਥਿਕ ਤੌਰ 'ਤੇ ਫੈਲ ਚੁੱਕੀ ਗਿਰਾਵਟ ਅਤੇ ਅਸੰਤੁਲਨ, ਅਤੇ ਉਸ ਸਮੇਂ ਦੇ ਲੋਕਾਂ ਵਿਚਲੀ ਅਧਿਆਤਮਿਕ ਅਗਿਆਨਤਾ ਬਾਰੇ ਸੰਪੂਰਨ ਗਿਆਨ ਸੀ, ਸ਼ਾਇਦ ਇਸੇ ਕਰਕੇ ਗੁਰੂ ਸਾਹਿਬ ਨੇ ਕਿਸੇ ਇਕ ਵਿਸ਼ੇਸ਼ ਪੱਖੀ ਸੁਧਾਰ ਦੀ ਬਜਾਏ, ਮਾਨਵਤਾ ਦੇ ਸਰਬਪੱਖੀ ਸੁਧਾਰ ਕਰਨ ਦਾ ਬੀੜਾ ਚੁੱਕਿਆ। ਕਿਉਂਕਿ ਅਸਲੀ ਧਰਮ ਉਹ ਹੀ ਹੈ, ਜਿਸ ਵਿੱਚ ਮਨੁੱਖ ਦੀਆਂ ਸਰਬਪੱਖੀ ਲੋੜਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ। **ਡਾ. ਰਾਧਾ ਕ੍ਰਿਸ਼ਣਨ ਅਨੁਸਾਰ,** ''ਸਾਨੂੰ ਇੱਕ ਅਜਿਹੇ ਅਧਿਆਤਮਕ ਦ੍ਰਿਸ਼ਟੀਕੋਣ ਦੀ ਲੋੜ ਹੈ ਜਿਸ ਵਿੱਚ ਨਾ ਕੇਵਲ ਅਰਥ ਸ਼ਾਸਤਰ, ਅਤੇ ਰਾਜਨੀਤੀ ਦਾ ਮਹਾਨ ਪ੍ਰੇਰਨਾ ਵਾਲਾ ਜੀਵਨ ਹੋਵੇ, ਸਗੋਂ ਆਤਮਾ ਦੀਆਂ ਨਿੱਗਰ ਲੋੜਾਂ ਲਈ ਵੀ ਥਾਂ ਹੋਵੇ।''[11] ਗੁਰਬਾਣੀ ਨੇ ਗ੍ਰਿਹਸਥ ਅਤੇ ਯੋਗ ਵਿੱਚ ਸੰਤੁਲਨ ਕਾਇਮ ਕਰਕੇ ਮਨੁੱਖ ਨੂੰ ਪਰਮਾਰਥਕ ਅਤੇ ਸੰਸਾਰਿਕ ਪੱਖੋਂ ਇਕਸਾਰਤਾ ਰੱਖਣ ਦਾ ਵੱਖਰਾ ਅਤੇ ਮਹੱਤਵਪੂਰਨ ਉਪਦੇਸ਼ ਦਿੱਤਾ ਹੈ। ਗੁਰੂ ਸਾਹਿਬਾਨ ਦਾ ਆਪਣਾ ਜੀਵਨ ਇਸ ਗੱਲ ਦਾ ਇੱਕ ਪ੍ਰਮਾਣਿਕ ਸਬੂਤ ਹੈ, ਕਿ ਉਹ ਸੰਸਾਰ ਵਿਚ ਰਹਿੰਦਿਆਂ ਹੋਇਆਂ ਵੀ ਸੰਸਾਰ ਵਿਚ ਖਚਤ ਨਹੀਂ ਹੋਏ। ਉਹਨਾਂ ਨੇ ਪਰਿਵਾਰ ਵਿੱਚ ਰਹਿ ਕੇ ਹਰ ਪਲ ਨਿਰੰਕਾਰ ਦੀ ਉਸਤਤ ਵਿਚ ਬਿਤਾਇਆ। ਸੰਸਾਰਿਕ ਕਾਰ-ਵਿਹਾਰ ਅਤੇ ਪਰਿਵਾਰ ਦੀ ਪਾਲਣਾ ਕਰਦੇ ਹੋਏ ਵੀ, ਉਹ ਹਰ ਵਕਤ ਨਿਰਗੁਣ ਬ੍ਰਹਮ ਨੂੰ ਯਾਦ ਰੱਖਦੇ ਸਨ।

ਗੁਰਬਾਣੀ ਵਿਚਲੇ ਪਰਵਿਰਤੀ ਮਾਰਗ ਦੀ ਪ੍ਰਮੁੱਖ ਵਿਸ਼ੇਸ਼ਤਾ ਅਤੇ ਵਿਲੱਖਣਤਾ ਇਹ ਹੀ ਹੈ, ਕਿ ਇਸ ਵਿੱਚ ਕਰਮਸ਼ੀਲ ਜਾਂ ਕ੍ਰਿਆਤਮਕ ਜੀਵਨ ਵਿੱਚ ਵਿਸ਼ਵਾਸ ਕੀਤਾ ਜਾਂਦਾ

ਹੈ, ਭਾਵ ਅਧਿਆਤਮਿਕਤਾ ਦੇ ਨਾਲ-ਨਾਲ ਗ੍ਰਹਿਸਥ ਜੀਵਨ ਨੂੰ ਇੱਕ ਜਰੂਰੀ ਸ਼ਰਤ ਮੰਨਿਆ ਹੈ। **ਡਾ. ਐਸ.ਐਸ. ਕੋਹਲੀ ਅਨੁਸਾਰ,** ''ਗੁਰੂ ਸਾਹਿਬ ਦਾ ਧਰਮ ਗ੍ਰਿਹਸਥੀਆਂ ਦਾ ਧਰਮ ਹੈ।''[12] ਗੁਰੂ ਸਾਹਿਬਾਨ ਦੁਆਰਾ ਦੱਸਿਆ ਗਿਆ ਭਗਤੀ ਮਾਰਗ ਸੰਸਾਰਿਕ ਜ਼ਿੰਮੇਵਾਰੀਆਂ ਅਤੇ ਧੰਦਿਆਂ ਤੋਂ ਮੁੱਖ ਮੋੜ ਕੇ ਸੰਨਿਆਸ ਲੈਣਾ ਨਹੀਂ ਸਿਖਾਉਂਦਾ ਅਤੇ ਨਾ ਹੀ ਸਮਾਜ ਉੱਪਰ ਕਿਸੇ ਪ੍ਰਕਾਰ ਦਾ ਬੋਝ ਬਣਨ, ਜਿਵੇਂ ਕਿ ਆਰਥਿਕ ਪੱਖੋਂ ਕਿਸੇ ਹੋਰ 'ਤੇ ਨਿਰਭਰ ਰਹਿਣਾ ਅਤੇ ਭੀਖ ਮੰਗਣਾ ਆਦਿ ਨੂੰ ਅਹਿਮੀਅਤ ਦਿੰਦਾ ਹੈ। ਗੁਰਬਾਣੀ ਅਨੁਸਾਰ ਦੱਸਿਆ ਗਿਆ ਭਗਤੀ ਮਾਰਗ ਜੀਵਨ ਵਿਹੂਣਾ ਨਹੀਂ, ਬਲਕਿ ਜੀਵਨਮਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਨੁੱਖ ਦੀਆਂ ਆਤਮਿਕ ਅਤੇ ਸਰੀਰਕ ਲੋੜਾਂ ਉੱਪਰ ਇੱਕੋ ਜਿਹਾ ਜ਼ੋਰ ਦਿੱਤਾ, ਅਤੇ ਦੋਨਾਂ ਨੂੰ ਇੱਕ ਦੂਸਰੇ ਦੀਆਂ ਪੂਰਕ ਦਰਸਾਇਆ ਗਿਆ ਹੈ। ਗੁਰੂ ਸਾਹਿਬਾਨ ਨੇ ਮਨੁੱਖ ਨੂੰ ਕਾਰਜਹੀਣ ਹੋਣ ਦੀ ਬਜਾਏ ਕਾਰਜਸ਼ੀਲ, ਭਾਵ ਗਤੀਸ਼ੀਲ ਹੋਣ ਲਈ ਪ੍ਰੇਰਿਆ। **ਡਾ. ਐਸ.ਐਸ. ਕੋਹਲੀ** ਨੇ ਇਸ ਗਤੀਸ਼ੀਲਤਾ ਨੂੰ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਰਸ਼ਨ ਦਾ ਪ੍ਰਧਾਨ ਤੱਤ ਕਿਹਾ ਹੈ।[13] ਮਨੁੱਖ ਲਈ ਜਗਤ ਵਿੱਚ ਰਹਿਣਾ ਅਵੱਸ਼ ਹੈ, ਪਰ ਮਨੁੱਖ-ਮਾਤਰ ਦੇ ਸੁਧਾਰ ਲਈ 'ਤੇ ਉਨ੍ਹਾਂ ਨੂੰ ਉਚੇਰੇ ਕੇਂਦਰ, ਅਰਥਾਤ ਅਕਾਲਪੁਰਖ ਤੱਕ ਅਪੜਾਨ ਲਈ ਜਗਤ ਨੂੰ ਕਰਮ-ਭੂਮੀ, ਕਰਮ-ਖੰਡ ਸਮਝਣਾ ਚਾਹੀਦਾ ਹੈ।[14] ਗੁਰਬਾਣੀ ਦੀ ਵਿਚਾਰਧਾਰਾ ਅਨੁਸਾਰ ਮਨੁੱਖ ਦੁਆਰਾ ਕੀਤੇ ਜਾਣ ਵਾਲੇ ਕਰਮ ਸੱਚ 'ਤੇ ਅਧਾਰਿਤ ਹੋਣੇ ਚਾਹੀਦੇ ਹਨ। ਚੰਗੇ ਅਤੇ ਈਮਾਨਦਾਰੀ ਨਾਲ ਭਰਪੂਰ ਕਰਮ ਉਸ ਨੂੰ ਪਰਮਾਤਮਾ ਦੇ ਨੇੜੇ ਲੈ ਜਾਂਦੇ ਹਨ :

*ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ।।*
*ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ।।*[15]

ਗੁਰੂ ਨਾਨਕ ਸਾਹਿਬ ਦੁਆਰਾ ਦਿੱਤੇ ਗਏ ਤਿੰਨ ਸੁਨਹਿਰੀ ਉਪਦੇਸ਼ (ਕਿਰਤ ਕਰੋ, ਨਾਮ ਜਪੋ, ਵੰਡ ਛਕੋ), ਉਨ੍ਹਾਂ ਦੀਆਂ ਸਿੱਖਿਆਵਾਂ ਦੇ ਸਾਰ ਵਜੋਂ ਉੱਭਰ ਕੇ ਸਾਹਮਣੇ ਆਉਂਦੇ ਹਨ। ਗੁਰੂ ਸਾਹਿਬ ਨੇ ਸਮਾਜ ਵਿੱਚੋਂ ਅਧਿਆਤਮਿਕ ਅਗਿਆਨਤਾ ਦੂਰ ਕਰਨ ਲਈ ਨਾਮ ਜਪਣ ਅਤੇ ਵਿਵਹਾਰਿਕ ਜੀਵਨ ਨੂੰ ਸੁਚੱਜਾ ਬਣਾਉਣ ਲਈ ਸੱਚੀ ਸੁੱਚੀ ਕਿਰਤ ਅਤੇ ਵੰਡ ਛਕਣ ਦੇ ਸਿੱਧਾਂਤ 'ਤੇ ਜ਼ੋਰ ਦਿੱਤਾ। ਭਾਰਤੀ ਨੈਤਿਕਤਾ ਦੀ ਪਰੰਪਰਾ ਵਿੱਚ ਚਾਰ ਪੁਰਸ਼ਾਰਥਾਂ

ਦੀ ਬਹੁਤ ਮਹੱਤਤਾ ਹੈ। ਇਨ੍ਹਾਂ ਵਿੱਚ ਪਹਿਲਾ ਪੁਰਸ਼ਾਰਥ ਧਰਮ ਹੈ, ਜੋ ਲੋਕ ਅਤੇ ਪ੍ਰਲੋਕ ਨਾਲ ਸੰਬੰਧਿਤ ਕਲਿਆਣ ਦੀ ਭਾਵਨਾ ਨੂੰ ਨਿਸ਼ਚਿਤ ਕਰਦਾ ਹੈ, ਦੂਸਰਾ ਪੁਰਸ਼ਾਰਥ ਅਰਥ ਹੈ, ਜਿਸ ਦਾ ਸੰਬੰਧ ਮਨੁੱਖ ਦੇ ਆਰਥਿਕ ਜੀਵਨ ਨਾਲ ਹੈ। ਇਸ ਤੋਂ ਇਲਾਵਾ ਤੀਸਰਾ ਪੁਰਸ਼ਾਰਥ ਕਾਮ ਹੈ, ਜੋ ਕਿ ਸੰਸਾਰਿਕ ਵਿਕਾਸ ਅਤੇ ਸੁੱਖਾਂ ਦਾ ਪ੍ਰਤੀਕ ਹੈ ਅਤੇ ਚੌਥਾ ਪੁਰਸ਼ਾਰਥ ਮੋਕਸ਼ ਨੂੰ ਮੰਨਿਆ ਗਿਆ ਹੈ ਜੋ ਕਿ ਸਭ ਤੋਂ ਵੱਧ ਮਹੱਤਵਪੂਰਨ ਹੈ। ਇਹਨਾਂ ਚਾਰ ਪੁਰਸ਼ਾਰਥਾਂ ਵਿੱਚ ਅਰਥ ਅਤੇ ਕਾਮ ਨੂੰ ਸੰਸਾਰਿਕ ਸੁੱਖ ਅਤੇ ਧਰਮ ਅਤੇ ਮੋਕਸ਼ ਨੂੰ ਅਧਿਆਤਮਿਕ ਸੁੱਖ ਦੇ ਪ੍ਰਤੀਕ ਮੰਨਿਆ ਜਾਂਦਾ ਹੈ। ਗੁਰਬਾਣੀ ਵਿੱਚ ਇਹਨਾਂ ਚਾਰ ਪੁਰਸ਼ਾਰਥਾਂ ਦੀ ਪ੍ਰਾਪਤੀ ਲਈ ਪ੍ਰਭੂ ਦੀ ਕਿਰਪਾ ਨੂੰ ਜਰੂਰੀ ਮੰਨਿਆ ਗਿਆ ਹੈ ਅਤੇ ਪ੍ਰਭੂ ਦੇ ਨਾਮ ਸਿਮਰਨ ਅਤੇ ਸਤਿਸੰਗ ਦੁਆਰਾ ਪੁਰਸ਼ਾਰਥ ਸਿੱਧੀ ਦਰਸਾਈ ਗਈ ਹੈ।[16] ਗੁਰੂ ਸਾਹਿਬ ਅਨੁਸਾਰ ਇਨ੍ਹਾਂ ਚਾਰ ਪਦਾਰਥਾਂ ਦਾ ਮੁੱਖ ਦਾਤਾ ਸਤਿਗੁਰੂ ਹੈ, ਭਾਵ ਇਨ੍ਹਾਂ ਚਾਰ ਪਦਾਰਥਾਂ ਉੱਪਰ ਸਤਿਗੁਰੂ ਦੀ ਮਲਕੀਅਤ ਹੈ :

*ਸਤਿਗੁਰ ਕੈ ਵਸਿ ਚਾਰਿ ਪਦਾਰਥ।।*
*ਤੀਨਿ ਸਮਾਏ ਏਕ ਕ੍ਰਿਤਾਰਥ।।*[17]

ਗੁਰਬਾਣੀ ਨੇ ਅਧਿਆਤਮਿਕ ਪੱਖੋਂ ਨਾਮ ਜਪਣ ਅਤੇ ਆਰਥਿਕ ਪੱਖੋਂ ਕਿਰਤ ਕਰਨ ਨੂੰ ਇੱਕ-ਦੂਸਰੇ ਦੇ ਪੂਰਕ ਦਰਸਾਇਆ ਹੈ। ਦੋਨਾਂ ਪੱਖਾਂ ਦੇ ਸੰਤੁਲਨ ਸਦਕਾ ਹੀ ਮਨੁੱਖ ਆਪਣੇ ਪਰਮ-ਆਦਰਸ਼ ਦੀ ਪਾਪਤੀ ਵਿੱਚ ਸਫਲ ਹੋ ਸਕਦਾ ਹੈ। ਕਿਰਤ ਦੇ ਅਧਾਰ 'ਤੇ ਮਿਹਨਤ, ਘਾਲਣਾ ਕਰਨ ਦੇ ਨਾਲ ਗੁਰੂ ਸਾਹਿਬ ਨੇ ਇਹ ਵੀ ਸ਼ਰਤ ਰੱਖੀ ਕਿ ਧਨ, ਸੰਪੱਤੀ ਆਦਿ ਦਾ ਇਕੱਠ ਨਹੀਂ ਕਰਨਾ, ਸਗੋਂ ਲੋੜ ਤੋਂ ਵੱਧ ਸਮੱਗਰੀ ਨੂੰ ਹੋਰ ਗਰੀਬਾਂ ਅਤੇ ਲੋੜਵੰਦਾਂ ਵਿੱਚ ਵੰਡ ਕੇ ਛਕਣ ਅਤੇ ਭਾਈਚਾਰਾ ਕਾਇਮ ਰੱਖਣ ਦੀ ਹਦਾਇਤ ਕੀਤੀ।

ਧਰਮ ਦੇ ਜੀਵਨ ਵਿੱਚ ਸਮੁੱਚੀ ਸੰਪੂਰਨਤਾ ਹਾਸਿਲ ਕਰਨ ਵਿੱਚ ਆਰਥਿਕ ਖੁਸ਼ਹਾਲੀ ਦਾ ਵੱਡਾ ਯੋਗਦਾਨ ਹੈ। ਮਨੁੱਖ ਦੇ ਸਮਾਜਿਕ ਅਤੇ ਵਿਅਕਤੀਗਤ ਜੀਵਨ ਦਾ ਵਿਕਾਸ ਵੀ ਅਰਥ 'ਤੇ ਨਿਰਭਰ ਹੈ। **ਡਾ. ਰਾਮਦਾਸ ਨਿਰਾਕਾਰੀ ਦੇ ਸ਼ਬਦਾਂ ਵਿਚ,** ''ਅਰਥ ਤੋਂ ਬਿਨ੍ਹਾਂ ਕਿਸੇ ਸਭਿਅਤਾ ਦਾ ਵਿਕਾਸ ਨਹੀਂ ਹੋ ਸਕਦਾ, ਕਿਸੇ ਦੇਸ਼ ਦੀ ਤਰੱਕੀ ਨਹੀਂ ਹੋ ਸਕਦੀ ਅਤੇ ਵਿਅਕਤੀਗਤ ਜੀਵਨ-ਯਾਤਰਾ ਨਹੀਂ ਚੱਲ ਸਕਦੀ। ਇਹ ਅਰਥ ਹੀ ਸਾਰੀ ਸਿੱਖਿਆ

'ਤੇ ਸੰਸਕ੍ਰਿਤੀ ਦਾ ਪ੍ਰਵਰਧਕ ਹੈ।''[18] ਇਸੇ ਲਈ ਅਰਥ ਨੂੰ ਬਾਕੀ ਦੇ ਤਿੰਨ ਪੁਰਸ਼ਾਰਥਾਂ ਦਾ ਮੂਲ ਮੰਨਿਆ ਜਾਂਦਾ ਹੈ। ਕਿਉਂਕਿ ਧਨ ਦੇ ਸਦਕਾ ਸਭ ਕੁਝ ਸੰਭਵ ਹੈ। ਦੂਜੇ ਸ਼ਬਦਾਂ ਵਿੱਚ ਧਰਮ ਅਤੇ ਕਾਮ ਸਿੱਧੀ ਦਾ ਪ੍ਰਮੁੱਖ ਅਤੇ ਸਰਵੋਤਮ ਸਾਧਨ ਅਰਥ ਹੈ, ਜਿਸ ਦੇ ਫਲਸਰੂਪ ਹੀ ਮੋਕਸ਼ ਦੀ ਪ੍ਰਾਪਤੀ ਸੰਭਵ ਹੈ। ਮਨੁੱਖੀ ਜੀਵਨ ਦਾ 'ਅਤਿ ਆਵੱਸ਼ਕ' ਮਨੋਰਥ ਹੀ ਪਦਾਰਥ ਖੁਸ਼ਹਾਲੀ ਨੂੰ ਹਾਸਿਲ ਕਰਨਾ ਹੈ। ਸੰਸਾਰ ਵਿੱਚ ਮਨੁੱਖ ਦੁਆਰਾ ਹੋ ਰਹੀ ਦਿਨ-ਰਾਤ ਦੀ ਭੱਜ-ਦੌੜ ਪਿੱਛੇ ਮੂਲ ਕਾਰਨ ਪਦਾਰਥ ਨਾਲ ਸੰਬੰਧਿਤ ਇੱਛਾਵਾਂ ਦੀ ਪੂਰਤੀ ਕਰਨਾ ਹੀ ਹੈ। ਕਿਉਂਕਿ ਧਨੀ ਮਨੁੱਖ ਚਾਹੇ ਕਿੰਨਾਂ ਵੀ ਕੁਕਰਮੀ ਕਿਉਂ ਨਾ ਹੋਵੇ, ਸਮਾਜ ਵਿੱਚ ਉਸ ਦਾ ਆਦਰ-ਸਤਿਕਾਰ ਹੁੰਦਾ ਹੈ। ਆਦਿ ਕਾਲ ਤੋਂ ਹੀ ਅਰਥ ਨੂੰ ਸਭ ਤੋਂ ਵੱਧ ਸਤਿਕਾਰਿਆ ਗਿਆ ਹੈ। ਨਿਰਧਨ ਮਨੁੱਖ ਜਿੰਨ੍ਹਾ ਮਰਜ਼ੀ ਬੁੱਧੀਜੀਵੀ, ਸਿਆਣਾ, ਕਲਾਕਾਰ ਜਾਂ ਈਮਾਨਦਾਰ ਹੋਵੇ, ਉਸ ਨੂੰ ਹਰ ਪਾਸੇ ਧੱਕੇ ਹੀ ਮਿਲਦੇ ਹਨ। ਇਹ ਗੱਲ ਹਜ਼ਾਰ ਸਾਲ ਪਹਿਲਾਂ ਵੀ ਸੱਚ ਸੀ 'ਤੇ ਅੱਜ ਵੀ ਸੌ-ਪ੍ਰਤੀਸ਼ਤ ਸੱਚ ਹੈ। ਸ਼ਾਇਦ ਇਸੇ ਕਰਕੇ ਗੁਰਬਾਣੀ ਨੇ ਮਨੁੱਖ ਦੇ ਆਰਥਿਕ ਜੀਵਨ ਨੂੰ ਅਧਿਆਤਮਿਕਤਾ ਦੇ ਨਾਲ ਜੋੜ ਕੇ, ਇਸ ਵਿਚਲੇ ਦੋਸ਼ਾਂ ਨੂੰ ਦੂਰ ਕਰਨ ਦੀ ਗੱਲ ਕੀਤੀ ਹੈ ਅਤੇ ਪਰਵਿਰਤੀ ਅਤੇ ਨਿਰਵਿਰਤੀ ਮਾਰਗ ਦੋਵਾਂ ਨੂੰ ਜੀਵਨ ਲਈ ਜਰੂਰੀ ਦੱਸਿਆ ਹੈ :

*ਪਰਵਿਰਤਿ ਨਿਰਵਿਰਤਿ ਹਾਠਾ ਦੋਵੈ।।*
*ਵਿਚਿ ਧਰਮੁ ਫਿਰੈ ਰੈਬਾਰਿਆ।।*[19]

ਗੁਰਬਾਣੀ ਨੇ ਉਸ ਅਰਥ ਨੂੰ ਪ੍ਰਵਾਨਿਆ ਹੈ, ਜੋ ਧਰਮ ਅਤੇ ਈਮਾਨਦਾਰੀ ਨਾਲ ਕਮਾਇਆ ਗਿਆ ਹੋਵੇ। ਇਸ ਦੇ ਉਲਟ ਕਾਲੇ ਧਨ ਨੂੰ ਨਿੰਦਿਆ ਹੈ, ਜੋ ਅਧਰਮ, ਬੇਈਮਾਨੀ ਅਤੇ ਹਿੰਸਾ ਨਾਲ ਕਮਾਇਆ ਗਿਆ ਹੋਵੇ। ਤਕਰੀਬਨ ਸਾਰੇ ਧਰਮਾਂ ਵਿੱਚ ਹੀ ਅਨੈਤਿਕ ਢੰਗਾਂ ਦੁਆਰਾ ਕਮਾਏ ਧਨ ਦੀ ਨਿਖੇਧੀ ਕੀਤੀ ਗਈ ਹੈ। ਦਸਾਂ ਨਹੁੰਆਂ ਦੀ ਕਿਰਤ ਭਾਵ ਸੁਚੱਜੀ ਕਮਾਈ ਨੂੰ ਜਾਇਜ ਅਤੇ ਹਰਾਮ ਦੀ ਕਮਾਈ ਨੂੰ ਨਜ਼ਾਇਜ ਦੱਸਿਆ ਗਿਆ ਹੈ। ਗੁਰਬਾਣੀ ਨੇ ਅਰਥ ਪੱਖੋਂ ਕੇਵਲ ਧਰਮ ਦੀ ਕਿਰਤ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਹੈ। ਵਿਸਥਾਰ ਵਜੋਂ ਸੱਚਾਈ ਇਸ ਗੱਲ ਵਿੱਚ ਹੈ ਕਿ ਅਰਥ (ਧਨ) ਦੀ ਅਣਹੋਂਦ

ਵਿੱਚ ਜਾਂ ਗਰੀਬੀ ਅਤੇ ਬੇਰੋਜ਼ਗਾਰੀ ਭਰਪੂਰ ਜੀਵਨ ਵਿੱਚ ਧਰਮ ਨੂੰ ਕਮਾਉਣਾ ਜਾਂ ਅਧਿਆਤਮਿਕਤਾ ਦੇ ਮਾਰਗ ਉੱਪਰ ਚੱਲਣਾ ਮੁਸ਼ਕਿਲ ਹੀ ਨਹੀਂ, ਬਲਕਿ ਅਸੰਭਵ ਹੈ। ਪਦਾਰਥਕ ਅਣਹੋਂਦ ਵਿੱਚ ਮਜਬੂਤ ਅਧਿਆਤਮਿਕ ਚਿੰਤਨ ਦੀ ਸਥਾਪਨਾ ਹੋ ਹੀ ਨਹੀਂ ਸਕਦੀ। ਇਸੇ ਲਈ ਗੁਰਬਾਣੀ ਵਿਚ ਨਾਮ ਜਪਣ ਦੇ ਨਾਲ-ਨਾਲ ਕਿਰਤ ਨੂੰ ਬਰਾਬਰ ਦੀ ਮਹਾਨਤਾ ਦਿੱਤੀ ਹੈ, ਤਾਂ ਜੋ ਸਿੱਖ ਆਰਥਿਕ ਪੱਖੋਂ ਖੁਸ਼ਹਾਲ ਰਹਿਣ ਅਤੇ ਜੀਵਨ ਦੇ ਪਰਮ-ਮਨੋਰਥ ਨੂੰ ਪੂਰਾ ਕਰਨ ਵਿੱਚ ਕਾਮਯਾਬ ਹੋ ਸਕਣ।

ਗੁਰਬਾਣੀ ਵਿੱਚ ਅਨੇਕਾਂ ਪ੍ਰਮਾਣ ਮਿਲਦੇ ਹਨ, ਜਿਸ ਵਿੱਚ ਹੱਥੀਂ ਕਿਰਤ ਕਰਨ ਦੀ ਮਹਾਨਤਾ ਉੱਪਰ ਚਾਨਣਾ ਪਾਇਆ ਗਿਆ ਹੈ। ਸਿੱਖ ਇਤਿਹਾਸ ਵਿੱਚ ਅਨੇਕਾਂ ਗੁਰਸਿੱਖਾਂ ਦੀਆਂ ਉਦਾਹਰਣਾਂ ਮਿਲਦੀਆਂ ਹਨ, ਜਿੰਨ੍ਹਾਂ ਨੇ ਹੱਥੀਂ ਧਰਮ ਦੀ ਕਿਰਤ ਕੀਤੀ ਅਤੇ ਸਮਾਜ ਵਿੱਚ ਲੋਕ ਸੇਵਾ ਵੀ ਕੀਤੀ। ਗੁਰੂ ਸਾਹਿਬਾਨ ਨੇ ਖੁਦ ਵੀ ਜੀਵਨ ਵਿੱਚ ਹੱਥੀਂ ਕਿਰਤ ਕਰਕੇ ਸੰਸਾਰ ਅਤੇ ਨਿਰੰਕਾਰ ਵਿੱਚ ਸੰਤੁਲਨ ਕਾਇਮ ਕੀਤਾ। ਗੁਰੂ ਨਾਨਕ ਸਾਹਿਬ ਨੇ ਪਰਮਾਤਮਾ ਦੀ ਪ੍ਰਾਪਤੀ ਅਤੇ ਸੱਚ ਦੇ ਰਾਹ ਨੂੰ ਪਹਿਚਾਨਣ ਦਾ ਇਹੀ ਰਾਹ ਦੱਸਿਆ ਕਿ ਗੁਰਸਿੱਖ ਹੱਥੀਂ ਕਿਰਤ ਕਰਕੇ ਆਪਣੀ ਨੇਕ ਕਮਾਈ ਕਰਕੇ ਲੋੜਵੰਦਾਂ ਦੀ ਸਹਾਇਤਾ ਕਰੇ ਅਤੇ ਪਰਉਪਕਾਰ ਕਰੇ :

*ਘਾਲਿ ਖਾਇ ਕਿਛੁ ਹਥਹੁ ਦੇਇ।।*
*ਨਾਨਕ ਰਾਹੁ ਪਛਾਣਹਿ ਸੇਇ।।*[20]

ਸੱਚੀ ਸੁੱਚੀ ਕਿਰਤ ਵਿਸ਼ੇ ਵਿਕਾਰਾਂ ਤੋਂ ਬਚਾਉਂਦੀ ਹੈ। ਹੱਕ ਦੀ ਕਮਾਈ ਨਾਲ ਮਨ ਖੇੜੇ ਵਿੱਚ 'ਤੇ ਚਿਤੱਨ ਰਹਿੰਦਾ ਹੈ। ਉੱਦਮੀ ਰਹਿੰਦਾ ਹੈ। ਉੱਦਮੀ ਪੁਰਸ਼ ਜਿੰਦਾ ਹੈ। ਆਲਸੀ 'ਤੇ ਵਿਹਲੜ ਮੁਰਦੇ ਦੀ ਤਰ੍ਹਾਂ ਹੈ, ਉੱਨਤੀ ਕਰਨ ਲਈ 'ਤੇ ਚੜ੍ਹਦੀ ਕਲਾ ਵਿੱਚ ਰਹਿਣ ਲਈ ਕਿਰਤ ਕਰਨਾ ਜਰੂਰੀ ਹੈ।[21] ਗੁਰਬਾਣੀ ਦੇ ਕਥਨ ਅਨੁਸਾਰ, ਮਨੁੱਖ ਵਿਹਲਾ ਨਾ ਰਹੇ, ਸਗੋਂ ਉੱਦਮ ਕਰਕੇ ਨੇਕ ਕਮਾਈ ਕਰੇ ਅਤੇ ਜੀਵਨ ਦੇ ਅਸਲੀ ਆਨੰਦ ਨੂੰ ਮਾਣੇ। ਇਸ ਸੰਬੰਧੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਣ ਹੈ :

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥*

*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥*[22]

ਭਗਤ ਬਾਣੀ ਵਿੱਚ ਹੱਥੀਂ ਕਿਰਤ ਦਾ ਇੱਕ ਬੜਾ ਸੁੰਦਰ ਪ੍ਰਮਾਣ ਮਿਲਦਾ ਹੈ, ਜਿਸ ਵਿੱਚ ਇਸ ਸੱਚਾਈ ਨੂੰ ਸਿੱਧ ਕੀਤਾ ਗਿਆ ਹੈ, ਕਿ ਕੇਵਲ ਸੰਸਾਰ ਤਿਆਗ ਨਾਲ ਹੀ ਪਰਮਾਤਮਾ ਹਾਸਿਲ ਨਹੀਂ ਹੁੰਦਾ, ਬਲਕਿ ਸੰਸਾਰਿਕ ਕਾਰ-ਵਿਹਾਰ ਕਰਦਿਆਂ ਵੀ ਪਰਮਾਤਮਾ ਦੇ ਨਾਮ ਨੂੰ ਸੰਭਾਲਿਆ ਜਾ ਸਕਦਾ ਹੈ :

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥*

*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥*[23]

ਗੁਰੂ ਨਾਨਕ ਸਾਹਿਬ ਨੇ ਜਪੁ ਬਾਣੀ ਵਿੱਚ ਉਨ੍ਹਾਂ ਮਨੁੱਖਾਂ ਦੀ ਉਸਤਤ ਕੀਤੀ ਹੈ, ਜੋ ਨਾਮ ਜਪਦੇ ਹਨ ਅਤੇ ਮਿਹਨਤ ਮੁਸ਼ੱਕਤ ਕਰਕੇ ਘਾਲਣਾ ਘਾਲਦੇ ਹਨ। ਅਜਿਹੇ ਜੀਵਾਂ ਦੇ ਮੁੱਖ ਉਜਲੇ ਹੁੰਦੇ ਹਨ ਅਤੇ ਉਹ ਅੱਗੇ ਜਾ ਕੇ ਦਰਗਾਹ ਦੇ ਵਾਸੀ ਬਣਦੇ ਹਨ। ਉਹ ਆਪ ਤਾਂ ਜੀਵਨ ਮੁਕਤ ਹੁੰਦੇ ਹੀ ਹਨ, ਪਰ ਆਪਣੇ ਨਾਲ ਹੋਰ ਵੀ ਕਈ ਜੀਵਾਂ ਨੂੰ ਮੁਕਤ ਕਰਾ ਦਿੰਦੇ ਹਨ।[24] ਕਿਰਤ ਨਾਲ ਸੰਬੰਧਿਤ ਦਿੱਤੇ ਗਏ ਬਾਣੀਕਾਰਾਂ ਦੇ ਉਪਦੇਸ਼ ਤੋਂ ਭਾਵ ਕੇਵਲ ਕਿੱਤਾ ਜਾਂ ਧੰਦਾ ਕਰਨਾ ਨਹੀਂ ਬਲਕਿ ਸੁਕ੍ਰਿਤ, ਭਾਵ ਧਰਮ ਅਧਾਰਿਤ ਨੇਕ ਕਮਾਈ ਹੈ :

*ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ॥*[25]

ਅਜਿਹੀ ਉਪਜੀਵਕਾ, ਜਿਸ ਵਿੱਚ ਝੂਠ, ਠੱਗੀ, ਮਿਲਾਵਟ, ਧੋਖਾ ਅਤੇ ਹੋਰ ਅਜਿਹੇ ਢੰਗ, ਜਿੰਨ੍ਹਾਂ ਨਾਲ ਲੋਕਾਂ ਦਾ ਆਰਥਿਕ ਸ਼ੋਸ਼ਣ ਹੋਵੇ ਜਾਂ ਦੁੱਖ-ਤਕਲੀਫ ਪਹੁੰਚੇ ਆਦਿ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ। ਗੁਰਬਾਣੀ ਵਿੱਚ ਕਿਸੇ ਹੋਰ ਦੀ ਕਮਾਈ, ਮਿਹਨਤ ਅਤੇ ਹੱਕ ਖਾਣ ਨੂੰ, ਹਿੰਦੂ ਲਈ ਗਊ ਅਤੇ ਮੁਸਲਮਾਨ ਲਈ ਸੂਰ ਖਾਣ ਦੇ ਪਾਪ ਬਰਾਬਰ ਤੋਲਿਆ ਹੈ। ਅਜਿਹੇ ਪਾਪ ਕਰਨ ਵਾਲੇ ਮਨੁੱਖ ਦਾ ਗੁਰੂ ਜਾਂ ਪੀਰ ਵੀ ਉਸ ਦੀ ਗਵਾਹੀ ਨਹੀਂ ਭਰਦਾ :

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*

*ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥*[26]

ਗੁਰਬਾਣੀ ਵਿਚ ਆਪਣੇ ਸਿੱਖ ਨੂੰ ਪਰਿਵਾਰਿਕ ਅਤੇ ਸੰਸਾਰਿਕ ਜ਼ਿੰਮੇਵਾਰੀਆਂ ਨੂੰ ਤਿਆਗਣ ਦੀ ਬਜਾਏ ਸਗੋਂ ਸਖ਼ਤ ਮਿਹਨਤ ਅਤੇ ਈਮਾਨਦਾਰੀ ਭਰਪੂਰ ਜੀਵਨ ਬਤੀਤ ਕਰਨ ਦੀ ਹਦਾਇਤ ਕੀਤੀ ਹੈ। ਸਿੱਖ ਧਰਮ ਵਿੱਚ ਸੰਸਾਰਿਕ ਕਾਰ-ਵਿਹਾਰ ਨੂੰ ਚਲਾਉਣ ਲਈ ਨੈਤਿਕ ਕਦਰਾਂ-ਕੀਮਤਾਂ ਨੂੰ ਇੱਕ ਜਰੂਰੀ ਸ਼ਰਤ ਵਜੋਂ ਦਰਸਾਇਆ ਗਿਆ ਹੈ। **ਭਾਈ ਗੁਰਦਾਸ ਜੀ** ਨੇ ਵੀ ਆਪਣੀਆਂ ਵਾਰਾਂ ਵਿੱਚ ਸੁਕ੍ਰਿਤ ਸੰਬੰਧੀ ਵਰਣਨ ਕੀਤਾ ਹੈ :

*ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ।।*

*ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਲਾਵਣੁ ਕਾਰਿ ਕਰੇਹੀ।।*[27]

ਗੁਰਮਤਿ ਵਿੱਚ ਉਹਨਾਂ ਪਾਖੰਡੀ ਸਾਧੂ-ਸੰਤਾਂ ਦੀ ਨਿੰਦਿਆ ਕੀਤੀ ਗਈ ਹੈ, ਜੋ ਭੀਖ ਮੰਗ ਕੇ ਗ੍ਰਹਿਸਥੀਆਂ ਦੀ ਕਮਾਈ 'ਤੇ ਪਲਦੇ ਹਨ, ਅਤੇ ਆਪਣੇ ਹੱਥੀਂ ਕੋਈ ਕੰਮ-ਕਾਜ ਨਹੀਂ ਕਰਦੇ। ਅਜਿਹੇ ਲੋਕਾਂ ਸੰਬੰਧੀ **ਭਾਈ ਗੁਰਦਾਸ ਜੀ** ਫੁਰਮਾਉਂਦੇ ਹਨ :

*ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ*

*ਉਨਹੂ ਕੇ ਘਰਿ ਮੰਗਣਿ ਜਾਈ।।*[28]

ਭਾਵ ਅਜਿਹੇ ਤਿਆਗ ਦਾ ਕੀ ਫਾਇਦਾ ਹੈ, ਜੇ ਆਪਣੇ ਪੇਟ ਨੂੰ ਭਰਨ ਦੀ ਖਾਤਿਰ ਕਿਸੇ ਤੋਂ ਭੀਖ ਮੰਗਣ ਦੀ ਲੋੜ ਪਵੇ। ਗੁਰੂ ਨਾਨਕ ਸਾਹਿਬ ਦੀ ਪ੍ਰਤਿਭਾ ਦੀ ਸੱਚਾਈ ਇਸ ਵਿੱਚ ਹੈ, ਕਿ ਉਹਨਾਂ ਨੇ ਪ੍ਰਚਲਿਤ ਰਵਾਇਤਾਂ ਤੋਂ ਵੱਖਰੇ ਖੜ੍ਹੇ ਹੋ ਕੇ ਸੰਸਾਰਿਕ ਜੀਵਨ ਵਿੱਚ ਮਨੁੱਖ ਦੀਆਂ ਸੰਸਾਰਿਕ ਅਤੇ ਪਦਾਰਥਕ ਲੋੜਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਨਿਭਾਇਆ। ਉਹਨਾਂ ਨੇ ਲੰਮੇ ਸਮੇਂ ਪਿੱਛੋਂ ਲੋਕਾਂ ਨੂੰ ਕਰਮਕਾਡਾਂ ਦੇ ਜੰਜਾਲ ਵਿੱਚੋਂ ਕੱਢ ਕੇ 'ਆਰਥਿਕ ਪੱਖੋਂ ਨਿਰੋਲ ਸੰਤੁਲਿਤ ਜੀਵਨ' ਜਿਉਣ ਦਾ ਆਦਰਸ਼ ਦਿੱਤਾ। ਗੁਰੂ ਸਾਹਿਬ ਨੇ ਮਨੁੱਖ ਦੀਆਂ ਪਦਾਰਥਕ ਲੋੜਾਂ ਨੂੰ ਨਾ ਕੇਵਲ ਜਰੂਰੀ ਦੱਸਿਆ, ਬਲਕਿ ਪਵਿੱਤਰ ਕਹਿ ਕੇ ਸਤਿਕਾਰ ਵੀ ਦਿੱਤਾ :

*ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ।।*[29]

ਗੁਰਬਾਣੀ ਵਿਚ ਅਜਿਹੇ ਲੋਕਾਂ ਦੀ ਡੱਟ ਕੇ ਨਿਖੇਧੀ ਕੀਤੀ ਹੈ, ਜੋ ਜੀਵਨ ਦੀਆਂ ਬੁਨਿਆਦੀ ਲੋੜਾਂ ਨੂੰ ਅਧਿਆਤਮਿਕ ਰਸਤੇ ਦੀ ਰੁਕਾਵਟ ਸਮਝ ਕੇ ਕੋਸਦੇ ਸਨ, ਅਤੇ ਇਹਨਾਂ ਤੋਂ ਬਚਣ ਦਾ ਹਰ ਸੰਭਵ ਯਤਨ ਕਰਦੇ ਸਨ :

*ਅੰਨੁ ਨ ਖਾਇਆ ਸਾਦੁ ਗਵਾਇਆ।। ਬਹੁ ਦੁਖੁ ਪਾਇਆ ਦੂਜਾ ਭਾਇਆ।।*

*ਬਸਤ੍ਰ ਨ ਪਹਿਰੈ।। ਅਹਿਨਿਸਿ ਕਹਰੈ।।*[30]

ਗੁਰਬਾਣੀ ਵਿੱਚ ਇਸ ਗੱਲ ਨੂੰ ਸਪੱਸ਼ਟ ਤੌਰ 'ਤੇ ਸਵੀਕਾਰ ਕੀਤਾ ਹੈ ਕਿ ਅਧਿਆਤਮਿਕ ਤਰੱਕੀ ਲਈ ਮਨੁੱਖ ਦੀਆਂ ਸਰੀਰਕ ਲੋੜਾਂ ਦੀ ਤ੍ਰਿਪਤੀ ਅਤਿਅੰਤ ਜਰੂਰੀ ਹੈ। ਗੁਰਬਾਣੀ ਵਿੱਚ ਅਨੇਕਾਂ ਪ੍ਰਮਾਣ ਮਿਲਦੇ ਹਨ, ਜੋ ਇਸ ਤੱਥ ਦੀ ਪੁਸ਼ਟੀ ਕਰਦੇ ਹਨ :

- *ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ।।*[31]
- *ਭੂਖੇ ਭਗਤਿ ਨ ਕੀਜੈ।। ਯਹ ਮਾਲਾ ਅਪਨੀ ਲੀਜੈ।।*[32]
- *ਦਾਲਿ ਸੀਧਾ ਮਾਂਗਉ ਘੀਉ।। ਹਮਰਾ ਖੁਸੀ ਕਰੈ ਨਿਤ ਜੀਉ।।*[33]

## 3.1 ਸਿਧਾਂਤਕ ਪੱਖ

ਧਰਮ ਦਰਸ਼ਨ ਦੀ ਸਮੱਸਿਆ ਪਰਮਸੱਤਾ ਦੇ ਅੰਤਿਮ ਰੂਪ ਦੀ ਵਿਆਖਿਆ ਕਰਨਾ ਹੈ। ਵੱਖੋ-ਵੱਖਰੇ ਧਰਮਾਂ ਵਿਚ ਉਸ ਪਰਮਸੱਤਾ ਦੇ ਵੱਖੋ-ਵੱਖਰੇ ਸਰੂਪ ਨਿਰਧਾਰਿਤ ਕੀਤੇ ਗਏ ਹਨ, ਜਿਨ੍ਹਾਂ ਵਿਚੋਂ ਸਿੱਖ ਧਰਮ ਇਕ ਹੈ। ਸਿੱਖ ਧਰਮ ਦਾ ਮੂਲ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ, ਜਿਸ ਵਿਚ ਮਨੁੱਖ ਨੂੰ ਕਿਰਤੀ ਹੋਣ ਦਾ ਉਪਦੇਸ਼ ਦਿੱਤਾ ਗਿਆ ਹੈ, ਕਿਉਂਕਿ ਪਰਮਾਤਮਾ ਦੇ ਗੁਣ ਮਨੁੱਖ ਵਿਚ ਪ੍ਰਵਾਹਿਤ ਹੁੰਦੇ ਹਨ, ਇਸ ਲਈ ਉਹ ਪਰਮਾਤਮਾ ਵੀ ਕਰਤਾ ਪੁਰਖ ਹੈ। ਧਾਰਮਿਕ ਸਿਧਾਂਤਾਂ ਦੇ ਅਧਾਰ 'ਤੇ ਉਸ ਨਾਲ ਸੰਬੰਧਿਤ ਸਮਾਜਾਂ ਦੀ ਘਾੜਤ ਘੜੀ ਜਾਂਦੀ ਹੈ। ਇਸ ਤਰ੍ਹਾਂ ਪਰਮਾਤਮਾ ਦੇ ਕਿਰਤੀ ਰੂਪੀ ਗੁਣ ਸਦਕਾ ਸਿੱਖ ਧਰਮ ਦੇ ਸਿਧਾਂਤਾਂ ਨੇ ਇਕ ਕਿਰਤ ਭਰਪੂਰ ਸਮਾਜ ਦੀ ਸਿਰਜਣਾ ਕੀਤੀ।

ਕਿਰਤ ਦੇ ਪਰਿਪੇਖ ਵਿਚ 'ਕਰਤਾਪੁਰਖ' ਪਰਮਾਤਮਾ ਦਾ ਵਿਸ਼ੇਸ਼ ਲੱਛਣ ਹੈ, ਜਿਸ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਮੂਲਮੰਤਰ ਵਿਚ ਕੀਤਾ ਗਿਆ ਹੈ। ਜਿਸ ਵਿਚ ਇਹ ਦੱਸਿਆ ਗਿਆ ਹੈ, ਕਿ ਸ੍ਰਿਸ਼ਟੀ ਦੀ ਹਰੇਕ ਕ੍ਰਿਆ ਦਾ ਕਰਤਾ 'ਕਰਤਾ ਪੁਰਖ' ਹੈ। ਜਿਸ ਤੋਂ ਵੱਡਾ ਕਿਰਤੀ ਅਤੇ ਮਿਹਨਤੀ ਹੋਰ ਕੋਈ ਨਹੀਂ :

*ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ*

*ਤੁਧੁ ਜੇਵਡੁ ਅਵਰੁ ਨ ਕੋਈ।।*[34]

ਗੁਰਬਾਣੀ ਵਿਚ ਉਸ ਪਰਮਸੱਤਾ ਦੇ ਕਰਤਾ ਰੂਪ ਨੂੰ ਦਰਸਾਉਣ ਲਈ ਕਈ ਸ਼ਬਦ ਜਿਵੇਂ ਕਰਤਾ, ਕਰਤਾਰ, ਕਰਤਾਰਹ, ਕਰਤਾਰਹੁ, ਕਰਤਾਰਾ, ਕਰਤਾਰਿ, ਕਰਤਾਰੀ, ਕਰਤਾਰੁ, ਕਰਤਾਰੇ, ਕਰਤਾਰੈ, ਕਰਤਾਰੋ ਆਦਿ ਦਾ ਵਰਣਨ ਮਿਲਦਾ ਹੈ। 'ਕਰਤਾਰ' ਦੀ ਮੁੱਖ ਬਿਰਤੀ ਹੀ 'ਕਰਤਾਰੀ' ਹੈ। 'ਕਰਤਾਰੀ' ਦਾ ਭਾਵ 'ਰਚਨਾ ਕਰਨ ਵਾਲੀ ਬਿਰਤੀ' ਹੈ, 'ਘੜਨ-ਉਸਾਰਨ ਦੀ ਬਿਰਤੀ' ਹੈ। ਇਹ ਨਿੱਤ ਉੱਨਤੀ ਕਰਨ ਦੀ ਬਿਰਤੀ ਹੈ, ਨਵ ਵਿਕਾਸ ਦੀ ਬਿਰਤੀ ਹੈ, ਅੱਗੇ ਵਧਣ ਦੀ ਲਗਨ ਹੈ। 'ਕਰਤਾਰੀ ਬਿਰਤੀ' 'ਕਿਰਤੀ' ਦੀ ਬਿਰਤੀ ਹੈ, ਵਿਹਲੜ ਦੀ ਨਹੀਂ।[35] ਸਮੁੱਚੀ ਸ੍ਰਿਸ਼ਟੀ ਦਾ ਸਿਰਜਣਹਾਰ ਉਹ ਆਪ ਹੀ ਹੈ :

*ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ।।*[36]

ਉਸ ਕਰਤਾ ਪੁਰਖ ਦੀ ਸਮੁੱਚੀ ਰਚਨਾ ਵਿਚੋਂ ਮਨੁੱਖ ਉਸ ਦੀ ਰਚਨਾ ਦਾ ਸਭ ਤੋਂ ਉਤਮ ਸੋਮਾ ਹੈ। ਜਿਸ ਨੂੰ ਹੋਰ ਜੀਵਾਂ ਦਾ ਸਰਦਾਰ ਕਹਿ ਕੇ ਸੰਬੋਧਿਤ ਕੀਤਾ ਗਿਆ ਹੈ :

*ਅਵਰ ਜੋਨਿ ਤੇਰੀ ਪਨਿਹਾਰੀ।।*
*ਇਸ ਧਰਤੀ ਮਹਿ ਤੇਰੀ ਸਿਕਦਾਰੀ।।*[37]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੁੱਚੇ ਸੰਸਾਰ ਨੂੰ ਉਸ ਕਰਤੇ ਦੀ ਸੱਚੀ ਕਿਰਤ ਦੱਸ ਕੇ, ਮਨੁੱਖ ਨੂੰ ਸੱਚੇ ਕਿਰਤੀ ਵਜੋਂ ਉਸ ਦੀ ਰਚਨਾ ਵਿਚ ਕ੍ਰਿਆਸ਼ੀਲ ਹੋਣ ਦਾ ਉਪਦੇਸ਼ ਦਿੱਤਾ ਗਿਆ ਹੈ। ਕਿਰਤੀ ਹੋਣ ਦੇ ਰੂਪ ਵਿਚ ਮਨੁੱਖ ਦੁਆਰਾ ਕੀਤੀ ਜਾਣ ਵਾਲੀ ਕਿਰਤ ਦਾ ਈਮਾਨ ਤੇ ਅਧਾਰਿਤ ਹੋਣਾ ਲਾਜ਼ਮੀ ਹੈ। **ਮਹਾਨ ਕੋਸ਼** ਵਿਚ ਕਿਰਤ ਦੇ ਅਰਥ ਕਰਮ, ਕੰਮ ਕੀਤੇ ਗਏ ਹਨ।[38] ਗੁਰਬਾਣੀ ਵਿਚ ਸੁਚੱਜੀ ਕਿਰਤ ਨੂੰ ਦਰਸਾਉਂਦਿਆਂ ਹੋਇਆ 'ਸੁਕ੍ਰਿਤ' ਦੀ ਵਰਤੋਂ ਕੀਤੀ ਗਈ ਹੈ। ਸੁਕ੍ਰਿਤ ਤੋਂ ਭਾਵ ਪੁੰਨਕਰਮ, ਚੰਗਾ ਕੀਤਾ ਹੋਇਆ ਕੰਮ।[39] ਸੁਕ੍ਰਿਤ ਤੋਂ ਭਾਵ ਚੰਗੀ ਕਿਰਤ ਅਤੇ ਦੁਕ੍ਰਿਤ ਤੋਂ ਭਾਵ, ਮਾੜੀ ਕਿਰਤ ਹੈ। ਸ੍ਰੀ ਦਸਮ ਗ੍ਰੰਥ ਵਿਚ ਮੰਦੀ ਕਿਰਤ ਲਈ ਕੁਕ੍ਰਿਤ ਲਫ਼ਜ ਦੀ ਵਰਤੋਂ ਵੀ ਕੀਤੀ ਗਈ ਹੈ :

*ਕੁਕ੍ਰਿਤ ਕਰਮ ਜੇ ਜਗ ਮੈ ਕਰਹੀ।।*
*ਨਾਮ ਅਸੁਰ ਤਿਨਕੋ ਸਭ ਧਰ ਹੀ।।*[40]

ਭਾਈ ਗੁਰਦਾਸ ਜੀ ਨੇ ਵੀ ਸੁਚੱਜੀ ਕਿਰਤ ਦੇ ਉਪਦੇਸ਼ ਨੂੰ ਸੁਕ੍ਰਿਤ ਕਹਿ ਕੇ ਦ੍ਰਿੜ ਕਰਵਾਉਂਦਿਆਂ ਉਪਦੇਸ਼ ਦਿਤਾ ਹੈ :

*ਜੈਸੇ ਕੋਟਿ ਭਾਰਿ ਤੂਲਿ ਰੰਚਕ ਚਿਨਗ ਪਰੇ*
*ਹੋਤ ਭਸਮਾਤ ਛਿਨ ਮੈ ਅਕਰਖਨ ਕੀ।*
*ਤੈਸੇ ਪਰ ਤਨ ਧਨ ਦੂਖਨਾ ਬਿਕਾਰ ਕੀਏ*
*ਹਰੈ ਨਿਧਿ ਸੁਕ੍ਰਤ ਸਹਜ ਹਰਖਨ ਕੀ।।*[41]

ਮਨੁੱਖੀ ਕਰਮਾਂ ਉਪਰ ਵਿਚਾਰ ਕਰਨ ਲਈ ਦੋ ਪੱਖਾਂ ਦਾ ਹੋਣਾ ਜਰੂਰੀ ਹੈ, ਤਾਂ ਹੀ ਆਪਸੀ ਨਿਰੀਖਣ ਕਰਕੇ ਸਹੀ ਕਰਮ ਨੂੰ ਸਾਹਮਣੇ ਲਿਆਂਦਾ ਜਾ ਸਕਦਾ ਹੈ। ਇਸ ਲਈ ਗੁਰਬਾਣੀ ਵਿਚ ਦੁਕ੍ਰਿਤ (ਮਾੜੇ ਕਰਮ) ਅਤੇ ਸੁਕ੍ਰਿਤ (ਚੰਗੇ ਕਰਮ), ਇਨ੍ਹਾਂ ਦੋ ਪੱਖਾਂ ਉਪਰ ਵਿਚਾਰ ਕੀਤੀ ਗਈ ਹੈ ਅਤੇ ਮਨੁੱਖ ਨੂੰ ਇਨ੍ਹਾਂ ਦੋਨਾਂ ਪ੍ਰਤੀ ਸੁਚੇਤ ਹੋ ਕੇ ਚੰਗੇ ਕੰਮਾਂ ਨੂੰ ਧਾਰਨ ਕਰਨ ਅਤੇ ਮਾੜੇ ਕੰਮਾਂ ਨੂੰ ਤਿਆਗਣ ਲਈ ਪ੍ਰੇਰਿਆ ਹੈ। ਗੁਰਬਾਣੀ ਅਨੁਸਾਰ ਸਾਰਾ ਸੰਸਾਰ ਮੰਦੇ ਅਤੇ ਸ਼੍ਰੇਸ਼ਟ ਕਰਮਾਂ ਵਿਚ ਉਲਝਿਆ ਹੋਇਆ ਹੈ :

- *ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ।।*[42]
- *ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ।।*[43]

ਗੁਰਬਾਣੀ ਮਨੁੱਖ ਨੂੰ ਹਰ ਪ੍ਰਕਾਰ ਦੇ ਮਾੜੇ ਕੰਮਾਂ ਤੋਂ ਵਰਜ ਕੇ ਚੰਗੇ ਕਰਮਾਂ ਨੂੰ ਗ੍ਰਹਿਣ ਕਰਕੇ ਉਸਨੂੰ ਸੁਕ੍ਰਿਤ ਵਿਚ ਤਬਦੀਲ ਕਰਨ ਲਈ ਪ੍ਰੇਰਦੀ ਹੈ। ਕਿਉਂਕਿ ਇਹ ਸੱਚ ਹੈ, ਕਿ ਸੁਕ੍ਰਿਤ ਭਾਵ ਨੇਕ ਕਮਾਈ ਹੀ ਮਨੁੱਖ ਦੇ ਨਾਲ ਨਿਭਦੀ ਹੈ। ਨੇਕ ਕਮਾਈ ਨੂੰ ਕਮਾਉਣ ਦਾ ਮੌਕਾ ਦੁਬਾਰਾ ਛੇਤੀ ਨਹੀਂ ਮਿਲਦਾ :

*ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ।।*[44]

ਨੇਕ ਕਮਾਈ ਕਰਨ ਵਾਲਾ ਮਨੁੱਖ ਜਦੋਂ ਅਧਿਆਤਮਿਕ ਰਸਤੇ ਉਪਰ ਤੁਰਦਾ ਹੈ ਤਾਂ ਉਸਨੂੰ ਦੋਜ਼ਕ ਤੋਂ ਛੁਟਕਾਰਾ ਮਿਲ ਜਾਂਦਾ ਹੈ।[45] ਅਸਲ ਵਿਚ ਨੇਕ ਕਮਾਈ ਨਾਲ ਹੀ ਸੁੱਖ ਮਿਲਦਾ ਹੈ।[46] ਹਰ ਵੇਲੇ ਪਰਮਾਤਮਾ ਦੀ ਯਾਦ ਵਿਚ ਜੁੜ ਕੇ ਨੇਕ ਕਮਾਈ ਕਰਨਾ ਹੀ ਸ਼੍ਰੇਸ਼ਟ ਕਰਮ ਹੈ[47] :

*ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੁੜੀਏ ਹਰਿ ਕੀਰਤਿ*
*ਹਰਿ ਮਨਿ ਧਾਰੇ ਰਾਮ।।*[48]

ਨੇਕ ਕਮਾਈ ਕਰਨ ਵੇਲੇ ਸੰਗ ਸ਼ਰਮ ਮਹਿਸੂਸ ਨਹੀਂ ਕਰਨੀ ਚਾਹੀਦੀ।[49] ਕਿਉਂਕਿ ਨੇਕੀ ਜਾਂ ਸੱਚਾ ਵਣਜ ਉਹੀ ਕਰਦਾ ਹੈ ਜੋ ਗੁਰੂ ਦੇ ਹੁਕਮ ਵਿਚ ਰਹਿੰਦਾ ਹੈ :

ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ।।[50]

ਈਮਾਨ ਉਪਰ ਅਧਾਰਿਤ ਕਿਰਤ ਵਿਚ ਝੂਠ ਜਾਂ ਛਲ ਨਹੀਂ ਹੁੰਦਾ। ਮਨੁੱਖ ਦੁਆਰਾ ਬਿਨ੍ਹਾਂ ਮਿਹਨਤ ਕੀਤੇ ਕਮਾਈ ਵਿਚੋਂ ਵੱਧ ਮੁਨਾਫ਼ਾ ਲੈਣਾ, ਜਾਂ ਵੱਧ ਕੰਮ ਦਾ ਘੱਟ ਮੁਨਾਫ਼ਾ ਦੇਣਾ ਪਾਪ ਹੈ। ਦਾਨ-ਪੁੰਨ ਦੀ ਬਜਾਏ ਛਲ-ਕਪਟ ਦੁਆਰਾ ਕਿਸੇ ਦਾ ਆਰਥਿਕ ਸ਼ੋਸ਼ਣ ਕਰਨ ਵਾਲਾ ਸਜ਼ਾ ਦੇ ਲਾਇਕ ਹੈ। **ਭਾਈ ਨੰਦ ਲਾਲ ਜੀ** ਸੁਕ੍ਰਿਤ ਬਾਰੇ ਲਿਖਦੇ ਹੋਏ ਕਹਿੰਦੇ ਹਨ :

*ਗੋਲਕ ਰਾਖਹਿ ਨਾਹਿ ਜੋ ਛਲ ਕਾ ਕਰਹਿ ਵਪਾਰ।।*
*ਕਹੈ ਗੋਬਿੰਦ ਸਿੰਘ ਲਾਲ ਜੀ, ਭੋਗੇਹਿ ਨਰਕ ਹਜ਼ਾਰ।।੨੧।।*[51]

### 3.1.1 ਸੁਕ੍ਰਿਤ (ਗੁਰਮੁਖ)

ਸੱਚ ਨਾਲ ਕਮਾਈ ਉਪਜੀਵਿਕਾ ਅਤੇ ਸਮਾਜਿਕ ਸਹਿਯੋਗ ਮਨੁੱਖ ਨੂੰ ਅਧਿਆਤਮਿਕ ਰਸਤੇ ਉਪਰ ਤੁਰਨ ਵਿਚ ਸਹਿਯੋਗੀ ਬਣਾਉਂਦਾ ਹੈ। ਕਿਉਂਕਿ ਸੱਚਾ ਅਧਿਆਤਮਿਕ ਉਹੀ ਹੈ, ਜੋ ਆਪਣੀਆਂ ਨਿੱਜੀ ਲੋੜਾਂ ਦੀ ਪੂਰਤੀ ਤੱਕ ਸੀਮਿਤ ਨਾ ਰਹਿ ਕੇ ਸਮੁੱਚੀ ਮਾਨਵਤਾ ਦੀ ਸੇਵਾ ਅਤੇ ਫਰਜ਼ਾਂ ਪ੍ਰਤੀ ਸੁਚੇਤ ਰਹੇ। ਗੁਰਬਾਣੀ ਮਨੁੱਖ ਨੂੰ ਉੱਦਮੀ ਜੀਵਨ ਜਿਉਣ ਦਾ ਉਪਦੇਸ਼ ਦਿੰਦੀ ਹੈ। ਉੱਦਮੀ ਜੀਵਨ ਦਾ ਸੰਦੇਸ਼ ਕੇਵਲ ਨਿੱਜੀ ਜੀਵਨ ਤੱਕ ਸੀਮਿਤ ਨਾ ਹੋ ਕੇ, ਸਮਾਜਿਕ ਪੱਖੋਂ ਸਮੁੱਚੀ ਮਾਨਵਤਾ ਦੀ ਭਲਾਈ ਲਈ ਹੈ। ਸੁਚੱਜੀ ਕਿਰਤ ਕਮਾਈ ਉਹ ਕਰਦਾ ਹੈ, ਜਿਸ ਨੂੰ ਪਰਮਾਤਮਾ ਦੁਆਰਾ ਦਿੱਤੀ ਸਜ਼ਾ ਦਾ ਡਰ ਜਾਂ ਭੈਅ ਹੋਵੇ। ਪਰਮਾਤਮਾ ਦੇ ਸੱਚੇ ਨਾਮ ਦੇ ਸਹਾਰੇ, ਸੁਚੱਜੀ ਕਿਰਤ ਕਰਕੇ, ਮਾਨਵਤਾ ਦੀ ਸੇਵਾ ਕਰਨ ਵਾਲਾ ਮਨੁੱਖ ਗੁਰਮੁਖ ਹੈ। ਕਿਰਤ ਕਰਕੇ, ਨਾਮ ਜਪਣਾ ਅਤੇ ਵੰਡ ਕੇ ਛਕਣ ਦੇ ਗੁਣ ਇਕ ਸੱਚੇ ਸਿੱਖ ਦੀ ਨਿਸ਼ਾਨਦੇਹੀ ਹਨ। ਦਸਵੰਧ ਤੋਂ ਭਾਵ ਹੀ ਇਹ ਹੈ ਕਿ ਕੀਤੀ ਕਿਰਤ-ਕਮਾਈ ਵਿਚੋਂ ਦਸਵਾਂ ਹਿੱਸਾ, ਧਰਮ, ਕੌਮ ਅਤੇ ਮਨੁੱਖਤਾ ਦੀ ਭਲਾਈ ਦੇ ਲੇਖੇ ਲਾਉਣਾ :

*ਦਸਵੰਧ ਗੁਰੂ ਨਹੀ ਦੇਵਹੀ ਝੂਠ ਬੋਲਿ ਜੋ ਖਾਇ।।*
*ਕਹਿ ਗੋਬਿੰਦ ਸਿੰਘ ਲਾਲ ਜੀ, ਤਿਸ ਕਾ ਕਛੂ ਨ ਬਿਸਾਹੁ।।੧੪।।*[52]

ਵੰਡ ਕੇ ਛਕਣ ਨਾਲ ਕੀਤੀ ਕਿਰਤ-ਕਮਾਈ ਵਿਚ ਬਰਕਤ ਪੈਂਦੀ ਹੈ, ਕਦੇ ਤੋਟ ਨਹੀਂ ਆਉਂਦੀ। ਇਹ ਸਿਧਾਂਤ ਆਰਥਿਕ ਤੌਰ ਤੇ ਕਮਜ਼ੋਰ ਲੋਕਾਂ ਦੀ ਮਦਦ ਲਈ ਹੈ ਅਤੇ ਮਨੁੱਖਤਾ ਦੀ ਭਲਾਈ ਦਾ ਉਤਮ ਗੁਣ ਹੈ। ਇਸ ਨਾਲ ਮਨੁੱਖਤਾ ਵਿਚ ਸਮਾਜਿਕ ਅਤੇ ਆਰਥਿਕ ਬਰਾਬਰੀ ਵੀ ਲਿਆਉਣਾ ਹੈ। ਗੁਰਮਤਿ ਵਿਚ ਵੰਡ ਛਕਣ ਦੀ ਭਾਵਨਾ ਪਿੱਛੇ ਕਿਸੇ ਨਿੱਜੀ ਸੁਆਰਥ ਦੀ ਭਾਵਨਾ ਜਾਂ ਕਿਸੇ ਫਾਇਦੇ ਦੀ ਭਾਵਨਾ ਨਹੀਂ ਹੁੰਦੀ। ਬਲਕਿ ਸਮੁੱਚੀ ਲੋਕਾਈ ਨੂੰ ਪਰਮਾਤਮਾ ਦਾ ਰੂਪ ਜਾਣ ਕੇ ਸੇਵਾ ਅਤੇ ਪਰਉਪਕਾਰ ਦੀ ਭਾਵਨਾ ਕੰਮ ਕਰ ਰਹੀ ਹੁੰਦੀ ਹੈ। ਗੁਰਬਾਣੀ ਅਨੁਸਾਰ ਵੰਡ ਛਕਣ ਵਾਲਿਆਂ ਦੇ ਭੰਡਾਰੇ ਘਟਣ ਦੀ ਬਜਾਏ ਵਧਦੇ ਰਹਿੰਦੇ ਹਨ :

*ਖਾਵਹਿ ਖਰਚਹਿ ਰਲਿ ਮਿਲਿ ਭਾਈ।।*
*ਤੋਟਿ ਨ ਆਵੈ ਵਧਦੋ ਜਾਈ।।*[53]

ਸੱਚ ਤੇ ਅਧਾਰਿਤ ਕੀਤੀ ਕਮਾਈ ਵਿਚ ਕਦੇ ਘਾਟਾ ਨਹੀਂ ਪੈਂਦਾ, ਸਗੋਂ ਨਫ਼ਾ ਹੀ ਹੁੰਦਾ ਹੈ।[54] ਗੁਰਬਾਣੀ ਵਿਚ ਸੱਚਾ ਧਨ ਕੇਵਲ ਪਰਮਾਤਮਾ ਦੇ ਨਾਮ ਨੂੰ ਕਿਹਾ ਹੈ। ਜੋ ਮਨੁੱਖ ਸੱਚੇ ਧਨ ਨੂੰ ਇਕੱਤਰ ਕਰਨ ਦੀ ਜਗਿਆਸਾ ਰੱਖਦਾ ਹੋਵੇ, ਉਹ ਆਪਣੀ ਦੁਨਿਆਵੀ ਕਿਰਤ ਵਿਚ ਵੀ ਝੂਠ ਦੀ ਕੋਈ ਬੁਨਿਆਦ ਨਹੀਂ ਰਹਿੰਣ ਦਿੰਦਾ। ਅਜਿਹਾ ਮਨੁੱਖ ਸੱਚੀ ਦੌਲਤ ਨੂੰ ਹਾਸਿਲ ਕਰਕੇ ਸਦੀਵੀ ਖੁਸ਼ੀ ਦਾ ਪਾਤਰ ਬਣਦਾ ਹੈ।[55] ਝੂਠ ਵਿਚੋਂ ਸੱਚ ਦੀ ਚੋਣ ਕਰਨਾ ਆਪਣੇ ਆਪ ਵਿਚ ਇਕ ਉੱਤਮ ਗੁਣ ਹੈ, ਜੋ ਕਿ ਗੁਰਮੁਖ ਦੇ ਹਿੱਸੇ ਆਉਂਦਾ ਹੈ।[56] ਉਹ ਗੁਰੂ ਦੀ ਮੱਤ ਲੈ ਕੇ ਸੱਚੀ ਕਾਰ ਦੁਆਰਾ ਸਦੀਵੀਂ ਸੱਚ ਨੂੰ ਪਰਾਪਤ ਕਰਦਾ ਹੈ :

*ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ।।*[57]

ਕਿਉਂ ਜੋ ਪਰਮਾਤਮਾ ਖੁਦ ਗੁਣਾਂ ਵਿਚ ਵਿਦਮਾਨ ਹੁੰਦਾ ਹੈ। ਇਸ ਲਈ ਉਹ ਸੱਚੀ ਕਮਾਈ ਜਾਂ ਕਾਰ ਕਰਨ ਦਾ ਉਪਦੇਸ਼ ਦਿੰਦਾ ਹੈ, ਕਿਉਂਕਿ ਉਸ ਸੱਚ ਰੂਪੀ ਦੈਵੀ ਸੱਤਾ ਦੁਆਰਾ ਹੋਣ ਵਾਲੀ ਕਿਰਤ ਵੀ ਸੱਚ ਉਪਰ ਹੀ ਅਧਾਰਿਤ ਹੈ।[58] ਉਸ ਦੇ ਉਪਦੇਸ਼ ਵਿਚ ਚਲ ਕੇ ਸੁਕਰਮ ਭਾਵ ਸ੍ਰੇਸ਼ਟ ਕਰਮ ਕਰਨ ਵਾਲੇ ਮਨੁੱਖ ਵਡਿਆਈ ਜਾਂ ਆਦਰ ਹਾਸਿਲ ਕਰਦੇ ਹਨ।[59] ਕਿਉਂਕਿ ਜਿੱਥੇ ਲੇਖਾਂ ਦਾ ਹਿਸਾਬ-ਕਿਤਾਬ ਹੁੰਦਾ ਹੈ, ਉਥੇ ਸੱਚ ਦੀ ਕਮਾਈ

ਦੁਆਰਾ ਹੀ ਬੰਦ-ਖਲਾਸੀ ਮਿਲਦੀ ਹੈ।[60] ਗੁਰੂ ਨਾਨਕ ਦੇਵ ਜੀ ਨੇ ਭਗਤੀ ਦੇ ਬਹਾਨੇ ਕਿਰਤ-ਕਮਾਈ ਅਤੇ ਗ੍ਰਿਹਸਥੀ ਜੀਵਨ ਦੀਆਂ ਜ਼ਿੰਮੇਵਾਰੀਆਂ ਤੋਂ ਮੁਨਕਰ ਹੋਣ ਵਾਲੇ ਲੋਕਾਂ ਦੀ ਨਿਖੇਧੀ ਕੀਤੀ।

ਗੁਰੂ ਜੀ ਦੀ ਭਗਤੀ ਅਸਲ ਵਿਚ ਜੀਵਨ-ਵਿਹੂਣੀ ਨ ਹੋ ਕੇ ਜੀਵਨਮਈ ਹੈ।[61] ਧਰਮ ਦੇ ਨਾਮ ਤੇ ਹੋ ਰਹੇ ਪਾਖੰਡਾਂ ਤੋਂ ਗੁਰੂ ਸਾਹਿਬ ਨੇ ਪਰਦਾ ਚੁੱਕਿਆ ਅਤੇ ਉਪਦੇਸ਼ ਦਿੱਤਾ ਕਿ ਸੱਚਾ ਧਰਮੀ ਉਹ ਹੈ, ਜੋ ਆਪਣੇ ਪਰਿਵਾਰ ਅਤੇ ਸੰਸਾਰ ਪ੍ਰਤੀ ਨਿਭਾਏ ਜਾਣ ਵਾਲੇ ਫ਼ਰਜ਼ਾਂ ਪ੍ਰਤੀ ਸੁਚੇਤ ਹੋ ਕੇ ਕਿਰਤ ਕਰੇ, ਪਰਮਾਤਮਾ ਨੂੰ ਯਾਦ ਰੱਖੇ ਅਤੇ ਕਿਰਤ ਕਮਾਈ ਵਿਚੋਂ ਦਸਵਾਂ ਹਿੱਸਾ ਲੋੜਵੰਦਾਂ ਲਈ ਰੱਖੇ। ਗੁਰੂ ਨਾਨਕ ਸਾਹਿਬ ਨੇ ਚੇਤੰਨ ਤੌਰ 'ਤੇ ਕਿਰਤ ਤੇ ਕੀਰਤਨ ਨੂੰ ਜੋੜ ਕੇ ਇਕ ਨਵੀਂ ਕ੍ਰਾਂਤੀ ਦਾ ਮੁੱਢ ਰੱਖ ਦਿੱਤਾ।[62]

ਕਿਰਤ ਜਿੱਥੇ ਮਨੁੱਖ ਨੂੰ ਆਤਮਿਕ ਖੁਸ਼ੀ ਪ੍ਰਦਾਨ ਕਰਦੀ ਹੈ, ਉਥੇ ਕਿਰਤੀ ਭਾਵ ਉਦਮੀ ਮਨੁੱਖ ਸਰੀਰਕ ਪੱਖੋਂ ਵੀ ਤੰਦਰੁਸਤ ਅਤੇ ਰਿਸ਼ਟ ਪੁਸ਼ਟ ਰਹਿੰਦਾ ਹੈ। ਵਿਹਲੜ ਅਤੇ ਕਿਰਤਹੀਣ ਸੁਸਤ, ਬਿਮਾਰ ਅਤੇ ਚਿੜਚਿੜੇ ਹੋ ਜਾਂਦੇ ਹਨ। ਕੰਮ, ਕਿਰਤ ਜਾਂ ਉਸਾਰੂ ਹਰਕਤ 'ਚ ਰੱਖਣ ਤੋਂ ਬਗ਼ੈਰ ਕੁਦਰਤ ਦੀ ਇਹ ਸਰਬ-ਉੱਤਮ ਸਿਰਜਣਾ ਮਨੁੱਖੀ ਦੇਹ ਵੀ ਦੂਜਿਆਂ ਵਰਤੋਂ 'ਚ ਨਾ ਲਿਆਉਣ ਵਾਲੀਆਂ ਮਸ਼ੀਨਾਂ ਵਾਂਗ ਬਹੁਤੀ ਦੇਰ ਠੀਕ ਹਾਲਤ 'ਚ ਨਹੀਂ ਰਹਿ ਸਕਦੀ।[63]

ਸੁਚੱਜੀ ਕਿਰਤ ਉਹ ਹੈ ਜਿਸ ਵਿਚ ਪਰਾਏ ਧਨ ਨੂੰ ਹੜੱਪਣ ਦੀ ਥਾਂ, ਉਸ ਦੀ ਰੱਖਿਆ ਕਰਨ ਪ੍ਰਤੀ ਜ਼ਿੰਮੇਵਾਰੀ ਹੋਵੇ। ਗੁਰਮਤਿ ਵਿਚ ਜੀਵਨ ਦਾ ਅਸਲੀ ਰਾਹ ਮਨੁੱਖ ਨੂੰ ਨੇਕ ਆਚਰਣ ਵਿਚੋਂ ਲੱਭਦਾ ਹੈ। **ਭਾਈ ਦਯਾ ਸਿੰਘ ਜੀ** ਦੇ ਰਹਿਤਨਾਮੇ ਵਿਚੋਂ ਉਪਦੇਸ਼ ਮਿਲਦਾ ਹੈ ਕਿ, ''ਪਾਂਚ ਕਰਮ ਨ ਕਰੇ ਜੋ ਜੀਵਨ-ਮੁਕਤ ਹੈ-ਪਰਧਨ, ਪਰ-ਇਸਤ੍ਰੀ, ਪਰਨਿੰਦਾ, ਜੂਆ, ਮਦਰਾ।[64] ਪਰਮਾਤਮਾ ਦੇ ਨਾਮ ਨੂੰ ਅਧਾਰ ਬਣਾਉਣ ਵਾਲੇ ਸੁਚੱਜੀ ਕਿਰਤ ਦੁਆਰਾ ਸ਼ਾਹੂਕਾਰ ਅਤੇ ਦੌਲਤਮੰਦ ਹੁੰਦੇ ਹਨ।[65] ਸਚਿਆਰੀ ਕਿਰਤ ਦੁਆਰਾ ਸੱਚ ਰੂਪੀ ਪਰਮਾਤਮਾ ਵਿਚ ਹੀ ਸਮਾਂ ਜਾਂਦੇ ਹਨ।[66] ਸੁਚੱਜੇ ਕਰਮਾਂ ਦੀ ਬਦੌਲਤ ਹੀ ਮਨੁੱਖੀ ਜਾਮਾਂ ਮਿਲਦਾ ਹੈ ਅਤੇ ਕਿਰਤ ਦਾ ਸੁਭਾਗ ਪ੍ਰਾਪਤ ਹੁੰਦਾ ਹੈ।[67] ਸ਼ੁੱਭ ਅਮਲਾਂ ਜਾਂ ਸ੍ਰੇਸ਼ਟ ਕਰਮਾਂ ਦੁਆਰਾ ਹੀ ਉਹ ਸੱਚੇ ਘਰ ਦਾ ਭੇਤੀ ਬਣਦਾ ਹੈ।[68] ਸੱਚ ਅਧਾਰਿਤ ਇਕੱਠੀ ਕੀਤੀ ਜਾਣ

ਵਾਲੀ ਪੂੰਜੀ ਜਾਂ ਸਰਮਾਇਆ ਹੀ ਮਨੁੱਖ ਨੂੰ ਸੰਜਮੀ ਬਣਾਉਂਦਾ ਹੈ।[69] ਸੱਚ ਦੁਆਰਾ ਖੱਟੀ ਕਮਾਈ ਹੀ ਉਸ ਦੀ ਸੱਚੀ ਪੂੰਜੀ ਹੁੰਦੀ ਹੈ, ਜਿਸ ਦੁਆਰਾ ਉਸਨੂੰ ਸਦਾ ਕਾਇਮ ਰਹਿਣ ਵਾਲੀ ਸ਼ੋਭਾ ਪ੍ਰਾਪਤ ਹੁੰਦੀ ਹੈ :

*ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ॥*[70]

ਨਿਰਮਲ ਭਾਵ ਮੈਲ ਰਹਿਤ ਜਾਂ ਖੋਟ ਰਹਿਤ ਕਮਾਈ ਦੁਆਰਾ ਹੀ ਸੱਚੀ ਰੀਤ ਜਾਂ ਮਰਿਯਾਦਾ ਨਿਰਧਾਰਿਤ ਹੁੰਦੀ ਹੈ ਅਤੇ ਵਿਕਾਰਾਂ ਤੋਂ ਰਹਿਤ ਅਡੋਲ ਅਵਸਥਾ ਹਾਸਿਲ ਹੁੰਦੀ ਹੈ।[71] ਅਸਲ ਵਿਚ ਪਵਿੱਤਰ ਅਮਲ ਹੀ ਸੰਸਾਰ ਰੂਪੀ ਸਮੁੰਦਰ ਨੂੰ ਪਾਰ ਕਰਨ ਦਾ ਉਤਮ ਸਾਧਨ ਹਨ। ਕਿਉਂਕਿ ਲਾਲਚ ਵਿਚ ਫਸ ਕੇ ਪਾਏ ਜੰਜਾਲ ਮਨੁੱਖ ਦੇ ਕਿਸੇ ਕੰਮ ਨਹੀਂ ਆਉਂਦੇ :

*ਮਨ ਨਿਰਮਲ ਕਰਮ ਕਰਿ ਤਾਰਨ ਤਰਨ ਹਰਿ ਅਵਰਿ ਜੰਜਾਲ*
*ਤੇਰੈ ਕਾਹੂ ਨ ਕਾਮ ਜੀਉ॥*[72]

ਕਿਸੇ ਨਾਲ ਦੁਬਿਧਾ ਜਾਂ ਦਵੈਤ ਭਾਵ ਰੱਖ ਕੇ ਕਪਟ ਨਹੀਂ ਕਰਨਾ ਚਾਹੀਦਾ। ਗੁਰਬਾਣੀ ਅਨੁਸਾਰ ਅਜਿਹੀ ਦਵੈਤ ਭਾਵਨਾ ਨੂੰ ਮਾਰਨਾ ਹੀ ਸੁਚੱਜੇ ਜੀਵਨ ਦੀ ਸੁਚੱਜੀ ਜੁਗਤੀ ਹੈ।[73] ਸੱਚ ਬੋਲ ਕੇ ਹੱਕ ਦੀ ਕਮਾਈ ਦੁਆਰਾ ਸਰਬੱਤ ਦਾ ਭਲਾ ਮੰਗਣਾ ਹੀ ਸੱਚੀਆਂ ਧਾਰਮਿਕ ਕ੍ਰਿਆਵਾਂ ਹਨ :

*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥*[74]

ਗੁਰਬਾਣੀ ਅਨੁਸਾਰ ਮਨੁੱਖ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਲਈ ਉਦਮੀ ਹੋਣਾ ਜ਼ਰੂਰੀ ਹੈ, ਪਰ ਸ਼ਰਤ ਇਹ ਹੈ ਕਿ ਇਹ ਲੋੜਾਂ ਇੱਛਾਵਾਂ ਜਾਂ ਤ੍ਰਿਸ਼ਨਾਵਾਂ ਦਾ ਰੂਪ ਧਾਰਨ ਨਾ ਕਰਨ। ਮਨੁੱਖੀ ਲੋੜਾਂ ਦੀ ਪੂਰਤੀ ਲਈ ਕੀਤਾ ਕੰਮ ਸੁਕ੍ਰਿਤ ਹੈ। ਜਦੋਂ ਕਿ ਇੱਛਾਵਾਂ ਅਤੇ ਤ੍ਰਿਸ਼ਨਾਵਾਂ ਨੂੰ ਪੂਰਾ ਕਰਨ ਲਈ ਕੀਤਾ ਕੰਮ ਸੰਸਾਰੀ ਧੰਦਾ ਅਖਵਾਉਂਦਾ ਹੈ। ਜਿਸ ਵਿਚ ਉਲਝ ਕੇ ਮਨੁੱਖ ਨੇਕੀ ਕਮਾਉਣ ਦਾ ਕੀਮਤੀ ਸਮਾਂ ਗਵਾ ਲੈਂਦਾ ਹੈ :

*ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ*
*ਸੁਖਦਾਤਾ ਮਨਿ ਨ ਵਸਾਇਆ॥*[75]

ਧਰਮ, ਅਰਥ ਅਤੇ ਕਾਮ ਲਈ **ਡਾ. ਮਦਨ ਗੋਪਾਲ ਆਚਾਰੀਆ** ਨੇ ਤ੍ਰਿਗੜਾ ਲਫ਼ਜ਼ ਦੀ ਵਰਤੋਂ ਕੀਤੀ ਹੈ। ਭਾਵ ਇਨ੍ਹਾਂ ਤਿੰਨਾਂ ਬਿਨਾਂ ਸੰਸਾਰੀ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਉਨ੍ਹਾਂ ਦੇ ਸ਼ਬਦਾਂ ਵਿਚ, ''ਧਰਮ, ਅਰਥ ਅਤੇ ਕਾਮ ਦੇ ਬਗੈਰ ਜੀਵਨ ਨੂੰ ਫ਼ਜ਼ੂਲ ਵਿਅਰਥ ਹੀ ਮੰਨਿਆ ਗਿਆ ਹੈ। ਇਸ ਦੇ ਅਭਾਵ ਵਿਚ ਨਾਂ ਤਾਂ ਗ੍ਰਹਿਸਥ ਆਸ਼ਰਮ ਵਿਚ ਕਿਸੇ ਸਫ਼ਲਤਾ ਦੀ ਕਾਮਨਾ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਧਾਰਮਿਕ ਵਿਧੀ-ਵਿਧਾਨ, ਪੂਜਾ-ਪਾਠ, ਹਵਨ-ਯੱਗ ਆਦਿ ਸੰਪੂਰਨ ਕੀਤੇ ਜਾ ਸਕਦੇ ਹਨ। ਇਸ ਲਈ ਧਰਮ, ਅਰਥ ਅਤੇ ਕਾਮ ਦੀ ਨੇਕ, ਬਿਰਤੀ ਨੂੰ ਈਸ਼ਵਰੀ ਵਰਦਾਨ ਮੰਨਿਆ ਗਿਆ ਹੈ। ਇਸੇ ਲਈ ਇਨ੍ਹਾਂ ਤਿੰਨਾਂ ਦੀ ਸਿੱਧੀ ਨੂੰ ਹੀ ਲੋਕ-ਬਿਰਤੀ ਆਖਿਆ ਗਿਆ ਹੈ। ਇਹ ਤ੍ਰਿਗੜਾ ਹੀ ਲੋਕ ਜੀਵਨ ਦਾ ਆਧਾਰ ਹੈ।[76]

ਗੁਰਮਤਿ ਕੁਦਰਤੀ ਨਿਯਮਾਂ ਨੂੰ ਸਵੀਕਾਰ ਕਰਦੀ ਹੋਈ ਮਨੁੱਖ ਨੂੰ ਉਦਮੀ ਹੋਣ ਲਈ ਪ੍ਰੇਰਦੀ ਹੈ। ਭੋਜਨ ਨਾ ਛਕਣਾ, ਕਰਮਕਾਡਾਂ ਵਿਚ ਫਸਣਾ ਆਦਿ ਕੁਦਰਤੀ ਨਿਯਮਾਂ ਦੇ ਉਲਟ ਹੈ। ਧਰਮ ਦੀ ਕਿਰਤ, ਪ੍ਰਭੂ ਦੀ ਯਾਦ ਅਤੇ ਵੰਡ ਛਕਣ ਦਾ ਅਨੰਦ ਇੱਕ ਸੱਚਾ ਕਿਰਤੀ ਹੀ ਜਾਣ ਸਕਦਾ ਹੈ। ਸਿੱਖੀ ਵਿਚ ਆਪਣੀ ਦਸਾਂ ਨੌਹਾਂ ਦੀ ਕਿਰਤ ਕਮਾਈ ਵਿਚੋਂ ਦਸਵਾਂ ਹਿੱਸਾ ਧਰਮ ਅਰਥ, ਭਾਵ ਸਿੱਖ ਸਿਧਾਂਤਾਂ ਦੇ ਪ੍ਰਚਾਰ ਅਤੇ ਜਨਤਕ ਸੇਵਾ ਲਈ ਕੱਢ ਕੇ ਸਿੱਖ ਪੰਥ ਦੇ ਹਵਾਲੇ ਕਰਨਾ ਦਸਵੰਧ ਅਖਵਾਉਂਦਾ ਹੈ।[77] ਹੱਕ ਦੀ ਕਮਾਈ ਵਿਚੋਂ ਦਸਵੰਧ ਕੱਢ ਕੇ ਮਨੁੱਖਤਾ ਦੀ ਸੇਵਾ ਵਿਚ ਹਿੱਸਾ ਪਾਉਣ ਵਾਲਾ ਆਤਮਿਕ ਅਨੰਦ ਅਤੇ ਸੰਸਾਰੀ ਸੁੱਖਾਂ ਨੂੰ ਮਾਣਦਾ ਹੋਇਆ ਖੇੜੇ ਵਿਚ ਰਹਿੰਦਾ ਹੈ। ਇਕ ਮੁਸਲਮਾਨ ਦੇ ਧਾਰਮਿਕ ਜੀਵਨ ਦੀ ਉਦਾਹਰਣ ਦੇ ਕੇ ਸਮਝਾਇਆ ਹੈ ਕਿ ਮਨੁੱਖ ਦੀ ਸੱਚੀ ਕਰਣੀ ਉਸਦਾ ਕਾਬਾ, ਕਹਿਣੀ ਅਤੇ ਕਰਣੀ ਦਾ ਸੁਮੇਲ ਉਸਦਾ ਪੀਰ ਅਤੇ ਨੇਕ ਅਮਲ ਉਸਦੇ ਕਲਮਾ ਤੇ ਨਿਮਾਜ਼ ਹੋਣੇ ਚਾਹੀਦੇ ਹਨ।[78] ਕਿਉਂਕਿ ਧਰਮ ਅਨੁਸਾਰ ਆਪਣਾ ਜੀਵਨ ਨਿਰਬਾਹ ਕਰਨ ਵਾਲਾ ਮਨੁੱਖ ਕਦੇ ਮੰਦੇ ਕੰਮ ਨਹੀਂ ਕਰਦਾ।[79] ਸੱਚੇ ਪਰਮਾਤਮਾ ਦੀ ਟੇਕ ਵਿਚ ਉਨ੍ਹਾਂ ਦਾ ਖਾਣਾ, ਪੀਣਾ ਅੰਮ੍ਰਿਤ ਰੂਪੀ ਪਵਿੱਤਰ ਹੋ ਜਾਂਦਾ ਹੈ। ਇਹ ਵਡਿਆਈ ਅਧਿਆਤਮਿਕ ਰਸਤੇ ਤੇ ਚਲਦਿਆਂ ਸ਼ੁੱਭ ਅਮਲਾਂ ਦੁਆਰਾ ਹਾਸਿਲ ਹੁੰਦੀ ਹੈ।[80]

ਵਿਕਾਰਾਂ ਤੋਂ ਬਚਣ ਲਈ ਮਨ ਨੂੰ ਸਾਧਣਾ ਲਾਜ਼ਮੀ ਹੈ, ਜੋ ਕਿ ਸੰਤ ਦੀ ਸੰਗਤ ਵਿਚ ਸੱਚ ਦੀ ਵਿਚਾਰ ਦੁਆਰਾ ਸੰਭਵ ਹੈ। ਗੁਰਬਾਣੀ ਵਿਚ ਇਸ ਨੂੰ ਮਹਾ ਨਿਰਮਲ ਰੀਤਿ ਕਿਹਾ ਗਿਆ ਹੈ।[81] ਜਿਸ ਸਦਕਾ ਹੀ ਸੱਚੀ ਕਰਣੀ ਅਤੇ ਪਵਿੱਤਰ ਰਹਿਤ ਨੂੰ ਧਾਰਨ ਕੀਤਾ ਜਾ ਸਕਦਾ ਹੈ।[82] ਪਰਮਾਤਮਾ ਦੇ ਡਰ ਨੂੰ ਗੁਰਬਾਣੀ ਵਿਚ ਉਸ ਦੇ ਅਦਬ ਜਾਂ ਸਤਿਕਾਰ ਵਜੋਂ ਵਿਚਾਰਿਆ ਗਿਆ ਹੈ। ਗੁਰੂ ਦੀ ਸਿੱਖਿਆ ਦੁਆਰਾ ਮਨ ਵਿਚ ਪਰਮਾਤਮਾ ਦਾ ਨਿਰਮਲ ਭੈਅ (ਡਰ) ਰੱਖਣ ਵਾਲਾ ਮਨੁੱਖ ਸ੍ਰੇਸ਼ਟ ਭਾਵ ਸ਼ੁੱਭ ਕਰਣੀ ਹੀ ਕਰਦਾ ਹੈ। ਦੈਵੀ ਸੱਤਾ ਦੀ ਹੋਂਦ ਦਾ ਅਹਿਸਾਸ ਉਸਨੂੰ ਅਸ਼ੁੱਭ ਕਰਮਾਂ ਤੋਂ ਬਚਾਈ ਰੱਖਦਾ ਹੈ।[83] ਭਲੇ ਕਰਮਾਂ ਦੁਆਰਾ ਸਾਧੂ-ਸੰਤਾਂ ਦੀ ਸੰਗਤ ਨਸੀਬ ਹੁੰਦੀ ਹੈ ਅਤੇ ਮੌਤ ਵਰਗੇ ਭਿਆਨਕ ਡਰ ਤੋਂ ਛੁਟਕਾਰਾ ਮਿਲਦਾ ਹੈ :

*ਜਾ ਕੌ ਰੇ ਕਰਮੁ ਭਲਾ ਤਿਨਿ ਓਟ ਗਹੀ ਸੰਤ ਪਲਾ*
*ਤਿਨ ਨਾਹੀ ਰੇ ਜਮੁ ਸੰਤਾਵੈ ਸਾਧੂ ਕੀ ਸੰਗਨਾ।।*[84]

ਗੁਰਮਤਿ ਵਿਚ ਸੱਚੀ ਕਰਣੀ ਹੀ ਪ੍ਰਧਾਨ ਹੈ। ਜਿਹੜਾ ਮਨੁੱਖ ਔਗੁਣਾਂ ਨੂੰ ਤਿਆਗ ਕੇ ਸ੍ਰੇਸ਼ਟ ਕਰਣੀ ਕਰਦਾ ਹੈ, ਉਸ ਦੀ ਪਹਿਚਾਣ ਸੱਚੀ ਦਰਗਾਹ ਵਿਚ ਸਚਿਆਰ ਵਜੋਂ ਹੁੰਦੀ ਹੈ।[85] ਕਿਉਂਕਿ ਇਸ ਜਗ ਵਿਚ ਸ਼ੁੱਭ ਕਰਣੀ ਹੀ ਸ੍ਰੇਸ਼ਟ ਹੈ।[86] ਗੁਰਮੁਖ ਗੁਰੂ ਦੇ ਉਦੇਸ਼ ਅਨੁਸਾਰ ਮਾੜੇ ਕਰਮਾਂ ਤੋਂ ਸੰਕੋਚ ਕਰਕੇ ਨੇਕੀ ਕਮਾਉਂਦਾ ਹੈ :

*ਸਚੁ ਸੰਜਮੁ ਕਰਣੀ ਸੋ ਕਰੇ*
*ਗੁਰਮੁਖਿ ਹੋਇ ਪਰਗਾਸੁ।।*[87]

ਉਹ ਮਨੁੱਖ ਜੋ ਹੱਕ ਦੀ ਕਮਾਈ ਕਰਦੇ ਹਨ, ਉਹ ਮਾਨਸਿਕ ਤੌਰ 'ਤੇ ਸੰਤੁਸ਼ਟ ਅਤੇ ਸਰੀਰਕ ਤੌਰ 'ਤੇ ਅਰੋਗੀ ਹੁੰਦੇ ਹਨ। ਜਦੋਂ ਕਿ ਹਰਾਮ ਦੀ ਕਮਾਈ ਨਾਲ ਮਨੁੱਖ ਤਨਾਵ ਵਿਚ ਰਹਿੰਦਾ ਹੋਇਆ, ਮਾਨਸਿਕ ਅਤੇ ਸਰੀਰਕ ਪੱਖੋਂ ਰੋਗਾਂ ਦਾ ਘਰ ਬਣ ਜਾਂਦਾ ਹੈ। ਸੱਚਾ ਕਿਰਤੀ ਸਾਰੇ ਸੰਸਾਰ ਨੂੰ ਪਰਮਾਤਮਾ ਦਾ ਰੂਪ ਸਮਝ ਕੇ ਸਭ ਨਾਲ ਪਿਆਰ ਕਰਦਾ ਹੈ। ਮਨੁੱਖ ਮਾਤਰ ਵਿਚ ਵਿਤਕਰਾ ਕਰਨਾ ਪਰਮਾਤਮਾ ਨੂੰ ਸਿਰਜਨਹਾਰ ਪਿਤਾ ਮੰਨਣ ਤੋਂ ਮੁਨੱਕਰ ਹੋਣਾ ਹੈ। ਆਪਣੇ ਪਰਾਏ ਦੀ ਗਿਣਤੀ ਛੋਟੇ ਦਿਲ ਵਾਲੇ ਲੋਕਾਂ ਦੀ ਗੱਲ ਹੈ, ਉਦਾਰ-ਚਿੱਤ ਕਰਮ-ਯੋਗੀਆਂ ਲਈ ਤਾਂ ਸਾਰਾ ਸੰਸਾਰ ਹੀ ਉਨ੍ਹਾਂ ਦਾ ਆਪਣਾ ਟੱਬਰ ਹੈ।[88]

ਮਨੁੱਖ ਆਪਣੀ ਲੋੜਾਂ ਦੀ ਪੂਰਤੀ ਹੱਥੀ ਮਿਹਨਤ ਕਰਕੇ ਅਸਾਨੀ ਨਾਲ ਕਰ ਸਕਦਾ ਹੈ। ਪਰੰਤੂ ਜਦੋਂ ਉਹ ਇੱਛਾਵਾਂ ਅਤੇ ਈਰਖਾ ਵਿਚ ਫਸ ਕੇ ਦੁਕ੍ਰਿਤ ਕਰਦਾ ਹੈ, ਤਾਂ ਤਬਾਹੀ ਦੇ ਰਸਤੇ ਉਪਰ ਤੁਰ ਪੈਂਦਾ ਹੈ। ਤ੍ਰਿਸ਼ਨਾ ਦੀ ਅੱਗ ਮਨੁੱਖ ਤੋਂ ਹਰ ਪ੍ਰਕਾਰ ਦਾ ਗਲਤ ਧੰਦਾ ਕਰਵਾ ਕੇ, ਉਸ ਦੀ ਤਬਾਹੀ ਕਰਦੀ ਹੈ। ਦੂਸਰਿਆਂ ਦੇ ਹੱਕ ਤੋਂ ਅੱਖਾਂ ਬੰਦ ਕਰਨ ਵਾਲਾ ਅਤੇ ਆਪਣੇ ਹੱਕ ਨੂੰ ਚੰਗਾ ਸਮਝਣ ਵਾਲਾ, ਦਵੈਤ ਦਾ ਸ਼ਿਕਾਰ ਹੁੰਦਾ ਹੈ।[89]

ਗੁਰਬਾਣੀ ਅਨੁਸਾਰ ਬਿਨ੍ਹਾਂ ਪਾਪ ਦੀ ਕਮਾਈ ਦੇ ਧੰਨ ਦੀ ਇਕੱਤਰਤਾ ਨਹੀਂ ਹੋ ਸਕਦੀ। ਸਪੱਸ਼ਟ ਹੈ ਕਿ ਧਨਾਢ ਉਹ ਹੈ, ਜਿਸ ਨੇ ਕਿਸੇ ਆਪਣੇ ਰਿਸ਼ਤੇਦਾਰ ਜਾਂ ਪਰਾਏ ਦੇ ਹੱਕ ਉਤੇ ਕਬਜ਼ਾ ਕੀਤਾ ਹੁੰਦਾ ਹੈ। ਮੌਤ ਦੇ ਭੈਅ ਤੋਂ ਮੁਕਤ ਮਨੁੱਖ ਹੀ ਅਜਿਹੀ ਹਰਕਤ ਕਰਦਾ ਹੈ, ਜੋ ਇਸ ਗੱਲ ਨੂੰ ਨਹੀਂ ਸਮਝਦਾ ਕਿ ਇਹ ਧਨ ਨਾਲ ਨਹੀਂ ਜਾਣਾ :

*ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ।।*

*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ।।*[90]

ਗੁਰਬਾਣੀ ਵਿਚ ਹੱਕ ਹਲਾਲ ਦੀ ਕਮਾਈ ਭਾਵ ਮਿਹਨਤ ਦੁਆਰਾ ਕੀਤੀ ਕਮਾਈ ਨਾਲ ਬਣਿਆ ਭੋਜਨ ਛਕਣ ਦੀ ਸਿੱਖਿਆ ਹੈ।[91] ਧਰਮ ਦੇ ਸੰਦਰਭ ਵਿਚ ਅਸਲ ਧਰਮੀ ਉਹੀ ਹੈ ਜੋ ਦਇਆ ਨੂੰ ਆਪਣੀ ਮਸੀਤ, ਸ਼ਰਧਾ ਨੂੰ ਮੁਸੱਲਾ ਭਾਵ ਸਫ਼ ਅਤੇ ਹੱਕ ਹਲਾਲ ਦੀ ਕਮਾਈ ਨੂੰ ਕੁਰਾਨ ਬਣਾਵੇ।[92] ਗੁਰਬਾਣੀ ਅਨੁਸਾਰ ਮਨੁੱਖ ਨੂੰ ਸੱਚੇ ਪਰਮਾਤਮਾ ਤੇ ਭਰੋਸਾ ਰੱਖਦਿਆਂ ਹੋਇਆ ਸੱਚੇ ਤਰੀਕੇ ਨਾਲ ਸੱਚੇ ਕੰਮ ਕਰਨੇ ਚਾਹੀਦੇ ਹਨ।[93] ਸੁਚੱਜੀ ਕਿਰਤ ਕਮਾਈ ਹੀ ਧਰਮ ਦੇ ਸੰਦਰਭ ਵਿਚ ਸ੍ਰੇਸ਼ਟ ਮਾਲਾ ਹੈ, ਭਾਵ ਕਰਨ ਜੋਗ ਕੰਮ ਹੈ।[94] ਸੁਚੱਜੀ ਕਿਰਤ ਨੂੰ ਗੁਰਬਾਣੀ ਵਿਚ ਦੁੱਧ, ਪਰਮਾਤਮਾ ਦੇ ਨਾਮ ਨੂੰ ਇਸ ਦੀ ਜਾਗ ਅਤੇ ਨਿਸ਼ਕਾਮ ਹੋਣ ਨੂੰ ਇਸ ਦੇ ਜੰਮਣ ਲਈ ਪ੍ਰੇਰਿਆ ਹੈ। ਭਾਵ ਜੀਵਨ ਦੀ ਜੁਗਤ ਦੱਸੀ ਹੈ, ਕਿ ਇਕ ਗੁਰਮੁਖ ਦਾ ਜੀਵਨ ਕਿਵੇਂ ਦਾ ਹੋਣਾ ਚਾਹੀਦਾ ਹੈ।[95] ਧਰਮ ਅਧਾਰਿਤ ਕਿਰਤ ਦਾ ਉਪਦੇਸ਼ ਦਿੰਦੇ ਹੋਏ **ਬਾਬਾ ਫਰੀਦ ਜੀ** ਕਹਿੰਦੇ ਹਨ ਕਿ ਧਰਮ ਦੀ ਕਿਰਤ ਕਰਕੇ ਸਾਦਾ ਭੋਜਨ ਛਕੋ ਅਤੇ ਪਰਾਈ ਚੋਪੜੀ ਭਾਵ ਪਰਾਇਆ ਹੱਕ ਦੇਖ ਕੇ ਅਧਰਮੀ ਨਾ ਬਣੋ :

*ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ।।*

*ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ।।*[96]

ਅਧਿਆਤਮਿਕ ਪਾਂਧੀ (ਗੁਰਮੁਖ) ਗੁਰੂ ਦੀ ਸਿੱਖਿਆ ਅਨੁਸਾਰ ਕਰਮ ਕਰਕੇ ਪ੍ਰੇਮ ਅਤੇ ਆਤਮਿਕ ਸੁੱਖ ਦਾ ਪਾਤਰ ਬਣਦਾ ਹੈ।[97] ਉਹ ਗੁਰੂ ਦੀ ਦੱਸੀ ਕਾਰ ਭਾਵ ਕਮਾਈ ਕਰਕੇ ਸੱਚੇ ਅਨੰਦ ਦੀ ਪ੍ਰਾਪਤੀ ਕਰਦਾ ਹੈ :

*ਗੁਰ ਕੀ ਕਾਰ ਕਰੇ ਧਨ ਬਾਲੜੀਏ ਹਰਿ ਵਰੁ ਦੇਇ*

*ਮਿਲਾਏ ਰਾਮ।।*[98]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ ਕਪਟ ਰਹਿਤ ਹੋ ਕੇ ਨਿਹਕਪਟ ਰਹਿਣ ਭਾਵ ਸੱਚੀ ਘਾਲਣਾ ਕਰਨ ਦਾ ਉਪਦੇਸ਼ ਹੈ। ਜਿਸ ਨੂੰ ਕਰਨ ਨਾਲ ਮਨੁੱਖ ਨਿਹਾਲ ਭਾਵ ਪ੍ਰਸੰਨ ਹੋ ਜਾਂਦਾ ਹੈ :

*ਅੰਤਰ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ ਨਿਹਕਪਟ ਕਮਾਵਹੁ*

*ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ।।*[99]

ਅਜਿਹੀ ਧਨ-ਦੌਲਤ ਜੋ ਗਲਤ ਤਰੀਕਿਆਂ ਨਾਲ ਇਕੱਠੀ ਕੀਤੀ ਗਈ ਹੋਵੇ, ਮਨੁੱਖ ਨੂੰ ਵਿਕਾਰੀ ਬਣਾਉਂਦੀ ਹੈ। ਮਾਨਵਤਾ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਭੁੱਲ ਕੇ ਦੂਸਰਿਆਂ ਦਾ ਹੱਕ ਖਾਣ ਵਾਲਾ ਮਨੁੱਖ ਸੱਚ ਦੇ ਰਸਤੇ ਤੇ ਨਹੀਂ ਤੁਰ ਸਕਦਾ। ਜੋ ਹੱਕ ਪਛਾਣਦਾ ਹੈ ਤੇ ਫ਼ਰਜ਼ ਤੋਂ ਵਾਕਫ ਹੈ, ਉਹ ਜਾਣਦਾ ਹੈ ਕਿ ਮੇਰਾ ਆਪਣੇ ਅਧਿਕਾਰ ਪਰ ਖੜੋਂਦਿਆ ਪਹਿਲਾ ਫਰਜ਼ ਇਹ ਹੈ ਕਿ ਮੈਂ ਦੂਏ ਦਾ ਹੱਕ ਨਾਂ ਮਾਰਾਂ। ਜਿਸ ਤਰ੍ਹਾਂ ਮੈਂ ਆਪਣੇ ਹੱਕ ਦੀ ਇੱਜ਼ਤ ਕਰਦਾ ਹਾਂ, ਉਸੇ ਤਰ੍ਹਾਂ ਦੂਏ ਦੇ ਹੱਕ ਦੀ ਇੱਜ਼ਤ ਕਰਨੀ ਬੀ ਮੇਰਾ ਫ਼ਰਜ਼ ਹੈ।[100]

ਸੁਚੱਜੀ ਕਿਰਤ ਮਨੁੱਖ ਨੂੰ ਜਿੱਥੇ ਆਰਥਿਕ ਪੱਖੋਂ ਮਜ਼ਬੂਤ ਕਰਦੀ ਹੈ, ਉਥੇ ਸਮਾਜ ਵਿਚ ਆਦਰ-ਸਤਿਕਾਰ ਦਾ ਕਾਰਨ ਬਣਦੀ ਹੈ। ਮਿਹਨਤੀ ਮਨੁੱਖ ਦੇ ਨੇੜੇ ਵਿਕਾਰ ਨਹੀਂ ਆ ਸਕਦੇ। ਕਿਉਂਕਿ ਉਸ ਕੋਲ ਇੰਨਾ ਸਮਾਂ ਨਹੀਂ ਹੁੰਦਾ ਕਿ ਉਹ ਵਿਹਲਾ ਬੈਠ ਕੇ ਵਿਕਾਰੀ ਬਣ ਜਾਵੇ। ਇਕ ਬੰਦਾ ਜਿਹੜਾ ਸਹਿਜ ਸੁਭਾ ਆਪਣੇ ਕੰਮ ਵਿਚ ਅੱਠ ਪਹਿਰ ਹੀ ਧਿਆਨ ਨਾਲ ਲੱਗਾ ਹੈ, ਉਸ ਨੂੰ ਮਾੜੇ ਚਿਤਵਨ ਤੇ ਕੰਗਾਲਤਾ ਦੇ ਪਾਮਰ ਕਰਮ ਕਰਨ ਦੀ ਵੇਹਲ

ਹੀ ਨਹੀਂ ਲੱਗਦੀ - ਸਿਆਨਿਆਂ ਜੋ ਇਹ ਕਿਹਾ ਕਿ ਨਿਕੰਮਾ ਮਨ ਸ਼ੈਤਾਨ ਦੀ ਆਪਣੀ ਟਕਸਾਲ ਹੋ ਜਾਂਦਾ ਹੈ- ਇਸ ਕਥਨ ਵਿਚ ਬੜਾ ਸੱਚ ਭਰਿਆ ਪਿਆ ਹੈ।[101]

ਕਿਰਤ-ਕੰਮ ਵਿਚ ਰੁੱਝਿਆ ਮਨੁੱਖ ਇਕ ਪਵਿੱਤਰ ਸੋਚ ਦਾ ਮਾਲਕ ਹੁੰਦਾ ਹੈ। ਆਪਣੇ ਆਪ ਨੂੰ ਕੰਮ ਵਿਚ ਵਿਅਸਥ ਰੱਖਣ ਕਰਕੇ, ਉਹ ਸਭ ਦਾ ਭਲਾ ਸੋਚਦਾ ਹੈ। ਉਸ ਦਾ ਨੇਕ ਸੁਭਾਅ ਅਤੇ ਉਦਮੀ ਜੀਵਨ, ਉਸਦੇ ਪਰਿਵਾਰ, ਰਿਸ਼ਤੇਦਾਰ ਅਤੇ ਦੋਸਤਾਂ-ਮਿੱਤਰਾਂ ਨੂੰ ਪ੍ਰਭਾਵਿਤ ਕਰਦਾ ਹੈ। ਸਹੀ ਅਰਥਾਂ ਵਿਚ ਕਿਰਤ ਹੀ ਮਨੁੱਖ ਨੂੰ ਸਹੀ ਜੀਵਨ-ਜਾਚ ਦਾ ਮੌਕਾ ਪ੍ਰਦਾਨ ਕਰਦੀ ਹੈ। ਅਧਿਆਤਮਿਕ ਰਸਤੇ ਤੇ ਤੁਰਦਾ ਹੋਇਆ ਮਿਹਨਤ, ਘਾਲਣਾ ਕਰਨ ਵਾਲਾ ਮਨੁੱਖ ਹੀ ਸੱਚਾ ਸੇਵਕ ਹੈ।[102] ਉਹ ਘਾਲ ਕਮਾਉਂਦਾ ਹੋਇਆ, ਸੱਚ ਦਾ ਵਪਾਰ ਕਰਦਾ ਹੈ ਅਤੇ ਪਰਮਾਤਮਾ ਦੇ ਸੱਚੇ ਗੁਣਾਂ ਦੀ ਉਸਤਤ ਕਰਦਾ ਹੈ।[103] ਉਹ ਸ਼ੁਭ ਅਮਲਾਂ ਨੂੰ ਕਮਾਉਂਦਾ ਹੋਇਆ ਵੀ ਫਲ ਦੀ ਚਾਹਣਾ ਨਹੀਂ ਕਰਦਾ।[104] ਉਹ ਸੱਚੇ ਵਪਾਰ ਦੁਆਰਾ ਸੱਚੀ ਪੂੰਜੀ ਇਕੱਤਰ ਕਰਦਾ ਹੈ।[105] ਇਸ ਤਰ੍ਹਾਂ ਗੁਰਮੁਖ ਗੁਣਾਂ ਨੂੰ ਵਿਹਾਝਦਾ ਹੈ ਅਤੇ ਹਉਮੈ ਰੂਪੀ ਮੈਲ ਭਾਵ ਔਗੁਣਾਂ ਨੂੰ ਆਪਣੇ ਵਿਚੋਂ ਕੱਢ ਦਿੰਦਾ ਹੈ।[106] ਆਪਣੇ ਸ਼ੁੱਭ ਅਮਲਾ ਦੁਆਰਾ, ਉਹ ਆਪਣੇ ਅੰਦਰੂਨੀ ਸੁੱਖ ਨੂੰ ਬਣਾਏ ਰੱਖਦਾ ਹੈ।[107] ਕਿਉਂਕਿ ਸੱਚ ਨੂੰ ਖੱਟਣ ਵਾਲਾ ਦੁੱਖ ਨਹੀਂ ਪਾਉਂਦਾ।[108] ਸੰਸਾਰਿਕ ਪਦਾਰਥ ਲੋੜੀਂਦੇ ਹਨ, ਪਰ ਕੇਵਲ ਇਨ੍ਹਾਂ ਦੀ ਪ੍ਰਾਪਤੀ ਵਿਚ ਉਲਝ ਜਾਣਾ ਠੀਕ ਨਹੀਂ। ਕਿਉਂਕਿ ਇਨ੍ਹਾਂ ਦਾ ਸਾਥ ਹਮੇਸ਼ਾ ਨਾਲ ਨਿਭਣ ਵਾਲਾ ਨਹੀਂ।[109] ਇਸ ਲਈ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਈਮਾਨ ਰੂਪੀ ਜ਼ਹਾਜ਼ ਨਾਲ ਸੰਸਾਰ ਰੂਪੀ ਸਮੁੰਦਰ ਨੂੰ ਪਾਰ ਕਰੇ।[110] ਸਰੀਰ ਰੂਪੀ ਬਲਦ ਵਿਚ ਨੇਕੀ ਅਤੇ ਬਦੀ ਦੋਨੋਂ ਵੱਸਦੇ ਹਨ ਅਤੇ ਪਰਮਾਤਮਾ ਵੱਲੋਂ ਭੇਜੀ ਸਵਾਸ ਰੂਪੀ ਜਿੰਦ ਵੱਸਦੀ ਹੈ।[111] ਮਨੁੱਖ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਦੀ ਪਹਿਚਾਣ ਕਰਕੇ ਨੇਕੀ ਨੂੰ ਇਕੱਠਾ ਕਰੇ ਅਤੇ ਗੁਰੂ ਦੀ ਮੱਤ ਦੁਆਰਾ ਬਦੀ ਨੂੰ ਸਾੜ ਦੇਵੇ :

*ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ।*[112]

ਪਰਮਾਤਮਾ ਦੁਆਰਾ ਬਣਾਈ ਮਨੁੱਖ ਦੇ ਸਰੀਰ ਦੀ ਘਾੜਤ, ਸਭ ਤੋਂ ਵੱਡਾ ਪ੍ਰਮਾਣ ਹੈ ਕਿ ਕਿਰਤ ਮਨੁੱਖੀ ਜੀਵਨ ਲਈ ਸਭ ਤੋਂ ਜ਼ਰੂਰੀ ਹੈ। ਦੂਸਰੇ ਜੀਵਾਂ ਤੋਂ ਅਲੱਗ ਅਤੇ ਸੁੰਦਰ ਮਨੁੱਖੀ ਦੇਹ, ਵਿਸ਼ੇਸ਼ ਰੂਪ ਵਿਚ ਹੱਥਾਂ-ਪੈਰਾਂ ਦੀ ਘਾੜਤ, ਤੀਖਣ ਬੁੱਧੀ ਅਤੇ

ਲਚਕੀਲਾਪਣ, ਮਨੁੱਖ ਦੇ ਕਿਰਤੀ ਰੂਪ ਦੇ ਵਿਸ਼ੇਸ਼ ਸੰਦ ਹਨ। ਕੰਮ ਕਰਨ ਦੀ ਤਕਦੀਰ ਅਸੀਂ ਧੁਰੋਂ ਲਿਖਵਾ ਕੇ ਆਉਂਦੇ ਹਾਂ ਤੇ ਕੰਮ ਕਰਨ ਦੇ ਸੰਦ-ਸਾਡੇ ਕਰਮ-ਇੰਦਰੇ-ਵੀ ਸਾਨੂੰ ਨਾਲ ਹੀ ਬਖ਼ਸ਼ੇ ਜਾਂਦੇ ਹਨ। ਇਸ ਲਈ ਕੰਮ ਕਰਨਾ ਸਾਡਾ ਧਰਮ ਬਣਦਾ ਹੈ।[113]

ਮਿਹਨਤ ਨਾਲ ਕਮਾਇਆ ਹੋਇਆ ਧਨ ਮਨੁੱਖ ਨੂੰ ਸੰਜਮੀ ਬਣਾਉਂਦਾ ਹੈ। ਉਹ ਐਸ਼ਪ੍ਰਸਤੀ ਵਿਚ ਇਸ ਮਿਹਨਤ ਦੀ ਕਮਾਈ ਨੂੰ ਫਜ਼ੂਲ ਨਹੀਂ ਖਰਚਦਾ। ਮਿਹਨਤ ਨਾਲ ਕਮਾਏ ਧਨ ਦੀ ਅਹਿਮੀਅਤ ਜਾਂ ਗਿਆਨ ਹੋਣ ਕਰਕੇ ਉਹ ਪਰਾਏ ਧਨ ਨੂੰ ਹੜੱਪਣ ਤੋਂ ਸੰਕੋਚ ਕਰਦਾ ਹੈ। ਹੱਥੀ ਮਿਹਨਤ ਕਰਕੇ ਆਪਣੇ ਹੱਕ ਦੀ ਕਮਾਈ ਖਾਣ ਵਾਲਾ ਹਮੇਸ਼ਾ ਸਾਦਗੀ ਵਿਚ ਰਹਿੰਦਾ ਹੈ। ਸੱਚੀ ਕਿਰਤ ਦਾ ਚਿਹਰਾ ਬੜਾ ਸੁੰਦਰ ਹੁੰਦਾ ਹੈ। ਪਰ ਘਾਲਣਾ ਬਾਝੋਂ ਚਿਹਰੇ ਕੁਮਲਾਏ ਫਿਰਦੇ ਹਨ। ਉਨ੍ਹਾਂ ਨੂੰ ਤਾਂ ਕੇਵਲ ਮੈਲਾ ਸਰੀਰ ਤੇ ਵਧੇ ਹੋਏ ਨਹੁੰ ਹੀ ਪ੍ਰਾਪਤ ਹੁੰਦੇ ਹਨ।[114]

ਸੰਸਾਰ ਵਿਚ ਆ ਕੇ ਕਰਮਸ਼ੀਲ ਰਹਿਣਾ, ਪਰਮਾਤਮਾ ਦਾ ਹੁਕਮ ਹੈ। ਕਿਰਤਹੀਣ ਹੋ ਕੇ ਮਨੁੱਖ ਪਰਮਾਤਮਾ ਦੁਆਰਾ ਬਣਾਈ ਸ੍ਰਿਸ਼ਟੀ ਦੇ ਵਿਕਾਸ ਵਿਚ ਰੁਕਾਵਟ ਪਾਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਰਤ ਦਾ ਸਰੂਪ, ਪਰਮਾਤਮਾ ਦੇ ਦੈਵੀ ਹੁਕਮ ਵਿਚ ਹੀ ਪ੍ਰਗਟ ਹੁੰਦਾ ਹੈ। ਮਨੁੱਖ ਤਦ ਪ੍ਰਭੂ ਦਾ ਹੁਕਮ ਪੂਰਾ ਕਰ ਰਿਹਾ ਹੁੰਦਾ ਹੈ, ਜਦ ਉਹ ਕਿਰਤ ਕਰਕੇ ਉਤਪਾਦਨ ਵਧਾਉਂਦਾ ਹੈ ਅਤੇ ਉਸਨੂੰ ਆਪਣੇ ਅਤੇ ਆਪਣੇ ਸਾਥੀਆਂ ਦੇ ਸੁੱਖ ਲਈ ਵਰਤਦਾ ਹੈ।[115]

ਆਰਥਿਕ ਪੱਖ ਤੋਂ ਕਿਰਤ ਕਰਨ ਦਾ ਮੂਲ ਉਦੇਸ਼ ਮਨੁੱਖੀ ਲੋੜਾਂ ਦੀ ਪੂਰਤੀ ਕਰਨਾ ਹੈ, ਪਰੰਤੂ ਗੁਰਬਾਣੀ ਵਿਚ ਕਿਰਤ ਕਮਾਈ ਦਾ ਉਦੇਸ਼ ਕੇਵਲ ਆਰਥਿਕ ਲੋੜਾਂ ਤੱਕ ਸੀਮਤ ਨਾ ਰਹਿ ਕੇ, ਸੁਚੱਜੀ ਕਿਰਤ ਕਰਦਿਆਂ, ਸਦੀਵੀਂ ਸੱਚ ਦੀ ਪਹਿਚਾਣ ਕਰਨਾ ਹੈ। ਕਿਉਂਕਿ ਪਰਮਾਤਮਾ ਰੂਪੀ ਸੱਚ ਦੀ ਪਹਿਚਾਣ ਕਰਨ ਵਾਲਾ ਮਨੁੱਖ ਹਮੇਸ਼ਾ ਉਸਦੀ ਰਜ਼ਾ ਵਿਚ ਰਹਿ ਕੇ ਸ਼ੁਕਰਾਨਾ ਕਰਦਾ ਹੈ, ਭਾਵੇਂ ਉਸ ਨੂੰ ਕੀਤੀ ਕਮਾਈ ਵਿਚੋਂ ਨੁਕਸਾਨ ਜਾਂ ਘਾਟਾ ਵੀ ਪੈ ਜਾਵੇ। ਗੁਰਮੁਖ ਸੱਚ ਅਧਾਰਿਤ ਕਮਾਈ ਕਰਕੇ ਸੱਚ ਵਿਚ ਹੀ ਵਿਚਰਦੇ ਹਨ ਅਤੇ ਸੱਚ ਰੂਪੀ ਪਰਮਾਤਮਾ ਵਿਚ ਹੀ ਲੀਨ ਹੋ ਜਾਂਦੇ ਹਨ।[116] ਕਿਉਂਕਿ ਸੱਚੇ ਸਰੀਰ ਰੂਪੀ ਭਾਂਡੇ ਵਿਚ ਹੀ ਸੱਚ ਵੱਸ ਸਕਦਾ ਹੈ। ਵਿਰਲੇ ਲੋਕ ਹੀ ਹਨ, ਜਿਨ੍ਹਾਂ ਨੂੰ ਪਵਿੱਤਰ ਆਚਰਣ ਦੀ ਦਾਤ

ਮਿਲਦੀ ਹੈ।[117] ਉਹ ਆਪਣੇ ਮਨ ਨੂੰ ਮੰਦੇ ਕੰਮਾਂ ਤੋਂ ਵਰਜ ਕੇ ਸ਼ੁੱਭ ਕਰਮਾਂ ਦੀ ਪਰਵਿਰਤੀ ਅਖ਼ਤਿਆਰ ਕਰਦੇ ਹਨ।[118] ਪਰਮਾਤਮਾ ਦੇ ਡਰ ਵਿਚ ਰਹਿ ਕੇ ਸ਼ੁੱਭ ਕਰਮਾਂ ਨੂੰ ਅਮਲ ਵਿਚ ਲਿਆਉਣਾ ਕੋਈ ਸੌਖਾ ਕਾਰਜ ਨਹੀਂ। ਗੁਰਬਾਣੀ ਵਿਚ ਇਸ ਨੂੰ ਬਿਖੜੀ ਕਾਰ ਕਿਹਾ ਗਿਆ ਹੈ।[119] ਕਿਉਂਕਿ ਸਾਰੀਆਂ ਵਿਚਾਰਾਂ ਦਾ ਨਿਚੋੜ ਹੀ ਇਹ ਹੈ ਕਿ ਪਰਮਾਤਮਾ ਦੀ ਸਿਫ਼ਤ ਸਲਾਹ ਦੁਆਰਾ ਨੇਕੀ ਵਰਗੇ ਭਾਵ ਸ਼ੁੱਭ ਗੁਣਾਂ ਨੂੰ ਗ੍ਰਹਿਣ ਕਰਨਾ ਹੈ।[120] ਸੱਚ ਦੀ ਕਮਾਈ ਨਾਲ ਮਨੁੱਖ ਅੰਦਰ ਜਤ, ਸਤ ਅਤੇ ਸੰਜਮ ਵਰਗੇ ਸਦੀਵੀ ਗੁਣ ਹਮੇਸ਼ਾਂ ਲਈ ਟਿਕ ਜਾਂਦੇ ਹਨ :

*ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ*
*ਨਾਮੁ ਧਿਆਵਣਿਆ॥*[121]

ਗੁਰਮੁਖ ਨੇਕੀਆਂ ਦੀ ਪੂੰਜੀ ਨੂੰ ਇਕੱਠੀ ਕਰਕੇ, ਪਾਪ, ਰੂਪੀ ਬਦੀ ਨੂੰ ਮਾਰ ਕੇ ਪਰੇ ਸੁੱਟ ਦਿੰਦਾ ਹੈ।[122] ਇਸ ਗੱਲ ਦੀ ਸਮਝ ਕਿਸੇ ਵਿਰਲੇ ਮਨੁੱਖ ਨੂੰ ਹੀ ਆਉਂਦੀ ਹੈ ਕਿ ਸੱਚ ਦੀ ਟੇਕ ਵਿਚ ਕੀਤੀ ਕਿਰਤ-ਕਮਾਈ ਵਿਚ ਕਦੇ ਘਾਟਾ ਨਹੀਂ ਪੈਂਦਾ :

*ਸਚਾ ਧਨੁ ਖਟਿਆ ਕਦੇ ਤੋਟਿ ਨ ਆਵੈ*
*ਬੂਝੈ ਕੋ ਵੀਚਾਰੀ ਹੇ॥*[123]

ਗੁਰਮੁਖ ਬਦੀ ਵਿਚੋਂ ਵੀ ਨੇਕੀ ਨੂੰ ਲੱਭ ਲੈਂਦੇ ਹਨ, ਜਿਵੇਂ ਹੰਸ ਸਮੁੰਦਰ ਵਿਚੋਂ ਮੋਤੀਆਂ ਨੂੰ ਚੁਗ ਲੈਂਦਾ ਹੈ।[124] ਉਨ੍ਹਾਂ ਦੁਆਰਾ ਕੀਤੇ ਸਾਰੇ ਕਰਮ ਅਤੇ ਆਚਾਰ ਸਫਲ ਹੋ ਜਾਂਦੇ ਹਨ।[125] ਦੁਨੀਆਂ ਅਜਿਹੇ ਗੁਰਮੁਖਾਂ ਦੀ ਵਡਿਆਈ ਕਰਦੀ ਹੈ, ਜੋ ਸੱਚ ਦੇ ਰਸਤੇ ਉਪਰ ਤੁਰਦੇ ਹਨ।[126] ਸੱਚ ਦਾ ਰਸਤਾ ਇਕ ਅਜਿਹਾ ਪਵਿੱਤਰ ਰਸਤਾ ਹੈ, ਜਿਸ ਉਤੇ ਚਲ ਕੇ ਪਾਪੀ ਵੀ ਪੁਨੀਤ ਹੋ ਜਾਂਦੇ ਹਨ।[127]

ਸੱਚਾ ਕਿਰਤੀ ਸਮੁੱਚੀ ਲੁਕਾਈ ਨੂੰ ਪਰਮਾਤਮਾ ਦਾ ਰੂਪ ਸਮਝਦਾ ਹੈ ਅਤੇ ਕਿਸੇ ਨਾਲ ਗਲਤ ਵਤੀਰਾ ਨਹੀਂ ਕਰਦਾ। ਕਿਸੇ ਗਰੀਬ ਜਾਂ ਲੋੜਵੰਦਾਂ ਦੀ ਸੇਵਾ ਨੂੰ ਉਹ ਪਰਮਾਤਮਾ ਦੀ ਸੇਵਾ ਸਮਝ ਕੇ ਕਰਦਾ ਹੈ। ਕਿਉਂਕਿ ਪਰਮਾਤਮਾ ਦੀ ਸੱਚੀ ਸੇਵਾ ਉਸ ਦੁਆਰਾ ਸਿਰਜੀ ਲੋਕਾਈ ਦੀ ਸੇਵਾ ਵਿਚ ਹੀ ਹੈ। ਨਿਰੋਲ ਪਦਾਰਥਕ ਦ੍ਰਿਸ਼ਟੀਕੋਣ ਤੋਂ ਸਮਾਜ ਦੀ ਸਾਂਝੀ ਭਲਾਈ ਲਈ ਦਿੱਤੇ ਦਾਨ ਦਾ ਵਧੇਰੇ ਲਾਭ ਅਜਿਹੇ ਵਿਅਕਤੀਆਂ ਨੂੰ

ਪਹੁੰਚਣਾ ਚਾਹੀਦਾ ਹੈ ਜਿਹੜੇ ਆਪਣੀ ਰੋਜ਼ੀ ਕਮਾਉਣ ਤੋਂ ਸਰੀਰਕ ਤੌਰ 'ਤੇ ਅਸਮੱਰਥ ਹੋਣ ਜਿਵੇਂ ਰੋਗੀ, ਬੁੱਢੇ ਜਾਂ ਬੱਚੇ।[128]

ਵਿਅਕਤੀਗਤ ਤੌਰ 'ਤੇ ਵਿਹਲੇ ਬੈਠ ਕੇ ਰੱਬ-ਰੱਬ ਕਰਨ ਨਾਲੋਂ, ਸਮਾਜਿਕ ਤੌਰ 'ਤੇ ਲੋੜਵੰਦਾਂ ਦੀ ਕੀਤੀ ਸੇਵਾ ਮਨੁੱਖ ਨੂੰ ਪਰਮਾਤਮਾ ਦੇ ਜ਼ਿਆਦਾ ਨੇੜੇ ਲੈ ਕੇ ਜਾਂਦੀ ਹੈ। ਕਿਉਂਕਿ ਅਸਲੀ ਖੁਸ਼ੀ ਜਾਂ ਹੁਲਾਸ, ਮਿਹਨਤ ਕਰਕੇ ਕੀਤੀ ਕਮਾਈ ਵਿਚੋਂ, ਉਸ ਪਰਮਾਤਮਾ ਦੀ ਸਿਰਜੀ ਸ੍ਰਿਸ਼ਟੀ ਦੀ ਸੇਵਾ ਵਿਚ ਹੈ। ਅਜਿਹੇ ਮਨੁੱਖ ਨੂੰ ਸੱਚੀ ਵਡਿਆਈ ਮਿਲਦੀ ਹੈ। **ਭਾਈ ਦੇਸਾ ਜੀ** ਦੇ ਰਹਿਤਨਾਮੇ ਵਿਚ ਲਿਖਿਆ ਹੈ :

*ਦਸ ਨਖ ਕਰ ਜੋ ਕਾਰ ਕਮਾਵੈ। ਤਾਂ ਕਰ ਜੋ ਧਨ*
*ਘਰ ਮੈ ਆਵੈ।੧੨। ਤਿਹਤੇ ਗੁਰ ਦਸਵੰਧ ਜੁ ਦੇਈ,*
*ਸਿੰਘ ਸੁ ਜਸ ਬਹੁ ਜਗ ਮਹਿ ਲੇਈ।੧੩।*[129]

ਗੁਰਮਤਿ ਵਿਚ ਸੱਚੀ ਕਿਰਤ ਅਤੇ ਪਰਮਾਤਮਾ ਦੀ ਪੂਜਾ ਇਕ ਸਮਾਨ ਹੈ। ਕਿਉਂਕਿ ਸੱਚੀ ਕਿਰਤ ਕਰਨ ਵਾਲਾ ਗੁਰਮੁਖ ਪਰਮਾਤਮਾ ਦੇ ਹੁਕਮ ਵਿਚ ਰਹਿ ਕੇ ਮਿਹਨਤ ਕਰਦਾ ਹੈ। ਗੁਰਮੁਖ ਸੰਤੋਖ ਵਿਚ ਰਹਿ ਕੇ ਜੀਵਨ ਨਿਰਬਾਹ ਕਰਦੇ ਹਨ ਅਤੇ ਪਰਮਾਤਮਾ ਦੀ ਟੇਕ ਵਿਚ ਸੱਚੀ ਕਮਾਈ ਕਰਦੇ ਹਨ।[130] ਉਹ ਸੱਚੇ ਗੁਰੂ ਦੀ ਰਜ਼ਾ ਵਿਚ ਰਹਿ ਕੇ ਆਪਣੇ ਕਾਰ-ਵਿਹਾਰ ਨੂੰ ਨਿਭਾਉਂਦੇ ਹਨ।[131] ਗੁਰਮੁਖ ਉਹੀ ਕੰਮ ਕਰਦੇ ਹਨ, ਜੋ ਗੁਰੂ ਦੀ ਆਗਿਆ ਵਿਚ ਹੁੰਦੇ ਹਨ। ਉਨ੍ਹਾਂ ਦੁਆਰਾ ਕੀਤੀ ਜਾਣ ਵਾਲੀ ਘਾਲ-ਕਮਾਈ ਦਰਗਾਹ ਵਿਚ ਪਰਵਾਨ ਹੁੰਦੀ ਹੈ :

*ਸਤਿਗੁਰ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ*
*ਗੁਰਸਿਖਾ ਕੀ ਘਾਲ ਸਚਾ ਥਾਇ ਪਾਵੈ।।*[132]

ਗੁਰਬਾਣੀ ਵਿਚ ਦੱਸਿਆ ਹੈ ਕਿ ਪਰਮਾਤਮਾ ਦੇ ਹੁਕਮ ਵਿਚ ਰਹਿਣ ਵਾਲੇ ਮਨੁੱਖ ਨੂੰ ਕਿਸੇ ਚੀਜ਼ ਦੀ ਕਮੀ ਨਹੀਂ ਰਹਿੰਦੀ। ਮਾਇਆ ਅਜਿਹੇ ਗੁਰਮੁਖਾਂ ਦੀ ਸੇਵਾ ਵਿਚ ਜੁਟ ਜਾਂਦੀ ਹੈ।[133] ਉਨ੍ਹਾਂ ਦੀ ਜੀਵਨ ਰਹੁ-ਰੀਤੀ ਸੱਚੀ ਅਤੇ ਪਰਮ ਪਵਿੱਤਰ ਹੈ। ਪਰਮਾਤਮਾ ਦੇ ਭਾਣੇ ਵਿਚ ਰਹਿਣਾ, ਉਹਨਾਂ ਦੇ ਚਿੱਤ ਨੂੰ ਚੰਗਾ ਲੱਗਦਾ ਹੈ :

*ਭਗਤਾ ਕੀ ਚਾਲ ਸਚੀ ਅਤਿ ਨਿਰਮਲ*

*ਨਾਮੁ ਸਚਾ ਮਨਿ ਭਾਇਆ॥*[134]

ਮਨੁੱਖ ਦੀਆਂ ਸਮੁੱਚੀਆਂ ਪਦਾਰਥਕ ਲੋੜਾਂ ਦਾ ਸੋਮਾ ਪਰਮਾਤਮਾ ਹੈ, ਜੋ ਸਾਰੀ ਸ੍ਰਿਸ਼ਟੀ ਦਾ ਜਨਮਦਾਤਾ ਹੈ। ਇਸ ਲਈ ਪਰਮਾਤਮਾ ਦੁਆਰਾ ਮਿਲਣ ਵਾਲੀਆਂ ਸਾਰੀਆਂ ਦਾਤਾਂ, ਸਾਰੀ ਮਨੁੱਖਤਾ ਲਈ ਸਾਂਝੀਆਂ ਹਨ। ਇਸ ਲਈ ਕਿਰਤ-ਕਮਾਈ ਕਰਕੇ ਆਪਸ ਵਿਚ ਵੰਡ ਕੇ ਛਕਣਾ, ਇਸ ਫਰਜ਼ ਦੀ ਪਾਲਣਾ ਕਰਨ ਵਾਲੇ ਮਨੁੱਖ ਨੂੰ ਪਰਮਾਤਮਾ ਦੁਆਰਾ ਮਿਲਣ ਵਾਲੀਆਂ ਸਾਰੀਆਂ ਦਾਤਾਂ ਹਾਸਿਲ ਹੁੰਦੀਆਂ ਹਨ। ਪਰਮਾਤਮਾ ਦੇ ਹੁਕਮ ਵਿਚ ਰਹਿ ਕੇ, ਹਉਮੈਂ ਤੋ ਬਿਨਾਂ ਆਪਣੇ ਫਰਜ਼ ਪ੍ਰਤੀ ਸੁਚੇਤ ਰਹਿਣਾ, ਮਨੁੱਖ ਨੂੰ ਉਸ ਪਰਮਾਤਮਾ ਦੀ ਮਿਹਰ ਦਾ ਪਾਤਰ ਬਣਾਉਂਦਾ ਹੈ। ਅਜਿਹਾ ਮਨੁੱਖ ਸੱਚੀ ਕਮਾਈ ਸਦਕਾ ਸੱਚੇ ਪਰਮਾਤਮਾ ਨੂੰ ਵੀ ਮਿਲ ਪੈਂਦਾ ਹੈ। ਕਿਰਤ ਕਮਾਈ ਦਾ ਸਥਾਈ ਉਦੇਸ਼ ਭਾਵੇਂ ਰੋਟੀਆਂ ਦੀ ਪੂਰਤੀ ਹੈ। ਪਰ ਗੁਰਬਾਣੀ ਵਿਚ ਸੰਕਲਪ ਕਿਰਤ ਕਮਾਈ ਦਾ ਅੰਤਿਮ ਉਦੇਸ਼ 'ਸੱਚ-ਧਨ' ਨੂੰ ਸੰਭਾਲ ਕੇ ਪ੍ਰਭੂ-ਸੱਚ ਦੀ ਪਛਾਣ ਕਰਨੀ ਹੈ।[135]

ਕਿਰਤੀ ਦੁਆਰਾ ਵੰਡ ਕੇ ਛਕਣ ਦਾ ਮੂਲ ਉਦੇਸ਼ ਉਸ ਦੁਆਰਾ ਕੀਤੀ ਜਾ ਰਹੀ ਸੇਵਾ ਭਾਵਨਾ ਨੂੰ ਬਣਾਈ ਰੱਖਣਾ ਹੈ। ਇਸ ਸੇਵਾ ਜਾਂ ਫ਼ਰਜ਼ ਦਾ ਮੂਲ ਉਦੇਸ਼ ਹੰਕਾਰ ਨੂੰ ਤਿਆਗ ਕੇ ਸਮਾਜਿਕ ਸੰਤੁਲਨ ਨੂੰ ਬਣਾ ਕੇ ਰੱਖਣਾ ਹੈ। ਸੁੱਚੀ ਮਿਹਨਤ ਨਾਲ ਬਣੇ ਧਨੀ ਜੀਵਨ ਨੂੰ ਹਾਲੇ ਇਕ ਹੋਰ ਵੀ ਹਦਾਇਤ ਹੈ ਕਿ ਕਮਾਇਆ ਧਨ ਵੀ ਵੰਡ ਕੇ ਖਾਵੋ-ਇਹ ਦਾਨ ਦਾ ਅਭਿਮਾਨ ਨਹੀਂ, ਸਗੋਂ ਕਮਾਈ ਵਿਚੋਂ ਦੇਣਾ ਸਿੱਖੀ ਦਾ ਅਸੂਲ ਤੇ ਫ਼ਰਜ਼ ਹੈ।[136] ਹੱਥਾਂ ਨਾਲ ਕਿਰਤ ਕਰਕੇ ਹਿਰਦੇ ਵਿਚ ਪ੍ਰਮਾਤਮਾ ਦੀ ਯਾਦ ਨੂੰ ਬਣਾ ਕੇ ਰੱਖਣਾ, ਇਕ ਸੱਚੇ ਮਨੁੱਖ ਦੀ ਨਿਸ਼ਾਨੀ ਹੈ। ਦਸਵੰਧ ਕੱਢਣਾ, ਦਾਨ-ਪੁੰਨ ਕਰਨਾ ਜਾਂ ਵੰਡ ਕੇ ਛਕਣ ਦੀ ਮਰਿਯਾਦਾ ਤੋਂ ਭਾਵ ਇਕ ਅਜਿਹੀ ਸਾਂਝੀ ਗੋਲਕ ਹੈ, ਜਿਸ ਤੋਂ ਧਰਮ ਅਤੇ ਕੌਮ ਦੀ ਸੇਵਾ ਕੀਤੀ ਜਾ ਸਕੇ। ਪਰੰਤੂ ਸ਼ਰਤ ਇਹ ਹੈ ਕਿ ਇਸ ਗੋਲਕ ਵਿਚ ਹਿੱਸਾ ਪਾਉਣ ਲੱਗਿਆ, ਮਨੁੱਖ ਹੰਕਾਰ ਤੋਂ ਰਹਿਤ ਹੋ ਕੇ ਸੇਵਾ-ਭਾਵ ਅਤੇ ਨਿਮਰਤਾ ਨੂੰ ਬਣਾਈ ਰੱਖੇ ਅਤੇ ਇਕ ਸੱਚੇ ਸਿੱਖ ਵਜੋਂ ਇਸ ਨੂੰ ਗੁਰੂ ਸਾਹਿਬ ਦੁਆਰਾ ਦਿੱਤੇ ਸਿਧਾਂਤਾਂ ਨੂੰ ਮੰਨਦਿਆਂ, ਇਕ ਉਤਮ ਫ਼ਰਜ਼ ਸਮਝ ਕੇ ਨਿਭਾਵੇ।

### 3.1.2 ਦੁਕ੍ਰਿਤ (ਮਨਮੁਖ)

ਸੁਕ੍ਰਿਤ ਦੇ ਸੰਬੰਧ ਵਿਚ ਗੁਰਬਾਣੀ ਦਾ ਉਪਦੇਸ਼, ਹੱਕ-ਹਲਾਲ ਦੀ ਕਮਾਈ, ਪਰਾਏ ਧਨ ਤੋਂ ਸੰਕੋਚ, ਮਾਇਆ ਦੇ ਇਕੱਤਰੀਕਰਣ ਤੋਂ ਰੋਕ, ਲੈਣ-ਦੇਣ ਵਿਚ ਧਰਮ ਨੂੰ ਅਧਾਰ ਮੰਨ ਕੇ ਚਲਣਾ ਅਤੇ ਆਤਮ-ਨਿਰਭਰ ਹੋਣਾ, ਵਿਸ਼ੇਸ਼ ਹਨ, ਜਿਨ੍ਹਾਂ ਦੇ ਆਧਾਰ ਤੇ ਇੱਕ ਆਦਰਸ਼ ਸਮਾਜ ਦੀ ਸਿਰਜਣਾ ਹੋ ਸਕਦੀ ਹੈ। ਪਰੰਤੂ ਮਨਮੁਖ ਦੇ ਸਾਰੇ ਕੰਮ ਇਸ ਦੇ ਉਲਟ ਹੁੰਦੇ ਹਨ। ਹਰਾਮ ਦੀ ਕਮਾਈ, ਪਰਾਏ ਧਨ ਤੇ ਨਜ਼ਰ, ਮਾਇਆ ਨੂੰ ਇਕੱਠਾ ਕਰਨ ਵਿਚ ਰੁੱਝਣਾ, ਲੈਣ-ਦੇਣ ਵਿਚ ਵਲ-ਛਲ ਕਰਨਾ ਅਤੇ ਦੂਸਰਿਆਂ ਉਪਰ ਨਿਰਭਰ ਰਹਿਣਾ, ਉਸ ਦੇ ਦੁਕ੍ਰਿਤ ਨਾਲ ਸੰਬੰਧਿਤ ਵਿਸ਼ੇਸ਼ ਲੱਛਣ ਹਨ। ਮਨਮੁਖ ਸੋਨੇ ਅਤੇ ਇਸਤਰੀ ਵਿਚ ਉਲਝ ਕੇ ਕੁਕਰਮ ਕਮਾਉਂਦਾ ਹੈ। ਸੰਸਾਰੀ ਪਦਾਰਥਾਂ ਦੀ ਪ੍ਰੀਤ ਉਸਨੂੰ ਮਿੱਠੀ ਲੱਗਦੀ ਹੈ।[137] ਉਹ ਲੋਭੀ ਬਿਰਤੀ ਵਿਚ ਇਨ੍ਹਾਂ ਵਿਅਸਥ ਹੋ ਜਾਂਦਾ ਹੈ ਕਿ ਉਹ ਆਪਣੇ ਅਤੇ ਪਰਾਏ ਹੱਕ ਪ੍ਰਤੀ ਜਾਗਰਿਤ ਨਹੀਂ ਹੁੰਦਾ, ਜੋ ਮਿਲਦਾ ਹੈ, ਉਸਨੂੰ ਹੜੱਪ ਲੈਂਦਾ ਹੈ :

*ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ।।*[138]

ਆਪਣੇ ਮਨ ਦੇ ਅਨੁਸਾਰੀ ਮਨੁੱਖ ਉਹ ਪੂੰਜੀ ਇਕੱਠੀ ਕਰਦੇ ਹਨ ਅਤੇ ਪਾਸਾਰਾ ਪਸਾਰਦੇ ਹਨ, ਜੋ ਦਰਗਾਹੀ ਟਕਸਾਲ ਵਿਚ ਖੋਟਾ ਸਾਬਿਤ ਹੁੰਦਾ ਹੈ।[139] ਝੂਠੀ ਕਮਾਈ ਨਾਲ ਮਨੁੱਖ ਝੂਠ ਦੀ ਖੱਟੀ ਖੱਟਦਾ ਹੈ।[140] ਉਹ ਸੱਚੇ ਵਪਾਰ ਦੀ ਕਦਰ ਜਾਣੇ ਬਿਨਾਂ, ਝੂਠੀ ਕਮਾਈ ਦੁਆਰਾ ਝੂਠੀ ਪੂੰਜੀ ਨੂੰ ਇਕੱਠਿਆਂ ਕਰਕੇ, ਇਸ ਦੇ ਝੂਠੇ ਪ੍ਰੇਮ ਵਿਚ ਫਸ ਜਾਂਦਾ ਹੈ:

*ਮਨਮੁਖ ਵਾਪਾਰੈ ਸਾਰ ਨ ਜਾਣਨੀ ਬਿਖੁ ਵਿਹਾਝਹਿ*
*ਬਿਖੁ ਸੰਗ੍ਰਹਹਿ ਬਿਖ ਸਿਉ ਧਰਹਿ ਪਿਆਰੁ।।*[141]

ਮਨਮੁਖ ਪਰਮਾਤਮਾ ਨਾਲੋਂ ਟੁੱਟੇ ਹੋਏ ਲੋਕਾਂ ਵਿਚ ਵਿਚਰਦਾ ਹੈ ਅਤੇ ਉਨ੍ਹਾਂ ਦੀ ਸੰਗਤ ਵਿਚ ਮੰਦੇ ਕਰਮ ਕਰਦਾ ਰਹਿੰਦਾ ਹੈ।[142] ਅਜਿਹੀ ਝੂਠੀ ਕਮਾਈ ਨੂੰ ਸੈਂਕੜੇ ਵਾਰ ਕਮਾਉਣ ਨਾਲ ਵੀ ਘਾਟਾ ਹੀ ਪੈਂਦਾ ਹੈ।[143] ਕਸੁੰਭੇ ਦੇ ਫੁਲ ਦੀ ਤਰ੍ਹਾਂ ਝੂਠੀ ਮਾਇਆ ਦਾ ਰੰਗ ਵੀ ਝੂਠਾ ਹੈ। ਜਿਸ ਦੇ ਗੁਆਚਣ ਤੇ ਮਨੁੱਖ ਦੁਖੀ ਹੋ ਕੇ ਰੋਂਦਾ ਹੈ।[144] ਝੂਠਾ

ਮਨੁੱਖ ਝੂਠ ਦੀ ਕਮਾਈ ਕਰਕੇ ਇਵੇਂ ਪ੍ਰਸੰਨ ਹੁੰਦਾ ਹੈ, ਜਿਵੇਂ ਕਾਂ ਵਿਸ਼ਟਾ ਖਾਣ ਤੇ ਪ੍ਰਸੰਨ ਹੁੰਦਾ ਹੈ :

*ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ।।*[145]

ਗੁਰਬਾਣੀ ਅਨੁਸਾਰ ਮਨੁੱਖ ਧਨ ਨੂੰ ਇਕੱਠਾ ਕਰਨ ਵਿਚ ਰੋਜ ਵਣਜ ਕਰਦਾ ਹੈ ਅਤੇ ਵੱਧ ਤੋਂ ਵੱਧ ਮੁਨਾਫ਼ਾ ਲੈਣ ਲਈ ਅਨੇਕਾਂ ਪ੍ਰਕਾਰ ਦੇ ਢੰਗ ਅਖ਼ਤਿਆਰ ਕਰਦਾ ਹੈ।[146] ਪਰ ਵਡਿਆਈ ਉਸਨੂੰ ਮਿਲਦੀ ਹੈ, ਜੋ ਸੱਚੀ ਦਰਗਾਹ ਵਿਚ ਵਡਿਆਏ ਜਾਂਦੇ ਹਨ, ਮੰਦੇ ਅਮਲਾਂ ਨੂੰ ਅਪਨਾਉਣ ਵਾਲੇ ਹਮੇਸ਼ਾ ਝੂਰਦੇ ਹੀ ਰਹਿੰਦੇ ਹਨ :

*ਊਤਮ ਸੇ ਦਰ ਊਤਮ ਕਹੀਅਹਿ ਨੀਚ ਕਰਮ*
*ਬਹਿ ਰੋਇ।।*[147]

ਮਨੁੱਖ ਲਈ ਬਣਾਏ ਰੁਝੇਵੇ ਜਾਂ ਕੰਮ-ਕਾਰ, ਅਸਲ ਵਿਚ ਪਰਮਾਤਮਾ ਦੀ ਰਜ਼ਾ ਹੈ। ਧਰਮ ਦੀ ਕਿਰਤ ਕਰਕੇ ਪਰਿਵਾਰ ਅਤੇ ਸਮਾਜ ਦੀ ਸੇਵਾ ਕਰਨਾ ਹੀ ਉਤਮ ਧਰਮ ਹੈ। ਇਕ ਧਰਮੀ ਮਨੁੱਖ ਹਮੇਸ਼ਾ ਸੱਚਾ ਕਿਰਤੀ ਹੁੰਦਾ ਹੈ ਅਤੇ ਇਕ ਸੱਚਾ ਕਿਰਤੀ ਹੀ ਧਰਮ ਦੇ ਰਸਤੇ ਉਪਰ ਚਲ ਸਕਦਾ ਹੈ। ਇਹ ਵੀ ਕਰਤਾ ਪ੍ਰਭੂ ਦੀ ਇਕ ਮਿਹਰ ਹੀ ਹੈ ਕਿ ਉਸ ਨੇ ਬੰਦੇ ਨੂੰ ਪੇਟ ਲਾਇਆ ਹੈ ਜਿਸ ਦੇ ਪਾਲਣ ਲਈ ਕਿਰਤ ਕਰਨੀ ਹੀ ਪੈਂਦੀ ਹੈ। ਕਈ ਦਲਿੱਦਰੀ ਪਰਮੇਸ਼ਰ ਦੀ ਇਸ ਦਾਤ ਦਾ ਭੇਦ ਨਾ ਸਮਝਦੇ ਹੋਏ, ਕਈ ਵੇਰ ਪੇਟ ਲਗਾਣ ਦਾ ਗਿਲਾ ਕਰਦੇ ਹਨ। ਉਨ੍ਹਾਂ ਕਦੀ ਇਹ ਨਹੀਂ ਵਿਚਾਰਿਆ ਕਿ ਜੇ ਪੇਟ ਨਾ ਹੁੰਦਾ ਤਾਂ ਪਸਾਰਾ ਹੀ ਨਾ ਪਸਰਦਾ।[148] ਕੰਮ ਕਰਨਾ ਹੀ ਇਸ ਸ੍ਰਿਸ਼ਟੀ ਦੇ ਵਿਕਾਸ ਦਾ ਕਾਰਨ ਹੈ, ਪਰੰਤੂ ਇਸ ਕੰਮ ਦੀ ਬੁਨਿਆਦ ਝੂਠੀ ਜਾਂ ਲਾਲਚ ਭਰੀ ਨਹੀਂ ਹੋਣੀ ਚਾਹੀਦੀ। ਮਨਮੁਖ ਲਾਲਚ ਵਿਚ ਇੰਨਾ ਮੂਰਖ ਬਣ ਜਾਂਦਾ ਹੈ ਕਿ ਦਿਨ-ਰਾਤ ਧਨ ਨੂੰ ਇਕੱਤਰ ਕਰਨ ਵਿਚ ਵਿਅਸਥ ਹੋ ਜਾਂਦਾ ਹੈ। ਇਸ ਧਨ ਨੂੰ ਜ਼ਮੀਨ ਵਿਚ ਦਬਾ ਕੇ ਰੱਖਦਾ ਹੈ ਕਿ ਕੋਈ ਇਸ ਨੂੰ ਖੋਹ ਨਾ ਲਵੇ, ਪਰੰਤੂ ਮੌਤ ਉਸਨੂੰ ਅਚਾਨਕ ਮਿੱਟੀ ਵਿਚ ਮਿਲਾ ਦਿੰਦੀ ਹੈ ਤੇ ਜਿਸ ਕਾਰਨ ਸਾਰੀ ਉਮਰ ਮਿਹਨਤ ਕਰਕੇ ਵਕਤ ਗਵਾਇਆ, ਉਹ ਧਨ ਵੀ ਮਿੱਟੀ ਵਿਚ ਹੀ ਦੱਬਿਆ ਰਹਿ ਜਾਂਦਾ ਹੈ :

*ਮਾਇਆ ਕਾਰਨਿ ਸੂਮੁ ਅਤਿ ਕਰੈ।।*
*ਸੋ ਮਾਇਆ ਲੈ ਗਾਡੈ ਧਰੈ।।*
*ਅਤਿ ਸੰਚੈ ਸਮਝੈ ਨਹੀ ਮੂੜ।।*
*ਧਨੁ ਧਰਤੀ ਤਨੁ ਹੋਇ ਗਇਓ ਧੂੜਿ।।*[149]

ਪਰਮਾਤਮਾ ਦੀ ਮਿਹਰ ਤੋਂ ਵਾਂਝਾ ਮਨੁੱਖ ਸੰਸਾਰ ਤੋਂ ਚੋਰੀ ਮੰਦੇ ਕਰਮ ਕਰਦਾ ਹੈ ਅਤੇ ਸੰਸਾਰ ਵਿਚ ਆਪਣੇ ਆਪ ਨੂੰ ਹੋਰ ਰੂਪ ਵਿਚ ਜਾਣੂ ਕਰਵਾਉਂਦਾ ਹੈ।[150] ਅਜਿਹੇ ਮਨੁੱਖ ਨਾਸ਼ਵੰਤ ਪਦਾਰਥਾਂ ਲਈ ਕਾਰ-ਵਿਹਾਰ ਵਿਚ ਰੁੱਝੇ ਰਹਿਣ ਕਰਕੇ, ਚੰਗੇ ਆਚਰਣ ਤੋਂ ਸੱਖਣੇ ਰਹਿ ਜਾਂਦੇ ਹਨ ਅਤੇ ਝੂਠੀ ਮਾਇਆ ਦੇ ਨਸ਼ੇ ਵਿਚ ਮਸਤ ਹੋ ਕੇ ਕ੍ਰੋਧ ਰੂਪੀ ਅੱਗ ਵਿਚ ਸੜਦੇ ਰਹਿੰਦੇ ਹਨ :

*ਅਨਿਤ ਬਿਉਹਾਰ ਅਚਾਰ ਬਿਧਿ ਹੀਨਤ*
*ਮਮ ਮਦ ਮਾਤ ਕੋਪ ਜਰੀਆ।।*[151]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਧਿਆਤਮਿਕ ਪੱਖ ਤੋਂ ਪ੍ਰਮਾਤਮਾ ਦੇ ਨਾਮ ਨੂੰ ਸਦੀਵੀਂ ਰਹਿਣ ਵਾਲਾ ਧਨ ਸਵੀਕਾਰ ਕੀਤਾ ਗਿਆ ਹੈ। ਮਨੁੱਖ ਦੀ ਲਾਲਚੀ ਸੋਚ ਨੂੰ ਬਦਲਣ ਲਈ ਗੁਰਬਾਣੀ ਝੂਠੇ ਧਨ ਦੇ ਮੋਹ ਨੂੰ ਤਿਆਗਣ ਦੀ ਪ੍ਰੇਰਨਾ ਦਿੰਦੀ ਹੈ। ਕਿਉਂਕਿ ਇਹ ਧਨ ਹਮੇਸ਼ਾ ਸਾਥ ਨਿਬਾਉਣ ਵਾਲਾ ਨਹੀਂ ਹੈ।[152] ਮਨੁੱਖ ਕਈ ਪ੍ਰਕਾਰ ਦੀਆਂ ਠੱਗੀਆਂ ਕਰਕੇ ਪਰਾਏ ਧਨ ਨੂੰ ਹੜੱਪਦਾ ਹੈ।[153] ਪਰ ਇਹ ਕੀਤੀਆਂ ਠੱਗੀਆਂ ਗੁੱਝੀਆਂ ਨਹੀਂ ਰਹਿੰਦੀਆਂ, ਮਨੁੱਖ ਇਨ੍ਹਾਂ ਨੂੰ ਲੁਕਾਉਣ ਦੀ ਜਿੰਨੀ ਮਰਜ਼ੀ ਕੋਸ਼ਿਸ਼ ਕਰੇ।[154] ਮਾਇਆ ਵਿਚ ਅੰਨ੍ਹਾਂ ਹੋਇਆ ਅਜਿਹਾ ਮਨੁੱਖ ਆਪਣੇ ਮੰਦੇ ਅਮਲਾਂ ਦੀ ਕਰੜੀ ਸਜ਼ਾ ਭੁਗਤਦਾ ਹੈ।[155] ਗੁਰਬਾਣੀ ਮਨੁੱਖ ਨੂੰ ਕਿਰਤੀ ਬਣਨ ਦਾ ਉਪਦੇਸ਼ ਦਿੰਦੀ ਹੈ। ਜੋ ਮਨੁੱਖ ਤਿਆਗ ਦੇ ਭੁਲੇਖੇ ਵਿਚ ਕਿਰਤ ਕਰਨੀ ਛੱਡ ਦਿੰਦੇ ਹਨ। ਉਹ ਭਗਤੀ ਦੀ ਕਦਰ ਨੂੰ ਕਦੇ ਨਹੀਂ ਜਾਣ ਸਕਦੇ।[156] ਕਿਰਤ ਕਰਨੀ ਲਾਜ਼ਮੀ ਹੈ, ਪਰ ਇਹ ਈਮਾਨ ਦੇ ਅਧਾਰ ਤੇ ਹੋਣੀ ਚਾਹੀਦੀ ਹੈ। ਬੇਇਮਾਨੀ ਕਰਕੇ ਕੀਤੀ ਹੋਈ ਕਿਰਤ ਨੂੰ ਅਸਵੀਕਾਰ ਕੀਤਾ ਹੈ। ਮਨਮੁਖ ਮੌਤ ਰੂਪੀ ਸੱਚ ਨੂੰ ਵਿਸਾਰ ਕੇ ਝੂਠ ਦੀ ਕਮਾਈ ਕਰਦਾ ਹੈ।[157] ਉਹ ਹਮੇਸ਼ਾ ਝੂਠ, ਫਰੇਬ ਦੁਆਰਾ ਪਾਪ ਕਮਾਉਂਦਾ ਹੈ।[158] ਮਨਮੁਖ ਮਾਇਆ ਦੇ ਝੂਠੇ ਮੋਹ ਵਿਚ ਆਪਣੇ ਜੀਵਨ ਦਾ ਆਸਰਾ

ਲੱਭਦਾ ਹੈ।[159] ਪਰਮਾਤਮਾ ਦੀ ਸੱਚੀ ਟੇਕ ਤੋਂ ਬਿਨ੍ਹਾਂ ਉਸਨੂੰ ਝੂਠ ਅਤੇ ਫਰੇਬ ਤੋਂ ਛੁਟਕਾਰਾ ਨਹੀਂ ਮਿਲਦਾ ਅਤੇ ਹਰ ਵੇਲੇ ਮਾਇਆ ਦਾ ਜਾਪ ਕਰਦਾ ਹੈ :

*ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ ਮਾਇਆ।।*[160]

ਗੁਰਮਤਿ ਅਨੁਸਾਰ ਈਮਾਨਦਾਰੀ ਅਤੇ ਮਿਹਨਤੀ ਜੀਵਨ ਹੀ ਮਨੁੱਖ ਨੂੰ ਸੱਚੀ ਨੈਤਿਕਤਾ ਅਤੇ ਅਧਿਆਤਮਿਕਤਾ ਦਾ ਪਾਂਧੀ ਬਣਾਉਂਦਾ ਹੈ। ਵਿਹਲੇ ਰਹਿ ਕੇ ਦੂਸਰਿਆਂ ਤੇ ਨਿਰਭਰ ਰਹਿਣਾ, ਭੀਖ ਮੰਗਣਾ, ਦੂਜਿਆਂ ਦੀ ਕਮਾਈ ਨੂੰ ਲੁੱਟਣਾ ਆਦਿ ਬਾਕੀ ਸਮਾਜਿਕ ਬੁਰਾਈਆਂ ਵਾਂਗ ਹੀ ਨਿੰਦਣਯੋਗ ਗੱਲਾਂ ਹਨ। ਕੰਮ ਕਰਦਿਆਂ ਹੋਇਆ ਹੀ ਬੰਦਾ ਆਪਣੀਆਂ ਯੋਗਤਾਵਾਂ ਤੇ ਸ਼ਕਤੀਆਂ ਨੂੰ ਵਰਤੋਂ ਵਿਚ ਲਿਆਉਂਦਾ ਹੈ। ਕੰਮ ਮਨੁੱਖ ਦੇ ਮਨ ਨੂੰ ਪਵਿੱਤਰ ਬਣਾਉਂਦਾ ਹੈ ਤੇ ਕੰਮ ਹੀ ਜੀਵਨ ਹੈ।[161] ਇਸ ਤਰ੍ਹਾਂ ਕੰਮ ਹੀ ਮਨੁੱਖੀ ਜੀਵਨ ਦੀ ਬੁਨਿਆਦ ਹੈ। ਆਪਣੇ ਕੰਮ ਨੂੰ ਆਪਣਾ ਧਰਮ ਸਮਝ ਕੇ ਖੁਸ਼ੀ-ਖੁਸ਼ੀ ਕਰਨਾ ਚਾਹੀਦਾ ਹੈ, ਨਾਂ ਕਿ ਬੋਝ ਸਮਝ ਕੇ । ਪੂਰੀ ਲਗਨ ਅਤੇ ਮਿਹਨਤ ਨਾਲ ਕੀਤਾ ਹੋਇਆ ਕੰਮ ਇੱਕ ਦਿਨ ਮਨੁੱਖੀ ਵਿਕਾਸ ਦਾ ਉਤਮ ਸੋਮਾ ਬਣਦਾ ਹੈ ਅਤੇ ਉਸਦੇ ਜੀਵਨ ਵਿਚ ਖੁਸ਼ੀਆਂ ਭਰ ਦਿੰਦਾ ਹੈ। ਮਨੁੱਖ ਦੁਆਰਾ ਕੀਤੇ ਮੰਦੇ ਕਰਮ ਉਸਦੇ ਦੁੱਖ ਦਾ ਕਾਰਨ ਬਣਦੇ ਹਨ।[162] ਉਸ ਦੁਆਰਾ ਕੀਤੀ ਝੂਠ ਦੀ ਕਮਾਈ ਜਦੋਂ ਸਾਹਮਣੇ ਆਉਂਦੀ ਹੈ, ਤਾਂ ਉਸਦੀ ਲੋਕ ਅਤੇ ਪ੍ਰਲੋਕ ਦੋਨਾਂ ਵਿਚ ਬੇਇਜ਼ਤੀ ਹੁੰਦੀ ਹੈ :

*ਗੁਝਾ ਕਮਾਣਾ ਪ੍ਰਗਟੁ ਹੋਆ ਈਤ ਉਤਹਿ ਖੁਆਰੀ।।*[163]

ਕਈ ਮਨੁੱਖ ਲਾਲਚ ਵਿਚ ਉਲਝ ਕੇ ਸਾਰੀ ਉਮਰ ਵਿਕਾਰਾਂ ਵਿਚ ਗੁਜ਼ਾਰ ਦਿੰਦੇ ਹਨ।[164] ਰੋਜ਼ੀ ਰੋਟੀ ਦੀ ਖ਼ਾਤਿਰ ਅਨੇਕ ਪ੍ਰਕਾਰ ਦੇ ਢੰਗ ਅਪਨਾਉਂਦੇ ਹਨ।[165] ਪਰ ਮੂਰਖ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਉਸ ਦੁਆਰਾ ਲੁੱਕ ਕੇ ਕੀਤੇ ਕੁਕਰਮ ਪਰਮਾਤਮਾ ਦੀ ਨਜ਼ਰ ਤੋਂ ਲੁਕਾਏ ਨਹੀਂ ਜਾ ਸਕਦੇ :

*ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ।।*[166]

ਪਰਮਾਤਮਾ ਦੇ ਘਰ ਦਾ ਇਹ ਕਾਨੂੰਨ ਹੈ ਕਿ ਕੋਈ ਵੀ ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਸਨੂੰ ਉਸਦਾ ਫਲ ਭੋਗਣਾ ਹੀ ਪੈਂਦਾ ਹੈ। ਖੋਟੀ ਕਮਾਈ ਦੁਆਰਾ ਬੀਜੇ ਬੀਜ ਦਾ ਉਹੋ ਜਿਹਾ ਹੀ ਫਲ ਪ੍ਰਾਪਤ ਹੁੰਦਾ ਹੈ :

*ਇਕਨ੍ਹਾ ਅੰਦਰਿ ਖੋਟੁ ਨਿਤ ਖੋਟੁ ਕਮਾਵਹਿ*

*ਓਹੁ ਜੇਹਾ ਬੀਜੇ ਤੇਹਾ ਫਲੁ ਖਾਏ॥*[167]

ਜੋ ਮਨੁੱਖ ਝੂਠ ਅਤੇ ਠੱਗੀ ਠੋਰੀ ਦੀ ਕਿਰਤ ਕਰਦੇ ਹਨ, ਉਨ੍ਹਾਂ ਦਾ ਜਨਮ-ਮਰਨ ਦਾ ਗੇੜ ਬਣਿਆ ਰਹਿੰਦਾ ਹੈ।[168] ਇਸ ਲਈ ਗੁਰਬਾਣੀ ਵਿਚ ਮਨੁੱਖ ਨੂੰ ਅਜਿਹੀ ਦੁਕ੍ਰਿਤ ਛੱਡ ਕੇ, ਪਰਮਾਤਮਾ ਦਾ ਆਸਰਾ ਲੈਣ ਦੀ ਪ੍ਰੇਰਣਾ ਦਿੱਤੀ ਗਈ ਹੈ।[169] ਮਨਮੁਖ ਮੂਰਖਤਾ ਵਿਚ ਝੂਠ ਦੀ ਕਮਾਈ ਦੁਆਰਾ ਧਨ ਇਕੱਠਾ ਕਰਕੇ, ਲੋਕਾਂ ਦੀਆਂ ਬਦ-ਅਸੀਸਾਂ ਲੈਂਦਾ ਹੈ :

*ਲੈਦਾ ਬਦ ਦੁਆਇ ਤੂੰ ਮਾਇਆ ਕਰਹਿ ਇਕਤ॥*[170]

ਸੱਤਾ ਦੀ ਪ੍ਰਾਪਤੀ ਅਤੇ ਪਦਾਰਥਾਂ ਦੀ ਭਰਮਾਰ ਲਈ ਕੀਤੇ ਕੰਮ ਵਿਅਰਥ ਹੀ ਜਾਂਦੇ ਹਨ।[171] ਕਿਉਂਕਿ ਇਹ ਦੌਲਤ, ਦੁਨਿਆਵੀ ਇੱਜ਼ਤ ਸਭ ਝੂਠ ਹੈ। ਅਖੀਰਲੇ ਸਮੇਂ ਮਜਬੂਰੀ ਵੱਸ ਹੋ ਕੇ ਇਨ੍ਹਾਂ ਨੂੰ ਛੱਡਣ ਲੱਗਿਆ ਮਨੁੱਖ ਝੂਰਦਾ ਹੈ।[172]

ਜਿਸ ਸਮਾਜ ਵਿਚ ਕਿਰਤੀਆਂ ਜਾਂ ਮਿਹਨਤ ਕਰਨ ਵਾਲਿਆਂ ਦੀ ਘਾਟ ਹੋਵੇ, ਉਥੇ ਅਪਰਾਧ ਹੋਣੇ ਸ਼ੁਰੂ ਹੋ ਜਾਂਦੇ ਹਨ। ਵਿਹਲੜ ਅਤੇ ਨਿਕੰਮੇ ਲੋਕਾਂ ਦੁਆਰਾ ਜੂਏ, ਐਸ਼ ਪ੍ਰਸਤੀ, ਲੁੱਟ-ਮਾਰ ਆਦਿ ਕੁਕਰਮਾਂ ਦਾ ਬੋਲਬਾਲਾ ਹੋ ਜਾਂਦਾ ਹੈ। ਇਸ ਲਈ ਸਿੱਖ ਧਰਮ ਦਾ ਪਹਿਲਾ ਅਸੂਲ ਹੀ 'ਕਿਰਤ ਕਰੋ' ਹੈ। ਕਿਉਂਕਿ ਜਿਸ ਸਮਾਜ ਦੇ ਲੋਕ ਮਿਹਨਤ ਮਜ਼ਦੂਰੀ ਕਰਕੇ, ਲੋੜਵੰਦਾਂ ਦੀ ਸਹਾਇਤਾ ਕਰਦੇ ਹਨ, ਉਹ ਸਮਾਜ ਇਕ ਆਦਰਸ਼ ਸਮਾਜ ਬਣਦਾ ਹੈ। ਸਿੱਖ ਸਮਾਜਿਕ ਫ਼ਲਸਫ਼ੇ ਦਾ ਕੇਂਦਰ ਬਿੰਦੂ ਸੱਚੀ ਕਿਰਤ ਹੈ। ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਾ ਜਦੋਂ ਆਪਣੀ ਸ਼ੁੱਧ ਕਮਾਈ ਵਿਚੋਂ ਦਾਨ ਕਰਦਾ ਹੈ ਤਾਂ ਕੋਈ ਲੋੜਵੰਦ ਭੁੱਖਾ ਨਹੀਂ ਰਹਿੰਦਾ। ਮਨੁੱਖੀ ਸਮਾਜ ਖੁਸ਼ਹਾਲ ਤੇ ਅਪਰਾਧ ਰਹਿਤ ਬਣਦਾ ਹੈ।[173]

ਸਾਰੀ ਉਮਰ ਮਨੁੱਖ ਨੇ ਜਿਹੜਾ ਕੰਮ ਕੀਤਾ ਹੋਵੇ, ਉਸਨੂੰ ਹਮੇਸ਼ਾ ਉਸੇ ਦਾ ਹੀ ਚਿਤਵਨ ਰਹਿੰਦਾ ਹੈ। ਮਨਮੁਖ ਦੀ ਸਾਰੀ ਉਮਰ ਦੌਲਤ ਦੇ ਲਾਲਚ ਵਿਚ ਗੁਜ਼ਰ ਜਾਂਦੀ ਹੈ। ਆਪਣੀ ਮੌਤ ਭਾਵ ਅਖੀਰਲੇ ਸਮੇ ਵੀ ਉਸ ਨੂੰ ਦੌਲਤ ਹੀ ਯਾਦ ਆਉਂਦੀ ਹੈ। ਦੌਲਤ ਦੇ ਫਿਕਰ ਵਿਚ ਹੀ ਮਰ ਜਾਂਦਾ ਹੈ। ਅਜਿਹੀ ਚਿੰਤਾ ਕਾਰਨ ਉਸ ਨੂੰ ਵਾਰ-ਵਾਰ ਸੱਪ ਦੀ

ਜੂਨ ਮਿਲਦੀ ਹੈ। ਇਸ ਲਈ ਗੁਰਬਾਣੀ ਮਨੁੱਖ ਨੂੰ ਪ੍ਰੇਰਦੀ ਹੈ ਕਿ ਮਨੁੱਖ ਨੂੰ ਪਰਮਾਤਮਾ ਦੇ ਸੱਚੇ ਨਾਮ ਨੂੰ ਯਾਦ ਰੱਖਣਾ ਚਾਹੀਦਾ ਹੈ ਤਾਂ ਜੋ ਜੂਨਾਂ ਦੇ ਚੱਕਰ ਤੋਂ ਛੁਟਕਾਰਾ ਮਿਲ ਸਕੇ।

*ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ।।*
*ਸਰਪ ਜੋਨਿ ਵਲਿ ਵਲਿ ਅਉਤਰੈ।। ਅਰੀ ਬਾਈ ਗੋਬਿੰਦ ਨਾਮੁ*
*ਮਤਿ ਬੀਸਰੈ।।*[174]

ਦੁਨਿਆਵੀ ਧਨ-ਦੌਲਤ ਦਾ ਪਿਆਰ ਅਸਲ ਵਿਚ ਦੁੱਖਾਂ ਦਾ ਸਮੂਹ ਹੈ। ਕਿਉਂਕਿ ਅਜਿਹੇ ਵਪਾਰ ਦੀ ਬੁਨਿਆਦ ਖੋਟੀ ਹੈ।[175] ਇਸ ਲਈ ਗੁਰਬਾਣੀ ਮਨੁੱਖ ਨੂੰ ਉਪਦੇਸ਼ ਦਿੰਦੀ ਹੈ ਕਿ ਮਨੁੱਖ ਨੂੰ ਆਪਣੇ ਗਲਤ ਢੰਗ ਤਰੀਕੇ ਤਿਆਗ ਕੇ, ਸੱਚ ਦੀ ਟੇਕ ਲੈਣੀ ਚਾਹੀਦੀ ਹੈ :

*ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ।।*[176]

ਪਰਮਾਤਮਾ ਦੀ ਯਾਦ ਨੂੰ ਵਿਸਾਰ ਕੇ, ਹੋਰ ਕੰਮ ਕਰਨੇ ਨਜਾਇਜ਼ ਹਨ।[177] ਲੋਕਾਂ ਨਾਲ ਵਧੀਕੀਆਂ ਕਰਕੇ ਮਨੁੱਖ ਮਾਇਆ ਇਕੱਤਰ ਕਰਦਾ ਹੈ।[178] ਪਰ ਮਨਮੁਖ ਇਸ ਗਿਆਨ ਤੋਂ ਵਾਂਝਾਂ ਰਹਿੰਦਾ ਹੈ ਕਿ ਧੋਖੇ ਧੜੀਆਂ ਨਾਲ ਕੀਤੀ ਕਮਾਈ ਉਸਦੇ ਨਾਲ ਹਮੇਸ਼ਾ ਨਹੀਂ ਨਿੱਭਦੀ :

*ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ*
*ਬਿਨੁ ਹਰਿ ਸੰਗਿ ਨ ਚਾਲਤੇ।।*[179]

ਮਨਮੁਖ ਹੰਕਾਰ ਵਿਚ ਰਹਿੰਦਾ ਹੋਇਆ, ਆਪਣੀ ਖੋਟੀ ਬੁੱਧੀ ਦੀ ਮੱਤ ਅਨੁਸਾਰ ਨਿਸ਼ਫਲ ਕੰਮਾਂ ਵਿਚ ਜੁਟਿਆ ਰਹਿੰਦਾ ਹੈ।[180] ਅਜਿਹੇ ਬੁਰੇ ਕੰਮਾਂ ਦੀ ਖ਼ਾਤਿਰ ਹਮੇਸ਼ਾ ਆਪਣੇ ਆਪ ਨੂੰ ਸੁਚੇਤ ਰੱਖਦਾ ਹੈ।[181] ਅਧਰਮੀ ਬੰਦਿਆ ਨਾਲ ਇਸ ਦਾ ਮਿਲਵਰਤਣ ਹੁੰਦਾ ਹੈ।[182] ਪਰਮਾਤਮਾ ਦੀਆਂ ਦਿੱਤੀਆਂ ਦਾਤਾਂ ਨੂੰ ਭੋਗ ਕੇ ਉਸਦਾ ਸ਼ੁਕਰਾਨਾ ਨਹੀਂ ਕਰਦਾ।[183] ਅਜਿਹੇ ਮਨੁੱਖਾਂ ਲਈ ਗੁਰਬਾਣੀ ਵਿਚ ਲੂਣ ਹਾਰਾਮ ਅਤੇ ਹਰਾਮਖੋਰੀ ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਅਜਿਹੇ ਬੇਈਮਾਨ ਲੋਕ ਵੱਡੀ ਸਜ਼ਾ ਭੋਗਣ ਦੇ ਕਾਬਿਲ ਹੁੰਦੇ ਹਨ :

*ਲੂਣੁ ਖਾਇ ਕਰਹਿ ਹਰਾਮਖੋਰੀ ਪੇਖਤ ਨੈਨ ਬਿਦਾਰਿਓ।।*[184]

ਅਗਿਆਨੀ ਮਨੁੱਖ ਸਾਰੀ ਉਮਰ ਪਾਪ ਕਰ ਕਰ ਕੇ ਆਪਣੀ ਸਹੂਲਤ ਲਈ ਧਨ ਇਕੱਠਾ ਕਰਦਾ ਹੈ।[185] ਅਜਿਹੀ ਜ਼ਹਿਰ ਰੂਪੀ ਕਮਾਈ ਕਰਕੇ ਉਹ ਜ਼ਹਿਰ ਹੀ ਖਾਂਦਾ ਹੈ ਅਤੇ ਜ਼ਹਿਰ ਹੀ ਉਗਲਦਾ ਹੈ।[186] ਪਰਮਾਤਮਾ ਦੇ ਡਰ ਨੂੰ ਵਿਸਾਰ ਕੇ ਪਾਪ ਦੀ ਕਮਾਈ ਦਾ ਮੇਵਾ ਇਕੱਤਰ ਕਰਦਾ ਹੈ।[187] ਝੂਠੇ ਵਪਾਰ ਦੀ ਖ਼ਾਤਿਰ ਸੱਚੇ ਵਪਾਰ ਅਤੇ ਪਰਮਾਤਮਾ ਰੂਪੀ ਸੱਚੇ ਮਿੱਤਰ ਨੂੰ ਤਿਆਗ ਦਿੰਦਾ ਹੈ।[188] ਪਰ ਉਸ ਦੁਆਰਾ ਕੀਤੇ ਕੁਕਰਮ ਪਰਮਾਤਮਾ ਤੋਂ ਛੁਪਾਏ ਨਹੀਂ ਜਾ ਸਕਦੇ, ਕਿਉਂਕਿ ਉਹ ਬਿਲਕੁਲ ਨਜ਼ਦੀਕ ਰਹਿੰਦਾ ਹੈ ਅਤੇ ਸਭ ਕੁਝ ਦੇਖ-ਪਰਖ ਰਿਹਾ ਹੈ :

*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ।।*[189]

ਮਨਮੁਖ ਇਸ ਗੱਲ ਤੋਂ ਬੇਸਮਝ ਹੋ ਜਾਂਦਾ ਹੈ ਕਿ ਪਰਮਾਤਮਾ ਜੇ ਚਾਹੇ ਤਾਂ ਮਨੁੱਖ ਨੂੰ ਅਰਸ਼ ਤੇ ਚੜ੍ਹਾ ਦਿੰਦਾ ਹੈ ਤੇ ਕਈ ਵਾਰੀ ਅਰਸ਼ ਤੇ ਚੜ੍ਹੇ ਨੂੰ ਹੇਠਾ ਪਟਕਾ ਕੇ ਮਾਰਦਾ ਹੈ। ਉਸ ਦੀ ਰਜ਼ਾ ਹੋਵੇ ਤਾਂ ਰਾਜਾ, ਭਿਖਾਰੀ ਤੇ ਭਿਖਾਰੀ ਰਾਜਾ ਬਣ ਸਕਦਾ ਹੈ:

*ਧਰਤੀ ਤੇ ਆਕਾਸਿ ਚਢਾਵੈ ਚਢੇ ਆਕਾਸਿ ਗਿਰਾਵੈ।।*
*ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ।*[190]

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਧਾਂਤਕ ਸਿੱਖਿਆ ਕਿਰਤ ਤੋਂ ਬੇਮੁਖੇ ਲੋਕਾਂ ਦਾ ਸਮਾਜ ਸਿਰਜਣ ਵਿਚ ਵਿਸ਼ਵਾਸ਼ ਨਹੀਂ ਰੱਖਦੀ। ਗੁਰਬਾਣੀ ਅਜਿਹੀ ਅਧਿਆਤਮਿਕਤਾ ਨੂੰ ਨਹੀਂ ਮੰਨਦੀ, ਜੋ ਕਿਰਤ ਤੋਂ ਵਾਂਝੇ ਰਹਿ ਕੇ ਭਗਤ ਬਣ ਕੇ ਵਿਹਲੇ ਰਹਿਣ, ਭੀਖ ਮੰਗਣ ਜਾਂ ਦੂਸਰਿਆਂ ਤੇ ਨਿਰਭਰ ਰਹਿਣ ਲਈ ਪ੍ਰੇਰਦੀ ਹੋਵੇ। ਸਗੋਂ ਕਿਰਤ ਕਰਕੇ, ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਪਰਮਾਤਮਾ ਨੂੰ ਯਾਦ ਕਰਨ ਲਈ ਪ੍ਰੇਰਦੀ ਹੈ। ਸੱਚੀ ਰਹਿਤ ਨੂੰ ਸਪੱਸ਼ਟ ਕਰਦਿਆਂ **ਭਾਈ ਦੇਸਾ ਸਿੰਘ ਜੀ** ਲਿਖਦੇ ਹਨ :

*ਰਹਤਵੰਤ ਸਿੰਘ ਹੈ ਜੋਈ। ਕਰ ਉਪਾਇ ਧਨ ਖਾਟੈ*
*ਸੋਈ। ਤਾਹੀ ਕਰ ਘਰ ਕੋ ਨਿਰਬਹੈ। ਪੂਜਾ ਭੂਲ*
*ਨ ਕਬਹੂੰ ਗਹੈ।੭੧।*[191]

ਮਨਮੁਖ ਨੂੰ ਹਰ ਵੇਲੇ ਮਾਇਆ ਰੂਪੀ ਜ਼ਹਿਰ ਨੂੰ ਇਕੱਠਿਆਂ ਕਰਨ ਦੀ ਲਾਲਸਾ ਰਹਿੰਦੀ ਹੈ। ਜਿਸ ਨਾਲ ਉਹ ਆਪਣੀ ਆਤਮਿਕ ਮੌਤ ਆਪ ਨਿਸ਼ਚਿਤ ਕਰਦਾ ਹੈ।[192] ਵਿਸ਼ੇ-ਵਿਕਾਰਾਂ ਦੀ ਠੱਗਬੂਟੀ ਖਾਕੇ ਗਲਤ ਰਸਤੇ ਤੁਰ ਪੈਂਦਾ ਹੈ, ਜਦੋਂ ਕਿ ਇਹ ਮਾਇਆ ਨਾਸ਼ਵਾਨ ਹੈ।[193] ਝੂਠ ਦੀ ਕਮਾਈ ਵਿਚ ਕਦੇ ਬਰਕਤ ਨਹੀਂ ਪੈਂਦੀ, ਸਗੋਂ ਤ੍ਰਿਸ਼ਨਾ ਹੋਰ ਵੱਧਦੀ ਜਾਂਦੀ ਹੈ :

ਬੋਲੈ ਝੂਠੁ ਕਮਾਵੈ ਅਵਰਾ ਤ੍ਰਿਸਨ ਨ ਬੂਝੈ ਬਹੁਤੁ ਹਇਆ।[194]

ਨਿਰਗੁਣ ਪਰਮਾਤਮਾ ਸਾਰੇ ਸੰਸਾਰ ਵਿਚ ਵਿਦਮਾਨ ਹੈ, ਫਿਰ ਮਨੁੱਖ ਆਪਣੇ ਮੰਦੇ ਅਮਲ ਕਿਸ ਕੋਲੋਂ ਛੁਪਾਉਂਦਾ ਹੈ। ਜਦ ਕਿ ਸਦੀਵੀ ਹਜ਼ੂਰ ਸਭ ਨੂੰ ਦੇਖ ਰਿਹਾ ਹੈ।[195] ਮਨਮੁਖ ਰਿਸ਼ਵਤ ਲੈ ਕੇ ਬੇਇਨਸਾਫ਼ੀ ਕਰਦਾ ਹੈ ਅਤੇ ਦੂਜੇ ਦਾ ਹੱਕ ਮਾਰਦਾ ਹੈ।[196] ਅਗਿਆਨਤਾ ਰੂਪੀ ਹਨੇਰੇ ਵਿਚ ਅੰਨ੍ਹੇ ਕਰਮ ਕਰ ਕਰ ਕੇ ਅੰਨ੍ਹਾ ਹੋ ਜਾਂਦਾ ਹੈ।[197] ਆਪਣੇ ਮੂਲ ਦੀ ਪਛਾਣ ਕੀਤੇ ਬਿਨਾਂ ਧੰਧਾ ਪਿੱਟਦਿਆਂ ਵਿਅਰਥ ਜੀਵਨ ਗਵਾ ਦਿੰਦਾ ਹੈ।[198] ਇਥੇ ਧੰਧੇ ਤੋਂ ਭਾਵ ਉਹ ਕਮਾਈ ਹੈ, ਜੋ ਝੂਠੁ ਦੁਆਰਾ ਕੀਤੀ ਜਾਂਦੀ ਹੈ। ਜਿਸ ਵਿਚ ਕੇਵਲ ਦੌਲਤ ਦੀ ਇਕੱਤਰਤਾ ਲਈ ਧੋਖੇ ਅਤੇ ਠੱਗੀਆਂ ਕੀਤੀਆਂ ਜਾਂਦੀਆਂ ਹਨ।[199] ਮਨਮੁਖ ਹੰਕਾਰ ਵਿਚ ਵਿਚਰਦਾ ਆਕੜ ਕੇ ਤੁਰਦਾ ਹੈ। ਪਾਨ, ਬੀੜੇ ਖਾਂਦਾ ਹੈ। ਪਰਮਾਤਮਾ ਦੇ ਭੈਅ ਵਿਚ ਰਹਿ ਕੇ ਕਰਮ ਕਰਨਾ ਇਸ ਨੂੰ ਚੰਗਾ ਨਹੀਂ ਲੱਗਦਾ :

- *ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ॥*[200]
- *ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ ਸਬਦ*
  *ਸੁਰਤਿ ਨਹੀ ਭਾਈ॥*[201]

ਹੱਕ ਸੱਚ ਨਾਲ ਕਮਾਏ ਰਿਜ਼ਕ ਵਿਚ ਬਰਕਤ ਹੁੰਦੀ ਹੈ। ਜਦੋਂ ਕਿ ਹਰਾਮ ਦੀ ਕਮਾਈ ਕਰਕੇ ਐਸ਼ ਭੋਗਣ ਵਾਲਿਆਂ ਨੂੰ ਮਾਨਸਿਕ, ਸਰੀਰਕ, ਆਤਮਿਕ ਸਾਰੇ ਦੁੱਖ ਭੋਗਣੇ ਪੈਂਦੇ ਹਨ। **ਭਗਤ ਫਰੀਦ ਜੀ** ਲਿਖਦੇ ਹਨ :

*ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥*
*ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥*[202]

ਸੰਤੋਖੀ ਮਨੁੱਖ ਹੱਥੀ ਕਿਰਤ ਕਰਕੇ ਪ੍ਰਮਾਤਮਾ ਦਾ ਸ਼ੁਕਰ ਗੁਜ਼ਾਰ ਰਹਿੰਦਾ ਹੈ। ਪਰਾਏ ਧਨ ਨੂੰ ਹੜੱਪਣ ਦੀ ਇੱਛਾ ਤਾਂ ਦੂਰ, ਅਜਿਹੀ ਸੋਚ ਵੀ ਮਨੁੱਖ ਨੂੰ ਪਾਪੀ ਬਣਾ ਦਿੰਦੀ ਹੈ। ਇਸ ਲਈ ਪਰਾਈ ਵਸਤੂ ਨੂੰ ਹਥਿਆਉਣ ਅਤੇ ਵਰਤੋਂ ਤੋਂ ਮਨੁੱਖ ਨੂੰ ਪਰਹੇਜ਼ ਕਰਨਾ ਚਾਹੀਦਾ ਹੈ। ਜੋ ਮਨੁੱਖ ਪਰਾਏ ਧਨ ਅਤੇ ਇਸਤਰੀ ਦਾ ਤਿਆਗ ਕਰਕੇ ਆਪਣੇ ਚਰਿੱਤਰ ਦਾ ਨਿਰਮਾਣ ਕਰਦਾ ਹੈ। ਪਰਮਾਤਮਾ ਉਸਦੇ ਨਾਲ ਰਹਿੰਦਾ ਹੈ :

*ਪਰ ਧਨ ਪਰ ਦਾਰਾ ਪਰਹਰੀ।।*

*ਤਾ ਕੈ ਨਿਕਟਿ ਬਸੈ ਨਰਹਰੀ।।*[203]

ਮਨਮੁਖ ਹਮੇਸ਼ਾ ਮਾਇਆ ਕਮਾਉਣ ਖ਼ਾਤਰ ਦੌੜਦਾ ਫਿਰਦਾ ਰਹਿੰਦਾ ਹੈ। ਹਮੇਸ਼ਾ ਇਨ੍ਹਾਂ ਗੱਲਾਂ ਵਿਚ ਹੀ ਰੁੱਝਿਆ ਰਹਿੰਦਾ ਹੈ। ਉਸ ਦੀ ਅਸਥਾਈ ਮਿੱਟੀ ਦੀ ਦੇਹ ਮਾਇਆ ਪਿੱਛੇ ਨੱਚਦੀ ਹੈ, ਜੋ ਸਦਾ ਨਹੀਂ ਰਹਿਣੀ :

*ਮਾਟੀ ਕੋ ਪੁਤਰਾ ਕੈਸੇ ਨਚਤੁ ਹੈ।।*

*ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ।।*[204]

ਗੁਰਬਾਣੀ ਮਨੁੱਖ ਨੂੰ ਆਤਮ ਨਿਰਭਰ ਰਹਿਣ ਦਾ ਉਪਦੇਸ਼ ਦਿੰਦੀ ਹੈ। ਮਨੁੱਖ ਨੂੰ ਕਿਸੇ ਦਾ ਮੁਹਥਾਜ ਨਹੀਂ ਹੋਣਾ ਚਾਹੀਦਾ। ਸੱਚੀ ਭਗਤੀ ਦੀ ਉਦਾਹਰਣ ਗੁਰਬਾਣੀ ਵਿਚੋਂ ਮਿਲਦੀ ਹੈ ਕਿ ਭਗਤ ਫਰੀਦ ਜੀ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਮੈਨੂੰ ਦੁਨਿਆਵੀ ਪਦਾਰਥਾਂ ਦੀ ਖ਼ਾਤਰ ਕਿਸੇ ਦੇ ਦਰ ਉਤੇ ਨਾ ਜਾਣ ਦੇਵੀ, ਅਜਿਹਾ ਹੋਣ ਦੀ ਸਥਿਤੀ ਵਿਚ ਮੌਤ ਬਿਹਤਰ ਹੈ :

*ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ।।*

*ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।।*[205]

ਗੁਰਬਾਣੀ ਅਨੁਸਾਰ ਜੋ ਮਨੁੱਖ ਧਰਮ ਤੋਂ ਵਾਂਝਾ ਰਹਿ ਕੇ ਆਪਣੀ ਮਰਜ਼ੀ ਅਨੁਸਾਰ ਮੰਦੇ ਕੰਮ ਕਰਦਾ ਹੈ, ਉਸ ਨੂੰ ਕਦੇ ਸੁੱਖ ਨਹੀਂ ਮਿਲਦਾ।[206] ਉਹ ਆਪਣੀ ਭੈੜੀ ਮੱਤ ਦੇ ਪਿੱਛੇ ਲੱਗ ਕੇ ਮਾਇਆ ਦੇ ਮੋਹ ਵਿਚ ਅੰਨ੍ਹੀ ਕਿਰਤ-ਕਮਾਈ ਕਰਦਾ ਹੈ।[207] ਪਰ ਅਜਿਹੀ ਕਮਾਈ ਪਿੱਛੇ ਕੀਤੀ ਦੌੜ-ਭੱਜ ਵਿਅਰਥ ਹੀ ਜਾਂਦੀ ਹੈ।[208] ਜਿਵੇਂ-ਜਿਵੇਂ ਉਹ ਇਸ ਖੇਹ ਰੂਪੀ ਪੂੰਜੀ ਨੂੰ ਇਕੱਠਾ ਕਰਦਾ ਹੈ, ਤਿਵੇਂ-ਤਿਵੇਂ ਵਿਕਾਰਾਂ ਦੀ ਮੈਲ ਨਾਲ ਲਿੱਬੜਦਾ ਜਾਂਦਾ ਹੈ।[209]

ਹਮੇਸ਼ਾ ਨਾ ਨਿੱਭਣ ਵਾਲੇ ਪਦਾਰਥਾਂ ਦਾ ਕਾਰ-ਵਿਹਾਰ ਉਸ ਨੂੰ ਉਲਝਾ ਕੇ ਰੱਖ ਦਿੰਦਾ ਹੈ।[210] ਗੁਰਬਾਣੀ ਵਿਚ ਉਪਦੇਸ਼ ਹੈ ਕਿ ਇਹੋ ਜਿਹਾ ਝੂਠਾ ਵਪਾਰ ਕਰਨ ਦਾ ਕੀ ਫਾਇਦਾ, ਜੋ ਨਾਲ ਨਹੀਂ ਨਿਭਦਾ। ਮਨੁੱਖ ਨੂੰ ਅੰਤ ਵਿਚ ਖਾਲੀ ਹੱਥ ਹੀ ਕਬਰਾਂ ਵਿਚ ਜਾਣਾ ਪੈਂਦਾ ਹੈ।[211] ਇਸ ਤੋਂ ਇਲਾਵਾ ਦੁਨਿਆਵੀ ਪਦਾਰਥਾਂ ਦੀ ਖ਼ਾਤਰ ਕੀਤੇ ਮੰਦੇ ਕਰਮਾਂ ਦੀ ਸਜ਼ਾ ਵੀ ਭੁਗਤਣੀ ਪੈਂਦੀ ਹੈ।[212] ਆਪਣੇ ਕੀਤੇ ਪਾਪਾਂ ਦੀ ਸਜ਼ਾ ਭੋਗ ਕੇ ਮਨੁੱਖ ਦੁਖੀ ਹੁੰਦਾ ਹੈ।[213] ਆਪਣੇ ਹੰਕਾਰ ਵਿਚ ਰਹਿ ਕੇ ਪਰਾਏ ਹੱਕ ਨੂੰ ਹੜੱਪਣ ਦੀ ਬੁਰੀ ਸੋਚ ਉਸ ਦੇ ਦੁੱਖ ਦਾ ਕਾਰਨ ਬਣਦੀ ਹੈ।[214] ਇਸੇ ਲਈ ਗੁਰਬਾਣੀ ਮਨੁੱਖ ਨੂੰ ਉਸ ਦੇ ਮੰਦੇ ਕਰਮਾਂ ਤੋਂ ਸੁਚੇਤ ਕਰਕੇ, ਉਸਨੂੰ ਪਰਮਾਤਮਾ ਦੇ ਭੈਅ ਵਿਚ ਰਹਿ ਕੇ ਚੰਗੇ ਕਰਮ ਕਰਨ ਲਈ ਪ੍ਰੇਰਦੀ ਹੈ :

*ਧ੍ਰੋਹ ਮੋਹ ਦੂਰਿ ਕਰਿ ਬਪੁਰੇ ਸੰਗਿ ਗੋਪਾਲਹਿ ਜਾਨੁ॥*[215]

ਕਿਰਤਹੀਣ ਮਨੁੱਖ ਵਿਹਲਾ ਰਹਿ ਕੇ ਵਿਕਾਰੀ ਬਣ ਜਾਂਦਾ ਹੈ, ਅਤੇ ਅਪਰਾਧ ਕਰਨੇ ਸ਼ੁਰੂ ਕਰ ਦਿੰਦਾ ਹੈ। ਅਜਿਹਾ ਮਨੁੱਖ ਸਮਾਜ ਦੀ ਤਰੱਕੀ ਕਰਨ ਬਜਾਏ, ਸਗੋਂ ਰੁਕਾਵਟ ਬਣ ਜਾਂਦਾ ਹੈ। ਉਹ ਸਮਾਜ ਨੂੰ ਤਾਂ ਕੀ ਆਪਣੇ ਆਪ ਨੂੰ ਵੀ ਸੰਭਾਲਣ ਦੇ ਲਾਇਕ ਨਹੀਂ ਰਹਿੰਦਾ। ਅਜਿਹੇ ਮਨੁੱਖ ਨੂੰ ਹਰ ਪਾਸੇ ਫਿਟਕਾਰ ਮਿਲਦੀ ਹੈ। ਤੁਹਾਨੂੰ ਆਪਣੀ ਹੋਂਦ ਵਿਚ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਸੰਭਾਲਣਾ ਪਵੇਗਾ ਅਤੇ ਉਹ ਹੋਣਾ ਪਵੇਗਾ ਜੋ ਤੁਸੀਂ ਨਾ ਆਪ ਹੋ ਅਤੇ ਨਾ ਦੂਜੇ ਹਨ। ਕੰਮਾਂ ਵਿਚੋਂ ਇਹ ਸੰਪੂਰਣਤਾ ਅਤੇ ਸਿਖਰ ਹੈ।[216]

ਕ੍ਰਿਆਸ਼ੀਲ ਅਤੇ ਉਦਮੀ ਲੋਕ ਵਿਸ਼ੇ-ਵਿਕਾਰਾਂ ਤੋਂ ਬਚੇ ਰਹਿੰਦੇ ਹਨ ਅਤੇ ਤੰਦਰੁਸਤ ਹੁੰਦੇ ਹਨ। ਇਸ ਦੇ ਉਲਟ ਵਿਹਲੇ, ਨਿਕੰਮੇ ਲੋਕ ਸੁਸਤ ਅਤੇ ਰੋਗੀ ਹੁੰਦੇ ਹਨ। ਉਹ ਵਿਕਾਰਾਂ ਵਿਚ ਉਲਝ ਕੇ ਨਿਰਾਸ਼ਤਾ ਅਤੇ ਸ਼ਰਮਿੰਦਗੀ ਦੇ ਭਾਗੀ ਬਣਦੇ ਹਨ। ਕਿਰਤੀ ਆਪਣੀ ਕਿਰਤ ਵਿਚ ਹੀ ਸੰਤੁਸ਼ਟ ਰਹਿੰਦਾ ਹੈ। ਨਿੱਕੀ ਨਿੱਕੀ ਗੱਲ ਤੇ ਫ਼ਿਕਰ ਕਰੋਗੇ ਜਾਂ ਭਵਿੱਖ ਵਿਚ ਸੁਖੀ ਹੋਣ ਲਈ ਆਸਾਂ ਰੱਖੋਗੇ ਤਾਂ ਸਰੀਰ ਨੂੰ ਛੇਤੀ ਹੀ ਬੀਮਾਰੀ ਚਿੰਬੜ ਜਾਂਦੀ ਹੈ। ਅਸਲ ਵਿਚ ਦੁੱਖ-ਸੁੱਖ ਵਿਚ ਜਿਊਣਾ, ਗ੍ਰਿਹਸਥੀ ਹੋਣਾ ਤੇ ਬੱਚੇ ਪਾਲਣਾ, ਇਹੀ ਜ਼ਿੰਦਗੀ ਹੈ। ਇਹੀ ਮਨੁੱਖ ਦਾ ਜੀਵਨ ਹੈ।[217] ਆਪਣੀ ਕਿਰਤ ਪ੍ਰਤੀ ਵਫ਼ਾਦਾਰੀ ਨਿਭਾਉਣ ਵਾਲਿਆਂ ਲਈ ਉਨ੍ਹਾਂ ਦਾ ਕੰਮ ਹੀ ਪੂਜਾ ਦੇ ਕਾਬਿਲ ਹੁੰਦਾ ਹੈ। ਕਿਰਤ ਨੂੰ ਦਿਲੋਂ ਅਤੇ ਸੁਹਿਰਦਤਾ ਨਾਲ ਕਰਨਾ ਹੀ ਅਸਲੀ ਭਗਤੀ ਹੈ। ਕਿਰਤ ਵਿਚ ਪੂਰੀ ਯੋਗਤਾ ਹਾਸਿਲ

ਕਰਕੇ, ਤਰੱਕੀ ਕਰਨੀ ਇਕ ਕਿਰਤੀ ਦਾ ਨੈਤਿਕ ਫ਼ਰਜ਼ ਹੈ। ਜਦੋਂ ਕਿ ਧਨ-ਇਕੱਠਾ ਕਰਨਾ ਜਾਂ ਕਿਸੇ ਨੂੰ ਨੀਵਾਂ ਦਿਖਾਉਣਾ ਅਨੈਤਿਕਤਾ ਹੈ। ਧਨੀ ਬਣਨ ਦਾ ਹੁਨਰ ਆਮ ਅਰਥਾਂ ਵਿਚ ਨਿਵੇਕਲੇ ਤੇ ਅੰਤਮ ਰੂਪ ਵਿਚ ਆਪਣੇ ਲਈ ਬਹੁਤੀ ਮਾਇਆ ਇਕੱਤਰ ਕਰਨ ਵਿਚ ਨਹੀਂ, ਸਗੋਂ ਇਉਂ ਵਿਉਂਤ ਕਰਨ ਵਿਚ ਹੈ ਕਿ ਇਹ ਸਾਡੇ ਗਵਾਂਢੀਆਂ ਕੋਲ ਥੋੜ੍ਹੀ ਹੋਵੇ। ਠੀਕ ਠੀਕ ਸ਼ਬਦਾਂ ਵਿਚ ਇਹ ਹੈ, ਆਪਣੇ ਭਲੇ ਵਿਚ ਵੱਧ ਤੋਂ ਵੱਧ ਅਸਮਤਾ ਸਥਾਪਿਤ ਕਰਨੀ।[218] ਜਦੋਂ ਕਿ ਗੁਰਮਤਿ ਆਪਣੇ ਭਲੇ ਦੇ ਨਾਲ-ਨਾਲ ਸਰਬੱਤ ਦੇ ਭਲੇ ਦੀ ਗੱਲ ਕਰਦੀ ਹੈ।

ਮਨੁੱਖਾ ਜੀਵਨ ਮਨੁੱਖ ਨੂੰ ਸ਼ੁੱਭ ਕਰਮ ਕਮਾਉਣ ਲਈ ਮਿਲਿਆ ਹੈ। ਪਰ ਅਗਿਆਨੀ ਮਨੁੱਖ ਖੁਆਰੀ ਵਾਲੇ ਕੰਮਾਂ ਵਿਚ ਫਸ ਕੇ ਜ਼ਿੰਦਗੀ ਦੀ ਰਾਤ ਨੂੰ ਲੰਘਾ ਲੈਂਦਾ ਹੈ।[219] ਅਜਿਹੇ ਅਣਗਿਣਤ ਪਾਪਾਂ ਦੀ ਸਜ਼ਾ ਵਜੋਂ ਮਨੁੱਖ ਦੁਬਾਰਾ ਜਨਮ-ਮਰਨ ਦੇ ਚੱਕਰ ਕੱਟਦਾ ਹੈ।[220] ਝੂਠੀ ਸੰਗਤ ਵਿਚ ਵਿਚਰਦਾ ਹੋਇਆ ਮਨੁੱਖ ਆਪਣਾ ਸਾਰਾ ਵਕਤ ਹੇਰਾਫੇਰੀਆਂ ਕਰਕੇ ਗੁਜ਼ਾਰਦਾ ਹੈ।[221] ਉਹ ਧੋਖੇ ਅਤੇ ਫਰੇਬ ਦੀ ਕਮਾਈ ਖਾਂਦਾ ਹੈ ਅਤੇ ਹਮੇਸ਼ਾ ਝੂਠ ਬੋਲਦਾ ਹੈ।[222] ਇਸ ਝੂਠੀ ਕਮਾਈ ਸਦਕਾ ਉਸਦੀ ਤ੍ਰਿਸ਼ਨਾ ਦੀ ਅੱਗ ਹਮੇਸ਼ਾ ਬਲਦੀ ਰਹਿੰਦੀ ਹੈ।[223] ਜਾਇਦਾਦ, ਦੌਲਤ ਤੇ ਹੋਰ ਪਦਾਰਥਕ ਵਸਤੂਆਂ ਮਨੁੱਖ ਨੂੰ ਝਮੇਲਿਆਂ ਵਿਚ ਪਾ ਦਿੰਦੀਆਂ ਹਨ।[224] ਗਿਆਨ ਦੇ ਅਮਲੀ ਪੱਖ ਤੋਂ ਵਾਂਝੇ ਰਹਿ ਕੇ ਮਾਇਆ ਅਤੇ ਹੋਰ ਜੰਜਾਲਾਂ ਵਾਸਤੇ ਕੀਤੀ ਘਾਲਣਾ ਵਿਅਰਥ ਹੀ ਜਾਂਦੀ ਹੈ।[225] ਆਤਮਿਕ ਜੀਵਨ ਦੀ ਸੋਝੀ ਗਵਾ ਕੇ ਮਨੁੱਖ ਮਾਇਆ ਦੀ ਖ਼ਾਤਰ ਭੈੜੇ ਕਰਮ ਕਰਕੇ ਪਛਤਾਉਂਦਾ ਹੈ।[226] ਮਨਮੁਖ ਹਉਮੈ ਵਿਚ ਰਹਿ ਕੇ ਉਹੀ ਕਰਮ ਕਮਾਉਂਦਾ ਹੈ, ਜੋ ਅਗਿਆਨਤਾ ਦਾ ਹਨੇਰਾ ਪੈਦਾ ਕਰਦੇ ਹਨ:

- *ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ।।*[227]
- *ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ।।*[228]

ਅਸਲ ਵਿਚ ਬੇਸਮਝੀ ਮਨੁੱਖ ਨੂੰ ਆਪਣੇ ਆਪ ਗਲਤ ਰਸਤੇ ਉਪਰ ਤੋਰ ਦਿੰਦੀ ਹੈ।[229] ਮਨਮੁਖ ਮੰਦੇ ਪਾਸੇ ਤੁਰ ਕੇ ਜੀਵਨ ਦਾ ਰਸਤਾ ਲੱਭਦਾ ਹੈ।[230] ਗੁਰਬਾਣੀ ਮਨੁੱਖ ਨੂੰ ਪ੍ਰੇਰਦੀ ਹੈ ਕਿ ਉਸਨੂੰ ਆਪਣੀ ਮੱਤ ਛੱਡ ਕੇ ਸੱਚ ਦੇ ਲੜ ਲੱਗਣਾ ਚਾਹੀਦਾ ਹੈ।[231] ਉਸਨੂੰ ਝੂਠੇ ਰੁਝੇਵਿਆਂ ਵਿਚੋਂ ਨਿਕਲ ਕੇ ਪਵਿੱਤਰ ਅਮਲ ਕਮਾਉਂਣੇ ਚਾਹੀਦੇ ਹਨ :

*ਮਨ ਨਿਰਮਲ ਕਰਮ ਕਰਿ ਤਾਰਨ ਤਰਨ ਹਰਿ*

*ਅਵਰਿ ਜੰਜਾਲ ਤੇਰੈ ਕਾਹੂ ਨ ਕਾਮ ਜੀਉ।।*[232]

ਮਨੁੱਖ ਨੂੰ ਸੁਚੱਜੀ ਕਿਰਤ-ਕਮਾਈ ਕਰਨੀ ਚਾਹੀਦੀ ਹੈ, ਕਿਉਂਕਿ ਲਾਲਚ ਵਿਚ ਕੀਤੇ ਕੰਮ ਵਿਅਰਥ ਹਨ।[233] ਪਰਮਾਤਮਾ ਨੂੰ ਵਿਸਾਰ ਕੇ ਕੀਤੇ ਕੰਮ ਘਾਟੇ ਵਿਚ ਰਹਿੰਦੇ ਹਨ।[234] ਮਨੁੱਖ ਅਪਰਾਧ ਕਰਕੇ ਚੋਰਾਂ ਵਾਂਗੂੰ ਲੁਕਾਉਂਦਾ ਹੈ।[235] ਜੀਵਨ ਮਨੋਰਥ ਦੀ ਸੂਝ ਬਿਨਾਂ, ਦਿਨ-ਰਾਤ ਭੱਜ-ਭੱਜ ਕੇ ਦੌਲਤ ਨੂੰ ਜੋੜਦਾ ਹੈ।[236] ਮਨੁੱਖ ਦੁਆਰਾ ਲਾਲਚ ਵੱਸ ਹੋ ਕੇ ਕੀਤੇ, ਇਹੀ ਕਰਮ ਇਕ ਦਿਨ ਜ਼ੰਜੀਰ ਬਣ ਕੇ ਇਸ ਦੇ ਗਲ ਵਿਚ ਪੈਂਦੇ ਹਨ :

*ਜੋ ਜੋ ਕਰਮ ਕੀਏ ਲਾਲਚ ਸਿਉ ਤੇ ਫਿਰਿ ਗਰਹਿ ਪਰਿਓ।।*[237]

ਕਈ ਮਨੁੱਖ ਵਿਹਲੇ ਇਸ ਕਰਕੇ ਰਹਿੰਦੇ ਹਨ ਕਿ ਉਹਨਾਂ ਕੋਲ ਜੱਦੀ ਪੁਸ਼ਤੀ ਜ਼ਮੀਨ ਜਾਇਦਾਦ ਹੁੰਦੀ ਹੈ। ਪਰੰਤੂ ਨੈਤਿਕਤਾ ਦੇ ਪੱਖ ਤੋਂ ਮਨੁੱਖ ਨੂੰ ਆਪਣੇ ਹੱਥੀ ਕਿਰਤ ਜ਼ਰੂਰ ਕਰਨੀ ਚਾਹੀਦੀ ਹੈ, ਭਾਵੇ ਉਹ ਜਿੰਨਾ ਮਰਜ਼ੀ ਅਮੀਰ ਹੋਵੇ। ਜੇ ਕੋਈ ਵਿਅਕਤੀ ਮਾਇਕ ਤੌਰ ਤੇ ਬਹੁਤਾ ਸੌਖਾ ਵੀ ਹੋਵੇ ਅਤੇ ਕੋਈ ਕੰਮ ਧੰਦਾ ਕੀਤੇ ਬਿਨਾਂ ਹੀ ਆਪਣਾ ਗੁਜ਼ਾਰਾ ਕਰ ਸਕੇ, ਤਾਂ ਵੀ ਉਸ ਨੂੰ ਚਾਹੀਦਾ ਹੈ ਕਿ ਆਪਣੀ ਅਤੇ ਆਪਣੀ ਕੌਮ ਦੀ ਭਲਾਈ ਦੀ ਖ਼ਾਤਿਰ ਹੀ ਸੁਆਰਥ ਤੋਂ ਉਪਰ ਉਠ ਕੇ ਕਿਸੇ ਨਾ ਕਿਸੇ ਲਾਭਦਾਇਕ ਕੰਮ ਵਿਚ ਜ਼ਰੂਰ ਰੁੱਝਾ ਰਹੇ।[238]

ਮਨਮੁਖ ਬੇਸਮਝੀ ਵਿਚ ਪਸ਼ੂਆਂ ਵਾਲੇ ਕੰਮ ਕਰਦਾ ਹੈ। ਝੂਠ ਦੀ ਕਮਾਈ ਕਰਦਾ-ਕਰਦਾ ਉਹ ਆਪ ਝੂਠ ਦਾ ਰੂਪ ਹੋ ਜਾਂਦਾ ਹੈ।[239] ਥੋੜ੍ਹੇ ਸਮੇਂ ਲਈ ਰਹਿਣ ਵਾਲੇ ਦੁਨਿਆਵੀ ਸੁੱਖਾਂ ਦੀ ਖ਼ਾਤਿਰ ਕ੍ਰੋੜਾਂ ਜਨਮ ਦੁੱਖਾਂ ਵਿਚ ਭਟਕਦਾ ਰਹਿੰਦਾ ਹੈ।[240] ਅਜਿਹੇ ਮਨੁੱਖ ਦੁਆਰਾ ਕੀਤੇ ਧਾਰਮਿਕ ਕੰਮ ਵੀ ਇਸ ਤਰ੍ਹਾਂ ਹਨ, ਜਿਵੇਂ ਹਾਥੀ ਨਹਾਉਣ ਤੋਂ ਬਾਅਦ ਆਪਣੇ ਉਤੇ ਮਿੱਟੀ ਉਡਾ ਕੇ ਪਾ ਲੈਂਦਾ ਹੈ।[241] ਕਿਉਂਕਿ ਅਜਿਹੇ ਮਨੁੱਖ ਦੀ ਮੱਤ ਵਿਕਾਰਾਂ ਨਾਲ ਖੋਟੀ ਅਤੇ ਮੈਲੀ ਹੀ ਰਹਿੰਦੀ ਹੈ। ਮਾਇਆ ਦੇ ਝੂਠੇ ਮੋਹ ਨਾਲ ਉਸ ਦਾ ਹਿਰਦਾ ਵੀ ਗੰਦਾ ਹੋਇਆ ਰਹਿੰਦਾ ਹੈ :

*ਦੁਰਮਤਿ ਬਿਕਾਰ ਮਲੀਨ ਮਤਿ ਹੋਛੀ ਹਿਰਦਾ ਕੁਸੁਧੁ*

*ਲਾਗਾ ਮੋਹ ਕੂਰੁ।।*[242]

ਪਰਮਾਤਮਾ ਦੀ ਕਿਰਪਾ ਨਾਲ ਇਹਨਾਂ ਝੂਠੇ ਬੰਧਨਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ।[243] ਇਸ ਲਈ ਗੁਰਬਾਣੀ ਦਾ ਉਪਦੇਸ਼ ਹੈ ਕਿ ਮਨੁੱਖ ਨੂੰ ਮੰਦੇ ਕਰਮਾਂ ਤੋਂ ਸੁਚੇਤ ਰਹਿ ਕੇ ਸਮਝਦਾਰੀ ਤੋਂ ਕੰਮ ਲੈਣਾ ਚਾਹੀਦਾ ਹੈ।[244] ਪਰਮਾਤਮਾ ਦੇ ਆਸਰੇ ਗ੍ਰਿਹਸਥ ਜੀਵਨ ਨੂੰ ਨਿਭਾਉਣਾ, ਹਰ ਮਨੁੱਖ ਦਾ ਪਹਿਲਾ ਫਰਜ਼ ਹੈ, ਪਰੰਤੂ ਮਨਮੁਖ ਆਪਣੇ ਫ਼ਰਜ਼ਾਂ ਤੋਂ ਮੁੱਖ ਮੋੜ ਕੇ, ਆਪਣੀ ਭੈੜੀ ਮੱਤ ਪਿੱਛੇ ਲੱਗ ਕੇ ਭਟਕਦਾ ਰਹਿੰਦਾ ਹੈ :

*ਗ੍ਰਿਹਿ ਧਰਮੁ ਗਵਾਏ ਸਤਿਗੁਰੁ ਨ ਭੇਟੈ*
*ਦੁਰਮਤਿ ਘੂਮਨ ਘੇਰੈ।।*[245]

ਆਪਣੀ ਕਿਰਤ ਕਰਕੇ ਖੁਸ਼ ਹੋਣ ਵਾਲਾ ਮਨੁੱਖ ਲੰਬੀ ਉਮਰ ਅਤੇ ਸਾਰੇ ਸੰਸਾਰੀ ਸੁੱਖਾਂ ਨੂੰ ਭੋਗਦਾ ਹੈ। ਅਜਿਹੀ ਖੁਸ਼ੀ ਇਕ ਦਿਨ ਉਸ ਨੂੰ ਆਤਮਿਕ ਅਨੰਦ ਪ੍ਰਦਾਨ ਕਰਦੀ ਹੈ। ਤਲਵਾਰ ਨੂੰ ਜੰਗ ਦੀ ਖੇਡ ਵਿਚ ਖੁਸ਼ੀ ਮਿਲਦੀ ਹੈ, ਤੀਰ ਨੂੰ ਆਪਣੀ ਚਲਣ ਸ਼ੂਕ ਅਤੇ ਛਾਲ ਨਾਲ ਹੁਲਾਸ ਮਿਲਦਾ ਹੈ, ਪ੍ਰਿਥਵੀ ਦੇ ਪੁਲਾੜ ਵਿਚ ਘੁੱਕਣ ਨਾਲ ਖੁਸ਼ੀ ਮਿਲਦੀ ਹੈ, ਸੂਰਜ ਦੀ ਆਪਣੀ ਸਦੀਵੀ ਗਤੀ ਅਤੇ ਬਲਣ ਦੀ ਸ਼ਾਨ ਵਿਚ ਇਕ ਸ਼ਾਹੀ ਆਨੰਦ ਹੁੰਦਾ ਹੈ। ਐ ਚੇਤੰਨ ਸਾਧਨ, ਤੂੰ ਸੌਂਪੇ ਹੋਏ ਕੰਮਾਂ ਵਿਚ ਖੁਸ਼ੀ ਮਹਿਸੂਸ ਕਰ।[246] ਸੁਚੱਜੀ ਕਿਰਤ-ਕਮਾਈ ਹੀ ਮਨੁੱਖ ਨੂੰ ਅਸਲ ਅਨੰਦ ਦਾ ਅਹਿਸਾਸ ਕਰਵਾਉਂਦੀ ਹੈ।

ਮਨਮੁਖ ਨੂੰ ਉਸਦੀ ਮੂਰਖਤਾ ਅਤੇ ਦੁਨਿਆਵੀ ਨਾਸ਼ਵਾਨਤਾ ਦਾ ਅਹਿਸਾਸ ਕਰਵਾਉਣ ਲਈ ਗੁਰਬਾਣੀ ਵਿਚ ਬੇਅੰਤ ਪ੍ਰਮਾਣ ਮਿਲਦੇ ਹਨ। ਲਾਲਚੀ ਮਨੁੱਖ ਆਪਣੇ ਕੁਕਰਮਾਂ ਦੁਆਰਾ ਕੌਡੀ ਕੌਡੀ ਕਰਕੇ ਧਨ ਜੋੜਦਾ ਹੈ। ਕੰਜੂਸੀ ਕਰਕੇ ਲੱਖਾ-ਕਰੋੜਾਂ ਦੀ ਜਾਇਦਾਦ ਬਣਾ ਕੇ ਹਉਮੈਂ ਵਿਚ ਵਿਚਰਦਾ ਹੈ, ਪਰ ਮੌਤ ਆਉਣ ਤੇ ਲੋਕ ਉਸ ਦੇ ਪਹਿਨੇ ਹੋਏ ਵਸਤਰ ਵੀ ਉਤਾਰ ਦਿੰਦੇ ਹਨ :

*ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ।।*
*ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ।।*[247]

ਮਨਮੁਖ ਧਨ ਦੇ ਲਾਲਚ ਵਿਚ ਇੰਨਾ ਉਲਝ ਜਾਂਦਾ ਹੈ ਕਿ ਉਸਨੂੰ ਆਪਣੇ ਆਪ ਦੀ ਵੀ ਕੋਈ ਸਮਝ ਨਹੀਂ ਰਹਿੰਦੀ। ਗੁਰਮਤਿ ਵਿਚ ਸੁਕ੍ਰਿਤ ਤੋਂ ਭਾਵ ਅਜਿਹੀ ਕਿਰਤ-ਕਮਾਈ ਤੋਂ ਹੈ, ਜਿਸ ਵਿਚ ਸੰਤੁਲਨ ਬਣਾ ਕੇ ਰੱਖਣਾ ਬਹੁਤ ਜ਼ਰੂਰੀ ਹੈ, ਭਾਵ ਇਹ ਨਹੀਂ

ਕਿ ਮਨੁੱਖ ਕਿਰਤ ਨੂੰ ਧੰਦਾ ਬਣਾ ਕੇ ਉਲਝ ਜਾਵੇ ਅਤੇ ਅਜਿਹਾ ਵੀ ਨਹੀਂ ਕਿ ਵਿਹਲਾ ਰਹਿ ਕੇ ਵਿਕਾਰੀ ਬਣ ਜਾਵੇ ਅਤੇ ਦੂਸਰਿਆਂ ਤੇ ਨਿਰਭਰ ਰਹੇ ਕਿਉਂਕਿ ਮਾਇਆ ਦਾ ਮੋਹ ਮਨੁੱਖ ਨੂੰ ਅੰਨ੍ਹਾ ਅਤੇ ਬੋਲਾ ਬਣਾ ਦਿੰਦਾ ਹੈ। ਆਤਮਿਕ ਜੀਵਨ ਦੀ ਉਸ ਨੂੰ ਕੋਈ ਸੋਝੀ ਨਹੀਂ ਰਹਿੰਦੀ :

*ਮਾਇਆਧਾਰੀ ਅਤਿ ਅੰਨਾ ਬੋਲਾ॥*

*ਸਬਦੁ ਨ ਸੁਣਈ ਬਹੁ ਰੋਲ ਘਚੋਲਾ॥*[248]

ਪਰਮਾਤਮਾ ਦੇ ਨਾਮ ਤੋਂ ਬਿਨਾਂ ਮਾਇਆ ਦੇ ਪਸਰੇ ਪਸਾਰੇ ਸੁੱਖ ਨਹੀਂ ਦੇ ਸਕਦੇ।[249] ਹੰਕਾਰ ਵਿਚ ਇਕੱਠੀ ਕੀਤੀ ਦੌਲਤ-ਜਾਇਦਾਦ ਮਨੁੱਖ ਦੇ ਨਾਲ ਨਹੀਂ ਜਾਂਦੀ।[250] ਹੰਕਾਰ ਵੱਸ ਕੀਤੇ ਕਾਰ-ਵਿਹਾਰ ਕਾਰਨ, ਮਨੁੱਖ ਨੂੰ ਜਮਾਂ ਦਾ ਡੰਡਾ ਸਹਾਰਨਾ ਪੈਂਦਾ ਹੈ।[251] ਕਿਉਂਕਿ ਸੰਸਾਰੀ ਪਦਾਰਥਾਂ ਨਾਲ ਦਵੈਤ ਭਾਵ ਪੈਦਾ ਹੁੰਦਾ ਹੈ ਅਤੇ ਸਹਜ ਅਵਸਥਾ ਨਹੀਂ ਮਿਲਦੀ।[252] ਅਗਿਆਨਤਾ ਵੱਸ ਹੋ ਕੇ ਦੌਲਤ ਨਾਲ ਕੀਤਾ ਪ੍ਰੇਮ ਘਾਤਕ ਬਿਮਾਰੀਆਂ ਨੂੰ ਜਨਮ ਦਿੰਦਾ ਹੈ :

*ਅਹੰਬੁਧਿ ਬਹੁ ਸਘਨ ਮਾਇਆ*

*ਮਹਾ ਦੀਰਘ ਰੋਗੁ॥*[253]

ਮਨਮੁਖ ਹੰਕਾਰ ਵਿਚ ਕੰਮ ਕਰਕੇ, ਕਸ਼ਟ ਸਹਾਰਦਾ ਹੈ।[254] ਹੰਕਾਰ ਵਿਚ ਉਹ ਕਮਾਈ ਕਰਦਾ ਹੈ ਅਤੇ ਹੰਕਾਰ ਵਿਚ ਹੀ ਗੁਆ ਲੈਂਦਾ ਹੈ।[255] ਝੂਠ ਦੀ ਕਮਾਈ ਉਸ ਛੱਪੜ ਵਾਂਗ ਹੈ, ਜਿਸ ਵਿਚ ਹੱਥ ਡੋਬ ਕੇ, ਬਿਨਾਂ ਚਿੱਕੜ ਤੋਂ ਹੋਰ ਕੁਝ ਨਹੀਂ ਲੱਭਦਾ।[256] ਹਉਮੈਂ ਵਿਚ ਰਹਿ ਕੇ ਝੂਠ ਦੀ ਕਮਾਈ ਕਰਨ ਵਾਲੇ, ਉਸ ਵੇਸਵਾ ਦੇ ਪੁੱਤਰ ਵਰਗੇ ਹਨ, ਜਿਸਦੇ ਨਾਮ ਅਤੇ ਪਿਤਾ ਦਾ ਕੋਈ ਪਤਾ ਨਹੀਂ ਹੁੰਦਾ :

*ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ*

*ਪੁਤੁ ਨਿਨਾਉ॥*[257]

ਹਰਾਮ ਦੀ ਕਿਰਤ ਕਰਕੇ ਖਾਣ ਵਾਲੇ ਨੂੰ ਕਦੀ ਮਾਨਸਿਕ ਸ਼ਾਂਤੀ ਨਹੀਂ ਮਿਲਦੀ। ਉਹ ਹਮੇਸ਼ਾ ਤਨਾਵ ਵਿਚ ਰਹਿੰਦਾ ਹੈ। ਅਜਿਹਾ ਮਨੁੱਖ ਬੜਾ ਖੁਸ਼ ਹੋ ਕੇ ਹੋਰਨਾਂ ਦੀਆਂ ਵਸਤੂਆਂ ਨੂੰ ਖੋਹਦਾ ਹੈ। ਪਰ ਉਹ ਇਸ ਗੱਲ ਤੋਂ ਬੇਖ਼ਬਰ ਹੈ ਕਿ ਪਰਮਾਤਮਾ ਉਸਨੂੰ ਦੇਖ

ਸੁਣ ਰਿਹਾ ਹੈ। ਸੰਸਾਰ ਦੇ ਇਨ੍ਹਾਂ ਲਾਲਚਾਂ ਨੇ ਉਸਨੂੰ ਆਤਮਿਕ ਤੌਰ 'ਤੇ ਟੋਏ ਵਿਚ ਸੁੱਟ ਦਿੱਤਾ ਹੈ। ਉਸਦੇ ਕੁਕਰਮਾਂ ਕਰਕੇ ਭਵਿੱਖ ਵਿਚ ਉਸ ਦਾ ਕੀ ਹਾਲ ਹੋਵੇਗਾ, ਉਹ ਨਹੀਂ ਜਾਣਦਾ :

*ਖੁਸਿ ਖੁਸਿ ਲੈਂਦਾ ਵਸਤੁ ਪਰਾਈ। ਵੇਖੈ ਸੁਣੈ ਤੇਰੈ ਨਾਲਿ ਖੁਦਾਈ।।*

*ਦੁਨੀਆ ਲਬਿ ਪਇਆ ਖਾਤ ਅੰਦਰਿ ਅਗਲੀ ਗਲ ਨ ਜਾਣੀਆ।।*[258]

ਗੁਰਸਿੱਖ ਨੂੰ ਇਹੀ ਹੁਕਮ ਹੈ ਕਿ ਉਹ ਕਮਾਈ ਕਰਕੇ ਖਾਵੇ। ਹਰ ਇਕ ਮਨੁੱਖ ਨੂੰ ਰੱਬ ਰੂਪ ਜਾਣ ਕੇ ਉਸਦੀ ਸੇਵਾ ਕਰੇ, ਪਰ ਦਸਵੰਧ ਕੱਢ ਕੇ ਜਾਂ ਦਾਨ-ਪੁੰਨ ਕਰਕੇ ਆਪਣੇ ਆਪ ਨੂੰ ਵੱਡਾ ਕਹਿ ਕੇ ਹਉਮੈਂ ਵਿਚ ਨਾ ਆਵੇ। ਅਜਿਹਾ ਕਰਨ ਨਾਲ ਕੀਤਾ ਹੋਇਆ ਸਭ ਵਿਅਰਥ ਜਾਂਦਾ ਹੈ। **ਭਾਈ ਗੁਰਦਾਸ ਜੀ** ਉਪਦੇਸ਼ ਦਿੰਦੇ ਹਨ :

- *ਘਾਲਿ ਖਾਇ ਸੇਵਾ ਕਰੈ ਗੁਰ ਉਪਦੇਸੁ ਅਵੇਸੁ ਵਿਸੇਖੈ।।*[259]
- *ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।।*[260]

ਝੂਠ ਦੀ ਬੁਨਿਆਦ ਤੇ ਸੱਚ ਦੀ ਪ੍ਰਾਪਤੀ ਮੁਸ਼ਕਿਲ ਹੀ ਨਹੀਂ ਅਸੰਭਵ ਹੈ। ਪਾਪਾਂ ਦੀ ਕਮਾਈ ਦੁਆਰਾ ਮਨਮੁਖ ਆਤਮਿਕ ਤੌਰ ਤੇ ਲੁੱਟੇ ਪੁੱਟੇ ਜਾਂਦੇ ਹਨ। ਮੌਤ ਦੇ ਫਰਿਸ਼ਤੇ ਦੁਆਰਾ ਮਨਮੁਖ ਨੂੰ ਤਸੀਹੇ ਦਿੱਤੇ ਜਾਂਦੇ ਹਨ। ਉਸ ਦੇ ਭੈੜੇ ਕਰਮਾਂ ਕਰਕੇ ਰਚਨਹਾਰ ਪਰਮਾਤਮਾ ਉਸਨੂੰ ਨਰਕਾਂ ਵਿਚ ਸੁੱਟ ਦਿੰਦਾ ਹੈ ਅਤੇ ਧਰਮ ਰਾਜ ਉਸ ਕੋਲੋਂ ਕੀਤੇ ਕਰਮਾਂ ਦਾ ਹਿਸਾਬ ਮੰਗਦਾ ਹੈ :

*ਪਾਪ ਕਰੇਦੜ ਸਰਪਰ ਮੁਠੇ।। ਅਜਰਾਈਲਿ ਫੜੇ ਫੜਿ ਕੁਠੇ।।*

*ਦੋਜਕਿ ਪਾਏ ਸਿਰਜਣਹਾਰੈ।। ਲੇਖਾ ਮੰਗੈ ਬਾਣੀਆ।।*[261]

ਗੁਰਬਾਣੀ ਅਨੁਸਾਰ ਕਿਸੇ ਮਨੁੱਖ ਦਾ ਵੱਡਾ ਜਾਂ ਛੋਟਾ ਰੁਤਬਾ ਜਾਤ-ਪਾਤ, ਧਰਮ ਜਾਂ ਲਿੰਗ ਦੇ ਅਧਾਰ ਤੇ ਨਹੀਂ, ਬਲਕਿ ਉਸਦੇ ਸੰਪੂਰਨ ਚਰਿੱਤਰ ਨੂੰ ਵਾਚਦਿਆਂ ਚੰਗੇ-ਮੰਦੇ ਕਰਮਾਂ ਤੇ ਅਧਾਰਿਤ ਹੁੰਦਾ ਹੈ। ਪਰੰਤੂ ਬੇਸਮਝ ਮਨੁੱਖ ਦੌਲਤ ਦੇ ਵਾਧੇ ਵਿਚ ਆਪਣੇ ਆਪ ਨੂੰ ਉਚਾ ਸਮਝਦਾ ਹੈ। ਮਨਮੁਖ ਧਰਤੀ ਉਤੇ ਰਾਜਾ ਬਣ ਕੇ ਆਪਣੀ ਹਕੂਮਤ ਚਲਾਉਂਦਾ ਹੈ। ਕਈ ਤਰ੍ਹਾਂ ਦੇ ਜ਼ੋਰ-ਜ਼ੁਲਮ ਕਰਕੇ ਧਨ ਦੌਲਤ ਨੂੰ ਇਕੱਠਾ ਕਰਦਾ ਹੈ। ਝੂਠੀ ਕਮਾਈ

ਨੂੰ ਭਰ-ਭਰ ਕੇ ਥੈਲੀਆਂ ਵਿਚ ਰੱਖਦਾ ਹੈ। ਪਰ ਉਸ ਦੀ ਕਮਾਈ ਉਸ ਕੋਲੋਂ ਖੋਹ ਕੇ ਪਰਮਾਤਮਾ ਕਿਸੇ ਹੋਰ ਨੂੰ ਦੇ ਦਿੰਦਾ ਹੈ :

*ਭੂਪਤਿ ਹੋਇ ਕੈ ਰਾਜੁ ਕਮਾਇਆ॥*

*ਕਰਿ ਕਰਿ ਅਨਰਥ ਵਿਹਾਝੀ ਮਾਇਆ॥*

*ਸੰਚਤ ਸੰਚਤ ਥੈਲੀ ਕੀਨ੍ਹੀ॥*

*ਪ੍ਰਭਿ ਉਸ ਤੇ ਡਾਰਿ ਅਵਰ ਕਉ ਦੀਨੀ॥*[262]

ਧਰਮ ਦੀ ਕਿਰਤ ਦੇ ਨਾਲ ਗੁਰਮਤਿ ਮਨੁੱਖ ਨੂੰ ਇਹ ਵੀ ਸਮਝਾਉਂਦੀ ਹੈ ਕਿ ਉਸ ਨੂੰ ਹਰ ਪ੍ਰਕਾਰ ਦੇ ਲਾਲਚ ਨੂੰ ਤਿਆਗਣਾ ਪਵੇਗਾ। ਧਰਮ ਦੇ ਨਾਂ ਤੇ ਹੋਣ ਵਾਲੇ ਲਾਲਚ ਵੀ ਛੱਡਣੇ ਪੈਣਗੇ। ਕਿਉਂਕਿ ਧਾਰਮਿਕ ਅਸਥਾਨ ਭਜਨ ਸਿਮਰਨ, ਗਰੀਬ, ਮੁਸਾਫਰ ਜਾਂ ਲੋੜਵੰਦਾਂ ਦੀ ਸਹਾਇਤਾ ਲਈ ਬਣਾਏ ਗਏ ਹਨ। ਸੱਚੀ ਕਿਰਤ ਕਰਨ ਵਾਲਾ ਬਿਨਾਂ ਲੋੜ ਦੇ ਲਾਲਚ ਕਰਕੇ ਗੁਰੂ ਘਰ ਦਾ ਪ੍ਰਸ਼ਾਦਾ ਨਹੀਂ ਛਕਦਾ। **ਭਾਈ ਗੁਰਦਾਸ ਜੀ** ਮਨੁੱਖ ਦੀ ਲਾਲਚੀ ਬਿਰਤੀ ਦਾ ਵਰਣਨ ਕਰਦੇ ਹੋਏ ਲਿਖਦੇ ਹਨ ਕਿ ਜਿਸ ਤਰ੍ਹਾਂ ਹਿੰਦੂਆਂ ਲਈ ਗਊ ਦਾ ਮਾਸ ਖਾਣਾ ਹਰਾਮ ਹੈ ਅਤੇ ਮੁਸਲਮਾਨ ਸੂਰ ਦੇ ਮਾਸ ਅਤੇ ਵਿਆਜ ਦੇ ਖਾਣ ਨੂੰ ਹਰਾਮ ਸਮਝਦੇ ਹਨ। ਸਹੁਰਾ ਜਵਾਈ ਦੇ ਘਰ ਰੋਟੀ ਤਾਂ ਕੀ, ਪਾਣੀ ਤੱਕ ਪੀਣ ਨੂੰ ਅਪਵਿੱਤਰ ਸਮਝਦਾ ਹੈ। ਚੂਹੜਾ ਭਾਵੇਂ ਜਿੰਨਾ ਮਰਜ਼ੀ ਗਰੀਬ ਜਾਂ ਭੁੱਖਾ ਹੋਵੇ, ਪਰ ਸਹੇ ਨੂੰ ਨਹੀਂ ਖਾਂਦਾ। ਜਿਵੇਂ ਇਕ ਮੱਖੀ ਮਿੱਠੇ ਦੇ ਲਾਲਚ ਵਿਚ ਪੈ ਕੇ ਮਰ ਜਾਂਦੀ ਹੈ। ਇਸੇ ਤਰ੍ਹਾਂ ਸਿੱਖ ਲਈ ਗੁਰਦੁਆਰੇ ਜਾਂ ਧਾਰਮਿਕ ਸਥਾਨਾਂ ਤੇ ਜਾ ਕੇ ਖਾਣ-ਪੀਣ ਦਾ ਲਾਲਚ ਕਰਨਾ ਜ਼ਹਿਰ ਦੇ ਬਰਾਬਰ ਹੈ :

*ਜਿਉ ਮਿਰਜਾਦਾ ਹਿੰਦੂਆ ਗਊ ਮਾਸੁ ਅਖਾਜੁ।*

*ਮੁਸਲਮਾਣਾ ਸੂਅਰਹੁ ਸਉਗੰਦ ਵਿਆਜੁ।*

*ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ।*

*ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ।*

*ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ।*

*ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ।।੧੨।।*[263]

ਗੁਰਬਾਣੀ ਵਿਚ ਕਿੱਤਾਮੁਖੀ ਨੈਤਿਕਤਾ ਉਪਰ ਵਿਚਾਰ ਕਰਦਿਆਂ, ਸਾਨੂੰ ਬੇਅੰਤ ਪ੍ਰਮਾਣ ਮਿਲਦੇ ਹਨ, ਜੋ ਨੇਕੀ ਦੀ ਕਿਰਤ-ਕਮਾਈ ਦਾ ਉਪਦੇਸ਼ ਦਿੰਦੇ ਹਨ। ਇਸ ਤਰ੍ਹਾਂ ਗੁਰਬਾਣੀ ਮਨੁੱਖ ਨੂੰ ਹਰ ਪ੍ਰਕਾਰ ਦੇ ਲਾਲਚ ਨੂੰ ਤਿਆਗ ਕੇ, ਸੁਕ੍ਰਿਤ ਕਰਕੇ ਜੀਵਨ ਨਿਰਬਾਹ ਕਰਨ ਦਾ ਉਪਦੇਸ਼ ਦਿੰਦੀ ਹੈ।

# ਹਵਾਲੇ

[1] ਡਾ. ਹਰਿਭਜਨ ਸਿੰਘ, *ਅਧਿਅਨ ਅਤੇ ਅਧਿਆਪਨ,* ਪੰਨਾ 59.

[2] ਡਾ. ਹਰਬੰਸ ਸਿੰਘ, *ਗੁਰੂ ਨਾਨਕ ਦੀ ਕਾਵਿ-ਕਲਾ,* ਪੰਨਾ 37.

[3] ਕੁਲਬੀਰ ਸਿੰਘ ਕਾਂਗ, *ਗੁਰੂ ਨਾਨਕ ਬਾਣੀ ਅਧਿਐਨ 'ਤੇ ਮੰਥਨ,* ਪੰਨਾ 34.

[4] ਡਾ. ਵਜ਼ੀਰ ਸਿੰਘ, *ਗੁਰੂ ਨਾਨਕ ਸਿੱਧਾਂਤ,* ਪੰਨਾ 122.

[5] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1426.

[6] *ਉਹੀ,* ਪੰਨਾ 1070.

[7] *ਵਾਰਾਂ ਭਾਈ ਗੁਰਦਾਸ,* (ਸੰਪਾ.), ਡਾ. ਗੁਰਸ਼ਰਨ ਕੌਰ ਜੱਗੀ, ਵਾਰ 3, ਪਉੜੀ 2, ਪੰਨਾ 80.

[8] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨੇ 292–93.

[9] ਕੁਲਦੀਪ ਸਿੰਘ ਹਉਰਾ, *ਸਿੱਖ ਨੈਤਿਕਤਾ ਦੀ ਰੂਪ-ਰੇਖਾ,* ਪੰਨਾ 35.

[10] *ਗੁਰੂ ਨਾਨਕ ਧਰਮ ਚਿੰਤਨ,* (ਸੰਪਾ.), ਡਾ. ਬਲਕਾਰ ਸਿੰਘ, ਪੰਨੇ 56, 57.

[11] ਡਾ. ਰਾਧਾ ਕ੍ਰਿਸ਼ਣਨ, *ਧਰਮ ਇੱਕ ਤੁਲਨਾਤਮਕ ਅਧਿਐਨ,* ਪੰਨਾ 41.

[12] S.S. Kohli, *Philosophy of Guru Nanak*, p. 39.

[13] *Ibid*, p. 35.

[14] ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ ਦਰਸ਼ਨ,* ਪੰਨਾ 307.

[15] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 18.

[16] ਸਾਧਸੰਗਿ ਆਰਾਧਨਾ ਹਰਿ ਨਿਧਿ ਆਪਾਰ।।
ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 816.

[17] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1345.

[18] ਡਾ. ਰਾਮਦਾਸ ਨਿਰਾਕਾਰੀ, *ਭਾਰਤੀ ਨੀਤੀ-ਸ਼ਾਸਤਰ,* ਪੰਨਾ 90.

[19] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1280.

[20] *ਉਹੀ,* ਪੰਨਾ 1245.

[21] ਹਰੀ ਸਿੰਘ ਭਾਰਤੀ, *ਗੁਰੂ ਨਾਨਕ ਦਾ ਸਦਾਚਾਰ ਮਾਰਗ,* ਪੰਨਾ 66.

[22] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 522.

[23] *ਉਹੀ,* ਪੰਨਾ 1376.

[24] ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 8.

[25] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 461.

[26] *ਉਹੀ,* ਪੰਨਾ 141.

[27] *ਵਾਰਾਂ ਭਾਈ ਗੁਰਦਾਸ,* (ਸੰਪਾ.), ਡਾ. ਗੁਰਸ਼ਰਨ ਕੌਰ ਜੱਗੀ, ਵਾਰ 1, ਪਉੜੀ 3, ਪੰਨਾ 61.

[28] *ਉਹੀ,* ਵਾਰ 1, ਪਉੜੀ 40, ਪੰਨਾ 72.

[29] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 472.

[30] *ਉਹੀ,* ਪੰਨਾ 467.

[31] *ਉਹੀ,* ਪੰਨਾ 1308.

[32] *ਉਹੀ,* ਪੰਨਾ 656.

[33] *ਉਹੀ,* ਪੰਨਾ 695.

[34] *ਉਹੀ,* ਪੰਨਾ 11.

[35] ਡਾ. ਤਾਰਨ ਸਿੰਘ, *ਸਿੱਖ, ਸਿੱਖੀ ਅਤੇ ਸਿਧਾਂਤ,* ਪੰਨਾ 57.

[36] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 48.

[37] *ਉਹੀ,* ਪੰਨਾ 374.

[38] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 329.

[39] *ਉਹੀ,* ਪੰਨਾ 208.

[40] *ਸ੍ਰੀ ਬਚਿਤ੍ਰ ਨਾਟਕ ਸਟੀਕ,* (ਟੀਕਾਕਾਰ) ਗਿਆਨੀ ਨਰੈਣ ਸਿੰਘ, ਅਧਿ. 2, ਬੰਦ 15, ਪੰਨਾ 27.

---

[41] *ਕਬਿੱਤ ਸਵੱਯੇ ਭਾਈ ਗੁਰਦਾਸ ਅਨੁਕ੍ਰਮਣਿਕਾ ਤੇ ਕੋਸ਼,* (ਸੰਪਾ.), ਓਅੰਕਾਰ ਸਿੰਘ, ਕਬਿੱਤ 506, ਪੰਨਾ 129.

[42] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 51.

[43] *ਉਹੀ,* ਪੰਨਾ 695.

[44] *ਉਹੀ,* ਪੰਨਾ 154.

[45] ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 461.

[46] ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 479.

[47] ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 621.

[48] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 539.

[49] ਨਿਵਿ ਨਿਵਿ ਪਾਇ ਲਗਉ ਦਾਸ ਤੇਰੇ ਕਰਿ ਸੁਕ੍ਰਿਤੁ ਨਾਹੀ ਸੰਗਨਾ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1080.

[50] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 83.

[51] *ਤਨਖਾਹਨਾਮਾ,* ਭਾਈ ਨੰਦ ਲਾਲ ਜੀ, *ਰਹਿਤਨਾਮੇ,* (ਸੰਪਾ.), ਪ੍ਰੋ. ਪਿਆਰਾ ਸਿੰਘ ਪਦਮ, ਪੰਨਾ 58.

[52] *ਉਹੀ,* ਪੰਨਾ 58.

[53] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 186.

[54] ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 55.

[55] ਸਚਾ ਵਖਰੁ ਜਿਸੁ ਧਨੁ ਪਲੈ ਸਬਦਿ ਸਚੈ ਓਮਾਹਾ ਹੇ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1132

[56] ਸਚੁ ਚੁਗੈ ਅੰਮ੍ਰਿਤ ਪੀਐ ਉਡੈ ਤ ਏਕਾ ਵਾਰ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1010

[57] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 19.

[58] ਨਾਨਕ ਸਚੇ ਕੀ ਸਾਚੀ ਕਾਰ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 7.

[59] ਸਚੋ ਸਚੁ ਕਮਾਵਣਾ ਵਡਿਆਈ ਵਡੇ ਪਾਸਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 86.

[60] ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਏ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1121.

[61] ਡਾ. ਗੁਰਸ਼ਰਨ ਕੌਰ ਜੱਗੀ, *ਗੁਰੂ ਨਾਨਕ ਬਾਣੀ ਦਾ ਸਿਧਾਂਤਿਕ ਵਿਸ਼ਲੇਸ਼ਣ,* ਪੰਨਾ 282.

[62] ਪ੍ਰੋ. ਪਿਆਰਾ ਸਿੰਘ ਪਦਮ, *ਗੁਰੂ ਘਰ,* ਪੰਨਾ 111.

[63] *ਗੁਰਮਤਿ ਪ੍ਰਕਾਸ਼,* ਮਈ 2009, "*ਕਿਰਤ ਕਰਨ ਦਾ ਸੰਕਲਪ*", ਡਾ. ਅਨੂਪ ਸਿੰਘ, ਪੰਨਾ 72.

[64] *ਰਹਿਤਨਾਮੇ,* (ਸੰਪਾ.), ਪ੍ਰੋ. ਪਿਆਰਾ ਸਿੰਘ ਪਦਮ, ਪੰਨਾ 69.

[65] ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 250.

[66] ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 117.

[67] ਸੰਜੋਗੀ ਆਇਆ ਕਿਰਤੁ ਕਮਾਇਆ ਕਰਣੀ ਕਾਰ ਕਰਾਈ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 75.

[68] ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 18.

[69] ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 48.

[70] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 37.

[71] ਨਿਰਮਲ ਕਰਣੀ ਸਾਚੀ ਰੀਤਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 184.

[72] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 678.

[73] ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 238.

[74] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 141.

[75] *ਉਹੀ,* ਪੰਨਾ 644.

[76] ਡਾ. ਮਦਨ ਗੋਪਾਲ ਆਚਾਰੀਆ, *ਆਦਿ-ਗ੍ਰੰਥ ਵਿਚ ਸੰਕਲਿਤ ਭਗਤ-ਬਾਣੀ ਵਿਚ ਨੈਤਿਕਤਾ ਦਾ ਸੰਕਲਪ.,* ਪੰਨੇ 180–81.

[77] ਅਵਤਾਰ ਸਿੰਘ, *ਮੇਰਾ ਧਰਮ ਮੇਰਾ ਇਤਿਹਾਸ,* ਪੰਨਾ 74.

[78] ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 140.

[79] ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 467.

[80] ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨਣਾ ਨਾਨਕ ਨਾਮੁ ਵਡਾਈ ਹੋਇ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 511.

[81] ਮਿਲਿ ਸਾਧ ਬਚਨ ਗੋਬਿੰਦ ਧਿਆਏ ਮਹਾ ਨਿਰਮਲ ਰੀਤਿ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 502.

[82] ਸਚੁ ਕਰਣੀ ਸਚੁ ਤਾ ਕੀ ਰਹਤ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 283.

[83] ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 638.

[84] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 678.

[85] ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 437.

[86] ਇਸੁ ਜਗ ਮਹਿ ਕਰਣੀ ਸਾਰੀ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 599.

[87] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 26.

[88] *ਗੁਰਮਤਿ ਪ੍ਰਕਾਸ਼, ਜਨਵਰੀ 1967, ''ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਕਰਮ-ਯੋਗ'',* ਡਾ. ਗੰਡਾ ਸਿੰਘ, ਪੰਨਾ 221.

[89] ਡਾ. ਅਵਤਾਰ ਸਿੰਘ, *ਸਿੱਖ ਧਰਮ ਦਾ ਨੈਤਿਕ ਪ੍ਰਸੰਗ,* ਪੰਨਾ 25.

[90] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 417.

[91] ਹਕੁ ਹਲਾਲੁ ਬਖੋਰਹੁ ਖਾਣਾ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1084.

[92] ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 140.

[93] ਨਾਨਕ ਸਚਾ ਮੰਨਿ ਲੈ ਸਚੁ ਕਰਣੀ ਸਚੁ ਰੀਤਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1087.

[94] ਸੁਕ੍ਰਿਤੁ ਕਰਣੀ ਸਾਰੁ ਜਪਮਾਲੀ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1134.

[95] ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 728.

[96] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1379.

[97] ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗ ਅਨੰਦੁ।।*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 29.

[98] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 770.

[99] *ਉਹੀ,* ਪੰਨਾ 978.

[100] ਭਾਈ ਵੀਰ ਸਿੰਘ, *ਅਮਰ ਲੇਖ,* ਪੰਨਾ 196.

[101] ਪ੍ਰੋ. ਪੂਰਨ ਸਿੰਘ, *ਖੁੱਲ੍ਹੇ ਲੇਖ,* ਪੰਨਾ 78.

[102] ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 432.

[103] ਸਚੁ ਸੇਵਹਿ ਸਚੁ ਵਣੰਜਿ ਲੈਹਿ ਗੁਣ ਕਥਹ ਨਿਰਾਰੇ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 308.

[104] ਕਰਮ ਕਰਤ ਹੋਵੈ ਨਿਹਕਰਮ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 274.

[105] ਹਰਿ ਪੂੰਜੀ ਸੰਚਿ ਕਰਹੁ ਬਿਉਹਾਰ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 279.

[106] ਗੁਰਮੁਖਿ ਗੁਣ ਵੇਹਾਝੀਅਹਿ ਮਲੁ ਹਉਮੈ ਕਢੈ ਧੋਇ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 311.

[107] ਪਾਰਬ੍ਰਹਮੁ ਪਰਮੇਸਰੁ ਧਿਆਇਆ ਕੁਸਲ ਖੇਮ ਹੋਏ ਕਲਿਆਨ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 825.

[108] ਸਤਿ ਕੈ ਖਟਿਐ ਦੁਖੁ ਨਹੀ ਪਾਇਆ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 372.

[109] ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 485.

[110] ਸਾਚ ਧਰਮ ਕਾ ਬੇੜਾ ਬਾਂਧਿਆ ਭਵਜਲੁ ਪਾਰਿ ਪਵਾਈ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 916.

[111] ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 333.

[112] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 222.

[113] ਡਾ. ਜਸਵੰਤ ਸਿੰਘ ਨੇਕੀ, *ਸਦਾ ਵਿਗਾਸ,* ਪੰਨਾ 127.

[114] *ਉਹੀ,* ਪੰਨਾ 128.

[115] *ਨਾਨਕ ਪ੍ਰਕਾਸ਼ ਪਤ੍ਰਿਕਾ,* ਜੂਨ 1991, ਡਾ. ਉਪਿੰਦਰਜੀਤ ਕੌਰ, *ਸਿੱਖ ਧਰਮ ਅਤੇ ਆਰਥਿਕ ਵਿਕਾਸ,* ਪੰਨਾ 24.

[116] ਸਚੁ ਕਮਾਵਹਿ ਸਚਿ ਰਹਹਿ ਸਚੇ ਸਚਿ ਸਮਾਹਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 429.

[117] ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 597.

[118] ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 773.

[119] ਜਾ ਕੀ ਮਹਾ ਬਿਖੜੀ ਕਾਰ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 837.

[120] ਪੁੰਨ ਦਾਨ ਪੂਜਾ ਪਰਮੇਸਰੁ ਹਰਿ ਕੀਰਤਿ ਤਤੁ ਬੀਚਾਰੇ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 718.

[121] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 129.

[122] ਗੁਣਾਂ ਕੀ ਰਾਸਿ ਸੰਗ੍ਰਹੈ ਅਵਗਣ ਕਢੈ ਵਿਡਾਰਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1087.

[123] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1050.

[124] ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 956.

[125] ਪੂਰਨ ਕਰਮ ਤਾ ਕੇ ਆਚਾਰ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1340.

[126] ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 136.

[127] ਹਰਿ ਕੈ ਮਾਰਗਿ ਪਤਿਤ ਪੁਨੀਤ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 188.

[128] ਡਾ. ਜਸਬੀਰ ਕੌਰ ਕੇਸਰ, *ਸਿੱਖ ਵਿਅਕਤੀ ਤੇ ਸਿੱਖ ਸਮਾਜ,* ਪੰਨਾ 77.

[129] *ਰਹਿਤਨਾਮੇ;* (ਸੰਪਾ.), ਪ੍ਰੋ. ਪਿਆਰਾ ਸਿੰਘ ਪਦਮ, ਪੰਨਾ 128.

[130] ਅਹਿਨਿਸਿ ਰਹੈ ਨਿਰਾਲਮੋ ਕਾਰ ਧੁਰ ਕੀ ਕਰਣੀ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 421

[131] ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 441.

[132] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 317.

[133] ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 231.

[134] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 768.

[135] ਪ੍ਰੋ. ਜੋਗਿੰਦਰ ਸਿੰਘ, *ਖਾਲਸੇ ਦੀ ਜੋਤਿ ਤੇ ਜੁਗਤਿ,* ਪੰਨਾ 116.

[136] *The Divine Versifiers*, Dr. Gurnam Kaur, (ed.), *ਗੁਰਮਤਿ ਤੇ ਆਰਥਿਕ ਜੀਵਨ,* ਪ੍ਰੋ. ਬ੍ਰਿਜਪਾਲ ਸਿੰਘ, ਪੰਨਾ 109.

[137] ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 167.

[138] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 50.

[139] ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 116.

[140] ਦੁਨੀਆ ਖੋਟੀ ਰਾਸਿ ਕੂੜੁ ਕਮਾਈਐ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 144.

[141] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1091.

[142] ਸਾਕਤ ਸੰਗਿ ਵਿਕਰਮ ਕਮਾਏ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 105.

[143] ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 17.

[144] ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 27.

[145] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 686.

[146] ਨਿਤ ਸਉਦਾ ਸੂਦੁ ਕੀਚੈ ਬਹੁ ਭਾਤਿ ਕਰਿ ਮਾਇਆ ਕੈ ਤਾਈ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 166.

[147] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 15.

[148] ਪ੍ਰਿੰਸੀਪਲ ਗੰਗਾ ਸਿੰਘ, *ਸਿੱਖ ਧਰਮ ਫਿਲਾਸਫੀ,* ਪੰਨਾ 113.

[149] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1252.

[150] ਕਰੈ ਦੁਹਕਰਮ ਦਿਖਾਵੈ ਹੋਰੁ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 194.

[151] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1220.

[152] ਬਿਨੁ ਨਾਵੈ ਝੂਠਾ ਧਨੁ ਮਾਲੁ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 197.

[153] ਬਹੁ ਪਰਪੰਚ ਕਰਿ ਪਰ ਧਨੁ ਲਿਆਵੈ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 656.

[154] ਕੂੜੁ ਠਗੀ ਗੁਝੀ ਨਾ ਰਹੈ ਕੂੜੁ ਮੁਲੰਮਾ ਪਲੇਟਿ ਧਰੇਹੁ।।*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 311.

[155] ਅੰਧੀ ਕੰਮੀ ਅੰਧ ਸਜਾਇ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 362.

[156] ਮਾਇਆ ਕੀ ਕਿਰਤਿ ਛੋਡਿ ਗਵਾਈ ਭਗਤੀ ਸਾਰ ਨ ਜਾਨੈ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 381.

[157] ਕਾਚੀ ਦੇਹਾ ਵਿਣਸਣੀ ਕੂੜੁ ਕਮਾਵੈ ਧੰਧੁ ਜੀਉ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 760.

[158] ਕੂੜੁ ਕੁਸਤੁ ਓਹੁ ਪਾਪ ਕਮਾਵੈ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 314.

[159] ਸਾਕਤ ਕੂੜ ਕਪਟ ਮਹਿ ਟੇਕਾ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1030.

[160] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1255.

[161] ਭਗਤ ਪੂਰਨ ਸਿੰਘ, *ਲੇਖਾਂ ਦਾ ਗੁਲਦਸਤਾ,* ਪੰਨਾ 29.

[162] ਮੈਲੇ ਕਰਮ ਕਰੇ ਦੁਖੁ ਪਾਏ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1062.

[163] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 460.

[164] ਲਾਲਚ ਝੂਠ ਬਿਕਾਰ ਮਹਾ ਮਦ ਇਹ ਬਿਧਿ ਅਉਧ ਬਿਹਾਨਿ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1124.

[165] ਵਲਵੰਚ ਕਰਿ ਉਦਰੁ ਭਰਹਿ ਮੂਰਖ ਗਾਵਾਰਾ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 461.

[166] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 546.

[167] *ਉਹੀ,* ਪੰਨਾ 302.

[168] ਕੂੜੁ ਕਪਟੁ ਕਮਾਵਦੜੇ ਜਨਮਹਿ ਸੰਸਾਰਾ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 461.

[169] ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 526.

[170] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 421.

[171] ਦੇਸ ਵੇਸ ਸੁਵਰਨ ਰੁਪਾ ਸਗਲ ਊਣੇ ਕਾਮਾ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 547.

[172] ਇਹੁ ਧਨੁ ਸੰਪੈ ਮਾਇਆ ਝੂਠੀ ਅੰਤਿ ਛੋਡਿ ਚਲਿਆ ਪਛੁਤਾਈ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 77.

[173] ਡਾ. ਗੁਰਮੁਖ ਸਿੰਘ, *ਗੁਰਬਾਣੀ ਵਿਚਾਰ,* ਪੰਨਾ 133.

[174] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 526.

[175] ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹ ਵਾਪਾਰਾ ਰਾਮ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 570.

[176] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 646.

[177] ਤਜਿ ਗੋਪਾਲ ਆਨ ਜੋ ਕਰਣੀ ਸੋਈ ਸੋਈ ਬਿਨਸਤ ਖਾਮ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 702.

[178] ਕਰਿ ਕਰਿ ਅਨਰਥ ਵਿਹਾਝੀ ਮਾਇਆ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 391.

[179] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 708.

[180] ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 723.

[181] ਬੁਰੇ ਕਾਮ ਕਉ ਊਠਿ ਖਲੋਇਆ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 738.

[182] ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ।।*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 790.

[183] ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 143.

[184] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1001.

[185] ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 809.

[186] ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1331.

[187] ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 487.

[188] ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 823.

[189] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 827.

[190] *ਉਹੀ,* ਪੰਨਾ 1252.

[191] *ਰਹਿਤਨਾਮੇ,* (ਸੰਪਾ.), ਪ੍ਰੋ. ਪਿਆਰਾ ਸਿੰਘ ਪਦਮ, ਪੰਨਾ 132.

[192] ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 120.

[193] ਬਿਖੈ ਠਗਉਰੀ ਖਾਇ ਭੁਲਾਨਾ ਮਾਇਆ ਮੰਦਰੁ ਤਿਆਗਿ ਗਇਆ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 900.

[194] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 900.

[195] ਲੁਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 48.

[196] ਵਢੀ ਲੈ ਕੈ ਹਕੁ ਗਵਾਏ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 951.

[197] ਨਾਨਕ ਬਿਨੁ ਸਤਿਗੁਰ ਭੇਟੇ ਜਗੁ ਅੰਧੁ ਹੈ ਅੰਧੇ ਕਰਮ ਕਮਾਇ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 554.

[198] ਅੰਧੇ ਆਪੁ ਨ ਜਾਣਨੀ ਫਕੜੁ ਪਿਟਨਿ ਧੰਧੁ।।*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 959.

[199] ਅਨਿਕ ਬੰਚ ਬਲ ਛਲ ਕਰਹੁ ਮਾਇਆ ਏਕ ਉਪਾਵ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 257.

[200] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1124.

[201] *ਉਹੀ,* ਪੰਨਾ 1126.

[202] *ਉਹੀ,* ਪੰਨਾ 1379.

[203] *ਉਹੀ,* ਪੰਨਾ 1163.

[204] *ਉਹੀ,* ਪੰਨਾ 487.

[205] *ਉਹੀ,* ਪੰਨਾ 1380.

[206] ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ ਅੰਧਾ ਅੰਧੁ ਕਮਾਈ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1287.

[207] ਦੁਬਿਧਾ ਦੁਰਮਤਿ ਅਧੁਲੀ ਕਾਰ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1190.

[208] ਬਿਨਸੇ ਕਾਚ ਕੇ ਬਿਉਹਾਰ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1227.

[209] ਭਸੋ ਭਸੁ ਕਮਾਵਣੀ ਭੀ ਭਸੁ ਭਰੀਐ ਦੇਹ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1240.

[210] ਪ੍ਰੇਮ ਪਿਰੰਮ ਨ ਬੇਧਿਓ ਉਰਝਿਓ ਮਿਥ ਬਿਉਹਾਰ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1124.

[211] ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1380.

[212] ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1124.

[213] ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1425.

[214] ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੈ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 139.

[215] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1215.

[216] *ਕੰਮ ਵਾਸਤੇ ਉਚਿਤ ਰਵੱਈਆ (ਸ੍ਰੀ ਅਰਬਿੰਦੋ ਦੇ ਸ਼ਬਦਾਂ ਦਾ ਸੰਗ੍ਰਹਿ),* (ਅਨੁ.), ਡਾ. ਬਲਕਾਰ ਸਿੰਘ, ਪੰਨਾ 46.

[217] ਡਾ. ਪੂਰਨ ਸਿੰਘ, *ਕਿਵ ਸਚਿਆਰਾ ਹੋਈਐ (ਆਦਰਸ਼ਕ ਜੀਵਨ ਜੁਗਤੀਆਂ),* ਪੰਨਾ 14.

[218] ਜੌਹਨ ਰਸਕਿਨ, *ਸਦਾਚਾਰਕ ਵਿਵਹਾਰ,* (ਅਨੁ.), ਐਸ.ਐਸ. ਅਮੋਲ, ਪੰਨਾ 38.

[219] ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1416.

[220] ਸਾਦ ਬਿਕਾਰ ਬਿਖੈ ਰਸ ਮਾਤੋ ਅਸੰਖ ਖਤੇ ਕਰਿ ਫੇਰੇ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 615.

[221] ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 314.

[222] ਇਕਿ ਵਲੁ ਛਲੁ ਕਰਿ ਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 85.

[223] ਧੰਧਾ ਮਾਇਆ ਮੋਹਣੀ ਅੰਤਰਿ ਤਿਸਨਾ ਅਗਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 413.

[224] ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 465.

[225] ਆਨ ਜੰਜਾਰ ਬ੍ਰਿਥਾ ਸ੍ਰਮੁ ਘਾਲਤ ਬਿਨੁ ਹਰਿ ਫੋਕਟ ਗਿਆਨ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1221.

[226] ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ।।
*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 116.

[227] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 646.

[228] *ਉਹੀ,* ਪੰਨਾ 67.

[229] ਮਨਮੁਖ ਅਗਿਆਨਿ ਕੁਮਾਰਗਿ ਪਾਏ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 231.

[230] ਬਾਵੈ ਮਾਰਗੁ ਟੇਢਾ ਚਲਨਾ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 165.

[231] ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 93.

[232] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 678.

[233] ਸਾਚੀ ਕਾਰ ਕਮਾਵਣੀ ਹੋਰਿ ਲਾਲਚ ਬਾਦਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1010.

[234] ਧੰਧੜੇ ਕੁਲਾਹ ਚਿਤਿ ਨ ਆਵੈ ਹੇਕੜੋ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 323.

[235] ਹਮ ਅਪਰਾਧ ਪਾਪ ਬਹੁ ਕੀਨੇ ਕਰਿ ਦੁਸਟੀ ਚੋਰ ਚੁਰਾਇਆ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 172.

[236] ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 712.

[237] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 336.

[238] ਵੀ.ਵੀ. ਵਾਜਪੇਈ, *ਸਾਡਾ ਨੈਤਿਕ ਜੀਵਨ,* ਪੰਨੇ 138–39.

[239] ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1132.

[240] ਹੋਛਉ ਕਾਜੁ ਅਲਪ ਸੁਖ ਬੰਧਨ ਕੋਟਿ ਜਨੰਮ ਕਹਾ ਦੁਖ ਭਉ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1387.

[241] ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਏ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1423.

[242] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1198.

[243] ਮਾਇਆ ਬੰਧ ਕਾਟੇ ਕਿਰਪਾ ਨਿਧਿ ਨਾਨਕ ਆਪਿ ਉਧਾਰਿਓ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 529.

[244] ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1378.

[245] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 102.

[246] *ਕੰਮ ਵਾਸਤੇ ਉਚਿਤ ਰਵੱਈਆ (ਸ੍ਰੀ ਅਰਬਿੰਦੋ ਦੇ ਸ਼ਬਦਾਂ ਦਾ ਸੰਗ੍ਰਹਿ),* (ਅਨੁ.), ਡਾ. ਬਲਕਾਰ ਸਿੰਘ, ਪੰਨਾ 42.

[247] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1372.

[248] *ਉਹੀ,,* ਪੰਨਾ 313.

[249] ਬਿਨੁ ਹਰਿ ਨਾਮ ਨ ਸੁਖੁ ਹੋਇ ਕਰਿ ਡਿਠੇ ਬਿਸਥਾਰ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 48.

[250] ਹਉ ਹਉ ਕਰਤੀ ਜਗੁ ਫਿਰੀ ਨਾ ਧਨੁ ਸੰਪੈ ਨਾਲਿ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 31.

[251] ਹਉਮੈ ਕਰਮ ਕਮਾਵਦੇ ਜਮਡੰਡ ਲਗੈ ਤਿਨ ਆਇ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 65.

[252] ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 68.

[253] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 502.

[254] ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 87.

[255] ਹਉ ਵਿਚਿ ਖਟਿਆ ਹਉ ਵਿਚਿ ਗਇਆ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1419.

[256] ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1380.

[257] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 82.

[258] *ਉਹੀ,* ਪੰਨਾ 1020.

[259] *ਵਾਰਾਂ ਭਾਈ ਗੁਰਦਾਸ,* (ਸੰਪਾ.), ਡਾ. ਗੁਰਸ਼ਰਨ ਕੌਰ ਜੱਗੀ, ਵਾਰ 28, ਪਉੜੀ 6, ਪੰਨਾ 238.

[260] *ਉਹੀ,* ਵਾਰ 28, ਪਉੜੀ 15, ਪੰਨਾ 240.

[261] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨੇ 1019–20.

[262] *ਉਹੀ,* ਪੰਨੇ 391–92.

[263] *ਵਾਰਾਂ ਭਾਈ ਗੁਰਦਾਸ,* (ਸੰਪਾ.), ਡਾ. ਗੁਰਸ਼ਰਨ ਕੌਰ ਜੱਗੀ, *ਵਾਰ 35, ਪਉੜੀ 12,* ਪੰਨਾ 279.

## ਅਧਿਆਇ ਚੌਥਾ

# ਗੁਰਬਾਣੀ ਵਿਚ ਆਏ ਕਿੱਤੇ ਅਤੇ ਕਿੱਤੇਕਾਰਾਂ ਦੇ ਸੰਦਰਭ ਵਰਗ ਅਤੇ ਵਰਗੀਕਰਨ

ਪ੍ਰਾਚੀਨ ਭਾਰਤ ਵਿਚ ਕਿਰਤ ਨੂੰ ਛੋਟਾ-ਵੱਡਾ ਕਹਿ ਕੇ ਸ੍ਰੇਣੀਆਂ ਵਿਚ ਵੰਡਿਆ ਗਿਆ, ਜਿਸ ਕਰਕੇ ਸਮਾਜ ਵਿਚ ਨਾ ਬਰਾਬਰੀ ਦੇ ਵਰਤਾਰੇ ਦੀ ਪ੍ਰਤਿਕ੍ਰਿਆ ਸ਼ੁਰੂ ਹੋ ਗਈ। ਅਜਿਹੀ ਨਾ ਬਰਾਬਰੀ ਕਾਰਨ ਸਮਾਜ ਵਿਚ ਤਰੱਕੀ ਦੀ ਬਜਾਏ ਭ੍ਰਿਸ਼ਟਾਚਾਰ ਵਿਚ ਵਾਧਾ ਹੋ ਗਿਆ। ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਨਾਮ ਦੀਆਂ ਚਾਰ ਸ੍ਰੇਣੀਆਂ ਦੇ ਕੰਮ ਵੀ ਉਨ੍ਹਾਂ ਦੇ ਵਰਣ ਅਨੁਸਾਰ ਨਿਰਧਾਰਿਤ ਕੀਤੇ ਗਏ। ਬ੍ਰਾਹਮਣ ਲਈ ਛੇ ਕਰਮ ਦੱਸੇ ਹਨ- ਯੱਗ ਕਰਨਾ ਅਤੇ ਕਰਾਉਣਾ, ਵਿੱਦਿਆ ਪੜ੍ਹਨੀ ਅਤੇ ਪੜ੍ਹਾਉਣੀ, ਦਾਨ ਦੇਣਾ ਅਤੇ ਦਾਨ ਲੈਣਾ। ਖੱਤਰੀ ਲਈ ਸ਼ਸਤ੍ਰਧਾਰੀ ਤੇ ਪਰਜਾ ਰੱਖਿਅਕ ਹੋਣਾ, ਯੱਗ ਕਰਨਾ ਤੇ ਕਰਾਉਣਾ, ਵਿੱਦਿਆ ਪੜ੍ਹਨੀ ਤੇ ਦਾਨ ਦੇਣਾ, ਪਰ ਮੁੱਖ ਕਰਮ ਸਿਪਾਹੀ ਹੋਣਾ ਦੱਸਿਆ ਹੈ। ਵੈਸ਼ ਲਈ ਖੇਤੀਬਾੜੀ ਤੇ ਵਪਾਰ ਕਰਨਾ, ਪਸ਼ੂਆਂ ਦਾ ਪਾਲਣਾ, ਦਸਤਕਾਰੀ ਤੇ ਹੁਨਰ ਵਿਚ ਤਰੱਕੀ ਕਰਨੀ, ਸਮਾਜ ਦੀ ਆਰਥਿਕ ਉਨੱਤੀ ਲਈ ਜਤਨ ਕਰਨਾ ਮੁੱਖ ਮੰਨਿਆ ਹੈ। ਸ਼ੂਦਰ-ਉਪਰੋਕਤ ਤਿੰਨਾਂ ਵਰਣਾਂ ਦੀ ਸੇਵਾ ਕਰਨੀ, ਸੀਊਣਾ, ਪਰੋਣਾ, ਕੱਪੜੇ ਧੋਣੇ, ਜੁੱਤੀਆਂ ਬਣਾਉਣੀਆਂ, ਹੋਰ ਅਜਿਹੇ ਛੋਟੇ ਮੋਟੇ ਕੰਮ ਕਰਨੇ।[1]

ਇਸ ਸ੍ਰੇਣੀ ਵੰਡ ਨੇ ਸਮਾਜ ਵਿਚ ਝਗੜਿਆਂ ਦੀ ਸ਼ੁਰੂਆਤ ਕਰ ਦਿੱਤੀ। ਮਿਹਨਤੀ ਅਤੇ ਕਿਰਤੀ ਲੋਕਾਂ ਨੂੰ 'ਸ਼ੂਦਰ' ਕਹਿ ਕੇ ਤ੍ਰਿਸਕਾਰਿਆ ਅਤੇ ਹਰ ਪ੍ਰਕਾਰ ਦੇ ਅਧਿਕਾਰ ਤੋਂ ਵੰਚਿਤ ਰੱਖਣ ਦੇ ਫੁਰਮਾਨ ਜਾਰੀ ਕਰ ਦਿੱਤੇ। ਜਿਸ ਨਾਲ ਆਪਣੇ ਆਪ ਨੂੰ ਉਚੇ ਅਖਵਾਉਣ ਵਾਲਿਆਂ ਨੇ ਕਿਰਤੀਆਂ ਦੇ ਆਤਮ ਸਨਮਾਨ ਨੂੰ ਢਾਹ ਲਾਈ। ਅਜਿਹੀ ਸਥਿਤੀ ਵਿਚ ਇਕ ਕਿਰਤੀ ਸਮਾਜ ਦੀ ਸਿਰਜਣਾ ਮੁਸ਼ਕਿਲ ਹੀ ਨਹੀਂ ਅਸੰਭਵ ਸੀ। **ਪ੍ਰੋ. ਪਿਆਰਾ ਸਿੰਘ ਪਦਮ** ਦੇ ਸ਼ਬਦਾਂ ਵਿਚ, ''ਜਿਸ ਸਮਾਜ ਵਿਚ ਕੰਮ-ਕਾਰ ਦੀ ਕਦਰ ਨਾ ਹੋਵੇ ਤੇ ਕਿਸੇ ਕੰਮ-ਧੰਦੇ ਨੂੰ ਸ਼ਲਾਘਾ ਦੀ ਦ੍ਰਿਸ਼ਟੀ ਨਾਲ ਨਾ ਵੇਖਿਆ ਜਾਵੇ ਅਤੇ ਫਿਰ ਕੰਮ ਕਰਨ ਵਾਲੇ ਨੂੰ ਵੀ ਕੋਈ ਆਦਰ ਮਾਣ ਨਾ ਦਿੱਤਾ ਜਾਵੇ, ਉਹ ਸਮਾਜ ਅੱਗੇ ਕਿਵੇਂ ਵੱਧ ਸਕੇਗਾ

ਤੇ ਹੋਰ ਵਧੇਰੇ ਤਰੱਕੀ ਕਰਕੇ ਖੁਸ਼ਹਾਲ ਕਿਵੇਂ ਹੋ ਸਕਦਾ ਹੈ।[2] ਵਰਣ-ਆਸ਼ਰਮ ਦੀ ਵੰਡ ਨੇ ਮਨੁੱਖੀ ਯੋਗਤਾ ਨੂੰ ਲਾਂਭੇ ਕਰਕੇ ਜਨਮ ਅਧਾਰਿਤ ਕਰ ਦਿੱਤਾ। ਜਿਸ ਦੇ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਧਾਰਮਿਕ, ਭਾਵ ਹਰ ਪੱਖ ਤੋਂ ਬਹੁਤ ਹਾਨੀਕਾਰਕ ਸਿੱਟੇ ਨਿਕਲੇ। ਜਾਤ-ਪਾਤੀ ਪ੍ਰਬੰਧ ਦੀ ਜਿੰਦ-ਜਾਨ ਸਮਾਜਕ ਨਾ-ਬਰਾਬਰੀ ਸੀ। ਇਸ ਨੇ 'ਮਨੁੱਖੀ ਹੱਕਾਂ' ਦੇ ਕਿਸੇ ਵੀ ਕਿਸਮ ਦੇ ਵਿਚਾਰ ਦੀ ਤਰੱਕੀ ਨੂੰ ਰੋਕੀ ਰੱਖਿਆ।[3] ਬ੍ਰਾਹਮਣ ਦਾ ਪੁੱਤਰ ਹੀ ਉਚੀ ਪਦਵੀ ਨੂੰ ਹਾਸਿਲ ਕਰ ਸਕਦਾ ਸੀ, ਭਾਵੇਂ ਉਸ ਪਦਵੀ ਦੀ ਯੋਗਤਾ ਸ਼ੂਦਰ ਦੇ ਪੁੱਤਰ ਵਿਚ ਕਿਉਂ ਨਾ ਹੋਵੇ। ਵਰਣ-ਆਸ਼ਰਮ ਦੀ ਵੰਡ ਨੇ ਜਿੱਥੇ ਮਨੁੱਖਤਾ ਵਿਚ ਵੰਡੀਆਂ ਪਾ ਕੇ ਆਤਮ-ਬਲ ਨੂੰ ਥੱਲੇ ਡੇਗਿਆ, ਉਥੇ ਸਮਾਜ ਦੀ ਆਰਥਿਕ ਉਨੱਤੀ ਵਿਚ ਵੀ ਵੱਡੇ ਪੱਧਰ 'ਤੇ ਰੁਕਾਵਟ ਪਾਈ ਕਿਸੇ ਵੀ ਕੌਮ ਦਾ ਸਫ਼ਲਤਾ ਦੇ ਮਾਰਗ ਉਪਰ ਅੱਗੇ ਵਧਣਾ ਤਾਂ ਹੀ ਮੰਨਿਆ ਜਾ ਸਕਦਾ ਹੈ ਜੇ ਉਸ ਦਾ ਮਾਮੂਲੀ ਤੋਂ ਮਾਮੂਲੀ ਮਜ਼ਦੂਰ ਵੀ ਆਰਥਿਕ ਦ੍ਰਿਸ਼ਟੀਕੋਣ ਤੋਂ ਸੁਰੱਖਿਅਤ ਮਹਿਸੂਸ ਕਰਨ ਲੱਗ ਪਵੇ।[4] ਸ਼ੂਦਰ ਕਹਿ ਕੇ ਕਿਰਤੀਆਂ ਦਾ ਅਪਮਾਨ ਹੋਣ ਕਾਰਨ ਸਮਾਜ ਪਤਨ ਦੇ ਕਿਨਾਰੇ ਜਾਣ ਲੱਗਾ। ਧਰਮ ਨੂੰ ਅਧਾਰ ਬਣਾ ਕੇ ਵਿਹਲੜ ਜ਼ਮਾਤਾਂ ਬਿਨ੍ਹਾਂ ਉਦੱਮ ਤੋਂ ਪਲਣ ਲੱਗੀਆਂ, ਤੇ ਧਰਮ ਦੇ ਭੈਅ ਕਰਕੇ ਕਿਰਤੀ ਇਨ੍ਹਾਂ ਦਾ ਪਾਲਣ ਪੋਸ਼ਣ ਕਰਨ ਵਿਚ ਰੁੱਝਣ ਲੱਗੇ ਅਜਿਹੀ ਸਥਿਤੀ ਵਿਚ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਸਹੀ ਧਰਮ ਬਾਰੇ ਜਾਣੂ ਕਰਵਾਉਣ ਲਈ, ਧਰਮ ਨੂੰ ਤਿੰਨ ਬੁਨਿਆਦਾਂ ਜਾਂ ਥੰਮਾਂ ਤੇ ਖੜ੍ਹਾ ਕਰ ਦਿੱਤਾ ਅਤੇ ਇਹ ਸ਼ਰਤ ਰੱਖੀ ਕਿ ਜੇ ਇਨ੍ਹਾਂ ਤਿੰਨ੍ਹਾਂ ਵਿਚੋਂ ਇਕ ਵੀ ਥੰਮ ਖਿਸਕੇਗਾ ਤਾਂ ਧਰਮ ਰੂਪੀ ਇਮਾਰਤ ਡਿੱਗ ਪਵੇਗੀ।

ਗੁਰੂ ਸਾਹਿਬ ਨੇ ਧਰਮ ਦੀ ਪਹਿਲੀ ਬੁਨਿਆਦ ਹੀ ''ਕਿਰਤ'' ਰੱਖੀ, ਤਾਂ ਜੋ ਹਰ ਵਿਅਕਤੀ ਉਦੱਮੀ ਬਣੇ, ਵਿਹਲਾ ਰਹਿ ਕੇ ਅਕਾਲ ਪੁਰਖ ਦੀ ਬਣਾਈ ਰਚਨਾ ਵਿਚ ਰੁਕਾਵਟ ਨਾ ਪਾਵੇ। ਉਸ ਉਪਰੰਤ ਗੁਰੂ ਸਾਹਿਬ ਨੇ ਦੂਜੀ ਬੁਨਿਆਦ ''ਨਾਮ'' ਰੱਖੀ, ਤਾਂ ਜੋ ਅਧਿਆਤਮਿਕ ਰਸਤੇ ਉਪਰ ਚਲਦਿਆਂ ਮਨੁੱਖ ਵਿਚ ਨੈਤਿਕ ਗੁਣ ਪੈਦਾ ਹੋ ਸਕਣ। ਤੀਜਾ ਬੁਨਿਆਦੀ ਸੰਕਲਪ ਗੁਰੂ ਸਾਹਿਬ ਨੇ ''ਵੰਡ ਛਕਣ'' ਦਾ ਦਿੱਤਾ, ਜਿਸ ਦਾ ਮਕਸਦ ਅਪੰਗ, ਗਰੀਬ ਅਤੇ ਬਜ਼ੁਰਗ ਲੋਕਾਂ ਦੀ ਸਹਾਇਤਾ ਕਰਨ ਤੋਂ ਸੀ, ਜੋ ਕੋਈ ਕੰਮ-ਕਾਜ ਕਰਨ ਦੇ ਸਮਰਥ ਨਹੀਂ ਸਨ। ਇਨ੍ਹਾਂ ਬੁਨਿਆਦੀ ਸੰਕਲਪਾਂ ਨੂੰ ਧਰਮ ਦਾ ਅਧਾਰ ਬਣਾਇਆ

ਅਤੇ ਜਾਤਾਂ-ਪਾਤਾਂ ਜਾਂ ਵਰਣਾਂ ਦੇ ਅਧਾਰ ਤੇ ਹੋਣ ਵਾਲੀ ਵੰਡ ਨੂੰ ਨਿੰਦ ਕੇ ਸਾਂਝੀਵਾਲਤਾ ਦਾ ਉਪਦੇਸ਼ ਦ੍ਰਿੜ ਕਰਵਾਇਆ। ਪ੍ਰਚੱਲਿਤ ਜ਼ਾਤ ਪਾਤ ਤੇ ਵਰਣਾਂ ਦੇ ਭੁਲੇਖਿਆਂ ਨੂੰ ਦੂਰ ਕਰਕੇ, ਗੁਰਬਾਣੀ ਮਨੁੱਖ ਨੂੰ ਹਰ ਪ੍ਰਕਾਰ ਦੇ ਵਖਰੇਵੇ ਤੋਂ ਉਪਰ ਉਠ ਕੇ ਪ੍ਰੇਮ ਅਤੇ ਅਮਲ ਦਾ ਉਪਦੇਸ਼ ਦਿੰਦੀ ਹੈ। ਗੁਰਬਾਣੀ ਦਾ ਉਦੇਸ਼ ਇਕ ਅਜਿਹੇ ਸਮਾਜ ਦੀ ਸਿਰਜਣਾ ਹੈ, ਜਿਥੇ ਮਨੁੱਖ ਦੀ ਕਦਰ ਉਸ ਦੀ ਯੋਗਤਾ ਦੇ ਅਧਾਰ ਤੇ ਹੋਵੇ, ਅਤੇ ਸਾਰੀ ਮਨੁੱਖਤਾ ਦੇ ਹੱਕ ਇਕ ਸਮਾਨ ਹੋਣ :

- *ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ*
  *ਜੋ ਹਰਿ ਧਿਆਵੈ ਸੋ ਪਰਧਾਨੁ।।*[5]
- *ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ*
  *ਹਿੰਦੂ ਤੁਰਕ ਦੁਹੰ ਮੈ ਏਕੈ ਕਹੈ ਕਬੀਰ ਪੁਕਾਰੀ।।*[6]
- *ਬੇਗਮ ਪੁਰਾ ਸਹਰ ਕੋ ਨਾਉ।।*
  *ਦੂਖੁ ਅੰਦੋਹੁ ਨਹੀ ਤਿਹਿ ਠਾਉ।।*
  *ਨਾਂ ਤਸਵੀਸ ਖਿਰਾਜੁ ਨ ਮਾਲੁ।।*
  *ਖਉਫੁ ਨ ਖਤਾ ਨ ਤਰਸੁ ਜਵਾਲੁ।।*[7]

ਸਿੱਖ ਧਰਮ ਦੀ ਇਸ ਵਿਲੱਖਣ ਰੀਤ ਨੇ ਧਰਮ ਨੂੰ ਤਿੰਨ ਬੁਨਿਆਦਾਂ ਤੇ ਖੜ੍ਹਾ ਕਰਕੇ, ਕੇਵਲ ਧਰਮੀ ਬਣ ਕੇ ਵਿਹਲੇ ਰਹਿਣ ਵਾਲਿਆਂ ਨੂੰ ਕਿਰਤੀ ਬਣਾ ਦਿੱਤਾ ਅਤੇ ਕੇਵਲ ਕਿਰਤ ਕਰਕੇ ਧਰਮ ਤੋਂ ਵਿਹੂਣੇ ਲੋਕਾਂ ਨੂੰ ਅਧਿਆਤਮਿਕਤਾ ਦੇ ਰਸਤੇ ਉਪਰ ਤੁਰਨਾ ਜਰੂਰੀ ਦੱਸਿਆ, ਤਾਂ ਜੋ ਕਿਰਤ ਕੇਵਲ ਕਿਰਤ ਨਾ ਰਹਿ ਕੇ 'ਸੁਕ੍ਰਿਤ' ਬਣ ਜਾਵੇ। ਸਿੱਖ ਮੱਤ ਦੀ ਇਹ ਵਿਲੱਖਣ ਰੀਤ ਸਮਾਜ ਨੂੰ ਸੁਧਾਰਨ ਵਿਚ ਸਫਲ ਸਿੱਧ ਹੋਈ। ਕਿਉਂਕਿ ਇਸ ਨੇ ਸਮਾਜਿਕ ਬੁਰਾਈਆਂ ਨੂੰ ਜੜ੍ਹੋ ਪੁੱਟਣ ਦਾ ਨਿਸ਼ਚਾ ਕਰਕੇ, ਸਮੁੱਚੀ ਮਨੁੱਖਤਾ ਦੇ ਕਲਿਆਣ ਦੀ ਗੱਲ ਕੀਤੀ। ਸਿੱਖ ਲਹਿਰ ਦਾ ਦੋ-ਰੁਖ਼ੀ ਮੁਹਾਣ ਸੀ। ਇਕ ਪਾਸੇ ਇਸ ਦਾ ਰੁਖ਼ ਇਨਸਾਨ ਨੂੰ ਖ਼ੁਦਗਰਜ਼ੀ ਤੋਂ ਉਤਾਂਹ ਚੁੱਕ ਕੇ ਆਦਰਸ਼ਕ ਇਨਸਾਨ ਬਣਾਉਣ ਵੱਲ ਸੀ ਅਤੇ ਦੂਜੇ ਪਾਸੇ ਉਸ ਸਮਾਜੀ ਅਤੇ ਰਾਜਸੀ ਮਾਹੌਲ ਨੂੰ ਬਦਲਣ ਵੱਲ ਸੀ ਜੋ ਇਨਸਾਨ ਦੀ ਆਦਰਸ਼ਕ ਤਰੱਕੀ ਵਿਚ ਰੁਕਾਵਟ ਬਣ ਰਿਹਾ ਸੀ।[8] ਜਿਹੜੀ ਕੌਮ ਸਮਾਜਿਕ ਸਮੱਸਿਆ ਨੂੰ

ਪੂਰਣ ਤੌਰ 'ਤੇ ਸੁਲਝਾ ਨਹੀਂ ਸਕਦੀ ਉਸ ਦਾ ਕੌਮੀ ਸਰੀਰ ਉਸੇ ਤਰ੍ਹਾਂ ਨਸ਼ਟ ਹੁੰਦਾ ਜਾਵੇਗਾ। ਜਿਸ ਤਰ੍ਹਾਂ ਕੈਨਸਰ ਨਿਰੋਏ ਸਰੀਰ ਨੂੰ ਅੰਦਰੋਂ ਅੰਦਰ ਹੀ ਖ਼ਤਮ ਕਰ ਦਿੰਦਾ ਹੈ।[9] ਗੁਰੂ ਨਾਨਕ ਸਾਹਿਬ ਦੁਆਰਾ ਚਲਾਏ ਇਸ ਵਿਲੱਖਣ ਧਰਮ ਨੇ ਪਦਾਰਥ ਅਤੇ ਪਰਮਾਰਥ, ਕਰਮ ਅਤੇ ਧਰਮ, ਸੰਸਾਰ ਅਤੇ ਨਿਰੰਕਾਰ ਵਿਚ ਸੁਮੇਲ ਕਾਇਮ ਕਰ ਦਿੱਤਾ।

ਗੁਰਬਾਣੀ ਨੇ ਕਿਰਤ ਦੇ ਮਹੱਤਵ ਨੂੰ ਜਾਣੂ ਕਰਵਾਉਂਦਿਆਂ ਹਰੇਕ ਮਨੁੱਖ ਲਈ ਕਿਰਤੀ ਹੋਣਾ ਲਾਜ਼ਮੀ ਦੱਸਿਆ। ਕਿਉਂਕਿ ਪਰਮਾਤਮਾ ਵਿਚ ਵੀ ਵਿਸ਼ੇਸ਼ ਗੁਣ ਕਿਰਤੀ ਹੀ ਹੈ, ਜਿਸ ਨੇ ਸਾਰੀ ਸ੍ਰਿਸ਼ਟੀ ਨੂੰ ਆਪਣੀ ਕਿਰਤ ਦੁਆਰਾ ਸਿਰਜਿਆ ਹੈ। ਸਮੁੱਚਾ ਬ੍ਰਹਿਮੰਡ ਉਸ ਦੀ ਕਿਰਤ ਹੈ। ਉਹ ਅਜਿਹਾ ਮਹਾਨ ਕਿਰਤੀ ਹੈ, ਜਿਸ ਦੀ ਕੰਮ ਕਰਨ ਦੀ ਕ੍ਰਿਆ ਨਿਰੰਤਰ ਜਾਰੀ ਰਹਿੰਦੀ ਹੈ। ਦਿਨ-ਰਾਤ, ਜਨਮ-ਮੌਤ, ਮੌਸਮ-ਬੇਮੌਸਮ ਲਗਾਤਾਰ ਨਿਰੰਤਰ ਰੂਪ ਵਿਚ ਚਲਦੇ ਹਨ। ਕਿਰਤ ਨੂੰ ਖੁਸ਼ੀ ਅਤੇ ਈਮਾਨ ਨਾਲ ਅਪਨਾਉਣਾ, ਮਨੁੱਖਤਾ ਨਾਲ ਪਿਆਰ ਕਰਨਾ, ਗੁਰਮਤਿ ਦੇ ਵਿਸ਼ੇਸ਼ ਉਪਦੇਸ਼ ਹਨ, ਜੋ ਕਿਰਤ ਦੇ ਸੰਦਰਭ ਵਿਚ ਆਉਂਦੇ ਹਨ। ਗੁਰਬਾਣੀ ਵਿਚ ਕਿਰਤ ਅਤੇ ਕਿਰਤੀ ਦੇ ਚੰਗੇ ਜਾਂ ਮਾੜੇ ਹੋਣ ਦਾ ਨਿਰੀਖਣ, ਕਿਸੇ ਵਿਸ਼ੇਸ਼ ਸ੍ਰੇਣੀ, ਜਾਤ ਜਾਂ ਸਮਾਜ ਨਾ ਹੋ ਕੇ, ਬਲਕਿ ਕਿਰਤ ਕਰਨ ਵਾਲੇ ਦੇ ਆਚਰਣ ਨਾਲ ਸੰਬੰਧਿਤ ਹੈ। ਭਾਵ ਕਿ ਕਿਰਤੀ ਦੁਆਰਾ ਕੀਤੀ ਜਾਣ ਵਾਲੀ ਕਿਰਤ ਦਾ ਅਧਾਰ ਈਮਾਨ ਹੈ, ਜਾਂ ਬੇਇਮਾਨੀ।

ਗੁਰਬਾਣੀ ਅਨੁਸਾਰ ਕੋਈ ਕੰਮ ਉਚਾ-ਨੀਵਾਂ ਨਹੀਂ, ਜੇ ਕਿਰਤ ਕਰਨ ਵਾਲੇ ਕਿਰਤੀ ਦੀ ਨੀਯਤ ਈਮਾਨ ਉਪਰ ਅਧਾਰਿਤ ਹੋਵੇ। ਗੁਰਮਤਿ ਨੇ ਸੰਸਾਰੀ ਆਰਥਿਕ ਜੀਵਨ ਨੂੰ ਤੇ ਪ੍ਰਾਪਤੀ ਤੇ ਖੁਸ਼ਹਾਲੀ ਨੂੰ ਤ੍ਰਿਸਕਾਰਿਆ ਨਹੀਂ, ਅਪਨਾਇਆ ਹੈ। ਇਸ ਲਈ ਸਖਸ਼ੀ ਤੌਰ 'ਤੇ ਵਿਅਕਤੀ ਨੂੰ ਗੁਰਮਤਿ ਅਨੁਸਾਰ, ਸੁਤੰਤਰਤਾ ਹੈ ਕਿ ਉਹ ਆਰਥਿਕ ਖੁਸ਼ਹਾਲੀ ਦਾ ਕਿਹੜਾ ਟੀਚਾ ਮਿਥਦਾ ਤੇ ਪ੍ਰਾਪਤ ਕਰਦਾ ਹੈ। ਇਸ ਲਈ ਸਿੱਖ ਰਾਜਾ ਵੀ ਹੋ ਸਕਦਾ ਹੈ ਤੇ ਸਾਧਾਰਣ ਦਿਹਾੜੀ ਮਜ਼ਦੂਰ ਵੀ ਹੋ ਸਕਦਾ ਹੈ।[10] ਗੁਰਮਤਿ ਵਿਚ ਧਰਮ ਅਧਾਰਿਤ ਕਿਰਤ ਇਕ ਉਚ ਨੈਤਿਕ ਗੁਣ ਹੈ। ਇਸ ਲਈ ਗੁਰਮਤਿ ਦਾ ਉਪਦੇਸ਼ ਹਰ ਮਨੁੱਖ ਨੂੰ 'ਕਿਰਤੀ' ਹੋਣ ਦਾ ਉਪਦੇਸ਼ ਦ੍ਰਿੜ ਕਰਵਾਉਂਦਾ ਹੈ, ਕਿਉਂਕਿ ਕਿਰਤ ਤੋਂ ਬਿਨ੍ਹਾਂ ਮਨੁੱਖ ਰੋਗੀ, ਅਪਰਾਧੀ, ਮੰਦਬੁੱਧੀ ਹੀ ਹੋ ਸਕਦਾ ਹੈ। ਗੁਰਮਤਿ ਵਿਚ ਕਿਰਤੀ ਹੋਣ ਦੇ ਗੁਣ ਨੂੰ ਅਧਿਆਤਮਕ

ਰਸਤੇ ਉਪਰ ਤੁਰਦਿਆਂ, ਇਕ ਜਰੂਰੀ ਸਾਧਨ ਦੇ ਰੂਪ ਵਿਚ ਦਰਸਾਇਆ ਗਿਆ ਹੈ। ਇਸ ਲਈ ਗੁਰਬਾਣੀ ਵਿਚ ਵਾਰ-ਵਾਰ ਨੇਕੀ ਦੇ ਰਾਹ ਤੇ ਚਲਦਿਆਂ ਈਮਾਨ ਦੀ ਕਿਰਤ ਕਰਨ ਦੀ ਪ੍ਰੇਰਣਾ ਮਿਲਦੀ ਹੈ :

- *ਐਸਾ ਕੰਮ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ।।*[11]
- *ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ।।*[12]
- *ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ।।*
  *ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ।।*[13]

ਇਸ ਤਰ੍ਹਾਂ ਗੁਰਬਾਣੀ ਵਿਚ ਕਿਰਤ ਸੰਬੰਧੀ ਨੈਤਿਕਤਾ ਦਾ ਸੰਬੰਧ ਕਿਸੇ ਵਿਸ਼ੇਸ਼ ਵਰਣ ਵੰਡ ਨਾਲ ਨਾ ਹੋ ਕੇ, ਧਰਮ ਦੀ ਟੇਕ ਵਿਚ ਹੋਣ ਵਾਲੀ ਕਿਰਤ ਨਾਲ ਹੈ। ਜੋ ਕਿਰਤ ਧਰਮ ਅਧਾਰਿਤ ਹੈ, ਉਹ ਚੰਗੀ ਕਿਰਤ ਹੈ, ਅਤੇ ਜਿਸ ਵਿਚ ਬੇਇਮਾਨੀ ਜਾਂ ਠੱਗੀ-ਠੋਰੀ ਅਤੇ ਜੁਲਮ ਹੋਵੇ, ਉਹ ਮਾੜੀ ਕਿਰਤ ਹੈ। **ਡਾ. ਗੁਰਮੁਖ ਸਿੰਘ** ਦੇ ਸ਼ਬਦਾਂ ਵਿਚ, ''ਸਿੱਖ ਇਕੋ ਸਮੇਂ ਚਾਰ ਵਰਣਾ ਦਾ ਧਾਰਨੀ ਹੈ। ਜਦੋਂ ਉਹ ਵਿੱਦਿਆ ਪੜ੍ਹਦਾ ਹੈ ਪੜ੍ਹਾਉਂਦਾ ਹੈ ਤਾਂ ਉਹ ਬ੍ਰਾਹਮਣ ਹੈ। ਜਦੋਂ ਯੁੱਧ ਵਿਚ ਦੇਸ਼ ਦੁਸ਼ਮਣਾਂ ਦਾ ਮੁਕਾਬਲਾ ਕਰਦਾ ਹੈ ਤਾਂ ਖੱਤਰੀ ਹੈ, ਜਦੋਂ ਉਹ ਰੋਜ਼ੀ ਰੋਟੀ ਲਈ ਵਣਜ ਵਪਾਰ ਕਰਦਾ ਹੈ ਤਾਂ ਉਹ ਵੈਸ਼ ਹੈ ਅਤੇ ਜਦੋਂ ਉਹ ਕਿਰਤ ਕਰਦਾ ਹੈ, ਸੇਵਾ ਕਰਦਾ ਹੈ, ਲੰਗਰ ਵਿਚ ਪ੍ਰਸ਼ਾਦਾ ਤਿਆਰ ਕਰਕੇ ਸੰਗਤਾਂ ਨੂੰ ਵਰਤਾਉਂਦਾ ਹੈ, ਜੂਠੇ ਭਾਂਡੇ ਮਾਂਜਦਾ ਹੈ, ਥੱਕਿਆਂ ਦੀ ਮੁੱਠੀ ਚਾਪੀ ਕਰਦਾ ਹੈ। ਨਿਮਾਣਿਆਂ, ਨਿਥਾਵਿਆਂ, ਬਜ਼ੁਰਗਾਂ ਤੇ ਬਲਹੀਣਾ ਦੀ ਸੇਵਾ ਕਰਦਾ ਹੈ ਤਾਂ ਉਹ ਸ਼ੂਦਰ ਹੈ। ਇਉਂ ਸਤਿਗੁਰਾਂ ਨੇ ਸਿੱਖ ਨੂੰ ਚਾਰ ਵਰਣਾਂ ਵਾਲਾ ਬਣਾ ਕੇ ਅਜਿਹੀ ਕ੍ਰਾਂਤੀ ਲਿਆਂਦੀ ਜਿਸ ਦੀ ਕਿਸੇ ਨੇ ਕਲਪਨਾ ਵੀ ਨਹੀਂ ਸੀ ਕੀਤੀ।[14]

ਗੁਰਬਾਣੀ ਦੇ ਸੰਦਰਭ ਵਿਚ ਕਿਰਤ ਦੀ ਨੈਤਿਕਤਾ ਦਾ ਸਿਧਾਂਤਕ ਵਿਸ਼ਲੇਸ਼ਣ ਤੀਜੇ ਅਧਿਆਇ ਵਿਚ ਹੋ ਚੁੱਕਾ ਹੈ। ਇਸ ਅਧਿਆਇ ਵਿਚ ਕਿੱਤਿਆਂ ਦਾ ਨੈਤਿਕਤਾ ਪੱਖੋਂ ਵਰਗੀਕਰਨ ਕਰਕੇ ਅਧਿਐਨ ਕੀਤਾ ਜਾਵੇਗਾ। ਸਮੁੱਚੇ ਤੌਰ 'ਤੇ ਹਰ ਵੱਡੇ ਤੋਂ ਵੱਡੇ ਅਤੇ ਛੋਟੇ ਤੋਂ ਛੋਟੇ ਕਿੱਤੇ ਨੂੰ ਵਾਚ ਕੇ, ਉਨ੍ਹਾਂ ਦਾ ਵਿਸਥਾਰ ਸਹਿਤ ਵਿਸ਼ਲੇਸ਼ਣ ਕਿਸੇ ਵਿਸ਼ੇਸ਼

ਕਾਰਜ ਅਤੇ ਸਮੇਂ ਦੀ ਮੰਗ ਕਰਦਾ ਹੈ, ਕਿਉਂ ਜੋ ਮੇਰੇ ਖੋਜ ਕਾਰਜ ਦਾ ਸੰਬੰਧ ਕਿਰਤ ਦਾ ਨੈਤਿਕ ਪੱਖ ਤੋਂ ਵਿਸ਼ਲੇਸ਼ਣ ਕਰਨ ਨਾਲ ਹੈ; ਇਸ ਲਈ ਮੈਂ ਇਸ ਅਧਿਆਇ ਵਿਚ ਸਮੁੱਚੇ ਤੌਰ 'ਤੇ ਚੋਣਵੇਂ ਕਿੱਤਿਆਂ ਨੂੰ ਪੰਜ ਭਾਗਾਂ ਵਿਚ ਵੰਡ ਕੇ ਗੁਰਬਾਣੀ ਦੇ ਨੈਤਿਕ ਸੰਦਰਭ ਵਿਚ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਿੱਤਿਆਂ ਨਾਲ ਸੰਬੰਧਿਤ ਨੈਤਿਕਤਾ, ਵਿਵਹਾਰਿਕ ਨੈਤਿਕਤਾ ਦਾ ਹੀ ਇੱਕ ਹਿੱਸਾ ਹੈ, ਜਿਸ ਨੂੰ ਕਿੱਤਾਮੁਖੀ ਨੈਤਿਕਤਾ ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਕਰੀਬਨ ਹਰ ਸਮਕਾਲੀ ਕਿੱਤੇ ਅਤੇ ਕਿੱਤੇਕਾਰ ਦੇ ਸੰਦਰਭ ਮਿਲ ਜਾਂਦੇ ਹਨ, ਜਿਨ੍ਹਾਂ ਦਾ ਪ੍ਰਮੁੱਖ ਤੌਰ 'ਤੇ ਸੰਬੰਧ ਵਿਸ਼ੇਸ਼ ਪੰਜ ਕਿੱਤਿਆਂ ਨਾਲ ਹੈ। ਇਸ ਲਈ ਇਸ ਅਧਿਆਇ ਵਿਚ ਕਿੱਤਾਮੁਖੀ ਨੈਤਿਕਤਾ ਨੂੰ ਪ੍ਰਮੁੱਖ ਤੌਰ 'ਤੇ ਪੰਜ ਵਰਗਾਂ ਵਿਚ ਵੰਡਣਾ ਉਚਿਤ ਸਮਝਿਆ ਗਿਆ ਹੈ : ਵਪਾਰਿਕ, ਵਿੱਦਿਅਕ, ਕਾਨੂੰਨੀ, ਖੇਤੀਬਾੜੀ ਅਤੇ ਚਿਕਿਤਸਾ। ਇਸ ਤੋਂ ਇਲਾਵਾ ਕਿੱਤੇ ਅਤੇ ਕਿੱਤੇਕਾਰਾਂ ਦੇ ਸੰਦਰਭਾਂ ਦਾ ਵਿਸਥਾਰ ਸਹਿਤ ਵੇਰਵਾ ਅੱਗੇ ਸੂਚੀ ਵੰਡ ਅਨੁਸਾਰ ਕੀਤਾ ਗਿਆ ਹੈ।

### 4.1 ਵਪਾਰਿਕ ਨੈਤਿਕਤਾ

ਆਰਥਿਕ ਨੈਤਿਕਤਾ ਦੇ ਸੰਦਰਭ ਵਿਚ ਕਿੱਤਿਆਂ ਨਾਲ ਸੰਬੰਧਿਤ ਨੈਤਿਕਤਾ ਵਿਚੋ ਵਪਾਰਿਕ ਕਿੱਤਾ ਇਕ ਮਹੱਤਵਪੂਰਨ ਕਿੱਤਾ ਹੈ। ਸਧਾਰਨ ਅਰਥਾਂ ਵਿਚ ਵਪਾਰ ਤੋਂ ਭਾਵ, ਲੈਣ-ਦੇਣ ਕਰਕੇ ਆਰਥਿਕਸ੍ਰੀ ਨਿਰਬਾਹ ਕਰਨ ਤੋਂ ਹੈ। ਜਿਸ ਵਿਚ ਜਿਣਸਾਂ, ਵਸਤੂਆਂ ਅਤੇ ਪੈਸਾ ਆਦਿ ਸ਼ਾਮਿਲ ਹੈ। ਸ੍ਰੀ ਗੁਰੂ ਗ੍ਰੰਥ ਵਿਚ ਵਪਾਰ ਦਾ ਜ਼ਿਕਰ ਲਾਭ ਖੱਟਣ, ਹਾਨੀ ਪਹੁੰਚਾਉਣ, ਸੌਦਾ ਖਰੀਦਣ ਜਾਂ ਵੇਚਣ ਆਦਿ ਰੂਪਾਂ ਵਿਚ ਕੀਤਾ ਗਿਆ ਹੈ, ਪ੍ਰੰਤੂ ਇਨ੍ਹਾਂ ਵਿਸ਼ਿਆਂ ਦਾ ਆਧਾਰ ਅਧਿਆਤਮਿਕਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਨੂੰ ਸੱਚਾ ਸ਼ਾਹ ਜਾਂ ਵੱਡਾ ਵਪਾਰੀ, ਨਾਮ ਰਤਨ ਨੂੰ ਵਪਾਰ ਕਰਨ ਵਾਲੀ ਵਸਤੂ, ਰਤਨ ਪਦਾਰਥ ਆਦਿ ਕਹਿ ਕੇ ਮਨੁੱਖ ਨੂੰ ਸੱਚੇ ਵਪਾਰ ਦੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ :

- *ਰਤਨ ਪਦਾਰਥ ਹਰਿ ਨਾਮੁ ਤੁਮਾਰਾ ਜੀਉ।।*
  *ਤੂੰ ਸਚਾ ਸਾਹੁ ਭਗਤੁ ਵਣਜਾਰਾ ਜੀਉ।।*[15]
- *ਸਚਾ ਸਾਹੁ ਸਚੇ ਵਣਜਾਰੇ, ਸਚੁ ਵਣੰਜਹਿ*
  *ਗੁਰ ਹੇਤਿ ਅਪਾਰੇ।।*[16]

– *ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ।।*

*ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ।।*[17]

ਗੁਰਬਾਣੀ ਵਿੱਚ ਪ੍ਰਮੁੱਖ ਤੌਰ 'ਤੇ ਵਪਾਰ ਅਤੇ ਖੇਤੀਬਾੜੀ ਦੇ ਕਿੱਤਿਆਂ ਨੂੰ ਅਪ੍ਰਤੱਖ ਰੂਪ ਵਿੱਚ ਵਿਚਾਰਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਕਿੱਤਿਆਂ ਦੇ ਆਦਰਸ਼ ਸੰਬੰਧੀ ਚਰਚਾ ਸੰਕੇਤਕ ਰੂਪ ਵਿੱਚ ਕੀਤੀ ਗਈ ਹੈ। ਕਿਉਂਕਿ ਗੁਰਬਾਣੀ ਦੀ ਮੂਲ ਸੁਰ ਅਧਿਆਤਮਿਕ ਹੈ। ਗੁਰਬਾਣੀ ਵਿਚ ਵਣਜ, ਵਪਾਰ, ਵਪਾਰੀ, ਸੌਦਾ, ਖੇਤੀ, ਕਿਰਸਾਣ, ਧਰਤੀ, ਹਲ, ਬੀਜ਼ ਆਦਿ ਸ਼ਬਦਾਂ ਦੀ ਵਰਤੋਂ ਮੂਲ ਰੂਪ ਵਿੱਚ ਨਾਮ ਰੂਪੀ ਅਮਰ ਤੱਤ ਲਈ ਕੀਤੀ ਹੈ। ਅਧਿਆਤਮਿਕ ਪੱਖੋਂ ਕਿਸੇ ਮਨੁੱਖ ਦੇ ਆਤਮਿਕ ਵਿਕਾਸ ਦਾ ਪ੍ਰਗਟਾਅ ਉਸ ਦੇ ਵਿਵਹਾਰਿਕ ਜਾਂ ਕ੍ਰਿਆਤਮਕ ਜੀਵਨ ਰਾਹੀਂ ਹੁੰਦਾ ਹੈ। ਵਿਵਹਾਰਿਕ ਪੱਖੋਂ ਕਿਰਤ–ਕਮਾਈ ਕਰਦੇ ਸਮੇਂ ਸੱਚ ਲਈ ਪ੍ਰੇਮ ਅਤੇ ਡਰ ਦੀ ਮੌਜੂਦਗੀ ਸਦਕਾ ਕਮਾਈ ਜਾਣ ਵਾਲੀ ਧਰਮ ਦੀ ਸੱਚੀ ਕਿਰਤ, ਅਧਿਆਤਮਿਕਤਾ ਦਾ ਵਿਵਹਾਰਿਕ ਰੂਪ ਅਖਵਾਉਂਦੀ ਹੈ। ਅਧਿਆਤਮਿਕ ਪੱਖ ਤੋਂ ਗੁਰਬਾਣੀ ਵਿਚ ਮਨੁੱਖ ਨੂੰ ਹਿਰਦੇ ਵਿਚ ਨਾਮ ਰੂਪੀ ਵਪਾਰ ਕਰਨ ਦੁਆਰਾ ਤ੍ਰਿਪਤ ਰਹਿਣ ਦਾ ਉਪਦੇਸ਼ ਦਿੱਤਾ ਗਿਆ ਹੈ। ਅਜਿਹਾ ਵਪਾਰ ਉਸਦੇ ਬਾਹਰੀ ਆਚਰਨ ਨੂੰ ਵੀ ਉਪਰ ਚੁੱਕਦਾ ਹੈ।[18] ਕਿਉਂਕਿ ਅਧਿਆਤਮਿਕ ਜੀਵਨ ਦਾ ਅਸਲੀ ਸੌਦਾ ਪਰਮਾਤਮਾ ਦਾ ਨਾਮ ਹੀ ਹੈ, ਜੋ ਸਦੀਵੀ ਰੂਪ ਵਿਚ ਨਾਲ ਰਹਿੰਦਾ ਹੈ।[19] ਪਰਮਾਤਮਾ ਦੇ ਨਾਮ ਦਾ ਵਪਾਰ ਕਰਨ ਦੁਆਰਾ ਅਜਿਹੀ ਦੌਲਤ ਮਿਲਦੀ ਹੈ, ਜਿਸ ਨੂੰ ਕੋਈ ਚੋਰ ਚੁਰਾ ਨਹੀਂ ਸਕਦਾ।[20] ਗੁਰਬਾਣੀ ਵਿਚ ਸਾਰੇ ਸੰਸਾਰ ਨੂੰ ਵਣਜਾਰਿਆਂ ਦਾ ਸੰਸਾਰ ਹੀ ਦੱਸਿਆ ਹੈ। ਪਰਮਾਤਮਾ ਦੁਆਰਾ ਬਣਾਏ ਜੀਵ ਦਾ ਜਨਮ ਸੱਚ ਦਾ ਵਣਜ ਕਰਨ ਲਈ ਕੀਤਾ ਗਿਆ ਹੈ, ਇਹ ਅਜਿਹਾ ਵਣਜ ਹੈ, ਜਿਸ ਦੁਆਰਾ ਮਨੁੱਖ ਵਿਚ ਬਦੀ ਦੀ ਕੋਈ ਥਾਂ ਨਹੀਂ ਰਹਿੰਦੀ।[21] ਸੱਚ ਦਾ ਵਪਾਰ ਕਰਨ ਵਾਲੇ ਦੀ ਸੰਗਤ ਵਿਚ ਮਨੁੱਖ ਸੱਚ ਦਾ ਵਣਜ ਕਰ ਸਕਦਾ ਹੈ।[22] ਅਜਿਹੀ ਸੰਗਤ ਵਿਚ ਝੂਠੇ ਵਣਜ–ਵਪਾਰ ਜਾਂ ਛਲ–ਕਪਟ ਦੀ ਕੋਈ ਥਾਂ ਨਹੀਂ ਰਹਿੰਦੀ।[23] ਗੁਰਮੁਖਾਂ ਲਈ ਪਰਮਾਤਮਾ ਦਾ ਨਾਮ ਹੀ ਅਸਲੀ ਵਣਜ ਹੁੰਦਾ ਹੈ, ਜਿਸ ਦੇ ਵਪਾਰੀ ਬਣ ਕੇ ਉਹ ਦੁਨਿਆਵੀ ਤੌਰ 'ਤੇ ਵੀ ਸੱਚ ਨੂੰ ਅਧਾਰ ਮੰਨ ਕੇ ਹਰ ਕੰਮ ਕਰਦੇ ਹਨ।[24] ਅਸਲੀ ਵਣਜਾਰਾ ਜਾਂ ਵਪਾਰੀ ਉਹੀ ਹੈ, ਜੋ ਅਧਿਆਤਮਿਕ ਜੀਵਨ ਦੇ ਰਾਹ ਉਪਰ

ਤੁਰ ਕੇ ਪਰਮਾਤਮਾ ਦੇ ਨਾਮ ਦਾ ਵਣਜ ਕਰਕੇ, ਸੱਚੀ ਦੌਲਤ ਨੂੰ ਸੰਭਾਲਦਾ ਹੈ।[25] ਕਿਉਂਕਿ ਪਰਮਾਤਮਾ ਦੇ ਨਾਮ ਤੋਂ ਬਿਨ੍ਹਾਂ ਝੂਠ ਦੀ ਬੁਨਿਆਦ ਉਤੇ ਕੀਤੇ ਵਣਜ-ਵਪਾਰ ਦੁੱਖਾਂ ਨੂੰ ਹੀ ਸਹੇੜਦੇ ਹਨ।[26] ਪਰਮਾਤਮਾ ਦੇ ਨਾਮ ਨੂੰ ਚਿਤਾਰ ਕੇ ਮਨੁੱਖ ਨੂੰ ਸਹਿਜ ਦੀ ਅਵਸਥਾ ਮਿਲਦੀ ਹੈ, ਜਿਸ ਵਿਚ ਦੁਨਿਆਵੀ ਲੋਭ-ਲਾਲਚ ਖਤਮ ਹੋ ਜਾਂਦੇ ਹਨ।[27] ਸੱਚਾ ਨਾਮ ਰੂਪੀ ਧਨ ਹੀ ਉਸਦੇ ਲਈ ਅਸਲੀ ਵਣਜ-ਵਪਾਰ ਬਣ ਜਾਂਦਾ ਹੈ।[28] ਗੁਰਬਾਣੀ ਵਿਚ ਵਪਾਰ ਦੇ ਸੰਦਰਭ ਵਿਚ ਦਿੱਤੀ ਨੈਤਿਕਤਾ ਦਾ ਮੂਲ ਅਧਾਰ ਪਰਮਾਤਮਾ ਦੇ ਨਾਮ ਨੂੰ ਹੀ ਦਰਸਾਇਆ ਗਿਆ ਹੈ।[29] ਅਤੇ ਅਸਲੀ ਵਣਜਾਰਾ ਅਤੇ ਸੌਦਾ ਪਰਮਾਤਮਾ ਖੁਦ ਹੀ ਹੈ।[30] ਇਸ ਲਈ ਗੁਰਬਾਣੀ ਵਿਚ ਵਾਰ-ਵਾਰ ਮਨੁੱਖ ਨੂੰ ਨਾਮ-ਰੂਪੀ ਸੌਦੇ ਦਾ ਵਪਾਰ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ।[31] ਕਿਉਂਕਿ ਦੁਨੀਆਂ ਦੇ ਸਾਰੇ ਵਪਾਰ ਜਾਂ ਕਿੱਤੇ ਤਾਂ ਹੀ ਸਫਲ ਅਤੇ ਸੁਖ ਦੇਣਗੇ, ਜਦੋਂ ਮਨੁੱਖ ਸੱਚ ਦੀ ਟੇਕ ਵਿਚ ਵਿਚਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਮਨੁੱਖ ਨੂੰ ਵਪਾਰ ਕਰਨ ਤੋਂ ਪਹਿਲਾਂ, ਵਪਾਰ ਦੀ ਕਲਾ ਭਾਵ ਹੁਨਰ ਦਾ ਗਿਆਨ ਹੋਣਾ ਜਰੂਰੀ ਹੈ, ਅਤੇ ਮਨੁੱਖ ਨੂੰ ਇਹ ਵੀ ਵਿਚਾਰਨਾ ਚਾਹੀਦਾ ਹੈ, ਕਿ ਉਸ ਨੂੰ ਕਿਸ ਚੀਜ ਦਾ ਵਪਾਰ ਕਰਨਾ ਚਾਹੀਦਾ ਹੈ, ਜੋ ਉਸ ਲਈ ਲਾਭਦਾਇਕ ਸਿੱਧ ਹੋਵੇ :

*ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ।।*
*ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ।।*[32]

ਨੈਤਿਕ ਦ੍ਰਿਸ਼ਟੀਕੋਣ ਤੋਂ ਗੁਰਬਾਣੀ ਵਿਚ ਝੂਠ, ਠੱਗੀ ਜਾਂ ਬੇਇਮਾਨੀ ਨਾਲ ਕੀਤੇ ਜਾਣ ਵਾਲੇ ਵਪਾਰ ਨੂੰ ਕੂੜਾ, ਖੋਟਾ ਜਾਂ ਝੂਠਾ ਵਪਾਰ ਕਿਹਾ ਹੈ ਅਤੇ ਇਸ ਦੇ ਉਲਟ ਸੱਚਾ ਵਪਾਰ, ਜੋ ਮਿਹਨਤ, ਈਮਾਨਦਾਰੀ ਸਦਕਾ ਕੀਤਾ ਜਾਂਦਾ ਹੈ, ਦੀ ਸ਼ਲਾਘਾ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਗੁਰਮੁਖ ਹਮੇਸ਼ਾ ਸੱਚਾ ਵਣਜ ਕਰਦਾ ਹੈ। ਉਸ ਦੇ ਵਪਾਰ ਵਿੱਚ ਝੂਠ ਦੀ ਕੋਈ ਬੁਨਿਆਦ ਨਹੀਂ ਹੁੰਦੀ। ਉਹ ਵਪਾਰ ਦੌਰਾਨ ਸੱਚੇ ਸਉਦੇ ਦੀ ਵਰਤੋਂ ਕਰਦਾ ਹੈ, ਜਿਸ ਕਰਕੇ ਉਹ ਪੂਰੇ ਗੁਰੂ ਦੀ ਕਿਰਪਾ ਦਾ ਪਾਤਰ ਬਣਦਾ ਹੈ।[33] ਗੁਰਮੁਖ ਦੀ ਇਹ ਨਿਸ਼ਾਨੀ ਹੁੰਦੀ ਹੈ, ਕਿ ਉਹ ਆਪਣੇ ਜੀਵਨ ਨੂੰ ਗੁਰੂ ਦੀ ਸਿੱਖਿਆ ਅਨੁਸਾਰ ਜਿਉਂਦਾ ਹੈ ਅਤੇ ਸੱਚੀ ਸੁੱਚੀ ਕਿਰਤ ਦਾ ਧਾਰਨੀ ਬਣਦਾ ਹੈ, ਜਿਸ ਸਦਕਾ ਉਹ ਸੰਸਾਰਿਕ ਸੁੱਖ ਦੇ ਨਾਲ-ਨਾਲ ਅਧਿਆਤਮਿਕ ਅਨੰਦ ਨੂੰ ਵੀ ਭੋਗਦਾ ਹੈ।[34] ਪਰੰਤੂ ਮਨਮੁਖ ਝੂਠ ਦੀ

ਬੁਨਿਆਦ 'ਤੇ ਕਿਰਤ-ਕਮਾਈ ਕਰਦਾ ਹੈ। ਉਸ ਦੁਆਰਾ ਕੀਤੀ ਜਾਣ ਵਾਲੀ ਝੂਠ ਦੀ ਕਮਾਈ, ਉਸ ਦੇ ਮਨ ਅਤੇ ਤਨ ਨੂੰ ਵੀ ਝੂਠ ਦੇ ਰੰਗ ਵਿੱਚ ਰੰਗ ਦਿੰਦੀ ਹੈ। ਅਜਿਹਾ ਮਨੁੱਖ ਫ਼ੰਦੇ ਵਿੱਚ ਫਸੇ ਹਿਰਨ ਦੀ ਤਰ੍ਹਾਂ ਹਮੇਸ਼ਾਂ ਵਿਰਲਾਪ ਕਰਦਾ ਰਹਿੰਦਾ ਹੈ :

*ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ।।*

*ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ।।*[35]

ਮਨਮੁਖ ਜੋ ਅਧਿਆਤਮਿਕ ਅਤੇ ਸੰਸਾਰਿਕ ਪੱਖੋਂ ਹਮੇਸ਼ਾਂ ਗਲਤ ਰਸਤੇ ਉਪਰ ਚਲਕੇ ਆਪਣਾ ਅੰਤ ਆਪ ਨਿਸ਼ਚਿਤ ਕਰਦਾ ਹੈ। ਗੁਣਾਂ ਨੂੰ ਛੱਡ ਕੇ, ਔਗੁਣਾਂ ਦਾ ਵਪਾਰੀ ਬਣ ਜਾਂਦਾ ਹੈ ਅਤੇ ਜ਼ਹਿਰ ਨੂੰ ਇਕੱਠਾ ਕਰਦਾ ਹੈ।[36] ਗੁਰਬਾਣੀ ਵਿਚ ਸਾਰੇ ਸੰਸਾਰ ਨੂੰ ਬਾਜ਼ਾਰ ਕਿਹਾ ਗਿਆ ਹੈ, ਜਿਸ ਵਿਚ ਕੇਵਲ ਨਾਮ ਦਾ ਵਣਜ ਕਰਨ ਵਾਲੇ ਵਪਾਰੀ ਸ਼ੋਭਦੇ ਹਨ।[37] ਮਨੁੱਖ ਲਈ ਅਸਲ, ਵਪਾਰ ਅਤੇ ਗਿਆਨ ਪਰਮਾਤਮਾ ਦਾ ਨਾਮ ਹੀ ਹੈ, ਜੋ ਸ਼ੁਭ ਕਰਮਾਂ ਬਿਨ੍ਹਾਂ ਨਹੀਂ ਮਿਲਦਾ।[38] ਝੂਠ ਦੇ ਰਸਤੇ ਉੱਪਰ ਚੱਲ ਕੇ ਕਾਮਯਾਬੀ ਦਾ ਮਿਲਣਾ ਮੁਸ਼ਕਿਲ ਹੀ ਨਹੀਂ ਅਸੰਭਵ ਹੈ। ਝੂਠ ਦੇ ਅਧਾਰ 'ਤੇ ਕਿਰਤ ਕਰਨ ਵਾਲੇ ਮਨੁੱਖ ਦੀ ਕੋਈ ਜਾਤ ਜਾਂ ਇੱਜਤ ਨਹੀਂ ਰਹਿੰਦੀ ਅਤੇ ਨਾ ਹੀ ਅਜਿਹੇ ਮਨੁੱਖ ਨਾਲ ਕੋਈ ਸਾਂਝ ਪਾਉਣਾ ਪਸੰਦ ਕਰਦਾ ਹੈ।[39] ਅਜਿਹੀ ਝੂਠ ਦੀ ਕਮਾਈ ਭਾਵੇਂ ਸੌ ਵਾਰ ਵੀ ਕਮਾਈ ਜਾਵੇ, ਉਸ ਦਾ ਬਲ ਝੂਠਾ ਹੀ ਰਹਿੰਦਾ ਹੈ :

ਬਾਬਾ ਹੋਰ ਮਤਿ ਹੋਰ ਹੋਰ।। ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ।।[40]

ਇਸ ਲਈ ਗੁਰਬਾਣੀ ਮਨੁੱਖ ਨੂੰ ਸੱਚੀ ਕਿਰਤ ਕਰਨ ਲਈ ਪ੍ਰੇਰਦੀ ਹੈ, ਕਿਉਂਕਿ ਸੱਚ ਦੇ ਕਲਾਵੇਂ ਵਿੱਚ ਰਹਿ ਕੇ ਕੀਤਾ ਜਾਣ ਵਾਲਾ ਵਣਜ ਜਾਂ ਵਪਾਰ ਹਮੇਸ਼ਾ ਹੀ ਲਾਭਦਾਇਕ ਸਿੱਧ ਹੁੰਦਾ ਹੈ :

*ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸ।।*[41]

ਜੋ ਮਨੁੱਖ ਪਰਮਾਤਮਾ ਦੀ ਰਜ਼ਾ ਵਿੱਚ ਰਹਿੰਦਾ ਹੋਇਆ ਸੱਚੀ ਕਿਰਤ ਕਰਦਾ ਹੈ, ਉਹ ਹਮੇਸ਼ਾ ਨਫ਼ਾ ਕਮਾਉਂਦਾ ਹੈ।[42] ਜੇਕਰ ਮਨੁੱਖ ਸੁਚੱਜੀ ਕਿਰਤ ਅਤੇ ਨੇਕੀ ਦਾ ਖਰੀਦਦਾਰ ਹੋ ਜਾਵੇ, ਤਾਂ ਉਸ ਨੂੰ ਬੇਅੰਤ ਪ੍ਰਭੂ ਦਾ ਨਾਮ ਕਦੀ ਨਹੀਂ ਵਿਸਰਦਾ। ਕਿਉਂਕਿ

ਨਿਰਮਲ ਨਾਮ ਦਾ ਵਾਸਾ ਉੱਥੇ ਹੀ ਹੋ ਸਕਦਾ ਹੈ, ਜਿੱਥੇ ਝੂਠ ਜਾਂ ਬੇਇਮਾਨੀ ਰੂਪੀ ਮੈਲ ਦੀ ਕੋਈ ਗੁੰਜਾਇਸ਼ ਨਾ ਹੋਵੇ :

*ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ।।*[43]

ਗੁਰਬਾਣੀ ਦਾ ਵਪਾਰ ਦੇ ਸੰਬੰਧ ਵਿਚ ਅਧਿਐਨ ਕਰਦਿਆਂ ਇਕ ਗੱਲ ਜੋ ਵਿਸ਼ੇਸ਼ ਰੂਪ ਵਿਚ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਮਨੁੱਖ ਦਾ ਅਧਿਆਤਮਿਕ ਹੋਣਾ ਅਤਿ ਜ਼ਰੂਰੀ ਹੈ। ਕਿਉਂਕਿ ਦੁਨਿਆਵੀ ਕੰਮਾਂ-ਧੰਦਿਆਂ ਵਿਚਲੀ ਨੈਤਿਕਤਾ ਦਾ ਜਨਮ ਵੀ ਤਾਂ ਹੀ ਸੰਭਵ ਹੈ, ਜੇ ਮਨੁੱਖ ਪਰਮਾਤਮਾ ਦੇ ਭੈਅ ਵਿਚ ਰਹਿੰਦਾ ਹੈ ਅਤੇ ਉਸ ਦਾ ਅਰਾਧਨ ਕਰਕੇ ਗੁਣਾਂ ਵਿਚ ਸਮਾਉਂਦਾ ਹੈ। ਕਿਉਂਕਿ ਪਰਮਾਤਮਾ ਦੇ ਗੁਣਾਂ ਦਾ ਕੋਈ ਮੁੱਲ ਨਹੀਂ।[44] ਕਿਉਂਕਿ ਦੁਨੀਆਂ ਦੇ ਸ਼ਾਹੂਕਾਰਾਂ ਵਿਚ ਪਰਮਾਤਮਾ ਸਦਾ ਕਾਇਮ ਰਹਿਣ ਵਾਲਾ ਸ਼ਾਹੂਕਾਰ ਹੈ, ਤੇ ਵਪਾਰੀਆਂ ਵਿਚ ਸਭ ਤੋਂ ਵੱਡਾ ਵਪਾਰੀ ਹੈ।[45] ਉਹ ਮਨੁੱਖ ਜੋ ਆਪਣੇ ਹਿਰਦੇ ਵਿਚੋਂ ਵਿਕਾਰਾਂ ਦੀ ਭਟਕਣਾ ਨੂੰ ਕੱਢ ਕੇ ਨਾਮ ਰੂਪੀ ਖਜ਼ਾਨੇ ਨੂੰ ਰੱਖਣ ਵਿਚ ਕਾਮਯਾਬ ਹੋ ਜਾਂਦਾ ਹੈ। ਉਹੀ ਅਸਲ ਗੁਣਾਂ ਵਾਲਾ ਵਪਾਰੀ ਹੈ।[46] ਜੇ ਕੋਈ ਸਥਿਰ ਰਹਿਣ ਵਾਲਾ ਸੌਦਾ ਹੈ ਤਾਂ ਉਹ ਨਾਮ ਰੂਪੀ ਰਤਨ ਹੀ ਹੈ, ਬਾਕੀ ਵਪਾਰ ਜਾਂ ਵਪਾਰੀਆਂ ਦੀ ਹੋਂਦ ਸ਼ੀਸ਼ੇ ਦੀ ਨਿਆਈ ਕੱਚੀ ਜਾਂ ਅਸਥਿਰ ਹੀ ਹੈ।[47] ਪਰਮਾਤਮਾ ਦੀ ਕਿਰਪਾ ਸਦਕਾ ਕਈ ਮਨੁੱਖ ਹਮੇਸ਼ਾ ਸੱਚ ਨੂੰ ਹੀ ਵਿਹਾਝਦੇ ਹਨ ਅਤੇ ਹਰ ਪੱਖੋਂ ਲਾਭ ਹੀ ਖੱਟਦੇ ਹਨ।[48] ਉਹ ਸੱਚੇ ਨਾਮ ਦੇ ਵਣਜਾਰੇ ਹੋਣ ਕਰਕੇ ਸੱਚੇ ਦਰਵਾਜੇ ਉਤੇ ਚੰਗੇ ਲੱਗਦੇ ਹਨ।[49] ਅਜਿਹੇ ਮਨੁੱਖਾਂ ਦਾ ਭੀ ਮੁੱਲ ਨਹੀਂ ਪੈ ਸਕਦਾ, ਜੋ ਅਕਾਲ ਪੁਰਖ ਦੇ ਗੁਣਾਂ ਦਾ ਵਪਾਰ ਕਰਦੇ ਹਨ ਅਤੇ ਅਜਿਹੇ ਗੁਣਾਂ ਦੇ ਖਜ਼ਾਨੇ ਵੀ ਅਮੋਲਕ ਹੀ ਹਨ।[50] ਅਜਿਹੇ ਮਨੁੱਖਾਂ ਦਾ ਅਸਲੀ ਧਨ ਅਤੇ ਸਰਮਾਇਆ ਪਰਮਾਤਮਾ ਦਾ ਨਾਮ ਹੀ ਹੈ। ਉਹ ਸੱਚੀ ਸਿੱਖਿਆ ਦੁਆਰਾ ਸੱਚ ਦਾ ਵਣਜ ਕਰਦੇ ਹਨ।[51]

ਸੰਸਾਰਿਕ ਲੋੜਾਂ ਦੀ ਪੂਰਤੀ ਲਈ ਧਨ ਦੀ ਜਰੂਰਤ ਪੈਂਦੀ ਹੈ, ਪਰ ਜਦੋਂ ਜ਼ਰੂਰਤ, ਤ੍ਰਿਸ਼ਨਾਂ ਦਾ ਰੂਪ ਅਖ਼ਤਿਆਰ ਕਰ ਲੈਂਦੀ ਹੈ, ਤਾਂ ਮਨੁੱਖ ਇਹਨਾਂ ਨੂੰ ਪੂਰਿਆਂ ਕਰਨ ਲਈ ਕਿਸੇ ਵੀ ਪ੍ਰਕਾਰ ਦੇ ਗ਼ਲਤ ਕੰਮ ਨੂੰ ਕਰਨ ਤੋਂ ਗੁਰੇਜ਼ ਨਹੀਂ ਕਰਦਾ। ਗੁਰਬਾਣੀ ਅਨੁਸਾਰ ਮਨੁੱਖ ਆਪਣੇ ਸਨਬੰਧੀਆਂ ਜਾਂ ਰਿਸ਼ਤੇਦਾਰਾਂ ਨੂੰ ਖੁਸ਼ ਕਰਨ ਲਈ ਗੁਨਾਹ ਕਰਦਾ ਹੈ ਅਤੇ ਜਮਾਂ ਦੀ ਫਾਂਸੀ ਵਿੱਚ ਫਸ ਜਾਂਦਾ ਹੈ।[52] ਲਾਲਚ ਵਿੱਚ ਅੰਨ੍ਹਾ ਹੋਇਆ ਮਨੁੱਖ ਚੋਰੀਆਂ

ਕਰਕੇ ਕਾਲੇ ਧਨ ਨੂੰ ਇਕੱਤਰ ਕਰਦਾ ਹੈ, ਪਰੰਤੂ ਅਜਿਹਾ ਕਰਕੇ ਉਸ ਦੇ ਗੁਨਾਹ ਪਰਮਾਤਮਾ ਤੋਂ ਛਿਪੇ ਨਹੀਂ ਰਹਿ ਸਕਦੇ।[53] ਕਾਲੇ ਧਨ-ਦੌਲਤ ਦੀ ਅਗਵਾਈ ਵਿੱਚ ਮਨੁੱਖ ਰੰਗ ਰਲੀਆਂ ਮਾਣਦਾ ਹੋਇਆ ਬੇਸ਼ਰਮ ਹੋ ਕੇ ਨੱਚਦਾ ਹੈ, ਪਰੰਤੂ ਉਹ ਇਸ ਗੱਲ ਤੋਂ ਅਗਿਆਤ ਹੁੰਦਾ ਹੈ, ਕਿ ਸਹੀ ਰੂਪ ਵਿੱਚ ਉਹ ਲੁੱਟਿਆ ਜਾ ਚੁੱਕਾ ਹੈ, ਅਤੇ ਸੱਚੇ ਨਾਮ ਦੀ ਟੇਕ ਤੋਂ ਬਿਨਾ ਆਪਣੀ ਇੱਜਤ-ਆਬਰੂ ਗਵਾ ਚੁੱਕਿਆ ਹੈ।[54] ਗੁਰਬਾਣੀ ਅਨੁਸਾਰ ਮਨੁੱਖ ਦੇ ਵਿਵਹਾਰਿਕ ਕਰਮ ਤਾਂ ਹੀ ਸੁਚੱਜੇ ਹੋ ਸਕਦੇ ਹਨ, ਜੇ ਉਹਨਾਂ ਵਿੱਚ ਅਧਿਆਤਮਿਕਤਾ ਦੀ ਝਲਕ ਨਜ਼ਰ ਆਉਂਦੀ ਹੈ। ਅਧਿਆਤਮਿਕਾ ਤੋਂ ਬਿਨ੍ਹਾਂ ਬੇਰਸਾ ਅਤੇ ਰੁੱਖਾ ਜੀਵਨ ਜਿਉਣ ਵਾਲਾ ਮਨੁੱਖ ਮੁਕਤੀ ਦੇ ਭੇਦ ਨੂੰ ਨਹੀਂ ਜਾਣ ਸਕਦਾ :

*ਅਧਿਆਤਮ ਕਰਮ ਕਰੇ ਤਾ ਸਾਚਾ।।*
*ਮੁਕਤਿ ਭੇਦੁ ਕਿਆ ਜਾਣੈ ਕਾਚਾ।।*[55]

ਸੱਚ ਦਾ ਅਨੁਭਵ ਤਾਂ ਹੀ ਹੋ ਸਕਦਾ ਹੈ, ਜੇ ਮਨੁੱਖ ਝੂਠੇ ਲੋਭ-ਲਾਲਚ ਦਾ ਤਿਆਗ ਕਰ ਦੇਵੇ। ਇਸ ਲਈ ਗੁਰਬਾਣੀ ਮਨੁੱਖ ਨੂੰ ਪਾਪ ਦਾ ਤਿਆਗ ਕਰਕੇ ਨੇਕੀ ਦੀ ਕਮਾਈ ਕਰਨ ਦਾ ਉਪਦੇਸ਼ ਦਿੰਦੀ ਹੈ, ਤਾਂ ਜੋ ਬਾਅਦ ਵਿੱਚ ਪਛਤਾਉਣਾ ਨਾ ਪਵੇ :

*ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ।।*
*ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ।।*[56]

ਗੁਰਬਾਣੀ ਅਨੁਸਾਰ ਅਸਲੀ ਵਪਾਰ ਉਹ ਹੀ ਹੋ ਸਕਦਾ ਹੈ, ਜਿਸ ਨਾਲ ਮਾਨਵਤਾ ਦਾ ਭਲਾ ਹੋਵੇ, ਕਿਸੇ ਨੂੰ ਕਿਸੇ ਵੀ ਪੱਖ ਤੋਂ ਨੁਕਸਾਨ ਨਾ ਹੋਵੇ। ਪਰ ਆਮ ਤੌਰ 'ਤੇ ਵਣਜ-ਵਪਾਰ ਵਿਚ ਲਾਭ ਖੱਟਣ ਲਈ ਵਪਾਰੀ ਆਮ ਜਨਤਾ ਦਾ ਸ਼ੋਸ਼ਣ ਕਰਦੇ ਹਨ। ਵਪਾਰਕ ਪੂੰਜੀ ਦਾ ਕੋਈ ਭੀ ਭੰਡਾਰ, ਇਕ ਪਾਸੇ ਈਮਾਨਦਾਰੀ ਨਾਲ ਕੀਤੀ ਮਿਹਨਤ, ਉਨੱਤ ਹੁੰਦੀ ਸ਼ਕਤੀ ਅਤੇ ਅਜੇਹੀਆਂ ਸਿਆਣੀਆਂ ਕਾਢਾਂ ਦੀ ਸੂਚਕ ਹੁੰਦੀ ਹੈ। ਜਿਸ ਨਾਲ ਉਪਜ ਵਿਚ ਵਾਧਾ ਹੋਵੇ। ਦੂਜੇ ਪਾਸੇ ਉਹ ਮਾਰੂ ਅੱਯਾਸ਼ੀ, ਨਿਰਦਈ ਅੱਤਿਆਚਾਰ ਅਤੇ ਸੱਤਿਆਨਾਸੀ ਵਲ ਛਲ ਦਾ ਭੀ ਪਤਾ ਦੇਂਦਾ ਹੈ। ਕਈ ਭੰਡਾਰ ਮਾਨਵਤਾ ਦੇ ਹੰਝੂਆਂ ਨਾਲ ਭਾਰੇ ਹੋਏ ਹੁੰਦੇ ਹਨ, ਜਿਵੇਂ ਕੁਵੇਲੇ ਦੇ ਮੀਂਹ ਵਿਚ ਭੈੜੀ ਤਰ੍ਹਾਂ ਸਾਂਭੀ ਫ਼ਸਲ। ਅਜੇਹਾ ਸੋਨਾ ਭੀ ਹੈ, ਜੋ ਧੁੱਪ ਵਿਚ ਅਸਲੀ ਸੋਨੇ ਨਾਲੋਂ ਵਧੇਰੇ ਚਮਕਦਾ ਹੈ।[57] ਸੋ ਐਸੇ ਵਪਾਰ ਵਿਚ

ਲਾਭ ਲੈਣ ਦਾ ਕੀ ਫਾਇਦਾ, ਜਿਸ ਨਾਲ ਅਗਲੇ ਜਹਾਨ ਵਿਚ ਘਾਟਾ ਪਵੇ। ਪਰਮਾਤਮਾ ਰੂਪੀ ਵਣਜਾਰਾ ਹਰ ਇਕ ਦੇ ਅੰਦਰ ਵਸਦਾ ਹੈ ਅਤੇ ਮਨੁੱਖ ਦੁਆਰਾ ਕੀਤੇ ਜਾਣ ਵਾਲੇ ਗੁਨਾਹਾਂ ਨੂੰ ਤੋਲਦਾ ਰਹਿੰਦਾ ਹੈ।[58] ਪਰਾਲੌਕਿਕ ਜਗਤ ਦੀ ਤਸਵੀਰ ਦਿਖਾ ਕੇ ਗੁਰਬਾਣੀ ਮਨੁੱਖ ਦੇ ਲੌਕਿਕ ਜਗਤ ਵਿੱਚ ਸੰਪੂਰਨ ਨੈਤਿਕਤਾ ਨੂੰ ਪ੍ਰਫੁੱਲਿਤ ਕਰਨਾ ਚਾਹੁੰਦੀ ਹੈ। ਗੁਰਬਾਣੀ ਅਨੁਸਾਰ ਜੋ ਮਨੁੱਖ ਸੰਸਾਰਿਕ ਪਦਾਰਥਾਂ ਅਤੇ ਰਸਾਂ-ਕਸਾਂ ਵਿੱਚ ਪੈ ਕੇ ਆਪਣੇ ਆਪ ਨੂੰ ਵੱਡੇ ਅਖਵਾਉਂਦੇ ਹਨ, ਅਜਿਹੇ ਦੁਨੀਆਂਦਾਰਾਂ ਦਾ ਅੱਗੇ ਪ੍ਰਲੋਕ ਵਿੱਚ ਕਰਮਾਂ ਦੇ ਅਧਾਰ 'ਤੇ ਲੇਖਾ-ਜੋਖਾ ਹੋਣਾ ਹੈ, ਅਤੇ ਆਪਣੇ ਆਪ ਨੂੰ ਝੂਠ ਦੀ ਬੁਨਿਆਦ 'ਤੇ ਕੀਤੀ ਕਮਾਈ ਦੇ ਆਧਾਰ 'ਤੇ ਅਮੀਰ ਕਹਾਉਣ ਵਾਲਿਆਂ ਦੇ ਗਲਾਂ ਵਿੱਚ ਸੰਗਲ ਪਾ ਕੇ, ਇਨ੍ਹਾਂ ਨੂੰ ਅੱਗੇ ਲਗਾਇਆ ਜਾਵੇਗਾ।[59] ਇਹਨਾਂ ਦੁਆਰਾ ਚੋਰੀ, ਠੱਗੀ ਨਾਲ ਇਕੱਠੀਆਂ ਕੀਤੀਆਂ ਹੋਈਆਂ ਵਸਤੂਆਂ ਦੀ ਪਛਾਣ ਕੀਤੀ ਜਾਵੇਗੀ, ਅਤੇ ਦਲਾਲਪੁਣੇ ਵਿੱਚ ਬੇਇਮਾਨੀ ਕਰਨ ਵਾਲੇ ਹੱਥਾਂ ਨੂੰ ਵੱਢਿਆ ਜਾਵੇਗਾ। ਮਨੁੱਖ ਨੂੰ ਅਗਲੇ ਜਹਾਨ ਵਿੱਚ ਕੇਵਲ ਓਹੀ ਮਿਲਦਾ ਹੈ, ਜੋ ਇਨਸਾਨ ਆਪਣੀ ਮਿਹਨਤ ਮੁਸ਼ੱਕਤ ਦੀ ਕਮਾਈ ਵਿੱਚੋਂ ਦਿੰਦਾ ਹੈ।[60] ਜੋ ਮਨੁੱਖ ਲੋਭ-ਲਾਲਚ ਦੀ ਖਾਤਿਰ ਝੂਠ ਬੋਲਦਾ ਹੈ, ਗੁਰਬਾਣੀ ਅਨੁਸਾਰ ਉਹ ਜ਼ਹਿਰ ਖਾਂਦਾ ਹੈ। ਅਜਿਹਾ ਮਨੁੱਖ ਕਦੇ ਵੀ ਨੇਕ ਕਰਮ ਨਹੀਂ ਕਰ ਸਕਦਾ :

*ਜਿਸੁ ਅੰਤਰਿ ਲੋਭੁ ਕਿ ਕਰਮੁ ਕਮਾਵੈ ਭਾਈ*
*ਕੂੜੁ ਬੋਲਿ ਬਿਖੁ ਖਾਈ।।*[61]

ਗ਼ਲਤ ਢੰਗ ਨਾਲ ਇਕੱਠੇ ਕੀਤੇ ਧਨ ਦੇ ਬਲ ਉੱਤੇ ਮਨੁੱਖ ਆਪਣੇ ਆਪ ਨੂੰ ਸ਼ਾਹੂਕਾਰ ਅਖ਼ਵਾਉਂਦਾ ਹੈ, ਅਤੇ ਦੁਬਿਧਾ ਵਿੱਚ ਖੁਆਰ ਹੁੰਦਾ ਹੈ।[62] ਇਸੇ ਧਨ-ਦੌਲਤ ਦੀ ਖਾਤਿਰ ਮਨੁੱਖ ਨੌਕਰ ਅਤੇ ਤਸਕਰ ਵੀ ਬਣ ਜਾਂਦਾ ਹੈ।[63] ਇਸੇ ਦੀ ਖਾਤਿਰ ਮਨੁੱਖ ਵਿਭਚਾਰ ਕਰਕੇ, ਕਿੰਨੇ ਮਾਸੂਮ ਜੀਵਾਂ ਨਾਲ ਦਿਨ-ਰਾਤ ਠੱਗੀਆਂ ਮਾਰਦਾ ਹੈ।[64] ਮਨਮੁਖ ਦੀ ਨਿਸ਼ਾਨੀ ਹੀ ਇਹ ਹੈ, ਕਿ ਉਹ ਹਮੇਸ਼ਾ ਝੂਠ ਬੋਲਦਾ ਹੈ, ਅਤੇ ਝੂਠ ਦੇ ਬਲ 'ਤੇ ਹੀ ਕਿਰਤ ਕਮਾਈ ਕਰਦਾ ਹੈ :

*ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ।।*[65]

ਇਸ ਝੂਠੀ ਮਾਇਆ ਦੀ ਖਾਤਿਰ ਕਿੰਨੇ ਹੀ ਲੋਕ ਤਬਾਹ ਹੋ ਗਏ ਹਨ ਅਤੇ ਇਹ ਵੀ ਸੱਚ ਹੈ ਕਿ ਗੁਨਾਹਾਂ ਦੇ ਬਗੈਰ ਇਹ ਇਕੱਤ੍ਰ ਨਹੀਂ ਹੋ ਸਕਦੀ।[66] ਗੁਰਬਾਣੀ ਅਜਿਹੀ ਕਿਰਤ ਨੂੰ ਝੂਠਾ ਕਰਾਰ ਦਿੰਦੀ ਹੈ, ਜੋ ਝੂਠ ਦੀ ਬੁਨਿਆਦ 'ਤੇ ਕਮਾਈ ਜਾਂਦੀ ਹੈ। ਗੁਰਬਾਣੀ ਵਿਚ ਅਜਿਹੇ ਲੋਕਾਂ ਦੁਆਰਾ ਇਕੱਤਰ ਕੀਤੀ ਜਾਣ ਵਾਲੀ ਪੂੰਜੀ ਅਤੇ ਵਣਜ ਦੀ ਨਿੰਦਿਆ ਕੀਤੀ ਗਈ ਹੈ। ਅਜਿਹੇ ਲੋਕਾਂ ਦਾ ਕੋਈ ਧਰਮ ਜਾਂ ਦੀਨ-ਈਮਾਨ ਨਹੀਂ ਹੁੰਦਾ। ਅਜਿਹੇ ਲੋਕਾਂ ਦਾ ਤਨ, ਮਨ, ਧਨ ਸਭ ਝੂਠ ਨਾਲ ਪਰੀਪੂਰਨ ਹੁੰਦਾ ਹੈ :

*ਕੂੜੀ ਰਾਸਿ ਕੂੜਾ ਵਾਪਾਰੁ।। ਕੂੜੁ ਬੋਲਿ ਕਰਹਿ ਆਹਾਰੁ।।*
*ਸਰਮ ਧਰਮ ਕਾ ਡੇਰਾ ਦੂਰਿ।। ਨਾਨਕ ਕੂੜੁ ਰਹਿਆ ਭਰਪੂਰਿ।।*[67]

ਇਸ ਧਰਤੀ 'ਤੇ ਮਨੁੱਖ ਦੇ ਪਾਲਣ-ਪੋਸ਼ਣ ਲਈ ਅਨੇਕਾਂ ਪਦਾਰਥਾਂ ਦੀ ਭਰਮਾਰ ਹੈ। ਉਹ ਦਿਆਲੂ ਪਰਮਾਤਮਾ ਪੱਥਰਾਂ ਵਿੱਚ ਵੀ ਜੀਵਾਂ ਨੂੰ ਰਿਜ਼ਕ ਪਹੁੰਚਾਉਂਦਾ ਹੈ।[68] ਮਨੁੱਖ ਪਦਾਰਥਾਂ ਦੀ ਵਰਤੋਂ ਕਰਦਾ-ਕਰਦਾ ਥੱਕ ਜਾਂਦਾ ਹੈ, ਪਰੰਤੂ ਪਦਾਰਥਾਂ ਦੀ ਘਾਟ ਨਹੀਂ ਆਉਂਦੀ।[69] ਪਰੰਤੂ ਪਦਾਰਥਾਂ ਦਾ ਲੋਭੀ ਅਤੇ ਲਾਲਚੀ ਜੀਵ ਲਾਲਚ ਕਰਨ ਤੋਂ ਬਾਜ ਨਹੀਂ ਆਉਂਦਾ। ਉਹ ਪਰਮਾਤਮਾ ਦੀ ਰਜ਼ਾ ਤੋਂ ਬਾਹਰ ਹੋ ਕੇ ਕੁਕਰਮ ਕਰਦਾ ਹੈ, ਅਤੇ ਸਿਰ 'ਤੇ ਬਦੀਆਂ ਦਾ ਭਾਰ ਲੈ ਕੇ ਰੁਲਦਾ ਰਹਿੰਦਾ ਹੈ:

*ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ।।*
*ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ।।*[70]

ਗੁਰਬਾਣੀ ਮਨੁੱਖ ਨੂੰ ਅਜਿਹੇ ਝੂਠੇ ਅਤੇ ਪਰਾਏ ਧਨ ਦੇ ਲਾਲਚ ਨੂੰ ਤਿਆਗਣ ਦਾ ਉਪਦੇਸ਼ ਦਿੰਦੀ ਹੈ, ਅਤੇ ਸੱਚੀ ਸਿੱਖਿਆ ਅਨੁਸਾਰ ਸੱਚੀ ਕਿਰਤ ਦਾ ਫਲ ਪਾਉਣ ਲਈ ਪ੍ਰੇਰਦੀ ਹੈ।[71] ਕਿਉਂਕਿ ਸੱਚੀ ਕਿਰਤ ਕਰਨ ਵਾਲਾ ਮਨੁੱਖ ਹੀ ਨਾਮ ਦੇ ਰੰਗ ਵਿੱਚ ਆਪਣੇ ਆਪ ਨੂੰ ਰੰਗ ਸਕਦਾ ਹੈ। ਵਿਸ਼ੇ-ਵਿਕਾਰ ਉਸ ਤੋਂ ਕੋਹਾਂ ਦੂਰ ਰਹਿੰਦੇ ਹਨ। ਸੱਚੇ ਪਰਮਾਤਮਾ ਦੇ ਨਾਮ ਦੇ ਆਸਰੇ ਤੋਂ ਬਿਨ੍ਹਾਂ ਕੀਤੇ ਗਏ ਹਰ ਇੱਕ ਕਰਮ ਵਿੱਚ ਘਾਟਾ ਹੀ ਪੈਂਦਾ ਹੈ, ਅਤੇ ਇੱਜਤ ਗੁਆਚਦੀ ਹੈ। ਇਸ ਲਈ ਜਰੂਰੀ ਹੈ, ਕਿ ਮਨੁੱਖ ਆਪਣੇ ਵਿਵਹਾਰਿਕ ਕਰਮ ਨਾਮ ਦੇ ਆਸਰੇ ਵਿੱਚ ਰਹਿ ਕੇ ਕਰੇ :

*ਵਿਣੁ ਨਾਵੈ ਤੋਟਾ ਸਭ ਥਾਇ।। ਲਾਹਾ ਮਿਲੈ ਜਾ ਦੇਇ ਬੁਝਾਇ।।*

*ਵਣਜੁ ਵਾਪਾਰੁ ਵਣਜੈ ਵਾਪਾਰੀ।। ਵਿਣੁ ਨਾਵੈ ਕੈਸੀ ਪਤਿ ਸਾਰੀ।।*[72]

ਜਦੋਂ ਕੋਈ ਮਨੁੱਖ ਆਪਣੇ ਹਿਰਦੇ ਵਿੱਚ ਸੱਚੇ ਨਾਮ ਨੂੰ ਪ੍ਰਗਟ ਕਰਕੇ, ਆਪਣੀ ਕਿਰਤ ਕਮਾਈ ਵੱਲ ਧਿਆਨ ਦਿੰਦਾ ਹੈ, ਤਾਂ ਉਸ ਦੀ ਸੱਚੀ ਕਿਰਤ-ਕਮਾਈ ਵੀ ਭਗਤੀ ਦਾ ਰੂਪ ਅਖ਼ਤਿਆਰ ਕਰ ਲੈਂਦੀ ਹੈ। ਅਜਿਹੇ ਸੰਤੋਖਵਾਨ 'ਤੇ ਸਚਿਆਰ ਮਨੁੱਖ ਕਦੇ ਵੀ ਆਪਣੇ ਪੈਰ ਪਾਪ ਵਿੱਚ ਨਹੀਂ ਟਿਕਾਉਂਦੇ। ਉਹ ਸੱਚ ਵਿੱਚ ਧਿਆਨ ਜੋੜ ਕੇ ਅਤੇ ਸੱਚੀ ਕਿਰਤ ਕਰਕੇ ਅਸਲ ਘਾਲਣਾ ਘਾਲਦੇ ਹਨ :

*ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ।।*

*ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ।।*[73]

ਗੁਰਬਾਣੀ ਅਨੁਸਾਰ ਸੱਚਾ ਵਪਾਰ ਉਹ ਹੈ, ਜੋ ਸੱਚ ਦੁਆਰਾ ਕਮਾਇਆ ਜਾਂਦਾ ਹੈ ਅਤੇ ਸੱਚ ਦੇ ਲੇਖੇ ਵਿੱਚ ਜਾਂਦਾ ਹੈ, ਭਾਵੇਂ ਉਸ ਲਈ ਮਨੁੱਖ ਨੂੰ ਤਕਲੀਫ਼ਾਂ ਜਾਂ ਮੁਸ਼ਕਿਲਾਂ ਵਿੱਚੋਂ ਦੀ ਕਿਉਂ ਨਾ ਲੰਘਣਾ ਪਵੇ, ਗੁਰੇਜ਼ ਨਹੀਂ ਕਰਨਾ ਚਾਹੀਦਾ।

ਅਧਿਆਤਮਿਕ ਪੱਖ ਤੋਂ ਗੁਰਬਾਣੀ ਦੀ ਨਜ਼ਰ ਵਿੱਚ ਸਭ ਤੋਂ ਉੱਤਮ ਵਪਾਰ ਅਤੇ ਧਨ ਕੇਵਲ ਪਰਮਾਤਮਾ ਦਾ ਨਾਮ ਹੈ। ਪ੍ਰਾਣੀ ਇਸ ਜਗਤ ਵਿੱਚ ਨਾਮ ਰੂਪੀ ਅਮੁੱਲ ਧੰਨ ਦਾ ਮੁਨਾਫ਼ਾ ਖੱਟਣ ਲਈ ਆਇਆ ਹੈ। ਪਦਾਰਥਕ ਲੋੜਾਂ ਦੀ ਪੂਰਤੀ ਕਰਨਾ ਮਨੁੱਖ ਦਾ ਬੁਨਿਆਦੀ ਫਰਜ਼ ਹੈ, ਪਰੰਤੂ ਲੋਭ-ਲਾਲਚ ਵਿੱਚ ਆ ਕੇ ਮਾਇਆ ਦੇ ਇਕੱਤਰੀਕਰਣ ਦੀ ਖਾਤਰ ਕਰਮ ਕਰਨਾ, ਇਸ ਜਗਤ ਅੰਦਰ ਆ ਕੇ ਘਾਟਾ ਉਠਾਉਣਾ ਹੀ ਹੈ :

*ਸਚਾ ਵਖਰੁ ਨਾਮੁ ਹੈ ਸਚਾ ਵਾਪਾਰਾ।। ਲਾਹਾ ਨਾਮੁ ਸੰਸਾਰਿ ਹੈ*

*ਗੁਰਮਤੀ ਵੀਚਾਰਾ।। ਦੂਜੈ ਭਾਇ ਕਾਰ ਕਮਾਵਣੀ ਨਿਤ ਤੋਟਾ ਸੈਸਾਰਾ।।*[74]

ਜੋ ਮਨੁੱਖ ਝੂਠ ਨੂੰ ਤਿਆਗ ਕੇ ਸੱਚ ਦੀ ਬੁਨਿਆਦ 'ਤੇ ਵਪਾਰ ਕਰਦੇ ਹਨ, ਉਹੀ ਨ਼ਫਾ ਕਮਾਉਂਦੇ ਹਨ ਅਤੇ ਆਪਣੀ ਇੱਛਾ ਅਨੁਸਾਰ ਫਲ ਦੀ ਪ੍ਰਾਪਤੀ ਕਰ ਲੈਂਦੇ ਹਨ :

*ਕੂੜੁ ਛੋਡਿ ਸਾਚੇ ਕਉ ਧਾਵਹੁ।। ਜੋ ਇਛਹੁ ਸੋਈ ਫਲੁ ਪਾਵਹੁ।।*

*ਸਾਚ ਵਖਰ ਕੇ ਵਾਪਾਰੀ ਵਿਰਲੇ ਲੈ ਲਾਹਾ ਸਉਦਾ ਕੀਨਾ ਹੇ।।*[75]

ਅਜਿਹੀ ਸੁਚੱਜੀ ਕਿਰਤ ਸਦਕਾ ਉਨ੍ਹਾਂ ਦਾ ਇਸ ਲੋਕ ਵਿੱਚ ਤਾਂ ਸਤਿਕਾਰ ਹੁੰਦਾ ਹੀ ਹੈ, ਨਾਲ ਹੀ ਉਹ ਸੱਚੀ ਦਰਗਾਹ ਵਿੱਚ ਵੀ ਮਾਣ ਹਾਸਿਲ ਕਰਦੇ ਹਨ :

*ਸਾਚੀ ਕਰਣੀ ਪਤਿ ਪਰਵਾਣੁ।। ਸਾਚੀ ਦਰਗਹ ਪਾਵੈ ਮਾਣੁ।।*[76]

ਆਰਥਿਕ ਤੌਰ 'ਤੇ ਅਮੀਰ ਆਦਮੀ ਨਿਤ-ਪ੍ਰਤੀਦਿਨ ਧਨ ਕਮਾਉਣ ਦੇ ਨਵੇਂ-ਨਵੇਂ ਤਰੀਕਿਆਂ ਦੀ ਭਾਲ ਵਿੱਚ ਜੁਟਿਆ ਰਹਿੰਦਾ ਹੈ, ਪਰ ਗੁਰਬਾਣੀ ਅਨੁਸਾਰ ਉਹ ਉਸ ਦਿਨ ਕੰਗਾਲ ਹੋ ਜਾਂਦਾ ਹੈ, ਜਿਸ ਦਿਨ ਉਹ ਅਧਿਆਤਮਿਕ ਜੀਵਨ ਤੋਂ ਲਾਂਭੇ ਹੋ ਜਾਂਦਾ ਹੈ :

*ਧਨਵੰਤਾ ਇਵ ਹੀ ਕਹੈ ਅਵਰੀ ਧਨ ਕਉ ਜਾਉ।।*
*ਨਾਨਕੁ ਨਿਰਧਨੁ ਤਿਤੁ ਦਿਨਿ ਜਿਤੁ ਦਿਨਿ ਵਿਸਰੈ ਨਾਉ।।*[77]

ਇਸ ਤਰ੍ਹਾਂ ਵਪਾਰ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨੈਤਿਕ ਸਿੱਖਿਆ ਅਧਿਆਤਮਿਕਤਾ ਭਾਵ ਸੱਚ ਦੇ ਆਸਰੇ ਵਿੱਚ ਰਹਿ ਕੇ ਧਰਮ ਦਾ ਸੁਚੱਜਾ ਵਪਾਰ ਕਰਨ ਲਈ ਪ੍ਰੇਰਦੀ ਹੈ ਅਤੇ ਪ੍ਰਭੂ ਮਿਲਾਪ ਲਈ ਇਸ ਨੂੰ ਇੱਕ ਜਰੂਰੀ ਸ਼ਰਤ ਵਜੋਂ ਵੀ ਦਰਸਾਉਂਦੀ ਹੈ।

## 4.2 ਵਿੱਦਿਅਕ ਨੈਤਿਕਤਾ

ਗਿਆਨ ਨੂੰ ਹਾਸਿਲ ਕਰਨ ਦੀ ਇੱਛਾ ਮਨੁੱਖੀ ਸੁਭਾਅ ਦਾ ਸਭ ਤੋਂ ਉੱਤਮ ਅਤੇ ਵਿਸ਼ੇਸ਼ ਲੱਛਣ ਹੈ, ਜਿਸ ਦੇ ਸਦਕਾ ਮਨੁੱਖ ਦੀ ਹੋਂਦ ਬਾਕੀ ਜੀਵਾਂ ਨਾਲੋਂ ਵਿਲੱਖਣ ਅਤੇ ਉਚੇਰੀ ਸਾਬਿਤ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ, ਜੋ ਕਿ ਆਪਣੇ ਆਪ ਵਿਚ ਸਿੱਖਿਆ ਦਾ ਮਹੱਤਵਪੂਰਨ ਕੇਂਦਰ ਹਨ, ਜਿਨ੍ਹਾਂ ਵਿਚ ਹਰ ਪ੍ਰਕਾਰ ਦੇ ਵਿਸ਼ੇ ਨਾਲ ਸਬੰਧਿਤ ਜਾਣਕਾਰੀ ਅਤੇ ਸਿੱਖਿਆ ਹਾਸਿਲ ਹੁੰਦੀ ਹੈ। **ਡਾ. ਮਨਮੋਹਨ ਸਹਿਗਲ** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿੱਦਿਅਕ ਪੱਖ ਦਾ ਵਰਣਨ ਕਰਦੇ ਹੋਏ ਲਿਖਦੇ ਹਨ, ''ਮਨ ਨੂੰ ਬੁਰੇ ਪਾਸੇ ਤੋਂ ਹਟਾ ਕੇ ਸੱਚ ਦੇ ਰਸਤੇ ਦੀ ਪ੍ਰੇਰਨਾ ਦੇਣ, ਜੀਵ ਨੂੰ ਪਰਮਾਤਮਾ ਦੇ ਸਹਾਰੇ ਜੀਵਨ ਜੀਉਣ, ਗੁਰੂ ਦੇ ਹੁਕਮ ਦੀ ਪਾਲਣਾ ਕਰਨ, ਆਤਮਾ ਨੂੰ ਸਮਰਪਣਮਈ ਭਗਤੀ ਕਰਨ, ਨਾਮ ਜੱਪਣ, ਹਉਮੈ (ਅਹੰ) ਦਾ ਤਿਆਗ ਕਰਨ, ਸਾਰੇ ਪ੍ਰਾਣੀਆਂ ਨਾਲ ਆਪਸ ਵਿਚ ਪਿਆਰ ਕਰਨ ਆਦਿ ਸਬੰਧੀ ਸਿੱਖਿਆਵਾਂ ਗੁਰੂ ਗ੍ਰੰਥ ਸਾਹਿਬ ਦਾ ਵਿਸ਼ਾ ਹਨ।[78]

ਗਿਆਨ ਨੂੰ ਪ੍ਰਮੁੱਖ ਤੌਰ 'ਤੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ, ਦ੍ਰਿਸ਼ਮਾਨ ਗਿਆਨ ਤੇ ਅਨੁਭਵੀ ਗਿਆਨ। ਦ੍ਰਿਸ਼ਮਾਨ ਜਾਂ ਲੌਕਿਕ ਗਿਆਨ ਮਨੁੱਖ ਦੀ ਬੌਧਿਕਤਾ 'ਤੇ ਅਧਾਰਿਤ ਹੈ, ਪਰੰਤੂ ਅਨੁਭਵੀ ਜਾਂ ਪਰਾਲੌਕਿਕ ਗਿਆਨ ਮਨੁੱਖੀ ਅਨੁਭਵ 'ਤੇ ਅਧਾਰਿਤ ਹੈ। ਗੁਰਬਾਣੀ ਵਿੱਚ ਦੋਨੋਂ ਪ੍ਰਕਾਰ ਦੇ ਗਿਆਨ ਉੱਪਰ ਚਰਚਾ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਿਉਂਕਿ ਸਮਾਜ ਦਾ ਆਧਾਰ ਅਧਿਆਤਮਕ ਹੈ, ਸਿੱਖਿਅਕ ਅਤੇ ਅਧਿਆਪਕ ਦੋਵੇਂ ਅਧਿਆਤਮਵਾਦੀ ਹੀ ਹਨ। ਸਿੱਖਿਆ ਦਾ ਮੁੱਖ ਆਦਰਸ਼ ਆਤਮਾ ਨੂੰ ਨੀਤੀ, ਅਧਿਆਤਮਕ, ਪ੍ਰਭੂ ਨਾਲ ਪਿਆਰ ਅਤੇ ਨਾਮ-ਜਪਣ ਪ੍ਰਤੀ ਸਚੇਤ ਕਰਨ ਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਵਧੇਰੇ ਸ਼ਬਦ ਅਜਿਹੀ ਹੀ ਸਿੱਖਿਆ ਦੇ ਬਿੰਬ ਹਨ, ਜਿਨ੍ਹਾਂ ਦਾ ਭਾਵ-ਬੋਧ ਜੀਵ ਅਧਿਆਤਮਕ ਰਸਤੇ ਪ੍ਰਤੀ ਦਿਲਚਸਪੀ ਅਤੇ ਖਿੱਚ ਪੈਦਾ ਕਰਦਾ ਹੈ।[79] ਮਨੁੱਖੀ ਸ਼ਖ਼ਸੀਅਤ ਦਾ ਸੰਪੂਰਨ ਵਿਕਾਸ ਵਿੱਦਿਆ 'ਤੇ ਨਿਰਭਰ ਹੈ। ਦੂਜੇ ਸ਼ਬਦਾਂ ਵਿੱਚ ਮਨੁੱਖ ਦੇ ਸੰਪੂਰਨ ਜੀਵਨ ਨੂੰ ਸੰਵਾਰਨ ਲਈ ਸਿੱਖਿਆ ਸਭ ਤੋਂ ਵੱਡਾ ਸਾਧਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਮਨੁੱਖ ਦੀ ਬੁੱਧੀ ਵਿੱਚ ਅਨੇਕਾਂ ਹੀ ਰਤਨ ਜਵਾਹਰ ਅਤੇ ਮਾਣਕ ਹਨ, ਜਿੰਨ੍ਹਾਂ ਦੀ ਖੋਜ ਗੁਰੂ ਦੀ ਸਿੱਖਿਆ ਦੁਆਰਾ ਕੀਤੀ ਜਾ ਸਕਦੀ ਹੈ :

*ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ।।*[80]

ਗੁਰੂ ਦੇ ਉਪਦੇਸ਼ ਬਿਨ੍ਹਾਂ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਕਿਉਂਕਿ ਗੁਰੂ ਦੇ ਗਿਆਨ, ਭਾਵ ਉਪਦੇਸ਼ ਦਾ ਬੱਝਾ ਹੋਇਆ ਮਨੁੱਖ ਹੀ ਸਹੀ ਰਸਤੇ ਉਪਰ ਚਲ ਸਕਦਾ ਹੈ।[81] ਗੁਰੂ ਨੂੰ ਮਿਲ ਕੇ ਮਨੁੱਖ ਦੀ ਬੁੱਧੀ ਉਚੀ ਹੋ ਜਾਂਦੀ ਹੈ।[82] ਅਧਿਆਤਮਿਕ ਰਸਤੇ ਉਪਰ ਚੜ੍ਹਨ ਲਈ ਗੁਰੂ ਪਉੜੀ ਹੈ ਅਤੇ ਭਵਜਲ ਰੂਪੀ ਸੰਸਾਰ ਨੂੰ ਪਾਰ ਕਰਨ ਦੀ ਬੇੜੀ।[83] ਸੱਚੇ ਗੁਰੂ ਜਾਂ ਅਧਿਆਪਕ ਦਾ ਸਹਾਰਾ ਚੰਗੇ ਕਰਮਾਂ ਵਾਲੇ ਮਨੁੱਖ ਨੂੰ ਹੀ ਨਸੀਬ ਹੁੰਦਾ ਹੈ।[84] ਕਿਉਂਕਿ ਸੱਚਾ ਗੁਰੂ ਮਨੁੱਖ ਨੂੰ ਹਮੇਸ਼ਾ ਸੱਚ ਦਾ ਉਪਦੇਸ਼ ਦਿੰਦਾ ਹੈ, ਪਰੰਤੂ ਇਸ ਦੀ ਸਮਝ ਵਿਰਲਿਆਂ ਨੂੰ ਹੀ ਪੈਂਦੀ ਹੈ।[85] ਗਿਆਨ ਦੀ ਸਿਖਰ ਨੂੰ ਹਾਸਿਲ ਕਰਨਾ, ਮਨੁੱਖੀ ਜੀਵਨ ਦਾ ਪਰਮ ਉਦੇਸ਼ ਰਿਹਾ ਹੈ। ਸਿੱਖਿਆ ਮਨੁੱਖ ਦੇ ਇਸ ਉਦੇਸ਼ ਨੂੰ ਪੂਰਾ ਕਰਨ ਵਿੱਚ ਉਸ ਦੀ ਮਦਦ ਕਰਦੀ ਹੈ, ਪਰ ਸ਼ਰਤ ਇਹ ਹੈ ਕਿ ਸਿੱਖਿਆ ਦਾ ਪ੍ਰਮੁੱਖ ਅਧਾਰ ਧਰਮ ਜਾਂ ਅਧਿਆਤਮਿਕਤਾ ਹੋਵੇ। ਕਿਉਂਕਿ ਗਿਆਨ ਦੀ ਅਸੀਮ ਮੰਜਿਲ ਤੱਕ

ਪਹੁੰਚਣ ਲਈ ਇਹ ਜਰੂਰੀ ਹੈ। ਵਿੱਦਿਆ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਗਏ ਵਿਚਾਰਾਂ ਦਾ ਸੰਬੰਧ ਮਨੁੱਖ ਦੇ ਸੰਪੂਰਣ ਜੀਵਨ ਨਾਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਪ੍ਰਣਾਲੀ ਮਨੁੱਖ ਦੇ ਅਧਿਆਤਮਿਕ ਅਤੇ ਸੰਸਾਰਿਕ ਜੀਵਨ ਦਾ ਇੱਕ ਅਨੋਖਾ ਸੁਮੇਲ ਬਣਾਉਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਜ਼ਰ ਵਿੱਚ ਉਹੀ ਮਨੁੱਖ ਅਸਲੀ ਗਿਆਨਵਾਨ ਹੈ, ਜਿਸ ਨੇ ਸੰਸਾਰਿਕ ਵਿੱਦਿਆ ਦੇ ਨਾਲ-ਨਾਲ ਆਪਣੇ ਆਪ ਦੀ ਵੀ ਪਛਾਣ ਕਰ ਲਈ ਹੈ।[86] ਅਕਲਵਾਨ ਜਾਂ ਵਿਦਵਾਨ ਉਹ ਨਹੀਂ ਜੋ ਕਿਸੇ ਵਿਸ਼ੇ ਦੇ ਸੰਦਰਭ ਵਿੱਚ ਬਹਿਸ ਜਾਂ ਵਾਦ-ਵਿਵਾਦ ਕਰਦਾ ਹੈ, ਬਲਕਿ ਉਹ ਹੀ ਪੜਿਆ-ਲਿਖਿਆ ਅਤੇ ਸੂਝਵਾਨ ਵਿਦਵਾਨ ਹੈ, ਜੋ ਆਪਣੀ ਅਕਲ ਦੀ ਵਰਤੋਂ ਕੁਝ ਸਿਰਜਨ ਲਈ ਅਤੇ ਸੱਚੇ ਗਿਆਨ ਨੂੰ ਹਾਸਿਲ ਕਰਨ ਲਈ ਕਰਦਾ ਹੈ।[87]

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿੱਖਿਆ-ਦਰਸ਼ਨ ਮਨੁੱਖ ਦੀ ਸਮੁੱਚੀ ਭਲਾਈ, ਉਸ ਦੇ ਆਤਮਿਕ ਜੀਵਨ ਦੇ ਵਿਕਾਸ, ਬੁੱਧੀ ਜਾਂ ਦਿਮਾਗ ਦੀ ਉਚੇਰੀ ਵਰਤੋਂ, ਮਿਹਨਤ, ਜੀ ਤੋੜ ਲਗਨ, ਈਮਾਨਦਾਰੀ ਅਤੇ ਸੱਚਾਈ ਆਦਿ ਗੁਣਾਂ ਨਾਲ ਸੰਬੰਧ ਰੱਖਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ-ਪ੍ਰਣਾਲੀ ਦਾ ਅੰਤਿਮ ਉਦੇਸ਼ ਹੀ ਸਵੈ-ਪੜਚੋਲ ਹੈ। ਕਿਉਂਕਿ ਮਨੁੱਖੀ ਸਦਗੁਣਾਂ ਦੀ ਹੋਂਦ ਲਈ ਦੈਵੀ ਗੁਣਾਂ ਦਾ ਹੋਣਾ ਬਹੁਤ ਜਰੂਰੀ ਹੈ। ਵਿੱਦਿਆ ਪ੍ਰਾਪਤੀ ਦਾ ਯਥਾਰਥ ਮੰਤਵ ਇਹ ਹੈ ਕਿ ਇਸ ਦੁਆਰਾ ਜੀਵਨ ਮਾਣ ਪ੍ਰਾਪਤ ਕੀਤਾ ਜਾਏ। ਪਰ ਇਹ ਮੰਤਵ ਕੇਵਲ ਤਦ ਹਾਸਿਲ ਹੋ ਸਕਦਾ ਹੈ ਜਦ ਕਿ ਨਾਮ ਪਰਾਇਣ ਹੋ ਕੇ ਵਿੱਦਿਆ ਨੂੰ ਪ੍ਰਾਪਤ ਕੀਤਾ ਜਾਏ 'ਤੇ ਉਸ ਨੂੰ ਲਗਾਤਾਰ ਹਾਸਿਲ ਕੀਤਾ ਜਾਏ।[88] ਅਸਲੀ ਗਿਆਨਵਾਨ ਉਹ ਹੀ ਬਣ ਸਕਦਾ ਹੈ, ਜਿਸ ਨੇ ਆਪਣੇ ਅੰਦਰ ਦੈਵੀ ਗੁਣਾਂ ਨੂੰ ਵਿਕਸਿਤ ਕਰ ਲਿਆ ਹੈ :

*ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ*
*ਜਿਸੁ ਰਾਮੁ ਨਾਮੁ ਗਲਿ ਹਾਰੁ।।*[89]

ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਡਿਤ ਰੂਪੀ ਵਿਦਵਾਨ ਨੂੰ ਦੈਵੀ ਸਿੱਖਿਆ ਗ੍ਰਹਿਣ ਕਰਨ ਅਤੇ ਅੱਗੇ ਵਿਦਿਆਰਥੀਆਂ ਨੂੰ ਪੜਾਉਣ ਲਈ ਪ੍ਰੇਰਦੇ ਹਨ।[90] ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹੇ-ਲਿਖੇ ਵਿਦਵਾਨ ਨੂੰ ਸਮਝਾਉਂਦੇ ਹਨ, ਕਿ ਉਹ ਦੁਨਿਆਵੀ ਜੰਜਾਲਾਂ ਤੋਂ

ਉੱਪਰ ਉੱਠ ਕੇ ਕੋਈ ਸੱਚ ਨਾਲ ਸੰਬੰਧਿਤ ਗੱਲ ਦਾ ਉਲੇਖ ਕਰੇ, ਜਿਸ ਨਾਲ ਆਤਮਾ ਸਦੀਵੀ ਰੂਪ ਵਿੱਚ ਸੁਤੰਤਰ ਹੋ ਜਾਵੇ।[91] ਕਿਉਂਕਿ ਅਸਲੀ ਗਿਆਨਵਾਨ ਉਹੀ ਹੈ ਜੋ ਆਪਣੇ ਮੂਲ ਨੂੰ ਪਛਾਣ ਕੇ ਸਾਂਝ ਪਾ ਲੈਂਦਾ ਹੈ, ਉਹ ਅਸਲੀ ਵਿਦਿਆਵਾਨ ਬਣਦਾ ਹੈ।[92] ਕਿਉਂਕਿ ਸੱਚਾ ਗਿਆਨ ਤਾਂ ਉਸ ਦੇ ਅੰਦਰ ਹੀ ਮੌਜੂਦ ਹੈ। ਇਸ ਲਈ ਪੜ੍ਹ-ਪੜ੍ਹ ਕੇ ਵਾਦ-ਵਿਵਾਦ ਵਿੱਚ ਪੈਣ ਦਾ ਕੋਈ ਫਾਇਦਾ ਨਹੀਂ ਹੈ :

*ਰਤਨ ਪਦਾਰਥ ਘਟ ਹੀ ਮਾਹੀ।।*
*ਪੜਿ ਪੜਿ ਪੰਡਤਿ ਬਾਦੁ ਵਖਾਣੈ।।*[93]

ਗੁਰਬਾਣੀ ਗਿਆਨ ਪ੍ਰਾਪਤੀ ਤੋਂ ਜ਼ਿਆਦਾ ਗਿਆਨ ਦੇ ਅਨੁਭਵ 'ਤੇ ਜ਼ੋਰ ਦਿੰਦੀ ਹੈ। ਕਿਉਂਕਿ ਵੱਖ-ਵੱਖ ਕਿਤਾਬਾਂ ਅਤੇ ਗ੍ਰੰਥ ਪੜ੍ਹ-ਪੜ੍ਹ ਕੇ ਗਿਆਨ ਇਕੱਤਰ ਕਰਨ ਦਾ ਕੋਈ ਫਾਇਦਾ ਨਹੀਂ, ਜੇ ਉਸ ਨੂੰ ਅਮਲੀ ਜੀਵਨ ਵਿੱਚ ਢਾਲਿਆ ਨਾ ਜਾਵੇ। ਗਿਆਨ ਦੇ ਅਨੁਭਵ ਤੋਂ ਬਿਨ੍ਹਾਂ ਕੋਰੀ ਵਿੱਦਿਆ ਦੀ ਪ੍ਰਾਪਤੀ, ਕੇਵਲ ਹਉਮੈਂ ਵਿੱਚ ਝੱਖ ਮਾਰਨਾ ਹੀ ਹੈ।[94] ਗੁਰਬਾਣੀ ਅਨੁਸਾਰ ਅਸਲੀ ਪਾਠਸ਼ਾਲਾ ਉਹ ਹੈ, ਜਿੱਥੇ ਮਨ ਨੂੰ ਸੋਧਣ ਦੇ ਹੁਨਰ ਮਿਲਦੇ ਹਨ, ਜਿਸ ਨੂੰ ਗੁਰਬਾਣੀ ਵਿਚ ਸਤਿਸੰਗਤਿ (ਸੱਚ ਦੀ ਸੰਗਤ) ਕਿਹਾ ਗਿਆ ਹੈ।[95] ਗੁਰਬਾਣੀ ਵਿਚ ਸਿੱਖਿਆ ਦਾ ਅਧਾਰ ਪਰਮਾਤਮਾ ਆਪ ਹੀ ਹੈ। ਉਹ ਆਪ ਹੀ ਪਾਠਸ਼ਾਲਾ ਹੈ, ਆਪ ਹੀ ਅਧਿਆਪਕ ਹੈ ਅਤੇ ਆਪ ਹੀ ਵਿਦਿਆਰਥੀ ਪੜ੍ਹਨ ਨੂੰ ਲਿਆਉਂਦਾ ਹੈ, ਭਾਵ ਸੱਚੀ ਵਿੱਦਿਆ ਦਾ ਕੇਂਦਰ ਉਹ ਆਪ ਹੀ ਹੈ।[96] ਪਰਮਾਤਮਾ ਰੂਪੀ ਗਿਆਨ ਅਮਲ ਅਤੇ ਅਨੁਭਵ ਦੁਆਰਾ ਹਾਸਿਲ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਵਿਦਵਾਨ ਜਾਂ ਲਿਖਾਰੀ ਨੂੰ ਲਾਹਨਤ ਪਾਈ ਗਈ ਹੈ, ਜੋ ਦਵੈਤ-ਭਾਵ ਬਾਰੇ ਲਿਖ ਕੇ ਬਖੇੜੇ ਖੜ੍ਹੇ ਕਰਦਾ ਹੈ।[97] ਕੋਰਾ ਅਤੇ ਰੁੱਖਾ ਗਿਆਨ, ਜਿਸ ਨੂੰ ਮਨੁੱਖ ਆਪਣੇ ਵਿਵਹਾਰਿਕ ਜੀਵਨ ਵਿੱਚ ਨਹੀਂ ਢਾਲਦਾ ਜਾਂ ਅਮਲੀ ਰੂਪ ਵਿੱਚ ਨਹੀਂ ਅਪਨਾਉਂਦਾ, ਮਨੁੱਖ ਦੇ ਦੁੱਖ ਦਾ ਕਾਰਨ ਬਣਦਾ ਹੈ:

*ਲਿਖਿ ਲਿਖਿ ਪੜਿਆ।। ਤੇਤਾ ਕੜਿਆ।।*[98]

ਅਸਲੀ ਵਿੱਦਿਆ ਉਹ ਹੈ, ਜਿਸ ਰਾਹੀਂ ਮਨੁੱਖ ਦੇ ਨੈਤਿਕ ਜੀਵਨ ਦਾ ਵਿਕਾਸ ਹੁੰਦਾ ਹੈ। ਪਰੰਤੂ ਅਜਿਹੀ ਵਿੱਦਿਆ ਦੀ ਕੋਈ ਅਹਿਮੀਅਤ ਨਹੀਂ, ਜਿਸ ਨੂੰ ਪ੍ਰਾਪਤ ਕਰਨ ਦੇ ਬਾਵਜੂਦ ਵੀ ਮਨੁੱਖ ਨੈਤਿਕ ਜੀਵਨ ਨੂੰ ਨਹੀਂ ਅਪਨਾਉਂਦਾ। ਅਜਿਹੇ ਪੜ੍ਹੇ-ਲਿਖੇ ਅਤੇ ਘਮੰਡੀ

ਵਿਦਵਾਨ ਨਾਲੋਂ ਤਾਂ ਇੱਕ ਅਨਪੜ੍ਹ ਸਾਧ ਹੋਣਾ ਕਿਤੇ ਚੰਗਾ ਹੈ, ਜੋ ਕਿ ਨੈਤਿਕਤਾ ਦੇ ਰਸਤੇ ਉੱਪਰ ਚੱਲਦਾ ਹੈ:

*ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ॥*
*ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ॥*[99]

ਸੱਚਾ ਗਿਆਨ ਮਨੁੱਖੀ ਜੀਵਨ ਦੇ ਸਮੁੱਚੇ ਵਿਕਾਸ ਦਾ ਸਾਧਨ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਹਰ ਇੱਕ ਮਨੁੱਖ ਲਈ ਗਿਆਨ ਨੂੰ ਪ੍ਰਾਪਤ ਕਰਨਾ ਜਰੂਰੀ ਹੈ। ਕਿਉਂਕਿ ਗਿਆਨ ਵਿਹੂਣੇ ਮਨੁੱਖ ਦੀ ਲੋਕ ਅਤੇ ਪ੍ਰਲੋਕ ਦੋਨਾਂ ਵਿੱਚ ਹੀ ਦੁਰਦਸ਼ਾ ਹੁੰਦੀ ਹੈ:

*ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥*[100]

ਪਰੰਤੂ ਗਿਆਨਵਾਨ ਹੋਣ ਦੇ ਨਾਲ-ਨਾਲ ਨੈਤਿਕਤਾ ਭਰਪੂਰ ਜੀਵਨ ਵੀ ਹੋਣਾ ਚਾਹੀਦਾ ਹੈ। ਅਜਿਹੇ ਗਿਆਨ ਜਾਂ ਪੜ੍ਹੇ-ਲਿਖੇ ਹੋਣ ਦਾ ਕੋਈ ਫਾਇਦਾ ਨਹੀਂ ਜਿਸ ਕਰਕੇ ਮਨੁੱਖ ਵਿੱਚ ਲੋਭ-ਲਾਲਚ ਅਤੇ ਹੰਕਾਰ ਵਰਗੇ ਭਿਆਨਕ ਅਵਗੁਣ ਪੈਦਾ ਹੋ ਜਾਣ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦ੍ਰਿਸ਼ਟੀ ਵਿੱਚ ਅਜਿਹਾ ਪੜ੍ਹਿਆ-ਲਿਖਿਆ ਮੂਰਖ ਹੈ :

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥*[101]

ਸਗੋਂ ਪੜਿਆ-ਲਿਖਿਆ ਮਨੁੱਖ ਤਾਂ ਗੁਣਾਂ 'ਤੇ ਵਿਚਾਰ ਕਰਦਾ ਹੈ ਅਤੇ ਉਨ੍ਹਾਂ ਨੂੰ ਅਮਲੀ ਰੂਪ ਵਿੱਚ ਗ੍ਰਹਿਣ ਕਰਕੇ ਲੋਕ ਭਲਾਈ ਵਿੱਚ ਜੁੱਟ ਜਾਂਦਾ ਹੈ। ਕਿਉਂਕਿ ਅਸਲੀ ਗਿਆਨ ਤਾਂ ਗੁਣਾਂ ਵਿੱਚੋਂ ਹੀ ਉਪਜਦਾ ਹੈ :

*ਗੁਣ ਵੀਚਾਰੇ ਗਿਆਨੀ ਸੋਇ॥*
*ਗੁਣ ਮਹਿ ਗਿਆਨੁ ਪਰਾਪਤਿ ਹੋਇ॥*[102]

ਮਨੁੱਖ ਦੀ ਜਿੰਦਗੀ ਵਿਚ ਵਿੱਦਿਆ ਦਾ ਮਨੋਰਥ ਅਮਲੀ ਅਤੇ ਸੁਚੱਜੇ ਜੀਵਨ ਦੀ ਘਾੜਤ ਹੈ। ਪਰੰਤੂ ਅਜੋਕੀ ਵਿੱਦਿਆ ਦਾ ਮਨੋਰਥ ਡਿਗਰੀਆਂ ਲੈ ਕੇ ਹੰਕਾਰ ਨੂੰ ਵਧਾਉਣਾ ਹੈ, ਜਾਂ ਆਪਣੀ ਸੋਚ ਨੂੰ ਕੇਵਲ ਆਰਥਿਕ ਪੱਧਰ ਤੇ ਸੈਟ ਹੋਣ ਤੱਕ ਸੀਮਤ ਰੱਖਣਾ ਹੈ, ਭਾਵ ਆਰਥਿਕ ਗੁਜ਼ਰਾਨ ਲਈ ਚੰਗੀ ਨੌਕਰੀ ਚਾਹੀਦੀ ਹੈ। ਇਸ ਦਾ ਕਾਰਨ, ਜਿਥੇ ਮਨੁੱਖੀ ਲੋੜਾਂ ਦਾ ਵਧਣਾ ਹੈ, ਉਥੇ ਭ੍ਰਿਸ਼ਟਾਚਾਰ ਵਿਚ ਹੋਇਆ ਵਾਧਾ ਵੀ ਹੈ। ਮਹਿੰਗਾਈ ਤੇ ਬੇਰੁਜ਼ਗਾਰੀ ਇੰਨੀ ਵੱਧ ਗਈ ਹੈ ਕਿ ਨੈਤਿਕਤਾ ਵਰਗੇ ਗੁਣਾਂ ਲਈ ਮਨੁੱਖ ਕੋਲ ਸਮਾਂ ਹੀ

ਨਹੀਂ ਬਚਦਾ। ਅੱਜ ਦੇ ਮਨੁੱਖ ਕੋਲ ਸੋਚਣ ਲਈ ਕੇਵਲ ਇਕੋ ਵਿਸ਼ਾ ਹੈ, ਕਿ ਪੈਸਾ ਕਿਵੇਂ ਕਮਾਇਆ ਜਾਵੇ ਅਤੇ ਪਰਿਵਾਰ ਦਾ ਪਾਲਣ ਪੋਸ਼ਣ ਕਿਵੇ ਹੋਵੇ। ਇਥੋਂ ਤੱਕ ਕਿ ਲੜਕੇ ਲੜਕੀ ਦਾ ਰਿਸ਼ਤਾ ਕਰਨ ਲੱਗਿਆਂ ਵੀ, ਉਨ੍ਹਾਂ ਦੇ ਗੁਣਾਂ-ਔਗੁਣਾਂ ਨੂੰ ਵਿਚਾਰਨ ਦੀ ਬਜਾਏ ਦੌਲਤ ਜਾਂ ਜਾਇਦਾਦ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ। ਅਜਿਹੇ ਸਿਸਟਮ ਵਿਚ ਨੈਤਿਕਤਾ ਦੀ ਗੱਲ ਕਰਨ ਵਾਲੇ ਨੂੰ ਬੇਵਕੂਫ ਜਾਂ ਮੂਰਖ ਕਿਹਾ ਜਾਂਦਾ ਹੈ। ਇਕ ਪੜ੍ਹੀ-ਲਿਖੀ ਕੁੜੀ ਦਾ ਰਿਸ਼ਤਾ ਕਿਸੇ ਅਨਪੜ੍ਹ ਨਾਲ ਇਸ ਲਈ ਕਰ ਦਿੱਤਾ ਜਾਂਦਾ ਹੈ, ਕਿਉਂਕਿ ਉਸ ਕੋਲ ਜ਼ਮੀਨ-ਜਾਇਦਾਦ ਹੈ। ਅਜਿਹੀ ਸਥਿਤੀ ਵਿਚ ਸਿੱਖਿਆ ਅਤੇ ਨੈਤਿਕ ਗੁਣਾਂ ਦੀ ਕੋਈ ਕਦਰ ਨਹੀਂ ਰਹਿੰਦੀ। ਸਿੱਖਿਆ ਜਾਂ ਤਾਲੀਮ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਦਿੱਤੀ ਜਾਂਦੀ ਹੈ, ਪ੍ਰੰਤੂ ਜਿਹੜੀ ਸਿੱਖਿਆ ਜ਼ਿੰਦਗੀ ਨੂੰ ਸੇਧ ਨਾ ਦੇਵੇ, ਉਹ ਉਤਮ ਸਿੱਖਿਆ ਨਹੀਂ ਹੈ। ਸੰਸਾਰ ਦੇ ਲੋਕਾਂ ਨੇ ਸਿੱਖਿਆ ਦੀਆਂ ਅਨੇਕ ਪਰੀਭਾਸ਼ਾਵਾਂ ਦਾ ਜ਼ਿਕਰ ਕੀਤਾ ਹੈ ਪ੍ਰੰਤੂ ਦੋ ਮੁੱਖ ਭਾਵਾਂ ਬਾਰੇ ਪੂਰਨ ਸਹਿਮਤੀ ਹੈ। ਸਿੱਖਿਆ ਦਾ ਮੁੱਖ ਕਾਰਜ ਮਨੁੱਖੀ ਨਿਰਮਾਨ ਹੈ ਅਤੇ ਸਿੱਖਿਆ ਸਰਵਸਾਂਝੀਆਂ ਮਨੁੱਖੀ ਕਦਰਾਂ ਕੀਮਤਾਂ ਨੂੰ ਉਜਾਗਰ ਕਰਦੀ ਹੈ – ਅਜਿਹੇ ਦੋ ਭਾਵ ਹਨ ਜੋ ਸਰਵ-ਪਰਵਾਨਿਤ ਹਨ।[103] ਇਸ ਲਈ ਜ਼ਰੂਰੀ ਹੈ ਕਿ ਸਿੱਖਿਆ ਨੂੰ ਨਾ ਕੇਵਲ ਸਿਧਾਂਤਕ ਬਲਕਿ ਅਮਲੀ ਪੱਖ ਤੋਂ ਵੀ ਅਹਿਮੀਅਤ ਦਿੱਤੀ ਜਾਵੇ।

ਸੱਚੇ ਗਿਆਨ ਦੀ ਪ੍ਰਾਪਤੀ ਕੇਵਲ ਗੱਲਾਂ ਜਾਂ ਵਿਚਾਰਾਂ ਨਾਲ ਨਹੀਂ ਹੁੰਦੀ, ਬਲਕਿ ਸੱਚੇ ਗਿਆਨ ਨੂੰ ਹਾਸਿਲ ਕਰਨ ਲਈ ਕਰੜੀ ਮੁਸ਼ੱਕਤ ਅਤੇ ਘਾਲਣਾ ਘਾਲਣੀ ਪੈਂਦੀ ਹੈ। ਕੋਈ ਵਿਰਲਾ ਮਨੁੱਖ ਹੀ ਹੁੰਦਾ ਹੈ, ਜੋ ਗਿਆਨ ਦੀ ਚਰਮ ਸੀਮਾ ਤੱਕ ਪਹੁੰਚਦਾ ਹੈ :

*ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ।।*

*ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ।।*[104]

ਨੈਤਿਕ ਗੁਣਾਂ ਵਿੱਚੋਂ ਪ੍ਰਮੁੱਖ ਗੁਣ ਮਾਨਵਤਾ ਦੀ ਸੇਵਾ ਅਤੇ ਪਰਉਪਕਾਰ ਦਾ ਹੈ। ਅਸਲੀ ਵਿੱਦਿਆ ਉਹ ਹੀ ਹੈ, ਜਿਸ ਨਾਲ ਮਨੁੱਖ ਵਿੱਚ ਨੈਤਿਕ ਗੁਣਾਂ ਦਾ ਵਿਕਾਸ ਹੁੰਦਾ ਹੈ, ਅਤੇ ਜੋ ਮਨੁੱਖ ਨੂੰ ਪਰਉਪਕਾਰੀ ਬਣਾਉਂਦੀ ਹੈ :

*ਵਿਦਿਆ ਵੀਚਾਰੀ ਤਾਂ ਪਰਉਪਕਾਰੀ।।*[105]

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਮਨੁੱਖ ਦੇ ਜੀਵਨ ਦਾ ਮੰਤਵ ਸੱਚ ਦੀ ਖੋਜ ਹੋਣਾ ਚਾਹੀਦਾ ਹੈ। ਇਸ ਲਈ ਮਨੁੱਖ ਨੂੰ ਆਪਣਾ ਕੀਮਤੀ ਸਮਾਂ ਵਾਦ-ਵਿਵਾਦ ਵਿੱਚ ਲਗਾਉਣ ਦੀ ਬਜਾਏ, ਸੱਚ ਦੀ ਖੋਜ ਵਿੱਚ ਲਗਾ ਦੇਣਾ ਚਾਹੀਦਾ ਹੈ :

*ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ।।*[106]

ਕਿਸੇ ਉੱਭਰ ਰਹੀ ਸ਼ਖ਼ਸੀਅਤ ਦੇ ਸੰਪੂਰਨ ਵਿਕਾਸ ਲਈ ਇੱਕ ਵਿਕਸਿਤ ਅਤੇ ਸੰਪੂਰਨ ਸ਼ਖ਼ਸੀਅਤ ਦੀ ਅਗਵਾਈ ਦਾ ਹੋਣਾ ਲਾਜ਼ਮੀ ਹੈ। ਦੂਜੇ ਸ਼ਬਦਾਂ ਵਿੱਚ ਕਿਸੇ ਵਿਦਿਆਰਥੀ ਦੇ ਭਵਿੱਖ ਨੂੰ ਉੱਜਵਲ ਕਰਨ ਲਈ ਇੱਕ ਆਦਰਸ਼ਵਾਦੀ ਅਧਿਆਪਕ ਦਾ ਹੋਣਾ ਜਰੂਰੀ ਹੈ। ਵਿੱਦਿਆ ਸਿੱਧਾਂਤਕ ਰੂਪ ਵਿੱਚ ਮੌਜੂਦ ਹੁੰਦੀ ਹੈ, ਜਿਸ ਨੂੰ ਵਿਚਾਰ ਕੇ ਵਿਵਹਾਰਿਕ ਰੂਪ ਵਿੱਚ ਢਾਲਣਾ ਜਰੂਰੀ ਹੈ। ਅਜਿਹੀ ਸਥਿਤੀ ਵਿੱਚ ਕੇਵਲ ਅਧਿਆਪਕ ਹੀ ਹੁੰਦਾ ਹੈ, ਜੋ ਵਿੱਦਿਆ ਦਾ ਗਹਿਨ ਰੂਪ ਵਿੱਚ ਅਧਿਐਨ ਕਰਕੇ ਵਿਦਿਆਰਥੀ ਨੂੰ ਉਸ ਬਾਰੇ ਸੰਪੂਰਨ ਰੂਪ ਵਿੱਚ ਸਮਝ ਪ੍ਰਦਾਨ ਕਰਦਾ ਹੈ ਅਤੇ ਉਸ ਨੂੰ ਵਿਵਹਾਰਿਕ ਪੱਖ ਤੋਂ ਆਦਰਸ਼ਵਾਦੀ ਬਣਾਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਧਿਆਪਕ ਨੂੰ ਬਹੁਤ ਵੱਡਾ ਦਰਜਾ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਲੇਖ ਸਮੇਂ ਸਿੱਖਿਆ ਪ੍ਰਾਪਤੀ ਲਈ ਗੁਰੂ-ਚੇਲੇ ਦੀ ਪ੍ਰਥਾ ਪ੍ਰਚਲਿਤ ਸੀ, ਜਿਸ ਨੂੰ ਅਸੀਂ ਆਧੁਨਿਕ ਸ਼ਬਦਾਂ ਵਿੱਚ ਅਧਿਆਪਕ-ਵਿਦਿਆਰਥੀ ਕਹਿ ਸਕਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਮਨੁੱਖ ਦੇ ਆਤਮਿਕ, ਸਰੀਰਕ ਜਾਂ ਮਾਨਸਿਕ ਵਿਕਾਸ ਦੀ ਉਸਾਰੀ ਕੇਵਲ ਸੱਚੇ ਗੁਰੂ ਦੁਆਰਾ ਹੀ ਹੋ ਸਕਦੀ ਹੈ। ਚੰਗੇ ਗੁਰੂ ਵਿੱਚ ਐਨੀ ਸਮਰੱਥਾ ਹੁੰਦੀ ਹੈ ਕਿ ਉਹ ਮਨੁੱਖ ਦੇ ਜੀਵਨ ਵਿੱਚ ਨੈਤਿਕ ਗੁਣਾਂ ਨੂੰ ਪਰੋ ਕੇ, ਉਸ ਨੂੰ ਦੇਵਤਾ ਬਣਾ ਸਕਦਾ ਹੈ :

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ*
*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।।*[107]

ਸੱਚਾ ਗਿਆਨ ਮਨੁੱਖ ਦੀ ਆਤਮ ਸ਼ਕਤੀ ਦਾ ਪ੍ਰਤੀਕ ਹੁੰਦਾ ਹੈ। ਪਰੰਤੂ ਗੁਰੂ ਤੋਂ ਬਿਨ੍ਹਾਂ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ।[108] ਜੋ ਵਿਦਿਆਰਥੀ ਗੁਰੂ ਦੀ ਸਿੱਖਿਆ ਅਨੁਸਾਰ ਚਲਦਾ ਹੈ, ਉਸ ਦੀ ਚੰਚਲ ਮੱਤ ਦਾ ਨਾਸ਼ ਹੋ ਜਾਂਦਾ ਹੈ। ਉਸ ਅੰਦਰੋਂ

ਅਗਿਆਨ ਰੂਪੀ ਹਨ੍ਹੇਰਾ ਖਤਮ ਹੋ ਜਾਂਦਾ ਹੈ, ਅਤੇ ਗੁਰੂ ਦੀ ਸਿੱਖਿਆ ਦਾ ਪ੍ਰਕਾਸ਼ ਫੈਲ ਜਾਂਦਾ ਹੈ :

*ਗੁਰ ਸਾਖੀ ਅੰਤਰਿ ਜਾਗੀ।। ਤਾ ਚੰਚਲ ਮਤਿ ਤਿਆਗੀ।।*

*ਗੁਰ ਸਾਖੀ ਕਾ ਉਜੀਆਰਾ।। ਤਾ ਮਿਟਿਆ ਸਗਲ ਅੰਧਾਰਾ।।*[109]

ਅਧਿਆਪਕ ਦੀ ਸਿੱਖਿਆ ਦੁਆਰਾ ਵਿਦਿਆਰਥੀ ਨੂੰ ਜੀਵਨ ਦੇ ਹਰ ਪੜਾਅ 'ਤੇ ਕਾਮਯਾਬੀ ਮਿਲਦੀ ਹੈ, ਅਤੇ ਮਾਣ-ਸਤਿਕਾਰ ਮਿਲਦਾ ਹੈ :

*ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ।।*[110]

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਅਧਿਆਪਕ ਜਾ ਗੁਰੂ ਇੱਕ ਸਾਗਰ ਦੀ ਤਰ੍ਹਾਂ ਹੈ, ਜਿਸ ਵਿੱਚ ਬੇਅੰਤ ਕੀਮਤੀ ਗੁਣ ਸਮਾਏ ਹੋਏ ਹਨ। ਗੁਰੂ ਦੇ ਆਸ਼ੇ ਅਨੁਸਾਰ ਜੀਵਨ ਬਤੀਤ ਕਰਨ ਵਾਲਾ ਵਿਦਿਆਰਥੀ ਸਾਰੇ ਅਵਗੁਣਾਂ ਨੂੰ ਵਿਸਾਰ ਦਿੰਦਾ ਹੈ, ਅਤੇ ਨੈਤਿਕ ਪੱਖ ਤੋਂ ਉੱਚੇ ਜੀਵਨ ਦੀ ਦਾਤ ਹਾਸਿਲ ਕਰਦਾ ਹੈ।[111] ਕੇਵਲ ਗੁਰੂ ਹੀ ਹੈ, ਜੋ ਆਪਣੇ ਕੁਰਾਹੇ ਪਏ ਵਿਦਿਆਰਥੀਆਂ ਦਾ ਸਹੀ ਮਾਰਗ-ਦਰਸ਼ਨ ਕਰਦਾ ਹੈ, ਅਤੇ ਜੀਵਨ ਦੇ ਸਹੀ ਅਰਥਾਂ ਦੀ ਜਾਣਕਾਰੀ ਦਿੰਦਾ ਹੈ :

*ਭੂਲੇ ਸਿਖ ਗੁਰੂ ਸਮਝਾਏ।।*

*ਉਝੜਿ ਜਾਦੇ ਮਾਰਗ ਪਾਏ।।*[112]

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਕੇਵਲ ਪੁਸਤਕਾਂ ਦੇ ਪੜ੍ਹਨ-ਪੜਾਉਣ ਨਾਲ ਕੁਝ ਨਹੀਂ ਹੋ ਸਕਦਾ, ਕਿਉਂਕਿ ਸੱਚੇ ਗਿਆਨ ਦੀ ਸੋਝੀ ਕੇਵਲ ਗੁਰੂ ਦੁਆਰਾ ਹੀ ਸੰਭਵ ਹੈ।[113] ਵਿੱਦਿਆ ਦਾ ਪ੍ਰਮੁੱਖ ਮੰਤਵ ਹੀ ਮਨੁੱਖ ਵਿੱਚ ਨੈਤਿਕ ਗੁਣਾਂ ਦਾ ਵਿਕਾਸ ਕਰਕੇ ਉਸ ਨੂੰ ਆਦਰਸ਼ਵਾਦੀ ਬਣਾਉਣਾ ਹੈ। ਪੜ੍ਹਣ-ਲਿਖਣ ਦਾ ਫਾਇਦਾ ਤਾਂ ਹੀ ਹੈ, ਜੇ ਮਨੁੱਖ ਸੱਚ ਨੂੰ ਸਮਝ ਲਵੇ, ਮੌਤ ਨੂੰ ਹਮੇਸ਼ਾ ਯਾਦ ਰੱਖੇ, ਹੰਕਾਰ ਤੋਂ ਦੂਰ ਰਹੇ ਅਤੇ ਵਾਦ-ਵਿਵਾਦ ਤੋਂ ਬਚਿਆ ਰਹੇ :

*ਜਾ ਰਹਣਾ ਨਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ।।*

*ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ।।*[114]

ਗੁਰੂ ਦੀ ਸ਼ਖ਼ਸੀਅਤ ਪੂਰਨ 'ਤੇ ਪਵਿੱਤਰ ਹੁੰਦੀ ਹੈ। ਉਹ ਇੱਕ ਸਮੁੰਦਰ ਦੀ ਤਰ੍ਹਾਂ ਗੁਣਾਂ ਦਾ ਭਰਪੂਰ ਸੋਮਾ ਹੁੰਦਾ ਹੈ। ਉਸ ਦਾ ਵਿਅਕਤਿਤਵ ਇੱਕ ਵਿਦਿਆਰਥੀ ਲਈ ਆਦਰਸ਼ ਹੁੰਦਾ ਹੈ, ਪਰੰਤੂ ਜੇ ਇੱਕ ਗੁਰੂ ਜਾਂ ਅਧਿਆਪਕ ਹੀ ਅਨੈਤਿਕ ਰਸਤੇ 'ਤੇ ਤੁਰ ਪਵੇ ਤਾਂ ਸਿੱਖਿਆ ਵਰਗੇ ਅਮੁੱਲ ਗਹਿਣੇ ਦਾ ਕੀ ਹੋਵੇਗਾ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਅਧਿਆਪਕਾਂ ਦਾ ਜ਼ਿਕਰ ਵੀ ਆਉਂਦਾ ਹੈ, ਜੋ ਵਿੱਦਿਆ ਦਾ ਵਪਾਰੀਕਰਣ ਕਰਦੇ ਹਨ। ਉਹ ਵਿੱਦਿਆ ਨੂੰ ਧਨ ਇਕੱਤ੍ਰੀਕਰਣ ਦਾ ਸਾਧਨ ਬਣਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਜ਼ਰ ਵਿੱਚ ਅਜਿਹੇ ਮਨੁੱਖ ਅਧਿਆਪਕ ਅਖਵਾਉਣ ਦੇ ਲਾਇਕ ਨਹੀਂ ਹਨ, ਜੋ ਵਿਦਿਆਰਥੀਆਂ ਦਾ ਆਰਥਿਕ ਸ਼ੋਸ਼ਣ ਕਰਕੇ ਜ਼ਹਿਰ ਖਾਂਦੇ ਹਨ :

- *ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥*
  *ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥*[115]
- *ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ॥*
  *ਨਾਮੁ ਨ ਬੂਝਹਿ ਭਰਮਿ ਭੁਲਾਨਾ॥*
  *ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ॥*[116]

ਇਸ ਲਈ ਗੁਰੂ ਸਾਹਿਬ ਅਜਿਹੇ ਗਿਆਨ ਨੂੰ ਵਿਚਾਰਣ ਦਾ ਉਪਦੇਸ਼ ਦਿੰਦੇ ਹਨ, ਜਿਸ ਨਾਲ ਮਨੁੱਖ ਵਿਚ ਸੁਚੱਜੇ ਗੁਣਾਂ ਦਾ ਵਿਕਾਸ ਹੁੰਦਾ ਹੈ।[117] ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਇਸ ਤਰ੍ਹਾਂ ਦੇ ਮਨਮੁਖੀ ਗੁਰ-ਚੇਲਿਆਂ ਦੀ ਦੁਨੀਆਂ ਵਿੱਚ ਭਰਮਾਰ ਹੈ। ਇਨ੍ਹਾਂ ਦੁਆਰਾ ਦਿੱਤੀ ਸਿੱਖਿਆ ਅਨੁਸਾਰ ਚੱਲ ਕੇ ਮਨੁੱਖ ਸੱਚੇ ਗਿਆਨ ਤੋਂ ਵਾਂਝਾ ਰਹਿ ਜਾਂਦਾ ਹੈ:

*ਕੇਤੇ ਗੁਰ ਚੇਲੇ ਫੁਨਿ ਹੂਆ॥ ਕਾਚੇ ਗੁਰ ਤੇ ਮੁਕਤਿ ਨ ਹੂਆ॥*[118]

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਜਿੱਥੇ ਇੱਕ ਅਧਿਆਪਕ ਦਾ ਆਦਰਸ਼ਵਾਦੀ ਹੋਣਾ ਜਰੂਰੀ ਹੈ, ਉੱਥੇ ਵਿਦਿਆਰਥੀ ਵਿੱਚ ਵੀ ਮਿਹਨਤ, ਈਮਾਨਦਾਰੀ ਅਤੇ ਲਗਨ ਵਰਗੇ ਨੈਤਿਕ ਗੁਣਾਂ ਦਾ ਹੋਣਾ ਲਾਜ਼ਮੀ ਹੈ। ਵਿਦਿਆਰਥੀ ਦੀ ਨਿਯਮਾਵਲੀ ਅਤੇ ਅਨੁਸ਼ਾਸਨ ਭਰਪੂਰ ਜੀਵਨ ਹੀ ਉਸ ਦੇ ਸਮੁੱਚੇ ਵਿਕਾਸ ਦਾ ਸਾਧਨ ਹੁੰਦਾ ਹੈ। ਚੰਗੇ ਵਿਦਿਆਰਥੀ ਲਈ ਜਰੂਰੀ ਹੈ, ਕਿ ਉਹ ਕੁਸੰਗਤ ਤੋਂ ਬਚੇ ਅਤੇ ਚੰਗੀ ਸੰਗਤ ਵਿੱਚੋਂ ਗੁਣਾਂ ਨੂੰ ਇਕੱਤਰ ਕਰਕੇ ਲਾਹਾ ਲਵੇ।[119] ਜੋ ਵਿਦਿਆਰਥੀ ਸੱਚੇ ਗੁਰੂ ਦੀ ਸਿੱਖਿਆ ਅਨੁਸਾਰ ਚੱਲਦਾ ਹੈ, ਉਹ ਆਤਮਿਕ

ਅਤੇ ਮਾਨਸਿਕ ਤੌਰ 'ਤੇ ਸੰਤੁਸ਼ਟ ਹੁੰਦਾ ਹੈ। ਉਸ ਦੀ ਅਸਲੀ ਪ੍ਰੀਖਿਆ ਇਹ ਹੈ, ਕਿ ਉਹ ਅਧਿਆਤਮਿਕ ਵਿੱਦਿਆ ਨੂੰ ਆਪਣੀ ਸੰਸਾਰਿਕ ਵਿੱਦਿਆ ਦਾ ਅਧਾਰ ਬਣਾਉਂਦਾ ਹੈ :

*ਸਾਚੇ ਗੁਰ ਕੀ ਸਾਚੀ ਸੀਖ।। ਤਨੁ ਮਨੁ ਸੀਤਲੁ ਸਾਚੁ ਪਰੀਖ।।*
*ਜਲ ਪੁਰਾਇਨਿ ਰਸ ਕਮਲ ਪਰੀਖ।।*[120]

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਉਹੀ ਸੱਚਾ ਗੁਰੂ ਜਾਂ ਸਿੱਖ ਹੈ, ਜੋ ਸੰਸਾਰਿਕ ਕੰਮ, ਰੁਝੇਵੇਂ ਅਤੇ ਜ਼ਿੰਮੇਵਾਰੀਆਂ ਵਿੱਚ ਵਿਚਰਦਾ ਹੋਇਆ ਵੀ ਨਿਰੰਕਾਰ ਨਾਲ ਜੁੜਿਆ ਰਹਿੰਦਾ ਹੈ।[121] ਸੱਚਾ ਗਿਆਨ ਕੇਵਲ ਤਾਂ ਹੀ ਹੋ ਸਕਦਾ ਹੈ, ਜੇ ਸੱਚੇ ਗੁਰੂ ਪਾਸੋਂ ਸੱਚੀ ਸਿੱਖਿਆ ਲਈ ਜਾਵੇ। ਪੁੰਨ-ਦਾਨ ਅਤੇ ਦਇਆ ਵਰਗੇ ਗੁਣਾਂ ਨਾਲ ਆਪਣੀ ਸ਼ਖ਼ਸੀਅਤ ਨੂੰ ਸਜਾਇਆ ਜਾਵੇ, ਅਤੇ ਸੱਚੇ ਗੁਰੂ ਦੀ ਅਗਵਾਈ ਵਿੱਚ ਜੀਵਿਆ ਜਾਵੇ :

*ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ।।*
*ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ।।*
*ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥ ਕਰੇ ਨਿਵਾਸੁ।।*
*ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ।।*[122]

ਨੈਤਿਕ ਦ੍ਰਿਸ਼ਟੀਕੋਣ ਤੋਂ ਵਿੱਦਿਆ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚਾਰ ਵਿਅਕਤੀਵਾਦੀ ਨਾ ਹੋ ਕੇ ਮਨੁੱਖ ਦੇ ਸਮੁੱਚੇ ਜੀਵਨ ਨਾਲ ਸੰਬੰਧ ਰੱਖਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਿੱਦਿਆ ਨੂੰ ਮਾਨਵਤਾ ਦੀ ਸਰਵੋਤਮ ਭਲਾਈ ਦੇ ਸਾਧਨ ਰੂਪ ਵਿੱਚ ਦੇਖਦੀ ਹੈ। ਗੁਰਬਾਣੀ ਅਨੁਸਾਰ ਵਿੱਦਿਆ ਹਮੇਸ਼ਾ ਧਰਮ ਅਧਾਰਿਤ ਹੋਣੀ ਚਾਹੀਦੀ ਹੈ, ਜਿਸ ਨਾਲ ਮਨੁੱਖ ਵਿੱਚ ਨੈਤਿਕ ਗੁਣਾਂ ਦਾ ਵਿਕਾਸ ਨਿਸ਼ਚਿਤ ਹੁੰਦਾ ਹੈ। ਪੜ੍ਹੇ-ਲਿਖੇ ਵਿਦਵਾਨ ਦੀ ਸ਼ਖ਼ਸੀਅਤ ਇੱਕ ਫੁੱਲ ਦੀ ਤਰ੍ਹਾਂ ਹੋਣੀ ਚਾਹੀਦੀ ਹੈ, ਜੋ ਪਰਮਾਤਮਾ ਵੱਲੋਂ ਦਿੱਤੀ ਗਈ ਸੁਗੰਧੀ ਨੂੰ ਆਪਣੇ ਤੱਕ ਸੀਮਤ ਨਹੀਂ ਰੱਖਦਾ, ਬਲਕਿ ਬਿਨਾਂ ਭੇਦ-ਭਾਵ ਦੇ ਸਾਰੇ ਵਾਤਾਵਰਣ ਨੂੰ ਸੁਗੰਧਿਤ ਕਰਦਾ ਹੈ। ਆਧੁਨਿਕ ਯੁੱਗ ਵਿੱਚ ਵਿੱਦਿਅਕ ਅਦਾਰਿਆਂ ਵਿੱਚੋਂ ਅਨੈਤਿਕਤਾ ਨੂੰ ਦੂਰ ਕਰਨ ਲਈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਲਾਭਦਾਇਕ ਸਿੱਧ ਹੋ ਸਕਦੇ ਹਨ। ਸੋ ਜਰੂਰੀ ਹੈ ਕਿ ਸਿੱਖਿਆ ਨੂੰ ਧਰਮ ਅਧਾਰਿਤ ਕਰਕੇ ਮਨੁੱਖ ਦੇ ਸੰਸਾਰਿਕ ਅਤੇ ਅਧਿਆਤਮਿਕ ਜੀਵਨ ਨੂੰ ਸਵਾਰਿਆ ਜਾਵੇ।

### 4.3 ਕਾਨੂੰਨੀ ਨੈਤਿਕਤਾ

ਕਾਨੂੰਨੀ ਕਿੱਤੇ ਦੁਆਰਾ ਨੈਤਿਕ ਨਿਯਮਾਂ, ਸਮਾਜਿਕ ਅਸੂਲਾਂ ਅਤੇ ਮਨੁੱਖੀ ਅਧਿਕਾਰਾਂ, ਜਿਵੇਂ ਸਮਾਨਤਾ, ਸੁਤੰਤਰਤਾ, ਧਾਰਮਿਕ ਸੁਤੰਤਰਤਾ, ਸ਼ੋਸ਼ਣ ਵਿਰੁੱਧ, ਸਭਿਆਚਾਰਕ ਅਤੇ ਸਿੱਖਿਆ ਸੰਬੰਧੀ ਅਧਿਕਾਰ ਆਦਿ ਦੀ ਰੱਖਿਆ ਕੀਤੀ ਜਾਂਦੀ ਹੈ। ਪਰੰਤੂ ਗੁਰੂ ਸਾਹਿਬਾਨ ਸਮੇਂ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਭਾਵ ਹਰ ਪੱਖੋਂ ਭ੍ਰਿਸ਼ਟਾਚਾਰ ਫੈਲ ਚੁੱਕਿਆ ਸੀ। ਕਾਨੂੰਨ ਦੇ ਰਖਵਾਲੇ ਤਲਵਾਰ ਦੇ ਜ਼ੋਰ ਤੇ ਰਾਜ ਕਰਦੇ ਸਨ। ਰਾਜ ਅਤੇ ਸੱਤਾ ਦੇ ਲਾਲਚ ਵਿਚ ਕਿਸੇ ਨੂੰ ਮਾਰਨਾ ਜਾਂ ਮਰਵਾਉਣਾ ਇਕ ਮਾਮੂਲੀ ਜਿਹੀ ਗੱਲ ਸੀ। ਮਨੁੱਖੀ ਅਧਿਕਾਰਾਂ ਨਾਲ ਹਰ ਪ੍ਰਕਾਰ ਦੀ ਧੱਕਾਸ਼ਾਹੀ ਕੀਤੀ ਜਾਂਦੀ ਸੀ, ਜੋ ਕਾਨੂੰਨ ਨੂੰ ਨੈਤਿਕ ਦ੍ਰਿਸ਼ਟੀਕੋਣ ਤੋਂ ਗਿਰਾਵਟ ਵਾਲੇ ਪਾਸੇ ਲੈ ਗਈ। ਰਾਜਨੀਤਿਕ ਪੱਖੋਂ ਸਮੇਂ ਦੀ ਹਕੂਮਤ ਵੱਲੋਂ ਪਰਜਾ 'ਤੇ ਹਰ ਤਰ੍ਹਾਂ ਦਾ ਜੁਲਮ ਅਤੇ ਅੱਤਿਆਚਾਰ ਕੀਤੇ ਜਾਂਦੇ ਸਨ। ਰਾਜੇ ਅਤੇ ਹੋਰ ਸਰਕਾਰੀ ਕਰਮਚਾਰੀ ਵਿਸ਼ੇ-ਵਿਕਾਰਾਂ ਅਤੇ ਐਸ਼ਪ੍ਰਸਤੀ ਵਿੱਚ ਗਲਤਾਨ ਹੋ ਚੁੱਕੇ ਸਨ :

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।।*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।।*[123]

ਬਾਬਰ ਵੇਲੇ ਹੋਈ ਤਬਾਹੀ ਨੂੰ ਗੁਰੂ ਨਾਨਕ ਦੇਵ ਜੀ ਨੇ ਆਪ ਵੇਖਿਆ, ਜਿਸ ਦਾ ਜ਼ਿਕਰ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਆਸਾ ਵਿਚ ਕੀਤਾ। **ਡਾ. ਸ਼ੇਰ ਸਿੰਘ** ਦੇ ਸ਼ਬਦਾਂ ਵਿਚ, ਗੁਰੂ ਨਾਨਕ ਦੇਵ ਜੀ ਕੁਝ ਦਿਨ ਬਾਬਰ ਦੇ ਹੱਲੇ ਵੇਲੇ ਉਸ ਦੀ ਜੇਲ੍ਹ ਵਿਚ ਕੈਦ ਰਹੇ ਸਨ। ਉਨ੍ਹਾਂ ਆਪਣੀਆਂ ਅੱਖਾਂ ਨਾਲ ਆਪ ਡਿੱਠਾ ਸੀ ਕਿ ਉਸ ਵੇਲੇ ਮੁਲਕ ਵਿਚ ਉਸ ਹੱਲੇ ਨਾਲ ਕਿਵੇਂ ਤਬਾਹੀ ਤੇ ਬਰਬਾਦੀ ਹੋਈ ਸੀ।[124] ਪਾਪ ਨੂੰ ਰੋਕਣ ਦੀ ਬਜਾਏ ਰਾਜੇ ਖੁਦ ਪਾਪ ਕਰਦੇ ਸਨ ਅਤੇ ਧਰਮਹੀਣ ਹੋ ਗਏ ਸਨ। ਪਰਮਾਤਮਾ ਦੇ ਡਰ ਦੀ ਥਾਂ ਰਿਸ਼ਵਤਖੋਰੀ ਦਾ ਬੋਲਬਾਲਾ ਸੀ। ਰਾਜ ਸੱਤਾ ਆਦਰਸ਼ਾਂ ਤੋਂ ਡਿੱਗ ਕੇ ਪਸ਼ੂਆਂ ਤੋਂ ਵੀ ਭੈੜਾ ਕਿਰਦਾਰ ਨਿਭਾ ਰਹੀ ਸੀ। ਲੋਭ, ਲਾਲਚ, ਪਾਪ, ਹਿੰਸਾ ਆਦਿ ਦੁਰਵਰਤੀਆਂ ਸਿਖਰ 'ਤੇ ਸਨ।[125] ਉਸ ਸਮੇਂ ਦੌਰਾਨ ਰਾਜਿਆਂ ਦੁਆਰਾ ਹੋਣ ਵਾਲੇ ਅਤਿਆਚਾਰਾਂ ਦੀ ਗੁਰੂ ਸਾਹਿਬ ਨੇ ਤਿੱਖੇ ਸ਼ਬਦਾਂ ਵਿੱਚ ਅਲੋਚਨਾ ਕੀਤੀ ਹੈ :

*ਰਾਜੇ ਸੀਹ ਮੁਕਦਮ ਕੁਤੇ।। ਜਾਇ ਜਗਾਇਨਿ੍ ਬੈਠੇ ਸੁਤੇ।।*

*ਚਾਕਰ ਨਹਦਾ ਪਾਇਨਿ੍ ਘਾਉ।। ਰਤੁ ਪਿਤੁ ਕੁਤਿਹੋ ਚਟਿ ਜਾਹੁ।।*[126]

ਅਜਿਹੀ ਸਥਿਤੀ ਦਾ ਵਰਣਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ, ਕਿ ਲੋਕ ਅਧਰਮੀ ਹੋ ਗਏ ਹਨ, ਅਤੇ ਧਰਮ ਦਾ ਡੇਰਾ ਤਾ ਕਿਤੇ ਦੂਰ ਜਾ ਕੇ ਲੱਗ ਗਿਆ ਹੈ। ਸੰਸਾਰ ਵਿੱਚ ਚਾਰੇ-ਪਾਸੇ ਝੂਠ ਦੀ ਭਰਮਾਰ ਹੋ ਚੁੱਕੀ ਹੈ।[127] ਹਿੰਦੂ-ਮੁਸਲਮਾਨ ਦੋਨੋਂ ਹੀ ਧਰਮ ਦੇ ਅਸਲ ਅਸੂਲਾਂ ਨੂੰ ਭੁੱਲ ਕੇ ਕੁਰਾਹੇ ਪੈ ਚੁੱਕੇ ਹਨ। ਪਾਖੰਡੀ ਧਾਰਮਿਕ ਆਗੂ ਧਰਮ ਦੇ ਨਾਂ 'ਤੇ ਭੋਲੀ-ਭਾਲੀ ਜਨਤਾ ਨੂੰ ਲੁੱਟ ਰਹੇ ਹਨ। ਪਾਖੰਡੀ, ਭੇਖੀ ਅਤੇ ਕਰਮਕਾਂਡੀ ਲੋਕਾਂ ਨੇ ਅਸਲੀ ਧਰਮ 'ਤੇ ਪਰਦਾ ਪਾ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਸ ਸਮੇਂ ਦੇ ਧਾਰਮਿਕ ਆਗੂਆਂ ਸੰਬੰਧੀ ਅਨੇਕਾਂ ਫੁਰਮਾਨ ਮਿਲਦੇ ਹਨ :

*ਕਾਜੀ ਹੋਇ ਕੈ ਬਹੈ ਨਿਆਇ।। ਫੇਰੇ ਤਸਬੀ ਕਰੇ ਖੁਦਾਇ।।*

*ਵਢੀ ਲੈ ਕੈ ਹਕੁ ਗਵਾਏ।। ਜੇ ਕੋ ਪੁਛੈ ਤਾ ਪੜਿ ਸੁਣਾਏ।।*[128]

ਆਪਣੇ ਧਰਮ ਨੂੰ ਵਿਕਸਿਤ ਕਰਨ ਲਈ ਇੱਕ ਧਰਮ ਦੇ ਲੋਕ ਦੂਸਰੇ ਧਰਮ ਦੇ ਲੋਕਾਂ ਨੂੰ ਜ਼ਬਰਦਸਤੀ ਆਪਣੇ ਧਰਮ ਵਿੱਚ ਪ੍ਰਵੇਸ਼ ਕਰਵਾ ਰਹੇ ਸਨ। ਧਾਰਮਿਕ ਠੇਕੇਦਾਰ, ਆਪਣੇ ਨਿੱਜੀ ਹਿੱਤ ਲਈ ਭੋਲੇ-ਭਾਲੇ ਲੋਕਾਂ ਦਾ ਲਹੂ ਚੂਸਦੇ ਸਨ, ਅਤੇ ਜ਼ਾਲਿਮ ਹਕੂਮਤ ਦਾ ਸਾਥ ਦਿੰਦੇ ਸਨ:

*ਮਾਣਸ ਖਾਣੇ ਕਰਹਿ ਨਿਵਾਜ।।*

*ਛੁਰੀ ਵਗਾਇਨਿ ਤਿਨ ਗਲਿ ਤਾਗ।।*[129]

ਸਮਾਜਿਕ ਤੌਰ 'ਤੇ ਅਸਮਾਨਤਾ ਦੀ ਅੱਗ ਚਾਰੇ ਪਾਸੇ ਫੈਲ ਚੁੱਕੀ ਸੀ। ਪੁਰਸ਼ ਪ੍ਰਧਾਨ ਸਮਾਜ ਵਿੱਚ ਇਸਤਰੀ ਦੀ ਦੁਰਦਸ਼ਾ ਹੋ ਚੁੱਕੀ ਸੀ। ਉਸ ਨੂੰ ਕੇਵਲ ਕਾਮ ਪੂਰਤੀ ਦਾ ਸਾਧਨ ਸਮਝਿਆ ਜਾਂਦਾ ਸੀ। ਧਾਰਮਿਕ ਪੱਖ ਤੋਂ ਨਿਰਵਿਰਤੀ-ਮਾਰਗ ਵਿੱਚ ਇਸਤਰੀ ਨੂੰ ਸਭ ਤੋਂ ਵੱਡੀ ਰੁਕਾਵਟ ਸਮਝਿਆ ਜਾਂਦਾ ਸੀ। ਧਰਮ ਵਰਗੇ ਪਵਿੱਤਰ ਸਥਾਨਾਂ ਤੋਂ ਦੂਰ ਰੱਖ ਕੇ ਅਪਵਿੱਤਰ ਕਰਾਰ ਦਿੱਤਾ ਜਾਂਦਾ ਸੀ। ਹਾਕਮਾਂ ਅਤੇ ਧਾਰਮਿਕ ਆਗੂਆਂ ਦੁਆਰਾ ਮਚਾਈ ਇਸ ਅੱਗ ਵਿੱਚ ਸਮਾਜ ਕਈ ਭਾਗਾਂ ਵਿੱਚ ਵੰਡਿਆ ਜਾ ਚੁੱਕਾ ਸੀ। ਹਿੰਦੂ ਅਤੇ ਮੁਸਲਮਾਨ ਦੋਨੋਂ ਹੀ ਇੱਕ ਦੂਜੇ ਪ੍ਰਤੀ ਨਫ਼ਰਤ ਦੀ ਅੱਗ ਵਿੱਚ ਸੜ ਰਹੇ ਸਨ। ਹਿੰਦੂਆਂ ਵੱਲੋਂ ਧਰਮ

ਅਤੇ ਜਾਤ ਦੇ ਅਧਾਰ 'ਤੇ ਪਾਈਆਂ ਵੰਡੀਆਂ (ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ) ਵਿੱਚ ਕਰੋੜਾਂ ਹਿੰਦੂਆਂ ਨਾਲ ਪਸ਼ੂਆਂ ਤੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਸੀ। ਉੱਚੀਆਂ ਜਾਤਾਂ ਵੱਲੋਂ ਨੀਵੀਂ ਜਾਤ ਵਾਲਿਆਂ ਦਾ ਮਾਨਸਿਕ ਅਤੇ ਸਰੀਰਕ ਪੱਖੋਂ ਸ਼ੋਸ਼ਣ ਕੀਤਾ ਜਾਂਦਾ ਸੀ। ਸਮਾਜਿਕ ਕੁਰੀਤੀਆਂ ਇਸ ਨੀਚਤਾਈ ਤੱਕ ਫੈਲ ਚੁੱਕੀਆਂ ਸਨ, ਕਿ ਧਨ-ਦੌਲਤ ਦੀ ਖਾਤਿਰ ਮਨੁੱਖ ਆਪਣੇ ਪਰਿਵਾਰਿਕ ਰਿਸ਼ਤਿਆਂ ਦੀ ਤੌਹੀਨ ਕਰਨ ਵਿੱਚ ਕੋਈ ਦੇਰ ਨਹੀਂ ਸੀ ਕਰਦਾ :

*ਇਸਤਰੀ ਪੁਰਖੈ ਖਟਿਐ ਭਾਉ।। ਭਾਵੈ ਆਵਉ ਭਾਵੈ ਜਾਉ।।*[130]

ਆਰਥਿਕ ਪੱਖੋਂ ਮਿਹਨਤੀ ਅਤੇ ਗ੍ਰਹਿਸਥੀ ਜਨਤਾ ਦੀ ਕਿਰਤ ਕਮਾਈ 'ਤੇ ਐਸ਼ ਕਰਨ ਵਾਲੇ ਵਿਹਲੜਾਂ ਦੀ ਗਿਣਤੀ ਵੱਧ ਚੁੱਕੀ ਸੀ, ਜੋ ਧਰਮ ਦੇ ਨਾਂ 'ਤੇ ਕਿਰਤ-ਕਮਾਈ ਨੂੰ ਮਾੜਾ ਸਮਝਦੇ ਸਨ ਅਤੇ ਮਿਹਨਤੀ ਲੋਕਾਂ ਦੀ ਕਮਾਈ ਉੱਪਰ ਪਲਦੇ ਸਨ। ਜਿੰਨ੍ਹਾਂ ਵਿੱਚ ਜੋਗੀ, ਸਿੱਧ, ਬੈਰਾਗੀ, ਸੰਨਿਆਸੀ ਅਤੇ ਪਾਖੰਡੀ ਸਾਧੂ-ਸੰਤ ਮੌਜੂਦ ਸਨ। ਇਹ ਮਿਹਨਤੀ ਅਤੇ ਕਿਰਸਾਨਾਂ ਦੀ ਸੱਚੀ ਕਿਰਤ ਨੂੰ ਕਾਨੂੰਨੀ ਆਸਰੇ ਜਾਂ ਹੋਰ ਗੈਰ ਬੁਨਿਆਦੀ ਢੰਗਾਂ ਨਾਲ ਹੜੱਪ ਲੈਂਦੇ ਸਨ। ਇਸ ਤੋਂ ਇਲਾਵਾ ਰਾਜੇ ਵੀ ਮਿਹਨਤੀ ਲੋਕਾਂ ਤੋਂ ਜ਼ਬਰਦਸਤੀ ਕਰ ਉਗਰਾਉਂਦੇ ਸਨ :

*ਬੰਧਨ ਕਿਰਖੀ ਕਰਹਿ ਕਿਰਸਾਨ।।*
*ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ।।*[131]

ਅੱਜ ਦੇ ਸਮੇਂ ਵਿਚ ਵੀ ਅਨਿਆਂ ਦੀ ਸੀਮਾ ਪਾਰ ਹੋ ਚੁੱਕੀ ਹੈ। ਚਾਰੇ ਪਾਸੇ ਭ੍ਰਿਸ਼ਟਾਚਾਰ ਦੀ ਅੱਗ ਲੱਗੀ ਹੋਈ ਹੈ। ਰਿਸ਼ਵਤਖੋਰੀ ਜੁਰਮ ਨਾ ਰਹਿ ਕੇ ਰਿਵਾਜ਼ ਦਾ ਰੂਪ ਅਖ਼ਤਿਆਰ ਕਰ ਚੁੱਕੀ ਹੈ। ਕਿਸੇ ਵੀ ਸਰਕਾਰੀ ਕੰਮ ਨੂੰ ਕਰਾਉਣ ਲਈ ਸ਼ਰੇਆਮ ਪੈਸਿਆਂ ਦੀ ਗੱਲ ਕੀਤੀ ਜਾਂਦੀ ਹੈ। ਕੋਈ ਨੈਤਿਕ ਮਨੁੱਖ ਜੇ ਅਜਿਹਾ ਨਹੀਂ ਕਰਦਾ, ਜਾਂ ਉਸਦਾ ਵਿਰੋਧ ਕਰਦਾ ਹੈ, ਤਾਂ ਉਸ ਨੂੰ ਬਿਨਾਂ ਖੱਜਲ ਖੁਆਰੀ ਦੇ ਹੋਰ ਕੁਝ ਨਹੀਂ ਮਿਲਦਾ। ਅਜਿਹੀ ਸਥਿਤੀ ਵਿਚ ਨਿਆਂ ਜਾਂ ਨੈਤਿਕ ਨਿਯਮਾਂ ਦੀ ਮੌਤ ਹੋਣੀ ਅਵੱਸ਼ਕ ਹੈ। ਕਿਉਂਕਿ ਬਹੁਗਿਣਤੀ ਵਿਚ ਕਿੱਤਾਕਾਰ ਆਪਣੇ ਕਿੱਤੇ ਪ੍ਰਤੀ ਵਫ਼ਾਦਾਰ ਨਹੀਂ। ਕਾਨੂੰਨ ਦੇ ਰਖਵਾਲੇ ਕਾਨੂੰਨਾਂ ਦੀ ਉਲੰਘਣਾ ਕਰਨ, ਤਾਂ ਸਮਾਜ ਵਿਚ ਨੈਤਿਕਤਾ ਦੀ ਗੱਲ ਕਰਨੀ ਮੁਸ਼ਕਿਲ ਹੀ ਨਹੀਂ, ਅਸੰਭਵ ਹੋ ਜਾਵੇਗੀ। **ਭਾਈ ਵੀਰ ਸਿੰਘ** ਜੀ ਦੇ ਸ਼ਬਦਾਂ ਵਿਚ, ''ਫਰਜ਼ ਕਰੋ ਕਿਸੇ

ਦੇਸ਼ ਦੇ ਸਾਰੇ ਆਦਮੀ 'ਹੱਕ' ਤੇ 'ਫਰਜ਼' ਨੂੰ ਪਛਾਣਦੇ ਉਹਨਾਂ ਪਰ ਤੁਰਦੇ ਹਨ; ਉਸ ਦੇਸ਼ ਵਿਚ ਰਾਜ ਦੀ ਲੋੜ ਨਹੀਂ, ਪੁਲੀਸ ਦਰਕਾਰ ਨਹੀਂ, ਜੇਲਖਾਨੇ ਐਵੇਂ ਹਨ ਤੇ ਨਯਾਯਕਾਰੀ ਪ੍ਰਬੰਧ ਇਕ ਵਾਧੂ ਦੀ ਚੱਟੀ ਹੈ।[132] ਪਰੰਤੂ ਅਜਿਹਾ ਤਾਂ ਹੀ ਸੰਭਵ ਹੈ, ਜੇ ਨਿਆਂ ਕਰਨ ਵਾਲੇ ਅਧਿਕਾਰੀ ਆਪਣੇ ਫ਼ਰਜ਼ਾਂ ਪ੍ਰਤੀ ਸੁਚੇਤ ਹੋ ਕੇ ਨਿਆਂਕਾਰੀ ਬਣਨ ਅਤੇ ਲੋਕਾਂ ਦੇ ਹੱਕਾਂ ਦੀ ਰਾਖੀ ਕਰਨ। ਅਸਲ ਵਿਚ ਰਾਜ ਦਾ ਮੁੱਢ ਹੀ ਇਸੇ ਮੰਤਵ ਵਿਚੋਂ ਹੋਇਆ ਹੈ ਕਿ ਲੋਕਾਂ ਦਾ ਆਚਰਨ ਉਚਾ ਕੀਤਾ ਜਾਏ। ਜਿਹੜੇ ਲੋਕਾਂ ਦੇ ਪ੍ਰਚੱਲਤ ਸਦਾਚਾਰਕ ਨਿਯਮ ਹੁੰਦੇ ਹਨ, ਉਨ੍ਹਾਂ ਨੂੰ ਕਾਨੂੰਨ ਬਣਾ ਲਿਆ ਜਾਂਦਾ ਹੈ। ਜਿਹੜੇ ਕਾਨੂੰਨ ਪ੍ਰਚੱਲਤ ਸਦਾਚਾਰਕ ਨਿਯਮਾਂ ਅਨੁਸਾਰ ਹੋਣ, ਉਨ੍ਹਾਂ ਨੂੰ ਜਨਤਾ ਜਲਦੀ ਸਵੀਕਾਰ ਕਰ ਲੈਂਦੀ ਹੈ ਅਤੇ ਜੋ ਸਦਾਚਾਰਕ ਨਿਯਮਾਂ ਦੇ ਵਿਰੁੱਧ ਹੋਣ ਉਨ੍ਹਾਂ ਨੂੰ ਜਲਦੀ ਸਵੀਕਾਰ ਨਹੀਂ ਕੀਤਾ ਜਾਂਦਾ।[133]

ਅਜੋਕੇ ਸਮੇਂ ਦੀ ਤਰ੍ਹਾਂ ਗੁਰੂ ਸਾਹਿਬ ਸਮੇਂ ਵੀ ਰਿਸ਼ਵਤ ਦਾ ਬੋਲਬਾਲਾ ਸੀ। ਨਿਆਂ ਕੇਵਲ ਰਿਸ਼ਵਤ ਲੈ ਕੇ ਕੀਤਾ ਜਾਂਦਾ ਸੀ, ਜਿਸ ਕਰਕੇ ਮਿਹਨਤ, ਮੁਸ਼ੱਕਤ ਕਰਨ ਵਾਲੇ ਲੋਕ ਵੀ ਗਰੀਬੀ ਅਤੇ ਭੁੱਖ-ਮਰੀ ਵਿੱਚ ਜੀਵਨ ਬਤੀਤ ਕਰ ਰਹੇ ਸਨ। ਇਹਨਾਂ ਬੇਵਸ ਗਰੀਬ ਅਤੇ ਮਿਹਨਤੀ ਲੋਕਾਂ ਦੀ ਬੇਨਤੀ ਜਾਂ ਪਰਮਾਤਮਾ ਦੇ ਨਾਮ ਦਾ ਭ੍ਰਿਸ਼ਟ ਹੋ ਚੁੱਕੇ ਰਾਜਿਆਂ ਉੱਪਰ ਕੋਈ ਅਸਰ ਨਹੀਂ ਸੀ ਹੁੰਦਾ। ਕੇਵਲ ਵੇਖਣ ਵਿੱਚ ਉਹ ਇਨਸਾਨ ਲੱਗਦੇ ਸਨ, ਪਰ ਅਮਲਾਂ ਵਿੱਚ ਉਹ ਕੁੱਤਿਆਂ ਦੇ ਸਮਾਨ ਸਨ :

*ਦਰਸਨਿ ਦੇਖਿਐ ਦਇਆ ਨ ਹੋਇ।। ਲਏ ਦਿਤੇ ਵਿਣੁ ਰਹੈ ਨ ਕੋਇ।।*
*ਰਾਜਾ ਨਿਆਉ ਕਰੇ ਹਥਿ ਹੋਇ।। ਕਹੈ ਖੁਦਾਇ ਨ ਮਾਨੈ ਕੋਇ।।*[134]

ਇਹਨਾਂ ਸਭ ਹਾਲਾਤਾਂ ਦਾ ਕਾਰਨ ਕੇਵਲ ਇੱਕ ਚੰਗੀ ਕਾਨੂੰਨੀ ਵਿਵਸਥਾ ਅਤੇ ਨੈਤਿਕ ਅਗਵਾਈ ਦੀ ਘਾਟ ਸੀ। ਅਜਿਹੀ ਅਵਸਥਾ ਵਿੱਚ ਨੈਤਿਕ ਪੱਖ ਤੋਂ ਨੈਤਿਕ ਕੀਮਤਾਂ ਦਾ ਪ੍ਰਚਾਰ 'ਤੇ ਪ੍ਰਸਾਰ ਕਰਨਾਂ ਜ਼ਰੂਰੀ ਹੋ ਗਿਆ ਸੀ, ਤਾਂ ਜੋ ਲੋਕਾਂ ਨੂੰ ਆਤਮਿਕ ਤੌਰ 'ਤੇ ਜਾਗਰਿਤ ਕਰਕੇ ਸਾਰੀਆਂ ਬੁਰਾਈਆਂ ਨੂੰ ਦੂਰ ਕੀਤਾ ਜਾ ਸਕੇ।

ਗੁਰੂ ਸਾਹਿਬ ਨੇ ਸੰਸਾਰ ਵਿੱਚੋਂ ਹਰ ਇੱਕ ਤਰ੍ਹਾਂ ਦੇ ਵਿਤਕਰੇ ਜਾਂ ਅਸਮਾਨਤਾ ਨੂੰ ਦੂਰ ਕਰਕੇ ਮਾਨਵਤਾਵਾਦ ਦੇ ਸੰਕਲਪ ਨੂੰ ਅੱਗੇ ਰੱਖਿਆ, ਜਿਸ ਦਾ ਮੁੱਖ ਅਧਾਰ ਇੱਕ ਪਰਮਾਤਮਾ ਵਿੱਚ ਵਿਸ਼ਵਾਸ ਸੀ। ਗੁਰੂ ਸਾਹਿਬ ਅਨੁਸਾਰ ਸਾਰੇ ਜੀਵਾਂ ਵਿੱਚ ਇੱਕ ਹੀ ਜੋਤ

ਦਾ ਪਸਾਰਾ ਹੈ, ਜਿਸ ਕਾਰਨ ਭੇਦ-ਭਾਵ ਜਾ ਵਖਰੇਵੇਂ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿੰਦੀ:

*ਸਭ ਮਹਿ ਜੋਤਿ ਜੋਤਿ ਹੈ ਸੋਇ।।*

*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।।*[135]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਾਤ-ਪਾਤ ਦੀ ਖੁੱਲ੍ਹੇ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ ਹੈ। ਗੁਰਬਾਣੀ ਅਨੁਸਾਰ ਜਾਤ-ਪਾਤ ਦਾ ਵੱਡਾ ਪਾੜਾ ਮਨੁੱਖ ਨੇ ਖੁਦ ਹੀ ਪਾਇਆ ਹੈ। ਪਰਮਾਤਮਾ ਲਈ ਸਾਰੇ ਜੀਵ ਇੱਕ ਸਮਾਨ ਹਨ। ਉਸ ਨੇ ਸਾਰੇ ਜੀਵਾਂ ਦੀ ਘਾੜਤ ਇੱਕ ਹੀ ਮਿੱਟੀ ਤੋਂ ਕੀਤੀ ਹੈ, ਅਤੇ ਸਾਰਿਆਂ ਦੀ ਉਤਪੱਤੀ ਉਸ ਇੱਕ ਪਰਮਾਤਮਾ ਤੋਂ ਹੀ ਹੋਈ ਹੈ :

*ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ।।*

*ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ।।*[136]

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਪਰਮਾਤਮਾ ਦੀ ਦਰਗਾਹ ਵਿੱਚ ਮਨੁੱਖ ਦੀ ਇੱਜ਼ਤ ਉਸ ਦੇ ਚੰਗੇ ਕਰਮਾਂ ਕਰਕੇ ਬਣਦੀ ਹੈ, ਜਾਤ ਕਰਕੇ ਨਹੀਂ।[137] ਉਸ ਅਗੰਮ ਪਰਮਾਤਮਾ ਦਾ ਹੁਕਮ ਅਤੇ ਵਿਵਹਾਰ ਸਾਰੇ ਮਨੁੱਖਾਂ ਲਈ ਸਮਾਨ ਹੈ। ਇਸ ਲਈ ਕੋਈ ਮਨੁੱਖ ਜਾਤ-ਪਾਤ ਜਾਂ ਜਨਮ ਕਰਕੇ ਉੱਚਾ ਨੀਵਾਂ ਨਹੀਂ ਹੁੰਦਾ, ਬਲਕਿ ਆਪਣੇ ਕਰਮਾਂ ਕਰਕੇ ਹੁੰਦਾ ਹੈ।[138] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖੀ ਵਖਰੇਵੇਂ ਨੂੰ ਪ੍ਰਗਟ ਕਰਨ ਵਾਲੀਆਂ ਸਾਰੀਆਂ ਸ਼੍ਰੇਣੀਆਂ ਨੂੰ ਰੱਦ ਕਰਕੇ, ਮਨੁੱਖ ਦੇ ਕਰਮਾਂ ਦੇ ਅਧਾਰ 'ਤੇ ਦੋ ਸ਼੍ਰੇਣੀਆਂ ਗੁਰਮੁਖ ਅਤੇ ਮਨਮੁਖ ਹਨ। ਗੁਰੂ ਨਾਨਕ ਸਾਹਿਬ ਦੇ ਸਮੇਂ ਦੀ ਵਰਣ ਵੰਡ ਅਨੁਸਾਰ ਗੁਰੂ ਸਾਹਿਬ ਇੱਕ ਉੱਚੀ ਜਾਤੀ ਨਾਲ ਸੰਬੰਧ ਰੱਖਦੇ ਸਨ, ਪਰ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਨੀਵੀਂ ਜਾਤੀ ਵਾਲਿਆਂ ਦੇ ਮਿੱਤਰ ਕਹਿ ਕੇ ਇੱਕ ਨਵੀਂ ਕ੍ਰਾਂਤੀ ਲਿਆਂਦੀ :

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।।*

*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।*[139]

ਲਿੰਗ ਭੇਦ ਦੇ ਵਖਰੇਵੇਂ ਦੌਰਾਨ ਇਸਤਰੀ ਦੀ ਦੁਰਦਸ਼ਾ ਵਿੱਚ ਸੁਧਾਰ ਲਿਆਉਣ ਲਈ ਗੁਰੂ ਸਾਹਿਬਾਨ ਨੇ ਸਖ਼ਤ ਆਵਾਜ਼ ਉਠਾਈ। ਗੁਰੂ ਨਾਨਕ ਸਾਹਿਬ ਨੇ ਕਿਹਾ, ਕਿ

ਨਾਰੀ ਤੋਂ ਬਿਨ੍ਹਾਂ ਕਿਸੇ ਪ੍ਰਕਾਰ ਦੀ ਵੀ ਗਤੀਵਿਧੀ ਸੰਭਵ ਨਹੀਂ ਹੈ। ਨਾਰੀ ਸਾਰੇ ਸੰਸਾਰ ਦੀ ਜਣਨੀ ਹੈ। ਸਾਰਾ ਕਾਰ-ਵਿਹਾਰ ਇਸਤਰੀ ਦੇ ਕਾਰਨ ਹੀ ਚੱਲ ਰਿਹਾ ਹੈ। ਪੁਰਸ਼ ਇਸਤਰੀ ਤੋਂ ਹੀ ਜਨਮ ਲੈਂਦਾ ਹੈ, ਉਸੇ ਨਾਲ ਮੰਗਣੀ ਅਤੇ ਵਿਆਹ ਕਰਵਾਉਂਦਾ ਹੈ, ਅਤੇ ਸੰਤਾਨ ਦਾ ਸੁੱਖ ਭੋਗਦਾ ਹੈ। ਨਵੀਆਂ ਰਿਸ਼ਤੇਦਾਰੀਆਂ ਜਾਂ ਸੰਬੰਧ ਇਸਤਰੀ ਕਰਕੇ ਹੀ ਜੁੜਦੇ ਹਨ। ਪਤਨੀ ਦੇ ਰੂਪ ਵਿੱਚ ਇਸਤਰੀ ਦੀ ਮੌਤ ਪਿੱਛੋਂ ਹੋਰ ਇਸਤਰੀ ਨਾਲ ਵਿਆਹ ਰਚਾਉਂਦਾ ਹੈ। ਇੱਥੋਂ ਤੱਕ ਕਿ ਇਸਤਰੀ ਦਾ ਜਨਮ ਵੀ ਇਸਤਰੀ ਰਾਹੀਂ ਹੁੰਦਾ ਹੈ। ਇਸਤਰੀ ਵੱਡੇ-ਵੱਡੇ ਦਿਸਣ ਵਾਲੇ ਰਾਜੇ-ਮਹਾਂਰਾਜੇ, ਦੇਵੀ-ਦੇਵਤੇ, ਇੱਥੋਂ ਤੱਕ ਕਿ ਪੀਰ-ਪੈਗੰਬਰਾਂ ਦੀ ਵੀ ਜਨਮ-ਦਾਤੀ ਹੈ। ਕੇਵਲ ਪਰਮਾਤਮਾ ਹੀ ਇਸਤਰੀ ਤੋਂ ਮੁਕਤ ਹੈ। ਅਜਿਹੀ ਸਥਿਤੀ ਵਿੱਚ ਪੁਰਸ਼ ਨੂੰ ਇਸਤਰੀ ਦਾ ਕਿਸੇ ਵੀ ਪੱਖ ਤੋਂ ਸ਼ੋਸ਼ਣ ਨਹੀਂ ਕਰਨਾ ਚਾਹੀਦਾ, ਬਲਕਿ ਉਸ ਨੂੰ ਪਿਆਰ ਅਤੇ ਸਤਿਕਾਰ ਦੇਣਾ ਚਾਹੀਦਾ ਹੈ।[140] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇੱਥੋਂ ਤੱਕ ਵੀ ਕਿਹਾ ਹੈ ਕਿ ਪੁਰਸ਼ ਨੂੰ ਮੁਕਤੀ ਤਾਂ ਹੀ ਪ੍ਰਾਪਤ ਹੋ ਸਕਦੀ ਹੈ, ਜੇ ਉਹ ਇਸਤਰੀ ਵਾਲੇ ਗੁਣਾਂ ਨੂੰ ਧਾਰਨ ਕਰੇਗਾ। ਇਸ ਦਾ ਪ੍ਰਤੱਖ ਪ੍ਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਪਣੀ ਬਾਣੀ ਹੈ, ਜਿਸ ਵਿੱਚ ਸੰਕੇਤਕ ਪੱਖ ਤੋਂ ਪੁਰਖ ਕੇਵਲ ਇੱਕ ਪਰਮਾਤਮਾ ਨੂੰ ਅਤੇ ਬਾਕੀ ਸਾਰੇ ਜੀਵਾਂ ਨੂੰ ਇਸਤਰੀ ਰੂਪ ਮੰਨਿਆ ਹੈ।

ਇਸ ਤੋਂ ਇਲਾਵਾ ਅਨਿਆਂ ਅਤੇ ਅੱਤਿਆਚਾਰ ਨੂੰ ਖਤਮ ਕਰਨ ਲਈ ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਦੀ ਹਕੂਮਤ ਨੂੰ ਵੀ ਲਲਕਾਰਿਆ। ਗੁਰੂ ਸਾਹਿਬ ਆਪਣੇ ਸਮੇਂ ਦੇ ਪਹਿਲੇ ਧਾਰਮਿਕ ਮਹਾਂਪੁਰਸ਼ ਸਨ, ਜਿੰਨ੍ਹਾਂ ਨੇ ਰਾਜਨੀਤੀ ਜਾਂ ਕਾਨੂੰਨੀ ਪੱਖ ਤੋਂ ਵੀ ਲੋਕਾਂ ਨੂੰ ਨੈਤਿਕ ਅਗਵਾਈ ਦਿੱਤੀ। **ਡਾ. ਕਾਲਾ ਸਿੰਘ ਬੇਦੀ** ਅਨੁਸਾਰ, ''ਗੁਰੂ ਜੀ ਪਹਿਲੇ ਭਗਤੀ ਲਹਿਰ ਦੇ ਆਗੂਆਂ ਵਿੱਚੋਂ ਪੰਜਾਬ ਦੇ ਸੰਤ ਸਿਪਾਹੀ ਹਨ ਜਿਨ੍ਹਾਂ ਨੇ ਹਿੰਦੁਸਤਾਨ ਦੀ ਉਸ ਸਮੇਂ ਦੀ ਦੁਰਦਸ਼ਾ ਨੂੰ ਸਪੱਸ਼ਟ ਸ਼ਬਦਾਂ ਵਿੱਚ ਪੇਸ਼ ਕੀਤਾ ਹੈ ਅਤੇ ਰਾਜਨੀਤੀ ਵਿੱਚ ਪਰਿਵਰਤਨ ਦੀ ਜ਼ਰੂਰਤ ਨੂੰ ਮਹਿਸੂਸ ਕੀਤਾ ਹੈ।''[141] ਹੋਰ ਵਿਸ਼ਿਆਂ ਦੇ ਸੰਦਰਭ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਸੰਕੇਤਕ ਪੱਖ ਤੋਂ ਵਰਤੀ ਗਈ ਰਾਜਨੀਤਿਕ ਸ਼ਬਦਾਵਲੀ ਇਸ ਗੱਲ ਦੀ ਗਵਾਹੀ ਦਿੰਦੀ ਹੈ, ਕਿ ਬਾਣੀਕਾਰ ਆਪਣੇ ਸਮੇਂ ਦੀ ਕਾਨੂੰਨੀ ਵਿਵਸਥਾ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਕੀ ਪਤਾ ਕਿ ਜੇਕਰ ਗੁਰੂ ਨਾਨਕ ਦੇਵ ਜੀ ਵੇਲੇ ਵੀ ਕੌਮ ਦੀ

ਉਸਾਰੀ ਉਸੇ ਤਰ੍ਹਾਂ ਦੀ ਹੋ ਗਈ ਹੁੰਦੀ ਜਿਸ ਤਰ੍ਹਾਂ ਦੀ ਉਸਾਰੀ ਤੇ ਤਿਆਰੀ ਗੁਰੂ ਗੋਬਿੰਦ ਸਿੰਘ ਜੀ ਵੇਲੇ ਹੋ ਗਈ ਸੀ ਤਾਂ ਗੁਰੂ ਨਾਨਕ ਦੇਵ ਜੀ ਵੀ ਹਾਲਤ ਦਾ ਮੁਕਾਬਲਾ ਉਸੇ ਤਰ੍ਹਾਂ ਹੀ ਕਰਦੇ, ਜਿਵੇਂ ਆਪਣੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ।[142] ਕਾਨੂੰਨ ਜਾਂ ਨਿਆਂ ਦੇ ਅਧਾਰ 'ਤੇ ਗੁਰੂ ਸਾਹਿਬਾਨ ਸਮੇਂ ਰਾਜੇ ਨੂੰ ਸਰਵਉੱਚ ਮਹੱਤਤਾ ਦਿੱਤੀ ਜਾਂਦੀ ਸੀ। ਗੁਰੂ ਸਾਹਿਬਾਨ ਨੇ ਸਮਕਾਲੀ ਰਾਜਿਆਂ ਦੇ ਅਨਿਆਂ ਅਤੇ ਅੱਤਿਆਚਾਰ ਨੂੰ ਰੋਕਣ ਲਈ ਅਤੇ ਜਨਤਾ ਨੂੰ ਉਨ੍ਹਾਂ ਦੇ ਅਨਿਆਂ ਪ੍ਰਤੀ ਜਾਗਰੁਕ ਕਰਨ ਲਈ ਪਰਮਾਤਮਾ ਦੇ ਸਦੀਵੀ ਰਾਜ ਅਤੇ ਦੁਨਿਆਵੀ ਰਾਜਿਆਂ ਦੇ ਨਾਸ਼ ਰੂਪੀ ਸੱਚ ਤੋਂ ਜਾਣੂ ਕਰਵਾਇਆ। **ਰਾਮ ਸਿੰਘ** ਦੇ ਸ਼ਬਦਾਂ ਵਿੱਚ, ''ਗੁਰੂ ਨਾਨਕ ਨੇ ਇਕ ਪਾਸੇ ਲੋਕਾਂ ਨੂੰ ਸ੍ਰਿਸ਼ਟੀ ਵਿਚ ਕੰਮ ਕਰ ਰਹੇ ਸਦਾਚਾਰਕ ਨਿਯਮਾਂ ਤੋਂ ਬਾਰ-ਬਾਰ ਚੇਤੰਨ ਕਰ ਕੇ ਸ਼ੁਧ ਆਚਰਨ ਧਾਰਨ ਲਈ ਤਿਆਰ ਕਰਨ ਦਾ ਯਤਨ ਕੀਤਾ ਹੈ, ਦੂਸਰੇ ਪਾਸੇ ਗਿਰੇ ਹੋਏ ਆਚਰਨ ਵਾਲੇ ਲੀਡਰਾਂ ਦਾ ਭੈਅ ਮੰਨਣ, ਉਨ੍ਹਾਂ ਦੀ ਖੁਸ਼ਾਮਦ ਕਰਨ 'ਤੇ ਉਨ੍ਹਾਂ ਦੇ ਨਕਸ਼ੇ-ਕਦਮਾਂ ਉਤੇ ਚਲਣ ਤੋਂ ਵਰਜਿਆ ਹੈ 'ਤੇ ਤੀਸਰੇ ਪਾਸੇ ਆਪਣੀਆਂ ਸਭ ਲੋੜਾਂ ਦੀ ਪੂਰਤੀ ਲਈ ਰੱਬ ਦੀ ਓਟ ਧਾਰਨ 'ਤੇ ਤਾਕਤਵਰਾਂ ਦੀ ਓਟ ਤਿਆਗਣ ਦੀ ਪ੍ਰੇਰਨਾ ਦਿੱਤੀ।''[143]

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਮਨੁੱਖ ਭਾਵੇਂ ਸੰਸਾਰ ਅੰਦਰ ਸੱਤਾ ਦੇ ਅਧੀਨ ਜਿੰਨੀ ਮਰਜ਼ੀ ਉਪਮਾ 'ਤੇ ਸ਼ੋਭਾ ਹਾਸਿਲ ਕਰ ਲਵੇ, ਪਰੰਤੂ ਜੇ ਉਹ ਸੱਚੇ ਪਰਮਾਤਮਾ ਦੀ ਕਿਰਪਾ ਦਾ ਪਾਤਰ ਨਹੀਂ ਬਣਿਆ ਤਾਂ ਉਹ ਕੀੜਿਆਂ-ਮਕੌੜਿਆਂ ਦੇ ਬਰਾਬਰ ਨੀਚ ਅਤੇ ਦੋਸ਼ੀ ਹੀ ਗਿਣਿਆ ਜਾਵੇਗਾ।[144] ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਜ਼ਰ ਵਿੱਚ ਅਸਲੀ ਰਾਜਾ ਜਾਂ ਬਾਦਸ਼ਾਹ ਉਹ ਹੀ ਹੈ, ਜਿਸ ਦੇ ਅੰਦਰ ਸੱਚੇ ਪ੍ਰਭੂ ਦਾ ਡਰ ਹੈ, ਅਤੇ ਜੋ ਉਸ ਦੀ ਰਜ਼ਾ ਵਿੱਚ ਰਹਿੰਦਾ ਹੈ।[145] ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਜੋ ਮਨੁੱਖ ਆਪਣੇ ਆਪ ਨੂੰ ਸਰਦਾਰ, ਰਾਜਾ, ਪਾਤਸ਼ਾਹ, ਸੂਬਾ ਜਾਂ ਮਨਸਬਦਾਰ ਅਖਵਾਉਂਦੇ ਹਨ, ਉਹ ਇੱਕ ਦਿਨ ਇਸੇ ਹੰਕਾਰ ਵਿੱਚ ਹੀ ਸੜ ਜਾਂਦੇ ਹਨ। ਸੱਚੇ ਨਾਮ ਨੂੰ ਵਿਸਾਰ ਕੇ ਇਹ ਲੋਕ ਜੰਗਲ ਦੀ ਅੱਗ ਵਿੱਚ ਸੜੇ ਇੱਕ ਕਾਨ ਦੀ ਮਾਨਿੰਦ ਹਨ।[146] ਹੰਕਾਰ ਅਤੇ ਸੱਤਾ ਦੇ ਨਸ਼ੇ ਵਿੱਚ ਡੁੱਬੇ ਹੋਏ ਅਜਿਹੇ ਪਾਤਸ਼ਾਹ ਅਤੇ ਸਰਦਾਰ ਮਿੱਟੀ ਨਾਲ ਮਿੱਟੀ ਹੁੰਦੇ ਵੇਖੇ ਜਾਂਦੇ ਹਨ, ਭਾਵ ਉਹਨਾਂ ਦਾ ਅੰਤ

ਨਿਸ਼ਚਿਤ ਹੈ । ਜੇ ਪਰਮਾਤਮਾਂ ਦੀ ਰਜ਼ਾ ਹੋਵੇ ਤਾਂ ਮੰਗਤੇ, ਪਾਤਸ਼ਾਹ ਅਤੇ ਪਾਤਸ਼ਾਹ ਮੰਗਣ ਲੱਗ ਜਾਂਦੇ ਹਨ :

- *ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ।।*
  *ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ।।*[147]
- *ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ।।*[148]
- *ਖਿਨ ਮਹਿ ਥਾਪਿ ਨਿਵਾਜੇ ਠਾਕੁਰ ਨੀਚ ਕੀਟ ਤੇ ਕਰਹਿ ਰਾਜੰਗਾ।।*[149]

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਅਜਿਹੇ ਹੰਕਾਰੀ ਅਤੇ ਅੱਤਿਆਚਾਰੀ ਰਾਜਿਆਂ ਨੂੰ ਮੌਤ ਉਪਰੰਤ ਜਮਾਂ ਦਾ ਦੁੱਖ ਸਹਿਣਾ ਪਵੇਗਾ।[150] ਵੱਖ-ਵੱਖ ਰਾਜਾਂ 'ਤੇ ਚੜ੍ਹਾਈਆਂ ਕਰਕੇ ਜ਼ੁਲਮ-ਅੱਤਿਆਚਾਰ ਕਰਨ ਵਾਲੇ ਇਹ ਰਾਜੇ ਹੰਕਾਰ ਵਿੱਚ ਹੀ ਬਰਬਾਦ ਹੋ ਜਾਂਦੇ ਹਨ, ਅਤੇ ਆਵਾਗਵਣ ਦੇ ਗੇੜ ਵਿੱਚ ਮੁੜ ਫਸ ਜਾਂਦੇ ਹਨ । ਇਨ੍ਹਾਂ ਦੀ ਸ਼ੋਭਾ ਥੋੜੇ ਚਿਰ ਲਈ ਹੁੰਦੀ ਹੈ :

- *ਹਉਮੈ ਕਰਿ ਰਾਜੇ ਬਹੁ ਧਾਵਹਿ।।*
  *ਹਉਮੈ ਖਪਹਿ ਜਨਮਿ ਮਰਿ ਆਵਹਿ।।*[151]
- *ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ।।*[152]
- *ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ।।*[153]

ਗੁਰਬਾਣੀ ਅਨੁਸਾਰ ਰਾਜ, ਸੱਤਾ, ਰਿਸ਼ਤੇ-ਨਾਤੇ ਅਤੇ ਪਦਾਰਥਾਂ ਦਾ ਮੋਹ ਕੁਝ ਸਮੇਂ ਲਈ ਸੁੱਖਾਂ ਦਾ ਭੁਲੇਖਾ ਪਾ ਸਕਦੇ ਹਨ, ਪਰ ਸੱਚ ਕੁਝ ਹੋਰ ਹੈ। ਮਨੁੱਖ ਦੇ ਹਿੱਸੇ ਵਿਚ ਕੁਝ ਅਨਾਜ ਦੇ ਦਾਣੇ ਅਤੇ ਟਕੇ ਹਨ, ਜਿਨ੍ਹਾਂ ਦਾ ਪ੍ਰਯੋਗ ਕਰਨ ਉਪਰੰਤ ਉਸਨੇ ਸੰਸਾਰ ਤੋਂ ਕੂਚ ਕਰ ਜਾਣਾ ਹੈ। ਜਮੀਨ-ਜਾਇਦਾਦਾਂ ਦੀ ਸਰਦਾਰੀ, ਮਲਕੀਅਤਾ ਝੂਠੀਆਂ ਹਨ। ਜਿਵੇਂ ਜੰਗਲ ਦੇ ਪੱਤਿਆਂ ਦੀ ਸਰਦਾਰੀ ਥੋੜ ਚਿਰੀ ਹੈ, ਉਸੇ ਤਰ੍ਹਾਂ ਇਹ ਸੰਸਾਰ ਦੀਆਂ ਸਰਦਾਰੀਆਂ ਵੀ ਸਦਾ ਲਈ ਨਹੀਂ ਰਹਿਣੀਆਂ। ਮਨੁੱਖ ਆਪਣੀਆਂ ਅੱਖਾਂ ਨਾਲ, ਆਪਣੇ ਨਾਲ ਦਿਆਂ ਨੂੰ, ਸੰਸਾਰ ਤੋਂ ਕੂਚ ਕਰਦੇ ਵੇਖਦਾ ਹੈ, ਫਿਰ ਵੀ ਹੰਕਾਰ ਅਤੇ ਮੋਹ ਨੂੰ ਨਹੀਂ ਛੱਡਦਾ। ਰਾਵਣ ਵਰਗੇ ਮਹਾਨ ਰਾਜਿਆਂ ਨੂੰ ਵੀ ਇਹ ਸੰਸਾਰ ਛੱਡ ਕੇ ਜਾਣਾ ਹੀ ਪਿਆ :

- *ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥*[154]
- *ਕਹਾ ਨਰ ਗਰਬਸਿ ਥੋਰੀ ਬਾਤ॥*

  *ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਡੌ ਟੇਢੌ ਜਾਤੁ॥੧॥*

  *ਬਹੁਤੁ ਪ੍ਰਤਾਪੁ ਗਾਉ ਸਉ ਪਾਏ ਦੁਇ ਲਖ ਟਕਾ ਬਰਾਤ॥*

  *ਦਿਵਸ ਚਾਰਿ ਕੀ ਕਰਹੁ ਸਾਹਿਬੀ ਜੈਸੇ ਬਨ ਹਰ ਪਾਤ॥*

  *ਨਾ ਕੋਊ ਲੈ ਆਇਓ ਇਹੁ ਧਨੁ ਕਾ ਨਾ ਕੋਊ ਲੈ ਜਾਤੁ॥*

  *ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ॥*[155]

ਗੁਰੂ ਸਾਹਿਬਾਨ ਹਾਲਾਤਾਂ ਅਨੁਸਾਰ ਆਮ ਜਨਤਾ ਦੇ ਮਨਾ ਵਿੱਚੋਂ ਰਾਜੇ ਦੇ ਭਿਆਨਕ ਡਰ ਨੂੰ ਖਤਮ ਕਰਨਾ ਚਾਹੁੰਦੇ ਸਨ। ਇਸੇ ਲਈ ਉਹਨਾਂ ਨੇ ਲੋਕਾਂ ਨੂੰ ਅਸਲੀ ਰਾਜ ਬਾਰੇ ਜਾਣਕਾਰੀ ਦਿੱਤੀ, ਜੋ ਕਿ ਕੇਵਲ ਸੱਚੇ ਪਰਮਾਤਮਾ ਦਾ ਰਾਜ ਹੈ। ਗੁਰੂ ਸਾਹਿਬਾਨ ਨੇ ਲੋਕਾਂ ਨੂੰ ਸਮਝਾਇਆ, ਕਿ ਇਹਨਾਂ ਰਾਜਿਆਂ ਉੱਪਰ ਵੀ ਇੱਕ ਰਾਜਾ ਹੈ, ਜਿਸ ਦੇ ਰਾਜ ਜਾਂ ਹਕੂਮਤ ਦਾ ਕਦੇ ਨਾਸ਼ ਨਹੀਂ ਹੁੰਦਾ। ਉਸ ਦਾ ਮੁਕਾਮ ਅਮਰ, ਅਡੋਲ ਅਤੇ ਅਸਥਿਰ ਹੈ।[156] ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਇਹਨਾਂ ਦੁਨਿਆਵੀ ਰਾਜਿਆਂ ਦੀ ਘਾੜਤ ਕਰਨ ਵਾਲਾ ਸੱਚਾ ਰਾਜਾ ਪਰਮਾਤਮਾ ਹੈ।[157] ਦੁਨਿਆਵੀ ਰਾਜੇ ਉਸ ਸੱਚੀ ਸਰਕਾਰ ਦੇ ਹੁਕਮ ਵਿੱਚ ਹੀ ਰਾਜ ਭੋਗਦੇ ਹਨ :

*ਸਚੇ ਕੀ ਸਿਰਕਾਰ ਜੁਗੁ ਜੁਗ ਜਾਣੀਐ॥*

*ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥*[158]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੱਸਿਆ ਗਿਆ ਕਿ ਅਸਲੀ ਰਾਜਾ ਪਰਮਾਤਮਾ ਆਪ ਹੀ ਹੈ, ਜਿਸਦੇ ਰਾਜ ਵਿਚ ਸਾਰਾ ਸੰਸਾਰ ਚਲਦਾ ਹੈ।[159] ਉਹ ਅਜਿਹਾ ਰਾਜਾ ਹੈ, ਜੋ ਸਦਾ ਸਲਾਮਤ ਰਹਿੰਦਾ ਹੈ, ਜਿਸ ਦਾ ਕਦੇ ਵਿਨਾਸ਼ ਨਹੀਂ ਹੁੰਦਾ।[160] ਕਿਤੇ ਉਹ ਰਾਜਾ ਬਣ ਕੇ ਵਿਚਰਦਾ ਹੈ, ਤੇ ਕਿਤੇ ਰਈਅਤ ਬਣ ਜਾਂਦਾ ਹੈ। ਘਟ-ਘਟ ਵਿਚ ਉਹ ਆਪ ਹੀ ਸੁਭਾਇਮਾਨ ਹੈ।[161] ਪਰਮਾਤਮਾ ਇਕ ਅਜਿਹਾ ਰਾਜਾ ਹੈ, ਜਿਸ ਕੋਲ ਸਾਰੀਆਂ ਨੇਕੀਆਂ ਦਾ ਖਜ਼ਾਨਾ ਹੈ ਜੋ ਸਭ ਨੂੰ ਵੰਡਦਾ ਹੈ ਅਤੇ ਕਦੇ ਖਜ਼ਾਨੇ ਵਿਚ ਤੋਟ ਨਹੀਂ ਆਉਂਦੀ।[162]

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਦੁਨਿਆਵੀ ਰਾਜਿਆਂ ਕੋਲ ਬੇਸ਼ੱਕ ਲੱਖਾਂ ਦੀ ਗਿਣਤੀ ਵਿੱਚ ਫੌਜਾਂ ਹੋਣ, ਲੱਖਾਂ ਲੋਕ ਉਨ੍ਹਾਂ ਨੂੰ ਸਲਾਮ ਕਰਦੇ ਹੋਣ, ਲੱਖਾਂ ਲੋਕਾਂ ਉੱਪਰ ਉਨ੍ਹਾਂ ਦਾ ਹੁਕਮ ਚੱਲਦਾ ਹੋਵੇ ਅਤੇ ਲੱਖਾਂ ਲੋਕ ਊਨਾਂ ਨੂੰ ਉੱਠ-ਉੱਠ ਕੇ ਸਤਿਕਾਰ ਦਿੰਦੇ ਹੋਣ, ਪਰੰਤੂ ਨੇਕੀ ਜਾਂ ਚੰਗਿਆਈ ਤੋਂ ਬਿਨਾਂ ਇਹ ਗੱਲਾਂ ਵਿਅਰਥ ਹਨ। ਅੱਗੇ ਪ੍ਰਭੂ ਦੀ ਦਰਗਾਹ ਵਿੱਚ ਅਜਿਹੇ ਲੋਕਾਂ ਨੂੰ ਕਸ਼ਟ ਸਹਾਰਣੇ ਪੈਂਦੇ ਹਨ।[163] ਜੇ ਪਰਮਾਤਮਾ ਇਨ੍ਹਾਂ ਰਾਜਿਆਂ 'ਤੇ ਕ੍ਰੋਪ ਕਰ ਦੇਵੇ, ਤਾਂ ਇਹਨਾਂ ਨੂੰ ਭਿਖਾਰੀ ਵੀ ਬਣਾ ਸਕਦਾ ਹੈ।[164] ਗੁਰੂ ਸਾਹਿਬ ਅਨੁਸਾਰ ਸੱਚਾ ਨਿਆਂ ਕੇਵਲ ਪਰਮਾਤਮਾ ਕਰਦਾ ਹੈ। ਉਸ ਲਈ ਸਭ ਜੀਵ ਸਮਾਨ ਹਨ ਅਤੇ ਉਸ ਦੀ ਸੱਚੀ ਹਕੂਮਤ ਵਿੱਚ ਅਨਿਆਂ ਦੀ ਕੋਈ ਹੋਂਦ ਨਹੀਂ ਹੈ:

- *ਸਚਾ ਸੋ ਸਾਹਿਬੁ ਸਚੁ ਤਪਾਵਸੁ*
  *ਸਚੜਾ ਨਿਆਉ ਕਰੇਗੁ ਮਸੋਲਾ।।*[165]
- *ਸਚੈ ਤਖਤਿ ਬੈਠਾ ਨਿਆਉ ਕਰਿ ਸਤਸੰਗਤਿ ਮੇਲਿ ਮਿਲਾਈ।।*[166]
- *ਸਚਾ ਆਪਿ ਤਖਤੁ ਸਚਾ ਬਹਿ ਸਚਾ ਕਰੇ ਨਿਆਉ।।*[167]
- *ਸਚਾ ਸਾਹਿਬੁ ਸਚੁ ਨਿਆਉ।।*[168]

ਨੈਤਿਕ ਦ੍ਰਿਸ਼ਟੀਕੋਣ ਤੋਂ ਸਭ ਤੋਂ ਵੱਧ ਅਹਿਮੀਅਤ ਨਿਆਂ ਦੀ ਹੈ, ਕਿਸੇ ਵੀ ਮੁੱਦੇ ਵਿੱਚ ਅਨਿਆਂ ਦੀ ਕਾਰਗੁਜਾਰੀ ਅਨੈਤਿਕਤਾ ਅਖਵਾਉਂਦੀ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਜੇ ਦੇ ਕਰਤੱਵਾਂ ਨੂੰ ਵਾਚਦਿਆਂ ਨਿਆਂ ਦੀ ਗੱਲ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਰਾਜਾ ਅਜਿਹਾ ਹੋਣਾ ਚਾਹੀਦਾ ਹੈ, ਜੋ ਪਰਮਾਤਮਾ ਦੇ ਹੁਕਮ ਨੂੰ ਮੰਨਦਾ ਹੋਇਆ, ਸਾਰੀ ਮਨੁੱਖਤਾ ਨੂੰ ਇੱਕ ਸਮਾਨ ਦ੍ਰਿਸ਼ਟੀ ਤੋਂ ਵੇਖੇ ਅਤੇ ਸਮਾਜ ਵਿੱਚ ਧਰਮ ਅਤੇ ਨਿਆਂ ਨੂੰ ਸਥਾਪਿਤ ਕਰੇ :

*ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ।।*[169]

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦ੍ਰਿਸ਼ਟੀ ਵਿੱਚ ਅਜਿਹਾ ਰਾਜਾ ਹੀ ਤਖ਼ਤ 'ਤੇ ਬੈਠਣ ਦੇ ਲਾਇਕ ਹੁੰਦਾ ਹੈ।[170] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਜੇ ਦੇ ਸਮਾਜਿਕ ਗੁਣਾਂ ਦੇ ਨਾਲ-ਨਾਲ ਉਸ ਦੇ ਵਿਅਕਤੀਗਤ ਗੁਣਾਂ ਨੂੰ ਵੀ ਜ਼ਰੂਰੀ ਦੱਸਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਉਹੀ ਮਨੁੱਖ ਪਰਧਾਨ ਹੋਣਾ ਚਾਹੀਦਾ ਹੈ, ਜਿਸ ਵਿੱਚ ਜੀਵਾਂ ਪ੍ਰਤੀ ਦਇਆ, ਖਿਮਾ, ਸੱਚ

ਅਤੇ ਸੰਤੋਖ ਵਰਗੇ ਗੁਣ ਸ਼ਾਮਿਲ ਹੋਣ।[171] ਰਾਜੇ ਜਾਂ ਸਰਦਾਰ ਦੇ ਸੰਕਲਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਨੈਤਿਕ ਗੁਣਾਂ ਦੇ ਧਾਰਨੀ ਨੂੰ ਹੀ ਇੱਕ ਆਦਰਸ਼ਵਾਦੀ ਰਾਜਾ ਸਵੀਕਾਰ ਕੀਤਾ ਹੈ :

*ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ।।*[172]

ਕਾਨੂੰਨੀ ਅਨਿਆਂ ਨੂੰ ਵਿਸ਼ਾਲ ਅਰਥਾਂ ਵਿੱਚ ਸਪੱਸ਼ਟ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਬਾਬਰ ਦੇ ਹਮਲੇ ਦਾ ਜ਼ਿਕਰ ਵੀ ਆਪਣੀ ਬਾਣੀ ਵਿੱਚ ਕੀਤਾ ਹੈ, ਜਿਸ ਵਿੱਚ ਉਸ ਨੇ ਅਨੇਕਾਂ ਹੀ ਕਮਜ਼ੋਰਾਂ ਅਤੇ ਮਜ਼ਲੂਮਾਂ ਉੱਤੇ ਬੇਅੰਤ ਜ਼ੁਲਮ ਅਤੇ ਅੱਤਿਆਚਾਰ ਕੀਤੇ।[173] ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਉਹ ਰਾਜਾ ਆਦਰਸ਼ਵਾਦੀ ਨਹੀਂ ਹੋ ਸਕਦਾ, ਜੋ ਅਨਿਆਂ, ਮਨਮਾਨੀ ਜਾਂ ਰਿਸ਼ਵਤ ਲੈ ਕੇ ਫੈਸਲਾ ਕਰਦਾ ਹੈ।[174] ਰਾਜ ਵਿਚਲੇ ਕਾਨੂੰਨਾਂ ਦੀ ਵਿਵਸਥਾ ਨੂੰ ਸਹੀ ਰੱਖਣ ਲਈ ਦੰਡ ਦੀ ਧਾਰਣਾ ਦਾ ਹੋਣਾ ਲਾਜ਼ਮੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਪਰਜਾ ਦੇ ਮਨ ਵਿੱਚ ਦੰਡ ਦਾ ਡਰ ਹੋਣਾ ਜ਼ਰੂਰੀ ਹੈ ਤਾਂ ਜੋ ਉਹ ਕਾਨੂੰਨੀ ਵਿਵਸਥਾ ਨੂੰ ਭੰਗ ਨਾ ਕਰਨ।ਬੁਰੇ ਕਰਮ ਕਰਨ ਵਾਲੇ ਨੂੰ ਸਜ਼ਾ ਮਿਲਣੀ ਜਰੂਰੀ ਹੈ, ਤਾਂ ਜੋ ਉਹ ਅੱਗੇ ਤੋਂ ਅਪਰਾਧ ਨਾ ਕਰੇ।[175] ਰਾਜ ਦੀ ਕਾਨੂੰਨੀ ਵਿਵਸਥਾ ਨੂੰ ਨੈਤਿਕਤਾ ਦੇ ਅਧਾਰ 'ਤੇ ਚਲਾਉਣਾ, ਰਾਜੇ ਦਾ ਕਰਤੱਵ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਨੂੰ ਦੰਡ ਦੇਣ ਵਿੱਚ ਯਕੀਨ ਰੱਖਦੀ ਹੈ। ਉਹ ਕਾਨੂੰਨ ਚਾਹੇ ਦੈਵੀ ਹੋਵੇ ਜਾਂ ਫਿਰ ਦੁਨਿਆਵੀ।

ਅਜ਼ਾਦੀ ਮਾਨਣਾ ਹਰ ਇੱਕ ਮਨੁੱਖ ਦੀ ਸਰਵੋਤਮ ਇੱਛਾ ਹੈ, ਕਿਉਂਕਿ ਅਜ਼ਾਦ ਮਨੁੱਖ ਹੀ ਸਮੁੱਚੇ ਰੂਪ ਵਿੱਚ ਆਪਣੀ ਸ਼ਖ਼ਸੀਅਤ ਦਾ ਵਿਕਾਸ ਕਰ ਸਕਦਾ ਹੈ। ਪਰੰਤੂ ਅਜ਼ਾਦੀ ਤੋਂ ਭਾਵ ਅਨੁਸ਼ਾਸਨ ਜਾਂ ਕਾਨੂੰਨ ਨੂੰ ਭੰਗ ਕਰਨਾ ਨਹੀਂ ਹੈ, ਬਲਕਿ ਅਨੁਸ਼ਾਸਨ ਦੀ ਪਾਲਣਾ ਕਰਨਾ ਇੱਕ ਆਦਰਸ਼ਵਾਦੀ ਮਨੁੱਖ ਦਾ ਕਰਤੱਵ ਹੈ। ਸਮਾਜਿਕ ਸੁਤੰਤਰਤਾ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖ ਦੀ ਵਿਅਕਤੀਗਤ ਸੁਤੰਤਰਤਾ ਨੂੰ ਵੀ ਅਹਿਮੀਅਤ ਦਿੰਦੇ ਹਨ, ਜੋ ਕਿ ਅਸਲੀ ਸੁਤੰਤਰਤਾ ਹੈ, ਜਿਸ ਨੂੰ ਧਾਰਮਿਕ ਸ਼ਬਦਾਂ ਵਿੱਚ ਅਸੀਂ ਮੁਕਤੀ ਵੀ ਕਹਿ ਸਕਦੇ ਹਾਂ।[176] ਸੋ ਉਸ ਸਮੇਂ ਦੇ ਹਾਲਾਤਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਨੂੰਨੀ ਨਿਆਂ ਉੱਪਰ ਜੋ ਵਿਚਾਰ ਕੀਤੀ ਹੈ, ਉਹ ਨੈਤਿਕ ਦ੍ਰਿਸ਼ਟੀਕੋਣ ਤੋਂ ਆਧੁਨਿਕ ਯੁਗ ਵਿੱਚ ਵੀ

ਕਾਫ਼ੀ ਮਹੱਤਵ ਰੱਖਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਨੂੰਨੀ ਨੈਤਿਕਤਾ ਦੇ ਪੱਖ ਤੋਂ ਮਨੁੱਖੀ ਨਿਆਂ, ਸੁਤੰਤਰਤਾ ਅਤੇ ਸਮਾਨਤਾ ਨੂੰ ਮਨੁੱਖ ਦੇ ਬੁਨਿਆਦੀ ਅਧਿਕਾਰ ਦੱਸਿਆ ਗਿਆ ਹੈ, ਜੋ ਹਰ ਮਨੁੱਖ ਨੂੰ ਮਿਲਣੇ ਜ਼ਰੂਰੀ ਹਨ।

### 4.4 ਖੇਤੀਬਾੜੀ ਨੈਤਿਕਤਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਖੇਤੀਬਾੜੀ ਕਿੱਤੇ ਦੇ ਸੰਦਰਭ ਵਿਚ ਅਨੇਕਾਂ ਫਸਲਾਂ, ਇਨ੍ਹਾਂ ਨੂੰ ਬੀਜਣ ਦੇ ਢੰਗ ਅਤੇ ਸਾਧਨਾਂ ਦਾ ਵਰਣਨ ਮਿਲਦਾ ਹੈ। ਮਨੁੱਖੀ ਆਚਰਣ ਨੂੰ ਸੁਧਾਰਨ ਲਈ ਚੰਗੇ-ਮਾੜੇ ਕਰਮਾਂ ਦੇ ਫਲ ਜਾਂ ਸਿੱਟਾ ਨਿਕਲਣ ਦਾ ਵਰਣਨ, ਖੇਤੀ ਦੇ ਸੰਦਰਭ ਵਿਚ ਸਮਝਾਇਆ ਗਿਆ ਹੈ ਕਿ ਮਨੁੱਖ ਜਿਹੋ ਜਿਹਾ ਬੀਜ ਬੀਜਦਾ ਹੈ, ਉਹੋ ਜਿਹਾ ਫਲ ਉਸਨੂੰ ਪ੍ਰਾਪਤ ਹੁੰਦਾ ਹੈ :

- *ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ।।*[177]
- *ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ।।*[178]
- *ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ।।*[179]

ਮਨੁੱਖ ਦੁਆਰਾ ਕੀਤੇ ਕਰਮਾਂ ਦਾ ਫਲ ਭੋਗਣ ਦਾ ਵਿਚਾਰ, ਮਨੁੱਖ ਨੂੰ ਸੱਚ ਦੇ ਰਸਤੇ ਉਪਰ ਤੁਰਨ ਅਤੇ ਮਾੜੇ ਕਰਮਾਂ ਤੋਂ ਸੁਚੇਤ ਰਹਿਣ ਲਈ ਪ੍ਰੇਰਦਾ ਹੈ। ਸੱਚ ਨੂੰ ਬੀਜਣ ਨਾਲ ਸਦੀਵੀ ਸੁੱਖ ਅਤੇ ਲਾਭ ਪ੍ਰਾਪਤ ਹੁੰਦਾ ਹੈ। ਜਦੋਂ ਕਿ ਹਉਮੈਂ ਦਾ ਬੀਜ ਦੁਖਦਾਈ ਸਾਬਿਤ ਹੁੰਦਾ ਹੈ :

*ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ।।*
*ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ।।*
*ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ।।*
*ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ।।*[180]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦਾ ਵਿਸ਼ੇਸ਼ ਲੱਛਣ ਇਹ ਹੈ, ਕਿ ਇਸ ਵਿੱਚ ਪਰਾਲੌਕਿਕ ਜਗਤ ਦੀ ਸੂਝ ਲੌਕਿਕ ਜਗਤ ਦੀਆਂ ਉਦਾਹਰਣਾਂ ਸਾਹਿਤ ਦਿੱਤੀ ਗਈ ਹੈ, ਜਿਸ ਵਿੱਚ ਮਨੁੱਖ ਦੇ ਲੌਕਿਕ ਜੀਵਨ ਵਿਚਲੀ ਮਹੱਤਤਾ ਦਾ ਵੀ ਸਪੱਸ਼ਟੀਕਰਨ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਾਰ-ਵਾਰ ਮਨੁੱਖ ਨੂੰ ਪਰਾਲੌਕਿਕ ਅਨੰਦ ਨੂੰ ਮਾਨਣ ਲਈ,

ਲੌਕਿਕ ਜਗਤ ਵਿੱਚ ਸੰਪੂਰਨ ਨੈਤਿਕਤਾ ਨੂੰ ਗ੍ਰਹਿਣ ਕਰਨ ਦੀ ਪ੍ਰੇਰਣਾ ਦੇ ਰਹੇ ਹਨ। ਖੇਤੀਬਾੜੀ ਨੈਤਿਕਤਾ ਦੇ ਸੰਬੰਧ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਪ੍ਰਮੁੱਖ ਅਧਾਰ ਅਧਿਆਤਮਿਕਤਾ ਹੈ, ਜਿਸ ਦਾ ਜ਼ਿਕਰ ਪਿੱਛੇ ਕਰ ਚੁੱਕੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਖੇਤੀ ਕਰਨ ਲਈ ਕਿਸਾਨ ਵਿੱਚ ਮਿਹਨਤ, ਮੁਸ਼ੱਕਤ, ਸੰਤੋਖ, ਨਿਮਰਤਾ ਅਤੇ ਲਗਨ ਵਰਗੇ ਨੈਤਿਕ ਗੁਣਾਂ ਦਾ ਹੋਣਾ ਬਹੁਤ ਜ਼ਰੂਰੀ ਹੈ, ਤਾਂ ਹੀ ਇਸ ਕਿੱਤੇ ਵਿੱਚ ਕਿਸਾਨ ਨੂੰ ਸਫਲਤਾ ਮਿਲ ਸਕਦੀ ਹੈ :

*- ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥*
*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥*[181]

*- ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ*
*ਮੂੜੇ ਏਵ ਜਾਣੀ॥*[182]

ਕਿਸਾਨ ਨੂੰ ਅਜਿਹੀ ਖੇਤੀ ਕਰਨੀ ਚਾਹੀਦੀ ਹੈ, ਜੋ ਸੱਚ 'ਤੇ ਅਧਾਰਿਤ ਹੋਵੇ, ਭਾਵ ਜਿਸ ਵਿੱਚ ਅਧਿਆਤਮਿਕ ਜੀਵਨ ਦਾ ਰਸ ਭਰਿਆ ਹੋਵੇ, ਅਤੇ ਝੂਠ, ਠੱਗੀ-ਠੋਰੀ ਜਾਂ ਬੇਇਮਾਨੀ ਦੀ ਕੋਈ ਬੁਨਿਆਦ ਨਾ ਹੋਵੇ। ਬੇਸ਼ਕ ਕਿਸਾਨ ਆਜੀਵਕਾ ਵਾਸਤੇ ਖੇਤੀ-ਵਾਹੀ ਕਰਦੇ ਹਨ ਅਤੇ ਮਿਹਨਤ ਅਤੇ ਕਿਰਤ ਕਰਨੀ ਵੀ ਚਾਹੀਦੀ ਹੈ, ਪਰ ਸਿਮਰਨ ਤੋਂ ਬਿਨਾਂ ਇਹ ਖੇਤੀ-ਵਾਹੀ ਬੰਧਨ ਬਣ ਜਾਂਦੀ ਹੈ।[183] ਕਿਉਂਕਿ ਅਜਿਹੀ ਖੇਤੀ ਕਰਨ ਨਾਲ ਖੁਆਰ ਹੀ ਹੋਣਾ ਪੈਂਦਾ ਹੈ :

*ਖੇਤੀ ਵਣਜੁ ਨਾਵੈ ਕੀ ਓਟ॥ ਪਾਪ ਪੁੰਨੁ ਬੀਜ ਕੀ ਪੋਟ॥*
*ਕਾਮੁ ਕ੍ਰੋਧੁ ਜੀਅ ਮਹਿ ਚੋਟ॥ ਨਾਮੁ ਵਿਸਾਰਿ ਚਲੇ ਮਨਿ ਖੋਟ॥*[184]

ਇਸ ਲਈ ਜ਼ਰੂਰੀ ਹੈ, ਕਿ ਕਿਸਾਨ ਚੰਗੇ ਅਮਲਾਂ ਉੱਪਰ ਚੱਲਦਾ ਹੋਇਆ ਖੇਤੀ ਕਰੇ ਅਤੇ ਈਮਾਨਦਾਰੀ ਵਰਗੇ ਪਵਿੱਤਰ ਗੁਣਾਂ ਦਾ ਧਾਰਨੀ ਬਣੇ।[185] ਸੱਚੇ ਅਮਲਾਂ ਉੱਪਰ ਚੱਲਦਾ ਹੋਇਆ ਅਜਿਹਾ ਕਿਸਾਨ ਇੱਕ ਦਿਨ ਸੱਚੇ ਦੀ ਦਰਗਾਹ ਵਿੱਚ ਪ੍ਰਵਾਨ ਹੋ ਜਾਂਦਾ ਹੈ, ਅਤੇ ਨਿਰਬਾਣ ਪਦਵੀ ਦਾ ਹੱਕਦਾਰ ਬਣਦਾ ਹੈ :

*ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ।।*

*ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ।।*[186]

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਮਨੁੱਖ ਜਿਹੋ ਜਿਹੀ ਕਿਰਤ ਜਾਂ ਕਰਮ ਕਰਦਾ ਹੈ, ਉਸ ਨੂੰ ਉਹੋ ਜਿਹਾ ਫਲ ਹੀ ਮਿਲਦਾ ਹੈ, ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਲੋਭ-ਲਾਲਚ ਵਰਗੇ ਵਿਕਾਰਾਂ ਨੂੰ ਤ੍ਰਿਸਕਾਰਦੇ ਹੋਏ ਮਨੁੱਖ ਨੂੰ ਸੱਚ ਦੀ ਟੇਕ ਵਿੱਚ ਰਹਿਣ ਲਈ ਆਖਦੇ ਹਨ।[187] ਸੱਚ ਦੀ ਟੇਕ ਵਿੱਚ ਰਹਿਣ ਵਾਲੇ ਮਨੁੱਖ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਚਿਆਰ ਕਹਿ ਕੇ ਸਤਿਕਾਰ ਦਿੱਤਾ ਗਿਆ ਹੈ। ਕਿਉਂਕਿ ਉਸ ਦੁਆਰਾ ਕੀਤਾ ਜਾਣ ਵਾਲਾ ਹਰ ਕਰਮ ਸੱਚ 'ਤੇ ਅਧਾਰਿਤ ਹੁੰਦਾ ਹੈ।[188] ਇਸ ਦੇ ਉਲਟ ਧਨ ਦਾ ਲਾਲਚ ਕਰਨ ਵਾਲੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗਵਾਰ ਆਖਿਆ ਗਿਆ ਹੈ, ਜੋ ਕੱਚੇ ਧਨ ਦਾ ਘਾਟਾ ਪੈਣ 'ਤੇ ਝੂਰਦਾ ਰਹਿੰਦਾ ਹੈ। ਅਜਿਹੇ ਮਨੁੱਖ ਵਿਰਲੇ ਹੀ ਹੁੰਦੇ ਹਨ, ਜੋ ਨਾਮ ਰੂਪੀ ਸੱਚੇ ਧਨ ਨਾਲ ਪਿਆਰ ਕਰਦੇ ਹਨ।[189] ਮਨੁੱਖ ਦੁਆਰਾ ਵਿਵਹਾਰਿਕ ਤੌਰ 'ਤੇ ਹੋਣ ਵਾਲੇ ਨੈਤਿਕ ਜਾਂ ਅਨੈਤਿਕ ਕਰਮਾਂ ਦਾ ਫੈਸਲਾ ਉਸ ਦੇ ਮਨ 'ਤੇ ਨਿਰਭਰ ਹੈ।

ਮਨੁੱਖ ਦੇ ਅਨੈਤਿਕ ਕਰਮਾਂ ਪਿੱਛੇ ਮਨ ਦੀ ਅਗਵਾਈ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੁਆਰਾ ਹੁੰਦੀ ਹੈ। ਗੁਰਬਾਣੀ ਅਨੁਸਾਰ ਮਨਮੁਖ ਸਾਉਣੀ ਅਤੇ ਹਾੜੀ ਦੀਆਂ ਫਸਲਾਂ, ਕਾਮ ਅਤੇ ਕ੍ਰੋਧ ਰੂਪੀ ਪੈਲੀਆਂ ਵਿਚ ਬੀਜਦਾ ਹੈ। ਉਹ ਆਪਣੀ ਰਾਤ, ਕਾਮ ਅਧੀਨ, ਅਤੇ ਦਿਨ ਕ੍ਰੋਧ ਅਧੀਨ ਗੁਜ਼ਾਰਦਾ ਹੈ। ਉਹ ਜੀਵਨ ਰੂਪੀ ਖੇਤ ਵਿਚ ਝੂਠ ਦਾ ਬੀਜ ਬੀਜਦਾ ਹੈ, ਅਤੇ ਸੁਨਿਹਰੀ ਸਮੇਂ ਨੂੰ ਸੰਸਾਰੀ ਮਮਤਾ ਵਿਚ ਗੁਆ ਬੈਠਦਾ ਹੈ।[190] ਜਦੋਂ ਕਿ ਨੈਤਿਕ ਕਰਮ ਸਦਗੁਣਾਂ ਦੀ ਅਗਵਾਈ ਵਿੱਚ ਕੀਤੇ ਜਾਂਦੇ ਹਨ। ਅਸਲੀ ਖੇਤੀ ਉਹ ਹੈ, ਜਿਸ ਵਿਚ ਮਨ-ਰੂਪੀ ਖੇਤ ਵਿਚੋਂ ਵਿਸ਼ੇ-ਵਿਕਾਰਾਂ ਦੀ ਜੜ੍ਹ ਨੂੰ ਪੁੱਟ ਕੇ ਸਿੱਟ ਦਿੱਤਾ ਜਾਵੇ, ਜਿਵੇਂ ਖੇਤ ਵਿਚੋਂ ਘਾਹ ਨੂੰ ਪੁੱਟ ਦਿੱਤਾ ਜਾਂਦਾ ਹੈ ਅਤੇ ਸੱਚ ਨਾਲ ਪਿਆਰ ਪਾਇਆ ਜਾਵੇ।[191] ਕਿਉਂਕਿ ਸਾਡੀ ਰੋਜ਼ੀ-ਰੋਟੀ ਦਾ ਫਿਕਰ ਉਸ ਅਕਾਲ ਪੁਰਖ ਨੂੰ ਹੈ, ਜਿਸ ਨੇ ਸਾਨੂੰ ਪੈਦਾ ਕੀਤਾ ਹੈ। ਉਹ ਦਿਆਲ ਪਰਮਾਤਮਾ ਪਾਣੀ ਵਿਚ ਰਹਿਣ ਵਾਲੇ, ਭਾਵ ਸਾਰੇ ਜੀਵਾਂ ਦੀ ਰਖਵਾਲੀ ਕਰਦਾ ਹੈ।[192] ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਸਾਨ ਨੂੰ ਖੇਤੀ ਦੇ ਆਦਰਸ਼ ਨੂੰ ਸਮਝਾਉਂਦਿਆਂ, ਇਹਨਾਂ ਪੰਜਾਂ ਵਿਕਾਰਾਂ ਤੋਂ ਸੁਚੇਤ ਰਹਿਣ ਲਈ ਕਹਿੰਦੇ ਹਨ

ਅਤੇ ਸੱਚ, ਸੰਤੋਖ, ਪਿਆਰ, ਨਿਮਰਤਾ ਅਤੇ ਪ੍ਰਭੂ ਪ੍ਰੇਮ ਵਰਗੇ ਸਦਗੁਣਾਂ ਨੂੰ ਗ੍ਰਹਿਣ ਕਰਨ ਲਈ ਪ੍ਰੇਰਦੇ ਹਨ :

*ਭਉ ਭੁਇ ਪਵਿਤੁ ਪਾਣੀ ਸਤੁ ਸੰਤੋਖੁ ਬਲੇਦ॥*
*ਹਲੁ ਹਲੇਮੀ ਹਾਲੀ ਚਿਤੁ ਚੇਤਾ ਵਤ੍ਰ ਵਖਤ ਸੰਜੋਗੁ॥*
*ਨਾਉ ਬੀਜੁ ਬਖਸੀਸ ਬੋਹਲ ਦੁਨੀਆ ਸਗਲ ਦਰੋਗ॥*
*ਨਾਨਕ ਨਦਰੀ ਕਰਮੁ ਹੋਇ ਜਾਵਹਿ ਸਗਲ ਵਿਜੋਗ॥*[193]

ਖੇਤੀ ਦੇ ਸੰਦਰਭ ਵਿਚ ਗੁਰਬਾਣੀ ਨੇ ਮਨੁੱਖ ਨੂੰ ਨੈਤਿਕਤਾ ਦੇ ਰਸਤੇ ਉਪਰ ਤੁਰਨ ਦਾ ਉਪਦੇਸ਼ ਦਿੱਤਾ ਹੈ। ਚੰਗੇ ਅਤੇ ਮਾੜੇ ਕਰਮਾਂ ਬਾਰੇ ਜਾਣਕਾਰੀ ਅਤੇ ਉਨ੍ਹਾਂ ਦੇ ਫਲ ਜਾਂ ਨਤੀਜੇ ਬਾਰੇ ਜਾਣਕਾਰੀ ਦਿੱਤੀ ਹੈ, ਤਾਂ ਜੋ ਮਨੁੱਖ ਨੇਕੀ ਦੇ ਰਸਤੇ ਨੂੰ ਚੁਣ ਸਕੇ। ਜੱਟ ਭਾਵ ਕਿਸਾਨ ਜੇਕਰ ਚੰਗੀ ਖੇਤੀ ਕਰੇਗਾ, ਤਾਂ ਹੀ ਚੰਗਾ ਫਲ ਮਿਲੇਗਾ। ਜੇ ਕੋਈ ਕਿਸਾਨ ਕਿੱਕਰ ਬੀਜ਼ ਕੇ ਬਿਜੋਰੀ ਦਾਖਾ ਦੀ ਆਸ ਰੱਖੇ, ਤਾਂ ਇਹ ਕਦੇ ਨਹੀਂ ਹੋ ਸਕਦਾ, ਭਾਵ ਜਿਹੋ ਜਿਹੇ ਕਰਮ ਮਨੁੱਖ ਕਰਦਾ ਹੈ, ਉਸ ਨੂੰ ਫਲ ਵੀ ਉਹੋ ਜਿਹਾ ਹੀ ਮਿਲਦਾ ਹੈ। ਗੁਰਬਾਣੀ ਵਿਚ ਇਸ ਤਰ੍ਹਾਂ ਜਿੱਥੇ ਮਨੁੱਖ ਨੂੰ ਆਪਣੀ ਕਿਰਤ ਪ੍ਰਤੀ ਵਫ਼ਾਦਾਰ ਅਤੇ ਈਮਾਨ ਨੂੰ ਨਾਲ ਲੈ ਕੇ ਤੁਰਨ ਦੀ ਗੱਲ ਹੈ, ਉਥੇ ਉਸ ਦੇ ਵਿਅਕਤੀਗਤ ਜੀਵਨ ਨਾਲ ਸਬੰਧਿਤ ਸੁਚੱਜੇ ਆਚਰਣ ਨੂੰ ਅਪਨਾਉਣ ਦੀ ਵੀ ਗੱਲ ਕੀਤੀ ਗਈ ਹੈ :

*ਫਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ ਜਟੁ।*
*ਹੰਢੈ ਉਨ ਕਤਾਇਦਾ ਪੈਦਾ ਲੋੜੈ ਪਟੁ॥*[194]

ਕਿਰਤ ਭਾਵੇਂ ਕੋਈ ਵੀ ਹੈ, ਗੁਰਬਾਣੀ ਉਸ ਦੇ ਪਿੱਛੇ ਸਹੀ ਉਦੇਸ਼, ਸਹੀ ਭਾਵਨਾ ਅਤੇ ਸਹੀ ਸਾਧਨਾਂ ਨੂੰ ਵਰਤਣ ਦਾ ਉਪਦੇਸ਼ ਦਿੰਦੀ ਹੈ। ਰਹਿਤਨਾਮੇ ਅਤੇ ਹੋਰ ਸਿੱਖ ਗ੍ਰੰਥ ਵੀ ਮਨੁੱਖ ਨੂੰ ਵਾਰ-ਵਾਰ ਧਰਮ ਅਧਾਰਿਤ ਕਿਰਤ ਕਰਨ ਦਾ ਉਪਦੇਸ਼ ਦਿੰਦੇ ਹਨ :

*ਖੇਤੀ ਵਣਜ ਵ ਸਿਲਪ ਬਣਾਵੈ। ਔਰ ਟਹਿਲ ਜੋ ਮਨ ਮੋ ਭਾਵੈ॥*
*ਦਿੜ੍ਹ ਹੁਈ ਸੋਇ ਕਾਰ ਕਮਾਵੈ। ਚੋਰੀ ਡਾਕੇ ਕਬਹਿ ਨ ਜਾਵੈ।*[195]

ਸੱਚ ਜਾਂ ਧਰਮ ਦੀ ਕਿਰਤ ਕਰਨ ਵਾਲਾ ਮਨੁੱਖ ਹਮੇਸ਼ਾ ਸ਼ਾਂਤ ਅਤੇ ਸੰਤੁਸ਼ਟ ਰਹਿੰਦਾ ਹੈ। ਸੁੱਚੀ ਜਾਂ ਸੱਚੀ ਕਿਰਤ ਦੇ ਸੰਕਲਪ ਨੂੰ ਇੱਕ ਹੋਰ ਦ੍ਰਿਸ਼ਟੀਕੋਣ ਤੋਂ ਵੀ ਸਮਝਾਇਆ

ਜਾ ਸਕਦਾ ਹੈ। ਉਹ ਦ੍ਰਿਸ਼ਟੀਕੋਣ ਇਹ ਹੈ ਕਿ ਪਰਮਾਤਮਾ ਸਾਰੇ ਮਨੁੱਖਾਂ ਵਿੱਚ ਵੱਸਦਾ ਹੈ। ਇਸ ਲਈ ਆਪਣੀ ਰੋਜ਼ੀ ਲਈ ਕਿਸੇ ਵੀ ਮਨੁੱਖ ਦਾ ਦਿਲ ਦੁਖਾਉਣਾ ਸੱਚੀ ਕਾਰ ਨਹੀਂ ਅਖਵਾ ਸਕਦਾ।[196] ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦ੍ਰਿਸ਼ਟੀ ਵਿੱਚ ਸੱਚੀ ਕਿਰਤ ਉਹ ਹੀ ਹੋ ਸਕਦੀ ਹੈ, ਜੋ ਧਰਮ ਅਧਾਰਿਤ ਹੋਵੇ। ਧਰਮ ਜਾਂ ਪਰਮਾਤਮਾ ਨੂੰ ਵਿਸਾਰ ਕੇ ਮਨੁੱਖ ਕਦੇ ਵੀ ਸੱਚਾਈ ਅਤੇ ਈਮਾਨਦਾਰੀ ਦੇ ਰਸਤੇ ਉੱਪਰ ਨਹੀਂ ਤੁਰ ਸਕਦਾ। ਇਸ ਲਈ ਮਨੁੱਖ ਦੇ ਨੈਤਿਕ ਜੀਵਨ ਲਈ ਆਤਮਿਕ ਜੀਵਨ ਅਤੇ ਆਤਮਿਕ ਜੀਵਨ ਲਈ ਨੈਤਿਕ ਜੀਵਨ ਦਾ ਹੋਣਾ ਜਰੂਰੀ ਹੈ। ਦੋਨਾਂ ਦੀ ਹੋਂਦ ਸਦਕਾ ਮਨੁੱਖ ਦੀ ਸਮੁੱਚੀ ਸ਼ਖ਼ਸੀਅਤ ਦਾ ਵਿਕਾਸ ਸੰਭਵ ਹੈ। **ਡਾ. ਤਾਰਨ ਸਿੰਘ** ਅਨੁਸਾਰ, ''ਸਦਾਚਾਰ ਹੀ ਨਾਮ ਭਗਤੀ ਦੀ ਉਪਜ ਹੈ। ਸਦਾਚਾਰਕ ਧਰਮ ਦੀ ਪ੍ਰਾਪਤੀ ਤੋਂ ਮਗਰੋਂ ਹੀ ਕੋਈ ਹੋਰ ਆਤਮਕ ਪ੍ਰਾਪਤੀ ਸੰਭਵ ਹੈ।''[197] ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੱਚੀ ਖੇਤੀ ਉਸ ਨੂੰ ਮੰਨਿਆ ਗਿਆ ਹੈ, ਜਿਸ ਵਿੱਚ ਕਿਸਾਨ ਨੈਤਿਕ ਗੁਣਾਂ ਦਾ ਧਾਰਨੀ ਹੋਵੇ।[198] ਅਧਿਆਤਮਿਕ ਪੱਖ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਭ ਤੋਂ ਵੱਡਾ ਕਿਸਾਨ ਉਸ ਪਰਮਾਤਮਾ ਨੂੰ ਮੰਨਦੇ ਹਨ, ਜਿਸ ਨੇ ਸਾਰੀ ਕਾਇਨਾਤ ਨੂੰ ਪੈਦਾ ਕੀਤਾ ਹੈ, ਅਤੇ ਜੋ ਕਦੇ ਵੀ ਕੋਈ ਭੁੱਲ ਨਹੀਂ ਕਰਦਾ :

*- ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ।।*
*ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ।।*[199]

*- ਹਰਿ ਪ੍ਰਭ ਕਾ ਸਭੁ ਖੇਤੁ ਹੈ ਹਰਿ ਆਪਿ ਕਿਰਸਾਣੀ ਲਾਇਆ।।*[200]

ਨੈਤਿਕ ਦ੍ਰਿਸ਼ਟੀਕੋਣ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਸਾਨ ਰੂਪੀ ਕਿਰਤੀ ਨੂੰ ਸੰਸਾਰਿਕ ਪੱਖ ਤੋਂ ਧਰਮ ਦੀ ਕਿਰਤ ਕਰਨ ਦੇ ਨਾਲ-ਨਾਲ ਅਧਿਆਤਮਿਕ ਜੀਵਨ ਵਿੱਚ ਵੀ ਵਿਕਾਸ ਕਰਨ ਦੀ ਪ੍ਰੇਰਣਾ ਦਿੱਤੀ ਹੈ, ਤਾਂ ਹੀ ਸਦੀਵੀ ਸੱਚ ਨੂੰ ਹਾਸਿਲ ਕੀਤਾ ਜਾ ਸਕਦਾ ਹੈ :

*- ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ।।*
*ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ।।*[201]

*- ਖੇਤੁ ਪਛਾਣੈ ਬੀਜੈ ਦਾਨੁ।। ਸੋ ਖਤ੍ਰੀ ਦਰਗਹ ਪਰਵਾਣੁ।।*[202]

## 4.5 ਚਿਕਿਤਸਕ ਨੈਤਿਕਤਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਚਾਰਗਤ ਦੂਜੇ ਵਿਸ਼ਿਆਂ ਦੀ ਤਰ੍ਹਾਂ, ਇਸ ਵਿਸ਼ੇ ਦਾ ਮੂਲ ਅਧਾਰ ਵੀ ਅਧਿਆਤਮਿਕਤਾ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਅਸਲੀ ਹਕੀਮ ਪਰਮਾਤਮਾ ਆਪ ਹੈ, ਜੋ ਹਰ ਪ੍ਰਕਾਰ ਦੇ ਮਾਨਸਿਕ, ਆਤਮਿਕ, ਸਰੀਰਕ ਰੋਗਾਂ ਦਾ ਨਿਰਵਾਣ ਕਰਨ ਦੇ ਸਮਰੱਥ ਹੈ। ਦੁਨਿਆਵੀ ਵੈਦ ਤਾਂ ਕੇਵਲ ਸਰੀਰ ਨਾਲ ਸਬੰਧਿਤ ਕੁਝ ਰੋਗਾਂ ਨੂੰ ਦੂਰ ਕਰਦੇ ਹਨ:

*- ਰਾਮ ਰਾਇ ਹੋਹਿ ਬੈਦ ਬਨਵਾਰੀ।।*[203]

*- ਮੇਰਾ ਬੈਦੁ ਗੁਰੂ ਗੋਬਿੰਦਾ।।*[204]

*- ਬੈਦੰ ਪਾਰਬ੍ਰਹਮ ਪਰਮੇਸੁਰ ਆਰਾਧਿ ਨਾਨਕ ਹਰਿ ਹਰਿ ਹਰੇ।।*[205]

*- ਵੈਦੋ ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ।।*[206]

ਗੁਰੂ ਸਾਹਿਬਾਨ ਸਮੇਂ ਜ਼ਿਆਦਾਤਰ ਮਰੀਜ਼ਾਂ ਦਾ ਇਲਾਜ ਆਯੁਰਵੈਦਿਕ ਵਿਧੀ ਦੁਆਰਾ ਕੀਤਾ ਜਾਂਦਾ ਸੀ। ਇਲਾਜ ਕਰਨ ਵਾਲੇ ਨੂੰ ਵੈਦ ਜਾਂ ਹਕੀਮ ਕਹਿ ਕੇ ਬੁਲਾਇਆ ਜਾਂਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਕੋਈ ਵੀ ਕਿੱਤਾ ਜਾਂ ਕਰਮ ਕਰਨ ਲਈ ਮਨੁੱਖ ਕੋਲ ਉਸ ਬਾਰੇ ਸੰਪੂਰਨ ਗਿਆਨ ਅਤੇ ਯੋਗ ਵਿਧੀ ਦਾ ਹੋਣਾ ਬਹੁਤ ਜਰੂਰੀ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਜ਼ਰ ਵਿੱਚ ਸਿਆਣਾ ਵੈਦ ਉਹ ਹੀ ਹੈ, ਜੋ ਇਲਾਜ ਦੌਰਾਨ ਰੋਗੀ ਦੀ ਜਾਂਚ-ਪੜਤਾਲ ਕਰਕੇ ਸਹੀ ਰੋਗ ਦੀ ਪਛਾਣ ਕਰਨ ਦੀ ਸਮਰੱਥਾ ਰੱਖਦਾ ਹੋਵੇ। ਕਿਉਂਕਿ ਸਹੀ ਇਲਾਜ ਕਰਨ ਲਈ ਸਹੀ ਬਿਮਾਰੀ ਦਾ ਪਤਾ ਹੋਣਾ ਲਾਜ਼ਮੀ ਹੈ :

*ਸੋ ਵੈਦੁ ਜਿ ਜਾਣੈ ਰੋਗੀ।।*[207]

ਰੋਗ ਦੀ ਸਹੀ ਜਾਣਕਾਰੀ ਦੇ ਨਾਲ-ਨਾਲ, ਉਸ ਦੇ ਇਲਾਜ ਲਈ ਸਹੀ ਦਵਾਈ ਅਤੇ ਸਮੱਗਰੀ ਦਾ ਗਿਆਨ ਹੋਣਾ ਵੀ ਜਰੂਰੀ ਹੈ, ਜਿਸ ਨਾਲ ਰੋਗੀ ਦਾ ਰੋਗ ਠੀਕ ਹੋ ਜਾਵੇ ਅਤੇ ਉਹ ਤੰਦਰੁਸਤ ਹੋ ਜਾਵੇ। ਅਜਿਹਾ ਇਲਾਜ ਇੱਕ ਸਿਆਣੇ ਵੈਦ ਦੀ ਪਹਿਚਾਣ

ਬਣਦਾ ਹੈ ਅਤੇ ਸਮਾਜ ਵਿੱਚ ਉਸ ਨੂੰ ਸਤਿਕਾਰ ਮਿਲਦਾ ਹੈ। ਗੁਰਬਾਣੀ ਵਿੱਚ ਇਸ ਗੱਲ ਦੇ ਸਪੱਸ਼ਟੀਕਰਨ ਲਈ ਪ੍ਰਮਾਣ ਮਿਲਦੇ ਹਨ :

- *ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ।।*[208]
- *ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ।।*
  *ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ।।*
  *ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ।।*
  *ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ।।*[209]

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਵੈਦ ਜਾਂ ਸਿਆਣਾ ਮਨੁੱਖ ਉਹ ਹੀ ਹੈ, ਜਿਸ ਵਿੱਚ ਸੇਵਾ ਦਾ ਗੁਣ ਮੌਜੂਦ ਹੈ। ਨੈਤਿਕ ਦ੍ਰਿਸ਼ਟੀਕੋਣ ਤੋਂ ਗੁਰੂ ਗ੍ਰੰਥ ਸਾਹਿਬ ਇਸੇ ਗੱਲ 'ਤੇ ਜ਼ੋਰ ਦਿੰਦੇ ਹਨ, ਕਿ ਮਨੁੱਖ ਚਾਹੇ ਕੋਈ ਵੀ ਕਰਮ ਜਾਂ ਕਿਰਤ ਕਰਦਾ ਹੋਵੇ, ਪਰੰਤੂ ਉਸ ਵਿੱਚ ਸੇਵਾ ਭਾਵਨਾ ਦਾ ਹੋਣਾ ਬਹੁਤ ਜਰੂਰੀ ਹੈ। ਕਿਉਂਕਿ ਅਸਲੀ ਸੁੱਖ ਸੇਵਾ ਅੰਦਰ ਹੀ ਹੈ।[210] **ਪ੍ਰੋਫੈਸਰ ਸਾਹਿਬ ਸਿੰਘ** ਦੇ ਸ਼ਬਦਾਂ ਵਿੱਚ, ''ਗੁਰੂ ਨਾਨਕ ਪਾਤਿਸ਼ਾਹ ਦੇ ਰਾਹ ਦੇ ਪੰਧਾਊ ਨੇ ਜੋ ਰੋਜ਼ੀ ਭੀ ਕਮਾਣੀ ਹੈ, ਗੁਆਂਢੀਆਂ ਦਾ ਲਹੂ ਪੀ ਕੇ ਧਨ ਨਹੀਂ ਕਮਾਣਾ, 'ਤੇ ਇਸ ਕਮਾਈ ਵਿੱਚੋਂ ਭੀ ਖ਼ਲਕਤ ਦੀ ਸੇਵਾ ਕਰਨੀ ਹੈ। ਇਹ ਸੇਵਾ ਭੀ ਕਿਸੇ ਮਾਣ-ਆਕੜ ਦੇ ਆਸਰੇ ਨਹੀਂ, ਸਗੋਂ ਅਕਾਲ ਪੁਰਖ ਦਾ ਸ਼ੁਕਰ ਕਰਨਾ ਹੈ ਕਿ ਸੇਵਾ ਦਾ ਇਹ ਅਵਸਰ ਮਿਲਿਆ ਹੈ।''[211] ਸੇਵਾ ਤੋਂ ਬਿਨ੍ਹਾਂ ਕਦੇ ਵੀ ਫਲ ਦੀ ਪ੍ਰਾਪਤੀ ਨਹੀਂ ਹੁੰਦੀ। ਸੱਚੀ ਸੇਵਾ ਹੀ ਮਨੁੱਖ ਦੀ ਸੱਚੀ ਕਿਰਤ ਅਖਵਾਉਂਦੀ ਹੈ।[212] ਜੋ ਮਨੁੱਖ ਇਸ ਦੁਨੀਆਂ ਵਿੱਚ ਸੱਚੀ ਭਾਵਨਾ ਨਾਲ ਸੇਵਾ ਕਰਦਾ ਹੈ, ਉਸ ਨੂੰ ਅੱਗੇ ਜਾ ਕੇ ਦਰਗਾਹ ਵਿੱਚ ਥਾਂ ਮਿਲਦੀ ਹੈ।[213] ਜੀਵਾਂ ਪ੍ਰਤੀ ਦਇਆ ਭਾਵਨਾ ਅਤੇ ਆਰਥਿਕ ਪੱਖ ਤੋਂ ਗਰੀਬਾਂ ਅਤੇ ਲੋੜਵੰਦਾਂ ਦੀ ਸਹਾਇਤਾ ਉਚਤਮ ਨੈਤਿਕ ਗੁਣ ਹਨ, ਜਿੰਨਾਂ ਨੂੰ ਧਾਰਨ ਕਰਨ ਨਾਲ ਮਨੁੱਖ ਨੂੰ ਸਦੀਵੀ ਸੱਚ ਦਾ ਗਿਆਨ ਹੋ ਜਾਂਦਾ ਹੈ।[214] ਜੀਵਾਂ ਪ੍ਰਤੀ ਦਇਆ ਭਾਵਨਾ ਰੱਖਣ ਵਾਲਾ ਮਨੁੱਖ ਕਦੇ ਵੀ ਕਿਸੇ ਜੀਵ ਨੂੰ ਦੁੱਖ ਨਹੀਂ ਪਹੁੰਚਾਉਂਦਾ ਅਤੇ ਅੰਤ ਨੂੰ ਆਪਣੀ ਇੱਜਤ ਨਾਲ ਸੱਚੀ ਦਰਗਾਹ ਵਿੱਚ ਪ੍ਰਵਾਨ ਹੋ ਜਾਂਦਾ ਹੈ। ਇਸ ਸੰਬੰਧੀ ਗੁਰਬਾਣੀ ਦਾ ਕਥਨ ਹੈ :

*ਦੁਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ।।*[215]

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਜੋ ਮਨੁੱਖ ਸੱਚੇ ਪਰਮਾਤਮਾ ਵਿੱਚ ਵਿਸ਼ਵਾਸ ਰੱਖਦਾ ਹੈ, ਉਹ ਸਾਰੇ ਜੀਵਾਂ ਪ੍ਰਤੀ ਦਇਆਵਾਨ ਹੁੰਦਾ ਹੈ। ਅਜਿਹੇ ਮਨੁੱਖ ਨੂੰ ਚਾਰੇ ਪਾਸੇ ਵਡਿਆਈ ਮਿਲਦੀ ਹੈ :

*ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ*

*ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ।।*[216]

ਵੈਦ ਵਿਚਲੇ ਬੁਨਿਆਦੀ ਨੈਤਿਕ ਗੁਣਾਂ ਅਤੇ ਉਸ ਦੇ ਫਰਜ਼ਾਂ ਪ੍ਰਤੀ ਉਸ ਨੂੰ ਸੁਚੇਤ ਕਰਨ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰੋਗੀ ਨੂੰ ਵੀ ਕਈ ਪ੍ਰਕਾਰ ਦੀਆਂ ਹਦਾਇਤਾਂ ਦਿੱਤੀਆਂ ਹਨ। ਰੋਗੀ ਨੂੰ ਉਸ ਦੇ ਰੋਗ ਦੇ ਮੂਲ ਕਾਰਨਾਂ ਨਾਲ ਜਾਣੂ ਕਰਵਾਇਆ ਹੈ। ਮਨੁੱਖ ਦੇ ਰੋਗ ਗ੍ਰਸਤ ਹੋਣ ਦਾ ਸਭ ਤੋਂ ਮਹੱਤਵਪੂਰਨ ਅਤੇ ਵਿਸ਼ੇਸ਼ ਕਾਰਨ ਸੱਚ ਨੂੰ ਵਿਸਾਰ ਕੇ ਵਿਸ਼ੇ ਵਿਕਾਰਾਂ ਦੇ ਭੋਗ ਵਿੱਚ ਦਿਲਚਸਪੀ ਲੈਣਾ ਹੈ। ਵਿਕਾਰੀ ਜੀਵਨ ਨੂੰ ਭੋਗਣ ਵਾਲਾ ਮਨੁੱਖ ਸਰੀਰਕ, ਮਾਨਸਿਕ ਅਤੇ ਆਤਮਿਕ ਪੱਖੋਂ ਰੋਗੀ ਹੋ ਜਾਂਦਾ ਹੈ :

*ਖਸਮੁ ਵਿਸਾਰਿ ਕੀਏ ਰਸ ਭੋਗ।। ਤਾਂ ਤਨਿ ਉਠਿ ਖਲੋਏ ਰੋਗ।।*

*ਮਨ ਅੰਧੇ ਕਉ ਮਿਲੈ ਸਜਾਇ।। ਵੈਦ ਨ ਭੋਲੇ ਦਾਰੂ ਲਾਇ।।*[217]

ਮਨੁੱਖ ਦਾ ਰੋਗੀ ਹੋਣਾ ਸੰਭਵ ਹੀ ਹੈ, ਜਦੋਂ ਉਸ ਦੇ ਕਰਮ ਕੁਦਰਤ ਦੇ ਉਲਟ ਹੁੰਦੇ ਹਨ। ਨਸ਼ਿਆ ਦੀ ਹੋੜ ਵਿਚ ਅੱਜ ਵੀ ਮਨੁੱਖ ਡੁੱਬਾ ਹੋਇਆ ਹੈ, ਜਿਸ ਨਾਲ ਉਸ ਦੀ ਦੇਹ ਦਾ ਨੁਕਸਾਨ ਤਾਂ ਹੁੰਦਾ ਹੈ, ਉਸ ਦਾ ਆਤਮਿਕ ਤੇ ਮਾਨਸਿਕ ਬਲ ਵੀ ਡਿੱਗ ਜਾਂਦਾ ਹੈ। ਗੁਰਬਾਣੀ ਅਨੁਸਾਰ ਅਜਿਹੇ ਮਨੁੱਖ ਨੂੰ ਪ੍ਰਮਾਤਮਾ ਦਾ ਭੈਅ ਹੀ ਨਹੀਂ ਰਹਿੰਦਾ, ਤੇ ਅਖ਼ੀਰ ਜਮਾਂ ਦੇ ਜਾਲ ਵਿਚ ਫਸ ਜਾਂਦਾ ਹੈ। ਇਸ ਲਈ ਗੁਰਬਾਣੀ ਮਨੁੱਖ ਨੂੰ ਪ੍ਰਮਾਤਮਾ ਦੇ ਨਾਮ ਦਾ ਨਸ਼ਾ ਕਰਨ ਦਾ ਉਪਦੇਸ਼ ਦਿੰਦੀ ਹੈ, ਜੋ ਕਦੇ ਉਤਰਦਾ ਨਹੀ ਅਤੇ ਜਿਸ ਨਾਲ ਮਨੁੱਖ ਦਾ ਭਲਾ ਹੁੰਦਾ ਹੈ :

– *ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ।।*

*ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ।।*[218]

– *ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ।।*

*ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ।।*[219]

ਅੱਜ ਦੇ ਯੁੱਗ ਵਿਚ ਮਨੁੱਖ ਦੇ ਵਧੇਰੇ ਦੁੱਖਾਂ ਦਾ ਕਾਰਨ ਨਸ਼ਾ ਬਣ ਚੁਕਿਆ ਹੈ। ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ। ਸ਼ਰਾਬ ਏਨੀ ਵੱਡੀ ਲਾਹਨਤ ਬਣ ਗਈ ਹੈ ਕਿ ਇਸਨੇ ਸਾਰੀ ਮਨੁੱਖ ਜਾਤੀ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ।[220] ਗੁਰਮਤਿ ਵਿਚ ਇਹ ਜ਼ਰੂਰੀ ਸ਼ਰਤ ਹੈ ਕਿ ਗੁਰੂ ਦਾ ਸਿੱਖ ਇਹਨਾਂ ਨਸ਼ਿਆ ਦੇ ਨੇੜੇ ਕਦੇ ਨਾ ਜਾਵੇ :

*ਕੁੱਠਾ, ਹੁੱਕਾ, ਚਰਸ, ਤਮਾਕੂ।। ਗਾਂਜਾ, ਟੋਪੀ, ਤਾੜੀ, ਖਾਕੂ।।*

*ਇਨ ਕੀ ਓਰ ਨ ਕਬਹੂ ਦੇਖੈ।। ਰਹਤਵੰਤ ਜੋ ਸਿੰਘ ਬਿਸੇਖੈ।।*[221]

ਅਧਿਆਤਮਿਕ ਪੱਖ ਤੋਂ ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿੱਚ ਪਰਮਾਤਮਾ ਦੇ ਨਾਮ ਨੂੰ ਵਿਸਾਰ ਕੇ ਸਾਰਾ ਸੰਸਾਰ ਹੀ ਰੋਗ ਗ੍ਰਸਤ ਹੋ ਗਿਆ ਹੈ।[222] ਇਸ ਲਈ ਜਰੂਰੀ ਹੈ ਕਿ ਮਨੁੱਖ ਸੰਸਾਰਿਕ ਜੀਵਨ ਨੂੰ ਤੰਦਰੁਸਤੀ ਵਿੱਚ ਜਿਉਣ ਲਈ ਸੱਚੇ ਨਾਮ ਦੀ ਟੇਕ ਲਵੇ। ਇਹੀ ਸੱਚੀ ਦਵਾਈ ਹੈ, ਕਿਉਂਕਿ ਅਧਿਆਤਮਿਕ ਜੀਵਨ ਸਦਕਾ ਮਨੁੱਖ ਵਿੱਚ ਨੈਤਿਕ ਗੁਣਾਂ ਦਾ ਵਿਕਾਸ ਹੁੰਦਾ ਹੈ ਅਤੇ ਉਹ ਵਿਸ਼ੇ-ਵਿਕਾਰਾਂ ਵਾਲੇ ਜੀਵਨ ਤੋਂ ਸੁਚੇਤ ਰਹਿੰਦਾ ਹੋਇਆ ਨਿਰੋਗ ਜੀਵਨ ਭੋਗਦਾ ਹੈ :

*ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ।।*

*ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ*

*ਨੀਸਾਣੁ ਪਇਆ।।*[223]

ਸਰੀਰਕ ਰੋਗ ਲੱਗਣ ਤੋਂ ਪਹਿਲਾਂ ਮਨੁੱਖ ਦਾ ਮਨ ਰੋਗੀ ਹੁੰਦਾ ਹੈ। ਕਿਉਂਕਿ ਮਨ ਦੇ ਵਿਚਾਰਾਤਮਕ ਰੂਪ ਤੋਂ ਹੀ ਵਿਵਹਾਰਿਕਤਾ ਵਿੱਚ ਕਿਰਿਆ ਹੁੰਦੀ ਹੈ। ਜਦੋਂ ਮਨੁੱਖੀ ਮਨ ਵਿੱਚ ਮਾੜੇ ਵਿਚਾਰ ਜਾਂ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਪੈਦਾ ਹੁੰਦੇ ਹਨ, ਤਾਂ ਇਹ ਵਿਵਹਾਰਿਕਤਾ ਨੂੰ ਅਖ਼ਤਿਆਰ ਕਰ ਲੈਂਦੇ ਹਨ। **ਡਾ. ਅਵਤਾਰ ਸਿੰਘ** ਅਨੁਸਾਰ, ''ਸਿੱਖ ਧਰਮ ਵਿੱਚ ਦੁਰਵਿਰਤੀਆਂ ਨੂੰ ਰੋਕਣ ਅਤੇ ਕਾਬੂ ਕਰਨ 'ਤੇ ਬਹੁਤ ਜ਼ੋਰ ਦਿੱਤਾ ਗਿਆ ਹੈ, ਕਿਉਂਕਿ ਗੰਭੀਰ ਸਮਾਜਿਕ ਪ੍ਰਤਿਕਿਰਿਆ ਤੋਂ ਇਲਾਵਾ ਇਨ੍ਹਾਂ ਕਰਕੇ ਮਨੁੱਖ ਬੜੀ ਅਸ਼ਾਂਤ

ਅਤੇ ਵਿਆਕੁਲ ਸਥਿਤੀ ਵਿੱਚ ਰਹਿੰਦਾ ਹੈ।''[224] ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਜਿਸ ਤਰ੍ਹਾਂ ਸੋਨੇ ਵਰਗੀ ਕੀਮਤੀ ਧਾਤੂ ਉੱਤੇ ਸੋਹਾਗਾ ਪਾਉਣ ਨਾਲ ਉਹ ਢਲਣਾ ਸ਼ੁਰੂ ਹੋ ਜਾਂਦਾ ਹੈ, ਉਸੇ ਤਰ੍ਹਾਂ ਦੁਰਲੱਭ ਦੇਹ ਨੂੰ ਕਾਮ, ਕ੍ਰੋਧ ਵਰਗੇ ਭਿਆਨਕ ਵਿਕਾਰ ਗਾਲ ਕੇ ਰੱਖ ਦਿੰਦੇ ਹਨ :

*ਕਾਮੁ ਕ੍ਰੋਧੁ ਕਾਇਆ ਕਉ ਗਾਲੈ।।*
*ਜਿਉ ਕੰਚਨ ਸੋਹਾਗਾ ਢਾਲੈ।।*[225]

ਇਸ ਲਈ ਜਰੂਰੀ, ਹੈ ਕਿ ਸਰੀਰਕ ਰੋਗਾਂ ਦੀ ਨਵਿਰਤੀ ਲਈ ਪਹਿਲਾਂ ਮਨ ਨੂੰ ਅਰੋਗੀ ਕੀਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਕੇਵਲ ਨਾਮ ਰੂਪੀ ਦਵਾਈ ਦੁਆਰਾ ਹੀ ਅਜਿਹਾ ਹੋਣਾ ਸੰਭਵ ਹੈ :

*ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ।।*[226]

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਮਨੁੱਖ ਨੂੰ ਨਿਰੋਗ ਜੀਵਨ ਬਤੀਤ ਕਰਨ ਲਈ ਸਾਦੀ ਅਤੇ ਨਸ਼ਾ ਰਹਿਤ ਖੁਰਾਕ ਦਾ ਹੀ ਸੇਵਨ ਕਰਨਾ ਚਾਹੀਦਾ ਹੈ। ਕਿਉਂਕਿ ਲੋੜ ਤੋਂ ਵੱਧ ਖਾਣ ਨਾਲ ਮਨ ਵਿਕਾਰੀ 'ਤੇ ਤਨ ਰੋਗੀ ਹੋ ਜਾਂਦਾ ਹੈ।[227] ਬਹੁਤੇ ਸੁਆਦੀ ਭੋਜਨ ਖਾਣ ਨਾਲ ਦੁੱਖ ਹੀ ਭੋਗਣਾ ਪੈਂਦਾ ਹੈ। ਸਾਦਾ ਭੋਜਨ ਖਾਣ ਵਾਲਾ ਮਨੁੱਖ ਹਮੇਸ਼ਾ ਤੰਦਰੁਸਤ ਰਹਿੰਦਾ ਹੈ :

- *ਅਧਿਕ ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜੁ ਨ ਪਾਇਆ।।*[228]
- *ਬਹੁ ਸਾਦਹੁ ਦੂਖੁ ਪਰਾਪਤਿ ਹੋਵੈ।। ਭੋਗਹੁ ਰੋਗ ਸੁ ਅੰਤਿ ਵਿਗੋਵੈ।।*[229]
- *ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ।।*[230]
- *ਜੇਤਾ ਮੋਹੁ ਪਰੀਤਿ ਸੁਆਦ।। ਸਭਾ ਕਾਲਖ ਦਾਗਾ ਦਾਗ।।*[231]
- *ਨਾਮ ਬਿਨਾ ਜੋ ਪਹਿਰੈ ਖਾਇ।। ਜਿਉ ਕੂਕਰੁ ਜੂਠਨ ਮਹਿ ਪਾਇ।।*[232]

ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਸ਼ਿਆਂ ਨੂੰ ਵੀ ਰੋਗ ਗ੍ਰਸਤ ਜੀਵਨ ਦਾ ਇੱਕ ਮਹੱਤਵਪੂਰਨ ਕਾਰਨ ਦੱਸਿਆ ਹੈ। ਗੁਰੂ ਗ੍ਰੰਥ ਸਾਹਿਬ ਮਨੁੱਖ ਦੀ ਸਿਹਤ ਨੂੰ ਵਿਗਾੜਨ ਵਾਲੇ ਨਸ਼ਿਆਂ ਦੇ ਮੁਕਾਬਲੇ ਅੰਮ੍ਰਿਤ ਰੂਪੀ ਸੱਚੇ ਨਸ਼ੇ ਦਾ ਗਿਆਨ ਦਿੰਦੇ ਹਨ, ਜਿਸ ਨੂੰ ਪੀਣ ਨਾਲ ਮਨ ਅਤੇ ਤਨ ਦੋਨੋਂ ਹੀ ਰੋਗ ਰਹਿਤ ਅਤੇ ਤ੍ਰਿਪਤ ਹੋ ਜਾਂਦੇ ਹਨ।

ਗੁਰੂ ਦੀ ਕਿਰਪਾ ਦੁਆਰਾ ਜਿਸ ਮਨੁੱਖ ਨੂੰ ਇਸ ਸੱਚੇ ਨਸ਼ੇ ਦੀ ਪ੍ਰਾਪਤੀ ਹੋ ਜਾਂਦੀ ਹੈ, ਉਸ ਨੂੰ ਇਨ੍ਹਾਂ ਝੂਠੇ ਅਤੇ ਵਿਕਾਰੀ ਨਸ਼ਿਆਂ ਦੀ ਕੋਈ ਲੋੜ ਨਹੀਂ ਰਹਿੰਦੀ :

*ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ।।*
*ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ।।*[233]

ਥੋੜਾ ਖਾਣਾ, ਥੋੜਾ ਸੌਣਾ ਅਤੇ ਥੋੜਾ ਬੋਲਣਾ ਇੱਕ ਆਦਰਸ਼ ਮਨੁੱਖ ਦੇ ਗੁਣ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦ੍ਰਿਸ਼ਟੀ ਵਿੱਚ ਅਜਿਹੇ ਨੈਤਿਕ ਗੁਣਾਂ ਦਾ ਧਾਰਨੀ ਮਨੁੱਖ ਹੀ ਨਾਮ ਰੂਪੀ ਅਮਰ ਤੱਤ ਉੱਪਰ ਵਿਚਾਰ ਕਰ ਸਕਦਾ ਹੈ :

- *ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ।।*[234]
- *ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ।।*[235]

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਭੌਤਿਕ ਜੀਵਨ ਦੀ ਨਿਰੋਗਤਾ ਅਧਿਆਤਮਿਕ ਜੀਵਨ ਦੁਆਰਾ ਸੰਭਵ ਹੈ। ਜੋ ਮਨੁੱਖ ਇਸ ਗੱਲ ਨੂੰ ਅਮਲੀ ਰੂਪ ਵਿੱਚ ਅਪਣਾ ਲੈਂਦਾ ਹੈ, ਉਸ ਨੂੰ ਕਿਸੇ ਵੀ ਪ੍ਰਕਾਰ ਦਾ ਦੁੱਖ ਜਾਂ ਸੰਤਾਪ ਨਹੀਂ ਭੋਗਣਾ ਪੈਂਦਾ :

*ਨਿਤ ਨਿਤ ਰਿਦੈ ਸਮਾਲਿ ਪ੍ਰੀਤਮੁ ਆਪਣਾ।।*
*ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪਣਾ।।*[236]

ਅਜੋਕੇ ਦੌਰ ਵਿਚ ਡਾਕਟਰੀ ਕਿੱਤਾ ਇੰਨਾ ਭ੍ਰਿਸ਼ਟ ਹੋ ਚੁੱਕਿਆ ਹੈ ਕਿ ਇਸ ਨੂੰ ਨੈਤਿਕਤਾ ਦੇ ਅਧਾਰ ਉਪਰ ਤੋਰਨਾ ਲਾਜ਼ਮੀ ਹੋ ਗਿਆ ਹੈ। ਡਾਕਟਰ ਨੂੰ ਰੱਬ ਦਾ ਦੂਜਾ ਰੂਪ ਮੰਨਿਆ ਜਾਂਦਾ ਹੈ। ਪ੍ਰੰਤੂ ਅੱਜ ਦੇ ਡਾਕਟਰ ਪੈਸੇ ਦੀ ਖਾਤਰ ਮਨੁੱਖੀ ਅੰਗਾਂ ਦਾ ਵਪਾਰ ਕਰ ਰਹੇ ਹਨ। ਵੱਧ ਫੀਸਾਂ ਲੈ ਕੇ ਗਰੀਬਾਂ ਦਾ ਸ਼ੋਸ਼ਣ ਕਰ ਰਹੇ ਹਨ। ਡਾਕਟਰ ਦੀ ਅਵਸਥਾ ਵਿਚ, ਸਾਡੇ ਆਦਰ ਦਾ ਆਧਾਰ ਹੋਰ ਭੀ ਸਪੱਸ਼ਟ ਹੈ। ਉਸ ਦਾ ਵਿਗਿਆਨ ਕੁਝ ਭੀ ਹੋਵੇ, ਜੇ ਸਾਨੂੰ ਪਤਾ ਲੱਗ ਜਾਏ ਕਿ ਆਪਣੇ ਰੋਗੀਆਂ ਨੂੰ ਉਹ ਕੇਵਲ ਆਪਣੇ ਪ੍ਰਯੋਗ ਦਾ ਸਾਮਾਨ ਸਮਝਦਾ ਹੈ ਤਾਂ ਅਸੀਂ ਉਸ ਤੋਂ ਡਰ ਨਾਲ ਭੱਜਾਂਗੇ, ਇਸ ਤੋਂ ਕਿਤੇ ਵੱਧ ਭੱਜਾਂਗੇ ਜੇ ਸਾਨੂੰ ਪਤਾ ਲਗ ਜਾਵੇ ਕਿ ਰੋਗੀਆਂ ਦੀਆਂ ਮੌਤਾਂ ਵਿਚ ਹਿਤ ਰੱਖਦੇ ਲੋਕਾਂ ਕੋਲੋਂ ਵੱਢੀ ਲੈ ਕੇ ਉਹ ਦਵਾਈ ਦੇ ਬਹਾਨੇ ਵਿਹੁ ਦੇਣ ? ਵਿਹੁ ਆਪਣੀ ਸਾਰੀ ਲਿਆਕਤ ਵਰਤਦਾ ਹੈ।[237]

ਕਿੱਤਿਆਂ ਦੇ ਸੰਬੰਧ ਵਿੱਚ ਗੁਰੂ ਗ੍ਰੰਥ ਸਾਹਿਬ ਦੁਆਰਾ ਦਿੱਤੀ ਗਈ ਨੈਤਿਕ ਪ੍ਰੇਰਣਾ ਉੱਪਰ ਵਿਚਾਰ ਵਿਮਰਸ਼ ਕਰਨ ਉਪਰੰਤ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ, ਕਿ ਗੁਰੂ ਗ੍ਰੰਥ ਸਾਹਿਬ ਦੁਆਰਾ ਦਰਸਾਏ ਗਏ ਅਧਿਆਤਮਿਕ ਮਾਰਗ ਉੱਪਰ ਤੁਰਨ ਲਈ ਮਨੁੱਖ ਦੇ ਕਰਮ ਜਾਂ ਵਿਵਹਾਰ ਵਿੱਚ ਨੈਤਿਕਤਾ ਦਾ ਹੋਣਾ ਅਤਿ ਜਰੂਰੀ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਅਧਿਆਤਮਿਕ ਜਗਤ ਦਾ ਅਨੰਦ ਮਾਨਣ ਲਈ ਮਨੁੱਖ ਨੂੰ ਭੌਤਿਕ ਜਗਤ ਵਿੱਚ ਸੰਪੂਰਨ ਨੈਤਿਕਤਾ ਨੂੰ ਗ੍ਰਹਿਣ ਕਰਨ ਲਈ ਪ੍ਰੇਰਦੇ ਹਨ। ਕਿੱਤਿਆਂ ਨੂੰ ਪੰਜ ਵਰਗਾਂ ਵਿਚ ਅਧਿਐਨ ਕਰਨ ਉਪਰੰਤ, ਗੁਰਬਾਣੀ ਵਿਚ ਆਏ ਕਿੱਤੇ ਅਤੇ ਕਿੱਤੇਕਾਰਾਂ ਦੇ ਸੰਦਰਭਾਂ ਦੀ ਸੂਚੀ ਦੇਣੀ ਲਾਜ਼ਮੀ ਹੈ, ਤਾਂ ਜੋ ਗੁਰਬਾਣੀ ਵਿਚ ਕਿਰਤ ਦੀ ਮਹੱਤਤਾ ਦਾ ਪਤਾ ਲੱਗ ਸਕੇ।

ਪਿਤਾ ਮਹਿਤਾ ਕਾਲੂ ਜੀ ਆਪ ਨੂੰ ਇਕ ਮਿਹਨਤੀ ਕਿਰਤੀ ਦੇ ਰੂਪ ਵਿਚ ਵੇਖਣਾ ਚਾਹੁੰਦੇ ਸਨ। ਪਿਤਾ ਜੀ ਅਤੇ ਆਪਣੇ ਜੀਜੇ ਜੈਰਾਮ ਦੇ ਕਹਿਣ ਤੇ ਗੁਰੂ ਨਾਨਕ ਸਾਹਿਬ ਸੁਲਤਾਨਪੁਰ ਜੈਰਾਮ ਅਤੇ ਭੈਣ ਨਾਨਕੀ ਪਾਸ ਚਲੇ ਗਏ। ਜੈਰਾਮ ਜੀ ਨੇ ਗੁਰੂ ਨਾਨਕ ਸਾਹਿਬ ਨਾਲ ਵਿਚਾਰ ਕਰਦਿਆਂ ਕਿਹਾ ਕਿ ਚਾਹੇ ਤੁਸੀਂ ਕੁਝ ਵੀ ਨਾ ਕਰੋ ਅਤੇ ਸਾਡੇ ਕੋਲ ਰਹੋ, ਤਾਂ ਗੁਰੂ ਸਾਹਿਬ ਨੇ ਕਿਹਾ ਕਿ ਕਿਰਤ ਜ਼ਰੂਰੀ ਹੈ।[7] ਉਥੇ ਜੈਰਾਮ ਦੀ ਸਿਫਾਰਿਸ਼ ਨਾਲ ਗੁਰੂ ਸਾਹਿਬ ਨੂੰ ਨਵਾਬ ਦਉਲਤਖਾਨ ਨੇ ਆਪਣੇ ਕੋਲ ਨੌਕਰੀ 'ਤੇ ਰਖ ਲਿਆ।[8] ''ਨਾਨਕ ਜੀ ਨੇ ਇਕ ਮੋਦੀ ਵਜੋਂ ਆਪਣੇ ਫਰਜ਼ਾਂ ਨੂੰ ਬੜੀ ਸੁਯੋਗਤਾ ਨਾਲ ਨਿਭਾਇਆ ਅਤੇ ਉਸ ਗਲਤ ਵਿਚਾਰ ਨੂੰ, ਜਿਹੜਾ ਉਹਨਾਂ ਦੇ ਮਾਪਿਆਂ ਨੇ ਉਨ੍ਹਾਂ ਦੇ ਪਹਿਲੇ ਰਵੱਈਏ ਤੋਂ ਬਣਾ ਲਿਆ ਸੀ, ਦੂਰ ਕਰ ਦਿੱਤਾ।[9] ਗੁਰੂ ਸਾਹਿਬ ਦੇ ਕੰਮ ਤੋਂ ਸਭ ਲੋਕ ਬਹੁਤ ਪ੍ਰਭਾਵਿਤ ਸਨ ਅਤੇ ਨਵਾਬ ਪਾਸ ਹਮੇਸ਼ਾ ਉਨ੍ਹਾਂ ਦੀ ਉਸਤਤ ਕਰਦੇ ਅਤੇ ਕਹਿੰਦੇ ''ਵਾਹ ਵਾਹ ! ਕੋਈ ਭਲਾ ਹੈ।''[10] ਨਵਾਬ ਵੀ ਗੁਰੂ ਸਾਹਿਬ ਦੇ ਕੰਮ ਤੋਂ ਬਹੁਤ ਖੁਸ਼ ਹੋਇਆ।

ਉਪਰੋਕਤ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਨੇ ਆਪ ਕੀਤਾ ਹੈ ਅਤੇ ਮਨੁੱਖਤਾ ਨੂੰ ਉਪਦੇਸ਼ ਦਿਤਾ ਹੈ ਕਿ ਕੋਈ ਵੀ ਕੰਮ ਪੂਰੀ ਤਨ-ਦੇਹੀ ਅਤੇ ਇਕਾਗਰਤਾ ਨਾਲ ਕਰੀਏ, ਚਾਹੇ ਉਹ ਤਨ ਸੰਬੰਧੀ ਹੋਵੇ ਜਾਂ ਮਨ ਸੰਬੰਧੀ, ਜੇਕਰ ਕਿਰਤ ਵਿਚ ਧਿਆਨ ਨਾ ਹੋਵੇਗਾ ਤਾਂ ਸਫਲਤਾ ਵੀ ਪ੍ਰਾਪਤ ਨਹੀਂ ਹੋ ਸਕਦੀ। ਇਸ ਗਲ ਦੀ ਪੁਸ਼ਟੀ ਗੁਰੂ ਸਾਹਿਬ ਦੇ ਅਮਲੀ ਜੀਵਨ ਵਿਚੋਂ ਹੁੰਦੀ ਹੈ। ਗੁਰੂ ਸਾਹਿਬ ਨੇ ਸੁਲਤਾਨਪੁਰ ਵਿਖੇ ਨਵਾਬ ਦੌਲਤ ਖਾਂ ਲੋਦੀ ਦੇ ਮੋਦੀਖਾਨੇ ਵਿਚ ਮੋਦੀ ਦੀ ਅਸਾਮੀ ਸੰਭਾਲ ਕੇ ਕਿਰਤ ਦੇ ਗੌਰਵ ਦਾ ਪ੍ਰਤੱਖ ਪ੍ਰਮਾਣ ਦਿੱਤਾ। ਉਹਨਾਂ ਦਿਨਾਂ ਵਿਚ ਲੋਕਾਂ ਕੋਲੋਂ ਸਰਕਾਰੀ ਮਾਮਲਾ ਨਕਦੀ ਦੀ ਥਾਂ ਜਿਨਸਾਂ, ਜਿਵੇਂ ਮੱਕੀ, ਕਣਕ, ਛੋਲੇ, ਜੌਂ ਆਦਿ ਦੇ ਰੂਪ ਵਿਚ ਲਿਆ ਜਾਂਦਾ ਸੀ। ਇਹਨਾਂ ਜਿਨਸਾਂ ਨੂੰ ਜਿਸ ਗੁਦਾਮ-ਘਰ ਵਿਚ ਰੱਖਿਆ ਜਾਂਦਾ ਸੀ, ਉਸ ਨੂੰ ਮੋਦੀਖਾਨਾ ਕਹਿੰਦੇ ਸਨ ਅਤੇ ਉਸ ਦੇ ਪ੍ਰਬੰਧਕ ਨੂੰ ਮੋਦੀ ਕਿਹਾ ਜਾਂਦਾ ਸੀ। ਸਰਕਾਰੀ ਕਰਮਚਾਰੀਆਂ ਅਤੇ ਫੌਜੀਆਂ ਨੂੰ ਇਹ ਜਿਨਸਾਂ ਰਸਦ ਦੇ ਰੂਪ ਵਿਚ ਮਿਲਦੀਆਂ ਸਨ ਅਤੇ ਆਮ ਲੋਕਾਂ ਨੂੰ ਇਹ ਵੇਚ ਦਿੱਤੀਆਂ

ਜਾਂਦੀਆਂ ਸਨ। ਮੋਦੀ ਹਰ ਇਕ ਲੈਣ ਦੇਣ ਵਾਲੀ ਜਿਨਸ ਨੂੰ ਤੋਲ ਕੇ ਲੈਂਦਾ ਦਿੰਦਾ ਸੀ ਅਤੇ ਉਸ ਸੰਬੰਧੀ ਪੂਰਾ ਹਿਸਾਬ-ਕਿਤਾਬ ਆਪਣੇ ਕੋਲ ਰੱਖਦਾ ਸੀ। ਇਸ ਦੇ ਬਦਲੇ ਉਸ ਨੂੰ ਨਕਦੀ ਅਤੇ ਰਸਦ (ਅਲੂਫਾ-ਤਨਖਾਹ ਤੋਂ ਵੱਖਰੀ ਰਸਦ, ਜੋ ਖਾਣ ਲਈ ਮਿਲੇ) ਪ੍ਰਦਾਨ ਕੀਤੀ ਜਾਂਦੀ ਸੀ। ਗੁਰੂ ਸਾਹਿਬ ਨੇ ਇਸ ਕੰਮ ਨੂੰ ਬੜੀ ਇਮਾਨਦਾਰੀ ਅਤੇ ਉਤਸ਼ਾਹ ਨਾਲ ਨਿਭਾਇਆ ਅਤੇ ਹਰ ਇਕ ਜੀਵ ਨੂੰ ਪੂਰਾ ਤੋਲ ਕੇ ਸੱਚਾ ਵਿਹਾਰ ਕਰਨ ਦੀ ਅਤੇ ਨਿਮਰਤਾ ਭਰਿਆ ਵਰਤਾਵ ਕਰਨ ਦੀ ਜਾਂਚ ਸਿਖਾਈ। ਨੌਕਰੀ ਦੌਰਾਨ ਗੁਰੂ ਸਾਹਿਬ ਗਰੀਬਾਂ ਅਤੇ ਲੋੜਵੰਦਾਂ ਨੂੰ ਆਪਣੇ ਹਕ ਵਿਚੋਂ ਜ਼ਿਆਦਾ ਰਸਦ ਵਰਤਾ ਦਿੰਦੇ ਸਨ। ਉਨ੍ਹਾਂ ਦਾ ਰਹਿਮ ਨਾਲ ਭਰਿਆ ਹਿਰਦਾ ਹਮੇਸ਼ਾਂ ਗਰੀਬਾਂ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਤਿਆਰ ਰਹਿੰਦਾ ਸੀ :

> *''ਜੋ ਕਿਛੁ ਅਲੂਫਾ ਗੁਰੂ ਨਾਨਕ ਜੋਗੁ ਮਿਲੇ, ਖਾਵੈ ਸੋ ਖਾਵੈ,*
> *ਹੋਰੁ ਪਰਮੇਸਰ ਕੈ ਅਰਥਿ ਦੇਵੈ।''*[11]

ਗੁਰੂ ਸਾਹਿਬ ਹੱਥੀਂ ਕਾਰ ਰਾਹੀਂ ਸੰਸਾਰ ਅਤੇ ਚਿੱਤ ਜਾਂ ਮਨ ਕਰਕੇ ਹਮੇਸ਼ਾਂ ਕਰਤਾਰ ਨਾਲ ਜੁੜੇ ਰਹਿੰਦੇ ਸਨ। ਦਿਨ ਵੇਲੇ ਕਿਰਤ ਕਰਦੇ ਅਤੇ ਰਾਤ ਕੀਰਤਨ ਬੰਦਗੀ। ਕੁਝ ਚਿਰ ਬਾਅਦ ਮਰਦਾਨਾ ਵੀ ਤਲਵੰਡੀ ਤੋਂ ਸੁਲਤਾਨਪੁਰ ਆ ਗਿਆ।[12] ਗੁਰੂ ਸਾਹਿਬ ਨੇ ਮੋਦੀਖਾਨੇ ਵਿਚ ਨੌਕਰੀ ਕਰਦਿਆਂ ਹੀ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੇ ਸੰਕਲਪ ਨੂੰ ਆਪਣੇ ਜੀਵਨ ਵਿਚ ਵੀ ਦ੍ਰਿੜ ਕੀਤਾ ਅਤੇ ਆਪਣੇ ਸਿਖਾਂ ਨੂੰ ਵੀ ਦ੍ਰਿੜ ਕਰਾਇਆ। ਜਦੋਂ ਗੁਰੂ ਸਾਹਿਬ ਦੇ ਘਰ ਭੋਜਨ ਤਿਆਰ ਹੁੰਦਾ ਤਾਂ ਸਭ ਲੋਕ ਆ ਜਾਂਦੇ ਅਤੇ ਰਾਤ ਕੀਰਤਨ ਹੁੰਦਾ। ਪਹਿਰ ਰਾਤ ਰਹਿਣ ਤੇ ਗੁਰੂ ਸਾਹਿਬ ਦਰਿਆ ਤੇ ਜਾ ਕੇ ਇਸ਼ਨਾਨ ਕਰਦੇ ਅਤੇ ਦਿਨ ਚੜ੍ਹੇ ਤੋਂ ਆਪਣੀ ਨੌਕਰੀ ਤੇ ਚਲੇ ਜਾਂਦੇ।

> *''ਜਾਂ ਬਾਬੇ ਦੀ ਰਸੋਈ ਹੋਵੈ, ਤਾਂ ਸਭ ਆਇ ਬਹਿਨਿ ਅਤੇ ਰਾਤਿ ਨੂੰ ਨਿਤਾਪ੍ਰਤਿ ਕੀਰਤਨੁ ਹੋਵੈ। ਅਰੁ ਜਿਥੈ ਪਹਰੁ ਰਾਤਿ ਰਹੈ ਤਿਥੈ ਬਾਬਾ ਦਰੀਆਇ ਜਾਵੇ ਇਸਨਾਨੁ ਕਰਣਿ। ਅਰੁ ਜਾਂ ਪ੍ਰਭਾਤਿ ਹੋਵੈ, ਤਾਂ ਕਪੜੇ ਲਾਇਕੈ ਤਿਲਕੁ ਚੜ੍ਹਾਇ ਕਰਿ ਦਰਬਾਰਿ ਦਫਤਰ ਮਨਾ ਘਿੰਨਿ ਲਿਖਣ ਬਹੈ।''*[13]

ਅਜਿਹਾ ਕਰਕੇ ਗੁਰੂ ਸਾਹਿਬ ਨੇ ਕਿਰਤ ਦਾ ਸੰਬੰਧ ਧਰਮ ਨਾਲ ਪ੍ਰਪੱਕ ਕੀਤਾ। ਗੁਰੂ ਸਾਹਿਬ ਅਨੁਸਾਰ ਸੱਚਾ ਵਪਾਰ ਉਹ ਹੀ ਹੈ, ਜੋ ਧਰਮ 'ਤੇ ਅਧਾਰਿਤ ਹੋਵੇ :

*ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ॥*[14]

ਸਿਖਿਆ ਸੰਬੰਧੀ ਗੁਰੂ ਸਾਹਿਬ ਦੇ ਵਿਚਾਰ ਇਸ ਗਲ ਦਾ ਸਪਸ਼ਟੀਕਰਨ ਦਿੰਦੇ ਹਨ ਕਿ ਗੁਰੂ ਸਾਹਿਬ ਖੁਦ ਇਕ ਮਹਾਨ ਅਧਿਆਪਕ ਸਨ, ਜਿਨ੍ਹਾਂ ਨੇ ਆਪਣੀਆਂ ਸਿੱਖਿਆਵਾਂ ਨਾਲ ਸਾਰੇ ਸੰਸਾਰ ਦਾ ਪਾਰ ਉਤਾਰਾ ਕੀਤਾ। ਡਾ. ਅੰਮ੍ਰਿਤ ਕੌਰ ਰੈਣਾ ਅਨੁਸਾਰ, ''ਸਿਰਜਨਾਤਮਕ ਪ੍ਰਤਿਭਾ ਦੇ ਸੁਆਮੀ ਗੁਰੂ ਨਾਨਕ ਦੇਵ ਜੀ ਇੱਕ ਅਮਲੀ 'ਤੇ ਸੁਹਿਰਦ ਅਧਿਆਪਕ ਸਨ।''[15] ਉਨ੍ਹਾਂ ਦੀ ਸਖ਼ਸੀਅਤ ਨੇ ਅਨੇਕਾਂ ਹੀ 'ਸੱਜਣ ਠੱਗ'[16] ਅਤੇ 'ਕਉਡਾ ਰਾਖ਼ਸ਼'[17] ਵਰਗਿਆਂ ਨੂੰ ਪਸ਼ੂਆਂ ਤੋਂ ਦੇਵਤੇ ਬਣਾ ਦਿੱਤਾ। ਜਿੱਥੇ ਗੁਰੂ ਸਾਹਿਬ ਇਕ ਰੂਹਾਨੀ ਰਹਿਬਰ ਸਨ, ਉਥੇ ਹੀ ਸੰਸਾਰਕ ਤੌਰ 'ਤੇ ਇੱਕ ਪ੍ਰਸਿੱਧ ਵਿਦਵਾਨ ਵੀ ਸਨ।

ਗੁਰੂ ਸਾਹਿਬ ਦੁਆਰਾ ਰਾਜਨੀਤਿਕ ਪੱਖੋਂ ਸਮੇਂ ਦੇ ਹਾਕਮਾਂ ਅਤੇ ਧਾਰਮਿਕ ਪੱਖੋਂ ਸੂਫੀਆਂ, ਮੌਲਵੀਆਂ, ਸਿੱਧਾਂ, ਯੋਗੀਆਂ, ਪੰਡਿਤਾਂ, ਬ੍ਰਾਹਮਣਾਂ ਅਤੇ ਸੰਨਿਆਸੀਆਂ ਆਦਿ ਨਾਲ ਹੋਈ ਵਾਰਤਾਲਾਪ ਵਿਚੋਂ ਗੁਰੂ ਸਾਹਿਬ ਦੀ ਅਮੀਰ ਵਿਦਵਤਾ ਪ੍ਰਤੱਖ ਨਜ਼ਰ ਆਉਂਦੀ ਹੈ, ਅਤੇ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਨੂੰ ਵੱਖ-ਵੱਖ ਧਰਮਾਂ ਦੀ ਸੰਸਕ੍ਰਿਤੀ ਅਤੇ ਭਾਸ਼ਾਵਾਂ ਬਾਰੇ ਡੂੰਘੀ ਜਾਣਕਾਰੀ ਸੀ। ਬਚਪਨ ਤੋਂ ਹੀ ਗੁਰੂ ਸਾਹਿਬ ਦਾ ਅਧਿਆਤਮਿਕਤਾ ਵੱਲ ਝੁਕਾਅ ਮਾਤਾ-ਪਿਤਾ ਦੀ ਚਿੰਤਾ ਦਾ ਕਾਰਨ ਸੀ। ਉਹ ਗੁਰੂ ਸਾਹਿਬ ਨੂੰ ਇੱਕ ਜ਼ਿੰਮੇਵਾਰ ਗ੍ਰਿਹਸਥੀ ਦੇ ਰੂਪ ਵਿਚ ਕਿਰਤ ਕਰਨ ਅਤੇ ਧਨ ਕਮਾਉਣ ਵਾਲਾ ਜਗਿਆਸੂ ਬਣਾਉਣਾ ਚਾਹੁੰਦੇ ਸਨ। ਇਸੇ ਲਈ ਮਹਿਤਾ ਕਾਲੂ ਜੀ ਨੇ ਗੁਰੂ ਸਾਹਿਬ ਨੂੰ ਪੜ੍ਹਨ ਲਈ ਪੰਡਿਤ ਕੋਲ ਭੇਜਿਆ। ਪੰਡਿਤ ਕੋਲੋਂ ਦੁਨਿਆਵੀ ਪੜ੍ਹਾਈ ਸਿੱਖਣ ਦੇ ਬਜਾਏ ਗੁਰੂ ਸਾਹਿਬ ਨੇ ਉਸ ਨੂੰ ਹੀ ਆਤਮਿਕ ਗਿਆਨ ਪੜ੍ਹਾ ਦਿੱਤਾ।[18] ਪੰਡਿਤ ਕੋਲੋਂ ਲੇਖੇ-ਪੱਤੇ ਸਿਖਦੇ ਸਿਖਦੇ ਗੁਰੂ ਸਾਹਿਬ ਨੇ ਉਸ ਨੂੰ ਉਸ ਲੇਖੇ ਤੋਂ ਜਾਣੂ ਕਰਵਾਇਆ, ਜੋ ਸੱਚਾ ਅਤੇ ਸਦੀਵੀ ਹੈ, ਅਤੇ ਪਰਮਾਤਮਾ ਦੀ ਦਰਗਾਹ ਵਿਚ ਉਸਦਾ ਹਿਸਾਬ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਉਥੇ ਹੀ ਇਹ ਸਬਦ ਉਚਾਰਣ ਕੀਤਾ :

*''ਤਬ ਗੁਰੂ ਨਾਨਕ ਇਹ ਸਬਦ ਉਠਾਇਆ, ਸਿਰੀ ਰਾਗੁ ਵਿਚ ਮਹਲੁ ੧''*[19]

*''ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ।।*

*ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ।।*

*ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ।।*

*ਬਾਬਾ ਏਹੁ ਲੇਖਾ ਲਿਖਿ ਜਾਣੁ।।*

*ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ।।''*[20]

ਇਸ ਤਰ੍ਹਾਂ ਗੁਰੂ ਸਾਹਿਬ ਨੇ ਆਪਣੇ ਜੀਵਨ ਵਿਚ ਦੈਵੀ ਗੁਣਾਂ ਨੂੰ ਆਧਾਰ ਬਣਾ ਕੇ ਵਿਦਿਆਰਥੀ ਦੇ ਰੂਪ ਵਿਚ ਗੁਰਦਕਸ਼ਣਾ ਵਜੋਂ ਰੂਹਾਨੀ ਜੀਵਨ ਦਾ ਰਾਹ ਆਪਣੇ ਅਧਿਆਪਕਾਂ ਨੂੰ ਦੱਸਿਆ ਅਤੇ ਅਧਿਆਪਕ ਦੇ ਰੂਪ ਵਿਚ ਆਪਣੇ ਸਿਖਾਂ ਨੂੰ ਜੀਵਨ ਮੁਕਤ ਹੋਣ ਦੀ ਜੁਗਤ ਦਸ ਕੇ ਆਪਣੀ ਭੂਮਿਕਾ ਨੂੰ ਬਾਖੂਬੀ ਨਿਭਾਇਆ। ਕਿਰਤ ਕਮਾਈ ਵਿਚ ਈਮਾਨਦਾਰੀ ਅਤੇ ਮਿਹਨਤ ਦੀ ਮਹੱਤਤਾ ਗੁਰੂ ਸਾਹਿਬ ਨੇ ਭਾਈ ਲਾਲੋ ਦੀ ਹਕ ਹਲਾਲ ਦੀ ਰੋਟੀ ਵਿਚੋਂ ਦਰਸਾਈ ਅਤੇ ਮਲਕ ਭਾਗੋ ਦੀ ਹਰਾਮ ਦੀ ਕਮਾਈ ਦਾ ਨਤੀਜਾ ਕੀ ਹੁੰਦਾ ਹੈ ਇਹ ਵੀ ਦਰਸਾਇਆ :

*''ਗੁਰੂ ਨਾਨਕ ਦੋਵੇਂ ਹਥ ਵਿਚਿ ਲੀਤੀਆਂ। ਲਾਲੋ ਦੀ ਰੋਟੀ ਤਥਾ ਭਾਗੋ ਦੀਆਂ ਲੁਚੀਆਂ। ਜਾਂ ਦੋਵੇਂ ਹਥ ਵਿਚਿ ਲੈ ਕੇ ਘੁਟੀਆ ਤਾਂ ਉਸ ਕੋਧ੍ਰੇ ਦੀ ਰੋਟੀ ਵਿਚੋਂ ਦੁਧ ਸਿੰਮਿਆ। ਅਤੇ ਲੁਚੀਆਂ ਕਚੌਰੀਆਂ ਵਿਚੋਂ ਲਹੂ ਸਿੰਮਿਆ। ਤਾਂ ਜਿਤਨੀ ਮਜਲਸੁ ਬੈਠੀ ਹੋਈ ਆਹੀ ਸਭ ਬਿਸਮਾਦ ਹੋ ਗਈ। ਤਾਂ ਗੁਰੂ ਨਾਨਕ ਕਹਿਆ ਮਲਕ ਤੁਧ ਆਦਮੀਆਂ ਦੇ ਲਹੂ ਦਾ ਬ੍ਰਹਮ ਭੋਜ ਕੀਤਾ ਹੈ। ਅਤੇ ਇਹ ਰੋਟੀ ਸੂਦ੍ਰ ਦੇ ਘਰ ਦੀ ਹਈ। ਬ੍ਰਹਮ ਭੋਜ ਲਾਲੋ ਦੇ ਘਰ ਦਾ ਹੋਂਦਾ ਹਈ ਨਿਤਾ ਪ੍ਰਤਿ।''*[21]

ਕਰਮਾਂ ਦਾ ਨਤੀਜਾ ਮਨੁਖ ਨੂੰ ਕਿਸ ਤਰ੍ਹਾਂ ਮਿਲਦਾ ਹੈ, ਇਸ ਬਾਰੇ ਵੀ ਪੁਰਾਤਨ ਜਨਮਸਾਖੀ ਵਿਚ ਲਿਖਿਆ ਗਿਆ ਹੈ ਕਿ ਕਿਸ ਤਰ੍ਹਾਂ ਵਿਕਰਮ (ਭੈੜੇ ਕਰਮ) ਮੁਹਰਾਂ ਨੂੰ ਕੋਲੇ ਅਤੇ ਸੇਵਾ, ਸੂਲੀ ਨੂੰ ਸੂਲ ਬਣਾ ਦਿੰਦੇ ਹਨ।[22] ਗੁਰੂ ਨਾਨਕ ਸਾਹਿਬ ਨੇ ਨਾ ਕੇਵਲ ਕਿਰਤ ਅਤੇ ਕਿੱਤਾਮੁਖੀ ਨੈਤਿਕਤਾ ਨੂੰ ਇਕ ਨਵੀਂ ਪਹਿਚਾਣ ਤੇ ਬੁਲੰਦੀ ਪ੍ਰਦਾਨ ਕੀਤੀ,

ਬਲਕਿ ਆਪਣੇ ਸਿੱਖਾਂ ਨੂੰ ਨਿਵੇਕਲੇ ਅਤੇ ਸਤਿਕਾਰਯੋਗ ਕਿੱਤੇ ਵੀ ਪ੍ਰਦਾਨ ਕੀਤੇ। ਭਾਈ ਲਾਲੋ ਨੂੰ ਉਤਰੀ ਪੰਜਾਬ ਵਿਚ ਸਿੱਖੀ ਦਾ ਪ੍ਰਚਾਰ ਕਰਨ ਲਈ ਪਹਿਲਾ ਮੰਜੀਦਾਰ (ਪ੍ਰਚਾਰਕ) ਸਥਾਪਿਤ ਕੀਤਾ ਗਿਆ।[23] ਸੱਜਣ ਠੱਗ ਦਾ ਸੁਧਾਰ ਕਰਕੇ ਪਹਿਲੀ ਧਰਮਸ਼ਾਲਾ ਦਾ ਉਥੇ ਹੀ ਨਿਰਮਾਣ ਕੀਤਾ।[24] ਗੁਰੂ ਸਾਹਿਬ ਨੇ ਆਪ ਹੱਥੀਂ ਕਿਰਤ ਕਰਕੇ ਅਤੇ ਆਪਣੇ ਸਿੱਖਾਂ ਨੂੰ ਕਿੱਤਾਮੁਖੀ ਨੈਤਿਕਤਾ ਦੇ ਮਾਪ-ਦੰਡ ਸਮਝਾਉਂਦਿਆਂ ਇਹ ਸਿੱਖਿਆ ਦਿੱਤੀ ਕਿ ਕਿਰਤ ਕੇਵਲ ਪੈਸੇ ਕਮਾਉਣ ਜਾਂ ਜੀਵਨ ਜਿਉਣ ਲਈ ਸਾਧਨ ਇਕੱਠੇ ਕਰਨ ਮਾਤਰ ਤਕ ਸੀਮਿਤ ਨਹੀਂ, ਬਲਕਿ ਇਹ ਸਾਡੇ ਸਮਾਜ ਨਿਰਮਾਣ ਦੀ ਨੀਂਹ ਵੀ ਹੈ। ਹਰ ਇਕ ਕਿਰਤੀ ਆਪਣੀ ਕਾਬਲੀਅਤ ਅਨੁਸਾਰ ਸਮਾਜ ਦੀ ਕਿਸੇ ਨ ਕਿਸੇ ਰੂਪ ਵਿਚ ਸੇਵਾ ਕਰਦਾ ਹੈ ਅਤੇ ਉਸ ਦੇ ਬਦਲੇ ਉਸ ਨੂੰ ਸੇਵਾ ਦਾ ਫਲ ਮਿਲਦਾ ਹੈ, ਕਿਰਤੀ ਨੂੰ ਸਮਾਜਿਕ ਭਲਾਈ ਵਲ ਵੇਖ ਕੇ ਕਿਰਤ ਕਰਨੀ ਚਾਹੀਦੀ ਹੈ, ਫਲ ਵਲ ਨਹੀਂ। ਇਹੀ ਉਪਦੇਸ਼ ਦਿੰਦਿਆਂ ਗੁਰੂ ਸਾਹਿਬ ਨੇ ਆਪ ਵੀ ਕਿਰਤ ਦੇ ਨਾਲ-ਨਾਲ ਨਿਸ਼ਕਾਮ ਸੇਵਾ ਕੀਤੀ ਅਤੇ ਆਪਣੇ ਸਿਖਾਂ ਨੂੰ ਵੀ ਪ੍ਰੇਰਿਆ।

ਗੁਰੂ ਸਾਹਿਬ ਜਿਥੇ ਆਪ ਸੁਚੱਜੇ ਕਿਰਤੀ ਸਨ, ਉਥੇ ਉਨ੍ਹਾਂ ਦੇ ਸਿਖ ਵੀ ਹਥੀ ਕਿਰਤ ਕਰਕੇ ਅਤੇ ਨਿਸ਼ਕਾਮ ਸੇਵਾ ਕਰਕੇ ਜੀਵਨ ਨਿਰਬਾਹ ਕਰਦੇ ਸਨ। ਇਸ ਦਾ ਪਤਾ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਤੋਂ ਲਗਦਾ ਹੈ ।[25] ਗੁਰੂ ਸਾਹਿਬ ਦੇ ਪਰਿਵਾਰ ਵਿਚ ਮਾਤਾ ਤ੍ਰਿਪਤਾ ਜੀ, ਭੈਣ ਨਾਨਕੀ ਅਤੇ ਪਤਨੀ ਮਾਤਾ ਸੁਲਖਣੀ ਜੀ ਨੇ ਗ੍ਰਹਿਸਤ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਅਤੇ ਇਹ ਸੰਦੇਸ਼ ਦਿੱਤਾ ਕਿ ਮਨੁੱਖ ਦਾ ਕਿੱਤਾ ਅਤੇ ਸੇਵਾ ਕੇਵਲ ਉਸ ਦੀ ਇਕੱਲੇ ਦੀ ਨਹੀਂ ਬਲਕਿ ਉਸ ਦੇ ਸਮੁੱਚੇ ਪਰਿਵਾਰ ਦੀ ਜ਼ਿੰਮੇਵਾਰੀ ਹੁੰਦੀ ਹੈ। ਸੁਲਤਾਨਪੁਰ ਵਿਖੇ ਜਦ ਰਾਤ ਨੂੰ 'ਜਾਂ ਬਾਬੇ ਦੀ ਰਸੋਈ ਹੋਵੈ'[26] ਤਾਂ ਇਹ ਗੱਲ ਸੁਭਾਵਿਕ ਹੀ ਜਾਪਦੀ ਹੈ ਕਿ ਸਾਰੀ ਸੇਵਾ ਸੰਭਾਲ ਬੇਬੇ ਨਾਨਕੀ ਅਤੇ ਮਾਤਾ ਸੁਲੱਖਣੀ ਜੀ ਦੇ ਜ਼ਿੰਮੇ ਹੀ ਹੁੰਦੀ ਹੋਵੇਗੀ।

ਗੁਰੂ ਸਾਹਿਬ ਨੇ ਆਪਣੇ ਸਿਖਾਂ ਨੂੰ ਗ੍ਰਹਿਸਥ ਆਸ਼ਰਮ ਵਿਚ ਨਿਰਬਾਹ ਕਰਨ ਦੀ ਹਿਦਾਇਤ ਕੀਤੀ। ਉਨ੍ਹਾਂ ਆਪ ਵੀ ਗ੍ਰਹਿਸਥ ਵਿਚ ਵਿਚਰ ਕੇ ਕਿਰਤ ਕਰਕੇ ਆਪਣੇ ਜੀਵਨ ਦਾ ਨਿਰਬਾਹ ਕੀਤਾ ਅਤੇ ਇਸੇ ਕਾਰਣ ਕਰਕੇ ਗੁਰਿਆਈ ਉਦਾਸੀ ਜਾਂ ਬੈਰਾਗੀ ਦੀ ਬਜਾਏ

ਇਕ ਮਿਹਨਤੀ ਕਿਰਤੀ ਭਾਈ ਲਹਿਣਾ ਜੀ ਨੂੰ ਦੇ ਕੇ ਉਨ੍ਹਾਂ ਨੂੰ ਗੁਰੂ ਅੰਗਦ ਦੇਵ ਜੀ ਬਣਾਇਆ। ਗੁਰੂ ਅੰਗਦ ਦੇਵ ਜੀ ਵੀ ਇਕ ਕਿਰਤੀ ਪਰਿਵਾਰ ਨਾਲ ਸੰਬੰਧ ਰਖਦੇ ਸਨ। 'ਉਨ੍ਹਾਂ ਦੇ ਪਿਤਾ ਜੀ ਦਾ ਨਾਂ ਫੇਰੂ ਸੀ ਜਿਹੜੇ ਇਕ ਛੋਟੇ ਵਪਾਰੀ ਸਨ।[27] ਕਿਰਤ ਦੀ ਮਹਾਨਤਾ ਨੂੰ ਬਰਕਰਾਰ ਰਖਦਿਆਂ, ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਮਿਲਣ ਤੋਂ ਬਾਅਦ ਵੀ ਹੱਥੀਂ ਕਿਰਤ ਕਰਨਾ ਨਹੀਂ ਛਡਿਆ। ਉਨ੍ਹਾਂ ਦੀ ਅਣਥਕ ਸੇਵਾ ਅਤੇ ਕਿਰਤ ਪ੍ਰਤੀ ਰੁਝਾਨ ਨੇ ਹੀ, ਉਨ੍ਹਾਂ ਨੂੰ ਭਾਈ ਲਹਿਣਾ ਜੀ ਤੋਂ ਗੁਰੂ ਅੰਗਦ ਦੇਵ ਜੀ ਬਣਾਇਆ। ਇਕ ਵਾਰ ਭਾਈ ਲਹਿਣਾ ਜੀ ਗੁਰੂ ਨਾਨਕ ਜੀ ਦੇ ਦਰਸ਼ਨ ਕਰਨ ਉਨ੍ਹਾਂ ਦੇ ਖੇਤ ਗਏ ਤਾਂ ਖੇਤ ਜਾ ਕੇ ਵੇਖਿਆ ਕਿ ਗੁਰੂ ਜੀ ਸਿੱਖਾਂ ਸਮੇਤ ਝੋਨੇ ਵਿੱਚੋਂ ਨਦੀਨ ਜਾਂ ਘਾਹ-ਬੂਟੀ ਕੱਢ ਰਹੇ ਸਨ। ਸ੍ਰੀ ਲਹਿਣਾ ਜੀ ਵੀ ਉਸੇ ਕੰਮ ਲੱਗ ਪਏ। ਆਪਣੇ ਰੇਸ਼ਮੀ ਲਿਬਾਸ ਦੇ ਲਿਬੜ ਜਾਣ ਦਾ ਉਨ੍ਹਾਂ ਨੂੰ ਜ਼ਰਾ ਵੀ ਖਿਆਲ ਨਾ ਆਇਆ। ਬੰਸਾਵਲੀਨਾਮੇ ਅਨੁਸਾਰ :

> *'' 'ਗੁਰੂ ਨਾਨਕ ਜੀ' ਪਾਸ ਫਿਰਿ ਆਇਆ। ਅਗੇ ਸਾਹਿਬ ਖੇਤ੍ਰੀ ਦਾ ਨਦੀਣੁ ਸੀ ਕਢਵਾਇਆ। ਬਾਹਰ ਹੀ ਆਇ ਚਰਨੀ ਪਇਆ। ਜਾ ਟੁਰਨ ਲਗੇ ਤਾਂ ਧਾਹੀਆਂ ਦਾ ਭਾਰ ਸਿਰ ਚੁਕ ਲਇਆ।੨੮।*
>
> *ਚਿਕੜ ਵਹਿੰਦੇ ਚੁਕ ਘਰਿ ਲੈ ਆਇਆ। 'ਮਾਤਾ ਚੋਣੀ ਜੀ' ਦੇਖਿ ਬਾਬੇ ਨੂੰ ਆਖਿ ਸੁਣਾਇਆ : ''ਮਹਾਰਾਜ ! ਇਹੁ ਭਲਾ ਆਦਮੀ ਹੈ ਤੁਸਾਨੂੰ ਮਿਲਣੇ ਆਇਆ। ਤੁਸਾਂ ਭਾਰ ਚੁਕਾਇ ਉੱਤੇ ਚਿਕੜ ਹੈ ਪਾਇਆ।੨੯।'*[28]

ਗੁਰਿਆਈ ਦੌਰਾਨ ਆਪ ਨੇ ਸਭ ਤੋਂ ਪਹਿਲਾਂ ਗੁਰਬਾਣੀ ਦੀ ਸੇਵਾ ਸੰਭਾਲ ਕੀਤੀ।[29] ਗੁਰੂ ਅੰਗਦ ਦੇਵ ਜੀ ਦੀ ਅਸਲ ਕਿਰਤ ਗੁਰਬਾਣੀ ਸੰਭਾਲ ਦੇ ਨਾਲ-ਨਾਲ ਗੁਰਮੁਖੀ ਲਿਪੀ ਦੀ ਘਾੜਤ ਘੜਨਾ ਸੀ।[30] ਉਹ ਬੱਚਿਆਂ ਨੂੰ ਖੇਡਦਿਆਂ ਦੇਖਣ ਦੇ ਬੜੇ ਚਾਹਵਾਨ ਸਨ ਅਤੇ ਕਦੇ-ਕਦੇ ਉਸ ਥਾਂ ਉਤੇ ਨੌਜਵਾਨਾਂ ਦੀਆਂ ਕੁਸ਼ਤੀਆਂ ਵੀ ਕਰਵਾਉਂਦੇ ਸਨ, ਜਿਸ ਥਾਂ ਨੂੰ ਹੁਣ 'ਮੱਲ ਅਖਾੜਾ' ਕਹਿੰਦੇ ਸਨ।[31] ਗੁਰਿਆਈ, ਗੁਰਬਾਣੀ ਦੀ ਸੰਭਾਲ, ਗੁਰਮੁਖੀ ਲਿਪੀ ਅਤੇ ਮੱਲ ਅਖਾੜੇ ਦੇ ਮਹਾਨ ਕਾਰਜਾਂ ਦੌਰਾਨ ਵੀ ਗੁਰੂ ਅੰਗਦ ਦੇਵ ਜੀ ਨੇ ਹੱਥੀਂ ਕਿਰਤ ਜਾਰੀ ਰਖੀ। ਜਦੋਂ ਭਾਈ ਬਾਲਾ ਜੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਗਏ ਤਾਂ ਅਗੋਂ ਗੁਰੂ ਸਾਹਿਬ ਰੱਸੀ ਵਟ ਰਹੇ ਸਨ :

*'' ਅਗੇ ਵੇਖੈ ਕਿਆ ਗੁਰੂ ਅੰਗਦ ਜੀ ਵਾਣ ਵਟਾਇਦਿਾ ਬੈਠਾ ਹੈ।''*[32]

ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਖੇਤੀਬਾੜੀ, ਵਪਾਰ ਅਤੇ ਪਸ਼ੂ ਪਾਲਣ ਦਾ ਕੰਮ ਵੀ ਕੀਤਾ।[33] ''ਉਨ੍ਹਾਂ ਨੇ ਲੰਗਰ ਦੀ ਪ੍ਰਥਾ ਚਾਲੂ ਰੱਖੀ ਜਿਸ ਦੀ ਦੇਖ ਭਾਲ ਮਾਤਾ ਖੀਵੀ ਜੀ ਕਰਦੇ ਸਨ। ਲੰਗਰ ਵਿਚ ਦੁੱਧ ਅਤੇ ਘਿਉ ਵਿਚ ਬਣੀ ਖੀਰ ਖਾਣ ਨੂੰ ਮਿਲਦੀ ਸੀ (ਵਾਰ ਸਤਾ, ਪਉੜੀ 3)[34] ਪਰ ਗੁਰੂ ਜੀ ਆਪ ਸਾਦੀ ਖੁਰਾਕ ਹੀ ਖਾਂਦੇ ਸਨ।''[35] ਜਿਸ ਬਾਰੇ ਬੰਸਾਵਲੀਨਾਮੇ ਵਿਚ ਵੀ ਲਿਖਿਆ ਹੈ :

*''ਵਾਣੁ ਵਟਿ ਕਰਨ ਗੁਜ਼ਰਾਨ।*
*ਬਿਨਾ ਕਿਰਤ ਅਪਣੀ ਧਾਨ ਬਿਗਾਨਾ ਨਾ ਖਾਣੁ।।''*[36]

ਗੁਰੂ ਅੰਗਦ ਦੇਵ ਜੀ ਦੁਆਰਾ ਕੀਤੇ ਸੇਵਾ ਕਾਰਜਾਂ ਵਿਚ, ਮਾਤਾ ਖੀਵੀ ਜੀ ਨੇ ਵੀ ਉਨ੍ਹਾਂ ਨੂੰ ਪੂਰਾ ਸਹਿਯੋਗ ਦਿੱਤਾ। ਜਿਸ ਦਾ ਵੇਰਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਵੀ ਮਿਲਦਾ ਹੈ :

*ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ।।*
*ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ।।*[37]

ਗੁਰੂ ਅੰਗਦ ਦੇਵ ਜੀ ਅਤੇ ਮਾਤਾ ਖੀਵੀ ਜੀ ਮਿਹਨਤੀ ਕਿਰਤੀ ਹੋਣ ਦੇ ਨਾਲ-ਨਾਲ ਸੇਵਾ ਅਤੇ ਸਿਮਰਨ ਦੀ ਵੀ ਅਦਭੁਤ ਮਿਸਾਲ ਸਨ। ਗੁਰੂ ਅੰਗਦ ਸਾਹਿਬ ਜਿਥੇ ਗੁਰਬਾਣੀ ਦੀ ਵਿਚਾਰ ਕਰਦੇ ਉਥੇ ਮਾਤਾ ਖੀਵੀ ਜੀ ਲੰਗਰ ਦੀ ਸੇਵਾ ਸੰਭਾਲਦੇ ਸਨ।

*ਲੰਗਰ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ।।*
*ਖਰਚੇ ਦਿਤਿ ਖਸੰਮ ਦੀ ਆਪ ਖਰਚੀ ਖੈਰਿ ਦਬਟੀਐ।।*[38]

ਇਸੇ ਸੇਵਾ ਅਤੇ ਸਿਮਰਨ ਦਾ ਸਦਕਾ, ਮਾਤਾ ਖੀਵੀ ਜੀ ਦੀ ਰੂਹਾਨੀ ਗੋਦ ਵਿਚ ਪਲੀ, ਬੀਬੀ ਅਮਰੋ ਜੀ ਵੀ ਗੁਰਬਾਣੀ ਦੇ ਰਸੀਏ ਅਤੇ ਘਰ ਦੇ ਕੰਮਾਂ-ਕਾਰਾਂ ਵਿਚ ਪੂਰੇ ਨਿਪੁੰਨ ਸਨ। ''ਬੀਬੀ ਅਮਰੋ ਜੀ ਥੋੜ੍ਹੇ ਦਿਨ ਹੀ ਹੋਏ ਸਨ ਕਿ ਅਮਰਦਾਸ ਜੀ ਦੇ ਭਤੀਜੇ ਨਾਲ ਵਿਆਹੇ ਗਏ ਸਨ। ਬੀਬੀ ਜੀ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰਕੇ, ਜਪੁਜੀ ਅਤੇ ਗੁਰੂ ਨਾਨਕ ਦੇਵ ਜੀ ਦੀ ਹੋਰ ਬਾਣੀ ਦਾ ਪਾਠ ਕਰਦੇ ਸਨ। ਫਿਰ ਪਰਿਵਾਰ ਲਈ ਦੁੱਧ ਰਿੜਕਦੇ।[39] ਬੀਬੀ ਅਮਰੋਂ ਪਾਸੋਂ ਗੁਰਬਾਣੀ ਸੁਣ ਕੇ ਹੀ ਗੁਰੂ ਅਮਰਦਾਸ ਜੀ ਗੁਰੂ ਅੰਗਦ

ਦੇਵ ਜੀ ਦੇ ਚਰਣਾਂ ਵਿਚ ਪੁੱਜੇ।[40] ਗੁਰੂ ਅੰਗਦ ਦੇਵ ਜੀ ਜਿਥੇ ਆਪ ਸੁਚੱਜੇ ਅਤੇ ਮਿਹਨਤੀ ਕਿਰਤੀ ਸਨ ਉਥੇ ਆਪਣੇ ਸਿੱਖਾਂ ਨੂੰ ਵੀ ਕਿਰਤ ਪ੍ਰਤੀ ਈਮਾਨਦਾਰ ਅਤੇ ਸਤਰਕ ਹੋਣ ਦੇ ਉਪਦੇਸ਼ ਦਿੰਦੇ ਸਨ। ਉਨ੍ਹਾਂ ਦਾ ਇਕ ਸਿਖ ਭਾਈ ਮੱਲ੍ਹ ਮੁਗਲ ਫੌਜ ਵਿਚ ਨੌਕਰ ਸੀ, ਉਹ ਆਪ ਇਸ ਨੌਕਰੀ ਵਿਚ ਰੁਚੀ ਨਹੀਂ ਰਖਦਾ ਸੀ, ਪਰ ਗੁਰੂ ਸਾਹਿਬ ਨੇ ਉਸ ਨੂੰ ਈਮਾਨਦਾਰੀ ਨਾਲ ਨੌਕਰੀ ਕਰਨ ਅਤੇ ਗਰੀਬਾਂ ਅਤੇ ਲੋੜਵੰਦਾਂ ਦੇ ਹੱਕ ਵਿਚ ਖੜਨ ਦਾ ਉਪਦੇਸ਼ ਦਿੱਤਾ।[41] ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ, ਭਾਈ ਕਿਦਾਰੀ ਅਤੇ ਭਾਈ ਜੋਧ ਆਦਿ ਦਾ ਜ਼ਿਕਰ ਮਿਲਦਾ ਹੈ ਜੋ ਕਿ ਗੁਰੂ ਦਰਬਾਰ ਵਿਚ ਲਾਂਗਰੀ ਦੀ ਸੇਵਾ ਕਰਦੇ ਸਨ :

> *''ਜੋਧੁ ਰਸੋਈਆ ਦੇਵਤਾ ਗੁਰ ਸੇਵਾ ਕਰਿ*
> *ਦੁਤਰੁ ਤਾਰੀ।।''*[42]

ਸ੍ਰੀ ਅਮਰਦਾਸ ਜੀ ਵੀ ਕਿਰਤੀ ਅਤੇ ਮਿਹਨਤੀ ਸਿਖ ਸਨ, ਜਿਨ੍ਹਾਂ ਨੇ ਅਗੇ ਜਾ ਕੇ ਗੁਰਿਆਈ ਸੰਭਾਲੀ। ''ਸ੍ਰੀ ਅਮਰਦਾਸ ਜੀ ਤੇ ਆਪ ਦੇ ਭਾਈ, ਪਿਤਾ-ਪੁਰਖੀ ਰੀਤ ਅਨੁਸਾਰ ਖੇਤੀਬਾੜੀ ਤੇ ਵਣਜ-ਵਿਹਾਰ ਕਰਦੇ ਸਨ।''[43] ਮਹਿਮਾ ਪ੍ਰਕਾਸ਼ ਸ੍ਰੀ ਗੁਰੂ ਅਮਰਦੇਵ ਅਨੁਸਾਰ ਗੁਰੂ ਅਮਰਦਾਸ ਜੀ ਦਰਿਆਈ ਰੇਸ਼ਮ ਦਾ ਵਾਪਾਰ ਵੀ ਕਰਦੇ ਸਨ। ਉਹ ਜਲੰਧਰ ਤੋਂ ਰੇਸ਼ਮ ਲੈ ਕੇ ਮਾਝੇ ਇਲਾਕੇ ਵਿਚ ਵੇਚਦੇ ਸਨ :

> *ਕਰੈ ਬਿਵਹਾਰੁ ਰੇਸਮ ਦਰਿਆਈ...*
> *ਲੈ ਜਲੰਧ੍ਰ ਤੇ ਮਾਝੇ ਵੇਚਾਈ।।*[44]

ਕਵੀ ਭਾਈ ਸੰਤੋਖ ਸਿੰਘ ਅਨੁਸਾਰ, ਗੁਰੂ ਅਮਰਦਾਸ ਜੀ ਰੋਜ਼ ਲੂਣ-ਤੇਲ ਅਤੇ ਹੋਰ ਲੋੜੀਂਦੀਆਂ ਘਰੇਲੂ ਵਸਤਾਂ ਘੋੜੀ 'ਤੇ ਲਦ ਕੇ ਆਸ ਪਾਸ ਪਿੰਡਾਂ ਵਿਚ ਵੇਚਣ ਜਾਂਦੇ ਸਨ। ਖੇਤੀਬਾੜੀ ਕਰਦੇ ਸਨ ਅਤੇ ਨਾਲ ਹੀ ਪਿਤਾ ਅਤੇ ਛੋਟੇ ਭਰਾਵਾਂ ਦੇ ਕੰਮ ਵਿਚ ਹੱਥ ਵੰਡਾ ਕੇ ਘਰ ਗੁਜਰਾਨ ਕਰਦੇ ਸਨ :

> *''ਖੇਤੀ ਕ੍ਰਿਤਿ ਕੌ ਸੁਤ ਕਰਹਿਂ ਤੇਜੋ ਸੁਖ ਪਾਵੈ।।.......*
> ........... ........... ...........
> *ਕਰਤਿ ਬਨਜਿ ਫੇਰੋ ਫਿਰਹਿ ਧਰਮ ਸਹਿਤ ਕ੍ਰਿਤਿ ਠਾਨਿ।।*
> *ਹੁਇ ਅਦੋਸ਼ ਜਿਮਿ ਜੀਵਕਾ ਨਿਰਬਾਹਤਿ ਗੁਜ਼ਰਾਨ।।੬।।*[45]''

ਵਡੇਰੀ ਉਮਰ ਹੋਣ ਦੇ ਬਾਵਜੂਦ ਵੀ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਵਿਚ ਆ ਕੇ ਅਣਥਕ ਸੇਵਾ ਕੀਤੀ। ''ਉਹ ਸਾਂਝੇ ਲੰਗਰ ਲਈ ਪਾਣੀ ਅਤੇ ਬਾਲਣ ਲਿਆਉਣ ਲੱਗ ਪਏ। ਬੁਢਾਪੇ ਅਤੇ ਗੁਰੂ ਜੀ ਨਾਲ ਬੜਾ ਨਜ਼ਦੀਕੀ ਅਤੇ ਕੋਮਲ ਰਿਸ਼ਤਾ ਹੋਣ ਦੇ ਬਾਵਜੂਦ ਉਨ੍ਹਾਂ ਨੇ ਗੁਰੂ ਜੀ ਅਤੇ ਸਿਖਾਂ ਲਈ ਸਭ ਤੋਂ ਨਿਮਾਨੜੀ ਕਿਸਮ ਦਾ ਕੰਮ ਆਪਣੇ ਜ਼ਿੰਮੇ ਲਿਆ। ਉਹ ਹਰ ਰੋਜ਼ ਦਰਿਆ ਬਿਆਸ ਤੋਂ, ਜਿਹੜਾ ਖਡੂਰ ਸਾਹਿਬ ਤੋਂ ਤਿੰਨ ਮੀਲਾਂ ਤੋਂ ਵੱਧ ਦੂਰ ਸੀ, ਗੁਰੂ ਜੀ ਦੇ ਸਵੇਰ ਦੇ ਇਸ਼ਨਾਨ ਲਈ ਪਾਣੀ ਲਿਆਉਂਦੇ।[46] ਬੰਸਾਵਲੀਨਾਮੇ ਅਨੁਸਾਰ ਬੀਬੀ ਅਮਰੋ ਦੀ ਬੇਨਤੀ ਤੇ ਅਮਰਦਾਸ ਜੀ ਨੂੰ ਇਹ ਸੇਵਾ ਮਿਲੀ ਸੀ :

*ਬੀਬੀ ਅਮਰੋ ਜੀ ਸੁਪਾਰਸ ਕੀਨੀ।*
*ਟਹਿਲ ਲੰਗਰ ਦੀ ਗੁਰੂ ਅੰਗਦ ਜੀ ਨੇ ਅਮਰਦਾਸ ਭੱਲੇ ਕੋ*
*ਦੀਨੀ। ਅਮਰਦਾਸ ਜੀ ਲਗੇ ਟਹਿਲ ਕਮਾਵਣ। ਲੱਕੜੀਆਂ*
*ਬਾਲਣ, ਪਾਣੀ ਸਭ ਲੈ ਆਵਣ।੮0।*[47]

ਸਮੇਂ ਦੀ ਲੋੜ ਨੂੰ ਅਤੇ ਸਿੱਖੀ ਦੇ ਵਿਕਾਸ ਨੂੰ ਮੁਖ ਰੱਖਦਿਆਂ, ਕਈ ਸੰਸਥਾਵਾਂ ਦਾ ਜਨਮ ਹੋਇਆ, ਜਿਵੇਂ ਦਸਵੰਧ, ਮਸੰਦ ਅਤੇ ਮੰਜੀ ਪ੍ਰਥਾ ਆਦਿ। ਇਹਨਾਂ ਸੰਸਥਾਵਾਂ ਦਾ ਸਿੱਧੇ ਰੂਪ ਵਿਚ ਸੰਬੰਧ ਦਸਾਂ ਨਹੁੰਆਂ ਦੀ ਕਿਰਤ ਕਮਾਈ ਨਾਲ ਹੈ। ਜਿਵੇਂ ਦਸਵੰਧ ਉਹੀ ਸਿੱਖ ਕੱਢ ਸਕਦਾ ਹੈ, ਜੋ ਆਪਣੇ ਹੱਥੀ ਕਿਰਤ ਕਮਾਈ ਨਾਲ ਜੁੜਿਆ ਹੋਇਆ ਹੈ। ਮਸੰਦ (ਮੰਜੀ ਦੇ ਅਹੁਦੇਦਾਰ) ਦਾ ਕੰਮ ਇਸ ਦਸਵੰਧ ਨੂੰ ਗੁਰੂ ਘਰ ਦੀ ਗੋਲਕ ਤੱਕ ਪਹੁੰਚਾਉਣ ਦਾ ਸੀ। ਇਸ ਤਰ੍ਹਾਂ ਜਿਵੇਂ-ਜਿਵੇਂ ਸਿੱਖ ਧਰਮ ਰੂਪੀ ਦਰਖੱਤ ਵੱਡਾ ਹੋ ਰਿਹਾ ਸੀ, ਮਿਹਨਤੀ ਤੇ ਕਿਰਤੀ ਲੋਕ ਇਸ ਦੀਆਂ ਸ਼ਾਖਾਵਾਂ ਬਣਦੇ ਜਾ ਰਹੇ ਸਨ। ਗੁਰੂ ਜੀ ਦਾ ਲੰਗਰ ਇਕ ਮਹਾਨ ਸੰਸਥਾ ਬਣਦੀ ਜਾ ਰਹੀ ਸੀ। ਗੁਰੂ ਜੀ ਆਪ ਬਹੁਤ ਸਾਦੀ ਖੁਰਾਕ ਖਾਂਦੇ, ਜੋ ਉਨ੍ਹਾਂ ਦੀ ਮਾਮੂਲੀ ਜਿਹੀ ਆਮਦਨ ਨਾਲ ਖਰੀਦੀਆ ਚੀਜ਼ਾਂ ਤੋਂ ਤਿਆਰ ਹੁੰਦੀ ਸੀ।[48]

ਗੁਰੂ ਸਾਹਿਬ ਨੇ ਪਹਿਲਾਂ ਪੰਗਤ ਅਤੇ ਫਿਰ ਸੰਗਤ ਕਰਨ ਦੀ ਰੀਤ ਚਲਾਈ, ਜਿਸ ਦੇ ਤਹਿਤ ਗੁਰੂ ਘਰ ਆਉਣ ਵਾਲੇ ਹਰ ਵਰਗ ਅਤੇ ਕਿੱਤੇ ਨਾਲ ਸੰਬੰਧਤ ਸ਼ਰਧਾਲੂਆਂ ਨੂੰ ਹਿਦਾਇਤ ਸੀ, ਕਿ ਉਹ ਇਕਸਾਰ ਇਕੱਠੇ ਪੰਗਤ ਵਿਚ ਜ਼ਮੀਨ 'ਤੇ ਬੈਠ ਕੇ ਲੰਗਰ ਛਕਣ।[49]

ਇਸ ਤਰ੍ਹਾਂ ਗੁਰੂ ਸਾਹਿਬ ਨੇ ਇਹ ਸਿੱਧ ਕੀਤਾ ਕਿ ਕਿਰਤ ਮਨੁੱਖ ਨੂੰ ਸਮਾਨਤਾ ਪ੍ਰਦਾਨ ਕਰਦੀ ਹੈ। ਜੋ ਕਿਰਤੀ ਹੈ, ਮਿਹਨਤ ਕਰਦਾ ਹੈ, ਉਹ ਉਚਾ ਜਾਂ ਨੀਵਾਂ ਨਹੀਂ ਹੁੰਦਾ।

ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਦੀ ਸਥਾਪਨਾ ਕੀਤੀ ਤੇ ਮਸੰਦ ਨਿਯੁਕਤ ਕੀਤੇ ਜੋ ਧਰਮ ਸਿਧਾਂਤਾਂ ਤੋਂ ਭਲੀ ਭਾਂਤ ਜਾਣੂ ਸਨ ਤੇ ਨਾਮ ਜਪਾਉਣ ਦੀ ਪਰਿਕਿਰਿਆ ਤੇ ਸਿੱਖਾਂ ਦੀ ਭੇਟਾ ਲੈਣ ਪੱਖੋਂ ਨਿਪੁੰਨ ਸਨ।[50] ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਬਹੁਤ ਸੂਝਵਾਨ ਅਤੇ ਕਿਰਤੀ ਸੁਭਾਅ ਵਾਲੇ ਸਨ। ਇਕ ਸਿਦਕੀ ਸਿੱਖ ਨੇ ਇਕ ਵਾਰ ਗੁਰੂ ਜੀ ਪਾਸੋਂ ਆਗਿਆ ਮੰਗੀ ਕਿ ਮੈਂ ਬੀਬੀ ਭਾਨੀ ਜੀ ਨੂੰ ਕੱਪੜੇ ਤੇ ਗਹਿਣੇ ਖਰੀਦਣ ਲਈ ਰੁਪਏ ਦੇਣੇ ਚਾਹੁੰਦਾ ਹਾਂ ਤਾਂ ਕਿ ਦੂਜੀਆਂ ਕੁੜੀਆਂ ਵਾਂਗ ਉਹ ਵੀ ਪਹਿਨਣ ਅਤੇ ਉਨ੍ਹਾਂ ਦੇ ਇਕੱਠ ਵਿਚ ਕਿਸੇ ਗੱਲੋਂ ਘੱਟ ਨਾ ਜਾਪਣ। ਇਹ ਬਚਨ ਸੁਣ ਕੇ ਬੀਬੀ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਇਹ ਤੁਕ ਉਚਾਰੀ :

> *'ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰ।।'*
>
> (*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 468.)

ਅਤੇ ਸਿਖ ਨੂੰ ਕਿਹਾ, ਕਿ ''ਧਨ ਦਾ ਸਭ ਤੋਂ ਚੰਗਾ ਉਪਯੋਗ ਇਹ ਹੈ, ਕਿ ਗੁਰੂ ਕੇ ਲੰਗਰ ਨੂੰ ਅੰਨ ਨਾਲ ਭਰਪੂਰ ਕਰੋ ਅਤੇ ਯਾਤਰੂਆਂ ਦੀਆਂ ਲੋੜਾਂ ਨੂੰ ਪੂਰੀਆਂ ਕਰੋ।''[51]

ਗੁਰੂ ਰਾਮਦਾਸ ਜੀ ਦੇ ਪਿਤਾ ਹਰਦਾਸ ਜੀ ਚੂਨਾ ਮੰਡੀ ਲਾਹੌਰ ਵਿਚ ਹੱਟੀ-ਪੱਟੀ ਦਾ ਸਧਾਰਨ ਧੰਦਾ ਕਰਿਆ ਕਰਦੇ ਸਨ। ਮਾਪਿਆਂ ਨੇ ਆਪ ਜੀ ਦਾ ਨਾਂ ਰਾਮਦਾਸ ਰਖਿਆ ਪਰ ਪ੍ਰਸਿੱਧ 'ਜੇਠਾ' ਕਰਕੇ ਹੋਏ। ਸ੍ਰੀ ਜੇਠਾ ਜੀ ਅਜੇ ਛੋਟੀ ਉਮਰ ਦੇ ਹੀ ਸਨ ਕਿ ਪਹਿਲਾਂ ਉਨ੍ਹਾਂ ਦੀ ਮਾਤਾ ਜੀ ਚਲਾਣਾ ਕਰ ਗਏ ਅਤੇ ਮਗਰੋਂ ਪਿਤਾ ਜੀ ਸੁਰਗਵਾਸ ਹੋ ਗਏ। ਇਸ ਤਰ੍ਹਾਂ ਉਹ ਸੱਤਾਂ-ਅੱਠਾਂ ਵਰ੍ਹਿਆਂ ਦੀ ਉਮਰ ਵਿਚ ਯਤੀਮ ਹੋ ਗਏ। ਉਨ੍ਹਾਂ ਦੀ ਨਾਨੀ ਉਨ੍ਹਾਂ ਨੂੰ ਆਪਣੇ ਪਿੰਡ ਬਾਸਰਕੇ (ਅੰਮ੍ਰਿਤਸਰ) ਲੈ ਆਈ। ਨਾਨਕੇ ਘਰ ਦੀ ਗਰੀਬੀ ਦੇ ਕਾਰਨ ਸ੍ਰੀ ਜੇਠਾ ਜੀ ਛੋਟੀ ਉਮਰ ਤੋਂ ਹੀ ਕਿਰਤ-ਕਮਾਈ ਦੀ ਕਾਰ ਵਿਚ ਜੁੱਟ ਪਏ। ਆਪ ਛੋਲਿਆਂ ਦੀਆਂ ਘੁੰਙਣੀਆਂ ਵੇਚਿਆ ਕਰਦੇ ਸਨ ਅਤੇ ਇਸ ਤਰ੍ਹਾਂ ਘਰ ਦੇ ਨਿਰਬਾਹ ਵਿਚ ਹਿੱਸਾ ਪਾਉਂਦੇ ਸਨ।[52] ਗੁਰੂ ਸ਼ਰਣ ਵਿਚ ਆ ਕੇ ਆਪ ਨੇ ਗੁਰੂ ਘਰ ਦੀ ਅਣਥੱਕ ਸੇਵਾ ਕੀਤੀ ਅਤੇ ਆਪ ਜੀ ਨੂੰ ਗੁਰਗੱਦੀ ਦੇ ਵਾਰਿਸ ਹੋਣ ਦੀ ਮਹਾਨ ਸੇਵਾ ਪ੍ਰਾਪਤ ਹੋਈ। ਉਸ ਉਪਰੰਤ

ਆਪ ਨੇ ਸਿੱਖੀ ਦੇ ਵਿਕਾਸ ਵਿਚ ਸੰਪੂਰਨ ਯੋਗਦਾਨ ਪਾਇਆ ਅਤੇ ਇਤਿਹਾਸਕ ਕਾਰਜ ਅੰਮ੍ਰਿਤਸਰ ਸਰੋਵਰ ਦਾ ਨਿਰਮਾਣ ਕਰਵਾਇਆ :

*ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।।*[53]

ਗੁਰੂ ਸਾਹਿਬਾਨ ਦੇ ਮਹਾਨ ਕੰਮਾਂ ਬਾਰੇ ਜਾਣੂ ਕਰਵਾਉਂਦਿਆਂ, ਡਾ. ਗੰਡਾ ਸਿੰਘ ਜੀ ਲਿਖਦੇ ਹਨ ਕਿ ''ਨਿਰੋਲ ਧਾਰਮਿਕ ਮਾਮਲਿਆਂ ਦੀ ਖੋਜ ਵਿਚ ਅਸੀਂ ਕਈ ਵਾਰੀ ਇਹ ਗੱਲ ਭੁਲ ਜਾਂਦੇ ਹਾਂ ਕਿ ਪੰਜਾਬ ਮੁਲਕ ਵਿਚ ਵਪਾਰ ਅਤੇ ਉਤਪਾਦਨ ਨੂੰ ਵਾਧਾ ਦੇਣ ਲਈ ਕਿਸ ਹੱਦ ਤਕ ਸਿੱਖ ਗੁਰੂਆਂ ਦਾ ਰਿਣੀ ਹੈ। ਜੇਕਰ ਮੁਗਲ ਬਾਦਸ਼ਾਹ ਮਹਾਨ ਉਸਰਈਏ ਸਨ ਤਾਂ ਸਿੱਖ ਗੁਰੂ ਸਾਹਿਬਾਨ ਇਸ ਪਖੋਂ ਕੋਈ ਘਟ ਨਹੀਂ ਸਨ। ਗੁਰੂ ਸਾਹਿਬਾਨ ਦੇ ਤੰਗ ਮਾਇਕ ਸਾਧਨਾਂ ਤੋਂ ਅਨੁਮਾਨ ਲਾਉਂਦਿਆਂ ਹੋਇਆਂ ਇਹ ਮੰਨਣਾ ਪਵੇਗਾ ਕਿ ਕਈ ਸ਼ਹਿਰ ਆਬਾਦ ਕਰਨ, ਤਲਾਬ ਬਣਾਉਣ ਅਤੇ ਖੂਹ ਪੁੱਟਣ ਦਾ ਕੰਮ ਅਦਭੁਤ ਕਾਰਨਾਮੇ ਤੋਂ ਘਟ ਨਹੀਂ। ਉਨ੍ਹਾਂ ਦੀ ਇਸ ਸਿੱਖਿਆ ਦਾ ਫੌਰੀ ਪ੍ਰਭਾਵ ਕਿ ਧਰਮ ਦਾ ਜੀਵਨ ਦੇ ਸੰਸਾਰਿਕ ਕੰਮਾਂ-ਕਾਜਾਂ ਦੇ ਅੰਦਰ ਸਭ ਤੋਂ ਵਧੀਆ ਅਭਿਆਸ ਕੀਤਾ ਜਾ ਸਕਦਾ ਹੈ, ਇਹ ਸੀ ਕਿ ਕਿਰਤ ਅਤੇ ਵਪਾਰ ਪ੍ਰਤੀ ਸਾਰੇ ਪੱਖਪਾਤ ਜਾਂ ਮਨੋਵਿਰੋਧ ਦੂਰ ਹੋ ਗਏ ਅਤੇ ਖਾਸ ਕਰਕੇ ਧਾਰਮਿਕ ਰੁਚੀਆਂ ਵਾਲੇ ਲੋਕ ਵੀ ਦੁਨਿਆਵੀ ਮਾਮਲਿਆਂ ਵਿਚ ਤਕੜਾ ਭਾਗ ਲੈਣ ਲੱਗ ਪਏ।''[54] ਗੁਰੂ ਰਾਮਦਾਸ ਜੀ ਵਲੋਂ ਅੰਮ੍ਰਿਤਸਰ ਦੀ ਵਿਧੀਗਤ ਸਥਾਪਨਾ ਕਰਕੇ ਉਸ ਵਿਚ ਵੱਖ-ਵੱਖ ਹੁਨਰਾਂ ਅਤੇ ਕਿੱਤਿਆਂ ਦੀ ਸ਼ੁਰੂਆਤ ਕਰਨੀ ਇੱਕ ਮਹੱਤਵਪੂਰਨ ਕਾਰਜ ਹੈ। ਜਿਸ ਬਾਰੇ ਬੰਸਾਵਲੀਨਾਮੇ ਵਿਚ ਲਿਖਿਆ ਹੈ :

*ਤਟ ਨਗਰੀ ਕਰਨ ਦਾ ਕੀਆ ਉਪਾਉ। 'ਚੱਕ ਗੁਰੂ ਕਾ' ਧਰਿਆ ਨਾਉਂ।*
*ਕੋਟੁ ਉਸਾਰਿ ਵਿਚਿ ਘਰ ਬਣਵਾਏ। ਸੱਦੇ ਖਤ੍ਰੀ ਤੇ ਵਿਚ ਵਸਾਏ।20।*[55]

ਡਾ. ਗੰਡਾ ਸਿੰਘ ਅਨੁਸਾਰ, ''ਉਨ੍ਹਾਂ ਨੇ 52 ਜੁਦੇ ਜੁਦੇ ਕੰਮ ਧੰਧਿਆਂ ਵਾਲੇ ਲੋਕਾਂ ਨੂੰ ਉਥੇ ਰਹਿਣ ਲਈ ਅਤੇ ਗੁਰੂ ਜੀ ਦੀ ਮੰਡੀ ਵਿਚ, ਜਿਸ ਨੂੰ 'ਗੁਰੂ ਕਾ ਬਾਜ਼ਾਰ' ਕਹਿੰਦੇ ਸਨ, ਆਪਣੇ ਕਾਰੋਬਾਰ ਖੋਲਣ ਲਈ ਸਦਿਆ। ਸਮੇਂ ਨਾਲ ਇਹ ਸ਼ਹਿਰ ਉਤਰੀ ਭਾਰਤ ਵਿਚ ਵਪਾਰ ਦਾ ਸਭ ਤੋਂ ਵਡਾ ਕੇਂਦਰ ਬਣ ਗਿਆ।''[56] ਗੁਰੂ ਸਾਹਿਬ ਨੇ ਸਿੱਖਾਂ ਨੂੰ ਨਾ ਕੇਵਲ ਨਿਵੇਕਲੇ ਰੂਪ ਵਿਚ ਕਿੱਤਿਆਂ ਨਾਲ ਜੋੜਿਆ ਬਲਕਿ ਇਹ ਵੀ ਉਪਦੇਸ਼ ਦਿਤਾ ਕਿ ਦੌਲਤ ਨੂੰ ਕੇਵਲ

ਮਨੁੱਖੀ ਮਾਮਲਿਆਂ ਨੂੰ ਚਲਾਉਣ ਵਾਲੀ ਇਕ ਸਹਾਇਕ ਵਸਤੂ ਦੇ ਰੂਪ ਵਿਚ ਹੀ ਵੇਖਿਆ ਜਾਵੇ।[57] ਗੁਰੂ ਅਮਰਦਾਸ ਜੀ ਦੀ ਚਲਾਈ ਗਈ ਮੰਜੀ ਪ੍ਰਥਾ ਨੂੰ ਅਗੇ ਵਧਾਉਂਦਿਆਂ, ''ਗੁਰੂ ਜੀ ਨੇ ਵਿਚਾਰ ਮਗਰੋਂ ਫੈਸਲਾ ਕੀਤਾ ਕਿ ਆਪਣੇ ਉਪਦੇਸ਼ਕਾਂ ਨੂੰ ਅਡੋ-ਅੱਡ ਦੇਸ਼ਾਂ ਵਿੱਚ ਸਿੱਖੀ ਧਰਮ ਫੈਲਾਉਣ ਅਤੇ ਨਾਲ ਹੀ ਸਿੱਖਾਂ ਸੇਵਕਾਂ ਪਾਸੋਂ ਭੇਟਾ ਇਕੱਠੀ ਕਰਨ ਲਈ ਭੇਜਿਆ ਜਾਵੇ। ਇਹੋ ਜਿਹੇ ਉਪਦੇਸ਼ਕਾਂ ਨੂੰ 'ਮਸੰਦ' ਆਖਦੇ ਸਨ।[58] ਇਸ ਤਰ੍ਹਾਂ ''ਉਨ੍ਹਾਂ ਦੇ ਸਪੁਰਦ ਦੋ ਕੰਮ ਹੋਏ, ਸਿੱਖੀ ਦਾ ਪ੍ਰਚਾਰ ਕਰਨ ਅਤੇ ਥਾਂ-ਥਾਂ 'ਤੇ ਇਕੱਠੇ ਹੋਏ ਧਨ ਆਦਿ ਦੀ ਉਗਰਾਹੀ ਕਰਕੇ ਗੁਰੂ ਖਜ਼ਾਨੇ ਵਿਚ ਲਿਆ ਪਾਉਣਾ। ਇਹ ਸਿਲਸਿਲਾ ਸੰਮਤ ੧੭੫੫ (1755) ਤੀਕ ਜਾਰੀ ਰਿਹਾ। ਫੇਰ ਦਸ਼ਮੇਸ਼ ਜੀ ਨੇ ਮਸੰਦਾਂ ਦੀਆਂ ਬੁਰੀਆਂ ਕਰਤੂਤਾਂ ਵੇਖ ਕੇ ਇਹ ਸਿਲਸਿਲਾ ਬੰਦ ਕੀਤਾ ਅਤੇ ਇਹ ਵੀ ਹੁਕਮ ਦਿੱਤਾ ਮਸੰਦਾਂ ਨਾਲ ਨਹੀਂ ਵਰਤਣਾ[59] :

*ਮੰਨਤ ਗੋਲਕ ਅਰੁ ਦਸਵੰਧ। ਘਰਿ ਮੈ ਰਾਖੋ, ਤਜੋ ਮਸੰਦ।*

*ਭੇਟ ਕਾਰ ਸਤਿਗੁਰ ਕੀ ਹੋਇ। ਜਾਇ ਹਜੂਰ ਚੜ੍ਹਾਵੈ ਸੋਇ॥੨੫॥੧੪੧॥*[60]

ਅਜਿਹਾ ਕਰਕੇ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ ਨੂੰ ਇਹ ਸੰਦੇਸ਼ ਦਿੱਤਾ ਕਿ ਕਿਰਤ ਇਮਾਨਦਾਰੀ ਨਾਲ ਹੀ ਕੀਤੀ ਜਾਵੇ। ਗੁਰੂ ਘਰ ਵਿਚ ਬੇਇਮਾਨੀ ਦੀ ਕੋਈ ਥਾਂ ਨਹੀਂ ਭਾਵੇਂ ਉਹ ਗੁਰੂ ਸਾਹਿਬ ਦੇ ਆਪਣੇ ਥਾਪੇ ਮਸੰਦਾਂ ਵੱਲੋਂ ਹੀ ਕਿਉਂ ਨਾ ਕੀਤੀ ਜਾਵੇ।

''ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ, ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਉਹ ਆਪਣੇ ਪਿਤਾ ਜੀ ਦੇ ਕੰਮਾਂ ਵਿਚ ਵੀ ਪੂਰੀ ਤਰ੍ਹਾਂ ਹੱਥ ਵਟਾਉਂਦੇ ਸਨ।[61] ਖੁਸ਼ਵੰਤ ਸਿੰਘ ਅਨੁਸਾਰ : ''ਗੁਰੂ ਅਰਜਨ ਦੀ ਗੁਰਿਆਈ ਦੇ 25 ਸਾਲਾ ਵਿਚ, ਗੁਰੂ ਨਾਨਕ ਦਾ ਬੀਜਿਆ (ਸਿੱਖੀ ਦਾ) ਬੀਜ ਪੂਰੀ ਤਰ੍ਹਾਂ ਜੋਬਨ ਤੇ ਆ ਕੇ ਫੁਲਿਆ ਫਲਿਆ।''[62]

ਗੁਰੂ ਅਰਜਨ ਸਾਹਿਬ ਨੇ ਸਿੱਖਾਂ ਨੂੰ ਇਹ ਆਦੇਸ਼ ਦਿੱਤਾ ਕਿ ''ਹਰ ਸਿੱਖ ਆਪਣੀ ਆਮਦਨੀ ਵਿਚੋਂ ਦਸਵੰਧ (ਦਸਵਾਂ ਹਿਸਾ) ਗੁਰੂ ਜੀ ਦੇ ਫੰਡ ਲਈ ਵੱਖਰਾ ਰਖੇ ਅਤੇ ਉਹ ਪੈਸਾ ਪ੍ਰਵਾਨਿਤ ਮਸੰਦ ਰਾਹੀਂ ਭੇਜੇ। ਉਨ੍ਹਾਂ ਨੇ ਕਿਹਾ ਕਿ ਉਹ ਮਸੰਦ ਬਾਕਾਇਦਾ ਹਰ ਸਾਲ ਵਿਸਾਖੀ ਦੇ ਮੌਕੇ ਤੇ ਸੰਗਤ ਦੇ ਨਾਲ ਗੁਰੂ ਜੀ ਪਾਸ ਹਾਜ਼ਰ ਹੋਵੇਗਾ ਅਤੇ ਇਕੱਠਾ ਕੀਤਾ ਪੈਸਾ ਖੁਦ ਗੁਰੂ ਜੀ ਦੇ ਸਾਹਮਣੇ ਪੇਸ਼ ਕਰੇਗਾ। ਕਿਸੇ ਥਾਂ ਰਤਾ ਜਿੰਨਾ ਵੀ ਇਸ ਗਲ ਦਾ ਸਬੂਤ ਨਹੀਂ ਸੀ ਕਿ ਸਿੱਖਾਂ ਵਲੋਂ ਇਹ ਭੇਟਾ ਆਪਣੀ ਮਨ-ਮਰਜ਼ੀ ਤੋਂ ਬਿਨਾਂ ਦਿੱਤੀ ਗਈ ਸੀ।''[63] ਅਜਿਹਾ

ਕਰਕੇ ਗੁਰੂ ਸਾਹਿਬ ਨੇ ਆਪਣੇ ਕਿਰਤੀ ਸਿੱਖਾਂ ਵਿਚ ਸਦਭਾਵਨਾ ਅਤੇ ਪਰਉਪਕਾਰ ਦੀ ਭਾਵਨਾ ਨੂੰ ਦ੍ਰਿੜ ਕੀਤਾ ਅਤੇ ਸੁਨਿਸ਼ਚਿਤ ਕੀਤਾ ਕਿ ਕਦੀ ਵੀ ਕੋਈ ਵੀ ਸ਼ਰਧਾਲੂ ਯਾਤਰੂ ਬਿਨਾਂ ਲੰਗਰ ਜਾਂ ਸੇਵਾ ਤੋਂ ਨਾ ਰਹੇ। ਮੈਕਾਲਿਫ ਦੇ ਸ਼ਬਦਾਂ ਵਿਚ : ''ਸਚਮੁਚ ਉਸ ਸਮੇਂ ਬਹੁਤ ਸਾਰੇ ਅਜਿਹੇ ਸਿੱਖ ਸਨ ਜੋ ਅਤਿਅੰਤ ਸ਼ਰਧਾ ਨਾਲ ਗੁਰੂ ਜੀ ਦੇ ਸੇਵਾ ਕਰਦੇ ਸਨ। ਉਨ੍ਹਾਂ ਵਿਚੋਂ ਭਾਈ ਅਜਬ, ਅਜਾਇਬ ਅਤੇ ਭਾਈ ਉਮਰ ਸ਼ਾਹ ਦਾ ਜ਼ਿਕਰ ਭੀ ਆਉਂਦਾ ਹੈ। ਇਹ ਮਸੰਦ ਸਨ, ਜੋ ਕਿ ਗੁਰੂ ਜੀ ਦੀ ਭੇਟਾ ਇਕੱਠਾ ਕਰਕੇ ਈਮਾਨਦਾਰੀ ਨਾਲ ਪਹੁੰਚਾਉਂਦੇ ਸਨ।[64] ਗੁਰੂ ਅਰਜਨ ਦੇਵ ਜੀ ਦੇ ਕਹਿਣ ਤੇ ''ਅਕਬਰ ਨੇ ਕਿਸਾਨਾਂ ਦੀ ਭੈੜੀ ਦਸ਼ਾ ਦੇ ਸੁਧਾਰ ਲਈ ਇਕ ਸਾਲ ਦਾ ਮਾਮਲਾ ਵੀ ਮਾਫ ਕਰ ਦਿੱਤਾ ਕਿਉਂਕਿ ਬਾਰਸ਼ਾ ਨਾ ਹੋਣ ਕਾਰਨ, ਔੜ ਲਗ ਗਈ ਸੀ ਤੇ ਫਸਲਾਂ ਸੁੱਕ ਗਈਆਂ ਸਨ।''[65] ਇਸ ਤਰ੍ਹਾਂ ਆਮ ਵਰਗ ਦੇ ਲੋਕ ਵੀ ਸਿੱਖ ਧਰਮ ਵਿਚ ਸ਼ਾਮਿਲ ਹੋਣ ਲਗ ਪਏ, ਕਿਉਂਕਿ ਗੁਰਮਤਿ ਦਾ ਸਿਧਾਂਤ ਊਚ-ਨੀਚ ਦੇ ਭੇਦ-ਭਾਵ ਨੂੰ ਪਾਸੇ ਰੱਖ ਕੇ ਹਰ ਇਕ ਵਰਗ ਅਤੇ ਕਿਰਤ ਦਾ ਸਤਿਕਾਰ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ''ਸਿੱਖਾਂ ਨੂੰ ਕਾਰੋਬਾਰ ਵਿਚ ਲਗਣ ਅਤੇ ਖੁਸ਼ਹਾਲੀ ਵਿਚ ਵਾਧਾ ਕਰਨ ਲਈ ਉਤਸ਼ਾਹਿਤ ਕੀਤਾ। ਬਹੁਤ ਸਾਰੇ ਸਿੱਖਾਂ ਨੇ ਘੋੜਿਆਂ ਦਾ, ਬਹਾਦਰੀ ਅਤੇ ਹਿੰਮਤ ਵਾਲਾ, ਵਪਾਰ ਸ਼ੁਰੂ ਕੀਤਾ ਜਿਸ ਲਈ ਉਨ੍ਹਾਂ ਨੂੰ ਕਾਬਲ ਅਤੇ ਤੁਰਕਸਤਾਨ ਵੱਲ ਲੰਮੇ ਸਫਰ ਕਰਨੇ ਪੈਂਦੇ ਸਨ। ਗੁਰੂ ਜੀ ਨੇ 1590 ਵਿਚ ਤਰਨਤਾਰਨ ਦੀ ਨੀਂਹ ਰਖੀ ਅਤੇ ਜਲੰਧਰ ਦੁਆਬ ਵਿਚ 1594 ਵਿਚ ਕਰਤਾਰਪੁਰ ਵਸਾਇਆ। ਇਹ ਨਗਰ ਵਪਾਰ ਦੇ ਕੇਂਦਰ ਬਣ ਗਏ ਅਤੇ ਇਨ੍ਹਾਂ ਨੇ ਆਲੇ ਦੁਆਲੇ ਦੇ ਇਲਾਕੇ ਦੀ ਖੁਸ਼ਹਾਲੀ ਵਿਚ ਮਦਦ ਕੀਤੀ।''[66] ਗੁਰੂ ਦੇ ਸਿੱਖਾਂ ਨੇ ਕਿਰਤ ਦੇ ਨਾਲ ਨਾਲ ਸੇਵਾ ਦੀ ਮਹਾਨਤਾ ਨੂੰ ਵੀ ਕਾਇਮ ਰਖਿਆ। ਮੈਕਾਲਿਫ ਨੇ ਕੁਝ ਅਜਿਹੇ ਸਿੱਖਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਦੀਆਂ ਸਾਖੀਆਂ ਤੋਂ ਧਰਮ ਅਧਾਰਿਤ ਕਿਰਤ ਕਰਨ ਦਾ ਉਪਦੇਸ਼ ਅਤੇ ਸੇਵਾ ਭਾਵ ਦਾ ਅਨੁਭਵ ਹੁੰਦਾ ਹੈ :

- *ਇੱਕ ਮਾਲਵੇ ਦਾ ਭਾਈ ਬਹਿਲੋ ਨਾਮ ਦਾ ਸਿੱਖ ਗੁਰੂ ਜੀ ਦੇ ਦਰਸ਼ਨ ਕਰਨ ਨੂੰ ਆਇਆ। ਉਹ ਕਹਿਣ ਲਗਾ ਕਿ ਮੈਂ ਬਹੁਤ ਵਧੀਆ ਅਤੇ ਪੱਕੀਆਂ ਇੱਟਾਂ ਬਣਾਉਣੀਆਂ ਜਾਣਦਾ ਹਾਂ। ਗੁਰੂ ਜੀ ਨੂੰ ਹਰਿਮੰਦਰ ਅਤੇ*

*ਸਰੋਵਰ ਪੂਰਾ ਕਰਨ ਲਈ ਜਿਤਨੀਆਂ ਇੱਟਾਂ ਦੀ ਲੋੜ ਸੀ, ਉਹ ਸਾਰਾ ਕੰਮ ਭਾਈ ਬਹਿਲੋ ਜੀ ਨੂੰ ਸੌਂਪ ਦਿੱਤਾ।*[67]

- *ਇਕ ਗੰਗਾ ਰਾਮ, ਬ੍ਰਾਹਮਣ ਸੌਦਾਗਰ, ਬਠਿੰਡੇ ਤੋਂ ਅਨਾਜ ਵੇਚਣ ਲਈ ਲੈ ਕੇ ਆਇਆ। ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਪਾਸ ਕੁਝ ਚਿਰ ਰਿਹਾ। ਜਦ ਉਹ ਉਥੇ ਹੀ ਸੀ ਤਾਂ ਇਕ ਦਿਨ ਗੁਰੂ ਜੀ ਦਾ ਲੰਗਰ ਮਸਤਾਨਾ ਹੋ ਗਿਆ। ਇਸ ਲਈ ਗੰਗਾ ਰਾਮ ਨੇ ਆਪਣਾ ਸਾਰਾ ਹੀ ਅਨਾਜ ਦੇ ਦਿੱਤਾ ਅਤੇ ਸਰੋਵਰ ਤੇ ਕੰਮ ਕਰਨ ਵਾਲਿਆਂ ਸਾਰਿਆਂ ਮਜ਼ਦੂਰਾਂ ਨੂੰ ਪੰਜ ਦਿਨ ਤਕ ਭੋਜਨ ਛਕਾਇਆ।*[68]
- *ਇਕ ਚੂਹੜ ਨਾਮ ਦਾ ਚੌਧਰੀ ਧਰਮ ਉਪਦੇਸ਼ ਲੈਣ ਲਈ ਗੁਰੂ ਜੀ ਪਾਸ ਆਇਆ। ਗੁਰੂ ਜੀ ਨੇ ਉਸ ਨੂੰ ਹੁਕਮ ਕੀਤਾ ਕਿ ਸਦਾ ਸਚ ਬੋਲਿਆ ਕਰ। ਚੌਧਰੀ ਕਹਿਣ ਲਗਾ ਕਿ ਮੇਰੇ ਵਰਗੀ ਹਾਲਤ ਵਿਚ ਰਹਿ ਕੇ ਕਿਸੇ ਆਦਮੀ ਲਈ ਵੀ ਝੂਠ ਦਾ ਤਿਆਗ ਅਸੰਭਵ ਹੈ। ਗੁਰੂ ਜੀ ਨੇ ਉਸ ਨੂੰ ਹੁਕਮ ਕੀਤਾ ਕਿ ਜਾਉ ਅਤੇ ਜਿਤਨੇ ਝੂਠ ਕਮਾਓ, ਜਾਂ ਭਲੇ ਕੰਮ ਕਰੋ, ਉਨ੍ਹਾਂ ਦਾ ਹਿਸਾਬ ਰੱਖੋ ਅਤੇ ਹਰ ਮਹੀਨੇ ਦੇ ਅਖੀਰ ਇਹ ਹਿਸਾਬ ਸਾਡੇ ਪਾਸ ਲੈ ਆਉ। ਪਹਿਲੇ ਮਹੀਨੇ ਵਿਚ ਭਲਾ ਕੰਮ ਕੋਈ ਨਹੀਂ ਸੀ ਅਤੇ ਝੂਠ ਬਹੁਤ ਸਾਰੇ ਸਨ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਆਪਣਾ ਹਿਸਾਬ ਖੁਲ੍ਹੇ ਦਰਬਾਰ ਵਿਚ ਪੜ੍ਹ ਅਤੇ ਸਭਨਾਂ ਵਿਚ ਆਪਣੇ ਪਾਪ ਮੰਨ। ਇਸ ਤੇ ਉਹ ਬੜਾ ਸ਼ਰਮਿੰਦਾ ਹੋਇਆ। ਦੂਜੇ ਮਹੀਨੇ ਵਿਚ ਉਸਦੇ ਝੂਠ ਅਤੇ ਭਲੇ ਕੰਮਾਂ ਦਾ ਹਿਸਾਬ ਚੰਗਾ ਸੀ, ਇਸ ਮਗਰੋਂ ਲਗਾਤਾਰ ਹਰ ਮਹੀਨੇ ਗੁਣਾਂ ਦਾ ਵਾਧਾ ਹੁੰਦਾ ਗਿਆ। ਆਖਰ ਅੱਠਵੇਂ ਮਹੀਨੇ ਕੋਈ ਵੀ ਝੂਠ ਨਾ ਨਿਕਲਿਆ ਅਤੇ ਝੂਠ ਦਾ ਖਾਨਾ ਬਿਲਕੁਲ ਸਾਫ ਸੀ। ਤਾਂ ਗੁਰੂ ਜੀ ਨੇ ਉਸਦੇ ਪਾਪ ਨਵਿਰਤ ਕਰ ਦਿੱਤੇ ਤੇ ਉਸਨੂੰ ਚੌਰਾਸੀ ਤੋਂ ਮੁਕਤੀ ਬਖ਼ਸ਼ੀ।*[69]

ਇਸ ਤੋਂ ਇਲਾਵਾ ਹੋਰ ਅਨੇਕਾਂ ਇਤਿਹਾਸਕ ਉਦਾਹਰਨਾਂ ਹਨ, ਜਿਨ੍ਹਾਂ ਤੋਂ ਗੁਰੂ ਦੇ ਸਿੱਖਾਂ ਦੇ ਮਿਹਨਤੀ ਅਤੇ ਕਿਰਤੀ ਹੋਣ ਦੇ ਅਨੇਕਾਂ ਸਬੂਤ ਮਿਲਦੇ ਹਨ। ਜਿਨ੍ਹਾਂ ਦੀ ਵਿਸਥਾਰ

ਵਿਆਖਿਆ ਵਿਸ਼ੇਸ਼ ਕਾਰਜ ਦੀ ਲੋੜ ਮਹਿਸੂਸ ਕਰਦੀ ਹੈ। ਇਨ੍ਹਾਂ ਉਪਰੋਕਤ ਸਾਖੀਆਂ ਤੋਂ ਕਿਰਤ ਅਤੇ ਸੇਵਾ ਦੋਨਾਂ ਦੇ ਮਹੱਤਵ ਦਾ ਬਹੁਤ ਸੁੰਦਰਤਾ ਨਾਲ ਪਤਾ ਚਲਦਾ ਹੈ। ਗੁਰੂ ਘਰ ਵਿਚ ਮਨੁੱਖ ਨੂੰ ਉਹੀ ਸੇਵਾ ਕਰਨੀ ਚਾਹੀਦੀ ਹੈ ਜਿਸ ਵਿਚ ਉਹ ਨਿਪੁੰਨ ਹੋਵੇ ਅਤੇ ਜਿਸ ਸੇਵਾ ਦੀ ਲੋੜ ਹੋਵੇ। ਨਾਲ ਹੀ ਹਰ ਕਿਰਤੀ ਨੂੰ ਆਪਣੀ ਕਿਰਤ ਪ੍ਰਤੀ ਸੁਚੇਤ ਵੀ ਰਹਿਣਾ ਚਾਹੀਦਾ ਹੈ ਕਿ ਉਹ ਸੁਚੱਜੇ ਢੰਗ ਨਾਲ ਕਿਰਤ ਕਰਦਾ ਹੈ ? ਕਿਤੇ ਅਜਿਹੀ ਕਿਰਤ ਤਾਂ ਨਹੀਂ ਕਰਦਾ, ਜਿਸ ਨਾਲ ਕਿਸੇ ਨੂੰ ਨੁਕਸਾਨ ਪਹੁੰਚੇ ?

''ਪੰਚਮ ਪਾਤਸ਼ਾਹ ਵੇਲੇ ਸਮਕਾਲੀ ਹੁਕੂਮਤ ਸਿੱਖੀ ਦੇ ਹੋ ਰਹੇ ਵਿਕਾਸ ਤੋਂ ਕਾਫ਼ੀ ਤੰਗ ਸੀ। ਜਿਸ ਦੇ ਕਾਰਨ ਤਨਾਅਪੂਰਨ ਹਾਲਾਤ ਪੈਦਾ ਹੋ ਗਏ ਅਤੇ ਛੇਵੇਂ ਪਾਤਸ਼ਾਹ ਤਕ ਇਹ ਵਿਰੋਧ ਜੰਗੀ ਟਕਰਾਅ ਵਿਚ ਤਬਦੀਲ ਹੋ ਗਿਆ। ਗੁਰੂ ਜੀ ਦੀ ਫੌਜ ਵਿਚ ਸ਼ਾਮਿਲ ਹੋਣ ਵਾਲੇ ਸਿੱਖ-ਸੈਨਿਕ ਵਿਚੋਂ ਵਧੇਰੇ ਕਿਰਸਾਨ ਤੇ ਹੋਰ ਵੀ ਕਾਰੋਬਾਰ ਕਰਦੇ ਸਨ, ਜਿਸ ਦਾ ਪਤਾ ਇਕ ਵਿਸਤ੍ਰਿਤ ਸਰਵੇਖਣ ਤੋਂ ਲੱਗਦਾ ਹੈ।''[70] ''ਪੰਜਾਬੀ ਸੁਭਾਵਕ ਹੀ ਯੋਧੇ ਅਤੇ ਆਕ੍ਰਮਣਕਾਰੀ ਕੌਮ ਹਨ, ਉਨ੍ਹਾਂ ਨੂੰ ਕਿਰਿਆਸ਼ੀਲ ਹੋਣ ਲਈ ਆਗੂ ਦੀ ਲੋੜ ਹੁੰਦੀ ਹੈ। ਹਰਗੋਬਿੰਦ ਨੇ ਉਨ੍ਹਾਂ ਵਿਚ ਇਹ ਵਿਸ਼ਵਾਸ ਭਰ ਦਿੱਤਾ ਕਿ ਉਹ ਮੁਗਲਾਂ ਦੀ ਸ਼ਕਤੀ ਨੂੰ ਵੰਗਾਰਨ ਦੇ ਸਮਰੱਥ ਸਨ। ਵੱਡੀ ਗਿਣਤੀ ਵਿਚ ਪੰਜਾਬ ਦੇ ਕਿਸਾਨ ਸ਼ਸਤ੍ਰਧਾਰੀ ਹੋ ਗਏ।''[71] ਸਮੇਂ ਦੇ ਤਨਾਅਪੂਰਨ ਹਾਲਾਤ ਨੂੰ ਵੇਖਦਿਆਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਹਰਗੋਬਿੰਦ ਜੀ ਨੂੰ ਬਚਪਨ ਵਿਚ ਹੀ ਬਾਬਾ ਬੁੱਢਾ ਜੀ ਦੇ ਸਪੁਰਦ ਕਰ ਦਿੱਤਾ, ਜਿਥੇ ਉਨ੍ਹਾਂ ਨੇ ਸੰਤ-ਸਿਪਾਹੀ ਬਣਨ ਦੀ ਸੰਪੂਰਨ ਸਿੱਖਿਆ ਗ੍ਰਹਿਣ ਕੀਤੀ। ''ਬੁੱਢਾ ਜੀ ਨੇ ਉਨ੍ਹਾਂ ਨੂੰ ਪਵਿੱਤਰ ਗਾਥਾ ਦੀ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਘੋੜ ਸਵਾਰੀ, ਸ਼ਿਕਾਰ ਖੇਡਣ, ਕੁਸ਼ਤੀਆਂ ਲੜਨ ਅਤੇ ਕਈ ਹੋਰ ਬਹਾਦਰੀ ਦੀਆਂ ਖੇਡਾਂ ਤੋਂ ਇਲਾਵਾ ਆਕਰਮਣਕਾਰੀ ਅਤੇ ਰਖਿਅਕ ਸ਼ਸਤਰਾਂ ਦੀ ਵਰਤੋਂ ਵੀ ਸਿਖਾਈ।''[72] ਇਥੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਗੁਰੂ ਹਰਗੋਬਿੰਦ ਜੀ ਦੇ ਸਮੇਂ ਅਤੇ ਉਸ ਤੋਂ ਬਾਅਦ ਵਾਲੇ ਸਮੇਂ ਵਿਚ ਬਹੁਤੇ ਸਿੱਖ ਸ਼ਸਤਰਧਾਰੀ ਵੀ ਹੋਏ। ਪ੍ਰਾਚੀਨ ਭਾਰਤੀ ਸਮਾਜ ਦੀ ਚਾਰ ਵਰਣਾਂ ਦੀ ਅਸਮਾਨਤਾ ਨੂੰ ਬੜੀ ਬਾਖੂਬੀ ਨਾਲ ਸਿੱਖ ਗੁਰੂ ਸਾਹਿਬਾਨ ਨੇ ਸਿੱਖ ਧਰਮ ਦੀ ਸਮਾਨਤਾ ਬਣਾ ਦਿੱਤਾ ਜਿਥੇ ਰੇਸ਼ਮੀ ਲਿਬਾਸ ਪਹਿਨ ਕੇ ਘਾਹ ਵੀ ਪੁੱਟਿਆ ਗਿਆ, ਸੌਦਾਗਰ, ਸਿਪਾਹੀ ਵੀ ਬਣਿਆ ਅਤੇ ਸੰਗੀਤਕਾਰ, ਸ਼ਸਤਰ ਵਿੱਦਿਆ

ਵਿਚ ਵੀ ਨਿਪੁੰਨ ਹੋਏ। ਇਹ ਕਰਿਸ਼ਮਾ ਕੇਵਲ ਤੇ ਕੇਵਲ ਸਿੱਖ ਧਰਮ ਵਿਚ ਹੀ ਦੇਖਣ ਨੂੰ ਮਿਲਦਾ ਹੈ।

ਇਸ ਤਰ੍ਹਾਂ ਛੇਵੇਂ ਅਤੇ ਸਤਵੇਂ ਪਾਤਸ਼ਾਹ ਤਕ ਸਿੱਖ ਪੰਥ ਦਾ ਵਿਕਾਸ ਦੂਰ ਦੁਰਾਡੇ ਇਲਾਕਿਆਂ ਤਕ ਹੋ ਚੁੱਕਿਆ ਸੀ। ''ਸਿੱਖ ਸਰਗਰਮੀਆਂ ਦੇ ਕੇਂਦਰਾਂ (ਅੰਮ੍ਰਿਤਸਰ, ਗੋਇੰਦਵਾਲ, ਕਰਤਾਰਪੁਰ, ਖਡੂਰ ਤੇ ਕੀਰਤਪੁਰ) ਤੋਂ ਦੂਰ ਰਹਿਣ ਕਾਰਨ ਗੁਰਗੱਦੀ ਦੇ ਨਿਰਾਸ਼ ਦਾਅਵੇਦਾਰਾਂ ਤੇ ਮਸੰਦ ਪ੍ਰਥਾ ਦੀ ਆਮ ਬਦਇੰਦਜ਼ਾਮੀ ਨੇ ਸਿੱਖ ਧਰਮ ਦੀ ਉਨਤੀ ਵਿਚ ਰੋਕ ਪਾ ਦਿੱਤੀ। ਹਰਿ ਰਾਏ ਨੇ ਇਸ ਦਸ਼ਾ ਦਾ ਸੁਧਾਰ ਕਰਨ ਲਈ ਸਿੱਖ ਕੇਂਦਰਾਂ ਦੀ ਯਾਤਰਾ ਕੀਤੀ ਤੇ ਪ੍ਰਚਾਰਕ ਅਰ ਮਸੰਦ ਨਿਯੁਕਤ ਕੀਤੇ। ਉਹਨਾਂ ਦੀ ਗੁਰਗੱਦੀ ਸਮੇਂ ਕੁਝ ਉਘੇ ਜ਼ਿਮੀਂਦਾਰ ਘਰਾਣਿਆਂ ਨੂੰ ਸਿੱਖ ਧਰਮ ਦੇ ਅਨੁਯਾਈ ਬਣਾਇਆ ਗਿਆ।''[73] ਛੇਵੇਂ ਪਾਤਸ਼ਾਹ ਦੇ ਸਮੇਂ ਸਿਖ ਪੰਥ ਦਾ ਵਿਕਾਸ ਦੂਰ-ਦੁਰਾਡੇ ਇਲਾਕਿਆਂ ਤਕ ਹੋ ਚੁਕਿਆ ਸੀ। ਉਦਾਹਰਨ ਲਈ ਭਾਈ ਅਨੰਤਾ, ਅਤੇ ਭਾਈ ਕੁੱਕੋ ਨੂੰ ਗੁਰੂ ਸਾਹਿਬ ਨੇ, ਸੁੱਚੀ ਤੇ ਇਮਾਨਦਾਰੀ ਦੀ ਕਿਰਤ ਕਰਨ ਦਾ ਉਪਦੇਸ਼ ਦਿੰਦਿਆਂ ਕਿਹਾ :

> *''ਬਚਨੁ ਹੋਇਆ : ਜੈਸੇ ਕੜਾਹ ਦੇ ਵਿਚੋਂ ਕਾਈ ਵਸਤ ਸੁਟਣ ਵਾਲੀ ਨਹੀਂ ਹੁੰਦੀ : ਤੈਸੇ ਗੁਰ ਕੇ ਸ਼ਬਦ ਥੀਂ ਕਾਈ ਕਥਾ ਸੁਟਣ ਵਾਲੀ ਨਹੀਂ : ਤੈਸੇ ਜੋ ਸਿਖੁ ਆਪਣੀ ਖਸਲਤ ਕਿਰਤਿ ਖਰੀਆਂ ਕਰਨਿ ਜੁ ਕਾਈ ਸੁਟਣ ਵਾਲੀ ਨਾ ਹੋਵੈਗੀ ਸੋ ਗੁਰੂ ਨੂੰ ਪ੍ਰਾਪਤ ਹੋਵਨਿਗੇ, ਐਸਾ ਮਹਾਰਾਜੁ ਦਾ ਨਾਮੁ ਹੈ, ਜਿਸ ਕਰਕੇ ਕਾਲ ਵਿਖੇ ਲੀਨ ਹੁੰਦਾ ਹੈ॥੧੦੧॥*[74]

ਡਾ. ਗੰਡਾ ਸਿੰਘ ਅਨੁਸਾਰ, ''ਸਿੱਖ ਮਤ ਦਾ ਪ੍ਰਚਾਰ ਕਰਨ ਲਈ ਬਿਧੀ ਚੰਦ ਨੂੰ ਬੰਗਾਲ ਵਿਚ ਭੇਜਿਆ ਗਿਆ ਅਤੇ ਭਾਈ ਗੁਰਦਾਸ ਜੀ ਨੂੰ ਘੋੜੇ ਖਰੀਦਣ ਲਈ ਕਾਬਲ ਭੇਜਿਆ। ਇਸ ਗਲ ਤੋਂ ਸਿੱਖ ਆਚਰਣ ਦੀ ਸਰਵ-ਪੱਖੀ ਉਨੱਤੀ ਦਾ ਪਤਾ ਲਗਦਾ ਹੈ ਕਿ ਛੋਟੀ ਜਿਹੀ ਸੂਚਨਾ ਦੇ ਅਧਾਰ ਤੇ ਹੀ ਇਕ ਸਿਪਾਹੀ ਨੂੰ ਪ੍ਰਚਾਰਕ ਵਜੋਂ ਅਤੇ ਇਕ ਵਿਦਵਾਨ ਨੂੰ ਇਕ ਵਪਾਰੀ ਵਜੋਂ ਭੇਜਿਆ ਜਾ ਸਕਦਾ ਸੀ।''[75] ਗੁਰੂ ਹਰਿਰਾਇ ਜੀ ਨੇ ਰੋਗੀਆਂ ਅਤੇ ਗਰੀਬਾਂ ਦੀ ਖੁਦ ਸੇਵਾ ਕੀਤੀ। ''ਵਖ ਵਖ ਥਾਵਾਂ ਤੋਂ ਹਕੀਮ, ਮੰਗਵਾ ਕੇ ਇਕ ਇਸ ਤਰ੍ਹਾਂ ਦਾ ਦਵਾਖਾਨਾ ਬਣਾ ਦਿਤਾ ਕਿ ਪੂਰੇ ਹਿੰਦੁਸਤਾਨ ਵਿਚ ਇਸ ਵਰਗਾ ਹੋਰ ਕੋਈ ਨਹੀਂ ਸੀ।

ਇਥੋਂ ਤਕ ਕਿ ਸ਼ਾਹੀ ਦਵਾਖਾਨੇ ਦੇ ਹਕੀਮਾਂ ਨੇ ਵੀ ਜਦੋਂ ਦਾਰਾਸ਼ਿਕੋਹ ਦੇ ਬਿਮਾਰ ਹੋਣ ਤੇ ਹਥ ਖੜੇ ਕਰ ਦਿੱਤੇ ਸਨ ਤਾਂ ਗੁਰੂ ਘਰ ਦੇ ਇਸ ਸਫ਼ਾਖਾਨੇ ਦੇ ਹਕੀਮਾਂ ਦੀ ਦਵਾਈ ਨਾਲ ਉਹ ਨੌ ਬਰ ਨੌ ਹੋ ਗਿਆ ਸੀ।''[76] ਹਕੂਮਤ ਨਾਲ ਮੱਤ ਭੇਦ ਹੋਣ ਦੇ ਬਾਵਜੂਦ ਗੁਰੂ ਸਾਹਿਬ ਨੇ ਦਾਰਾਸ਼ਿਕੋਹ ਦੀ ਮਦਦ ਕਰਕੇ ਇਹ ਉਪਦੇਸ਼ ਦਿੱਤਾ ਕਿ ਹਕੀਮ ਨੇ ਤਾਂ ਮਰੀਜ਼ ਦੀ ਸੇਵਾ ਸੰਭਾਲ ਹੀ ਕਰਨੀ ਹੈ, ਇਹ ਭੁਲ ਜਾਣਾ ਹੈ ਕਿ ਨਿਜੀ ਤੌਰ 'ਤੇ ਉਸ ਮਰੀਜ਼ ਨਾਲ ਕਿਸ ਤਰ੍ਹਾਂ ਦਾ ਸੰਬੰਧ ਹੈ। ਮੈਕਾਲਿਫ ਅਨੁਸਾਰ, ''ਗੁਰੂ ਜੀ ਦੀ ਅਵਸਥਾ ਉਸ ਬਿਰਖ ਵਰਗੀ ਸੀ ਜਿਸ ਨੂੰ ਤੇਜ਼ ਕੁਹਾੜੇ ਨਾਲ ਵੱਢਿਆ ਜਾਵੇ ਤਾਂ ਵੀ ਉਹ ਗੁੱਸਾ ਨਹੀਂ ਕਰਦਾ ਤੇ ਲਕੜਹਾਰੇ ਤੇ ਦੋਸ਼ ਨਹੀਂ ਧਰਦਾ ਸਗੋਂ ਉਹਦੀਆਂ ਲੋੜਾਂ ਪੂਰੀਆਂ ਕਰਦਾ ਹੈ।''[77] ਗੁਰੂ ਹਰਿਕ੍ਰਿਸ਼ਨ ਜੀ ਨੇ ਤਿੰਨ ਸਾਲ ਗੁਰਗੱਦੀ ਦੀ ਸੇਵਾ ਨਿਭਾਈ। ''ਗੁਰੂ ਪਾਤਸ਼ਾਹ ਨੇ ਪਹਾੜ ਦੇ ਇਸ ਇਲਾਕੇ ਵਿਚ ਜੂਆ, ਸ਼ਰਾਬ ਤੇ ਕੁੜੀਮਾਰਨ ਦੀ ਕੋਹਜੀ ਰੀਤ ਦਾ ਸਖਤੀ ਨਾਲ ਵਿਰੋਧ ਤਾਂ ਕੀਤਾ ਹੀ, ਸਗੋਂ ਇਸ ਸੰਬੰਧੀ ਸਿੱਖਾਂ ਨੂੰ ਵੱਖ-ਵੱਖ ਥਾਵਾਂ ਤੇ ਜਾ ਕੇ ਪ੍ਰਚਾਰ ਕਰਨ ਦੇ ਹੁਕਮ ਵੀ ਜਾਰੀ ਕਰ ਦਿੱਤੇ।''[78] ਨੌਵੇਂ ਪਾਤਸ਼ਾਹ ਬਚਪਨ ਵਿਚ ਜਿਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ ਕੰਮਾਂ ਕਾਰਾਂ ਵਿਚ ਰਹੇ। ਉਥੇ ਉਨ੍ਹਾਂ ਨੇ ਸਿੱਖੀ ਪ੍ਰਚਾਰ ਵਿਚ ਵੀ ਬਹੁਤ ਯੋਗਦਾਨ ਪਾਇਆ। ਗੁਰੂ ਸਾਹਿਬ ਦੇ ਸਿੱਖਾਂ ਦੀ ਵੱਡੀ ਗਿਣਤੀ ਵਿਚੋਂ ਪ੍ਰਮੁੱਖ ਸਿੱਖ ਭਾਈ ਮਤੀਦਾਸ ਜੀ ਨੇ ਗੁਰੂ ਦਰਬਾਰ ਵਿਚ ਦੀਵਾਨ ਵਜੋਂ ਸੇਵਾ ਨਿਭਾਈ।

*''ਮਤੀ ਦਾਸ ਗੁਰ ਕੇ ਦੀਵਾਨ। ਸਿਖੀ ਮੋ ਪੂਰਨ ਪ੍ਰਮਾਨ।।''[79]*

ਇਸ ਤਰ੍ਹਾਂ ਜਿਵੇਂ, ਭਾਈ ਮਤੀਦਾਸ ਜੀ ਨੇ ਗੁਰੂ ਘਰ ਵਿਚ ਦੀਵਾਨ ਦਾ ਕੰਮ ਕੀਤਾ ਅਤੇ ਭਾਈ ਸਤੀਦਾਸ ਜੀ, ਵੀ ਫਾਰਸੀ ਦੇ ਮਹਾਨ ਵਿਦਵਾਨ ਸਨ। ਜੋ ਗੁਰੂ ਸਾਹਿਬ ਦੁਆਰਾ ਉਚਾਰੀ ਬਾਣੀ ਨੂੰ ਫਾਰਸੀ ਵਿਚ ਦਰਜ ਕਰ ਕੇ ਉਤਾਰੇ ਕਰਦੇ ਸਨ।

*''ਬਾਣੀ ਜੋ ਸਾਹਿਬ ਕਰਨ ਉਚਾਰ।*
*ਸੋ ਸਤੀਦਾਸ ਨਿਤ ਕਰੇ ਫਾਰਸੀ ਵਿਚਿ ਉਤਾਰੁ।।੯੭।।''[80]*

ਇਸ ਤੋਂ ਇਲਾਵਾ ਗੁਰੂ ਤੇਗ ਬਹਾਦਰ ਜੀ ਦੇ ਪਿਆਰੇ ਸਿੱਖ ਮੱਖਣ ਸ਼ਾਹ ਲੁਬਾਣਾ ਵੀ ਹੱਥੀਂ ਕਿਰਤ ਕਰਕੇ ਗੁਜ਼ਾਰਾ ਕਰਦੇ ਸਨ। ''ਮੱਖਣ ਸ਼ਾਹ ਲੁਬਾਣੇ ਦੀ ਅਗਵਾਈ ਵਿਚ, ਜੋ ਪੇਸ਼ੇ ਵਜੋਂ ਇਕ ਵਪਾਰੀ ਸੀ ਅਤੇ ਗੁਜਰਾਤ/ਕਾਰੀਆਵਾੜ ਵਿਚ ਮਸੰਦ ਵਜੋਂ ਕੰਮ ਕਰਦਾ ਸੀ,

ਸਿੱਖਾਂ ਨੇ ਤੇਗ ਬਹਾਦਰ ਜੀ ਨੂੰ ਲੱਭ ਲਿਆ ਅਤੇ ਉਨ੍ਹਾਂ ਦੇ ਅਸਲੀ ਗੁਰੂ ਹੋਣ ਦਾ ਐਲਾਨ ਕਰ ਦਿੱਤਾ।''[81]

ਗੁਰੂ ਗੋਬਿੰਦ ਸਿੰਘ ਪੰਜਾਬੀਆਂ ਦੇ ਆਦਰਸ਼ ਸਨ। ਉਹ ਬਹੁਤ ਸੁੰਦਰ ਸਨ ਅਤੇ ਉਨ੍ਹਾਂ ਨੇ ਘੋੜਸਵਾਰੀ, ਤਲਵਾਰਬਾਜ਼ੀ ਤੇ ਨੇਜ਼ਾਬਾਜ਼ੀ ਦੇ ਕਰਤੱਬਾਂ ਤੇ ਗੁਣਾਂ ਨੇ ਉਨ੍ਹਾਂ ਨੂੰ ਪੰਜਾਬੀਆਂ ਵਿਚ ਕਾਫ਼ੀ ਹਰਮਨ ਪਿਆਰਾ ਬਣਾਇਆ ਕਿਉਂਕਿ ਪੰਜਾਬੀ ਸਰੀਰਕ ਬਹਾਦਰੀ ਦੇ ਦਿਲਦਾਦਾ ਹਨ।[82] ਕਨਿੰਘਮ ਅਨੁਸਾਰ, ''ਗੁਰੂ ਨਾਨਕ ਦੀ ਰੂਹ ਆਪ ਅੰਦਰ ਉਵੇਂ ਪ੍ਰਵੇਸ਼ ਕਰ ਗਈ ਜਿਵੇਂ ਇਕ ਦੀਵੇ ਦੀ ਲਾਟ ਦੂਜੇ ਦੀਵੇ ਵਿਚ ਪ੍ਰਵੇਸ਼ ਕਰਕੇ ਉਸ ਨੂੰ ਰੌਸ਼ਨ ਕਰ ਦੇਂਦੀ ਹੈ।''[83] ਦਸਵੇਂ ਪਾਤਸ਼ਾਹ ਦੇ ਸਮੇਂ ਸਿੱਖ ਪੰਥ ਦਾ ਵਿਕਾਸ ਅੰਤਿਮ ਪੜਾਅ ਤੇ ਸੀ, ਜਿਸ ਦੀ ਸਦੀਵੀਂ ਸਥਾਪਤੀ ਲਈ ਗੁਰੂ ਸਾਹਿਬ ਨੂੰ ਮਹਾਨ ਸੰਘਰਸ਼ ਵਿਚੋਂ ਗੁਜ਼ਰਨਾ ਪਿਆ। ਗੁਰਬਿਲਾਸ ਪਾ. ੧੦ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਨੇ ਆਪਣੀ ਸੈਨਾ ਵਿਚ ਕਿਰਤੀ ਲੋਕਾਂ ਨੂੰ ਸ਼ਾਮਿਲ ਕੀਤਾ ਹੋਇਆ ਸੀ।

*ਰਾਜੈ ਬੂਝੀ ਭੀਖਨ ਖਾਨਾ। ''ਕੇਤੀ ਸੈਨ ਗੁਰੂ ਕੀ ਨਿਦਾਨਾ?''*
*ਭੀਖਨ ਖਾਨ ਭਨ ਸਾਹਿਬ ਕਾ ਨਾਉਂ। ''ਰੈਯਤ ਲੋਕ ਮਿਲੇ ਇਕ ਠਾਉਂ।*
*ਜਾਟ ਗਵਾਰ ਸੁ ਤੇਲੀ ਨਾਹੀ। ਭਾਟੀ ਲਬਾਨੇ ਚਮਰਾਈ। [੮੫॥]*
*ਬਨੀਏ ਰੋਰੋ ਭਾਟ ਮਹਾਨਾ। ਸੂਦੁ ਛੀਪੇ ਜਾਟ ਤ੍ਰਿਖਾਨਾ।*
*ਬਾਰਾ ਜਾਤ ਸਿਨਾਤ ਮਿਲਾਵੈਂ। ਇਨ ਕਹੁ ਤੀਰ ਕਮਾਨ ਸਿਖਾਵੈਂ।।[੮੬॥]* [84]

ਖਾਲਸਾ ਪੰਥ ਦੀ ਸਿਰਜਨਾ, ਸਿੱਖ ਧਰਮ ਦੇ ਵਿਕਾਸ ਦਾ ਸਭ ਤੋਂ ਅਹਿਮ ਪੜਾਅ ਸੀ। ਜਿਸ ਵਿਚ ਗੁਰੂ ਸਾਹਿਬ ਨੇ ਹਰ ਪ੍ਰਕਾਰ ਦੇ ਭੇਦ-ਭਾਵ ਨੂੰ ਖਤਮ ਕਰਕੇ, ਮਨੁੱਖੀ ਸਮਾਨਤਾ ਨੂੰ ਸਦੀਵੀਂ ਰੂਪ ਵਿਚ ਕਾਇਮ ਕੀਤਾ। ਇਥੋਂ ਤੱਕ ਕਿ, ਗੁਰੂ ਸਾਹਿਬ ਦੇ 'ਪੰਜ ਪਿਆਰੇ' ਵੀ ਵਖ-ਵਖ ਥਾਵਾਂ ਤੋਂ ਆਏ ਹੋਏ ਮਿਹਨਤੀ ਅਤੇ ਕਿਰਤੀ ਮਨੁੱਖ ਸਨ।

*ਪੰਜ ਭੁਜੰਗੀ ਲਏ ਉਠਾਇ, ਚਾਰੈ ਬਰਨ ਇਕ ਕੀਏ ਭਰਾਇ।।*
*ਪ੍ਰਿਥਮ ਦਯਾ ਸਿੰਘ ਸੋਫਤੀ ਜਾਤ, ਬਸਤ ਲਾਹੌਰ ਹੁਤੇ ਬਖਯਾਤ।।੩।।*
*ਦੂਜੇ ਧ੍ਰਮ ਸਿੰਘ ਹਸਨਾਪੁਰ ਬਾਸੀ, ਹੁਤੋ ਜੱਟ ਸਿਵ ਜਟੋ ਪ੍ਰਕਾਸ਼ੀ।*
*ਤੀਜੇ ਮੁਹਕਮ ਸਿੰਘ ਦੁਾਰਕਾ ਜਾਯੋ, ਨਾਮਦੇਵ ਅਵਤਾਰ ਸੁ ਆਯੋ।।੪।।*

*ਚੌਥੇ ਨਾਈ ਸਾਹਿਬ ਸਿੰਘ ਜੋਊ, ਸੈਣ ਭਗਤ ਜਹ ਰਹਤੇ ਸੋਊ।*
*ਪੰਚਮ ਹਿੰਮਤ ਸਿੰਘ ਝੀਵਰ ਕਹੀਐ, ਪੰਜ ਭੁਜੰਗੀ ਪੰਜ ਜਾਤ ਲਹੀਐ।।੫।।*
*ਪਾਹੁਲ ਖੰਡੇ ਤਯਾਰ ਕਰਵਾਈ, ਜਲ ਮੱਧ ਆਨ ਮਿਠਾਈ ਪਾਈ।*
*ਤਿਹ ਮੱਧ ਰਾਖੀ ਕਰਦ ਗਡਾਇ, ਸਤਿਗੁਰ ਰਾਖੀ ਕਰਦ ਧਾਰੇ ਦਾਇ।।੬।।*[85]

ਭਾਈ ਰਤਨ ਸਿੰਘ ਭੰਗੂ ਅਨੁਸਾਰ, ਖੰਡੇ ਦੀ ਪਾਹੁਲ ਪੀ ਕੇ 'ਰਯੀਅਤ' ਨੇ ਆਨ ਦੀ ਚਾਕਰੀ ਛਡ ਦਿੱਤੀ ਅਤੇ ਉਹ ਆਪਣੀ ਹੋਣੀ ਦੇ ਆਪ ਮਾਲਕ ਬਣੇ :

*''ਖਾਲਸੋ ਹੋਵੈ ਖੁਦ ਖੁਦਾ ਜਿਮ ਖੂਬੀ ਖੂਬ ਖੁਦਾਇ।।*
*ਆਨ ਨ ਮਾਨੈ ਆਨ ਕੀ ਇਕ ਸਚੇ ਬਿਨ ਪਤਿਸ਼ਾਹ।੩੫।।''*[86]

ਖੁਦ ਖੁਦਾ ਹੋਏ ਖਾਲਸੇ ਨੂੰ ਹੁਣ ਆਪਣੀ ਸੁਰਖਿਆ ਵੀ ਆਪ ਕਰਨ ਦੀ ਲੋੜ ਸੀ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦੀ ਕਿਲ੍ਹੇਬੰਦੀ ਕੀਤੀ। ''ਉਨ੍ਹਾਂ ਨੇ ਨਾਲ ਲਗਵੀਂ ਭੂਮੀ ਖਰੀਦ ਲਈ ਤੇ ਆਨੰਦਗੜ੍ਹ, ਕੇਸਗੜ੍ਹ, ਲੋਹਗੜ੍ਹ ਤੇ ਫਤਿਹਗੜ੍ਹ ਨਾਮ ਦੇ ਕਿਲ੍ਹਿਆਂ ਦੀ ਲੜੀ ਉਸਾਰ ਲਈ।''[87] ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਮ ਨੀਵੀਆਂ ਜਾਤਾਂ ਦੇ ਨਿਮਾਣੇ ਕਿਰਤੀ ਲੋਕਾਂ ਨੂੰ ਸੱਚ ਦੇ ਅਧਾਰ 'ਤੇ ਸੰਤ ਸਿਪਾਹੀ ਥਾਪਿਆ। ਰਤਨ ਸਿੰਘ ਭੰਗੂ ਦੇ ਸ਼ਬਦਾਂ ਵਿਚ :

*ਸਤ ਸਨਾਤਿ ਔ ਬਾਰਹ ਜਾਤ। ਜਾਨ ਨਹਿ ਰਾਜਨੀਤ ਕੀ ਬਾਤ। ਜੱਟ ਬੂਟ ਕਹਿਂ ਜਿੰਹ ਜਗ ਮਾਂਹੀ। ਬਣੀਏਂ ਬਕਾਲ ਕਿਰਾੜ ਖੱਤ੍ਰੀ ਸਦਾਈਂ।੨੦। ਲੁਹਾਰ ਤ੍ਰਖਾਣ ਹੁਤ ਜਾਤ ਕਮੀਨੀ। ਛੀਪੇ ਕਲਾਲ ਨੀਚਨ ਪੈ ਕ੍ਰਿਪਾ ਕੀਨੀ। ਗੁੱਜਰ ਗੂਾਰ ਹੀਰ ਕਮਜਾਤ। ਕੰਬੋਇ ਮੂਦਨ ਕੋਇ ਪੁਛੈ ਨ ਬਾਤ।੨੧। ਝੀਵਰ ਨਾਈ ਰੋੜੇ ਘੁਮਿਆਰ। ਸਾਇਣੀ ਸੁਨਿਆਰੇ ਚੂੜ੍ਹੇ ਚਮਿਆਰ। ਭੱਟ ਔ ਬਾਹਮਣ ਹੁਤੇ ਮੰਗਵਾਰ। ਬਹੁਰੂਪੀਏ ਲੁਬਾਣੇ ਔ ਘੁਮਿਆਰ।੨੨। 'ਇਨ ਗ੍ਰੀਬ ਸਿੰਘਨ ਕੌ ਦਯੇ ਪਤਿਸ਼ਾਹੀ ਏ ਯਾਦ ਰਖੈਂ ਹਮਰੀ ਗੁਰਿਆਈ।' ਤੌ ਸਦਿ ਸਤਿਗੁਰ ਸਿਖ ਲਲਕਾਰੇ, 'ਫੜੋ ਸ਼ਸਤ੍ਰਨ ਲਿਹੁ ਤੁਰਕਨ ਮਾਰੇ।੨੩।*[88]

ਮੈਕਾਲਿਫ ਅਨੁਸਾਰ, ਇਕ ਥਾਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਨੂੰ ਉਪਦੇਸ਼ ਦਿੰਦਿਆਂ ਕਿਹਾ ਕਿ ''ਮੈਂ ਖਾਲਸੇ ਦੀ ਸਥਾਪਨਾ ਸੱਚੇ ਧਰਮ ਦੇ ਵਿਕਾਸ ਲਈ ਕੀਤੀ ਹੈ। ਸਿੱਖਾਂ ਨੂੰ ਚੜ੍ਹਾਵੇ ਉਪਰ ਗੁਜ਼ਾਰਾ ਨਹੀਂ ਕਰਨਾ ਚਾਹੀਦਾ। ਉਹ ਜੋ ਲੋਭ ਵੱਸ ਮੇਰੇ ਹੁਕਮ ਦੀ ਪਾਲਣਾ ਨਹੀਂ ਕਰਦਾ ਅਗਲੇ ਜਨਮ ਵਿੱਚ ਸੂਰ ਬਣੇਗਾ। ਪੂਜਾ ਦਾ ਧਾਨ ਮਨੁੱਖੀ ਮਨ ਨੂੰ ਉਵੇਂ ਢਾਲਦਾ ਹੈ ਜਿਵੇਂ ਸੋਨੇ ਨੂੰ ਸੁਹਾਗਾ।''[89] ਗੁਰੂ ਸਾਹਿਬ ਨੇ ਸਿੱਖਾਂ ਨੂੰ ਇਹ ਵੀ ਉਪਦੇਸ਼ ਦਿੱਤਾ ਹਰ ਕਿਰਤੀ ਸਿੱਖ ਨੂੰ ਲੋੜਵੰਦਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਪ੍ਰੋ. ਕਰਤਾਰ ਸਿੰਘ ਗੁਰੂ ਸਾਹਿਬ ਦੇ ਬਚਨਾਂ ਬਾਰੇ ਲਿਖਦੇ ਹਨ,''ਜਿਹੜਾ ਗਰੀਬਾਂ ਲੋੜਵੰਦਾਂ ਦੀ ਸੇਵਾ ਕਰਦਾ ਹੈ ਉਹ ਮੇਰੀ ਸੇਵਾ ਹੀ ਨਹੀਂ ਕਰਦਾ, ਸਗੋਂ ਰੱਬ ਦੀ ਸੇਵਾ ਕਰਦਾ ਹੈ। ਚੇਤੇ ਰੱਖੋ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਹੁੰਦਾ ਹੈ, ਜੋ ਕੁਝ ਉਸ ਵਿਚ ਪਾਓਗੇ ਉਹ ਗੁਰੂ ਨੂੰ ਪੁੱਜ ਜਾਵੇਗਾ।[90]

ਸੋ ਇਸ ਤਰ੍ਹਾਂ ਸਿੱਖ ਗੁਰੂ ਸਾਹਿਬਾਨ ਨੇ ਹੱਥੀਂ ਕਿਰਤ ਨੂੰ ਇਕ ਲਾਜ਼ਮੀ ਸਿਧਾਂਤ ਵਜੋਂ ਮਾਨਤਾ ਦਿੱਤੀ। ਆਮ ਜਨਤਾ ਦੇ ਸਮੂਹਿਕ ਵਿਕਾਸ ਲਈ ਸੰਸਥਾਵਾਂ, ਨਗਰਾਂ ਅਤੇ ਸ਼ਹਿਰਾਂ ਦੇ ਨਿਰਮਾਣ ਕਰ ਦਿੱਤੇ ਅਤੇ ਅਜਿਹੇ ਸਮਾਜਿਕ ਜਾਂ ਰਾਜਸੀ ਢਾਂਚੇ ਦੀ ਨਿਖੇਧੀ ਕੀਤੀ, ਜੋ ਦੁਕ੍ਰਿਤ ਤੇ ਅਧਾਰਿਤ ਹੋਵੇ, ਭਾਵ ਜੋ ਹਰਾਮ ਦੀ ਕਮਾਈ ਉਪਰ ਵਿਕਾਸ ਕਰਨ ਦੀ ਲਾਲਸਾ ਰਖਦਾ ਹੋਵੇ। ਗੁਰੂ ਸਾਹਿਬਾਨ ਨੇ ਨਵੇਂ ਨਗਰ ਵਸਾ ਕੇ ਰਾਜਸੀ ਅਤੇ ਅਰਥ ਵਿਵਸਥਾ ਦਾ ਵੀ ਨਿਵੇਕਲਾ ਸੰਕਲਪ ਆਮ ਲੋਕਾਂ ਨੂੰ ਪ੍ਰਦਾਨ ਕੀਤਾ ਜਿਥੇ ਹਰ ਪ੍ਰਕਾਰ ਦੇ ਕਿੱਤੇ ਨੂੰ ਉਤਸ਼ਾਹਿਤ ਕੀਤਾ ਗਿਆ। ਇਸ ਤੋਂ ਪਤਾ ਲਗਦਾ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਕਿਰਤ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।

ਸੋ ਇਸ ਤਰ੍ਹਾਂ ਗੁਰੂ ਘਰ ਵਿਚ ਧਰਮ ਅਧਾਰਿਤ ਕਿਰਤ ਅਤੇ ਇਮਾਨਦਾਰ ਕਿਰਤੀ ਨੂੰ ਹੀ ਪ੍ਰਵਾਨਗੀ ਮਿਲੀ। ਕੇਵਲ ਗੁਰੂ ਸਾਹਿਬਾਨ ਜਾਂ ਉਨ੍ਹਾਂ ਦੇ ਅਨੁਯਾਯੀ ਹੀ ਨਹੀਂ, ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਸਾਰੇ ਬਾਣੀਕਾਰ ਕਿਰਤੀ ਅਤੇ ਮਿਹਨਤੀ ਮਨੁੱਖ ਸਨ ਜੋ ਧਰਮ ਅਧਾਰਿਤ ਕਿਰਤ ਦੇ ਸਦਕਾ ਹੀ ਸੱਚ ਦੀ ਪਛਾਣ ਕਰਨ ਵਿਚ ਸਫਲ ਹੋ ਸਕੇ। ਕੁਝ ਉਦਾਹਰਣਾਂ ਵਿਚ, ਜਿਵੇਂ ਭਗਤ ਜੈਦੇਵ ਕਵੀ ਸਨ, ''ਸੰਸਾਰ ਪ੍ਰਸਿੱਧ ਕ੍ਰਿਸਨ-ਸ਼ਿੰਗਾਰ ਕਾਵਿ 'ਗੀਤ-ਗੋਬਿੰਦ' ਦੇ ਰਚਣਹਾਰ ਹੋਣ ਦੇ ਨਾਤੇ ਆਪ ਨੂੰ ਭਾਰਤ ਤੋਂ ਇਲਾਵਾ ਵਿਦੇਸ਼ਾਂ ਵਿਚ ਵੀ ਆਦਰ ਸਤਿਕਾਰ ਪ੍ਰਾਪਤ ਹੋਇਆ ਹੈ।''[91] ਸੇਖ਼ ਫਰੀਦ 'ਚਿਸ਼ਤੀਆ ਸਿਲਸਿਲੇ ਵਿਚੋਂ' ਸੂਫ਼ੀ ਦੇ

ਉਘੇ ਕਵੀ ਸਨ।[92] ਕਬੀਰ ਜੀ ਕਿਰਤ ਪਖੋਂ ਜੁਲਾਹਾ ਸਨ।[93] ਭਗਤ ਨਾਮਦੇਵ ਛੀਂਬੇ ਦਾ ਕੰਮ ਕਰਦੇ ਸਨ।[94] ਭਗਤ ਸੈਣ ਜੀ ਨਾਈ ਦਾ ਕੰਮ ਕਰਦੇ ਸਨ।[95] ਭਗਤ ਬੇਣੀ ਜੀ ਬ੍ਰਾਹਮਣ ਸਨ। ''ਭਗਤ ਬੇਣੀ ਜੀ ਚੰਗੇ ਪੜ੍ਹੇ ਲਿਖੇ ਵਿਦਵਾਨ ਸਮਝੇ ਗਏ ਹਨ ਕਿਉਂ ਜੋ ਉਨ੍ਹਾਂ ਨੂੰ ਸਮਕਾਲੀ ਮੱਤ-ਮਤਾਂਤਰਾਂ ਦੀ ਚੰਗੀ ਜਾਣਕਾਰੀ ਸੀ, ਇਸੇ ਕਰਕੇ ਉਨ੍ਹਾਂ ਆਪਣੇ ਸਮੇਂ ਦੇ ਕਰਮ-ਕਾਂਡੀ ਬ੍ਰਾਹਮਣੀ ਧਰਮ ਅਤੇ ਯੋਗ ਮੱਤ ਦੀ ਉਸਾਰੂ ਆਲੋਚਨਾ ਕੀਤੀ।''[96]

*''ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ।।*
*ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ।।....*

......... ......... .......... .......... ..........

*ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ।।੫।।''*[97]

''ਸ੍ਰੀ ਰਾਮਾ ਨੰਦ ਜੀ ਪਰਮ ਭਗਤ, ਹਿੰਦੂ ਧਰਮ ਦੇ ਸੁਧਾਰਕ ਵੈਰਾਗੀ ਸੰਪਰਦਾਇ ਦੇ ਬਾਨੀ, ਪ੍ਰਸਿਧ ਆਚਾਰਯ, ਭਗਤੀ ਮਾਰਗ ਦਾ ਪ੍ਰਚਾਰ ਕਰਨ ਵਾਲੇ ਮਹਾਂ ਪੁਰਖ ਹੋਏ ਹਨ।''[98] ਉਹ ਬੜੇ ਸੁਲਝੇ ਹੋਏ ਆਚਾਰਯ (ਅਧਿਆਪਕ) ਸਨ। ਭਗਤ ਰਵਿਦਾਸ ਜੀ ਕਿੱਤੇ ਵਜੋਂ ਚਮਿਆਰ ਸਨ।[99] ਭਗਤ ਧੰਨਾ ਜੀ ਜੱਟ ਸਨ, ਜੋ ਵਾਹੀ-ਖੇਤੀ ਦਾ ਕੰਮ ਕਰਦੇ ਸਨ।[100] ਭਾਈ ਸੱਤਾ ਅਤੇ ਭਾਈ ਬਲਵੰਡ ਕੀਰਤਨੀਏ ਸਨ।[101] ''ਭੱਟ ਕਵੀਆਂ ਨੇ ਭਾਵੇਂ ਇਹ ਸਵਈਏ ਗੁਰੂ ਸਾਹਿਬਾਨ ਦੀ ਉਸਤਤ ਵਿਚ ਲਿਖੇ ਸਨ, ਪਰ ਇਨ੍ਹਾਂ ਦਾ ਗਹੁ ਨਾਲ ਅਧਿਐਨ ਕਰਨ ਤੋਂ ਇਹ ਭਲੀ ਪ੍ਰਕਾਰ ਸਿੱਧ ਹੁੰਦਾ ਹੈ ਕਿ ਇਨ੍ਹਾਂ ਸਾਰੇ ਭੱਟ ਕਵੀਆਂ ਨੇ ਮਨੁਖ ਨੂੰ ਗੁਰੂ ਦੀ ਸ਼ਰਣ ਵਿਚ ਰਹਿਣ, ਗੁਰੂ ਦੇ ਉਪਦੇਸ਼ ਤੇ ਚੱਲਣ, ਗੁਰੂ ਦੀ ਸਿਫਤ ਸਲਾਹ ਕਰਨ, ਗੁਰੂ ਦਾ ਆਦਰ ਸਤਿਕਾਰ ਕਰਨ ਅਤੇ ਸਤਿਸੰਗਤ ਜਿਹੇ ਨੈਤਿਕ ਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ।''[102]

ਸੋ ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਗੁਰਬਾਣੀ ਦੇ ਬਾਣੀਕਾਰ ਸਾਰੇ ਗੁਰੂ ਸਾਹਿਬਾਨ, ਭਗਤ, ਕੀਰਤਨੀਏ, ਭੱਟ ਕਿਰਤੀ ਮਨੁਖ ਸਨ ਜੋ ਕਿਰਤ ਦੇ ਨਾਲ ਨਾਲ ਨਿਸ਼ਕਾਮ ਸੇਵਾ ਕਰਕੇ ਮਨੁੱਖੀ ਜੀਵਨ ਨੂੰ ਸੇਧ ਦਿੰਦੇ ਸਨ। ਇਥੋਂ ਹੀ ਪਤਾ ਲਗਦਾ ਹੈ ਕਿ ਗੁਰਮਤਿ ਦਾ ਆਦਰਸ਼, ਸੱਚੀ ਧਰਮ ਅਧਾਰਿਤ ਕਿਰਤ ਉਪਰ ਹੀ ਨਿਰਭਰ ਹੈ।

# ਹਵਾਲੇ

[1] ਵੇਦੀ, ਸੋਢੀ, ਤ੍ਰਿਹਨ ਤੇ ਭੱਲੇ। ਚਾਰੇ ਜਾਤੀ ਰਾਜਾ ਦਸ਼ਰਥ ਕੀ ਅੰਸੁ ਆਏ ਰਲੇ ਮਿਲੇ। ਸੋ ਚਿੰਰਕਾਲ ਰਹੇ ਦੱਖਣ ਦੇਸ। ਨਗਰੀ ਅਜੁਧਿਆ ਦੇ ਆਸ-ਪਾਸ ਬਹੁ ਵੇਸ ।੧੦੭। ਕਿਰਤ ਸੰਜੋਗ ਫੁਟਿ ਫੁਟਿ ਸਭ ਗਏ। ਬੇਦੀ ਬਾਰੀ ਵਲਿ ਕਛੁ ਆਵਤ ਭਏ। ਸੋਢੀ ਨਗਰ ਲਾਹੌਰ ਨੂੰ ਉਠਿ ਗਏ। ਰਾਇ ਭੋਇ ਭੱਟੀ ਦੀ ਤਿਲਵੰਡੀ, ਬਾਬੇ ਨਾਨਕ ਸਾਹਿਬ ਜੀ ਜਨਮ ਲਏ ।੧੦੮।
(ਭਾਈ ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾ.), ਪ੍ਰੋ. ਪਿਆਰਾ ਸਿੰਘ ਪਦਮ, ਪੰਨਾ 45.

[2] ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* (ਅਨੁ.) ਡਾ. ਭਗਤ ਸਿੰਘ, ਪੰਨਾ 2.

[3] ਭਾਈ ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾ.), ਪ੍ਰੋ. ਪਿਆਰਾ ਸਿੰਘ ਪਦਮ, ਪੰਨਾ 46.

[4] *ਜਨਮਸਾਖੀ ਬਾਬੇ ਨਾਨਕ ਜੀ ਕੀ,* (ਸੰਪਾ)., ਐਮ. ਮੈਕਾਲਿਫ, ਸਾਖੀ 4, ਪੰਨਾ 8.

[5] *ਜਨਮਸਾਖੀ ਭਾਈ ਬਾਲਾ,* (ਸੰਪਾ.) ਡਾ. ਸੁਰਿੰਦਰ ਸਿੰਘ ਕੋਹਲੀ, ਪੰਨੇ 58-60.

[6] *ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* (ਸੰਪਾ.), ਭਾਈ ਵੀਰ ਸਿੰਘ, ਸਾਖੀ 6, ਪੰਨਾ 29.

[7] ਤੂੰ ਕਰਿ ਕਿਛੁ ਨਾਹੀ ਸਹਿਜ ਨਾਲ ਬੈਠਾ ਰਹੁ। ਗੁਜਰਾਨ ਕਰੁ। ਤਾਂ ਨਾਨਕ ਕਹਿਆ ਜੀਜਾ ਜੀ ਕਿਛੁ ਕਿਰਤ ਹੋਵੇ ਤਾਂ ਭਲੀ ਹੈ। ਤਾਂ ਜੈ ਰਾਮ ਕਹਿਆ ਭਲਾ ਜੀ ਜੇ ਤੁਸਾਡੇ ਜੀ ਆਈ ਹੈ ਤਾਂ ਬਹੁਤੁ ਭਲੀ ਹੈ। ਤਾਂ ਨਾਨਕ ਕਹਿਆ ਮੈ ਹਿੰਦਗੀ ਪੜਿਆ ਹਾਂ। ਜੈ ਰਾਮ ਕਹਿਆ ਭਲਾ ਭਾਈ ਜੀ ਮੋਦੀਖਾਨਾ ਲੈਂਦੇ ਹੋ। ਤਾਂ ਨਾਨਕ ਕਹਿਆ ਮੋਦੀ ਖਾਨਾ ਕਿਸਦਾ ਹੈ। ਜੈ ਰਾਮ ਕਹਿਆ ਮੋਦੀਖਾਨਾ ਨਵਾਬ ਦਉਲਤ ਖਾਨ ਲੋਦੀ ਦਾ ਹੈ। ਉਸਦਾ ਵਡਾ ਮੋਦੀ ਖਾਨਾ ਹੈ। ਜੋ ਹੋਇ ਆਵੇ ਤਾਂ ਲਈਏ। ਤਾਂ ਨਾਨਕ ਕਹਿਆ ਜੀਜਾ ਜੀ ਕਰਤਾਰ ਨਿਬਾਹ ਕਰੇਗਾ। ਜੈ ਰਾਮ ਕਹਿਆ ਭਲਾ ਭਾਈ ਨਾਨਕ। ਤਾਂ ਨਾਨਕੀ ਬੋਲੀ ਭਾਈ ਜੀ ਤੂੰ ਪਰਮੇਸਰ ਦਾ ਰੂਪ ਹੈ। ਜੇਹਾ ਰੁਖਾ ਅਲੂਣਾ ਟੁਕੜਾ ਹੈ ਤੇਹਾ ਬੈਠਾ ਖਾਇ। ਤੂੰ ਇਨਾ ਜੰਜਾਲਾ ਵਿਚ ਨ ਪਉ। ਤੂੰ ਇਨਾ ਜੰਜਾਲਾ ਲਾਇਕ ਨਹੀਂ। ਤੂੰ ਫਕੀਰ ਦੋਸ ਹੈਂ। ਤਾਂ ਨਾਨਕ ਕਹਿਆ ਬੇਬੇ ਜੀ ਕਿਰਤ ਕਰ ਖਾਈਏ। ਤਾਂ ਦੇਹੀ ਪਵਿਤ੍ਰ ਹੋਇ।
(*ਜਨਮਸਾਖੀ ਭਾਈ ਬਾਲਾ,* (ਸੰਪਾ.), ਡਾ. ਸੁਰਿੰਦਰ ਸਿੰਘ ਕੋਹਲੀ, ਪੰਨੇ 65-66.)

[8] *ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* (ਸੰਪਾ.), ਭਾਈ ਵੀਰ ਸਿੰਘ, ਸਾਖੀ 9, ਪੰਨਾ 38.

[9] ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਭਗਤ ਸਿੰਘ, ਪੰਨਾ 5.

[10] *ਜਨਮਸਾਖੀ ਬਾਬੇ ਨਾਨਕ ਜੀ ਕੀ,* (ਸੰਪਾ.), ਐਮ. ਮੈਕਾਲਿਫ, ਸਾਖੀ 9, ਪੰਨਾ 29.

[11] *ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* (ਸੰਪਾ.), ਭਾਈ ਵੀਰ ਸਿੰਘ, ਸਾਖੀ 9, ਪੰਨਾ 38.

[12] *ਉਹੀ,* ਸਾਖੀ 9, ਪੰਨਾ 38.

[13] *ਉਹੀ,* ਸਾਖੀ 9, ਪੰਨੇ 38–39.

[14] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 75.

[15] ਡਾ. ਅੰਮ੍ਰਿਤ ਕੌਰ ਰੈਣਾ, *ਗੁਰੂ ਨਾਨਕ ਦੇਵ ਜੀ ਦਾ ਸਿਖਿਆ ਦਰਸ਼ਨ,* ਪੰਨਾ 41.

[16] *ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* (ਸੰਪਾ.), ਭਾਈ ਵੀਰ ਸਿੰਘ, ਸਾਖੀ 13, ਪੰਨੇ 52–53.

[17] *ਉਹੀ,* ਸਾਖੀ 44, ਪੰਨੇ 154–155.

[18] *ਉਹੀ,* ਸਾਖੀ 2, ਪੰਨੇ 21–23.

[19] *ਉਹੀ,* ਸਾਖੀ 2, ਪੰਨਾ 21.

[20] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 16.

[21] *ਜਨਮਸਾਖੀ ਭਾਈ ਬਾਲਾ,* (ਸੰਪਾ.), ਡਾ. ਸੁਰਿੰਦਰ ਸਿੰਘ ਕੋਹਲੀ, ਪੰਨੇ 105–06.

[22] *ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* (ਸੰਪਾ.), ਭਾਈ ਵੀਰ ਸਿੰਘ, ਸਾਖੀ 21, ਪੰਨੇ 68–70.

[23] ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਭਗਤ ਸਿੰਘ, ਪੰਨਾ 6.

[24] *ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* (ਸੰਪਾ.), ਭਾਈ ਵੀਰ ਸਿੰਘ, ਸਾਖੀ 13, ਪੰਨਾ 53.

---

[25] *ਵਾਰਾਂ ਭਾਈ ਗੁਰਦਾਸ,* (ਸੰਪਾ.), ਡਾ. ਗੁਰਸ਼ਰਨ ਕੌਰ ਜੱਗੀ, ਵਾਰ 11, ਪੰਨੇ 131–140.

[26] *ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* (ਸੰਪਾ.), ਭਾਈ ਵੀਰ ਸਿੰਘ, ਸਾਖੀ 9, ਪੰਨਾ 38.

[27] ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਭਗਤ ਸਿੰਘ, ਪੰਨਾ 17.

[28] ਭਾਈ ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾ.), ਪ੍ਰੋ. ਪਿਆਰਾ ਸਿੰਘ ਪਦਮ, ਪੰਨਾ 52.

[29] *ਮਹਿਮਾ ਪ੍ਰਕਾਸ਼ (ਵਾਰਤਕ),* (ਸੰਪਾ.), ਡਾ. ਕੁਲਵਿੰਦਰ ਸਿੰਘ 'ਬਾਜਵਾ', ਸਾਖੀ 22, ਪੰਨਾ 57.

[30] ਸਤਿਗੁਰ ਨਾਨਕ ਜੀ ਕਹਿਓ ਸੁਨ ਸਤਪੁਰਖ ਮਤ-ਸਾਰ।
ਗੁਰਮੁਖ ਪੰਥ ਹਰ ਕੋ ਰਚੋ ਗੁਰਮਤਿ ਮੰਤ੍ਰ ਉਚਾਰ ।੯।
ਸਤ ਬਚਨ ਸਤਗੁਰ ਮਨ ਧਾਰ। ਤਬ ਗੁਰਮੁਖ ਅਛਰ ਲਿਖੇ ਸੁਚਾਰ।
ਗੁਰਮੁਖ ਵਚਨ ਲਿਖ ਪੋਥੀ ਕਰਾ। ਜੈ ਜੈ ਗੁਰਮੁਖ ਜਗ ਧਰਾ ।੧੦।
(ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ 2, ਖੰਡ–1, (ਸੰਪਾ.), ਡਾ. ਉਤੱਮ ਸਿੰਘ ਭਾਟੀਆ, ਪੰਨਾ 80).

[31] ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਭਗਤ ਸਿੰਘ, ਪੰਨਾ 18.

[32] *ਜਨਮਸਾਖੀ ਭਾਈ ਬਾਲਾ,* (ਸੰਪਾ.), ਡਾ. ਸੁਰਿੰਦਰ ਸਿੰਘ ਕੋਹਲੀ, ਪੰਨਾ 47.

[33] ਨਿਰਾਲੰਭ ਨਿਰਕਲਪ ਬਿਵਹਾਰ। ਰਹੇ ਏਕ ਲਿਵ ਸੁਧ ਅਚਾਰ।
ਗ੍ਰਹ ਘੋੜੀ ਗਊ ਭੈਸ ਰਹੈ ਬੈਲ। ਖੇਤੀ ਕਿਰਤ ਲਗੇ ਨਹੀਂ ਮੈਲ।।੫।।
ਲਹਨਾ ਜੀ ਕੇ ਪੁਤ੍ਰ ਦੁਇ, ਦਾਸੂ ਦਾਤੂ ਤਿਨ ਨਾਮ।
ਸਸਤ੍ਰ ਧਾਰੀ ਘੋੜੇ ਚੜੇ ਦੇਸ-ਬਿਰਤ ਕਰੇ ਕਾਮ।।੬।।
(ਸਰੂਪ ਦਾਸ ਭੱਲਾ, *ਗੁਰੂ ਨਾਨਕ ਮਹਿਮਾ (ਮਹਿਮਾ ਪ੍ਰਕਾਸ਼),* ਭਾਗ–1, (ਸੰਪਾ.), ਡਾ. ਉਤੱਮ ਸਿੰਘ ਭਾਟੀਆ, ਪੰਨਾ 386.

[34] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 967.

[35] ਡਾ. ਗੰਡਾ ਸਿੰਘ, *ਸਿਖ ਇਤਿਹਾਸ,* (ਅਨ.), ਡਾ. ਭਗਤ ਸਿੰਘ, ਪੰਨਾ 18.

[36] ਭਾਈ ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾ.),
ਪ੍ਰੋ. ਪਿਆਰਾ ਸਿੰਘ ਪਦਮ, ਪੰਨਾ 53.

[37] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 967.

[38] *ਉਹੀ*

[39] ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ,* ਭਾਗ 1-2, (ਅਨੁ.),
ਅਜਾਇਬ ਸਿੰਘ, ਪੰਨਾ 207.

- ਮਹਿਮਾ ਲਖੀ ਨ ਕਿਨਹੁ ਤਿਹ ਨਿਤਪ੍ਰਤਿ ਇਮ ਠਾਨੈ।
  ਗ੍ਰਿਹ ਧੰਧਾ ਸਭਿ ਦਿਨ ਕਰਹਿ ਤਿਨ ਆਇਸੁ ਮਾਨੈ।
  ਜਾਗਹਿ ਪਾਛਲ ਰਾਤਿ ਕੌ ਕਰਿ ਸ਼ੌਚ ਸ਼ਨਾਨਾ।
  ਸ੍ਰੀ ਨਾਨਕ ਬਾਨੀ ਪਠਹਿ ਕਰਿ ਪ੍ਰੇਮ ਮਹਾਨਾ।।**੩**।।
  ਤਿਸ ਨਿਸ ਉਠਿ ਸਤਿਗੁਰ ਸਿਮਰ ਮੱਜਨ ਕੌ ਠਾਨਾ।
  ਪਠਹਿ ਗੁਰੂ ਕੇ ਸ਼ਬਦ ਸ਼ੁਭ ਫਲ ਜਿਨਹੁ ਮਹਾਨਾ।
  ਦਧੀ ਬਿਲੋਵਤਿ ਸਹਜਿ ਸੋਂ, ਮੁਖ ਬਲਤਿ ਬਾਨੀ।
  (ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਸੰਪਾ.), ਭਾਈ ਵੀਰ ਸਿੰਘ,
  ਜਿਃ 5, ਪੰਨਾ 1372).

[40] ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖਾਲਸਾ,* ਜਿ 2, (ਸੰਪਾ.), ਕੇ.ਐਸ. ਰਾਜੂ, ਪੰਨਾ 337.

[41] ਭਾਈ ਮਨੀ ਸਿੰਘ, *ਸਿਖਾਂ ਦੀ ਭਗਤਮਾਲਾ,* (ਸੰਪਾ.), ਭਾਈ ਵੀਰ ਸਿੰਘ, ਪੰਨੇ 41-42.

[42] *ਵਾਰਾਂ ਭਾਈ ਗੁਰਦਾਸ,* (ਸੰਪਾ.), ਡਾ. ਗੁਰਸ਼ਰਨ ਕੌਰ ਜੱਗੀ, ਵਾਰ 11,
ਪਉੜੀ 15, ਪੰਨਾ 135.

[43] ਡਾ. ਤਾਰਨ ਸਿੰਘ, *ਗੁਰੂ ਅਮਰਦਾਸ ਜੀਵਨ ਰਚਨਾ ਤੇ ਸਿੱਖਿਆ,* ਪੰਨਾ 1.

[44] ਬਾਬਾ ਬਿਸਨ ਦਾਸ, *ਮਹਿਮਾ ਪ੍ਰਕਾਸ਼ ਸ੍ਰੀ ਗੁਰੂ ਅਮਰਦੇਵ,* ਬੰਦ 6, ਸਾਖੀ 2.

[45] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਪੰਜਵੀਂ, (ਸੰਪਾ.),
ਭਾਈ ਵੀਰ ਸਿੰਘ, ਪੰਨਾ 1367.

[46] ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਭਗਤ ਸਿੰਘ, ਪੰਨਾ 20.

[47] ਭਾਈ ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾ), ਪ੍ਰੋ. ਪਿਆਰਾ ਸਿੰਘ ਪਦਮ, ਪੰਨਾ 56.

[48] ਡਾ. ਗੰਡਾ ਸਿੰਘ, *ਸਿਖ ਇਤਿਹਾਸ,* (ਅਨੁ.), ਡਾ. ਭਗਤ ਸਿੰਘ, ਪੰਨਾ 22.

[49] ਪ੍ਰਥਮ ਦੇਗ ਮਹਿਂ ਜਾਇਕੇ ਭੋਜਨ ਕੋ ਖਾਵੈ।
ਪੁਨ ਦਰਸ਼ਨ ਗੁਰਕੋ ਕਰਹਿ ਚਲਿਕਰਿ ਢਿਗ ਜਾਵੈ।
(ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗਰੰਥ,* ਜਿਲਦ ਪੰਜਵੀਂ, (ਸੰਪਾ.), ਭਾਈ ਵੀਰ ਸਿੰਘ, ਪੰਨਾ 1442).

[50] ਖੁਸ਼ਵੰਤ ਸਿੰਘ, *ਸਿੱਖ ਇਤਿਹਾਸ,* ਭਾਗ ਪਹਿਲਾ, (ਅਨੁ.), ਡਾ. ਗੁਰਚਰਨ ਸਿੰਘ ਔਲਖ, ਪੰਨੇ 58–59.

[51] ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ,* ਭਾਗ 1–2, (ਅਨੁ.), ਅਜਾਇਬ ਸਿੰਘ, ਪੰਨਾ 253.

[52] ਪ੍ਰੋ. ਕਰਤਾਰ ਸਿੰਘ, *ਸਿੱਖ ਇਤਿਹਾਸ,* ਭਾਗ ਪਹਿਲਾ, ਪੰਨਾ 170.

[53] ਵਾਰਾਂ ਭਾਈ ਗੁਰਦਾਸ, (ਸੰਪਾ.), ਡਾ. ਗੁਰਸ਼ਰਨ ਕੌਰ ਜੱਗੀ, ਵਾਰ 1, ਪਉੜੀ 47, ਪੰਨਾ 74.

[54] ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਭਗਤ ਸਿੰਘ, ਪੰਨਾ 25.

[55] ਭਾਈ ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾ.), ਪ੍ਰੋ. ਪਿਆਰਾ ਸਿੰਘ ਪਦਮ, ਪੰਨਾ 70.

[56] ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਭਗਤ ਸਿੰਘ, ਪੰਨਾ 25.

[57] ਗੁਰਮੁਖਿ ਸਭ ਪਵਿਤ ਹੈ ਧਨ ਸੰਪੈ ਮਾਇਆ।।
ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1246.

[58] ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ,* ਭਾਗ 1–2, (ਅਨੁ.), ਅਜਾਇਬ ਸਿੰਘ, ਪੰਨਾ 325.

[59] ਪ੍ਰੋ. ਕਰਤਾਰ ਸਿੰਘ, *ਸਿੱਖ ਇਤਿਹਾਸ,* ਭਾਗ–1, ਪੰਨਾ 179.

[60] *ਸ੍ਰੀ ਗੁਰੂ ਸੋਭਾ (ਕਵਿ ਸੈਨਾਪਤਿ ਰਚਿਤ),* (ਸੰਪਾ.), ਸ਼ਮਸ਼ੇਰ ਸਿੰਘ 'ਅਸ਼ੋਕ', ਪੰਨਾ 32.

[61] ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਭਗਤ ਸਿੰਘ, ਪੰਨਾ 26.

[62] ਖੁਸ਼ਵੰਤ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਗੁਰਚਰਨ ਸਿੰਘ ਔਲਖ, ਪੰਨਾ 67.

[63] ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਭਗਤ ਸਿੰਘ, ਪੰਨਾ 27.

[64] ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ,* ਭਾਗ 1-2, (ਅਨੁ.), ਅਜਾਇਬ ਸਿੰਘ, ਪੰਨਾ 344.

[65] ਖੁਸ਼ਵੰਤ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਗੁਰਚਰਨ ਸਿੰਘ ਔਲਖ, ਪੰਨਾ 63.

[66] ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਭਗਤ ਸਿੰਘ, ਪੰਨਾ 28.

[67] ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ,* ਭਾਗ 1-2, (ਅਨੁ.), ਅਜਾਇਬ ਸਿੰਘ, ਪੰਨਾ 344.

[68] *ਉਹੀ,* ਪੰਨਾ 345.

[69] *ਉਹੀ,* ਪੰਨੇ 394-95.

[70] ਡਾ. ਬਲਵੰਤ ਸਿੰਘ ਢਿਲੋਂ, *ਪ੍ਰਮੁਖ ਸਿਖ ਤੇ ਸਿਖ ਪੰਥ,* ਪੰਨਾ 141, ਅੰਤਿਕਾਵਾਂ

[71] ਖੁਸ਼ਵੰਤ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਗੁਰਚਰਨ ਸਿੰਘ ਔਲਖ, ਪੰਨਾ 72.

[72] ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਭਗਤ ਸਿੰਘ, ਪੰਨਾ 38.

[73] ਖੁਸ਼ਵੰਤ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਗੁਰਚਰਨ ਸਿੰਘ ਔਲਖ, ਪੰਨੇ 73-74

[74] ਭਾਈ ਮਨੀ ਸਿੰਘ, *ਸਿੱਖਾਂ ਦੀ ਭਗਤਮਾਲਾ,* (ਸੰਪਾ.), ਭਾਈ ਵੀਰ ਸਿੰਘ, ਪੰਨਾ 114.

[75] ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਭਗਤ ਸਿੰਘ, ਪੰਨਾ 45.

[76] ਡਾ. ਸਰਬਜਿੰਦਰ ਸਿੰਘ, *ਇਲਾਹੀ ਨਾਦ ਦਾ ਸਫਰ,* ਪੰਨਾ 46.

[77] ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ,* ਭਾਗ ਤੀਜਾ (ਅਨੁ.), ਡਾ. ਗੁਰਚਰਨ ਸਿੰਘ ਔਲਖ, ਪੰਨਾ 246.

[78] ਡਾ. ਸਰਬਜਿੰਦਰ ਸਿੰਘ, *ਇਲਾਹੀ ਨਾਦ ਦਾ ਸਫਰ,* ਪੰਨਾ 46.

[79] ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਗ-2, ਖੰਡ-2, (ਸੰਪਾ.), ਡਾ. ਉੱਤਮ ਸਿੰਘ ਭਾਟੀਆ, ਪੰਨਾ 649.

[80] ਭਾਈ ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾ.), ਪ੍ਰੋ. ਪਿਆਰਾ ਸਿੰਘ ਪਦਮ, ਪੰਨਾ 117.

[81] ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਭਗਤ ਸਿੰਘ, ਪੰਨਾ 50.

[82] ਖੁਸ਼ਵੰਤ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਗੁਰਚਰਨ ਸਿੰਘ ਔਲਖ, ਪੰਨਾ 101.

[83] ਜੌਜ਼ਫ ਡੇਵਿਡ ਕਨਿੰਘਮ, *ਸਿੱਖ ਇਤਿਹਾਸ,* (ਅਨੁ.), ਗੁਰਮੁਖ ਸਿੰਘ ਗੁਰਮੁਖ, ਪੰਨਾ 71.

[84] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ 10,* (ਸੰਪਾ.), ਸ਼ਮਸ਼ੇਰ ਸਿੰਘ 'ਅਸ਼ੋਕ', ਪੰਨਾ 71.

[85] ਭਾਈ ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* (ਸੰਪਾ.), ਡਾ. ਜੀਤ ਸਿੰਘ ਸੀਤਲ, ਪੰਨਾ 75.

[86] ਉਹੀ, ਪੰਨਾ 74.

[87] ਖੁਸ਼ਵੰਤ ਸਿੰਘ, *ਸਿੱਖ ਇਤਿਹਾਸ,* (ਅਨੁ.), ਡਾ. ਗੁਰਚਰਨ ਸਿੰਘ ਔਲਖ, ਪੰਨਾ 86.

[88] ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* (ਸੰਪਾ.), ਭਾਈ ਵੀਰ ਸਿੰਘ, ਪੰਨਾ 24.

[89] ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ,* ਭਾਗ ਤੀਜਾ (ਅਨੁ.), ਡਾ. ਗੁਰਚਰਨ ਸਿੰਘ ਔਲਖ, ਪੰਨਾ 471.

[90] ਪ੍ਰੋ. ਕਰਤਾਰ ਸਿੰਘ, *ਸਿੱਖ ਇਤਿਹਾਸ,* ਭਾਗ-1, ਪੰਨਾ 389.

[91] ਡਾ. ਮਦਨ ਗੋਪਾਲ ਆਚਾਰੀਆ, *ਆਦਿ-ਗ੍ਰੰਥ ਵਿਚ ਸੰਕਲਿਤ ਭਗਤ-ਬਾਣੀ ਵਿਚ ਨੈਤਿਕਤਾ ਦਾ ਸੰਕਲਪ,* ਪੰਨਾ 42.

[92] ਗਿਆਨੀ ਪ੍ਰਤਾਪ ਸਿੰਘ, *ਭਗਤ ਦਰਸ਼ਨ,* ਪੰਨੇ 250-51.

[93] ਜੋਲਾਹੇ ਘਰੁ ਅਪਨਾ ਚੀਨ੍ਹਾਂ ਘਟ ਹੀ ਰਾਮੁ ਪਛਾਨਾਂ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 484.

[94] ਨਾਮਾ ਛੀਬਾ ਕਬੀਰੁ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 67.

[95] ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 487.

[96] ਡਾ. ਮਦਨ ਗੋਪਾਲ ਆਚਾਰੀਆ, *ਆਦਿ-ਗ੍ਰੰਥ ਵਿਚ ਸੰਕਲਿਤ ਭਗਤ-ਬਾਣੀ ਵਿਚ ਨੈਤਿਕਤਾ ਦਾ ਸੰਕਲਪ,* ਪੰਨਾ 46.

[97] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 93.

[98] ਗਿਆਨੀ ਪ੍ਰਤਾਪ ਸਿੰਘ, *ਭਗਤ ਦਰਸ਼ਨ,* ਪੰਨਾ 158.

[99] ''ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ।।

ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 486.

[100] ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ।।

ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ।।

*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 835.

[101] ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ।।

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ।। *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 967.

[102] ਡਾ. ਮਦਨ ਗੋਪਾਲ ਆਚਾਰੀਆ, *ਆਦਿ-ਗ੍ਰੰਥ ਵਿਚ ਸੰਕਲਿਤ ਭਗਤ-ਬਾਣੀ ਵਿਚ ਨੈਤਿਕਤਾ ਦਾ ਸੰਕਲਪ,* ਪੰਨਾ 60.

# ਸਾਰ

ਖੋਜ-ਪ੍ਰਬੰਧ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੱਤਾਮੁਖੀ ਨੈਤਿਕਤਾ : ਸਿਧਾਂਤਕ ਤੇ ਵਿਹਾਰਕ ਵਿਸ਼ਲੇਸ਼ਣ' ਉਪਰ ਵਿਚਾਰ ਕਰਨ ਉਪਰੰਤ ਵਿਸ਼ੇਸ਼ ਗੱਲ ਜੋ ਸਾਹਮਣੇ ਆਉਂਦੀ ਹੈ। ਉਹ ਇਹ ਹੈ ਕਿ ਗੁਰਮਤਿ ਦੇ ਅਧਿਆਤਮਿਕ ਮਾਰਗ ਵਿਚ, ਸੁਚੱਜੀ ਕਿਰਤ ਇਕ ਵਿਸ਼ੇਸ਼ ਸਾਧਨ ਦੇ ਰੂਪ ਵਿਚ ਲਾਜ਼ਮੀ ਦਰਸਾਈ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਧਿਆਤਮਿਕ ਸਤਿ ਦੇ ਨਾਲ-ਨਾਲ ਭੌਤਿਕ ਸੰਸਾਰ ਦੇ ਸਤਿ ਨੂੰ ਵੀ ਸਵੀਕਾਰ ਕੀਤਾ ਗਿਆ ਹੈ। ਸਿੱਖ ਧਰਮ ਦੇ ਆਗਮਨ ਤੋਂ ਪਹਿਲਾਂ ਧਾਰਮਿਕ ਜਾਂ ਅਧਿਆਤਮਿਕ ਰੁਚੀ ਰੱਖਣ ਵਾਲੇ ਲੋਕ ਭੌਤਿਕ ਜਗਤ ਨਾਲੋਂ ਟੁੱਟ ਕੇ ਕੇਵਲ ਅਧਿਆਤਮਿਕਤਾ ਵਿਚ ਵਿਸ਼ਵਾਸ ਰੱਖਦੇ ਸਨ। ਆਪਣੇ ਅਧਿਆਤਮਿਕ ਆਦਰਸ਼ ਨੂੰ ਪੂਰਾ ਕਰਨ ਲਈ ਮਨੁੱਖ ਦ੍ਰਿਸ਼ਮਾਨ ਜਗਤ ਤੋਂ ਕਿਨਾਰਾ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦਾ ਸੀ। ਪਰੰਤੂ ਗੁਰੂ ਨਾਨਕ ਸਾਹਿਬ ਜੀ ਨੇ ਪ੍ਰਚਲਿਤ ਅਜਿਹੀਆਂ ਧਾਰਮਿਕ ਰਵਾਇਤਾਂ ਨੂੰ ਰੱਦ ਕਰਕੇ, ਇੱਕ ਅਜਿਹੇ ਧਰਮ ਨੂੰ ਸਥਾਪਿਤ ਕੀਤਾ, ਜੋ ਮਨੁੱਖ ਦੇ ਭੌਤਿਕ ਜੀਵਨ ਵਿਚ ਵੀ ਲਾਭਦਾਇਕ ਸਿੱਧ ਹੋਇਆ। ਗੁਰੂ ਸਾਹਿਬ ਨੇ ਮਨੁੱਖ ਦੀਆਂ ਸੰਸਾਰਿਕ ਲੋੜਾਂ ਨੂੰ ਮਾਨਤਾ ਪ੍ਰਦਾਨ ਕੀਤੀ ਅਤੇ ਉਸ ਦੀਆਂ ਭੌਤਿਕ ਸਮੱਸਿਆਵਾਂ ਨੂੰ ਹੱਲ ਕਰਨ ਦਾ ਹਰ ਸੰਭਵ ਯਤਨ ਕੀਤਾ। ਗੁਰੂ ਸਾਹਿਬ ਨੇ ਅਧਿਆਤਮਿਕਤਾ ਦੇ ਰਸਤੇ ਉਪਰ ਤੁਰਨ ਲਈ ਸੰਸਾਰਿਕ ਲੋੜਾਂ ਦੀ ਪੂਰਤੀ ਨੂੰ ਜਰੂਰੀ ਦੱਸਿਆ, ਪਰੰਤੂ ਇਨ੍ਹਾਂ ਲੋੜਾਂ ਦੀ ਪੂਰਤੀ ਲਈ ਮਨੁੱਖ ਨੂੰ ਧਰਮ ਆਧਾਰਿਤ ਸੁਚੱਜੀ ਕਿਰਤ ਕਰਨ ਦਾ ਉਪਦੇਸ਼ ਦਿੱਤਾ।

ਧਰਮ ਅਧਾਰਿਤ ਕਿਰਤ ਦਾ ਸੰਬੰਧ ਨੇਕੀ ਭਰਪੂਰ ਸੋਚ ਨਾਲ ਹੈ। ਜਿਸ ਵਿਚ ਕਿਰਤ ਦੀ ਸਮਾਨਤਾ ਉਜਾਗਰ ਹੁੰਦੀ ਹੈ, ਭਾਵ ਕਿਸੇ ਵੀ ਕੰਮ ਨੂੰ ਛੋਟੇ-ਵੱਡੇ ਜਾਂ ਉਚੇ-ਨੀਵੇਂ ਦੇ ਮਾਪਦੰਡ ਵਿਚ ਨਹੀਂ ਰਖਿਆ ਜਾਂਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਕਿੱਤੇ ਨੂੰ ਕਿਸੇ ਵਿਸ਼ੇਸ਼ ਕਿਸਮ ਜਾਂ ਪੱਧਰ ਤੇ ਅਧਾਰਿਤ ਅਹਿਮੀਅਤ ਨਹੀਂ ਦਿੱਤੀ ਗਈ। ਬਲਕਿ ਕਿੱਤੇ ਦੀ ਪ੍ਰਕਿਰਿਆ, ਨੀਅਤ ਜਾਂ ਉਸ ਕੰਮ ਨੂੰ ਕਰਨ ਦੇ ਢੰਗ ਨਾਲ, ਉਸ ਕਿੱਤੇ ਦੀ ਅਹਿਮੀਅਤ ਜਾਂ ਪਦਵੀ ਨੂੰ ਨਿਸ਼ਚਿਤ ਕੀਤਾ ਗਿਆ ਹੈ। ਕਿਰਤ ਦੇ ਢੰਗ ਤੋਂ ਭਾਵ ਹੈ, ਨੇਕੀ ਭਰਪੂਰ ਸੋਚ ਦੁਆਰਾ ਕੀਤੀ ਜਾਣ ਵਾਲੀ ਕਿਰਤ। ਨੈਤਿਕਤਾ ਦੇ ਸੰਦਰਭ ਵਿਚ 'ਸੁਚੱਜੀ ਕਿਰਤ' ਗੁਰਮਤਿ ਚਿੰਤਨ ਦੀ ਇਕ ਉਚਤਮ ਨੈਤਿਕ ਕੀਮਤ ਹੈ।

ਜਿਸ ਦੀ ਅਣਹੋਂਦ ਵਿਚ ਗੁਰਮਤਿ ਚਿੰਤਨ ਦਾ ਫਲਸਫਾ ਅਧੂਰਾ ਹੈ। ਉਚ ਨੈਤਿਕ ਕਦਰਾਂ-ਕੀਮਤਾਂ ਵਿਚ 'ਨੇਕ ਕਮਾਈ' ਦਾ ਵਿਸ਼ੇਸ਼ ਸਥਾਨ ਹੈ, ਜਿਸ ਦਾ ਸੰਬੰਧ ਮਨੁੱਖ ਦੀ ਅੰਦਰੂਨੀ ਸੋਚ ਨਾਲ ਜੁੜਿਆ ਹੋਇਆ ਹੈ। ਕਿਉਂਕਿ ਨੇਕੀ ਅਤੇ ਬਦੀ ਵਿਚ ਅੰਤਰ ਕਰਨ ਦਾ ਬੋਧ, ਮਨੁੱਖੀ ਬੁੱਧੀ ਉਪਰ ਨਿਰਭਰ ਹੁੰਦਾ ਹੈ। ਨੇਕੀ ਭਰਪੂਰ ਸੋਚ ਮਨੁੱਖ ਤੋਂ 'ਨੇਕ ਕਰਮ' ਕਰਵਾਉਂਦੀ ਹੈ ਅਤੇ ਬਦੀ ਰੱਖਣ ਵਾਲਾ ਹਮੇਸ਼ਾ ਭੈੜੇ ਕਰਮਾਂ ਵਿਚ ਰੁਚੀ ਰੱਖਦਾ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ ਨੈਤਿਕਤਾ ਭਰਪੂਰ ਜੀਵਨ ਜਿਉਂਣ ਦਾ ਉਪਦੇਸ਼ ਦ੍ਰਿੜ ਕਰਵਾਇਆ ਗਿਆ ਹੈ।

ਪਹਿਲੇ ਅਧਿਆਇ ਵਿਚ ਅਸੀਂ ਧਰਮ ਨਿਰਪੱਖ ਹੋ ਕੇ ਕੇਵਲ ਨੀਤੀ-ਸ਼ਾਸਤਰ ਦੇ ਸਰੂਪ, ਖੇਤਰ, ਵਿਸ਼ੇਸ਼ਤਾਵਾਂ ਅਤੇ ਸਮੱਸਿਆਵਾਂ ਆਦਿ ਉਪਰ ਵਿਚਾਰ ਕੀਤੀ ਹੈ, ਜਿਸ ਤੋਂ ਪਤਾ ਲੱਗਦਾ ਹੈ, ਕਿ ਨੀਤੀ-ਸ਼ਾਸਤਰ ਦੇ ਘੇਰੇ ਵਿਚ ਵਿਵਹਾਰਿਕ ਨੀਤੀ-ਸ਼ਾਸਤਰ ਆਉਂਦਾ ਹੈ। ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਕਿੱਤਿਆਂ ਨਾਲ ਸੰਬੰਧਿਤ ਨੈਤਿਕਤਾ ਦਾ ਵਿਸ਼ਲੇਸ਼ਣ ਵਿਵਹਾਰਿਕ ਨੈਤਿਕਤਾ ਅਧੀਨ ਕੀਤਾ ਜਾ ਸਕਦਾ ਹੈ। ਕਿਉਂਕਿ ਨੀਤੀ ਸ਼ਾਸਤਰ ਦੇ ਸਿਧਾਂਤ ਦਾ ਵਿਵਹਾਰਿਕ ਨੀਤੀ-ਸ਼ਾਸਤਰ ਦੇ ਅਧੀਨ ਅਮਲੀ ਰੂਪ ਵਿਚ ਪ੍ਰਗਟਾਅ ਹੁੰਦਾ ਹੈ। ਜਿਨ੍ਹਾਂ ਵਿਚੋਂ ਇਕ ਅਮਲੀ ਸਿਧਾਂਤ ਦਾ ਸੰਬੰਧ ਕਿੱਤਾਮੁਖੀ ਨੈਤਿਕਤਾ ਨਾਲ ਹੈ। ਦੂਜੇ ਅਧਿਆਇ ਵਿਚ ਅਸੀਂ ਧਰਮ ਅਤੇ ਨੀਤੀ ਸ਼ਾਸਤਰ ਉਪਰ ਵਿਚਾਰ ਕੀਤੀ ਹੈ। ਧਰਮ ਅਤੇ ਨੀਤੀ ਸ਼ਾਸਤਰ ਨੂੰ ਹੋਰਨਾਂ ਧਰਮਾਂ ਦੇ ਨੈਤਿਕ ਸਿਧਾਂਤਾਂ ਅਤੇ ਗੁਰਮਤਿ ਪਰਿਪੇਖ ਵਿਚ ਵਿਚਾਰਿਆ ਹੈ। ਜਿਸ ਤੋਂ ਇਹ ਪਤਾ ਲੱਗਦਾ ਹੈ, ਕਿ ਹਰ ਧਰਮ ਮਨੁੱਖ ਨੂੰ ਨੈਤਿਕਤਾ ਦੇ ਰਾਹ ਉਪਰ ਤੁਰਨ ਦੀ ਤਾਕੀਦ ਕਰਦਾ ਹੈ। ਹਰ ਧਰਮ ਨੈਤਿਕ ਜੀਵਨ ਨੂੰ ਪਹਿਲਤਾ ਦੇ ਅਧਾਰ 'ਤੇ ਪ੍ਰਵਾਨ ਕਰਦਾ ਹੈ ਅਤੇ ਅਧਿਆਤਮਿਕ ਜੀਵਨ ਲਈ ਨੈਤਿਕ ਗੁਣਾਂ ਦੀ ਗ੍ਰਹਿਣਤਾ ਨੂੰ ਜਰੂਰੀ ਸਮਝਦਾ ਹੈ। ਇਸ ਅਧਿਆਇ ਵਿਚੋਂ ਜੋ ਮੁੱਖ ਗੱਲ ਦ੍ਰਿਸ਼ਟੀਗੋਚਰ ਹੁੰਦੀ ਹੈ, ਉਹ ਇਹ ਹੈ ਕਿ ਧਰਮ ਅਤੇ ਨੀਤੀ-ਸ਼ਾਸਤਰ ਦੋਨੋਂ ਹੀ ਇੱਕ-ਦੂਸਰੇ ਦੇ ਪੂਰਕ ਹਨ। ਧਰਮ ਅਤੇ ਨੀਤੀ-ਸ਼ਾਸਤਰ ਵਿਚ ਅੰਤਰ ਨਾਲੋਂ ਸਹਿਯੋਗਤਾ ਵਧੇਰੇ ਪਾਈ ਜਾਂਦੀ ਹੈ। ਧਰਮ ਤੋਂ ਬਿਨ੍ਹਾਂ ਨੀਤੀ-ਸ਼ਾਸਤਰ, ਅਤੇ ਨੀਤੀ-ਸ਼ਾਸਤਰ ਤੋਂ ਬਿਨ੍ਹਾਂ ਧਰਮ ਨੂੰ ਸਮਝਣਾ ਮੁਸ਼ਕਿਲ ਹੀ ਨਹੀਂ, ਬਲਕਿ ਅਸੰਭਵ ਹੈ।

ਤੀਜੇ ਅਧਿਆਇ ਵਿਚ ਅਸੀਂ ਕਿੱਤਾਮੁਖੀ ਨੈਤਿਕਤਾ ਦੇ ਸਿਧਾਂਤਕ ਰੂਪ ਦਾ ਵਿਸ਼ਲੇਸ਼ਣ ਕੀਤਾ ਹੈ। ਜਿਸ ਤੋਂ ਪਤਾ ਲੱਗਦਾ ਹੈ, ਕਿ ਗੁਰਬਾਣੀ ਵਿਚ ਵਾਰ-ਵਾਰ

ਮਨੁੱਖ ਨੂੰ 'ਨੇਕ ਕਮਾਈ' ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ ਅਤੇ 'ਹਰਾਮ ਦੀ ਕਮਾਈ' ਤੋਂ ਸੁਚੇਤ ਰਹਿਣ ਦੀ ਤਾਕੀਦ ਕੀਤੀ ਗਈ ਹੈ। 'ਨੇਕ ਕਮਾਈ' ਦਾ ਅਧਾਰ ਈਮਾਨਦਾਰੀ, ਮਿਹਨਤ ਅਤੇ ਲੋਕ ਭਲਾਈ ਵਰਗੇ ਸਦਗੁਣ ਹੁੰਦੇ ਹਨ, ਜੋ ਅਧਿਆਤਮਿਕ ਜੀਵਨ ਦੀ ਪ੍ਰਾਪਤੀ ਲਈ ਉਤਮ ਸਾਧਨ ਹਨ। ਅਧਿਆਤਮਿਕ 'ਸੱਚ' ਨੂੰ ਕੇਵਲ ਉਹੀ ਪ੍ਰਾਪਤ ਕਰ ਸਕਦਾ ਹੈ, ਜੋ ਸੱਚੀ ਕਿਰਤ ਕਮਾਉਂਦਾ ਹੈ, ਭਾਵ ਨੇਕ ਕਰਮਾਂ ਦੀ ਨੇਕੀ ਖੱਟਦਾ ਹੈ। ਗੁਰਬਾਣੀ ਦੀ ਸਿਧਾਂਤਕ ਸਿੱਖਿਆ ਅਨੁਸਾਰ ਮਨੁੱਖ ਨੂੰ ਉਸ ਦੁਆਰਾ ਕੀਤੇ ਕਰਮਾਂ ਦਾ ਫਲ ਅਵੱਸ਼ ਮਿਲਦਾ ਹੈ, ਭਾਵੇਂ ਉਹ ਕਰਮ ਚੰਗੇ ਹੋਣ ਤੇ ਭਾਵੇਂ ਮਾੜੇ। ਸੋ ਲੋਭ-ਲਾਲਚ, ਹੰਕਾਰ, ਪਰਾਏ ਹੱਕ ਅਤੇ ਸੱਤਾ ਦੀ ਲਾਲਸਾ ਨੂੰ ਤਿਆਗ ਕੇ, ਸੱਚੇ ਨਾਮ ਦੀ ਟੇਕ ਵਿਚ 'ਸੱਚੀ ਕਮਾਈ' ਨੂੰ ਕਰਨ ਦਾ ਉਪਦੇਸ਼ ਮਿਲਦਾ ਹੈ, ਤਾਂ ਜੋ 'ਸੱਚੀ ਕਿਰਤ' ਮਾਇਆ ਦੇ ਪ੍ਰਭਾਵ ਹੇਠ ਦੁਨਿਆਵੀ ਧੰਦੇ ਦਾ ਰੂਪ ਅਖ਼ਤਿਆਰ ਨਾ ਕਰ ਸਕੇ।

ਚੌਥੇ ਅਧਿਆਇ ਵਿਚ ਸਮੁੱਚੇ ਤੌਰ 'ਤੇ ਚੋਣਵੇਂ ਕਿੱਤਿਆਂ ਨੂੰ ਪੰਜ ਭਾਗਾਂ ਵਿਚ ਵੰਡ ਕੇ, ਗੁਰਬਾਣੀ ਦੇ ਨੈਤਿਕ ਸੰਦਰਭ ਵਿਚ ਵਿਸ਼ਲੇਸ਼ਣ ਕੀਤਾ ਗਿਆ ਹੈ। ਜਿਸ ਵਿਚ ਵਪਾਰਿਕ, ਵਿਦਿਅਕ, ਕਾਨੂੰਨੀ, ਖੇਤੀਬਾੜੀ ਅਤੇ ਚਿਕਿਤਸਾ ਆਦਿ ਕਿੱਤਿਆਂ ਨੂੰ ਵਿਚਾਰਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿਚ ਕਿੱਤਾ ਕੋਈ ਮਾੜਾ ਜਾਂ ਨੀਵਾਂ ਨਹੀਂ, ਜੇ ਉਸ ਵਿਚ 'ਈਮਾਨ' ਹੋਵੇ। ਗੁਰਬਾਣੀ ਵਿਚ 'ਕਿੱਤਿਆਂ' ਦੇ ਸੰਦਰਭਾਂ ਦਾ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਉਦੇਸ਼ ਆਦਰਸ਼ਵਾਦੀ ਜੀਵਨ ਜਾਂਚ ਨਾਲ ਸੰਬੰਧ ਰੱਖਦਾ ਹੈ। ਇਸ ਤੋਂ ਇਲਾਵਾ ਇਸ ਅਧਿਆਇ ਵਿਚ ਕਿੱਤੇ ਅਤੇ ਕਿੱਤੇਕਾਰਾਂ ਦੇ ਸੰਦਰਭਾਂ ਦੀ ਅਰਥਾਂ ਅਤੇ ਹਵਾਲਿਆਂ ਸਮੇਤ ਸੂਚੀ ਵੀ ਦਿੱਤੀ ਗਈ ਹੈ, ਤਾਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦਰਭ ਵਿਚ 'ਕਿੱਤਿਆਂ' ਦੀ ਮਹੱਤਤਾ ਬਾਰੇ ਜਾਣਕਾਰੀ ਮਿਲੇ, ਕਿ ਬਾਣੀਕਾਰਾਂ ਨੇ ਕਿੱਤੇ ਅਤੇ ਕਿੱਤੇਕਾਰਾਂ ਦੀਆਂ ਉਦਾਹਰਣਾਂ ਨਾਲ ਕਿਵੇਂ ਮਨੁੱਖ ਨੂੰ ਜੀਵਨ ਰੂਪੀ ਸੱਚ ਦਾ ਉਪਦੇਸ਼ ਦ੍ਰਿੜ ਕਰਵਾਇਆ ਹੈ, ਅਤੇ ਭੌਤਿਕ ਜਗਤ ਨੂੰ ਅਹਿਮੀਅਤ ਦਿੰਦਿਆਂ 'ਕਿਰਤ' ਨੂੰ ਜੀਵਨ ਮੁਕਤੀ ਲਈ ਜਰੂਰੀ ਸਾਧਨ ਵਜੋਂ ਦਰਸਾਇਆ ਹੈ।

ਪੰਜਵੇਂ ਅਧਿਆਇ ਵਿਚ ਕਿੱਤਾਮੁਖੀ ਨੈਤਿਕਤਾ ਨੂੰ ਇਤਿਹਾਸਕ ਪਰਿਪੇਖ ਵਿਚ ਵਿਚਾਰਿਆ ਗਿਆ ਹੈ। ਜਿਸ ਤੋਂ ਪਤਾ ਲੱਗਦਾ ਹੈ, ਕਿ ਗੁਰੂ ਸਾਹਿਬਾਨ ਨੇ ਜੋ ਵੀ ਸਿੱਖਿਆਵਾਂ ਜਾਂ ਉਪਦੇਸ਼ ਸੰਸਾਰ ਨੂੰ ਦਿੱਤੇ ਜਾਂ ਜੋ ਵੀ ਪ੍ਰਚਾਰਿਆ, ਉਸ ਨੂੰ ਪਹਿਲਾਂ

ਆਪਣੇ ਨਿੱਜੀ ਜੀਵਨ ਵਿਚ ਢਾਲਿਆ। ਉਨ੍ਹਾਂ ਨੇ ਗ੍ਰਹਿਸਥ ਜੀਵਨ ਦੀ ਮਹੱਤਤਾ ਨੂੰ ਦੱਸਦੇ ਹੋਏ ਆਪ ਗ੍ਰਹਿਸਥੀ ਜੀਵਨ ਬਿਤਾਇਆ। ਕਿਰਤ ਅਤੇ ਸੇਵਾ ਕਰਕੇ ਜੀਵਨ ਵਿਚ ਘਾਲਣਾ ਘਾਲੀ। ਕਿਉਂਕਿ ਜਿੰਨੀ ਦੇਰ ਕੋਈ ਉਪਦੇਸ਼ਕ, ਆਪ ਉਸ ਕਰਮ ਵਿਚ ਪੂਰਾ ਨਾ ਹੋਵੇ, ਜਿਸ ਬਾਰੇ ਉਹ ਉਪਦੇਸ਼ ਦੇ ਰਿਹਾ ਹੈ, ਤਦ ਤੱਕ ਉਸ ਦਾ ਦੂਸਰੇ ਮਨੁੱਖ ਉਪਰ ਕੋਈ ਅਸਰ ਨਹੀਂ ਹੁੰਦਾ। ਗੁਰੂ ਸਾਹਿਬਾਨ ਨੇ ਅਜਿਹੀ ਸਮਾਜਿਕ-ਵਿਵਸਥਾ ਦੀ ਸ਼ੁਰੂਆਤ ਕੀਤੀ, ਜਿਸ ਵਿਚ ਸਮਾਜ ਦੀ ਵਰਗ-ਵੰਡ ਕਿੱਤਿਆਂ ਜਾਂ ਧੰਦਿਆਂ ਉਪਰ ਅਧਾਰਿਤ ਨਾ ਹੋ ਕੇ, ਮਨੁੱਖ ਦੇ ਚਰਿੱਤਰ ਉਪਰ ਅਧਾਰਿਤ ਹੋਵੇ। ਉਨ੍ਹਾਂ ਨੇ ਕਿਸੇ ਖਾਸ ਵਰਗ ਜਾਂ ਜਾਤ ਦੇ ਕਿਸੇ ਵਿਸ਼ੇਸ਼ ਕਿੱਤੇ ਉਪਰ ਏਕਾਧਿਕਾਰ ਨੂੰ ਸਵੀਕਾਰ ਨਹੀਂ ਕੀਤਾ। ਗੁਰੂ ਸਾਹਿਬਾਨ ਨੇ ਪ੍ਰਚਲਿਤ ਬ੍ਰਾਹਮਣਵਾਦੀ ਸਮਾਜਿਕ ਵਿਵਸਥਾ ਨੂੰ ਨਕਾਰਦਿਆਂ, ਮਨੁੱਖੀ ਬਰਾਬਰੀ ਜਾਂ ਸਮਾਨਤਾ ਨੂੰ ਕਾਇਮ ਕੀਤਾ। ਵਰਗ ਅਧਾਰਿਤ ਕੀਤੀ ਮਨੁੱਖੀ ਵੰਡ ਨੂੰ ਰੱਦ ਕਰਕੇ 'ਕਰਮ' ਅਧਾਰਿਤ ਕਰ ਦਿੱਤਾ। ਭਾਵ ਕਿਸੇ ਮਨੁੱਖ ਦੇ ਵੱਡੇ ਜਾਂ ਉਚੇ ਹੋਣ ਦਾ ਨਿਬੇੜਾ ਉਸ ਦੀ ਜਾਤ, ਵਰਗ ਜਾਂ ਕਿੱਤਾ ਨਹੀਂ, ਬਲਕਿ ਉਸ ਦੁਆਰਾ ਕੀਤੇ ਜਾਣ ਵਾਲੇ ਕਰਮ ਕਰਨਗੇ। ਗੁਰੂ ਸਾਹਿਬਾਨ ਨੇ ਮਨੁੱਖ ਦੇ ਆਰਥਿਕ ਜੀਵਨ ਨੂੰ ਅਹਿਮੀਅਤ ਦਿੰਦਿਆਂ, ਹਰ ਇਕ ਨੂੰ ਕਿਰਤ ਕਰਨ ਦਾ ਉਪਦੇਸ਼ ਦਿੱਤਾ। ਕਿਉਂਕਿ ਕਿਰਤੀ ਮਨੁੱਖ ਹੀ ਆਰਥਿਕ ਪੱਖੋਂ ਸਿਹਤਮੰਦ ਸਮਾਜ ਸਿਰਜਣ ਦੇ ਸਮਰੱਥ ਹੁੰਦੇ ਹਨ। ਆਰਥਿਕ ਪੱਖੋਂ ਤੰਦਰੁਸਤ ਸਮਾਜ ਜੇਕਰ ਸੇਵਾ, ਪਰਉਪਕਾਰ ਅਤੇ ਵੰਡ ਛਕਣ ਵਰਗੇ ਗੁਣਾਂ ਦਾ ਧਾਰਨੀ ਬਣ ਜਾਵੇ, ਤਾਂ ਇਹ ਇੱਕ ਆਦਰਸ਼ਵਾਦੀ ਸਮਾਜਿਕ ਵਿਵਸਥਾ ਵਿਚ ਬਦਲ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਰਾ ਪ੍ਰਤਿਪਾਦਿਤ ਕਿੱਤਾਮੁਖੀ ਨੈਤਿਕਤਾ ਅਜੋਕੇ ਸਮਾਜ ਦਾ ਦਿਸ਼ਾ-ਨਿਰਦੇਸ਼ ਕਰਨ ਦੇ ਸਮਰੱਥ ਹੈ। ਗੁਰੂ ਸਾਹਿਬਾਨ ਦੁਆਰਾ ਸਮਕਾਲੀ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ, ਮਨੁੱਖ ਦੀਆਂ ਬੁਨਿਆਦੀ ਲੋੜਾਂ ਪ੍ਰਤੀ ਸੁਚੇਤ ਹੋਣਾ ਇੱਕ ਇਨਕਲਾਬੀ ਸੋਚ ਸੀ। ਉਨ੍ਹਾਂ ਨੇ ਇਕ ਅਜਿਹੀ ਕੌਮ ਦੀ ਨੀਂਹ ਰੱਖੀ ਜੋ ਕਿਰਤ ਨੂੰ ਸਮਰਪਿਤ, ਸਮਾਜਿਕ ਅਤੇ ਵਿਅਕਤੀਗਤ ਜ਼ਿੰਮੇਵਾਰੀਆਂ ਪ੍ਰਤੀ ਵਚਨਬੱਧ ਅਤੇ ਪਰਮਾਤਮਾ ਦੇ ਨਿਰਗੁਣ ਅਤੇ ਸਰਗੁਣ ਸਰੂਪ ਦੀ ਤਨ, ਮਨ ਅਤੇ ਧਨ ਨਾਲ ਸੇਵਾ ਕਰੇ। 'ਨੇਕ ਕਮਾਈ' ਦੇ ਸੰਦਰਭ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਉਸ ਉਪਜੀਵਿਕਾ ਨੂੰ ਮਾਨਤਾ ਦਿੰਦੇ ਹਨ, ਜੋ ਨੇਕ-ਨੀਤੀ ਅਤੇ ਲੋਕ ਭਲਾਈ ਨੂੰ ਮੁੱਖ ਰੱਖ ਕੇ ਕੀਤੀ ਗਈ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਕੇਵਲ ਕਿੱਤਿਆਂ ਵਿਚ ਹੀ ਨਹੀਂ

ਬਲਕਿ ਹਰ ਕਰਮ ਵਿੱਚ ਸੱਚ, ਈਮਾਨਦਾਰੀ, ਦਇਆ, ਧਰਮ, ਨਿਆਂ, ਸੰਜਮ, ਸੰਤੋਖ ਅਤੇ ਨੇਕੀ ਆਦਿ ਨਾਂਲ ਪਰੀਪੂਰਨ ਵਿਵਹਾਰ ਨੂੰ ਅਪਨਾਉਣ ਦੀ ਪ੍ਰੇਰਨਾ ਦਿੰਦੀ ਹੈ। ਗੁਰੂ ਸਾਹਿਬ ਦੇ ਉਪਦੇਸ਼ ਅਨੁਸਾਰ, ਗੁਰੂ ਵੀ ਸਾਡੀ ਮਦਦ ਤਾਂ ਹੀ ਕਰੇਗਾ, ਜੇ ਅਸੀਂ ਪਰਾਇਆ ਹੱਕ ਹਥਿਆਉਣ ਤੋਂ ਸੰਕੋਚ ਕਰਾਂਗੇ ਅਤੇ ਲੋਭ-ਲਾਲਚ ਵਰਗੀਆਂ ਬੁਰਾਈਆਂ ਨੂੰ ਦੂਰ ਕਰਕੇ ਸੱਚ ਦੇ ਲੜ ਲੱਗਾਂਗੇ। ਆਪਣੀਆਂ ਭੌਤਿਕ ਲੋੜਾਂ ਨੂੰ ਕੇਵਲ ਲੋੜਾਂ ਤੱਕ ਹੀ ਸੀਮਿਤ ਰੱਖਾਂਗੇ ਅਤੇ ਵਾਸ਼ਨਾ ਜਾਂ ਤ੍ਰਿਸ਼ਨਾਵਾਂ ਦਾ ਰੂਪ ਅਖ਼ਤਿਆਰ ਨਹੀਂ ਕਰਨ ਦੇਵਾਂਗੇ। ਜੋ ਮਨੁੱਖ ਆਪਣੀ ਕਿਰਤ ਵਿਚ ਬੇਇਮਾਨੀ ਕਰਦਾ ਹੈ, ਤਾਂ ਨਿਸ਼ਚੇ ਹੀ ਉਹ ਬਹੁਤ ਵੱਡਾ ਗੁਨਹਗਾਰ ਅਤੇ ਮੁਰਦਾਰ ਖਾਣ ਵਾਲਾ ਹੈ, ਅਤੇ ਵੱਡੀ ਸਜ਼ਾ ਦਾ ਹੱਕਦਾਰ ਹੈ। ਇਸ ਦੇ ਉਲਟ ਹੱਕ-ਹਲਾਲ ਦੀ ਕਮਾਈ ਕਰਨ ਵਾਲਾ ਸਦਾ ਖੇੜੇ ਅਤੇ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਉਸ ਨੂੰ ਗਲਤ ਕੰਮਾਂ ਜਾਂ ਬੇਇਮਾਨੀ ਕਰਦੇ ਹੋਏ ਫੜੇ ਜਾਣ ਦਾ ਕੋਈ ਡਰ ਨਹੀਂ ਹੁੰਦਾ। ਉਹ ਪਰਮਾਤਮਾ ਦੀ ਰਜ਼ਾ ਵਿਚ ਰਹਿੰਦਾ ਹੋਇਆ, ਆਪਣੀ ਦਸਾਂ ਨਹੁੰਆਂ ਦੀ ਕਿਰਤ ਵਿਚ ਹੀ ਨਿਰੰਕਾਰ ਦਾ ਸ਼ੁਕਰ ਮਨਾਉਂਦਾ ਹੋਇਆ ਸ਼ਾਂਤੀ ਭਰਪੂਰ ਜੀਵਨ ਬਤੀਤ ਕਰਦਾ ਹੈ, ਅਤੇ ਗੁਰਬਾਣੀ ਦੁਆਰਾ ਦਰਸਾਏ ਜੀਵਨ ਮਨੋਰਥ ਨੂੰ ਹਾਸਿਲ ਕਰਕੇ 'ਜੀਵਨ ਮੁਕਤੀ' ਦਾ ਪਦ ਹਾਸਿਲ ਕਰਦਾ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੱਤਾਮੁਖੀ ਨੈਤਿਕਤਾ
# ਸਿਧਾਂਤਕ ਤੇ ਵਿਹਾਰਕ ਵਿਸ਼ਲੇਸ਼ਣ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੋਸ਼ਲ ਸਾਇੰਸਜ਼ ਫ਼ੈਕਲਟੀ ਅਧੀਨ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਚ
ਪੀਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ

## ਸਾਰ
## (Summary)

**2015**


ਨਿਗਰਾਨ — ਖੋਜਾਰਥਣ

ਡਾ. ਸਰਬਜਿੰਦਰ ਸਿੰਘ — ਰਾਜਨਰਜਵੰਤ ਕੌਰ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ


PUNJABI UNIVERSITY PATIALA

## ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
## ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੱਤਾਮੁਖੀ ਨੈਤਿਕਤਾ

## ਸਿਧਾਂਤਕ ਤੇ ਵਿਹਾਰਕ ਵਿਸ਼ਲੇਸ਼ਣ

ਸ੍ਰੀ ਗੁਰੂ ਗ੍ਰੰਥ ਸਾਹਿਬ ਲੋਕ ਹਿੱਤ ਦੀ ਰਾਖੀ ਲਈ ਸਥਾਪਿਤ ਕੀਤੀ ਸੁਤੰਤਰ ਸੋਚ ਦੀ ਸਪੱਸ਼ਟ ਗਵਾਹੀ ਦਿੰਦੇ ਹਨ। ਨੈਤਿਕ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਭ ਤੋਂ ਮਹੱਤਵਪੂਰਨ, ਸ੍ਰੇਸ਼ਟ ਅਤੇ ਅਨਿੱਖੜਵੇਂ ਅੰਗ ਹਨ। ਬੇਸ਼ਕ ਸੁਤੰਤਰ ਰੂਪ ਵਿਚ ਵੀ ਨੈਤਿਕ ਨਿਯਮ ਮਨੁੱਖ ਨੂੰ ਸੁਚੱਜੀ ਸੇਧ ਪ੍ਰਦਾਨ ਕਰਨ ਦੇ ਸਮਰੱਥ ਹੁੰਦੇ ਹਨ, ਪਰੰਤੂ ਜੇ ਇਹਨਾਂ ਨਿਯਮਾਂ ਉਪਰ ਧਰਮ ਦੀ ਮੋਹਰ ਲੱਗ ਜਾਵੇ ਤਾਂ ਇਹ ਨਿਯਮ ਵਧੇਰੇ ਅਸਰਦਾਇਕ ਹੋ ਨਿਬੜਦੇ ਹਨ ਅਤੇ ਮਨੁੱਖ ਬਿਨਾਂ ਸ਼ੱਕ ਦੇ ਇਹਨਾਂ ਨੂੰ ਆਪਣੇ ਵਿਹਾਰਕ ਜੀਵਨ ਦਾ ਹਿੱਸਾ ਬਣਾ ਲੈਂਦਾ ਹੈ।

ਮਨੁੱਖੀ ਇਤਿਹਾਸ ਵਿਚ ਕਈ ਧਰਮਾਂ ਨੇ ਜਨਮ ਲਿਆ, ਜਿਨ੍ਹਾਂ ਦੀ ਸ਼ੁਰੂਆਤ ਨੈਤਿਕ ਨਿਯਮਾਂ ਦੇ ਮੁੱਢਲੇ ਸਰੂਪ, ਪਰੰਪਰਾ, ਜ਼ਮੀਰ ਅਤੇ ਚਿੰਤਨਸ਼ੀਲ ਵਿਚਾਰਧਾਰਾ ਵਿਚੋਂ ਹੋਈ ਮੰਨੀ ਜਾਂਦੀ ਹੈ। ਇਹ ਨਿਯਮ ਮਨੁੱਖੀ ਜੀਵਨ ਦੇ ਅਹਿਮ ਪੜਾਵਾਂ ਵਿਚ ਉਸ ਲਈ ਸਹਾਈ ਸਿੱਧ ਹੋਏ ਹਨ। ਕਿਸੇ ਦੇਸ਼ ਜਾਂ ਕੌਮ ਦੀ ਨੈਤਿਕ ਰੂਪ-ਰੇਖਾ ਉਥੋਂ ਦੇ ਪ੍ਰਚਲਿਤ ਧਰਮ ਦੁਆਰਾ, ਦੂਜੇ ਖੇਤਰਾਂ ਦੀ ਤਰ੍ਹਾਂ ਨਿਸ਼ਚਿਤ ਹੀ ਪ੍ਰਭਾਵਿਤ ਹੁੰਦੀ ਹੈ। ਇਸ ਤਰ੍ਹਾਂ ਧਰਮ ਮਨੁੱਖ ਨੂੰ ਨੈਤਿਕਤਾ ਦੇ ਰਸਤੇ ਉਪਰ ਤੋਰਨ ਦਾ ਇੱਕ ਉੱਤਮ ਸਾਧਨ ਹੈ ਅਤੇ ਨੈਤਿਕਤਾ ਧਰਮ ਦੇ ਅੰਤਿਮ ਉਦੇਸ਼ ਦੀ ਪ੍ਰਾਪਤੀ ਦਾ ਇੱਕ ਉੱਤਮ ਵਸੀਲਾ ਹੈ।

ਨੈਤਿਕ ਦ੍ਰਿਸ਼ਟੀਕੋਣ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖੀ ਜੀਵਨ ਨਾਲ ਸੰਬੰਧਿਤ ਹਰ ਇਕ ਪੱਖ ਨੂੰ ਵਿਚਾਰਿਆ ਗਿਆ ਹੈ। ਨੈਤਿਕਤਾ ਦੇ ਪੱਖ ਤੋਂ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੀਆਂ ਹਦਾਇਤਾਂ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਕਰਦੀਆਂ ਹਨ। ਸਾਡੇ ਵਿਸ਼ੇ ਦਾ ਸੰਬੰਧ ਸ੍ਰੀ ਗੁਰੂ ਗ੍ਰੰਥ ਸਾਹਿਬ

ਵਿਚ ਦਰਜ ਕਿੱਤਾਮੁਖੀ ਨੈਤਿਕ ਪ੍ਰਣਾਲੀ ਹੈ। ਇਸ ਲਈ ਅਧਿਐਨ ਖੇਤਰ ਵਿਚ ਵਧੇਰੇ ਧਿਆਨ ਇਸੇ ਵਿਸ਼ੇ ਉਪਰ ਕੇਂਦਰਿਤ ਕੀਤਾ ਗਿਆ ਹੈ।

ਈਮਾਨ ਦੇ ਆਧਾਰ 'ਤੇ ਕਿਰਤ ਕਰਨ ਦਾ ਸੰਕਲਪ 'ਤੇ ਵਿਹਾਰ ਸਿੱਖ ਧਰਮ ਦੇ ਅਧਿਐਨ ਦੇ ਅਹਿਮ ਪੱਖ ਹਨ। ਮਨੁੱਖੀ ਸਭਿਆਚਾਰ ਵਿਚ ਕਿਰਤ ਦੀ ਧਾਰਨਾ, ਮਨੁੱਖੀ ਸੰਸਕ੍ਰਿਤੀ ਦੀਆਂ ਸਮੁੱਚੀਆਂ ਸੰਸਥਾਵਾਂ ਦਾ ਮੂਲ ਆਧਾਰ ਹੈ। ਇਸੇ ਧਾਰਨਾ ਸਦਕਾ ਮਨੁੱਖੀ ਦ੍ਰਿਸ਼ਟੀਕੋਣ ਦਾ ਨਿਰੂਪਣ ਸੰਭਵ ਹੈ। ਦੂਜੇ ਸ਼ਬਦਾਂ ਵਿਚ ਮਨੁੱਖੀ ਦ੍ਰਿਸ਼ਟੀਕੋਣ ਵਿਚ ਤਬਦੀਲੀ ਕਿਰਤ ਦੀ ਪ੍ਰਕ੍ਰਿਤੀ ਨੂੰ ਬਦਲਣ ਨਾਲ ਆ ਸਕਦੀ ਹੈ। ਇਸ ਦਾ ਮੁਖ ਕਾਰਨ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਦੀ ਸੰਤੁਸ਼ਟੀ ਪੂਰਵਕ ਪੂਰਤੀ ਤੋਂ ਹੈ ਕਿਉਂਕਿ ਇਕ ਸੰਤੁਸ਼ਟ ਸਭਿਆਚਾਰ ਹੀ ਇਕ ਸਫਲ ਸੰਸਕ੍ਰਿਤੀ ਦਾ ਜਨਮਦਾਤਾ ਹੋ ਸਕਦਾ ਹੈ। ਅਜਿਹੇ ਹੀ ਸੰਤੁਸ਼ਟ ਸਭਿਆਚਾਰ ਅਤੇ ਅਮੀਰ ਸੰਸਕ੍ਰਿਤੀ ਦਾ ਸੰਕਲਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਜਿਸ ਨੂੰ ਮਾਨਵਤਾ ਦੇ ਉਜਲੇ ਭਵਿੱਖ ਲਈ ਸੰਸਾਰ ਸਾਹਮਣੇ ਰੱਖਣਾ ਜ਼ਰੂਰੀ ਹੈ। ਭਾਵੇਂ ਅਧਿਆਤਮਿਕਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੇਂਦਰੀ ਪ੍ਰਧਾਨਤਾ (ਵਿਸ਼ੇਸ਼ਤਾ) ਹੈ, ਪਰੰਤੂ ਗੁਰਬਾਣੀ ਵਿਚ ਅਧਿਆਤਮਕ ਅਤੇ ਭੌਤਿਕ ਜੀਵਨ ਵਿਚ ਸੰਤੁਲਨ ਕਾਇਮ ਕੀਤਾ ਗਿਆ ਹੈ। ਪਦਾਰਥ ਦੀ ਅਹਿਮੀਅਤ ਨੂੰ ਸਵੀਕਾਰ ਕਰਦਿਆਂ, ਇਸ ਨੂੰ ਮਨੁੱਖੀ ਜੀਵਨ ਦਾ ਅਹਿਮ ਹਿੱਸਾ ਦੱਸ ਕੇ ਵਿਸ਼ੇਸ਼ਤਾ ਪ੍ਰਦਾਨ ਕੀਤੀ ਗਈ ਹੈ। ਪਰੰਤੂ ਸ਼ਰਤ ਇਹ ਹੈ ਕਿ ਇਸ ਸਚਾਈ ਵਿਚ ਵਿਚਰਣ ਲਈ ਅਧਿਆਤਮਿਕਤਾ ਦੇ ਰਾਹ ਵਿਚੋਂ ਗੁਜ਼ਰਨਾ ਪਹਿਲਾ ਕਰਮ ਜਾਂ ਪੜਾਅ ਹੈ। ਇਸ ਦਾ ਮੂਲ ਮਨੋਰਥ ਭੌਤਿਕ ਜੀਵਨ ਵਿਚ ਸਦਗੁਣਾ (ਨੈਤਿਕਤਾ) ਦੀ ਸਦੀਵਤਾ ਨੂੰ ਕਾਇਮ ਰੱਖਣ ਤੋਂ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਨੈਤਿਕਤਾ ਦੇ ਦਾਰਸ਼ਨਿਕ ਪੱਖ ਤੋਂ ਕਿੱਤਿਆ ਦਾ ਵਿਸ਼ੇਸ਼ ਰੂਪ ਵਿਚ ਵਰਗੀਕਰਨ ਕਰਕੇ, ਉਨ੍ਹਾਂ ਦਾ ਸਿਧਾਂਤਕ ਤੇ ਵਿਹਾਰਕ ਵਿਸ਼ਲੇਸ਼ਣ ਕਰਨਾ ਇਸ ਖੋਜ ਕਾਰਜ ਦਾ ਮੁੱਖ ਉਦੇਸ਼ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ

ਨੈਤਿਕ ਸਿਧਾਂਤਾਂ ਦਾ ਮੂਲ ਕੇਂਦਰ ਅਧਿਆਤਮਿਕਤਾ ਨੂੰ ਦਰਸਾਇਆ ਗਿਆ ਹੈ। ਜਿਸ ਨੂੰ ਗ੍ਰਹਿਣ ਕਰਨ ਉਪਰੰਤ ਮਨੁੱਖ ਆਪਣੇ ਅਧਿਆਤਿਮਕ ਅਤੇ ਭੌਤਿਕ ਜੀਵਨ ਦੇ ਸਦੀਵੀ ਸੁੱਖ ਨੂੰ ਮਾਨਣ ਦੇ ਸਮਰੱਥ ਹੋ ਜਾਂਦਾ ਹੈ। ਇਸ ਅਧਿਆਤਮਿਕਤਾ ਦੁਆਰਾ ਭੌਤਿਕ ਜੀਵਨ ਦੇ ਮਹੱਤਵਪੂਰਨ ਪੱਖ 'ਕਿਰਤ' ਵਿਚ ਸੁਚੱਜਾਪਣ ਕਿਵੇਂ ਲਿਆਇਆ ਜਾ ਸਕਦਾ ਹੈ, ਇਹ ਇਸ ਖੋਜ ਕਾਰਜ ਦੇ ਅਧਿਐਨ ਦੇ ਵਿਸ਼ੇ ਦਾ ਮੂਲ ਮੰਤਵ ਹੈ। ਅਧਿਆਤਮਿਕਤਾ ਦੇ ਆਧਾਰ 'ਤੇ ਨਿਰਧਾਰਿਤ ਕੀਤੀ ਨੈਤਿਕਤਾ ਨਾਲ ਭੌਤਿਕ ਜੀਵਨ ਵਿਚ ਕਰਮਸ਼ੀਲ ਹੋਣ ਦੀ ਪ੍ਰੇਰਨਾ ਸਿੱਖ ਫਲਸਫੇ ਦੀ ਵਿਲੱਖਣ ਵਿਸ਼ੇਸ਼ਤਾ ਹੈ ਕਿਉਂਕਿ ਸੱਚੀ ਅਧਿਆਤਮਿਕਤਾ ਸੰਸਾਰਿਕ ਜ਼ਿੰਮੇਵਾਰੀਆਂ ਨੂੰ ਸੁਚੱਜੇ ਢੰਗ ਨਾਲ ਨਿਭਾਉਣ ਵਿਚ ਛੁਪੀ ਹੁੰਦੀ ਹੈ, ਇਸ ਦੀ ਪੁਸ਼ਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਥਾਵਾਂ 'ਤੇ ਕੀਤੀ ਗਈ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੱਤਾਮੁਖੀ ਨੈਤਿਕਤਾ: ਸਿਧਾਂਤਕ ਤੇ ਵਿਹਾਰਕ ਵਿਸ਼ੇਲਸ਼ਣ' ਦੇ ਇਸ ਖੋਜ ਕਾਰਜ ਦਾ ਮੁਖ ਉਦੇਸ਼, ਉਸ ਸੁਚੱਜੀ ਕਿਰਤ ਵਿਵਸਥਾ ਦੀ ਤਲਾਸ਼ ਕਰਨਾ ਹੈ, ਜੋ ਅਜੋਕੇ ਸਮੇਂ ਵਿਚ ਇਕ ਆਦਰਸ਼ ਸਮਾਜ ਦੇ ਸੰਕਲਪ ਨੂੰ ਪੂਰਾ ਕਰਨ ਵਿਚ ਸਹਾਈ ਹੋ ਸਕਦੀ ਹੈ।

ਹੱਥਲੇ ਖੋਜ ਵਿਸ਼ੇ ਦਾ ਕਾਰਜ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਿੱਤਾਮੁਖੀ ਨੈਤਿਕਤਾ ਦਾ ਅਧਿਐਨ ਕਰਨਾ ਹੈ। ਇਸ ਲਈ ਇਸ ਖੋਜ ਕਾਰਜ ਦਾ ਸਿਧਾਂਤਕ ਅਤੇ ਦਾਰਸ਼ਨਿਕ ਪੱਖ ਤੋਂ ਅਧਿਐਨ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਧਾਰ ਬਣਾਇਆ ਗਿਆ ਹੈ। ਇਸ ਖੋਜ-ਕਾਰਜ ਦੀ ਪਹੁੰਚ ਵਿਧੀ ਧਰਮ ਸ਼ਾਸਤਰੀ ਅਤੇ ਇਤਿਹਾਸਕ ਹੈ। ਇਸ ਵਿਸ਼ੇ ਪ੍ਰਤੀ ਮੂਲ ਰੂਪ ਵਿਚ ਧਰਮ ਸ਼ਾਸਤਰੀ ਪਹੁੰਚ ਵਿਧੀ ਦਾ ਹੀ ਪ੍ਰਯੋਗ ਕੀਤਾ ਗਿਆ ਹੈ।

ਇਸ ਖੋਜ-ਕਾਰਜ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ। ਖੋਜ-ਕਾਰਜ ਦਾ ਕੇਂਦਰੀ ਅਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

## ਅਧਿਆਇ ਪਹਿਲਾ

## ਨੀਤੀ-ਸ਼ਾਸਤਰ : ਸਿਧਾਂਤਕ ਪਰਿਪੇਖ

ਕਿਉਂ ਜੋ ਖੋਜ-ਕਾਰਜ ਦਾ ਮੂਲ ਰੂਪ ਵਿਚ ਸੰਬੰਧ ਨੀਤੀ-ਸ਼ਾਸਤਰ ਨਾਲ ਹੈ, ਇਸ ਲਈ ਨੀਤੀ-ਸ਼ਾਸਤਰ ਦੇ ਸਰੂਪ, ਖੇਤਰ, ਵਿਸ਼ੇਸ਼ਤਾਵਾਂ, ਸਮੱਸਿਆਵਾਂ ਅਤੇ ਇਸ ਦੇ ਵਿਵਹਾਰਿਕ ਰੂਪ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ, ਤਾਂ ਜੋ ਮੂਲ ਵਿਸ਼ੇ ਦੇ ਅਰਥਾਂ ਦਾ ਸਪੱਸ਼ਟੀਕਰਨ ਹੋ ਸਕੇ। ਇਸ ਲਈ ਨੀਤੀ-ਸ਼ਾਸਤਰ ਦੇ ਸੰਦਰਭ ਵਿਚ ਵਿਸਥਾਰ ਸਹਿਤ ਵਰਣਨ ਪਹਿਲੇ ਅਧਿਆਇ ਵਿਚ ਕੀਤਾ ਗਿਆ ਹੈ। ਇਸ ਅਧਿਆਇ ਵਿਚ ਧਰਮ ਨਿਰਪੱਖ ਹੋ ਕੇ ਕੇਵਲ ਨੀਤੀ-ਸ਼ਾਸਤਰ ਉਪਰ ਵਿਚਾਰ ਕੀਤੀ ਗਈ ਹੈ, ਜਿਸ ਤੋਂ ਪਤਾ ਲੱਗਦਾ ਹੈ, ਕਿ ਨੀਤੀ-ਸ਼ਾਸਤਰ ਦੇ ਘੇਰੇ ਵਿਚ ਵਿਵਹਾਰਿਕ ਨੀਤੀ-ਸ਼ਾਸਤਰ ਆਉਂਦਾ ਹੈ। ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਕਿੱਤਿਆਂ ਨਾਲ ਸੰਬੰਧਿਤ ਨੈਤਿਕਤਾ ਦਾ ਵਿਸ਼ਲੇਸ਼ਣ ਵਿਵਹਾਰਿਕ ਨੈਤਿਕਤਾ ਅਧੀਨ ਕੀਤਾ ਜਾ ਸਕਦਾ ਹੈ। ਕਿਉਂਕਿ ਨੀਤੀ-ਸ਼ਾਸਤਰ ਦੇ ਸਿਧਾਂਤ ਦਾ ਵਿਵਹਾਰਿਕ ਨੀਤੀ-ਸ਼ਾਸਤਰ ਦੇ ਅਧੀਨ ਅਮਲੀ ਰੂਪ ਵਿਚ ਪ੍ਰਗਟਾਅ ਹੁੰਦਾ ਹੈ। ਜਿਨ੍ਹਾਂ ਵਿਚੋਂ ਇਕ ਅਮਲੀ ਸਿਧਾਂਤ ਦਾ ਸੰਬੰਧ ਕਿੱਤਾਮੁਖੀ ਨੈਤਿਕਤਾ ਨਾਲ ਹੈ।

## ਅਧਿਆਇ ਦੂਜਾ

## ਧਰਮ ਅਤੇ ਨੀਤੀ-ਸ਼ਾਸਤਰ : ਗੁਰਮਤਿ ਪਰਿਪੇਖ

ਕਿੱਤਿਆਂ ਦੇ ਸੰਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਦਿੱਤੀ ਗਈ ਨੈਤਿਕ ਪ੍ਰੇਰਣਾ ਦਾ ਪ੍ਰਮੁੱਖ ਅਧਾਰ ਧਰਮ ਜਾਂ ਅਧਿਆਤਮਿਕ ਜੀਵਨ ਨਾਲ ਜੁੜਿਆ ਹੋਇਆ ਹੈ। ਇਸ ਲਈ ਧਰਮ ਦੇ ਪਰਿਪੇਖ ਵਿਚ ਨੀਤੀ-ਸ਼ਾਸਤਰ ਦਾ ਸਰੂਪ, ਭੂਮਿਕਾ, ਅੰਤਰ, ਸਮਾਨਤਾ, ਸਹਿਯੋਗਤਾ, ਵੱਖ-ਵੱਖ ਧਾਰਮਿਕ ਸਿਧਾਂਤਾਂ ਵਿਚ ਨੀਤੀ-ਸ਼ਾਸਤਰ ਦਾ ਯੋਗਦਾਨ ਅਤੇ ਵਿਸ਼ੇਸ਼ ਰੂਪ ਵਿਚ ਗੁਰਮਤਿ ਨੀਤੀ-ਸ਼ਾਸਤਰ ਦੇ ਸਰੂਪ ਉਪਰ ਚਰਚਾ ਦੂਜੇ ਅਧਿਆਇ ਵਿਚ ਕੀਤੀ ਗਈ ਹੈ। ਧਰਮ ਅਤੇ ਨੀਤੀ ਸ਼ਾਸਤਰ ਨੂੰ ਹੋਰਨਾਂ ਧਰਮਾਂ ਦੇ ਨੈਤਿਕ ਸਿਧਾਂਤਾਂ ਅਤੇ ਗੁਰਮਤਿ ਪਰਿਪੇਖ ਵਿਚ ਵਿਚਾਰਿਆ ਗਿਆ ਹੈ। ਜਿਸ ਤੋਂ ਇਹ

ਪਤਾ ਲੱਗਦਾ ਹੈ, ਕਿ ਹਰ ਧਰਮ ਮਨੁੱਖ ਨੂੰ ਨੈਤਿਕਤਾ ਦੇ ਰਾਹ ਉਪਰ ਤੁਰਨ ਦੀ ਤਾਕੀਦ ਕਰਦਾ ਹੈ। ਹਰ ਧਰਮ ਨੈਤਿਕ ਜੀਵਨ ਨੂੰ ਪਹਿਲਤਾ ਦੇ ਅਧਾਰ 'ਤੇ ਪ੍ਰਵਾਨ ਕਰਦਾ ਹੈ ਅਤੇ ਅਧਿਆਤਮਿਕ ਜੀਵਨ ਲਈ ਨੈਤਿਕ ਗੁਣਾਂ ਦੀ ਗ੍ਰਹਿਣਤਾ ਨੂੰ ਜਰੂਰੀ ਸਮਝਦਾ ਹੈ। ਇਸ ਅਧਿਆਇ ਵਿਚੋਂ ਜੋ ਮੁੱਖ ਗੱਲ ਦ੍ਰਿਸ਼ਟੀਗੋਚਰ ਹੁੰਦੀ ਹੈ, ਉਹ ਇਹ ਹੈ ਕਿ ਧਰਮ ਅਤੇ ਨੀਤੀ-ਸ਼ਾਸਤਰ ਦੋਨੋਂ ਹੀ ਇੱਕ-ਦੂਸਰੇ ਦੇ ਪੂਰਕ ਹਨ। ਧਰਮ ਅਤੇ ਨੀਤੀ-ਸ਼ਾਸਤਰ ਵਿਚ ਅੰਤਰ ਨਾਲੋਂ ਸਹਿਯੋਗਤਾ ਵਧੇਰੇ ਪਾਈ ਜਾਂਦੀ ਹੈ। ਧਰਮ ਤੋਂ ਬਿਨ੍ਹਾਂ ਨੀਤੀ-ਸ਼ਾਸਤਰ, ਅਤੇ ਨੀਤੀ-ਸ਼ਾਸਤਰ ਤੋਂ ਬਿਨ੍ਹਾਂ ਧਰਮ ਨੂੰ ਸਮਝਣਾ ਮੁਸ਼ਕਿਲ ਹੀ ਨਹੀਂ, ਬਲਕਿ ਅਸੰਭਵ ਹੈ।

**ਆਧਿਆਇ ਤੀਜਾ**

**ਕਿੱਤਾਮੁਖੀ ਨੈਤਿਕਤਾ : ਸਿਧਾਂਤਕ ਅਧਿਐਨ**

ਤੀਜੇ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿਚ ਕਿੱਤਾਮੁਖੀ ਨੈਤਿਕਤਾ ਦੀਆਂ ਸਿਧਾਂਤਕ ਸਿੱਖਿਆਵਾਂ ਨੂੰ ਵਿਚਾਰਿਆ ਗਿਆ ਹੈ। ਗੁਰਮੁਖ ਅਤੇ ਮਨਮੁਖ ਦੇ ਸੰਦਰਭ ਵਿਚ ਸੁਕ੍ਰਿਤ ਅਤੇ ਦੁਕ੍ਰਿਤ ਦੀ ਵਿਸਥਾਰ ਸਹਿਤ ਵਿਆਖਿਆ ਕੀਤੀ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਕ ਅਧਿਐਨ ਉਪਰ ਵਿਚਾਰ ਕਰਦਿਆਂ ਗੁਰਬਾਣੀ ਵਿਚੋਂ ਬੇਅੰਤ ਉਦਾਹਰਣਾਂ ਮਿਲੀਆਂ ਹਨ, ਜਿਨ੍ਹਾਂ ਤੋਂ ਕਿੱਤਾਮੁਖੀ ਨੈਤਿਕਤਾ ਦੇ ਪਰਿਪੇਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਉਜਾਗਰ ਹੁੰਦੇ ਹਨ। ਝੂਠੀ ਕਮਾਈ ਅਤੇ ਔਗੁਣਾਂ ਦੀ ਨਿਖੇਧੀ ਕਰਕੇ, ਗੁਰਬਾਣੀ ਵਾਰ-ਵਾਰ ਸੁਚੱਜੀ ਕਿਰਤ ਕਰਨ ਦਾ ਉਪਦੇਸ਼ ਦੇ ਰਹੀ ਹੈ, ਤਾਂ ਜੋ ਮਨੁੱਖੀ ਬੁੱਧੀ ਇਨ੍ਹਾਂ ਉਪਦੇਸ਼ਾਂ ਨੂੰ ਦ੍ਰਿੜ ਕਰਕੇ ਸੁਚੇਤ ਹੋਵੇ, ਅਤੇ ਆਤਮ ਕਲਿਆਣ ਦੇ ਨਾਲ-ਨਾਲ ਮਨੁੱਖਤਾ ਦੇ ਕਲਿਆਣ ਵਿਚ ਭਾਗੀਦਾਰ ਬਣ ਸਕੇ।

ਗੁਰਬਾਣੀ ਵਿਚ ਵਾਰ-ਵਾਰ ਮਨੁੱਖ ਨੂੰ 'ਨੇਕ ਕਮਾਈ' ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ ਅਤੇ 'ਹਰਾਮ ਦੀ ਕਮਾਈ' ਤੋਂ ਸੁਚੇਤ ਰਹਿਣ ਦੀ ਤਾਕੀਦ ਕੀਤੀ ਗਈ

ਹੈ। 'ਨੇਕ ਕਮਾਈ' ਦਾ ਅਧਾਰ ਈਮਾਨਦਾਰੀ, ਮਿਹਨਤ ਅਤੇ ਲੋਕ ਭਲਾਈ ਵਰਗੇ ਸਦਗੁਣ ਹੁੰਦੇ ਹਨ, ਜੋ ਅਧਿਆਤਮਿਕ ਜੀਵਨ ਦੀ ਪ੍ਰਾਪਤੀ ਲਈ ਉਤਮ ਸਾਧਨ ਹਨ। ਅਧਿਆਤਮਿਕ 'ਸੱਚ' ਨੂੰ ਕੇਵਲ ਉਹੀ ਪ੍ਰਾਪਤ ਕਰ ਸਕਦਾ ਹੈ, ਜੋ ਸੱਚੀ ਕਿਰਤ ਕਮਾਉਂਦਾ ਹੈ, ਭਾਵ ਨੇਕ ਕਰਮਾਂ ਦੀ ਨੇਕੀ ਖੱਟਦਾ ਹੈ। ਗੁਰਬਾਣੀ ਦੀ ਸਿਧਾਂਤਕ ਸਿੱਖਿਆ ਅਨੁਸਾਰ ਮਨੁੱਖ ਨੂੰ ਉਸ ਦੁਆਰਾ ਕੀਤੇ ਕਰਮਾਂ ਦਾ ਫਲ ਅਵੱਸ਼ ਮਿਲਦਾ ਹੈ, ਭਾਵੇਂ ਉਹ ਕਰਮ ਚੰਗੇ ਹੋਣ ਤੇ ਭਾਵੇਂ ਮਾੜੇ। ਸੋ ਗੁਰਬਾਣੀ ਵਿਚ ਲੋਭ-ਲਾਲਚ, ਹੰਕਾਰ, ਪਰਾਏ ਹੱਕ ਅਤੇ ਸੱਤਾ ਦੀ ਲਾਲਸਾ ਨੂੰ ਤਿਆਗ ਕੇ, ਸੱਚੇ ਨਾਮ ਦੀ ਟੇਕ ਵਿਚ 'ਸੱਚੀ ਕਮਾਈ' ਕਰਨ ਦਾ ਉਪਦੇਸ਼ ਮਿਲਦਾ ਹੈ, ਤਾਂ ਜੋ 'ਸੱਚੀ ਕਿਰਤ' ਮਾਇਆ ਦੇ ਪ੍ਰਭਾਵ ਵਿਚ ਦੁਨਿਆਵੀ ਧੰਦੇ ਦਾ ਰੂਪ ਅਖ਼ਤਿਆਰ ਨਾ ਕਰ ਸਕੇ।

**ਅਧਿਆਇ ਚੌਥਾ**

**ਗੁਰਬਾਣੀ ਵਿਚ ਆਏ ਕਿੱਤੇ ਅਤੇ ਕਿੱਤੇਕਾਰਾਂ ਦੇ ਸੰਦਰਭ : ਵਰਗ ਅਤੇ ਵਰਗੀਕਰਨ**

ਚੌਥੇ ਅਧਿਆਇ ਵਿਚ ਕਿੱਤਿਆਂ ਦੇ ਵਿਸ਼ੇਸ਼ ਰੂਪ ਵਿਚ ਵਰਗੀਕਰਨ ਕਰਕੇ ਨੈਤਿਕਤਾ ਪੱਖੋਂ ਅਧਿਐਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਸਮੁੱਚੇ ਤੌਰ 'ਤੇ ਚੌਣਵੇਂ ਕਿੱਤਿਆਂ ਨੂੰ ਪੰਜ ਭਾਗਾਂ ਵਿਚ ਵੰਡ ਕੇ ਗੁਰਬਾਣੀ ਦੇ ਨੈਤਿਕ ਸੰਦਰਭ ਵਿਚ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਕਰੀਬਨ ਹਰ ਸਮਕਾਲੀ ਕਿੱਤੇ ਅਤੇ ਕਿੱਤੇਕਾਰ ਦੇ ਸੰਦਰਭ ਮੌਜੂਦ ਹਨ। ਸਮੁੱਚੇ ਤੌਰ 'ਤੇ ਚੋਣਵੇਂ ਕਿੱਤਿਆਂ ਨੂੰ ਪੰਜ ਭਾਗਾਂ ਵਿਚ ਵੰਡ ਕੇ, ਗੁਰਬਾਣੀ ਦੇ ਨੈਤਿਕ ਸੰਦਰਭ ਵਿਚ ਵਿਸ਼ਲੇਸ਼ਣ ਕੀਤਾ ਗਿਆ ਹੈ, ਜਿਸ ਵਿਚ ਵਪਾਰਿਕ, ਵਿਦਿਅਕ, ਕਾਨੂੰਨੀ, ਖੇਤੀਬਾੜੀ ਅਤੇ ਚਿਕਿਤਸਾ ਆਦਿ ਕਿੱਤਿਆਂ ਨੂੰ ਵਿਚਾਰਿਆ ਗਿਆ ਹੈ। ਕਿੱਤੇ ਅਤੇ ਕਿੱਤੇਕਾਰਾਂ ਦੇ ਸੰਦਰਭਾਂ ਦਾ ਵਿਸਥਾਰ ਸਹਿਤ ਵੇਰਵਾ ਸੂਚੀ ਵੰਡ ਅਨੁਸਾਰ ਕੀਤਾ ਗਿਆ ਹੈ। ਜਿਸ ਵਿਚ ਮੁੱਢਲੇ ਅਤੇ ਸਪੱਸ਼ਟ ਤੌਰ 'ਤੇ ਤਕਰੀਬਨ 190 ਕਿੱਤੇ ਅਤੇ ਕਿੱਤੇਕਾਰਾਂ ਦੇ ਸੰਦਰਭ ਉਪਲਬੱਧ ਹੋਏ ਜਿਨ੍ਹਾਂ ਦਾ ਵੇਰਵਾ, ਅਰਥ ਅਤੇ ਗੁਰਬਾਣੀ ਹਵਾਲੇ ਸਹਿਤ

ਸੂਚੀ ਵਿਚ ਦਿੱਤਾ ਗਿਆ ਹੈ, ਤਾਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦ੍ਰਿਸ਼ਟੀ ਵਿਚ ਕਿਰਤ ਦੀ ਮਹੱਤਤਾ ਨੂੰ ਜਾਣਿਆ ਜਾ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿਚ ਕਿੱਤਾ ਕੋਈ ਮਾੜਾ ਜਾਂ ਨੀਵਾਂ ਨਹੀਂ, ਜੇ ਉਸ ਵਿਚ 'ਈਮਾਨ' ਹੋਵੇ। ਗੁਰਬਾਣੀ ਵਿਚ 'ਕਿੱਤਿਆਂ' ਦੇ ਸੰਦਰਭਾਂ ਦਾ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਉਦੇਸ਼ ਆਦਰਸ਼ਵਾਦੀ ਜੀਵਨ ਜਾਂਚ ਨਾਲ ਸੰਬੰਧ ਰੱਖਦਾ ਹੈ।

**ਅਧਿਆਇ ਪੰਜਵਾਂ**

**ਕਿੱਤਾਮੁਖੀ ਨੈਤਿਕਤਾ : ਇਤਿਹਾਸਕ ਅਧਿਐਨ**

ਖੋਜ-ਕਾਰਜ ਦੇ ਪੰਜਵੇਂ ਅਧਿਆਇ ਦਾ ਵਿਸ਼ਾ ਇਤਿਹਾਸਕ ਹੈ। ਗੁਰੂ ਸਾਹਿਬਾਨ ਨੇ ਹੱਥੀ ਕਿਰਤ ਕੀਤੀ ਅਤੇ ਈਮਾਨ ਵਿਚ ਰਹਿ ਕੇ ਸਾਧਾਰਨ ਜਿੰਦਗੀ ਨੂੰ ਪਹਿਲ ਦੇ ਕੇ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੇ ਦੈਵੀ ਗੁਣਾਂ ਨੂੰ ਦ੍ਰਿੜ ਕਰਵਾਇਆ। ਜਿਸ ਤੋਂ ਪਤਾ ਲੱਗਦਾ ਹੈ, ਕਿ ਗੁਰੂ ਸਾਹਿਬਾਨ ਨੇ ਜੋ ਵੀ ਸਿੱਖਿਆਵਾਂ ਜਾਂ ਉਪਦੇਸ਼ ਸੰਸਾਰ ਨੂੰ ਦਿੱਤੇ ਜਾਂ ਜੋ ਵੀ ਪ੍ਰਚਾਰਿਆ, ਉਸ ਨੂੰ ਪਹਿਲਾਂ ਆਪਣੇ ਨਿੱਜੀ ਜੀਵਨ ਵਿਚ ਢਾਲਿਆ। ਉਨ੍ਹਾਂ ਨੇ ਗ੍ਰਹਿਸਥ ਜੀਵਨ ਦੀ ਮਹੱਤਤਾ ਨੂੰ ਦੱਸਦੇ ਹੋਏ ਆਪ ਗ੍ਰਹਿਸਥੀ ਜੀਵਨ ਬਿਤਾਇਆ। ਕਿਰਤ ਅਤੇ ਸੇਵਾ ਕਰਕੇ ਜੀਵਨ ਵਿਚ ਘਾਲਣਾ ਘਾਲੀ। ਕਿਉਂਕਿ ਜਿੰਨੀ ਦੇਰ ਕੋਈ ਉਪਦੇਸ਼ਕ, ਆਪ ਉਸ ਕਰਮ ਵਿਚ ਪੂਰਾ ਨਾ ਹੋਵੇ, ਜਿਸ ਬਾਰੇ ਉਹ ਉਪਦੇਸ਼ ਦੇ ਰਿਹਾ ਹੈ, ਤਦ ਤੱਕ ਉਸ ਦਾ ਦੂਸਰੇ ਮਨੁੱਖ ਉਪਰ ਕੋਈ ਅਸਰ ਨਹੀਂ ਹੁੰਦਾ। ਗੁਰੂ ਸਾਹਿਬਾਨ ਨੇ ਅਜਿਹੀ ਸਮਾਜਿਕ-ਵਿਵਸਥਾ ਦੀ ਸ਼ੁਰੂਆਤ ਕੀਤੀ, ਜਿਸ ਵਿਚ ਸਮਾਜ ਦੀ ਵਰਗ-ਵੰਡ ਕਿੱਤਿਆਂ ਜਾਂ ਧੰਦਿਆਂ ਉਪਰ ਅਧਾਰਿਤ ਨਾ ਹੋ ਕੇ, ਮਨੁੱਖ ਦੇ ਚਰਿੱਤਰ ਉਪਰ ਅਧਾਰਿਤ ਹੋਵੇ। ਉਨ੍ਹਾਂ ਨੇ ਕਿਸੇ ਖਾਸ ਵਰਗ ਜਾਂ ਜਾਤ ਦੇ ਕਿਸੇ ਵਿਸ਼ੇਸ਼ ਕਿੱਤੇ ਉਪਰ ਏਕਾਧਿਕਾਰ ਨੂੰ ਸਵੀਕਾਰ ਨਹੀਂ ਕੀਤਾ। ਗੁਰੂ ਸਾਹਿਬਾਨ ਨੇ ਪ੍ਰਚਲਿਤ ਬ੍ਰਾਹਮਣਵਾਦੀ ਸਮਾਜਿਕ ਵਿਵਸਥਾ ਨੂੰ ਨਕਾਰਦਿਆਂ, ਮਨੁੱਖੀ ਬਰਾਬਰੀ ਜਾਂ ਸਮਾਨਤਾ ਨੂੰ ਕਾਇਮ ਕੀਤਾ। ਵਰਗ ਅਧਾਰਿਤ ਕੀਤੀ ਮਨੁੱਖੀ

ਵੰਡ ਨੂੰ ਰੱਦ ਕਰਕੇ 'ਕਰਮ' ਅਧਾਰਿਤ ਕਰ ਦਿੱਤਾ। ਭਾਵ ਕਿਸੇ ਮਨੁੱਖ ਦੇ ਵੱਡੇ ਜਾਂ ਉਚੇ ਹੋਣ ਦਾ ਨਿਬੇੜਾ ਉਸ ਦੀ ਜਾਤ, ਵਰਗ ਜਾਂ ਕਿੱਤਾ ਨਹੀਂ, ਬਲਕਿ ਉਸ ਦੁਆਰਾ ਕੀਤੇ ਜਾਣ ਵਾਲੇ ਕਰਮ ਕਰਨਗੇ। ਗੁਰੂ ਸਾਹਿਬਾਨ ਨੇ ਮਨੁੱਖ ਦੇ ਆਰਥਿਕ ਜੀਵਨ ਨੂੰ ਅਹਿਮੀਅਤ ਦਿੰਦਿਆਂ, ਹਰੇ ਮਨੁੱਖ ਨੂੰ ਕਿਰਤ ਕਰਨ ਦਾ ਉਪਦੇਸ਼ ਦਿੱਤਾ। ਕਿਉਂਕਿ ਕਿਰਤੀ ਮਨੁੱਖ ਹੀ ਆਰਥਿਕ ਪੱਖੋਂ ਸਿਹਤਮੰਦ ਸਮਾਜ ਸਿਰਜਣ ਦੇ ਸਮਰੱਥ ਹੁੰਦੇ ਹਨ। ਆਰਥਿਕ ਪੱਖੋਂ ਤੰਦਰੁਸਤ ਸਮਾਜ ਜੇਕਰ ਸੇਵਾ, ਪਰਉਪਕਾਰ ਅਤੇ ਵੰਡ ਛਕਣ ਵਰਗੇ ਗੁਣਾਂ ਦਾ ਧਾਰਨੀ ਬਣ ਜਾਵੇ, ਤਾਂ ਇਹ ਇੱਕ ਆਦਰਸ਼ਵਾਦੀ ਸਮਾਜਿਕ ਵਿਵਸਥਾ ਵਿਚ ਬਦਲ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਪ੍ਰਤਿਪਾਦਿਤ ਕਿੱਤਾਮੁਖੀ ਨੈਤਿਕਤਾ ਅਜੋਕੇ ਸਮਾਜ ਦਾ ਦਿਸ਼ਾ-ਨਿਰਦੇਸ਼ ਕਰਨ ਦੇ ਸਮਰੱਥ ਹੈ। ਗੁਰੂ ਸਾਹਿਬਾਨ ਦੁਆਰਾ ਸਮਕਾਲੀ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ, ਮਨੁੱਖ ਦੀਆਂ ਬੁਨਿਆਦੀ ਲੋੜਾਂ ਪ੍ਰਤੀ ਸੁਚੇਤ ਹੋਣਾ ਇੱਕ ਇਨਕਲਾਬੀ ਸੋਚ ਸੀ। ਉਨ੍ਹਾਂ ਨੇ ਇਕ ਅਜਿਹੀ ਕੌਮ ਦੀ ਨੀਂਹ ਰੱਖੀ ਜੋ ਕਿਰਤ ਨੂੰ ਸਮਰਪਿਤ ਹੋਵੇ, ਸਮਾਜਿਕ ਅਤੇ ਵਿਅਕਤੀਗਤ ਜ਼ਿੰਮੇਵਾਰੀਆਂ ਪ੍ਰਤੀ ਵਚਨਬੱਧ ਹੋਵੇ ਅਤੇ ਪਰਮਾਤਮਾ ਦੇ ਨਿਰਗੁਣ ਅਤੇ ਸਰਗੁਣ ਸਰੂਪ ਦੀ ਤਨ, ਮਨ ਅਤੇ ਧਨ ਨਾਲ ਸੇਵਾ ਕਰੇ। 'ਨੇਕ ਕਮਾਈ' ਦੇ ਸੰਦਰਭ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਉਸ ਉਪਜੀਵਿਕਾ ਨੂੰ ਮਾਨਤਾ ਦਿੰਦੇ ਹਨ, ਜੋ ਨੇਕ-ਨੀਤੀ ਅਤੇ ਲੋਕ ਭਲਾਈ ਨੂੰ ਮੁੱਖ ਰੱਖ ਕੇ ਕੀਤੀ ਗਈ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਕੇਵਲ ਕਿੱਤਿਆਂ ਵਿਚ ਹੀ ਨਹੀਂ ਬਲਕਿ ਹਰ ਕਰਮ ਵਿੱਚ ਸੱਚ, ਈਮਾਨਦਾਰੀ, ਦਇਆ, ਧਰਮ, ਨਿਆਂ, ਸੰਜਮ, ਸੰਤੋਖ ਅਤੇ ਨੇਕੀ ਆਦਿ ਨਾਂਲ ਪਰੀਪੂਰਨ ਵਿਵਹਾਰ ਨੂੰ ਅਪਨਾਉਣ ਦੀ ਪ੍ਰੇਰਨਾ ਦਿੰਦੀ ਹੈ। ਗੁਰੂ ਸਾਹਿਬ ਦੇ ਉਪਦੇਸ਼ ਅਨੁਸਾਰ, ਗੁਰੂ ਵੀ ਸਾਡੀ ਮਦਦ ਤਾਂ ਹੀ ਕਰੇਗਾ, ਜੇ ਅਸੀਂ ਪਰਾਇਆ ਹੱਕ ਹਥਿਆਉਣ ਤੋਂ ਸੰਕੋਚ ਕਰਾਂਗੇ ਅਤੇ ਲੋਭ-ਲਾਲਚ ਵਰਗੀਆਂ ਬੁਰਾਈਆਂ ਨੂੰ ਦੂਰ ਕਰਕੇ ਸੱਚ ਦੇ ਲੜ ਲੱਗਾਂਗੇ। ਆਪਣੀਆਂ ਭੌਤਿਕ

ਲੋੜਾਂ ਨੂੰ ਕੇਵਲ ਲੋੜਾਂ ਤੱਕ ਹੀ ਸੀਮਿਤ ਰੱਖਾਂਗੇ ਅਤੇ ਵਾਸ਼ਨਾ ਜਾਂ ਤ੍ਰਿਸ਼ਨਾਵਾਂ ਦਾ ਰੂਪ ਅਖ਼ਤਿਆਰ ਨਹੀਂ ਕਰਨ ਦੇਵਾਂਗੇ। ਜੋ ਮਨੁੱਖ ਆਪਣੀ ਕਿਰਤ ਵਿਚ ਬੇਇਮਾਨੀ ਕਰਦਾ ਹੈ, ਤਾਂ ਨਿਸ਼ਚੇ ਹੀ ਉਹ ਬਹੁਤ ਵੱਡਾ ਗੁਨਹਗਾਰ ਅਤੇ ਮੁਰਦਾਰ ਖਾਣ ਵਾਲਾ ਹੈ, ਅਤੇ ਵੱਡੀ ਸਜ਼ਾ ਦਾ ਹੱਕਦਾਰ ਹੈ। ਇਸ ਦੇ ਉਲਟ ਹੱਕ-ਹਲਾਲ ਦੀ ਕਮਾਈ ਕਰਨ ਵਾਲਾ ਸਦਾ ਖੇੜੇ ਅਤੇ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਉਸ ਨੂੰ ਗਲਤ ਕੰਮਾਂ ਜਾਂ ਬੇਇਮਾਨੀ ਕਰਦੇ ਹੋਏ ਫੜੇ ਜਾਣ ਦਾ ਕੋਈ ਡਰ ਨਹੀਂ ਹੁੰਦਾ। ਉਹ ਪਰਮਾਤਮਾ ਦੀ ਰਜ਼ਾ ਵਿਚ ਰਹਿੰਦਾ ਹੋਇਆ, ਆਪਣੀ ਦਸਾਂ ਨਹੁੰਆਂ ਦੀ ਕਿਰਤ ਵਿਚ ਹੀ ਨਿਰੰਕਾਰ ਦਾ ਸ਼ੁਕਰ ਮਨਾਉਂਦਾ ਹੋਇਆ ਸ਼ਾਂਤੀ ਭਰਪੂਰ ਜੀਵਨ ਬਤੀਤ ਕਰਦਾ ਹੈ, ਅਤੇ ਗੁਰਬਾਣੀ ਦੁਆਰਾ ਦਰਸਾਏ ਜੀਵਨ ਮਨੋਰਥ ਨੂੰ ਹਾਸਿਲ ਕਰਕੇ 'ਜੀਵਨ ਮੁਕਤੀ' ਦਾ ਪਦ ਹਾਸਿਲ ਕਰਦਾ ਹੈ।

**ਰਾਜਨਰਜਵੰਤ ਕੌਰ**

# ਸਹਾਇਕ ਪੁਸਤਕ ਸੂਚੀ

**ਮੂਲ ਸਰੋਤ :**

*ਸ੍ਰੀ ਗੁਰੂ ਗ੍ਰੰਥ ਸਾਹਿਬ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1430 ਪੰਨੇ

*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* (4–ਭਾਗ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

*ਕਬਿੱਤ ਸਵੈਯੇ ਭਾਈ ਗੁਰਦਾਸ: ਅਨੁਕ੍ਰਮਣਿਕਾ ਤੇ ਕੋਸ਼,* (ਸੰਪਾ.), ਓਅੰਕਾਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993.

*ਵਾਰਾਂ ਭਾਈ ਗੁਰਦਾਸ,* (ਸੰਪਾ.), ਡਾ. ਗੁਰਸ਼ਰਨ ਕੌਰ ਜੱਗੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

**ਹਵਾਲਾ ਪੁਸਤਕਾਂ :**

*ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫਰੀਦਕੋਟ ਵਾਲਾ ਟੀਕਾ),* ਭਾਸ਼ਾ ਵਿਭਾਗ, ਪੰਜਾਬ, 1970.

ਸਾਹਿਬ ਸਿੰਘ, ਪ੍ਰੋ. (ਟੀਕਾਕਾਰ), *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* (10–ਭਾਗ), ਰਾਜ ਪਬਲਿਸ਼ਰਜ਼, ਜਲੰਧਰ, 1972.

ਹਰਕੀਰਤ ਸਿੰਘ, ਡਾ. (ਸੰਪਾ.), ਕਿਰਪਾਲ ਕਜ਼ਾਕ (ਸੰਪਾ.), ਡਾ. ਮੇਵਾ ਸਿੰਘ ਸਿੱਧੂ (ਸੰਪਾ.), *ਕਿੱਤਾ ਸ਼ਬਦ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਕਾਨ੍ਹ ਸਿੰਘ ਨਾਭਾ (ਭਾਈ), *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2006.

-----, *ਗੁਰੁਮਤ ਮਾਰਤੰਡ,* (2–ਭਾਗ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2005.

ਕਿਰਪਾਲ ਕਜ਼ਾਕ, ਪ੍ਰੋ., *ਪੰਜਾਬੀ ਸਭਿਆਚਾਰ ਸ਼ਬਦਾਵਲੀ ਕੋਸ਼,* (ਸੰਪਾ.) ਡਾ. ਅਮਰਜੀਤ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.

ਗੁਰਚਰਨ ਸਿੰਘ, ਡਾ. (ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼,* ਪ੍ਰੋ. ਸਾਹਿਬ ਸਿੰਘ, ਗੁਰਮਤਿ ਟਰੱਸਟ, ਪਟਿਆਲਾ, 2000.

ਗੁਰਚਰਨ ਸਿੰਘ, (ਸੰਪਾ.), *ਆਦਿ ਗ੍ਰੰਥ : ਸ਼ਬਦ-ਅਨੁਕ੍ਰਮਣਿਕਾ,* (2-ਭਾਗ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਪਿਆਰਾ ਸਿੰਘ ਪਦਮ, ਪ੍ਰੋ. (ਸੰਪਾ.), *ਗੁਰੂ ਗ੍ਰੰਥ ਵਿਚਾਰ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.

-----, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਨਰੈਣ ਸਿੰਘ, ਗਿ., (ਟੀਕਾਕਾਰ), *ਸ੍ਰੀ ਬਚਿਤਰ ਨਾਟਕ ਸਟੀਕ,* ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ. ਕੋ, ਅੰਮ੍ਰਿਤਸਰ, ਦਸਵੀਂ ਵਾਰ, 1991.

ਰਤਨ ਸਿੰਘ ਜੱਗੀ, ਪ੍ਰੋ., (ਸੰਪਾ.), *ਦਸਮ ਗ੍ਰੰਥ ਬਾਣੀ ਬਿਉਰਾ,* (ਸੰਕਲਨ-ਕਰਤਾ ਭਾਈ ਭਗਵੰਤ ਸਿੰਘ ਜੀ ਹਰੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991.

**ENGLISH :**

Becker, Lawrence and Becker, Charlotte (eds.), *Encyclopaedia of Ethics, Routledge*, New York, 2001.

Bunnin, Nickolus and Yu, Jiyuan, *The Blackwell Dictionary of Western Philosophy*, Blackwell Publishing, USA, 2004.

Hastings, James (ed.), *Encyclopaedia of Religion and Ethics,* Vol. V, T & T. Clark, New York, 1964.

Manmohan Singh (Tr.), *Sri Guru Granth Sahib (English & Punjabi Translation)*, 8-Vols., Shiromani Gurdwara Parbandhak Committee, Amritsar, 2004.

*The New Encyclopaedia Britannica*, Vol. IV, 15th edition, 2010.

*The Oxford English Dictionary*, Vol. IV, Clarendon Press Oxford, 1989.

**ਪੰਜਾਬੀ ਪੁਸਤਕਾਂ :**

ਅਹਿਮਦ, ਹਜ਼ਰਤ ਮਿਰਜ਼ਾ ਗ਼ੁਲਾਮ, *ਇਸਲਾਮੀ ਅਸੂਲਾਂ ਦੀ ਫ਼ਲਾਸਫ਼ੀ,* ਨਾਜ਼ਿਰ ਦਾਅਵਤੋ-ਤਬਲੀਗ਼ ਕਾਦੀਆਨ (ਭਾਰਤ), 1968.

ਆਚਾਰੀਆ, ਮਦਨ ਗੋਪਾਲ, ਡਾ., *ਆਦਿ-ਗ੍ਰੰਥ ਵਿਚ ਸੰਕਲਿਤ ਭਗਤ-ਬਾਣੀ ਵਿਚ ਨੈਤਿਕਤਾ ਦਾ ਸੰਕਲਪ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2001.

ਅਮੋਲ, ਐਸ.ਐਸ., *ਧਰਮਾਂ ਦੀ ਮੁੱਢਲੀ ਜਾਣਕਾਰੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਅਵਤਾਰ ਸਿੰਘ, ਡਾ., *ਸਿੱਖ ਧਰਮ ਦਾ ਨੈਤਿਕ ਪ੍ਰਸੰਗ,* (ਸੰਪਾ.) ਡਾ. ਬਲਕਾਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਅਵਤਾਰ ਸਿੰਘ, *ਮੇਰਾ ਧਰਮ ਮੇਰਾ ਇਤਿਹਾਸ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ, ਕਮੇਟੀ, ਅੰਮ੍ਰਿਤਸਰ, 2007.

ਇੰਦਰਪਾਲ ਸਿੰਘ, ਡਾ., *ਗੁਰਮਤਿ ਚਿੰਤਨ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1999.

ਸਾਹਿਬ ਸਿੰਘ, ਪ੍ਰੋ., *ਧਰਮ ਤੇ ਸਦਾਚਾਰ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1962.

ਸਹਿਗਲ, ਮਨਮੋਹਨ, ਡਾ., *ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ,* ਭਾਸ਼ਾ ਵਿਭਾਗ, ਪੰਜਾਬ, 1992.

*ਸ੍ਰੀ ਮਦ ਭਗਵਦ ਗੀਤਾ,* (ਸੰਪਾ. ਅਤੇ ਅਨੁ.) ਡਾ. ਅਮਰ ਕੋਮਲ, ਗਿਆਨ ਚੇਤਨਾ ਪ੍ਰਕਾਸ਼ਨ, ਬਰਨਾਲਾ, 2001..

ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ-5,* (ਸੰਪਾ.), ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990.

ਸੰਧੂ, ਜੀ.ਐਸ., *ਪੱਛਮੀ ਨੀਤੀ-ਸ਼ਾਸਤਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਸੰਧੂ, ਪਰਮਜੀਤ ਕੌਰ, ਡਾ., *ਕਦਰਾਂ ਕੀਮਤਾਂ ਦੀ ਸਿੱਖਿਆ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

ਸਿੱਧੂ, ਰਾਜਿੰਦਰਪਾਲ ਕੌਰ, ਡਾ., *ਉਭਰਦੇ ਭਾਰਤੀ ਸਮਾਜ ਵਿੱਚ ਅਧਿਆਪਕ,* (ਸੰਪਾ.), ਡਾ. ਬਲਜੀਤ ਕੌਰ ਸੇਖੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014.

ਸਰਬਜਿੰਦਰ ਸਿੰਘ, ਡਾ., *ਇਲਾਹੀ ਨਾਦ ਦਾ ਸਫਰ,* ਨਵੀਂ ਦਿੱਲੀ, 2006.

ਸ਼ੇਰ ਸਿੰਘ, ਪ੍ਰੋ., *ਗੁਰਮਤਿ ਦਰਸ਼ਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1998.

ਸ਼ਾਂਤ, ਸੁਰਿੰਦਰ, ਭਾਰਤੀ ਦਰਸ਼ਨ ਵਿੱਚ ਪਦਾਰਥਵਾਦੀ ਤੱਤ, ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ, 1994.

ਹਉਰਾ, ਕੁਲਦੀਪ ਸਿੰਘ, *ਸਿੱਖ ਨੈਤਿਕਤਾ ਦੀ ਰੂਪ-ਰੇਖਾ,* ਸਿਮਰ ਸਾਹਿਤ ਸਦਨ, ਅੰਮ੍ਰਿਤਸਰ, 1992.

*ਹਿਕ, ਜਾਨ, ਧਰਮ ਦਰਸ਼ਨ,* (ਅਨੁ.) ਰਾਜੇਸ਼ ਰੰਜਨ, ਵਿਨੋਦ ਕੁਮਾਰ, ਸੰਮਿਅਕ ਪ੍ਰਕਾਸ਼ਨ, ਨਵੀਂ ਦਿੱਲੀ, 2008.

ਹਰਨਾਮ ਦਾਸ, *ਜਪੁਜੀ ਪਰਮਾਰਥ ਤੇ ਸਦਾਚਾਰ ਦਾ ਮਾਰਗ,* ਲੋਕਗੀਤ ਪ੍ਰਕਾਸ਼ਨ, ਸਰਹਿੰਦ, 1995.

-----, *ਸਦਾਚਾਰ ਦਾ ਮਾਰਗ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1987.

ਹਰਬੰਸ ਸਿੰਘ, ਡਾ., ਐਲ.ਐਮ.ਜੋਸ਼ੀ, *ਸੰਸਾਰ ਦੇ ਧਰਮ (ਭਾਗ ਪਹਿਲਾ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

-----, *ਦੇਗ ਤੇਗ ਫਤਹ,* ਆਲਮ ਪਬਲਿਸ਼ਿੰਗ ਹਾਊਸ, ਚੰਡੀਗੜ੍ਹ, 1987.

-----, *ਗੁਰੂ ਨਾਨਕ ਦੀ ਕਾਵਿ-ਕਲਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.

ਹਰਿਭਜਨ ਸਿੰਘ, *ਅਧਿਅਨ ਅਤੇ ਅਧਿਆਪਨ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002.

ਕੁਇਰ ਸਿੰਘ, *ਗੁਰਬਿਲਾਸ ਪਾ.੧੦,* (ਸੰਪਾ.), ਸ਼ਮਸ਼ੇਰ ਸਿੰਘ 'ਅਸ਼ੋਕ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਕੇਸਰ, ਜਸਬੀਰ ਕੌਰ, *ਸਿੱਖ ਵਿਅਕਤੀ ਤੇ ਸਿੱਖ ਸਮਾਜ (ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ),* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007.

ਕੇਸਰ ਸਿੰਘ ਛਿੱਬਰ, ਭਾਈ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾ.), ਪ੍ਰੋ. ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997.

ਕਾਂਗ, ਕੁਲਬੀਰ ਸਿੰਘ, *ਗੁਰੂ ਨਾਨਕ ਬਾਣੀ ਅਧਿਐਨ ਤੇ ਮੰਥਨ,* ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2005.

ਕਨਿੰਘਮ, ਜੌਜ਼ਫ ਡੇਵਿਡ, *ਸਿੱਖ ਇਤਿਹਾਸ,* (ਅਨੁ.) ਗੁਰਮੁਖ ਸਿੰਘ ਗੁਰਮੁਖ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2007.

*ਕੰਮ ਵਾਸਤੇ ਉਚਿਤ ਰਵੱਈਆ, (ਸ੍ਰੀ ਅਰਬਿੰਦੋ ਦੇ ਸ਼ਬਦਾਂ ਦਾ ਸੰਗ੍ਰਹਿ),* (ਅਨੁ.) ਡਾ. ਬਲਕਾਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਕਰਤਾਰ ਸਿੰਘ, ਪ੍ਰੋ., *ਸਿੱਖ ਇਤਿਹਾਸ, ਭਾਗ-1,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2004.

ਕਵਿ ਸੈਨਾਪਤਿ, *ਸ੍ਰੀ ਗੁਰ ਸੋਭਾ,* (ਸੰਪਾ.), ਸ਼ਮਸ਼ੇਰ ਸਿੰਘ 'ਅਸ਼ੋਕ', ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1967

ਕਵੀਸ਼ਰ, ਸਰਦੂਲ ਸਿੰਘ, *ਸਿੱਖ ਧਰਮ ਦਰਸ਼ਨ,* (ਸੰਪਾ.), ਵਜ਼ੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.

ਖੁਸ਼ਵੰਤ ਸਿੰਘ, *ਸਿੱਖ ਇਤਿਹਾਸ (1469-1839),* (ਅਨੁ.), ਡਾ. ਗੁਰਚਰਨ ਸਿੰਘ ਔਲਖ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2006.

ਗਿਆਨ ਸਿੰਘ, ਗਿ., *ਤਵਾਰੀਖ ਗੁਰੂ ਖਾਲਸਾ,* ਭਾਗ-1, ਜਿ. 2, (ਸੰਪਾ.), ਕੇ.ਐਸ. ਰਾਜੂ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1999.

ਗੰਗਾ ਸਿੰਘ, ਪ੍ਰਿੰ., *ਸਿੱਖ ਧਰਮ ਫ਼ਿਲਾਸਫੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1998.

ਗੰਡਾ ਸਿੰਘ, ਡਾ, ਤੇਜਾ ਸਿੰਘ, ਪ੍ਰਿੰ., *ਸਿੱਖ ਇਤਿਹਾਸ (1469-1765),* (ਅਨੁ.), ਡਾ. ਭਗਤ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.

ਗੁਪਤਾ, ਸ਼ਾਂਤੀ ਨਾਥ, *ਭਾਰਤੀ ਦਰਸ਼ਨ,* ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁੱਕ ਬੋਰਡ, ਚੰਡੀਗੜ੍ਹ, 1974.

*ਗੁਰੂ ਨਾਨਕ ਧਰਮ ਚਿੰਤਨ,* (ਸੰਪਾ.), ਡਾ. ਬਲਕਾਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.

*ਗੁਰੂ ਨਾਨਕ ਬਾਣੀ ਦਾ ਵਿਸ਼ਵ ਵਿਆਪੀ ਨਜ਼ਰੀਆ,* (ਸੰਪਾ.) ਡਾ. ਰਾਏਜਸਬੀਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998.

ਗੁਰਮੁਖ ਸਿੰਘ, ਡਾ., *ਗੁਰਬਾਣੀ ਵਿਚਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.

ਗੁਰਸ਼ਰਨਜੀਤ ਸਿੰਘ, ਡਾ., *ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1998.

-----, *ਗੁਰੂ ਨਾਨਕ ਬਾਣੀ ਵਿਚਲੀ ਨੈਤਿਕਤਾ ਦਾ ਅਜੋਕਾ ਪ੍ਰਸੰਗ,* ਭਾਈ ਚਤਰ ਸਿੰਘ, ਜੀਵਨ ਸਿੰਘ, ਅੰਮ੍ਰਿਤਸਰ, 2007.

ਚੋਪੜਾ, ਇਕਬਾਲ ਨਾਰਾਇਣ, *ਭਾਰਤੀ ਦਰਸ਼ਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਜਗਬੀਰ ਸਿੰਘ, ਡਾ., *ਗੁਰੂ ਨਾਨਕ ਬਾਣੀ ਵਿੱਚ ਨੈਤਿਕਤਾ ਦਾ ਸੰਕਲਪ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1973.

ਜੱਗੀ, ਗੁਰਸ਼ਰਨ ਕੌਰ, ਡਾ., *ਗੁਰੂ ਨਾਨਕ ਬਾਣੀ ਦਾ ਸਿਧਾਂਤਕ ਵਿਸ਼ਲੇਸ਼ਣ,* ਪੈਪਸੂ ਬੁੱਕ ਡਿਪੂ, ਪਟਿਆਲਾ, 1979.

ਜੱਗੀ, ਰਤਨ ਸਿੰਘ, ਡਾ., *ਗੁਰੂ ਨਾਨਕ ਦੀ ਵਿਚਾਰਧਾਰਾ,* ਨਵਯੁੱਗ ਪਬਲਿਸ਼ਰਜ਼, ਦਿੱਲੀ, 1969.

ਜੋਗਿੰਦਰ ਸਿੰਘ, ਪ੍ਰੋ., *ਖਾਲਸੇ ਦੀ ਜੋਤਿ ਤੇ ਜੁਗਤਿ,* ਸੁੰਦਰ ਸਰੂਪ ਪ੍ਰਕਾਸ਼ਨ, ਨਵੀਂ ਦਿੱਲੀ, 1998.

ਜਗਜੀਤ ਸਿੰਘ, *ਸਿੱਖ ਇਨਕਲਾਬ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2000.

ਜੋਧ ਸਿੰਘ, ਜੋਸ਼ੀ, ਐਲ.ਐਮ., *ਵਿਸ਼ੂ ਧਰਮ ਸੰਗ੍ਰਹਿ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983.

*ਜਨਮਸਾਖੀ ਬਾਬੇ ਨਾਨਕ ਜੀ ਕੀ,* (ਸੰਪਾ.), ਐਮ. ਮੈਕਾਲਿਫ, ਗੁਲਸ਼ਨ ਪੰਜਾਬ ਪ੍ਰੈਸ, ਰਾਵਲਪਿੰਡੀ, 1885.

*ਜਨਮਸਾਖੀ ਭਾਈ ਬਾਲਾ,* (ਸੰਪਾ.), ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1975.

ਡਿਯੂਈ, ਜਾਨ, *ਸਦਾਚਾਰਕ ਜੀਵਨ ਦਾ ਸਿਧਾਂਤ,* (ਅਨੁ.), ਪ੍ਰੋ. ਹਰਬੰਸ ਲਾਲ, ਲੋਕ ਸਾਹਿਤ ਪ੍ਰਕਾਸ਼ਨ ਮੰਚ, ਗੁਰਦਾਸਪੁਰ, 1994.

ਡਾਰਵਿਨ, *ਚਾਰਲਸ, ਮਨੁੱਖ ਦੀ ਉਤਪਤੀ,* (ਅਨੁ.), ਹਰਜੀਤ ਸਿੰਘ ਮਾਂਗਟ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2004.

ਢਿੱਲੋਂ, ਜਸਵਿੰਦਰ ਕੌਰ, ਡਾ., *ਗੁਰੂ ਨਾਨਕ ਦੀ ਕੀਮਤ ਮੀਮਾਸਾਂ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1982.

ਢਿੱਲੋਂ, ਬਲਵੰਤ ਸਿੰਘ, ਡਾ., *ਪ੍ਰਮੁਖ ਸਿਖ ਤੇ ਸਿਖ ਪੰਥ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997.

ਤਾਰਨ ਸਿੰਘ, ਡਾ., *ਗੁਰੂ ਨਾਨਕ ਚਿੰਤਨ ਤੇ ਕਲਾ,* ਨਿਉ ਬੁਕ ਕੰਪਨੀ, ਜਲੰਧਰ, 1969.

-----, *ਸਿੱਖ, ਸਿੱਖੀ ਅਤੇ ਸਿਧਾਂਤ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2010.

-----, *ਗੁਰੂ ਅਮਰਦਾਸ ਜੀਵਨ ਰਚਨਾ ਤੇ ਸਿੱਖਿਆ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਦਰਸ਼ਨ ਸਿੰਘ, *ਧਰਮ ਅਧਿਐਨ ਅਤੇ ਸਿੱਖ ਅਧਿਐਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

*ਧਰਮ ਅਧਿਐਨ ਅਕਾਦਮਿਕ-ਪਰਿਪੇਖ,* (ਸੰਪਾ.), ਡਾ. ਜੋਧ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

*ਧਰਮ ਦੀ ਉਤਪਤੀ ਤੇ ਵਿਕਾਸ,* (ਸੰਪਾ.), ਗੁਰਬਚਨ ਸਿੰਘ, ਤਾਲਿਬ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991.

ਨੇਕੀ, ਜਸਵੰਤ ਸਿੰਘ, ਡਾ., *ਸਦਾ ਵਿਗਾਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2007.

*ਨਦਵੀ, ਮੌਲਾਨਾ ਜਲੀਲ ਅਹਿਸਨ, ਜਾਂਦੇ ਰਾਹ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

ਨਿਰਾਕਾਰੀ, ਆਰ.ਡੀ., *ਭਾਰਤੀ ਦਰਸ਼ਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਨਿਰਾਕਾਰੀ, ਰਾਮਦਾਸ, ਡਾ., *ਭਾਰਤੀ ਨੀਤੀ-ਸ਼ਾਸਤਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਪਿਆਰਾ ਸਿੰਘ ਪਦਮ, ਪ੍ਰੋ., *ਗੁਰੂ ਘਰ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997.

ਪੰਨੂ, ਹਰਪਾਲ ਸਿੰਘ, ਡਾ., *ਭਾਰਤ ਦੇ ਪੁਰਾਤਨ ਧਰਮ (ਇੱਕ ਸੰਖੇਪ ਸਰਵੇਖਣ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਪੂਰਨ ਸਿੰਘ, ਭਗਤ, *ਲੇਖਾਂ ਦਾ ਗੁਲਦਸਤਾ,* ਪਿੰਗਲਵਾੜਾ ਸੰਸਥਾ, ਅੰਮ੍ਰਿਤਸਰ, 2007.

ਪੂਰਨ ਸਿੰਘ (ਵੈਨਕੂਵਰ), ਡਾ., *ਕਿਵ ਸਚਿਆਰਾ ਹੋਈਐ (ਆਦਰਸ਼ਕ ਜੀਵਨ ਜੁਗਤੀਆਂ),* ਕਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ, ਵੈਨਕੂਵਰ, ਬੀ.ਸੀ., ਕਨੇਡਾ, 2004.

ਪੂਰਨ ਸਿੰਘ, ਪ੍ਰੋ., *ਖੁਲ੍ਹੇ ਲੇਖ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2011.

ਪਰਦੀਪ ਕੁਮਾਰ, ਡਾ., *ਪੱਛਮੀ ਨੀਤੀ-ਸ਼ਾਸਤਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.

*ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* (ਸੰਪਾ.) ਭਾਈ ਵੀਰ ਸਿੰਘ, ਨਵੀਂ ਦਿੱਲੀ, 2010.

ਪ੍ਰਤਾਪ ਸਿੰਘ, ਗਿ., *ਸੰਸਾਰ ਦਾ ਧਾਰਮਿਕ ਇਤਿਹਾਸ,* ਸਿੰਘ ਬ੍ਰਦਰਜ਼,

ਅੰਮ੍ਰਿਤਸਰ, 1997.

-----, *ਭਗਤ ਦਰਸ਼ਨ,* ਖਾਲਸਾ ਬ੍ਰਦਰਜ਼, ਅੰਮ੍ਰਿਤਸਰ, ਤੀਸਰੀ ਐਡੀਸ਼ਨ, 1973.

ਪ੍ਰੀਤਮ ਸਿੰਘ, ਡਾ., *ਸਿੱਖ ਵਿਚਾਰਧਾਰਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2003.

*ਪਵਿੱਤਰ ਬਾਈਬਲ ਅਰਥਾਤ (ਪੁਰਾਣਾ ਅਤੇ ਨਵਾਂ ਨੇਮ),* ਬਾਈਬਲ ਸੋਸਾਇਟੀ ਇੰਡੀਆ ਅਤੇ ਸਿਲੋਨ, ਬੈਂਗਲੋਰ, 1959.

ਬਲਵਿੰਦਰਪਾਲ ਸਿੰਘ, *ਸਿੱਖ ਨੈਤਿਕਚਾਰ ਅਤੇ ਸਮਾਜਿਕ ਆਰਥਕ ਵਿਕਾਸ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2000.

ਬਿਸ਼ਨ ਦਾਸ, ਬਾਬਾ, 'ਮਹਿਮਾ ਪ੍ਰਕਾਸ਼ ਸ੍ਰੀ ਗੁਰੂ ਅਮਰਦੇਵ', *ਗੁਰੂ ਅਮਰਦਾਸ ਸ੍ਰੋਤ ਪੁਸਤਕ,* (ਸੰਪਾ.), ਡਾ. ਰਾਇਜਸਬੀਰ ਸਿੰਘ, ਅੰਮ੍ਰਿਤਸਰ, 1986.

ਭੰਗੂ, ਰਤਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼,* (ਸੰਪਾ.), ਡਾ. ਜੀਤ ਸਿੰਘ ਸੀਤਲ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2000.

-----, *ਪ੍ਰਾਚੀਨ ਪੰਥ ਪ੍ਰਕਾਸ਼,* (ਸੰਪਾ.), ਭਾਈ ਵੀਰ ਸਿੰਘ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2008 (ਅੱਠਵੀਂ ਵਾਰ).

ਭਾਰਤੀ, ਹਰੀ ਸਿੰਘ, *ਗੁਰੂ ਨਾਨਕ ਦਾ ਸਦਾਚਾਰ ਮਾਰਗ,* ਨਵ-ਭਾਰਤ ਪ੍ਰਕਾਸ਼ਨ, ਪਟਿਆਲਾ, ਸੰਨ ਰਹਿਤ

ਭੱਲਾ, ਸਰੂਪ ਦਾਸ, *ਮਹਿਮਾ ਪ੍ਰਕਾਸ਼,* ਭਾਗ-1-2, ਖੰਡ-1-2, (ਸੰਪਾ.), ਡਾ. ਉਤੱਮ ਸਿੰਘ ਭਾਟੀਆ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ 2003.

ਭੱਲਾ, ਸਰੂਪ ਦਾਸ, *ਗੁਰੂ ਨਾਨਕ ਮਹਿਮਾ (ਮਹਿਮਾ ਪ੍ਰਕਾਸ਼),* ਭਾਗ-1, (ਸੰਪਾ.), ਡਾ. ਉਤੱਮ ਸਿੰਘ ਭਾਟੀਆ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1999.

*ਮਹਿਮਾ ਪ੍ਰਕਾਸ਼ (ਵਾਰਤਕ),* (ਸੰਪਾ.), ਡਾ. ਕੁਲਵਿੰਦਰ ਸਿੰਘ ਬਾਜਵਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

ਮੈਕਸਮੂਲਰ, ਐਫ਼, *ਧਰਮ ਦੀ ਉਤਪਤੀ ਅਤੇ ਵਿਕਾਸ (ਭਾਰਤੀ ਧਰਮਾਂ ਦੇ ਪ੍ਰਮਾਣ ਸਹਿਤ),* (ਅਨੁ.), ਡਾ. ਤਾਰਨ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977.

ਮੈਕਾਲਿਫ, ਮੈਕਸ ਆਰਥਰ, *ਸਿੱਖ ਇਤਿਹਾਸ, ਭਾਗ-1-2,* (ਅਨੁ.) ਅਜਾਇਬ ਸਿੰਘ, (Revised By) ਡਾ. ਗੁਰਚਰਨ ਸਿੰਘ ਔਲਖ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005.

ਮੈਕਾਲਿਫ, ਮੈਕਸ ਆਰਥਰ, *ਸਿੱਖ ਇਤਿਹਾਸ, ਭਾਗ-3,* (ਅਨੁ.), ਡਾ., ਗੁਰਚਰਨ ਸਿੰਘ ਔਲਖ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005.

ਮਨਜੀਤ ਸਿੰਘ, *ਧਰਮ ਦਰਸ਼ਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.

ਮਨਮੋਹਨ ਸਿੰਘ, ਡਾ., *ਭਾਰਤੀ ਧਰਮ ਤੇ ਨੈਤਿਕਤਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

ਮਨੀ ਸਿੰਘ, ਭਾਈ, *ਸਿੱਖਾਂ ਦੀ ਭਗਤ ਮਾਲਾ,* (ਸੰਪਾ.) ਭਾਈ ਵੀਰ ਸਿੰਘ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਦਸਵੀਂ ਐਡੀਸ਼ਨ 2007.

*ਰਸਕਿਨ, ਜੌਹਨ, ਸਦਾਚਾਰਕ ਵਿਵਹਾਰ,* (ਅਨੁ.) ਐਸ.ਐਸ. ਅਮੋਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1999.

*ਰਹਿਤਨਾਮੇ,* (ਸੰਪਾ.), ਪ੍ਰੋ. ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸੱਤਵੀਂ ਵਾਰ, 2000.

ਰੋਹੀ, ਰਾਜਿੰਦਰ ਕੌਰ, ਡਾ., *ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮ ਤੇ ਵਿਵਹਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

*ਰਿਗ੍ ਬਾਣੀ,* (ਅਨੁ.), ਹਰਿਭਜਨ ਸਿੰਘ ਦੇਵਰਾਜ ਚਾਨਣਾ, ਨਵਯੁਗ ਪਬਲੀਕੇਸ਼ਨਜ਼, ਦਿੱਲੀ, 1963.

ਰੈਣਾ, ਅੰਮ੍ਰਿਤ ਕੌਰ, *ਗੁਰੂ ਨਾਨਕ ਦੇਵ ਜੀ ਦਾ ਸਿਖਿਆ ਦਰਸ਼ਨ,* ਲੋਕਗੀਤ ਪ੍ਰਕਾਸ਼ਨ, ਸਰਹੰਦ, 1989.

ਰੈਣਾ, ਰਾਜ ਕੌਰ, *ਗੁਰੂ ਨਾਨਕ-ਕਾਵਿ ਵਿੱਚ ਆਚਾਰ-ਨੀਤੀ (ਨੈਤਕਤਾ) ਦਾ ਸੰਕਲਪ,* ਜਗਜੀਤ ਪ੍ਰਕਾਸ਼ਨ ਸਿੰਘਪੁਰਾ ਕਲਾਂ, ਬਾਰਾਮੂਲਾ (ਕਸ਼ਮੀਰ), 1973

ਰਾਧਾ ਕ੍ਰਿਸ਼ਣਨ, *ਧਰਮ ਇਕ ਤੁਲਨਾਤਮਕ ਅਧਿਐਨ,* ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1991.

ਰਾਮ ਸਿੰਘ, ਡਾ., *ਗੁਰੂ ਨਾਨਕ ਦੀ ਸੁਹਜ ਕਲਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1968.

-----, *ਜਪੁਜੀ ਦੇ ਪੰਜ ਖੰਡ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.

ਵਰਮਾ, ਅਸ਼ੋਕ ਕੁਮਾਰ, *ਨੀਤੀਸ਼ਾਸਤ੍ਰ ਕੀ ਰੂਪਰੇਖਾ (ਪਾਸ਼ਚਾਤਯ ਔਰ ਭਾਰਤੀਯ),* ਪਟਨਾ, 2005, (ਹਿੰਦੀ).

ਵਾਜਪੇਈ, ਵੀ.ਵੀ., *ਸਾਡਾ ਨੈਤਿਕ ਜੀਵਨ,* ਭਾਗ-2, (ਅਨੁ.) ਹਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1989.

ਵੀਰ ਸਿੰਘ, ਭਾਈ, *ਅਮਰ ਲੇਖ,* (ਸੰਪਾ.), ਗਿ. ਮਹਾਂ ਸਿੰਘ, ਭਾਗ-1, ਅੰਮ੍ਰਿਤਸਰ, 1982.

ਵਜ਼ੀਰ ਸਿੰਘ, ਡਾ., *ਗੁਰੂ ਨਾਨਕ ਸਿਧਾਂਤ,* ਪੰਜਾਬੀ ਸਾਹਿਤ ਅਕਾਡਮੀ ਪੰਜਾਬੀ ਭਵਨ, ਲੁਧਿਆਣਾ, 1969.

-----, *ਧਰਮ ਦਾ ਦਾਰਸ਼ਨਿਕ ਪੱਖ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

-----, *ਨੈਤਿਕ ਨਿਯਮ,* ਜੈ ਹਿੰਦ ਪ੍ਰਿੰਟਿੰਗ ਪ੍ਰੈਸ, ਜਲੰਧਰ, 1975.

**ਹਿੰਦੀ ਪੁਸਤਕਾਂ :**

oekZ] v'kksd dqekj] *uhfr'kkL™k dh :ijs[kk*] ¼ikKkR; vkSj Hkkjrh;½] iVuk] 2005.

**ENGLISH :**

Avtar Singh, *Ethics of the Sikhs*, Punjabi University, Patiala, 1970.

Bhatia, S.K. *Business Ethics and Managerial Values,* Deep & Deep Publications, New Delhi, 2002.

Bradley, F.H. *Ethical Studies,* Oxford University Press, London, 1959.

Drinker, Henry S., *Legal ethics*, Columbia University Press, New York, 1953.

Frey, R.G., Christopher Health Wellman (ed.), *A Companion to Applied Ethics,* Blackwell Publishing, USA, 2003.

Guha, Debashis, *Practical and Professional Ethics,* Vols. I & IV, Ashok Kumar Mittal Concept Publishing Company, New Delhi, 2007.

Gurnam Kaur, (Ed.), The Divine Versifiers, Punjabi University, Patiala, 2005.

Kohli, S.S., *Philosophy of Guru Nanak*, Punjab University, Chandigarh, 1969.

Lillie, William, *An Introduction to Ethics*, Methuen, London, 1964.

Mayer and Rose, *Ethics and the Modern World*, Lowa, 1951.

Sahakian, William S., *Ethics : An Introduction to Theories and Problems*, Harpar and Row Publishers, New York, 1974.

Smith, Novel-P.H., *Ethics : Basil Blackwell*, Oxford, 1957.

Srivastava, D.C. (ed.), *Readings in Environmental Ethics Multidisciplinary Perspectives,* Prem Rawat for Rawat Publications, Jaipur, 2005.

Taylor, Paul W., *Principles of Ethics : An Introduction,* Dickenson Publishing Company, California, 1975.

Titus, Harold H., *Ethics for Today,* Eurasia Publishing House, New Delhi, 1966.

Titus, Harold. M., Morries T. Keeton (ed.), *The Range of Ethics,* Educational Publishist, New Delhi 1972.

Velasquez, Manuel G., *Business Ethics : Concepts and Cases,* Pearson Education, Singapore, 2002.

**ਪਤ੍ਰਿਕਾਵਾਂ**

ਗੁਰਮਤਿ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ, ਕਮੇਟੀ, ਅੰਮ੍ਰਿਤਸਰ, ਜਨਵਰੀ 1967, ਮਈ 2009.

ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 1991.

# ਘੋਸ਼ਣਾ-ਪੱਤਰ

ਮੈਂ ਬਿਆਨ ਕਰਦੀ ਹਾਂ ਕਿ **'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੱਤਾਮੁਖੀ ਨੈਤਿਕਤਾ : ਸਿਧਾਂਤਕ ਤੇ ਵਿਹਾਰਕ ਵਿਸ਼ਲੇਸ਼ਣ'** ਵਿਸ਼ੇ ਤੇ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਵਿਚ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ, ਡਿਪਲੋਮਾ ਜਾਂ ਸਰਟੀਫਿਕੇਟ ਦਿੱਤਾ ਗਿਆ ਹੋਵੇ।

**ਪ੍ਰਤੀ ਹਸਤਾਖਰ (ਨਿਗਰਾਨ)**

**ਡਾ. ਸਰਬਜਿੰਦਰ ਸਿੰਘ**
**(ਪ੍ਰੋਫੈਸਰ)**
**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**ਖੋਜਾਰਥਣ**

**ਰਾਜਨਰਜਵੰਤ ਕੌਰ**

# ਧੰਨਵਾਦ

ਇਸ ਖੋਜ-ਪ੍ਰਬੰਧ ਨੂੰ ਪ੍ਰਸਤੁਤ ਕਰਦਿਆਂ ਮੈਂ ਆਪਣਾ ਨੈਤਿਕ ਫਰਜ਼ ਸਮਝਦੀ ਹਾਂ ਕਿ ਉਨ੍ਹਾਂ ਸਾਰੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਦਾ ਧੰਨਵਾਦ ਕਰਾਂ, ਜਿਨ੍ਹਾਂ ਨੇ ਇਸ ਖੋਜ-ਕਾਰਜ ਨੂੰ ਨੇਪਰੇ ਚੜ੍ਹਾਉਣ ਵਿਚ ਸਮੇਂ-ਸਮੇਂ 'ਤੇ ਮੇਰੀ ਸਹਾਇਤਾ ਕੀਤੀ, ਕਿਉਂਕਿ ਵਿਵਹਾਰਿਕਤਾ ਦੇ ਪੱਖ ਤੋਂ ਸਮਾਜ ਵਿਚ ਵਿਚਰਦਿਆਂ ਕੋਈ ਵੀ ਕੰਮ ਇਕੱਲਿਆਂ ਕਰਨਾ ਮੁਸ਼ਕਿਲ ਹੀ ਨਹੀਂ, ਬਲਕਿ ਅਸੰਭਵ ਹੁੰਦਾ ਹੈ। ਆਪਣੇ ਖੋਜ-ਕਾਰਜ ਨੂੰ ਪੂਰਾ ਕਰਨ ਦੀ ਖੁਸ਼ੀ ਵਿਚ ਸਭ ਤੋਂ ਪਹਿਲਾਂ ਮੈਂ ਅਕਾਲ ਪੁਰਖ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦਿਲੋਂ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਆਪਣੀ ਇਲਾਹੀ ਬਾਣੀ ਦੀ, ਮੇਰੇ ਦੁਆਰਾ ਬੁੱਧੀ ਦੇ ਘੇਰੇ ਵਿਚ ਰਹਿ ਕੇ ਵਿਚਾਰ ਕਰਨ ਦੀ ਅਪਾਰ ਬਖ਼ਸ਼ਿਸ਼ ਕੀਤੀ ਹੈ। ਖੋਜ-ਕਾਰਜ ਦੌਰਾਨ ਗ਼ਲਤੀਆਂ ਦੀਆਂ ਸੰਭਾਵਨਾਵਾਂ ਹਮੇਸ਼ਾਂ ਬਣੀਆਂ ਰਹਿੰਦੀਆਂ ਹਨ। ਇਸ ਕਰਕੇ, ਧੰਨਵਾਦ ਦੇ ਨਾਲ-ਨਾਲ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਖੋਜ ਦੌਰਾਨ ਅਨਜਾਨਪੁਣੇ ਵਿਚ ਹੋਣ ਵਾਲੀਆਂ ਬੇਅੰਤ ਭੁੱਲਾਂ ਲਈ ਖਿਮਾਂ ਵੀ ਮੰਗਦੀ ਹਾਂ।

ਮੈਂ ਆਪਣੇ ਨਿਗਰਾਨ, ਸਤਿਕਾਰਯੋਗ ਡਾ. ਸਰਬਜਿੰਦਰ ਸਿੰਘ ਜੀ ਦੀ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਦੀ ਪ੍ਰੇਰਣਾ, ਉਤਸ਼ਾਹ ਅਤੇ ਹੌਸਲੇ ਸਦਕਾ, ਮੈਂ ਇਸ ਖੋਜ-ਕਾਰਜ ਨੂੰ ਸੰਪੰਨ ਕਰਨ ਵਿਚ ਸਫਲ ਹੋ ਸਕੀ ਹਾਂ। ਇਸ ਖੋਜ-ਕਾਰਜ ਨੂੰ ਨਿਰਵਿਘਨਤਾ ਨਾਲ ਸੰਪੂਰਨ ਕਰਵਾਉਣ ਲਈ ਮੈਂ ਉਨ੍ਹਾਂ ਦੀ ਹਮੇਸ਼ਾਂ ਰਿਣੀ ਰਹਾਂਗੀ। ਮੈਂ ਆਪਣੇ ਵਿਭਾਗ ਦੇ ਮੁਖੀ, ਡਾ. ਮਲਕਿੰਦਰ ਕੌਰ ਜੀ, ਵਿਭਾਗੀ ਲਾਇਬ੍ਰੇਰੀਅਨ ਕੁਲਵੰਤ ਕੌਰ ਜੀ, ਸਮੂਹ ਸਟਾਫ਼ ਮੈਂਬਰਜ਼ ਅਤੇ ਵਿਦਿਆਰਥੀ ਸਾਥੀਆਂ ਦੀ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੀ ਹੌਸਲਾ ਅਫ਼ਜ਼ਾਈ ਕੀਤੀ। ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਮੁੱਖ ਲਾਇਬ੍ਰੇਰੀ, ਸਮੂਹ ਅਧਿਆਪਕ ਸਾਹਿਬਾਨ ਅਤੇ ਹੋਰ ਸਟਾਫ਼ ਦੇ ਸਹਿਯੋਗ ਲਈ ਵੀ ਬਹੁਤ ਧੰਨਵਾਦੀ ਹਾਂ। ਇਸ ਤੋਂ ਇਲਾਵਾ ਹਰ ਲਾਇਬ੍ਰੇਰੀ ਦੇ ਸਮੂਹ ਸਟਾਫ਼ ਮੈਂਬਰਜ਼ ਅਤੇ ਉਨ੍ਹਾਂ ਸਾਰੇ ਵਿਦਵਾਨਾਂ ਦੀ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਦੀਆਂ ਰਚਨਾਵਾਂ ਤੋਂ ਸੇਧ ਲੈ ਕੇ ਮੈਂ ਇਸ ਖੋਜ-ਕਾਰਜ ਨੂੰ ਪੂਰਾ ਕੀਤਾ ਹੈ। ਆਰਥਿਕ ਪੱਖੋਂ ਮੈ ਯੂਨੀਵਰਸਿਟੀ ਗਰਾਂਟਸ ਕਮਿਸ਼ਨ, ਦਿੱਲੀ ਦੀ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਜੇ.ਆਰ.ਐਫ ਅਤੇ

ਐਸ.ਆਰ.ਐਫ. ਦੁਆਰਾ ਮੈਨੂੰ ਸਹਾਇਤਾ ਪ੍ਰਦਾਨ ਕੀਤੀ। ਮੈਂ ਡਾ. ਗੁਰਮੇਲ ਸਿੰਘ ਜੀ ਦੀ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਖੋਜ-ਕਾਰਜ ਨੂੰ ਪੂਰਾ ਕਰਨ ਵਿਚ ਮੈਨੂੰ ਯੋਗ ਅਗਵਾਈ ਦਿੱਤੀ ਹੈ। ਮੈਂ ਟਾਈਪਿਸਟ ਹਰਭਜਨ ਸਿੰਘ ਦੀ ਵੀ ਧੰਨਵਾਦੀ ਹਾਂ, ਜਿਨ੍ਹਾਂ ਕਰਕੇ ਮੇਰਾ ਖੋਜ-ਕਾਰਜ ਟਾਈਪ ਹੋ ਕੇ ਨੇਪਰੇ ਚੜ੍ਹਿਆ ਹੈ।

ਕਿਸੇ ਵੀ ਖੇਤਰ ਵਿਚ ਅੱਗੇ ਵਧਣ ਲਈ ਮਨੁੱਖ ਦੇ ਪਰਿਵਾਰਿਕ ਮੈਂਬਰਾਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਮੈਂ ਆਪਣੇ ਸਤਿਕਾਰਯੋਗ ਮਾਤਾ ਪਰਮਜੀਤ ਕੌਰ ਜੀ ਦੀ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਬਚਪਨ ਤੋਂ ਲੈ ਕੇ ਹੁਣ ਤੱਕ ਵਿੱਦਿਆ ਦੀ ਮਹੱਤਤਾ ਨੂੰ ਸਮਝਾਉਂਦਿਆਂ, ਮੈਨੂੰ ਅੱਗੇ ਵਧਣ ਲਈ ਪ੍ਰੇਰਿਆ। ਪਰਿਵਾਰ ਵਿਚ ਛੋਟੀ ਭੈਣ ਮਨਦੀਪ ਕੌਰ ਅਤੇ ਭਰਾ ਜਸਵਿੰਦਰ ਸਿੰਘ ਨੇ ਵੀ ਮੈਨੂੰ ਪੂਰਾ ਸਹਿਯੋਗ ਦਿੱਤਾ। ਮੈਂ ਆਪਣੇ ਜੀਵਨ ਸਾਥੀ ਸ. ਜਨਮਜੀਤ ਸਿੰਘ ਜੀ ਦੀ ਅਤਿ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਖੋਜ-ਕਾਰਜ ਸੰਬੰਧੀ ਮੈਨੂੰ ਵਿਸ਼ੇਸ਼ ਤੌਰ 'ਤੇ ਸਹਿਯੋਗ ਅਤੇ ਹੌਸਲਾ ਦਿੱਤਾ। ਮੈਂ ਆਪਣੇ ਸੁਹਰੇ ਪਰਿਵਾਰ ਦੇ ਸਮੂਹ ਮੈਂਬਰ ਸਾਹਿਬਾਨ ਅਤੇ ਵਿਸ਼ੇਸ਼ ਤੌਰ 'ਤੇ ਮਾਤਾ ਕੁਲਦੀਪ ਕੌਰ ਜੀ ਦੀ ਧੰਨਵਾਦੀ ਹਾਂ, ਜਿਨ੍ਹਾਂ ਨੇ ਘਰੇਲੂ ਕੰਮਾਂ ਨੂੰ ਨਜਿੱਠਦਿਆਂ, ਮੈਨੂੰ ਖੋਜ-ਕਾਰਜ ਪੂਰਾ ਕਰਨ ਵਿਚ ਸਹਿਯੋਗ ਦਿੱਤਾ।

**ਰਾਜਨਰਜਵੰਤ ਕੌਰ**

# ਤਤਕਰਾ


ਪੰਨੇ

**ਭੂਮਿਕਾ** **i– v**

**ਅਧਿਆਇ ਪਹਿਲਾ**

**ਨੀਤੀ-ਸ਼ਾਸਤਰ : ਸਿਧਾਂਤਕ ਪਰਿਪੇਖ** **1–36**

*1.1 ਨੀਤੀ-ਸ਼ਾਸਤਰ*

1.1.1 ਅਰਥ ਅਤੇ ਪਰਿਭਾਸ਼ਾ

1.1.2 ਨੀਤੀ-ਸ਼ਾਸਤਰ ਦਾ ਮੰਤਵ

1.1.3 ਨੀਤੀ-ਸ਼ਾਸਤਰ ਦੀ ਸਮੱਸਿਆ

1.1.4 ਨੀਤੀ-ਸ਼ਾਸਤਰ ਆਦਰਸ਼ਾਤਮਕ ਵਿਗਿਆਨ

1.1.5 ਨੈਤਿਕ ਨਿਰਣਾ ਅਤੇ ਮਨੁੱਖੀ ਨੈਤਿਕ ਚੇਤਨਾ

1.1.6 ਨੀਤੀ-ਸ਼ਾਸਤਰ ਦਾ ਖੇਤਰ ਅਤੇ ਵਿਸ਼ੇਸ਼ਤਾਵਾਂ

*1.2 ਵਿਵਹਾਰਿਕ ਨੀਤੀ-ਸ਼ਾਸਤਰ*

1.2.1 ਵਿਵਹਾਰਿਕ ਨੀਤੀ-ਸ਼ਾਸਤਰ ਦੀ ਲੋੜ

1.2.2 ਵਿਵਹਾਰਿਕ ਨੀਤੀ-ਸ਼ਾਸਤਰ ਦਾ ਖੇਤਰ ਅਤੇ ਵਿਸ਼ੇਸ਼ਤਾਵਾਂ

*1.3 ਕਿੱਤਾਮੁਖੀ ਨੈਤਿਕਤਾ*

1.3.1 ਵਪਾਰ ਨੀਤੀ-ਸ਼ਾਸਤਰ

1.3.1 (ੳ) ਵਪਾਰ ਨੀਤੀ-ਸ਼ਾਸਤਰ ਦੀਆਂ ਸਮੱਸਿਆਵਾਂ

1.3.2 ਚਿਕਿਤਸਾ ਨੀਤੀ-ਸ਼ਾਸਤਰ

1.3.2 (ੳ) ਚਿਕਿਤਸਾ ਨੀਤੀ-ਸ਼ਾਸਤਰ ਦੇ ਮੌਲਿਕ ਸਿਧਾਂਤ

1.3.2 (ਅ) ਚਿਕਿਤਸਾ ਨੀਤੀ-ਸ਼ਾਸਤਰ ਦੀਆਂ ਸਮੱਸਿਆਵਾਂ

1.3.3 ਸਿੱਖਿਆ ਨੀਤੀ-ਸ਼ਾਸਤਰ

1.3.3 (ੳ) ਸਿੱਖਿਆ ਨੀਤੀ-ਸ਼ਾਸਤਰ ਦੀਆਂ ਸਮੱਸਿਆਵਾਂ

1.3.4 ਕਾਨੂੰਨ ਨੀਤੀ-ਸ਼ਾਸਤਰ

1.3.4 (ੳ) ਕਾਨੂੰਨ ਨੀਤੀ-ਸ਼ਾਸਤਰ ਦੀਆਂ ਸਮੱਸਿਆਵਾਂ

1.3.5 ਖੇਤੀਬਾੜੀ ਨੀਤੀ-ਸ਼ਾਸਤਰ

1.3.5 (ੳ) ਖੇਤੀਬਾੜੀ ਨੀਤੀ-ਸ਼ਾਸਤਰ ਦੀਆਂ ਸਮੱਸਿਆਵਾਂ

**ਅਧਿਆਇ ਦੂਜਾ**

**ਧਰਮ ਅਤੇ ਨੀਤੀ-ਸ਼ਾਸਤਰ : ਗੁਰਮਤਿ ਪਰਿਪੇਖ** **37–95**

*2.1 ਮਨੁੱਖ, ਧਰਮ ਅਤੇ ਨੀਤੀ-ਸ਼ਾਸਤਰ*

*2.2 ਧਰਮ ਅਧਾਰਿਤ ਨੀਤੀ-ਸ਼ਾਸਤਰ ਅਤੇ ਸਮਾਜ*

*2.3 ਸੰਸਾਰ ਦੇ ਪ੍ਰਮੁਖ ਧਰਮਾਂ ਵਿਚ ਨੀਤੀ-ਸ਼ਾਸਤਰ*

*2.4 ਧਰਮ ਅਤੇ ਨੀਤੀ-ਸ਼ਾਸਤਰ ਦੇ ਸਹਿਯੋਗੀ ਗੁਣ*

*2.5 ਧਰਮ ਅਤੇ ਨੀਤੀ-ਸ਼ਾਸਤਰ ਵਿਚ ਅੰਤਰ*

*2.6 ਗੁਰਮਤਿ ਨੀਤੀ-ਸ਼ਾਸਤਰ*

2.6.1 ਸ਼ਖ਼ਸੀ ਰਹਿਤ (ਵਿਅਕਤੀਗਤ ਨੀਤੀ-ਸ਼ਾਸਤਰ)

2.6.1 (ੳ) ਪ੍ਰੇਮ, ਨਿਮਰਤਾ ਅਤੇ ਸਹਿਣਸ਼ੀਲਤਾ

2.6.1 (ਅ) ਪਰਉਪਕਾਰ, ਖਿਮਾ ਅਤੇ ਦਇਆ

2.6.1 (ੲ) ਸਬਰ, ਸੰਤੋਖ ਅਤੇ ਸੰਜਮ

2.6.1 (ਸ) ਨਾਮ, ਦਾਨ ਅਤੇ ਇਸ਼ਨਾਨ

2.6.1 (ਹ) ਸੇਵਾ, ਕਿਰਤ ਅਤੇ ਉਦਮ

2.6.1 (ਕ) ਧਰਮ, ਸਹਿਜ ਅਤੇ ਭਲਾ

2.6.1 (ਖ) ਹੁਕਮ, ਭਾਣਾ ਅਤੇ ਰਜ਼ਾ

2.6.2 ਪੰਥਕ ਰਹਿਤ (ਸਮਾਜਿਕ ਨੀਤੀ-ਸ਼ਾਸਤਰ)

2.6.2 (ੳ) ਸਤਿਸੰਗਤ ਅਤੇ ਸਰਬੱਤ ਦਾ ਭਲਾ

2.6.2 (ਅ) ਸਮਾਨਤਾ

2.6.2 (ੲ) ਹੱਕ, ਸੱਚ ਅਤੇ ਫਰਜ਼

ਅਧਿਆਇ ਤੀਜਾ

**ਕਿੱਤਾਮੁਖੀ ਨੈਤਿਕਤਾ : ਸਿਧਾਂਤਕ ਅਧਿਐਨ** 96–153

*3.1 ਸਿਧਾਂਤਕ ਪੱਖ*

3.1.1 ਸੁਕ੍ਰਿਤ (ਗੁਰਮੁਖ)

3.1.2 ਦੁਕ੍ਰਿਤ (ਮਨਮੁਖ)

ਅਧਿਆਇ ਚੌਥਾ

**ਗੁਰਬਾਣੀ ਵਿਚ ਆਏ ਕਿੱਤੇ ਅਤੇ ਕਿੱਤੇਕਾਰਾਂ ਦੇ ਸੰਦਰਭ ਵਰਗ ਅਤੇ ਵਰਗੀਕਰਨ** 154–241

*4.1 ਵਪਾਰਿਕ ਨੈਤਿਕਤਾ*

*4.2 ਵਿੱਦਿਅਕ ਨੈਤਿਕਤਾ*

*4.3 ਕਾਨੂੰਨੀ ਨੈਤਿਕਤਾ*

*4.4 ਖੇਤੀਬਾੜੀ ਨੈਤਿਕਤਾ*

*4.5 ਚਿਕਿਤਸਕ ਨੈਤਿਕਤਾ*

*4.6 ਕਿੱਤੇ ਅਤੇ ਕਿੱਤੇਕਾਰਾਂ ਦੇ ਸੰਦਰਭ*

ਅਧਿਆਇ ਪੰਜਵਾਂ

**ਕਿੱਤਾਮੁਖੀ ਨੈਤਿਕਤਾ : ਇਤਿਹਾਸਕ ਅਧਿਐਨ** 242–271

**ਸਾਰ** 272–276

**ਸਹਾਇਕ ਪੁਸਤਕ ਸੂਚੀ** 277–289

# ਭੂਮਿਕਾ

ਸਿੱਖ ਧਰਮ ਦੀ ਸਿਰਜਣਾ ਦਾ ਮੂਲ ਮੰਤਵ ਨੈਤਿਕਤਾ ਅਤੇ ਮਾਨਵੀ ਗੁਣਾਂ ਤੋਂ ਦੂਰ ਹੋ ਚੁੱਕੀ ਮਨੁੱਖਤਾ ਦਾ ਨਵੇਂ ਸਿਰਿਓਂ ਨਿਰਮਾਣ ਕਰਕੇ ਆਦਰਸ਼ਵਾਦੀ ਜੀਵਨ-ਜਾਚ ਸਿਖਾਉਣ ਤੋਂ ਹੈ। ਹੁਣ ਤੱਕ ਦੇ ਇਤਿਹਾਸ ਵਿਚ ਨੈਤਿਕ-ਸਾਰਥਕਤਾ ਨੂੰ ਵਧਾਉਣ ਲਈ ਸਿੱਖ ਧਰਮ ਦਾ ਯੋਗਦਾਨ ਵੱਡੇ ਪੱਧਰ 'ਤੇ ਰਿਹਾ ਹੈ। ਬਾਣੀਕਾਰਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਦਿੱਤੀ ਇਲਾਹੀ ਬਾਣੀ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਸਿਧਾਂਤਕ ਸਿੱਖਿਆ ਨਾ ਕੇਵਲ ਨੈਤਿਕ ਦ੍ਰਿਸ਼ਟੀਕੋਣ ਤੋਂ, ਬਲਕਿ ਮਨੁੱਖੀ ਜੀਵਨ ਨਾਲ ਸੰਬੰਧਿਤ ਹਰ ਇੱਕ ਸਮੱਸਿਆ ਨੂੰ ਹੱਲ ਕਰਨ ਦੀ ਸਮਰਥਾ ਰੱਖਦੀ ਹੈ, ਸ਼ਰਤ ਹੈ ਤਾਂ ਬਸ ਗੁਰਬਾਣੀ ਨੂੰ ਸਮਝ-ਵਿਚਾਰ ਕੇ ਵਿਵਹਾਰਿਕ ਜੀਵਨ ਵਿਚ ਢਾਲਣ ਦੀ। ਦਾਰਸ਼ਨਿਕ ਪੱਖ ਤੋਂ ਪਰਮਾਤਮਾ, ਜਗਤ ਅਤੇ ਮਨੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਮੁੱਖ ਵਿਸ਼ੇ ਹਨ, ਜਿਨ੍ਹਾਂ ਦੇ ਅਧਾਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਜਾਂ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਵਿਸ਼ਾ ਅਧਿਆਤਮਿਕਤਾ ਨਾਲ ਸੰਬੰਧ ਰੱਖਦਾ ਹੈ। ਇਸ ਵਿਚ 'ਪਰਮਾਤਮਾ' ਨੂੰ ਕੇਂਦਰੀ ਵਿਸ਼ੇ ਵਜੋਂ ਵਿਚਾਰਿਆ ਗਿਆ ਹੈ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸਾਰੇ ਸ਼ਬਦਾਂ ਦਾ ਭਾਵ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਇਸੇ ਵਿਸ਼ੇ ਨਾਲ ਹੀ ਆ ਕੇ ਜੁੜਦਾ ਹੈ। ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਧਿਆਤਮਿਕਤਾ ਦੇ ਰਸਤੇ ਉਪਰ ਚੱਲ ਕੇ ਪਰਮਾਤਮਾ ਦੀ ਪ੍ਰਾਪਤੀ ਲਈ, ਮਨੁੱਖ ਦੁਆਰਾ ਭੌਤਿਕ ਜਗਤ ਵਿਚ ਕੀਤੇ ਜਾਣ ਵਾਲੇ ਕਰਮਾਂ ਜਾਂ ਵਿਵਹਾਰਿਕਤਾ ਵਿਚ ਸੰਪੂਰਨ ਨੈਤਿਕਤਾ ਦੀ ਹੋਂਦ ਨੂੰ ਜ਼ਰੂਰੀ ਸ਼ਰਤ ਵਜੋਂ ਦਰਸਾਇਆ ਗਿਆ ਹੈ। ਨੈਤਿਕ ਜੀਵਨ ਦੀ ਅਣਹੋਂਦ ਵਿਚ ਅਧਿਆਤਮਿਕ ਜੀਵਨ ਦੀ ਪ੍ਰਾਪਤੀ ਹੋਣੀ ਮੁਸ਼ਕਿਲ ਹੀ ਨਹੀਂ, ਬਲਕਿ ਅਸੰਭਵ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ, ਮਨੁੱਖ ਨੂੰ ਸਿਧਾਂਤਕ ਸਿੱਖਿਆ ਪੜ੍ਹਨ ਜਾਂ ਵਿਚਾਰਨ ਦੇ ਨਾਲ-ਨਾਲ ਗ੍ਰਹਿਣਤਾ ਉਪਰ ਵੀ ਬਲ ਦਿੰਦੀ ਹੈ। ਇਨ੍ਹਾਂ ਵਿਵਹਾਰਿਕ ਜਾਂ ਭੌਤਿਕ ਨੈਤਿਕ ਗੁਣਾਂ ਵਿਚ ਇਕ ਉਤਮ ਗੁਣ ਧਰਮ ਅਧਾਰਿਤ ਸੁਚੱਜੀ ਕਿਰਤ ਕਰਨਾ ਹੈ। ਮੇਰੇ ਖੋਜ-ਪ੍ਰਬੰਧ ਦਾ ਵਿਸ਼ਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੱਤਾਮੁਖੀ ਨੈਤਿਕਤਾ : ਸਿਧਾਂਤਕ ਤੇ ਵਿਹਾਰਕ ਵਿਸ਼ਲੇਸ਼ਣ' ਹੈ। ਮਨੁੱਖੀ ਕਿਰਿਆ, ਵਿਵਹਾਰਿਕਤਾ

ਜਾਂ ਸੁਕ੍ਰਿਤ ਦੇ ਸੰਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਦਿੱਤੀ ਗਈ ਨੈਤਿਕ ਪ੍ਰੇਰਣਾ ਇਕ ਵਿਲੱਖਣ ਸੰਸਾਰ ਸਿਰਜਦੀ ਹੈ। ਇਹ ਨੈਤਿਕ ਪ੍ਰੇਰਣਾ ਮਨੁੱਖ ਦੀਆਂ ਅਧਿਆਤਮਿਕ ਅਤੇ ਸੰਸਾਰੀ ਲੋੜਾਂ ਵਿਚ ਸੰਤੁਲਨ ਕਾਇਮ ਕਰਦੀ ਹੈ ਅਤੇ ਪ੍ਰਚਲਿੱਤ ਵਿਚਾਰਧਾਰਾਵਾਂ ਜੋ ਧਰਮ ਅਤੇ ਗ੍ਰਿਹਸਥੀ ਜੀਵਨ ਨੂੰ ਨਿਖੇੜਦੀਆਂ ਹਨ, ਨੂੰ ਰੱਦ ਕਰਦੀ ਹੈ। ਕਿਉਂਕਿ ਅਸਲ ਸੱਚ ਇਹੀ ਹੈ ਕਿ ਕੇਵਲ ਉਹ ਧਰਮ ਹੀ ਕਾਮਯਾਬ ਹੁੰਦਾ ਹੈ, ਜੋ ਮਨੁੱਖੀ ਜੀਵਨ ਨਾਲ ਸੰਬੰਧਿਤ ਭੌਤਿਕ ਲੋੜਾਂ ਨੂੰ ਧਿਆਨ ਵਿਚ ਰੱਖਦਾ ਹੈ। ਗ਼ਰੀਬੀ, ਬੇਰੋਜ਼ਗਾਰੀ, ਲਚਾਰਤਾ, ਤਣਾਵ ਅਤੇ ਚਿੰਤਾਵਾਂ ਭਰਿਆ ਜੀਵਨ ਅਧਿਆਤਮਿਕ ਅਤੇ ਨੈਤਿਕ ਚਿੰਤਨ ਦੇ ਯੋਗ ਕਦੇ ਨਹੀਂ ਹੋ ਸਕਦਾ, ਕਿਉਂਕਿ ਜੇ ਧਰਮ ਦੇ ਖੇਤਰ ਵਿਚ ਭੌਤਿਕ ਜਗਤ ਦੀ ਕੋਈ ਅਹਿਮੀਅਤ ਨਾਂ ਹੁੰਦੀ ਤਾਂ ਪਰਮਾਤਮਾ ਨੂੰ ਭੌਤਿਕ ਜਗਤ ਸਿਰਜਣ ਦੀ ਕੋਈ ਲੋੜ ਨਹੀਂ ਸੀ ਪੈਣੀ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਨਵੀਨ ਵਿਚਾਰਧਾਰਾ, ਮਨੁੱਖ ਦੇ ਅਧਿਆਤਮਿਕ ਅਤੇ ਨੈਤਿਕ ਪੱਖ ਨੂੰ ਵਿਕਾਸ ਦੀਆਂ ਲੀਹਾਂ ਉਪਰ ਤੋਰਨ ਲਈ, ਉਸ ਦੀਆਂ ਭੌਤਿਕ ਲੋੜਾਂ ਅਤੇ ਮਾਇਕ ਪਦਾਰਥਾਂ ਦੀ ਤ੍ਰਿਪਤੀ ਨੂੰ ਤਰਜੀਹ ਦਿੰਦੀ ਹੈ। ਪਰੰਤੂ ਇਨ੍ਹਾਂ ਭੌਤਿਕ ਲੋੜਾਂ ਅਤੇ ਪਦਾਰਥਾਂ ਦੀ ਤ੍ਰਿਪਤੀ ਲਈ ਕੀਤੀ ਜਾਣ ਵਾਲੀ ਕਿਰਤ ਦਾ ਈਮਾਨ ਉਪਰ ਅਧਾਰਿਤ ਹੋਣਾ ਲਾਜ਼ਮੀ ਹੈ।

ਇਸ ਖੋਜ-ਪ੍ਰਬੰਧ ਵਿਚ ਅਸੀਂ ਪ੍ਰਮੁੱਖ ਤੌਰ 'ਤੇ ਕਿੱਤਿਆਂ ਦੇ ਸੰਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਦਿੱਤੀ ਗਈ ਨੈਤਿਕ ਪ੍ਰੇਰਣਾ ਅਤੇ ਉਦੇਸ਼ਾਂ ਨੂੰ ਆਪਣੀ ਚਰਚਾ ਦਾ ਵਿਸ਼ਾ ਬਣਾਉਣ ਜਾ ਰਹੇ ਹਾਂ। ਕਿਸੇ ਸਭਿਆਚਾਰ ਦੀ ਤਰੱਕੀ ਦਾ ਮਾਪਦੰਡ ਕਰਨ ਲਈ, ਉਸ ਦੇ ਕਿਰਤੀ ਪੱਖ ਨੂੰ ਕੇਂਦਰੀ ਅਹਿਮੀਅਤ ਦਿੱਤੀ ਜਾਂਦੀ ਹੈ। ਕੋਈ ਸਮਾਜ ਜਾਂ ਸਭਿਆਚਾਰ ਤਾਂ ਹੀ ਖੁਸ਼ਹਾਲ ਅਤੇ ਵਿਕਾਸ ਕਰ ਸਕਦਾ ਹੈ, ਜੇ ਉਸ ਦਾ ਕਿਰਤੀ ਪੱਖ ਮਜ਼ਬੂਤ ਹੋਵੇ। ਇਸ ਲਈ ਗੁਰਮਤਿ ਵਿਚ ਜੀਵਨ ਨਿਰਬਾਹ ਲਈ ਕਿਰਤ ਨੂੰ ਜ਼ਰੂਰੀ ਦਰਸਾ ਕੇ ਪਹਿਲਤਾ ਦਿੱਤੀ ਅਤੇ ਅਧਿਆਤਮਿਕ ਜੀਵਨ ਲਈ ਇਕ ਪ੍ਰਮੁੱਖ ਸਾਧਨ ਦੇ ਰੂਪ ਵਿਚ ਦਰਸਾਇਆ। ਅੱਜ ਦੇ ਪਦਾਰਥਵਾਦੀ ਯੁੱਗ ਵਿਚ ਕਿਰਤ ਦੀ ਮਹੱਤਤਾ ਦੇ ਅਰਥ ਬਦਲ ਕੇ, ਕੇਵਲ ਪਦਾਰਥ ਦੀ ਇਕੱਤਰਤਾ ਤੱਕ ਸੀਮਿਤ ਹੋ ਕੇ ਰਹਿ ਗਏ ਹਨ। ਸਮਾਜਿਕ ਭਲਾਈ ਅਤੇ ਵੰਡ ਛਕਣ ਵਰਗੇ ਦੈਵੀ ਗੁਣਾਂ ਦੀ ਹੋਂਦ ਖ਼ਤਮ ਹੁੰਦੀ ਜਾ ਰਹੀ ਹੈ। ਕਿੱਤਿਆਂ ਦੇ ਸੰਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ

ਦਿੱਤੀ ਗਈ ਨੈਤਿਕ ਪ੍ਰੇਰਣਾ ਨੂੰ ਆਪਣੇ ਅਧਿਐਨ ਦੇ ਪ੍ਰਮੁੱਖ ਵਿਸ਼ੇ ਵਜੋਂ ਵਿਚਾਰਨ ਦਾ ਮੂਲ ਮਨੋਰਥ, ਆਧੁਨਿਕ ਯੁੱਗ ਵਿਚ ਅਨੈਤਿਕਤਾ ਦੀਆਂ ਅੰਤਿਮ ਸ਼ਿਖਰਾਂ ਨੂੰ ਛੋਹਦੇ ਸਮਾਜ ਵਿਚ ਸੁਧਾਰ ਲਿਆਉਣ ਤੋਂ ਹੈ। ਅੱਜ ਦੀ ਅਨੈਤਿਕ ਸਥਿਤੀ ਵਿਚ, ਖਾਸ ਤੌਰ 'ਤੇ ਵੱਖ-ਵੱਖ ਕਿੱਤਿਆਂ ਵਿਚ ਭੂਮਿਕਾ ਨਿਭਾ ਰਹੇ, ਕਰਮਚਾਰੀ ਭ੍ਰਿਸ਼ਟਾਚਾਰ ਨੂੰ ਫੈਲਾਉਣ ਵਿਚ ਵੱਡੀ ਭੂਮਿਕਾ ਅਦਾ ਕਰ ਰਹੇ ਹਨ, ਜਿਨ੍ਹਾਂ ਨੂੰ ਮਹਾਂਪੁਰਸ਼ਾਂ ਦੁਆਰਾ ਦਿੱਤੇ ਗਏ ਨੈਤਿਕ ਉਪਦੇਸ਼ਾਂ ਦਾ ਵਾਸਤਾ ਪਾਉਣਾ ਲਾਜ਼ਮੀ ਹੋ ਗਿਆ ਹੈ, ਤਾਂ ਜੋ ਉਹ ਲੋਭ-ਲਾਲਚ ਵਿਚ ਰੰਗੀ ਪਦਾਰਥਵਾਦੀ ਸੋਚ ਨੂੰ ਤਿਆਗ ਕੇ, ਸਮੁੱਚੀ ਲੋਕਾਈ ਦੀ ਭਲਾਈ ਬਾਰੇ ਸੋਚ ਸਕਣ ਅਤੇ ਗੁਰਬਾਣੀ ਦੇ ਆਦਰਸ਼ ਮੁਤਾਬਿਕ 'ਬੇਗਮ ਪੁਰਾ ਸਹਰ' ਰੂਪੀ ਸਮਾਜ ਦਾ ਨਿਰਮਾਣ ਹੋ ਸਕੇ। ਸੋ ਲੋੜ ਹੈ, ਗੁਰਬਾਣੀ ਦੇ ਉਪਦੇਸ਼ਾਂ ਰਾਹੀਂ, ਕਿਰਤ ਨੂੰ ਵਿਚਾਰ ਕੇ ਸੁਕ੍ਰਿਤ ਵਿਚ ਤਬਦੀਲ ਕਰਨ ਦੀ। ਇਸ ਖੋਜ-ਕਾਰਜ ਦਾ ਮੁੱਖ ਉਦੇਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਦੁਆਰਾ ਕਿੱਤਾਮੁਖੀ ਨੈਤਿਕਤਾ ਦੀ ਸਾਰਥਿਕਤਾ ਅਤੇ ਮਹੱਤਤਾ ਨੂੰ ਉਜਾਗਰ ਕਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਅਧਿਆਤਮਿਕ ਸਮੁੰਦਰ ਵਿਚੋਂ ਕਿੱਤਾਮੁਖੀ ਨੈਤਿਕਤਾ ਦੇ ਸੰਦਰਭ ਵਿਚ ਅਧਿਐਨ, ਇਕ ਤੁਪਕੇ ਮਾਤਰ ਗਿਆਨ ਹਾਸਿਲ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਹੈ।

ਇਸ ਖੋਜ-ਕਾਰਜ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ। ਖੋਜ-ਕਾਰਜ ਦਾ ਕੇਂਦਰੀ ਅਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਸ ਤੋਂ ਇਲਾਵਾ ਸਿਧਾਂਤਕ ਪੁਸ਼ਟੀ ਲਈ ਮੁੱਢਲੇ ਸਿੱਖ ਸਾਹਿਤ ਦੀ ਸੰਖੇਪ ਵਿਚ ਵਰਤੋਂ ਕੀਤੀ ਗਈ ਹੈ। ਇਸ ਖੋਜ-ਕਾਰਜ ਦੀ ਪਹੁੰਚ-ਵਿਧੀ ਧਰਮ-ਸ਼ਾਸਤਰੀ ਅਤੇ ਇਤਿਹਾਸਕ ਹੈ, ਕਿਉਂ ਜੋ ਖੋਜ-ਕਾਰਜ ਦਾ ਮੂਲ ਰੂਪ ਵਿਚ ਸੰਬੰਧ ਨੀਤੀ-ਸ਼ਾਸਤਰ ਨਾਲ ਹੈ, ਇਸ ਲਈ ਨੀਤੀ-ਸ਼ਾਸਤਰ ਦੇ ਸਰੂਪ, ਖੇਤਰ, ਵਿਸ਼ੇਸ਼ਤਾਵਾਂ, ਸਮੱਸਿਆਵਾਂ ਅਤੇ ਇਸ ਦੇ ਵਿਵਹਾਰਿਕ ਰੂਪ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ, ਤਾਂ ਜੋ ਮੂਲ ਵਿਸ਼ੇ ਦੇ ਅਰਥਾਂ ਦਾ ਸਪੱਸ਼ਟੀਕਰਨ ਹੋ ਸਕੇ। ਇਸ ਲਈ ਨੀਤੀ-ਸ਼ਾਸਤਰ ਦੇ ਸੰਦਰਭ ਵਿਚ ਵਿਸਥਾਰ ਸਹਿਤ ਵਰਣਨ ਅਸੀਂ ਪਹਿਲੇ ਅਧਿਆਇ ਵਿਚ ਦੇਵਾਂਗੇ। ਕਿੱਤਿਆਂ ਦੇ ਸੰਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਰਾ ਦਿੱਤੀ ਗਈ ਨੈਤਿਕ ਪ੍ਰੇਰਣਾ ਦਾ ਪ੍ਰਮੁੱਖ ਅਧਾਰ ਧਰਮ ਜਾਂ ਅਧਿਆਤਮਿਕ ਜੀਵਨ ਨਾਲ ਜੁੜਿਆ ਹੋਇਆ ਹੈ। ਇਸ ਲਈ ਧਰਮ ਦੇ ਪਰਿਪੇਖ ਵਿਚ ਨੀਤੀ-ਸ਼ਾਸਤਰ ਦਾ ਸਰੂਪ, ਭੂਮਿਕਾ,

ਅੰਤਰ, ਸਮਾਨਤਾ, ਸਹਿਯੋਗਤਾ, ਵੱਖ-ਵੱਖ ਧਾਰਮਿਕ ਸਿਧਾਂਤਾਂ ਵਿਚ ਨੀਤੀ-ਸ਼ਾਸਤਰ ਦਾ ਯੋਗਦਾਨ ਅਤੇ ਵਿਸ਼ੇਸ਼ ਰੂਪ ਵਿਚ ਗੁਰਮਤਿ ਨੀਤੀ-ਸ਼ਾਸਤਰ ਦੇ ਸਰੂਪ ਉਪਰ ਚਰਚਾ ਅਸੀਂ ਦੂਜੇ ਅਧਿਆਇ ਵਿਚ ਕਰਾਂਗੇ।

ਤੀਜੇ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦਰਭ ਵਿਚ ਕਿੱਤਾਮੁਖੀ ਨੈਤਿਕਤਾ ਦੀਆਂ ਸਿਧਾਂਤਕ ਸਿੱਖਿਆਵਾਂ ਨੂੰ ਵਿਚਾਰਿਆ ਜਾਵੇਗਾ। ਗੁਰਮੁਖ ਅਤੇ ਮਨਮੁਖ ਦੇ ਸੰਦਰਭ ਵਿਚ ਸੁਕ੍ਰਿਤ ਅਤੇ ਦੁਕ੍ਰਿਤ ਦੀ ਵਿਸਥਾਰ ਸਹਿਤ ਵਿਆਖਿਆ ਕੀਤੀ ਜਾਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਕ ਅਧਿਐਨ ਉਪਰ ਵਿਚਾਰ ਕਰਦਿਆਂ ਸਾਨੂੰ ਗੁਰਬਾਣੀ ਵਿਚੋਂ ਬੇਅੰਤ ਉਦਾਹਰਣਾਂ ਮਿਲੀਆਂ ਹਨ, ਜਿਨ੍ਹਾਂ ਤੋਂ ਕਿੱਤਾਮੁਖੀ ਨੈਤਿਕਤਾ ਦੇ ਪਰਿਪੇਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਉਜਾਗਰ ਹੁੰਦੇ ਹਨ। ਝੂਠੀ ਕਮਾਈ ਅਤੇ ਔਗੁਣਾਂ ਦੀ ਨਿਖੇਧੀ ਕਰਕੇ, ਗੁਰਬਾਣੀ ਸਾਨੂੰ ਵਾਰ-ਵਾਰ ਸੁਚੱਜੀ ਕਿਰਤ ਕਰਨ ਦਾ ਉਪਦੇਸ਼ ਦੇ ਰਹੀ ਹੈ, ਤਾਂ ਜੋ ਮਨੁੱਖੀ ਬੁੱਧੀ ਇਨ੍ਹਾਂ ਉਪਦੇਸ਼ਾਂ ਨੂੰ ਦ੍ਰਿੜ ਕਰਕੇ ਸੁਚੇਤ ਹੋਵੇ, ਅਤੇ ਆਤਮ ਕਲਿਆਣ ਦੇ ਨਾਲ-ਨਾਲ ਮਨੁੱਖਤਾ ਦੇ ਕਲਿਆਣ ਵਿਚ ਭਾਗੀਦਾਰ ਬਣ ਸਕੇ।

ਚੌਥੇ ਅਧਿਆਇ ਵਿਚ ਕਿੱਤਿਆਂ ਦਾ ਵਿਸ਼ੇਸ਼ ਰੂਪ ਵਿਚ ਵਰਗੀਕਰਨ ਕਰਕੇ ਨੈਤਿਕਤਾ ਪੱਖੋਂ ਅਧਿਐਨ ਕੀਤਾ ਜਾਵੇਗਾ। ਇਸ ਅਧਿਆਇ ਵਿਚ ਸਮੁੱਚੇ ਤੌਰ 'ਤੇ ਚੋਣਵੇਂ ਕਿੱਤਿਆਂ ਨੂੰ ਪੰਜ ਭਾਗਾਂ ਵਿਚ ਵੰਡ ਕੇ ਗੁਰਬਾਣੀ ਦੇ ਨੈਤਿਕ ਸੰਦਰਭ ਵਿਚ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਵਹਾਰਿਕ ਨੈਤਿਕਤਾ ਦਾ, ਵਿਸ਼ੇਸ਼ ਹਿੱਸਾ ਕਿੱਤਾਮੁਖੀ ਨੈਤਿਕਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਕਰੀਬਨ ਹਰ ਸਮਕਾਲੀ ਕਿੱਤੇ ਅਤੇ ਕਿੱਤੇਕਾਰ ਦੇ ਸੰਦਰਭ ਮੌਜੂਦ ਹਨ, ਜਿਨ੍ਹਾਂ ਦਾ ਪ੍ਰਮੁੱਖ ਤੌਰ 'ਤੇ ਸੰਬੰਧ ਵਿਸ਼ੇਸ਼ ਪੰਜ ਕਿੱਤਿਆਂ ਨਾਲ ਜੁੜਿਆ ਹੈ। ਇਸ ਲਈ ਪੰਜ ਵਰਗਾਂ ਉਪਰ ਅਧਿਐਨ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਕਿੱਤੇ ਅਤੇ ਕਿੱਤੇਕਾਰਾਂ ਦੇ ਸੰਦਰਭਾਂ ਦਾ ਵਿਸਥਾਰ ਸਹਿਤ ਵੇਰਵਾ ਸੂਚੀ ਵੰਡ ਅਨੁਸਾਰ ਕੀਤਾ ਜਾਵੇਗਾ। ਜਿਸ ਵਿਚ ਮੁੱਢਲੇ ਅਤੇ ਸਪੱਸ਼ਟ ਤੌਰ 'ਤੇ ਤਕਰੀਬਨ 190 ਕਿੱਤੇ ਅਤੇ ਕਿੱਤੇਕਾਰਾਂ ਦੇ ਸੰਦਰਭ ਉਪਲਬੱਧ ਹੋਏ, ਜਿਨ੍ਹਾਂ ਦਾ ਵੇਰਵਾ, ਅਰਥ ਅਤੇ ਗੁਰਬਾਣੀ ਹਵਾਲੇ ਸਹਿਤ ਸੂਚੀ ਵਿਚ ਦਿੱਤਾ ਗਿਆ ਹੈ, ਤਾਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦ੍ਰਿਸ਼ਟੀ ਵਿਚ ਕਿਰਤ ਦੀ ਮਹੱਤਤਾ ਨੂੰ ਜਾਣਿਆ ਜਾ ਸਕੇ।

ਇਸ ਖੋਜ-ਕਾਰਜ ਦੇ ਪੰਜਵੇਂ ਅਧਿਆਇ ਦਾ ਵਿਸ਼ਾ ਇਤਿਹਾਸਕ ਹੈ, ਤਾਂ ਜੋ ਸਾਨੂੰ ਗੁਰੂ ਸਾਹਿਬਾਨ ਦੇ ਕਿਰਤੀ ਜੀਵਨ ਬਾਰੇ ਥੋੜ੍ਹਾ ਚਾਨਣਾ ਹੋ ਸਕੇ। ਗੁਰੂ ਸਾਹਿਬਾਨ ਨੇ ਕਿਵੇਂ ਹੱਥੀਂ ਕਿਰਤ ਕੀਤੀ ਅਤੇ ਈਮਾਨ ਵਿਚ ਰਹਿ ਕੇ ਸਾਧਾਰਨ ਜ਼ਿੰਦਗੀ ਨੂੰ ਪਹਿਲ ਦੇ ਕੇ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੇ ਦੈਵੀ ਗੁਣਾਂ ਨੂੰ ਦ੍ਰਿੜ ਕਰਵਾਇਆ। ਗੁਰੂ ਸਾਹਿਬਾਨ ਨੇ ਪਹਿਲਾਂ ਅਮਲੀ ਰੂਪ ਵਿਚ ਖੁਦ ਕਿਰਤ ਦੇ ਮਹੱਤਵ ਨੂੰ ਹੰਢਾਇਆ ਅਤੇ ਫਿਰ ਸਿੱਖਾਂ ਨੂੰ ਸੁਚੱਜੀ ਕਿਰਤ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਖੋਜ-ਪ੍ਰਬੰਧ ਦੇ ਅੰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਕਿਰਤ ਦੇ ਸੰਬੰਧ ਵਿਚ ਸਿੱਖਿਆਵਾਂ ਨੂੰ ਸਾਰ ਰੂਪ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਅਖੀਰ ਵਿਚ ਖੋਜ-ਕਾਰਜ ਵਿਚ ਸਹਾਇਕ ਸਿੱਧ ਹੋਈਆਂ ਪੁਸਤਕਾਂ ਦੀ ਸੂਚੀ ਦਿੱਤੀ ਗਈ ਹੈ। ਖੋਜ-ਪ੍ਰਬੰਧ ਨੂੰ ਵਿਸ਼ੇ ਉਪਰ ਕੇਂਦਰਿਤ ਰੱਖਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ ਹੈ, ਅਤੇ ਵਿਸ਼ੇਸ਼ ਤੌਰ 'ਤੇ ਗੁਰਬਾਣੀ ਦੇ ਹਰ ਇੱਕ ਹਵਾਲੇ ਨੂੰ ਦਰੁੱਸਤ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਫਿਰ ਵੀ ਜੇ ਕਿਤੇ ਅਨਜਾਣੇ ਵਿਚ ਮੇਰੇ ਤੋਂ ਗੁਰਬਾਣੀ ਦੇ ਹਵਾਲੇ ਵਿਚ, ਜਾਂ ਕਿਸੇ ਵਿਦਵਾਨ ਦੀ ਲਿਖਤ ਦੇ ਹਵਾਲੇ ਵਿਚ ਕੋਈ ਗ਼ਲਤੀ ਰਹਿ ਗਈ ਹੋਵੇ, ਤਾਂ ਮੈਂ ਖਿਮਾਂ ਦੀ ਜਾਚਕ ਹਾਂ।

**ਰਾਜਨਰਜਵੰਤ ਕੌਰ**